
ਆਤਮ ਮਾਰਗ ਪ੍ਰਕਾਸ਼ਨ
ਅੰਮ੍ਰਿਤ ਨਾਮ

# ਅੰਮ੍ਰਿਤੁ ਨਾਮੁ

- : ਕਰਤਾ :-

**ਸੰਤ ਬਾਬਾ ਵਰਿਆਮ ਸਿੰਘ ਜੀ**
**ਰਤਵਾੜਾ ਸਾਹਿਬ**

ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ
ਰਿਲੀਜ਼ ਕੀਤਾ ਜਾ ਰਿਹਾ ਹੈ।
**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**
**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ
ਸੰਪਰਕ ਕੀਤਾ ਸਕਦਾ ਹੈ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**
**ਸੰਪਰਕ ਨੰ: ਦਫਤਰ-94172-14391, 79**

# ਦੋ ਸ਼ਬਦ

ਸੰਤ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਇਹ ਪੁਸਤਕ ਉਨ੍ਹਾਂ ਦੀ 20ਵੀਂ ਬਰਸੀ ਅਤੇ ਸੰਤ ਮਾਤਾ ਬੀਜੀ ਜੀ ਦੀ 8ਵੀਂ ਬਰਸੀ ਤੇ ਇਲੈਕਟ੍ਰੋ ਮੀਡੀਏ ਤੇ ਪ੍ਰਕਾਸ਼ਿਤ ਕੀਤੀ ਜਾ ਰਹੀ। ਮਹਾਪੁਰਖਾਂ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਾਇਟ ਦੇ ਅੰਦਰ ਸਾਡੇ ਮਾਣ ਮੱਤੇ ਇਤਿਹਾਸ ਨੂੰ ਸੋਧ ਕੇ ਸੰਗਤਾਂ ਦੇ ਜਗਿਆਸੂਆਂ ਲਈ ਬਹੁਤ ਹੀ ਅਣਮੁੱਲਾ ਵਡਮੁਲਾ ਖਜਾਨਾ ਬਕਸ਼ਿਆ ਹੈ। ਜੋ ਕਿ ਉਨ੍ਹਾਂ ਵੱਲੋਂ ਚਲਾਏ 27 ਸਾਲ ਪਹਿਲਾਂ 'ਆਤਮ ਮਾਰਗ' ਰੂਹਾਨੀ ਪਤ੍ਰਿਕਾ ਵਿੱਚ ਛਪਦਾ ਤੁਰਿਆ ਆ ਰਿਹਾ। ਇਹ ਲੇਖ ਪੁਰਾਣੇ 'ਆਤਮ ਮਾਰਗ' ਵਿੱਚੋਂ ਕੱਢਕੇ ਇਨ੍ਹਾਂ ਨੂੰ ਪੁਸਤਕ 'ਅੰਮ੍ਰਿਤ ਨਾਮੁ' ਦੇ ਨਾਮ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਹ ਇਕ ਬਹੁਤ ਵਡਮੁੱਲਾ ਖਜ਼ਾਨਾ ਹੈ। ਕਿਉਂਕਿ ਸਾਡੇ ਸੰਸੇ-ਸ਼ੰਕੇ ਹਰ ਸਮੇਂ ਗੁਰੂ ਪ੍ਰਤੀ, ਇਤਿਹਾਸ ਪ੍ਰਤੀ, ਪੈਂਦੇ ਹੀ ਰਹਿੰਦੇ ਹਨ। ਜਿਸ ਨਾਲ ਜਗਿਆਸੂ ਦਾ ਬਹੁਤ ਸਾਰਾ ਸਮਾਂ ਬਰਬਾਦ ਹੋ ਕੇ ਜਨਮ ਬਰਬਾਦ ਹੋ ਜਾਂਦਾ ਹੈ। ਇਕ-ਇਕ ਸੰਸਾ ਸਾਡੇ ਇਕ ਜਨਮ ਨੂੰ ਬਰਬਾਦ ਕਰਨ ਲਈ ਸਮਰੱਥ ਹੈ। ਕਿਸੇ ਸਮੇਂ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੂੰ ਬੇਨਤੀ ਕਿਤੀ ਸੀ ਕਿ ਏਥੋਂ ਰਾੜਾ ਸਾਹਿਬ ਤੋਂ ਇਕ ਮੈਗਜ਼ੀਨ ਪ੍ਰਕਾਸ਼ਿਤ ਹੋਣਾ ਚਾਹੀਦਾ ਹੈ। ਪਰ ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਨੇ ਬਚਨ ਕੀਤਾ ਕਿ ਇਹ ਕੰਮ ਤਾਂ ਤੂੰ ਹੀ ਕਰ ਸਕਦਾ ਹੈ। ਸਮਾਂ ਲੰਘਦਾ ਤੁਰਦਾ ਗਿਆ 1986 ਵਿੱਚ ਰਤਵਾੜਾ ਸਾਹਿਬ ਹੋਂਦ ਵਿੱਚ ਆਇਆ, ਵੱਡੇ ਵੱਡੇ ਸਮਾਗਮ ਹੋਣ ਲੱਗੇ ਸਮੇਂ ਨਾਲ ਮਹਾਂਪੁਰਖਾਂ ਨੇ ਅਪ੍ਰੈਲ 1995 ਵਿਸਾਖੀ ਦੇ ਸ਼ੁਭ ਦਿਹਾੜੇ ਤੇ 'ਆਤਮ ਮਾਰਗ' ਰੂਹਾਨੀ ਪਤ੍ਰਿਕਾ ਦੀ ਸ਼ੁਰਆਤ ਆਪਣੇ ਜੀਵਨ ਸਾਥੀ ਸੰਤ ਮਾਤਾ ਬੀਜੀ ਰਣਜੀਤ ਕੌਰ ਦੇ ਹਸਤਕੰਵਲਾਂ ਤੋਂ ਕਰਵਾ ਕੇ ਸਹਾਿਤਕ ਖੇਤਰ ਅੰਦਰ ਇਕ ਨਵੀਂ ਅੰਮ੍ਰਿਤ ਧਾਰਾ ਦਾ ਅਗਾਜ਼ ਕਰ ਦਿਤਾ। ਆਪ ਜੀ ਨੇ ਦਿਨ-ਰਾਤ ਇੱਕ ਕਰਕੇ ਅਨੇਕਾਂ ਵਲੰਟੀਅਰ ਸੰਗਤਾਂ ਰਾਹੀਂ ਇਸ ਦਾ ਪ੍ਰਚਾਰ ਪਿੰਡ-ਪਿੰਡ ਸ਼ਹਿਰ ਸ਼ਹਿਰ ਕੀਤਾ। 9 ਸਾਲ ਇਸ ਦੀ ਅਗਵਾਈ ਆਪ ਜੀ ਆਪ ਕਰਦੇ ਰਹੇ ਹੁਣ ਉਨ੍ਹਾਂ ਵੱਲੋਂ ਬਣਾਇਆ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ' ਕਰ ਰਿਹਾ ਹੈ।

ਇਸ ਕਿਤਾਬ ਅੰਦਰ 10 ਦੀਵਾਨਾਂ ਦਾ ਸੰਗ੍ਰਹਿ ਹੈ ਜੋ ਕਿ ਜਗਿਆਸੂਆਂ ਲਈ ਬਹੁਤ ਹੀ ਵਡਮੁਲਾ ਖਜਾਨਾ ਹੈ।

ਪਹਿਲੇ ਦੀਵਾਨ ਅੰਦਰ ਮਹਾਂਪੁਰਖ ਦੱਸ ਰਹੇ ਹਨ ਕਿ ਧਰੂੰ ਭਗਤ ਜੀ ਨੂੰ ਵੈਰਾਗ ਕਿਵੇਂ ਲੱਗਿਆ, ਸਵਾਸ ਦੁਆਰਾ ਨਾਮ ਜਪਣ ਦੀ ਵਿਧੀ, ਨਾਮ ਦੀ ਤਾਕਤ ਤੋਂ ਬੰਦਾ ਬੇਖਬਰ ਕਿਉਂ, ਧਰੂੰ ਦੀ ਮਾਤਾ ਨਾਲ ਵਾਰਤਾਲਾਪ ਹੋ ਰਿਹਾ ਹੈ। ਕਿ ਨਿਰਾਦਰ ਕਿਉਂ ਹੋਇਆ। ਧਰੂੰ ਭਗਤ ਜੀ ਨੇ ਐਨੀ ਛੋਟੀ ਉਮਰ ਵਿੱਚ ਕਿਵੇਂ ਉਚੀ ਪਦਵੀ ਤੇ 'ਵਾਹਿਗੁਰੂ' ਜੀ ਨੂੰ ਸਾਖਸ਼ਾਤ ਕਰਿਆ।

ਦੂਜੇ ਦੀਵਾਨ ਵਿੱਚ ਸੰਸਾਰ ਕਿਵੇਂ ਹੋਂਦ ਵਿੱਚ ਆਇਆ? ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਮਹੇਸ਼) ਦੀ ਡਿਊਟੀ ਕੀ ਹੈ? ਕਿਵੇਂ ਸੰਸਾਰ ਦੀ ਪਾਲਣਾ ਕਰ ਰਹੇ ਹਨ? ਪ੍ਰਾਣਾਯਮ ਕੀਵੇਂ ਕਰੀਦਾ ਹੈ? ਧਰੂੰ ਭਗਤ ਜੀ ਨੇ ਕਿਹੜਾ ਧਿਆਨ ਧਰਿਆ, ਕਿਹੜੇ ਮੰਤਰ ਦਾ ਜਾਪ ਕੀਤਾ, ਜਿਸ ਨਾਲ ਵਾਹਿਗੁਰੂ ਜੀ ਨੇ ਪ੍ਰਤੱਖ ਦਰਸ਼ਨ ਦੀਤੇ।

ਤੀਜੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਸੰਸਾਰ 'ਵਾਹਿਗੁਰੂ' ਜੀ ਦੀ ਹੋਂਦ ਨੂੰ ਕਿਉਂ ਨਹੀਂ ਮੰਨਦਾ? ਚਿਤ ਵਿੱਚ ਇਕਾਗਰਤਾ ਕਿਉਂ ਨਹੀਂ ਆਉਂਦੀ? ਬਾਬੇ ਫਰੀਦ ਨਾਲ ਗੁਰੂ ਨਾਨਕ ਸਾਹਿਬ ਜੀ ਦਾ ਵਾਰਤਾਲਾਪ। ਬਾਬੇ ਫਰੀਦ ਜੀ ਦਾ ਤਪ, ਤਤਖਸ਼ਾ, ਸਾਧਨ, ਪ੍ਰਾਪਤੀ।

ਚੌਥੇ ਦੀਵਾਨ ਵਿੱਚ ਵਿੱਚ ਮਹਾਂਪੁਰਖ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਰਿਵਾਰ ਨੇ ਧਰਮ ਲਈ ਕੁਰਬਾਨੀ ਦਿਤੀ ਉਸ ਬਾਰੇ ਵੀਚਾਰਾਂ ਦੇ ਰਹੇ ਹਨ। ਵਜ਼ੀਰਖਾਨ ਦੇ ਦਰਬਾਰ ਵਿੱਚ ਸਾਹਿਬਜ਼ਾਦਿਆਂ ਦੇ ਨਾਲ ਸਵਾਲ-ਜਵਾਬ ਹੋਏ। ਕਿਵੇਂ ਧਰਮ ਲਈ ਛੋਟੇ ਛੋਟੇ ਬੱਚਿਆਂ ਨੇ ਕੁਰਬਾਨੀ ਦੇ ਦਿਤੀ।

ਪੰਜਵੇਂ ਦੀਵਾਨ ਮਹਾਂਪੁਰਖਾਂ ਨੇ ਆਪਣੇ ਬਾਰੇ ਦੱਸਿਆ ਕਿ ਯੂ.ਪੀ. ਵਿੱਚ ਕਿਵੇਂ ਪ੍ਰਚਾਰ ਦੀ ਲਹਿਰ ਖੜੀ ਕੀਤੀ। ਸਿੱਖੀ ਕਿੰਨੇ ਪ੍ਰਕਾਰ ਦੀ ਹੈ? ਵਾਹਿਗੁਰੂ ਜੀ ਪੱਥਰ ਵਿੱਚ ਵੀ ਕਿਵੇਂ ਰੋਜ਼ੀ ਦਿੰਦੇ ਹਨ। ਗੁਰੂ ਤੇ ਕਿਹੋ ਜਿਹਾ ਭਰੋਸਾ ਹੋਣਾ ਚਾਹੀਦਾ ਹੈ?

ਛੇਵੇਂ ਦੀਵਾਨ ਵਿੱਚ ਮਹਾਂਪੁਰਖ ਨਾਮ ਜਪਣ ਨਾਲ ਜੋ ਪ੍ਰਾਪਤੀਆਂ ਇਸ ਸਰੀਰ ਵਿੱਚ ਹਨ ਉਨ੍ਹਾਂ ਬਾਰੇ ਦੱਸ ਰਹੇ ਹਨ। ਕਿਵੇਂ ਦਿਬਯ ਰਸਨਾਂ, ਦਿਬਯ ਸਗੰਧੀ, ਦਿਬਯ ਸਪਰਸ਼ ਪ੍ਰਾਪਤ ਹੋ ਜਾਂਦਾ ਹੈ। ਗੁਰਮੁਖਾਂ ਦੇ ਨੇਤਰਾਂ ਵਿੱਚ ਕਿਹੜਾ ਅੰਮ੍ਰਿਤ ਹੁੰਦਾ ਹੈ। 'ਮਨ' ਕਿਸ ਨੂੰ ਕਹਿੰਦੇ ਹਨ।

ਸ਼ੱਤਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਵਿਸ਼ਵਾਸ਼ ਆਪਣੇ ਗੁਰੂ ਤੇ ਆਪਣੇ ਮੁਰਸ਼ਦੇ-ਏ-ਕਾਮਲ ਤੇ ਪੂਰਨ ਵਿਸ਼ਵਾਸ਼ ਹੋਵੇ ਫੇਰ ਸਾਰਾ ਉਹਦਾ ਹੀ ਕੰਮ ਹੁੰਦਾ ਹੈ। ਕਿਵੇਂ ਕਬੀਰ ਸਾਹਿਬ, ਧੰਨਾਂ ਭਗਤ, ਭਾਈ ਛੱਜੂ, ਭਾਈ ਤਾਰਾ, ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਅਨੇਕਾਂ ਮਹਾਂਪੁਰਖਾਂ ਦੀਆਂ ਗੁਰੂਆਂ ਦੀ ਗਾਥਾ ਇਸ ਲੇਖ ਅੰਦਰ ਹੈ ਕਿਵੇ ਵਾਹਿਗੁਰੂ ਜੀ ਨੇ ਉਨ੍ਹਾਂ ਦੇ ਕਾਰਜ ਸਵਾਰੇ ਹਨ।

ਅੱਠਵੇਂ ਦੀਵਾਨ ਵਿਚ ਮਹਾਂਪੁਰਖਾਂ ਨੇ "ਧਿਆਨ ਸ਼ਕਤੀ" ਵਾਰੇ ਦੱਸਿਆ ਹੈ ਕਿ ਕਿਸੇ ਪੂਰਨ ਸਾਧੂ ਜਾਂ ਗੁਰੂ ਦਾ ਧਿਆਨ ਧਰ ਕੇ ਉਸ ਮੂਰਤ ਨੂੰ ਅਪਣੇ ਮਨ ਵਿੱਚ 'ਆਗਿਆ ਚੱਕਰ' ਜਿਥੇ ਨੱਕ ਤੇ ਅੱਖ ਦੀ ਜੜ ਹੈ ਉਸ ਵਿੱਚ ਰੱਖ ਕੇ ਕਿਵੇਂ ਗੁਰੂ ਪ੍ਰਗਟ ਹੋ ਜਾਂਦਾ ਹੈ ਤੇ ਭਗਤਾਂ ਦੇ ਕਾਰਜ ਸਵਾਰਦਾ ਹੈ। ਮਹਾਪੁਰਖਾਂ ਦੇ ਗੁਰੂਆਂ ਦੇ ਚਿੱਤਰ ਨੂੰ ਅੰਤਿਸ਼ਕਰਣ ਵਿੱਚ ਆਇਆ 'ਵਾਹਿਗੁਰੂ' ਜੀ ਆਪਣੇ ਆਪ ਚਿੱਤ ਆ ਜਾਂਦਾ ਹੈ।

ਨੌਵੇਂ ਦੀਵਾਨ ਵਿੱਚ ਮਹਾਪੁਰਖ ਗੁਰੂ ਤੀਸਰੇ ਪਾਤਸ਼ਾਹ (ਗੁਰੂ ਅਮਰਦਾਸ ਜੀ ਪਾਸ) ਪਹੁੰਚੇ ਭਾਈ ਜਵੰਦਾ, ਭਾਈ ਲਾਲੂ ਨੂੰ ਜੀਵਨ ਵਿੱਚ ਕਈ ਰਹਿਤਾਂ ਦੱਸੀਆਂ ਜਿਨ੍ਹਾਂ ਵਿੱਚ ਪਹਿਲੀ ਸੇਵਾ ਦੀ ਦੱਸੀ ਹੈ, ਦੂਜੀ ਚਿੱਤ ਦੀ ਇਕਾਗਰਤਾ ਦੀ ਦੱਸੀ ਹੈ, ਤੀਸਰੀ ਤੁਹਾਨੂੰ ਦੱਸੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੁਸੀਂ ਪ੍ਰਮੇਸ਼ਰ ਦੀ ਯਾਦ ਦੇ ਵਿਚ ਰਹਿਣਾ ਹੈ। ਚੌਥਾ ਤੁਹਾਨੂੰ ਨਾਲ ਜੁਗਤ ਦੱਸੀ ਹੈ ਕਿ ਹਉਮੈ ਰਹਿਤ ਹੋ ਕੇ ਕੰਮ ਕਰਨਾ ਹੈ ਤੇ ਹੁਣ ਪੰਜਵਾਂ ਜੋ ਉਪਦੇਸ਼ ਹੈ ਉਹ ਇਹ ਹੈ ਕਿ ਹਉਮੈ ਰਹਿਤ ਹੋ ਕੇ ਪਰਉਪਕਾਰ ਕਰੋ, ਕਿਉਂਕਿ ਜਦੋਂ ਗੁਰਮੁਖ ਅਵਸਥਾ ਆਉਂਦੀ ਹੈ ਤਾਂ ਉਹ ਆਪਣੇ ਵਾਸਤੇ ਨਹੀਂ ਜੀਉਂਦਾ, ਫੇਰ ਉਹ ਸੰਸਾਰ ਵਾਸਤੇ ਜੀਉਂਦਾ ਹੈ।

ਦੱਸਵੇਂ ਦੀਵਾਨ ਵਿੱਚ ਮਹਾਪੁਰਖਾਂ ਨੇ ਗੁਰੂ ਅੰਗਦ ਸਾਹਿਬ ਜੀ ਵੱਲੋਂ ਭਾਈ 'ਮੱਲੂ ਸ਼ਾਹ' ਨੂੰ ਕਰਮ ਦੱਸੇ ਹਨ ਕਿ ਇਸ ਤਰ੍ਹਾਂ ਦੇ ਕਰਮ ਦੇ ਨਾਲ ਜੇ ਤੂੰ ਆਪਣਾ ਜੀਵਨ ਬਤੀਤ ਕਰੇਂਗਾ, ਤਾਂ ਇਹਦੇ ਨਾਲ ਸਾਡੇ ਜਿਹੜੇ ਚਾਰੋਂ ਪੰਜੋ ਬਚਨ ਦਿੱਤੇ ਨੇ, ਪਹਿਲਾ ਦਿੱਤਾ ਹੈ ਕਿ ਦੇਹ ਨੇ ਨਾਸ਼ ਹੋਣਾ ਹੀ ਹੋਣਾ ਹੈ, ਦੂਸਰਾ ਇਹ ਹੈ ਕਿ ਸੰਸਾਰ ਸੁਪਨਾ ਕਰਕੇ ਜਾਣੀ। ਤੀਸਰਾ ਇਹ ਹੈ ਕਿ ਤੂੰ ਜੋਤੀ ਸਰੂਪ ਹੈਂ, ਦੇਹ ਨਹੀਂ ਹੈ, ਚੌਥਾ ਇਹ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ ਤੇ ਤੂੰ ਉਹਦੀ ਅੰਸ ਹੈਂ। ਪੰਜਵਾਂ ਬਚਨ ਇਹ ਹੈ ਕਿ ਸੂਰਮਤਾਈ ਸਿਖ, ਇਹ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੈ ਇਨ੍ਹਾਂ ਨੂੰ ਮਾਰ ਕੇ ਸੂਰਮਾ ਹੋ ਕੇ ਦਰਗਾਹ ਵਿੱਚ ਪ੍ਰਵਾਨ ਹੋ। ਜਦੋਂ ਤੂੰ ਇਸ ਤਰ੍ਹਾਂ ਦੇ ਨਾਲ ਸੰਸਾਰ ਵਿੱਚ ਕਰਤੱਬ ਕਰੇਂਗਾ, ਤਾਂ ਤੇਰੇ ਸਾਰੇ ਕਰਤੱਬ ਨੇਕੀ ਦੇ ਕਰਤੱਬ ਹੋਣਗੇ।

ਇਹ ਕਿਤਾਬ ratwarasahib.com ਤੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਵੈਬਸਾਈਟ ਨੂੰ ਭਾਈ ਮਨਜੀਤ ਸਿੰਘ ਅਮਰੀਕਾ ਦੀ ਇੰਡੀਆਨਾ ਸਟੇਟ ਤੋਂ ਚਲਾ ਰਹੇ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਨੂੰ ਆਪਣੇ ਆਈ-ਫੋਨ ਤੇ ਡਾਊਨ ਲੋਡ ਕਰੋ ਅਤੇ ਹੋਰ ਸੰਗਤਾਂ ਪ੍ਰਤੀ ਭੇਜਣ ਦੀ ਸੇਵਾ ਕਰੋ ਜੀ।

ਧੰਨਵਾਦ ਸਹਿਤ।

ਗੁਰਿੰਦਰ ਸਿੰਘ<br>
ਸੇਵਾਦਾਰ<br>
ਆਤਮ ਮਾਰਗ<br>
31-10-2021

# ਤਤਕਰਾ


| ਲੜੀ ਨੰ | ਸਿਰਲੇਖ | ਪੰਨਾ ਨੰਬਰ |
|---|---|---|
| 1. | ਧਰੂੰ ਭਗਤ (1) | 07 |
| 2. | ਧਰੂੰ ਭਗਤ (2) | 25 |
| 3. | ਬਾਬਾ ਫਰੀਦ | 51 |
| 4. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | 78 |
| 5. | ਗੁਰੂ ਨਾਨਕ ਸਾਹਿਬ, ਭਾਈ ਤਿਲੋਕਾ ਤੇ ਰਾਜਕੁਮਾਰੀ | 117 |
| 6. | ਪੂਰਨ ਵਿਸ਼ਵਾਸ਼ | 163 |
| 7. | ਭਾਈ ਰੂਪਾ, ਕ੍ਰਿਸ਼ਨ ਮਹਾਰਾਜ ਤੇ ਦੁਰਯੋਧਨ | 196 |
| 8. | ਭਾਈ ਲਾਲੂ, ਭਾਈ ਦੁਰਗਾ ਅਤੇ ਭਾਈ ਜਵੰਦਾ | 226 |
| 9. | ਅਜਾਮਲ | 269 |
| 10. | ਭਗਤ ਸਧਨਾ ਜੀ | 307 |
| 11. | ਗੁਰੂ ਅੰਗਦ ਸਾਹਿਬ ਤੇ ਭਾਈ ਮੱਲੂ | 336 |
| 12. | ਧੰਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੇ ਭਾਈ ਗੁੱਜਰ ਲੋਹਾਰ | 384 |

# ਧਰੂੰ ਭਗਤ (1)

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਹਉ ਤੁਧ ਧਿਆਇੰਦੇ, ਤੂੰ ਰਖਵਾਲਾ ਸਦਾ ਸਦਾ।*

*ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥*
*ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥*
*ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥*
*ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥ ਅੰਗ - 517*

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

*ਧਾਰਨਾ - ਤੂੰ ਰਖਵਾਲਾ ਸਦਾ ਸਦਾ, ਹਉ ਤੁਧ ਧਿਆਈਂ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਮਹਾਰਾਜ ਜੀ ਦੀ ਪ੍ਰੇਰਨਾ ਦੇ ਨਾਲ ਪੂਰਨਮਾਸ਼ੀ ਦਾ ਦਿਹਾੜਾ ਜਾਣ ਕੇ, ਆਪ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਜਿੰਨੇ ਕਦਮ ਕੋਈ ਚੱਲ ਕੇ ਆਉਂਦਾ ਹੈ ਓਨੇ ਯੱਗਾਂ ਦਾ ਫਲ ਓਸਨੂੰ ਪ੍ਰਾਪਤ ਹੋਇਆ ਕਰਦਾ ਹੈ। ਐਸਾ ਸਾਰਿਆਂ ਅਨੁਭਵੀ ਮਹਾਂਪੁਰਸ਼ਾਂ ਦਾ ਬਚਨ ਹੈ। ਉਹ ਫਲ ਕੀ ਕਰਦਾ ਹੈ? ਉਹ ਕਲਯੁੱਗ ਦੇ ਨਾਲ ਯੁੱਧ ਕਰਦਾ ਹੈ, ਕਲਯੁਗ ਨੂੰ ਨੇੜੇ ਨਹੀਂ ਆਉਣ ਦਿੰਦਾ। ਉਹ ਪੁੰਨ ਉਹਨੂੰ ਫੇਰ ਸਤਿਸੰਗ 'ਚ ਲਿਆਏਗਾ, ਫੇਰ ਲਿਆਏਗਾ, ਹੋਰ ਪੁੰਨ ਵਧਣਗੇ। ਹੌਲੀ-ਹੌਲੀ ਉਹਦੇ ਮਨ ਵਿੱਚ ਹੋ ਜਾਏਗਾ ਕਿ ਮੈਂ ਨਿਗੁਰਾ ਹਾਂ, ਗੁਰੂ ਵਾਲਾ ਬਣ ਜਾਵਾਂ, ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਮਹਾਂਪੁਰਸ਼ਾਂ ਨੂੰ ਪੁੱਛ ਕੇ ਇਹਦੀ ਅਰਾਧਨਾ ਤੇ ਇਹਦੀ ਸਾਧਨਾ ਕਰਾਂ। ਜਿਸ ਨਾਲ ਸਾਡਾ ਵਾਹ ਪੈਂਦਾ ਹੈ ਉਹ ਕੋਈ ਐਵੇ ਹੀ ਨਹੀਂ ਹੈ, ਉਹ ਸਭ ਕੁਛ ਸੁਣਦਾ ਹੈ। ਮਹਾਰਾਜ ਕਹਿੰਦੇ -

***ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥***

***ਅੰਗ - 517***

ਹੇ ਵਾਹਿਗੁਰੂ! ਤੂੰ ਸੱਚਾ ਸਾਂਈ ਹੈਂ, ਤੇਰੇ ਕੋਲ ਮੇਰੀ ਅਰਦਾਸ ਹੈ ਹੋਰ ਮੈਂ ਕਿਤੇ ਅਰਦਾਸ ਨਹੀਂ ਕਰਦਾ, ਕਿਸੇ ਮੜ੍ਹੀ ਮਸਾਣੀ ਨੂੰ, ਕਿਸੇ ਦੇਵੀ ਦੇਵਤਾ, ਕਿਸੇ ਪੀਰ ਪੈਗੰਬਰ ਔਲੀਏ ਨੂੰ। ਮੇਰੀ ਅਰਦਾਸ ਤੇਰੇ ਕੋਲ ਹੈ। ਪਹਿਲਾਂ ਮੈਂ ਤੈਨੂੰ ਧਿਆਉਂਦਾ ਹਾਂ, ਫੇਰ ਅੱਗੇ ਹੋਰਾਂ ਦਾ ਧਿਆਨ ਧਰਦਾ ਹਾਂ, ਕਿਉਂਕਿ ਗੁਰੂ ਤੇਰਾ ਰੂਪ ਨੇ ਇਸ ਕਰਕੇ 'ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥' ਭਗਉਤੀ ਵਾਹਿਗੁਰੂ ਜੀ ਦੀ ਸ਼ਕਤੀ ਦਾ ਨਾਮ ਹੈ, ਕਿਉਂਕਿ *'ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥' ਅੰਗ - 517'* ਕੋਈ ਥਾਂ ਐਸਾ ਨਹੀਂ ਜਿੱਥੇ ਮੇਰੇ ਪਿਆਰੇ ਤੂੰ ਨਾ ਹੋਵੇਂ, ਮੇਰੀ ਅਰਦਾਸ ਕਿਤੇ ਸੱਤਵੇਂ ਅਸਮਾਨ 'ਚ ਨਹੀਂ ਜਾ ਕੇ ਸੁਣਨੀ ਕਿ ਰਾਹ 'ਚ ਹੀ ਰਹਿ ਜਾਏਗੀ। ਜੇ ਮੈਂ ਨਾ ਵੀ ਬੋਲਾਂ ਤਾਂ ਵੀ ਤੂੰ ਜਾਣਦਾ ਹੈ -

***ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥***

***ਅੰਗ - 1420***

ਕਿਉਂਕਿ ਹਰ ਥਾਂ ਦੇ ਉਤੇ, ਹਰ ਘਟ 'ਚ ਤੇਰਾ ਵਾਸਾ ਹੈ ਪਰ ਜਿਹੜੇ ਤੇਰੇ ਬਣ ਗਏ, ਜੇ ਕੋਈ ਉਹਦੀ ਨਿੰਦਿਆ ਕਰਦਾ ਹੈ। ਕਿਸੇ ਤਰੀਕੇ ਨਾਲ ਊਟ-ਪਟਾਂਗ ਗੱਲਾਂ ਕਰਦਾ ਹੈ। ਦੋਖੀ ਬਣਦਾ ਹੈ। ਜਿਹੜਾ ਇਸ ਤਰ੍ਹਾਂ ਕਰਦਾ ਹੈ ਉਹਨੂੰ ਫੇਰ ਗੁਰੂ ਮਾਰ ਕੇ, ਗਾਲ ਕੇ ਪਚਾ ਦਿੰਦਾ ਹੈ। ਮਹਾਰਾਜ ਕਹਿੰਦੇ ਪਿਆਰਿਓ! ਚਿੰਤਾ ਛੱਡੋ, ਅਚਿੰਤ ਰਹੋ। ਵਾਹਿਗੁਰੂ ਦੇ ਚਰਨੀਂ ਲੱਗ ਕੇ ਉਹਦੀ ਸ਼ਰਨ ਵਿਚਾਰੋ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਸ਼ਰਨ ਵਿਚਾਰੋ ਮਨ ਰੇ ਪ੍ਰਭ ਕੀ।***

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - 544***

ਜਿਹੜਾ ਸਾਰੇ ਆਸਰੇ ਛੱਡ ਕੇ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਜਾਂਦਾ ਹੈ, ਉਹਨੂੰ ਉਹ ਬੇ-ਵਾਰਿਸਾ ਨਹੀਂ ਰਹਿਣ ਦਿੰਦਾ, ਛਾਤੀ ਨਾਲ ਲਾ ਲੈਂਦਾ ਹੈ। ਇਹ ਉਹਦਾ ਬਿਰਦ ਹੈ, ਇਹ ਵਾਹਿਗੁਰੂ ਦਾ ਸੁਭਾਅ ਹੈ, ਸੋ ਜੋ ਉਸਨੂੰ ਤੰਗ ਕਰਦਾ ਹੈ -

***ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥***

***ਅੰਗ - 544***

ਜਿਹੜਾ ਤੰਗ ਕਰਦਾ ਹੈ ਉਹਦੇ ਪਿਆਰੇ ਨੂੰ, ਸ਼ਰਨ 'ਚ ਆਉਣ ਤੋਂ ਬਾਅਦ, ਉਹਨੂੰ ਫੇਰ ਮਾਰ ਕੇ ਖਤਮ ਕਰ ਦਿੰਦਾ ਹੈ। ਗੁਰੂ ਮਹਾਰਾਜ ਨੇ ਸ਼ਰਨ ਦੀਆਂ ਮਿਸਾਲਾਂ ਦਿੱਤੀਆਂ ਨੇ; ਪਹਿਲੀ ਹੈ -

***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥***

***ਅੰਗ - 632***

ਉਹਦਾ ਜਸ ਹਿਰਦੇ 'ਚ ਧਾਰਨ ਕਰ ਲਓ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਉਹ ਤਕਰੀਬਨ ਉਨ੍ਹਾਂ ਦਾ ਇਸ ਸ਼ਬਦ ਦੇ ਉਤੇ ਹੀ ਦੀਵਾਨ ਹੁੰਦਾ ਹਰ ਥਾਂ ਦੇ ਉੱਤੇ, ਕਿਤੇ-ਕਿਤੇ ਹੋਰ ਵੀ ਹੁੰਦੇ, ਸਾਡੇ ਮਨ 'ਚ ਖਿਆਲ ਆ ਜਾਣਾ ਕਿ ਇਹ ਉਥੇ ਵੀ ਸੁਣਿਆ ਹੈ, ਉਥੇ ਵੀ ਸੁਣਿਆ ਹੈ, ਸਮੇਂ ਲੰਘ ਗਏ। ਲੇਕਿਨ ਜਿਉਂ-ਜਿਉਂ ਅੰਦਰ ਤਰੱਕੀ ਹੁੰਦੀ ਗਈ ਤਿਉਂ-ਤਿਉਂ ਇਹਦਾ ਭਾਵ ਵਡੇਰਾ ਹੁੰਦਾ ਗਿਆ। ਹੁਣ ਸਮਝ ਵਿੱਚ ਆਈ ਹੈ ਗੱਲ ਕਿ ਹੈਂ! ਇਹ ਤਾਂ ਬੜਾ ਭਾਰਾ ਉਪਦੇਸ਼ ਸੀ ਛੁਪਿਆ ਹੋਇਆ। ਅਸੀਂ ਤਾਂ ਐਵੇਂ ਹੀ ਉਤੋਂ ਦੀ ਲੰਘ ਜਾਂਦੇ ਸੀ। ਸੋ ਮਹਾਰਾਜ ਕਹਿੰਦੇ ਕਿ ਜਿਹਦੇ ਸਿਮਰਨ ਦੇ ਨਾਲ ਯਾਦ ਕਰਨ ਦੇ ਨਾਲ, ਗਨਕਾ ਵਰਗੀ ਉਧਰ ਗਈ -

***ਗਨਿਕਾ ਪਾਪਣ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***

***ਭਾਈ ਗੁਰਦਾਸ ਜੀ, ਵਾਰ 10/21***

ਉਹਦਾ ਜਸ ਹਿਰਦੇ 'ਚ ਧਾਰਨ ਕਰੋ -

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥*** ***ਅੰਗ - 632***

ਇੱਕ ਬੱਚਾ ਪੰਜ ਸਾਲ ਦਾ, ਦੇਖੋ ਕਿਹਾ ਜਿਹਾ ਪਿਆਰ ਹੈ। ਪੰਜ ਸਾਲ ਦਾ ਬੱਚਾ ਵਾਹਿਗੁਰੂ ਨੂੰ ਪਿਆਰ ਕਰਦਾ ਹੈ। ਭੋਲਾ ਭਾਉ ਹੈ, ਕੋਈ ਚਲਾਕੀ ਨਹੀਂ, ਸਾਡੀ ਤਾਂ ਚਲਾਕੀ ਹੀ ਸਾਨੂੰ ਵਾਹਿਗੁਰੂ ਨਾਲ ਜੁੜਨ ਨਹੀਂ ਦਿੰਦੀ। ਹਜ਼ਾਰਾਂ ਗੱਲਾਂ ਸਾਡੇ ਵਿਚ ਵਾਹਿਗੁਰੂ ਤੋਂ ਵਿਪਰੀਤ ਸਾਰਾ ਦਿਨ ਆਉਂਦੀਆਂ ਰਹਿੰਦੀਆਂ ਨੇ। ਸਾਡੇ ਮਨ 'ਚ ਉਹਦਾ ਭਰੋਸਾ ਨਹੀਂ ਅਸੀਂ ਤੜਫਦੇ ਹਾਂ, ਵਿਲਕਦੇ ਹਾਂ, ਰੌਲਾ ਪਾਉਂਦੇ ਹਾਂ, ਕਿ ਮੇਰਾ ਆਹ ਹੋ ਗਿਆ, ਆਹ ਹੋ ਗਿਆ। ਕਿਉਂਕਿ ਵਾਹਿਗੁਰੂ ਦਾ ਭਰੋਸਾ ਨਹੀਂ ਸਾਡੇ ਮਨ 'ਚ। ਉਹਦੇ ਮਨ ਵਿੱਚ ਪੂਰਾ ਭਰੋਸਾ ਸੀ ਤੇ ਭਰੋਸੇ ਨਾਲ ਉਹ ਪਦ ਪ੍ਰਾਪਤ ਹੋ ਗਿਆ ਜਿਹੜਾ ਹਾਲੇ ਤਕ ਫੇਰ ਕਿਸੇ ਨੂੰ ਮਿਲਿਆ ਹੀ ਨਹੀਂ। ਥੋੜ੍ਹੇ ਜਿਹੇ ਮਹਾਂਪੁਰਸ਼ਾਂ ਤੋਂ ਬਿਨਾਂ, ਬ੍ਰਹਮਗਿਆਨੀਆਂ ਤੋਂ ਬਿਨਾਂ, ਸਾਕਾਰ ਮੰਡਲ ਦੇ ਵਿਚ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਇਆ। ਫੇਰ ਕਹਿੰਦੇ -

***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***

***ਅੰਗ - 632***

ਤੂੰ ਕਿਉਂ ਭੁੱਲਿਆ ਫਿਰਦਾ ਹੈਂ ਓਸਨੂੰ। ਇਸ ਕਰਕੇ ਕਿ ਤੈਨੂੰ ਨਿਸ਼ਚਾ ਨਹੀਂ ਆਉਂਦਾ। ਅੰਦਰ ਤੇਰੇ ਸ਼ੱਕ ਦੀ ਬਹੁਤ ਵੱਡੀ ਰਾਸ ਪਈ ਹੈ। ਸ਼ੱਕ ਰਹਿੰਦਾ ਹੈ ਤੈਨੂੰ, ਭਰੋਸਾ ਨਾ ਹੋਣ ਕਰਕੇ ਮਹਾਰਾਜ ਕਹਿੰਦੇ ਕਿ ਪ੍ਰਮੇਸ਼ਰ ਵਿਸਰਿਆ ਰਹਿੰਦਾ ਹੈ। ਫੇਰ ਕਹਿੰਦੇ ਕਿ ਵਾਹਿਗੁਰੂ ਮਨੁੱਖਾਂ ਦੀ ਤਾਂ ਰਖਿਆ ਕਰਦਾ ਹੀ ਹੈ।, ਜਾਨਵਰਾਂ ਦੀ ਵੀ ਕਰਦਾ ਹੈ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥***

***ਅੰਗ - 632***

ਇੱਕ ਹਾਥੀ ਨੂੰ ਤੰਦੂਏ ਨੇ ਫੜ ਲਿਆ, ਡੁੱਬਣ ਲੱਗਿਆ ਤਾਂ ਧਿਆਨ

ਵਾਹਿਗੁਰੂ 'ਚ ਚਲਿਆ ਗਿਆ। ਇੱਕ ਹਾਕ ਮਾਰੀ, ਅੱਧਾ ਅੱਖਰ ਹੀ ਕਿਹਾ ਸੀ ਹਾਲੇ 'ਰਾ' 'ਮ' ਨਹੀਂ ਕਹਿਆ ਸੀ ਹਾਲੇ, ਓਸੇ ਵੇਲੇ ਚਾਰ ਉਂਗਲ ਉਹਦੀ ਸੁੰਡ ਬਾਹਰ ਸੀ, ਤੰਦੂਆ ਬਹੁਤ ਤੇਜ਼ੀ ਨਾਲ ਉਹਨੂੰ ਪਾਣੀ 'ਚ ਖਿੱਚੀ ਲਈ ਜਾਂਦਾ ਸੀ। ਸੁੰਡ 'ਚ ਪਾਣੀ ਪੈ ਜਾਦਾ ਉਹਨੇ ਮਰ ਜਾਣਾ ਸੀ। ਉਸ ਵੇਲੇ ਇੱਕ ਸਕਿੰਟ ਤਾਂ ਬਹੁਤਾ ਹੁੰਦਾ ਹੈ, ਸਕਿੰਟ ਤੋਂ ਵੀ ਹਜ਼ਾਰ ਗੁਣਾਂ ਘੱਟ ਸਮੇਂ ਵਿਚ ਆ ਕੇ ਉਹਦੇ ਤੰਦ ਕੱਟਣੇ ਸ਼ੁਰੂ ਕਰ ਦਿੱਤੇ।

***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥***
***ਅੰਗ - 632***

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***
***ਅੰਗ - 632***

ਅਜਾਮਲ ਇੱਕ ਮਹਾਂਪਾਪੀ ਸੀਗਾ -

***ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।***
***ਭਾਈ ਗੁਰਦਾਸ ਜੀ, ਵਾਰ 10/20***

ਕਹਿੰਦੇ, ਉਹਨੇ ਸਿਰਫ ਇੱਕ ਵਾਰੀ ਨਾਰਾਇਣ ਕਿਹਾ ਸੀ, ਉਹਦੇ ਨਾਲ ਹੀ ਛੁਟ ਗਿਆ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥***
***ਅੰਗ - 981***

ਕਹਿੰਦੇ ਧਰੂੰ ਰਾਜਾ ਉਤਾਨਪਾਤ ਦਾ ਪੁੱਤਰ ਸੀ। ਦੋ ਰਾਣੀਆਂ ਸਨ ਉਸਦੇ, ਪਹਿਲੀ ਰਾਣੀ ਦੇ ਬਹੁਤ ਦੇਰ ਤਕ ਉਲਾਦ ਨਾ ਹੋਈ। ਰਾਜਾ 40-45 ਸਾਲ ਤੋਂ ਉਤੇ ਹੋ ਗਿਆ। ਅਮੀਰਾਂ ਵਜ਼ੀਰਾਂ ਨੇ ਕਿਹਾ ਮਹਾਰਾਜ! ਰਾਜਿਆਂ ਦਾ ਕੋਈ ਐਸਾ ਵਿਸ਼ਵਾਸ਼ ਨਹੀਂ ਹੁੰਦਾ ਕਿ ਉਹ ਕਿੰਨੀ ਦੇਰ ਜੀਉਂਦੇ ਰਹਿਣ। ਅੱਜ ਯੁੱਧ ਹੋਣ ਲਗ ਜਾਵੇ, ਰਾਜੇ ਨੇ ਅੱਗੇ ਹੋ ਕੇ ਲੜਨਾ ਹੈ, ਉਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੋਵੇ ਤਾਂ ਜਿੱਤ ਕੇ ਵਾਪਸ ਆ ਜਾਂਦਾ ਹੈ। ਜੇ ਰਾਜਕੁਮਾਰ ਅੱਗੇ ਨਾ ਹੋਵੇ ਤਾਂ ਗੱਦੀ ਸੁੰਨੀ-ਸੁੰਨੀ ਲਗਦੀ ਹੈ, ਹਨ੍ਹੇਰਾ ਲਗਦਾ ਹੈ ਕਿ ਇਨ੍ਹਾਂ ਤੋਂ ਬਾਅਦ ਕੀ ਹੋਏਗਾ, ਸਾਡਾ ਹਾਲ। ਅਖੀਰ ਸਾਰਿਆਂ ਨੇ ਸਲਾਹ ਕਰੀ ਕਿ ਮਹਾਰਾਜ ਇਸ ਰਾਣੀ ਦੇ ਪੁੱਤਰ ਨਹੀਂ ਹੋਇਆ ਤਾਂ ਹੋਰ ਸ਼ਾਦੀ ਕਰ ਲਏ। ਰਾਜਾ ਕਹਿਣ ਲੱਗਿਆ ਕਿ ਬੜੀ ਮੁਸ਼ਕਲ ਹੈ, ਰਾਣੀ ਮੈਨੂੰ ਬਹੁਤ ਪਿਆਰ ਕਰਦੀ ਹੈ, ਮੈਂ ਵੀ ਉਸ ਨੂੰ ਕਰਦਾ ਹਾਂ। ਹੋਵੇ ਪੁੱਤਰ, ਨਾ ਹੋਵੇ; ਪਰ ਮੈਂ ਉਹਦੇ ਉਤੋਂ ਦੀ ਹੋਰ ਸੌਂਕਣ ਸਾੜਾ ਖੜ੍ਹਾ ਨਹੀਂ ਕਰ ਸਕਦਾ। ਬਾਰ-ਬਾਰ ਕਹਿਣ ਦੇ ਉੱਤੇ ਰਾਜਾ ਮੰਨ ਗਿਆ, ਰਾਣੀ ਨੂੰ ਪਤਾ ਲੱਗਿਆ, ਉਹ ਬੜੀ ਚਿੰਤਾ 'ਚ ਆਈ, ਕਹਿਣ ਲੱਗੀ, ਰਾਜਨ! ਜੇ ਤੁਸੀਂ ਵਿਆਹ ਹੀ ਕਰਾਉਣਾ ਹੈ ਤਾਂ ਮੇਰੀ ਛੋਟੀ ਭੈਣ ਹੈ, ਮੈਂ ਉਹਦਾ ਰਿਸ਼ਤਾ ਲੈ ਆਉਂਦੀ ਹਾਂ, ਅਸੀਂ ਭੈਣਾਂ-ਭੈਣਾਂ ਕੱਟ ਲਵਾਂਗੀਆਂ। ਉਹਦੀ ਉਲਾਦ ਮੇਰੀ ਹੀ ਓਲਾਦ ਹੋਏਗੀ। ਰਿਸ਼ਤਾ ਲੈ ਆਈ, ਪਰ ਭੈਣ ਦਾ ਸੁਭਾਅ ਇਹਦੇ ਨਾਲੋਂ ਬਿਲਕੁਲ ਉਲਟ ਸੀ,

ਈਰਖਾ ਕਰਨ ਵਾਲੀ, ਦਵੈਤ ਦੇ ਵਿੱਚ ਰਹਿਣ ਵਾਲੀ, ਵੈਰ-ਭਾਵ ਦਿਲ 'ਚ ਰੱਖਣ ਵਾਲੀ, ਮਤਲਬੀ; ਉਹਦੇ ਮਨ 'ਚ ਹੈ ਕਿ ਮੇਰੇ ਪੁੱਤਰ ਹੋਵੇ, ਇਹਨੂੰ ਮੈਂ ਰਾਜੇ ਦੇ ਕੋਲੋਂ ਹਟਾ ਹੀ ਦੇਵਾਂ। ਜੋਤਸ਼ੀਆਂ ਨੂੰ ਨਾਲ ਰਲਾ ਲਿਆ, ਆਪ ਕਹਿਣ ਲੱਗ ਗਈ, ਜੋਤਸ਼ੀ ਕਹਿੰਦੇ ਕਿ ਮਹਾਰਾਜ! ਜਿੰਨੀ ਦੇਰ ਤਕ ਇਹ ਰਾਣੀ ਮਹਿਲਾਂ 'ਚ ਰਹੇਗੀ, ਪੁੱਤਰ ਨਹੀਂ ਹੋ ਸਕਦਾ। ਰਾਣੀ ਨੂੰ ਹੋਰ ਮਹਿਲ ਦੇ ਵਿਚ ਭੇਜ ਦਿੱਤਾ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਜੰਗਲ 'ਚ ਭੇਜ ਦਿੱਤਾ ਤੇ ਇਸ ਤਰ੍ਹਾਂ ਇਹ ਇੱਥੇ ਰਹਿਣ ਲਗ ਗਈ, ਉਹ ਦੂਰ ਰਹਿਣ ਲੱਗ ਗਈ। ਪਰ ਵਾਹਿਗੁਰੂ ਜੀ ਦੀ ਕੁਦਰਤ ਉਸਦੇ ਪੁੱਤਰ ਪਹਿਲਾਂ ਹੋ ਗਿਆ। ਜਿਸਦਾ ਨਾਂ ਧਰੂੰ ਸੀ, ਇਹਦੇ ਪੁੱਤਰ ਬਾਅਦ ਵਿਚ ਹੋਇਆ ਜਿਸਦਾ ਨਾਮ ਊਧਵ ਸੀ। ਮਨ ਵਿੱਚ ਬੜਾ ਸਾੜਾ ਹੋਇਆ ਕਿ ਰਾਜਕੁਮਾਰ ਤਾਂ ਇਸਦਾ ਪੁੱਤਰ ਹੀ ਹੈ, ਮੇਰਾ ਲੜਕਾ ਤਾਂ ਕੇਵਲ ਕੰਵਰ ਹੈ, ਇਹ ਰਾਜਕੁਮਾਰ ਨਹੀਂ ਹੈ। ਐਸੇ ਯਤਨ 'ਚ ਰਹਿਣ ਲੱਗੀ ਕਿ ਇਸਦੇ ਪੁੱਤਰ ਦਾ ਮਿਲਾਪ ਰਾਜੇ ਨਾਲ ਨਾ ਹੋਣ ਦਿੱਤਾ। ਹਰ ਵਕਤ ਰਾਜੇ ਨੂੰ ਜੋਤਸ਼ੀਆਂ ਵਗੈਰਾ ਤੋਂ ਵਹਿਮ ਪੁਆ ਕੇ ਰਖਦੀ ਸੀ। ਉਹ ਮਿਲਦਾ ਹੀ ਨਹੀਂ ਸੀ। ਇੱਕ ਦਿਨ ਬਹੁਤ ਸਾਰੇ ਬੱਚੇ ਰਿਸ਼ੀ ਕੁਮਾਰਾਂ ਦੇ, ਰਾਜੇ ਦੇ ਬਾਗ ਵਿੱਚ ਆ ਗਏ, ਰਾਜਾ ਪਾਰਕ ਵਿੱਚ ਬੈਠਾ ਸੀ। ਦੇਖਿਆ ਕਿ ਰਿਸ਼ੀ ਕੁਮਾਰ ਆਏ ਨੇ, ਉਨ੍ਹਾਂ ਦੇ ਨਾਲ ਹੀ ਧਰੂੰ ਆ ਗਿਆ। ਬੱਚੇ ਬੁਲਾ ਲਏ, ਚੋਬਦਾਰ ਨੂੰ ਕਿਹਾ ਜਾਓ ਜਾ ਕੇ ਮਠਿਆਈ ਦੇ ਡੱਬੇ ਲੈ ਕੇ ਆਓ। ਬੱਚੇ ਗਿਣੋ ਕਿੰਨੇ ਨੇ, ਇਨ੍ਹਾਂ ਤੋਂ ਵੱਧ ਲੈ ਕੇ ਆਇਓ। ਉਸ ਵੇਲੇ ਬੱਚਿਆਂ ਨੂੰ ਬੁਲਾ ਕੇ ਲਾਈਨ ਲਵਾ ਲਈ। ਇੱਕੋ ਗੱਲ ਕਹਿੰਦਾ ਹੈ ਸਾਰਿਆਂ ਨੂੰ, ਕਿ ਆਹ ਲਓ ਮਠਿਆਈ, ਤੇਰੇ ਪਿਤਾ ਦਾ ਨਾਉਂ? ਬੱਚੇ ਦਸਦੇ ਨੇ ਕਿ ਫਲਾਣਾ ਮੁਨੀ, ਫਲਾਣਾ ਰਿਸ਼ੀ, ਕਿਉਂਕਿ ਰਿਸ਼ੀ ਵੀ ਵਿਆਹ ਕਰਾ ਲਿਆ ਕਰਦੇ ਸੀ, ਮੁਨੀ ਵੀ ਵਿਆਹ ਕਰਾ ਲਿਆ ਕਰਦੇ ਸੀ।

ਅਖੀਰ ਦੇ ਉਤੇ ਧਰੂੰ ਸਾਰਿਆਂ ਤੋਂ ਛੋਟਾ ਪੰਜ ਸਾਲ ਦਾ ਸੀ, ਇਹਦੀ ਜਦੋਂ ਵਾਰੀ ਆਈ। ਮਾਂ ਨੇ ਕਦੇ ਜ਼ਿਕਰ ਹੀ ਨਹੀਂ ਸੀ ਕਰਿਆ ਕਿ ਤੇਰਾ ਪਿਤਾ ਰਾਜਾ ਹੈ। ਭਾਣੇ ਵਿਚ ਰਾਜ਼ੀ ਰਹਿੰਦੀ ਸੀ। ਉਸਨੂੰ ਪੁੱਛਿਆ ਗਿਆ ਕਿ ਬੇਟਾ! ਤੇਰੇ ਪਿਤਾ ਦਾ ਨਾਂ ਕੀ ਹੈ? ਕਹਿੰਦਾ ਮਾਂ। ਕਹਿੰਦੇ ਮਾਂ ਨਹੀਂ ਪਿਤਾ? ਦੇਖਦਾ ਹੈ ਬੱਚਿਆਂ ਵਲ, ਉਹ ਕਹਿਣ ਲੱਗੇ ਇਹਨੂੰ ਪਤਾ ਨਹੀਂ ਹੈ। ਕਹਿੰਦੇ ਇਹ ਕੀਹਦਾ ਲੜਕਾ ਹੈ? ਕੁਛ ਪਤਾ ਹੈ? ਬੱਚੇ ਕਹਿਣ ਲੱਗੇ ਕਿ ਹਾਂ ਜੀ, ਸਾਡੇ ਮਾਂ ਬਾਪ ਕਹਿੰਦੇ ਹੁੰਦੇ ਨੇ ਕਿ ਰਾਜੇ ਦਾ ਲੜਕਾ ਹੈ, ਉਹਨੇ ਆਪਣੀ ਰਾਣੀ ਨੂੰ ਬਨਵਾਸ ਦੇ ਦਿੱਤਾ, ਵਣਾਂ 'ਚ ਰਹਿਣ ਵਾਸਤੇ ਭੇਜ ਦਿੱਤਾ। ਸਮਝ ਗਿਆ ਕਿ ਇਹਦੀ ਤਾਂ ਇੰਨ-ਬਿੰਨ ਮੇਰੀ ਸ਼ਕਲ ਹੈ। ਮੇਰਾ ਹੀ ਪੁੱਤਰ ਹੈ, ਪਿਆਰ ਆਇਆ, ਪਿਆਰ ਦੇ ਨਾਲ ਉਹਨੇ ਬੱਚੇ ਨੂੰ ਬੁਲਾਇਆ, ਮਠਿਆਈ ਦਾ ਡੱਬਾ ਵੀ ਦੇ ਦਿਤਾ ਤੇ ਚੁੱਕ ਕੇ ਗੋਦੀ 'ਚ ਬਿਠਾ ਲਿਆ, ਪਿਆਰ ਕਰਨ ਲੱਗ ਗਿਆ। ਉਧਰਲੇ ਪਾਸੇ ਉਹਦੇ ਮਤਰੇਈ ਮਾਂ ਚਿਕ (ਪਰਦੇ) ਵਿਚੋਂ ਦੇਖ ਰਹੀ ਸੀ। ਉਹ ਪਹਿਲਾਂ ਹੀ ਸਮਝ ਗਈ ਕਿ ਆ ਗਿਆ ਇਹ; ਜੇ ਰਾਜੇ ਨੇ

ਇਹਨੂੰ ਪਿਆਰ ਕਰ ਲਿਆ ਤਾਂ ਮੇਰਾ ਪੁੱਤਰ ਤਾਂ ਗਿਆ। ਇਹ ਤਖਤ 'ਤੇ ਬੈਠੇਗਾ, ਕਿਉਂਕਿ ਈਰਖਾ ਦੀ ਬੀਮਾਰੀ ਬਹੁਤ ਬੁਰੀ ਹੈ। ਮਹਾਰਾਜ ਕਹਿੰਦੇ, ਜਿਹਦੇ ਅੰਦਰ ਈਰਖਾ ਹੋਵੇ, ਉਹਦਾ ਕਦੇ ਵੀ ਭਲਾ ਨਹੀਂ ਹੋ ਸਕਿਆ ਕਰਦਾ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ ॥***
***ਅੰਗ - 308***

ਉਹਦਾ ਭਲਾ ਨਹੀਂ ਹੁੰਦਾ, ਅੱਜ ਕੀ ਹੈ? ਨਿਗ੍ਹਾ ਮਾਰ ਕੇ ਦੇਖ ਲਓ, ਸਾਰੇ ਈਰਖਾ ਦੇ ਬੀਮਾਰ ਹਾਂ। ਸੰਤ ਨੂੰ ਸੰਤ ਦੀ ਈਰਖਾ ਹੈ, ਦੁਕਾਨਦਾਰ ਨੂੰ ਦੁਕਾਨਦਾਰ ਦੀ ਈਰਖਾ ਹੈ, ਟਰਾਂਸਪੋਟਰ ਨੂੰ ਟਰਾਂਸਪੋਰਟ ਦੀ ਈਰਖਾ ਹੈ, ਦੋ ਭਰਾ ਘਰ 'ਚ ਰਹਿੰਦੇ ਨੇ, ਦੋਹਾਂ ਦੇ ਵਿਚ ਆਪ ਵਿਚ ਈਰਖਾ ਹੈ। ਭਾਈਚਾਰੇ ਨਾਲ ਈਰਖਾ ਹੈ, ਈਰਖਾ ਨੇ ਬੀਮਾਰ ਕਰ ਦਿਤੇ। ਇਹਦਾ ਇਲਾਜ ਨਹੀਂ ਅਸੀਂ ਕਰਦੇ, ਮਹਾਰਾਜ ਕਹਿੰਦੇ, ਇਹਦਾ ਇਲਾਜ ਹੈ ਸਾਧੂ ਦੀ ਸੰਗਤ।

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥***
***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ***
***ਹਮ ਕਉ ਬਨਿ ਆਈ ॥*** ***ਅੰਗ - 1299***

ਉਹ ਈਰਖਾ ਦੇ ਬੀਮਾਰ ਤਪ ਰਹੀ ਹੈ, ਲਾਲ ਸੁਰਖ ਚਿਹਰਾ ਹੋਇਆ ਪਿਆ ਹੈ। ਜਦੋਂ ਰਾਜੇ ਨੇ ਗੋਦੀ 'ਚ ਬਿਠਾਲ ਲਿਆ, ਬਹੁਤ ਕਾਹਲੀ ਨਾਲ ਆਈ ਆ ਕੇ ਰਾਜੇ ਦੇ ਗੋਦੀ 'ਚੋਂ ਬੱਚੇ ਦੀ ਬਾਂਹ ਫੜੀ, ਛੋਟਾ ਬੱਚਾ ਸੀ, ਤਕੜੀ ਸੀ, ਵਗਾਹ ਕੇ ਮਾਰਿਆ। ਇੱਥੇ ਹੀ ਬੱਸ ਨਹੀਂ ਕਰੀ, ਉਹ ਬੱਚਾ ਸੰਭਲਿਆ, ਖੜ੍ਹਾ ਹੋ ਗਿਆ, ਖੱਬੇ ਹੱਥ ਦੀ ਚਪੇੜ ਸੱਜੀ ਗੱਲ੍ਹ 'ਤੇ ਤੇ ਸੱਜੇ ਹੱਥ ਦੀ ਚਪੇੜ ਖੱਬੀ 'ਤੇ, ਐਨੇ ਜ਼ੋਰ ਦੀਆਂ ਮਾਰੀਆਂ, ਪੰਜੇ ਉਂਗਲਾਂ ਦਾ ਨਿਸ਼ਾਨ ਪੈ ਗਿਆ। ਬੱਚਾ ਰੋਣ ਲਗ ਗਿਆ, ਬਾਕੀ ਦੂਜੇ ਸਾਰੇ ਬੱਚੇ ਇਹਨੂੰ ਲੈ ਕੇ ਆ ਗਏ, ਘਰ ਆਇਆ ਤਾਂ ਮਾਤਾ ਨੇ ਦੇਖਿਆ ਕਿ ਰੋ ਰਿਹਾ ਹੈ, ਮੇਰਾ ਬੱਚਾ, ਇਹ ਤਾਂ ਕਦੇ ਕਿਸੇ ਨੂੰ ਛੇੜਦਾ ਨਹੀਂ, ਕਦੇ ਕੋਈ ਗਲਤ ਗੱਲ ਨਹੀਂ ਕਰਦਾ, ਹੋਇਆ ਕੀ? ਪੁੱਛਿਆ ਬੱਚਿਆਂ ਨੂੰ ਕਹਿਣ ਲੱਗੇ ਸਾਨੂੰ ਤਾਂ ਪਤਾ ਨਹੀਂ, ਅਸੀਂ ਰਾਜੇ ਦੇ ਗਏ ਸੀ। ਕਹਿੰਦੀ ਫੇਰ ਕੀ ਹੋਇਆ? ਕਹਿੰਦਾ, ਮਾਂ! ਮੈਂ ਕੋਈ ਐਸੀ ਗੱਲ ਨਹੀਂ ਕਰੀ, ਉਹ ਰਾਜਾ ਜਿਹੜਾ ਹੈ ਉਸਨੇ ਮੈਨੂੰ ਗੋਦੀ 'ਚ ਬਿਠਾਲ ਲਿਆ ਤੇ ਕਹਿਣ ਲੱਗਿਆ ਕਿ ਇਹ ਤਾਂ ਮੇਰਾ ਪੁੱਤਰ ਹੈ, ਇੱਕ ਬੀਬੀ ਆਈ, ਚਿਕ ਦੇ ਉਹਲੇ ਖੜ੍ਹੀ ਸਾਨੂੰ ਦੇਖ ਰਹੀ ਸੀ। ਉਹਨੇ ਆਉਂਦੀ ਨੇ ਮੇਰਾ ਮੋਢਾ ਫੜਿਆ ਤੇ ਮੈਨੂੰ ਸੁੱਟ ਦਿੱਤਾ ਧਰਤੀ 'ਤੇ ਅਤੇ ਨਾਲ ਮੇਰੇ ਦੋ ਚਪੇੜਾਂ ਮਾਰੀਆਂ। ਇੱਕ ਗੱਲ ਉਹਨੇ ਹੋਰ ਕਹੀ ਕਿ ਜੇ ਇਸ ਗੋਦੀ 'ਚ ਬੈਠਣਾ ਸੀ ਤਾਂ ਉਸ ਨਿਕਰਮੇ ਦੇ ਪੇਟ 'ਚੋਂ ਪੈਦਾ ਹੋਇਆ, ਮੇਰੇ ਪੇਟ 'ਚੋਂ ਪੈਦਾ ਹੁੰਦਾ, ਫੇਰ ਤੂੰ ਇਸ ਗੋਦੀ 'ਚ ਬੈਠ ਸਕਦਾ ਸੀ, ਤੇਰੀ ਕਿਵੇਂ ਜੁਰੱਅਤ ਪਈ ਇੱਥੇ ਆ ਕੇ ਬੈਠਣ ਦੀ। ਮਾਤਾ! ਉਸਨੇ ਬਹੁਤ ਕੁਬੋਲ ਵੀ

ਕਹੇ ਤੇ ਮੇਰੇ ਚਪੇੜਾਂ ਵੀ ਮਾਰੀਆਂ। ਮੈਂ ਤਾਂ ਕੋਈ ਗਲਤੀ ਨਹੀਂ ਸੀ ਕਰੀ। ਮਾਂ ਵੀ ਰੋਣ ਲਗ ਗਈ। ਬੱਚਾ ਕਹਿਣ ਲੱਗਿਆ, ਮਾਤਾ! ਤੈਨੂੰ ਤਾਂ ਮਾਰਿਆ ਨਹੀਂ ਕਿਸੇ ਨੇ, ਤੂੰ ਕਿਉਂ ਰੋਂਦੀ ਹੈਂ, ਕਹਿਣ ਲੱਗੀ ਬੇਟਾ! ਉਹ ਤੇਰਾ ਪਿਤਾ ਹੀ ਹੈ। ਉਹ ਮਾਰਨ ਵਾਲੀ ਤੇਰੀ ਮਾਸੀ ਹੈ। ਮੈਂ ਤਾਂ, ਤਾਂ ਰੋਂਦੀ ਹਾਂ ਕਿ ਕਿਹੋ ਜਿਹੇ ਕਰਮ ਲੈ ਕੇ ਅਸੀਂ ਜੰਮੇ ਹਾਂ। ਰਾਜੇ ਦਾ ਲੜਕਾ ਹੁੰਦਾ ਹੋਇਆ ਤੂੰ ਰਾਜ ਗੱਦੀ ਤੋਂ ਖਾਲੀ ਹੈਂ, ਉਹ ਕਹਿਣ ਲੱਗਿਆ, ਮਾਤਾ! ਕੀ ਕਸਰ ਰਹਿ ਗਈ। ਕਸਰ ਰਹਿ ਗਈ ਕਿ ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਮੈਂ ਵੀ ਤਪ ਨਹੀਂ ਕਰਿਆ। ਰਾਜੇ ਦੇ ਤਾਂ ਅਸੀਂ ਆ ਗਏ, ਪਰ ਉਹ ਸਹੂਲਤਾਂ ਨਾ ਸਾਨੂੰ ਮਿਲੀਆਂ, ਹੱਕ ਨਾ ਸਾਨੂੰ ਮਿਲੇ। ਤੂੰ ਵੀ ਪਿਛਲੇ ਜਨਮ ਵਿੱਚ ਭਗਤੀ ਨਹੀਂ ਕਰੀ, ਤੇਰਾ ਵੀ ਤਪ ਘੱਟ ਹੈ, ਮੈਂ ਵੀ ਭਗਤੀ ਨਹੀਂ ਕਰੀ –

*ਧਾਰਨਾ – ਲਾਲ ਵੇ! ਭਗਤੀ ਨਾ ਕੀਤੀ ਰੱਬ ਦੀ,*
*ਤਾਹੀਓਂ ਹੋਇਆ ਨਿਰਾਦਰ ਤੇਰਾ।*

*ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?*
*ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।*

***ਭਾਈ ਗੁਰਦਾਸ ਜੀ, ਵਾਰ 10/1***

ਕਹਿਣ ਲੱਗਿਆ, ਹੇ ਮਾਂ! ਤੂੰ ਰਾਣੀ ਹੈਂ ਕਿ ਗੋਲੀ ਸੀ? ਕਹਿਣ ਲੱਗੀ, ਮੈਂ ਸੁਆਣੀ ਹਾਂ ਜਨਮ ਦੀ, ਮੈਂ ਰਾਜੇ ਦੀ ਲੜਕੀ ਹਾਂ, ਵਿਆਹ ਮੇਰਾ ਤੇਰੇ ਪਿਤਾ ਨਾਲ ਹੋਇਆ ਸੀ, ਪਰ ਪ੍ਰਮੇਸ਼ਰੂ ਦਾ ਨਾਮ ਨਹੀਂ ਜਪਿਆ, ਭਗਤੀ ਦਾ ਕੋਈ ਕਰਮ ਨਹੀਂ ਕਰਿਆ। ਕਹਿਣ ਲੱਗਿਆ, ਫੇਰ ਆਪਾਂ ਨੂੰ ਰਾਜ ਮਿਲਣਾ ਹੀ ਨਹੀਂ? ਜੇ ਮਿਲਣਾ ਹੈ ਤਾਂ ਮੈਨੂੰ ਦੱਸ ਕਿਵੇਂ ਸਾਨੂੰ ਰਾਜ ਮਿਲ ਸਕਦਾ ਹੈ? ਤੇ ਜਿਹੜੇ ਸਾਡੇ ਨਾਲ ਦੁਸ਼ਮਣੀਆਂ ਕਰਦੇ ਨੇ, ਇਹ ਕਿਵੇਂ ਮਿੱਤਰ ਹੋ ਸਕਦੇ ਨੇ?

*ਕਿਸੁ ਉਦਮ ਤੇ ਰਾਜੁ ਮਿਲੈ ਸਤਰੂ ਤੇ ਸਭ ਹੋਵਨਿ ਮੀਤਾ।*

***ਭਾਈ ਗੁਰਦਾਸ ਜੀ, ਵਾਰ 10/1***

ਮਾਂ ਕਹਿਣ ਲੱਗੀ, ਬੇਟਾ! ਜਿਸ ਨੇ ਇਸ ਸੰਸਾਰ ਨੂੰ ਬਣਾਇਆ ਹੈ, ਉਹ ਪ੍ਰੀਪੂਰਨ ਵਾਹਿਗੁਰੂ ਸਾਰਿਆਂ ਦਾ ਰਾਖਾ ਹੈ। ਹਰੇਕ ਦੀ ਗੱਲ ਸੁਣਦਾ ਹੈ, ਕੀੜੀ ਦੀ ਵੀ ਗੱਲ ਸੁਣਦਾ ਹੈ।

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ।*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*

ਹਾਥੀ ਦੀ ਚਿੰਘਾਰ ਤਾਂ ਪਿੱਛੋਂ ਪਹੁੰਚਦੀ ਹੈ, ਕੀੜੀ ਦੀ ਪੁਕਾਰ ਪਹਿਲਾਂ ਹੀ ਸੁਣ ਲੈਂਦਾ ਹੈ ਪ੍ਰਮੇਸ਼ਰ, ਐਹੋ ਜਿਹਾ ਵਾਹਿਗੁਰੂ ਹੈ। ਉਹ ਸਾਰੀਆਂ ਚੀਜ਼ਾਂ ਦਾ ਦਾਤਾ ਹੈ। ਜੋ ਮੰਗਿਆ ਜਾਵੇ, ਓਹੀ ਉਸ ਤੋਂ ਮਿਲ ਜਾਇਆ ਕਰਦਾ ਹੈ। ਉਹਦੇ ਨਾਲ ਉਹਦਾ ਨਾਮ ਜਪਣਾ ਪੈਂਦਾ ਹੈ, ਰਾਜ ਕਹੇਂਗਾ ਉਹ ਪ੍ਰਾਪਤ ਹੋ ਜਾਏਗਾ।

*ਧਾਰਨਾ – ਸੇਵ ਹਰਿ ਕੇ ਚਰਨ ਰਸਾਇਣ ਜੀ,*

***ਜੋ ਜੋ ਮਾਂਗਹਿ ਸੋਈ ਸੋਈ ਪਾਵੈ।***

ਜੋ ਵੀ ਕੋਈ ਦੁਨੀਆਂ ਦੀ ਚੀਜ਼ ਹੈ ਉਹ ਪ੍ਰਾਪਤ ਹੋ ਜਾਇਆ ਕਰਦੀ ਹੈ -

***ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥***

***ਅੰਗ - 714***

ਇੱਥੇ ਤਕ ਕਿ ਜਨਮ ਮਰਨ ਦਾ ਚੱਕਰ ਜੋ ਇਸ ਜੀਵ ਦੇ ਗਲ ਪਿਆ ਹੋਇਆ ਹੈ, ਉਹ ਵੀ ਟੁੱਟ ਜਾਣਾ ਹੈ। ਸੋ ਬੇਟਾ! ਆਪਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਉਹ ਸਾਡੇ ਚਿੱਤ ਵਿਚ ਨਹੀਂ ਵਸਿਆ। ਜੇ ਉਹ ਮੇਰੇ ਚਿੱਤ ਵਿਚ ਜਾਂ ਤੇਰੇ ਚਿੱਤ ਵਿਚ ਵਸਿਆ ਹੁੰਦਾ ਤਾਂ ਅੱਜ ਇਹ ਦਿਨ ਨਾ ਤੈਨੂੰ ਦੇਖਣੇ ਪੈਂਦੇ ਨਾ ਮੈਨੂੰ ਦੇਖਣੇ ਪੈਂਦੇ। ਪਰ ਜੇ ਤੂੰ ਪ੍ਰਮੇਸ਼ਰ ਦੀ ਆਰਾਧਣਾ ਕਰੇਂ ਤਾਂ ਪਵਿੱਤਰ ਵੀ ਹੋ ਜਾਈਦਾ ਹੈ ਤੇ ਵੱਡੀ ਤੋਂ ਵੱਡੀ ਪਦਵੀ ਵੀ ਪ੍ਰਾਪਤ ਹੋ ਜਾਇਆ ਕਰਦੀ ਹੈ -

***ਧਾਰਨਾ - ਨਿਹਚਲ ਹੋ ਜਾਏ ਰਾਜ,***
***ਜੇ ਚਿੱਤ ਆ ਜਾਏ ਪ੍ਰਭ ਜੀ ਪਿਆਰਾ।***

***ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥***
***ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥***
***ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥***

***ਅੰਗ - 70***

ਇੱਕ ਵੀ ਰੁਪਿਆ ਨਾ ਹੋਵੇ, ਇਕ ਵੀ ਪੈਸਾ ਨਾ ਹੋਵੇ, ਕਮਜ਼ੋਰ ਹੋਵੇ ਬੰਦਾ, ਜੇ ਕੋਈ ਕੰਮ ਕਰਦਾ ਹੈ, ਮਿੱਟੀ ਬਣ ਜਾਂਦਾ ਹੋਵੇ; ਬੇਅੰਤ ਪ੍ਰੇਮੀ ਨੇ ਮੇਰੇ ਕੋਲ ਸ਼ਿਕਾਇਤਾਂ ਕਰਦੇ ਨੇ ਕਿ ਜੀ ਕਾਰੋਬਾਰ ਕਰਦੇ ਹਾਂ, ਹੋ ਨਹੀਂ ਰਿਹਾ ਹੈ ਸਾਡੇ ਕਾਰੋਬਾਰ ਨੂੰ। ਮਹਾਰਾਜ ਕਹਿੰਦੇ ਹੋਇਆ ਨਹੀਂ ਕੁਛ, ਤੂੰ ਪ੍ਰਮੇਸ਼ਰ ਨੂੰ ਭੁੱਲ ਗਿਆ। ਚਿੱਤ 'ਚ ਨਹੀਂ ਹੈ ਤੇਰੇ ਉਤੋਂ-ਉਤੋਂ ਰੱਬ-ਰੱਬ ਕਰਦਾ ਹੈਂ। ਚਿੱਤ 'ਚ ਵਸਾ ਲੈ। ਜੇ ਚਿੱਤ ਆ ਜਾਏ, ਸੁਣ ਕਿੰਨੇ ਫਾਇਦੇ ਨੇ। ਸਾਰੀ ਦੁਨੀਆਂ ਸੁੱਖਾਂ ਦੀ ਤਲਾਸ਼ ਵਿਚ ਹੈ, ਪਰ ਕਿਸੇ ਨੂੰ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਬੇਅੰਤ ਯਤਨ ਕਰਦੇ ਕੋਈ ਕਹਿੰਦਾ ਹੈ ਕਿ ਮੇਰੇ ਪੁੱਤਰ ਹੋ ਜਾਏ, ਫੇਰ ਸੁਖ ਹੋਏਗਾ। ਕੋਈ ਕਹਿੰਦਾ ਹੈ ਕਿ ਮੇਰਾ ਪੁੱਤਰ ਪੜ੍ਹ ਲਿਖ ਜਾਵੇ, ਫੇਰ ਸੁਖ ਹੋਏਗਾ, ਮੇਰਾ ਪੁੱਤਰ ਚੰਗੀ ਨੌਕਰੀ 'ਤੇ ਲਗ ਜਾਵੇ, ਫੇਰ ਸੁਖ ਹੋਏਗਾ, ਵਿਆਹਿਆ ਜਾਏ ਫੇਰ ਸੁਖ ਆ ਜਾਏਗਾ; ਇਹਦੇ ਅੱਗੇ ਫੇਰ ਉਵੇਂ ਜਿਵੇਂ ਉਲਾਦ ਹੋ ਜਾਏ, ਫੇਰ ਸੁਖ ਹੋਏਗਾ। ਸੁੱਖ ਦੀ ਤਲਾਸ਼ ਵਾਸਤੇ ਆਦਮੀ ਥਾਂ-ਥਾਂ 'ਤੇ ਭਟਕਦਾ ਫਿਰਦਾ। ਸਮੁੰਦਰਾਂ ਦੇ ਥੱਲੇ ਜਾਂਦਾ ਹੈ, ਪਹਾੜਾਂ ਦੇ ਪੇਟ ਵਿੱਚ ਜਾ ਕੇ, ਖੋਲ੍ਹਾਂ ਕੱਢਦਾ ਹੈ, ਹੋਰ ਚੀਜ਼ਾਂ ਕੱਢਦਾ ਹੈ। ਨਿੱਤ ਨਵੀਆਂ ਖੋਜਾਂ ਕੱਢਦਾ ਹੈ ਕਿ ਸੁੱਖ ਮਿਲ ਜਾਵੇ। ਮਹਾਰਾਜ ਕਹਿੰਦੇ, ਪਿਆਰਿਆ! ਸੁਖ ਦਾ ਫਾਰਮੂਲਾ ਜਿੰਨਾਂ ਚਿਰ ਤੈਨੂੰ ਨਹੀਂ ਆਉਂਦਾ, ਜਿੰਨਾਂ ਤੇਰਾ ਜੀਅ ਕਰਦਾ ਹੈ ਖਪ ਲੈ, ਸੁਖ ਦੀ ਪ੍ਰਾਪਤੀ ਕਦੇ ਨਹੀਂ ਹੋਏਗੀ। ਜੇ ਵਾਹਿਗੁਰੂ ਚਿੱਤ ਨਹੀਂ ਆਉਂਦਾ ਤਾਂ

ਸੁੱਖ ਦੀ ਪ੍ਰਾਪਤੀ ਤਾਂ ਇੱਕ ਪਾਸੇ ਰਹਿ ਗਈ, ਫੇਰ ਉਹਦੀ ਜਿਹੜੀ ਹਾਲਤ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ - ਵਿਸਟਾ ਕੇ ਕੀੜੇ ਜੀ, ਸੋ ਪ੍ਰਭ ਚਿੱਤ ਨਾ ਆਵਈ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ - 707***

ਕਿੰਨੇ ਹੀ ਸੁਖ ਕਿਉਂ ਨਾ ਹੋਣ, ਸੁੰਦਰ ਸੇਜ, ਅਨੇਕ ਸੁੱਖ, ਸੁੱਖਾਂ ਦੀ ਕੋਈ ਗਿਣਤੀ ਨਾ ਹੋਵੇ, ਸਾਰੇ ਰਸਾਂ ਨੂੰ ਭੋਗ ਸਕਦਾ ਹੋਵੇ। ਘਰ ਦੇ ਵਿਚ ਸੋਨੇ ਨਾਲ ਸਜਾਵਟ ਕੀਤੀ ਹੋਈ ਹੈ, ਉਥੇ ਹੀਰੇ ਜਵਾਹਾਰਾਤ ਲਟਕ ਰਹੇ ਨੇ ਛੱਤ ਦੇ ਨਾਲ। ਬਹੁਤ ਹੀ ਰੰਗਾਂ-ਰੰਗਾਂ ਦੇ ਸ਼ੀਸ਼ੇ ਲਾਏ ਹੋਏ ਨੇ। ਚੰਦਨ ਦੀਆ ਸੁਗੰਧੀਆ ਦੂਰ-ਦੂਰ ਤਕ ਆਉਂਦੀਆਂ ਨੇ, ਜੋ ਮਨ ਦੇ ਵਿਚ ਆ ਗਿਆ ਉਹਨੂੰ ਸੁੱਖ ਦੀ ਪ੍ਰਾਪਤੀ ਹੋ ਗਈ, ਕੋਈ ਕਮੀ ਨਾ ਹੋਵੇ ਕਿਸੇ ਸੁੱਖ ਤੋਂ, ਕਿਸੇ ਕਿਸਮ ਦੀ ਬੀਮਾਰੀ ਨਾ ਹੋਵੇ, ਪਰ ਜੇ ਵਾਹਿਗੁਰੂ ਦਾ ਨਾਮ ਚਿੱਤ ਨਹੀਂ ਆਉਂਦਾ, ਕਹਿੰਦੇ -

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ - 707***

ਬਿਨਾਂ ਨਾਮ ਤੋਂ ਮਨ ਵਿਚ ਸ਼ਾਂਤੀ ਨਹੀਂ ਆਉਂਦੀ, ਜਿਸ ਦੇ ਮਨ ਵਿਚ ਸ਼ਾਂਤੀ ਹੈ, 'ਨਾਮ' ਵਸਿਆ ਹੋਇਆ ਹੈ, ਉਹ ਰਾਜੇ ਦਾ ਰਾਜਾ ਹੁੰਦਾ, ਮਹਾਰਾਜ ਕਹਿੰਦੇ, ਬਿਘਨ ਤਾਂ ਆਉਂਦੇ ਨੇ ਜੇ ਨਾਮ ਨੂੰ ਭੁੱਲਦਾ ਹੈ, ਨਾਮ ਨੂੰ ਯਾਦ ਕਰ ਲਓ, ਕਦੇ ਬਿਘਨ ਨਹੀਂ ਆਇਆ ਕਰਦੇ। ਨਾਮ ਜਪ ਲਓ, ਨਾਮ ਜਪ ਕੇ ਬਿਘਨਾਂ ਦਾ ਖਾਤਮਾ ਹੋ ਜਾਂਦਾ ਹੈ। ਉਹ ਵਿਲਕਦਾ ਰਹਿੰਦਾ ਹੈ ਜਿਵੇਂ ਸੁੰਨੇ ਘਰ ਵਿਚ ਕਾਂ, ਕਾਂ-ਕਾਂ ਕਰਦਾ ਹੈ। ਕਿਉਂਕਿ ਉਹਨੂੰ ਖਾਣ ਨੂੰ ਕੁਛ ਨਹੀਂ ਮਿਲਦਾ। ਇਸੇ ਤਰ੍ਹਾਂ ਦਿਨ ਤੇ ਰਾਤ ਵਿਲਕਦਾ ਹੈ, ਉਲਾਂਭੇ ਦਿੰਦਾ ਹੈ ਕਿ ਮੇਰੇ ਕੋਲ ਆਹ ਨਹੀਂ, ਮੇਰੇ ਕੋਲ ਉਹ ਨਹੀਂ, ਕਿਉਂਕਿ ਬਿਘਨ ਲਗ ਗਏ। ਬਿਘਨ ਲੱਗੇ ਤਾਂ, ਵਾਹਿਗੁਰੂ ਨੂੰ ਭੁਲਿਆ। -

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥***
***ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥***

***ਅੰਗ - 522***

ਸੋ ਮਹਾਰਾਜ ਕਹਿੰਦੇ ਜਿਹੜਾ ਨਾਮ ਨਹੀਂ ਨਾ ਜਪਦਾ, ਉਹ ਬੰਦਾ ਵਿਚਾਰ ਕਰੋ। 83 ਲੱਖ, 99 ਹਜ਼ਾਰ, 999 ਜੂਨਾਂ ਵਿਚ ਸਰੀਰ ਧਾਰਨ ਕਰੇ। ਅਨੇਕ ਕਿਸਮ ਦੇ ਸਰੀਰ ਧਾਰਨ ਕਰੇ, ਐਉਂ ਪੜ੍ਹ ਲਓ -

***ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਏ ਨੇ।***
***ਕਈ ਜਨਮ ਭਏ ਕੀਟ ਪਤੰਗਾ ॥***

*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥ ਅੰਗ - 156*

ਨਾਗਾਂ ਦੀਆਂ 360 ਕੁਲਾਂ, ਉਹਦੇ ਵਿਚ ਹੀ ਰੰਗ-ਸੁਵੰਨੇ ਨਾਗ ਬਣੇ, ਕਿਤੇ ਬਹੁਤ ਜ਼ਹਿਰੀਲੇ, ਕਿਤੇ ਥੋੜ੍ਹੀ ਜ਼ਹਿਰ ਵਾਲੇ, ਬਹੁਤ ਵੱਡੇ-ਵੱਡੇ ਕੱਦ ਵਾਲੇ। ਮਹਾਰਾਜ ਕਹਿੰਦੇ -

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 176*

ਜੇ ਨਹੀਂ ਪ੍ਰਮੇਸ਼ਰ ਦੇ ਨਾਮ ਵਲ ਲਗਦਾ ਜੀਵ। ਮਹਾਰਾਜ ਕਹਿੰਦੇ ਉਹ ਘਾਤ ਕਰ ਰਿਹਾ ਹੈ, ਹੱਤਿਆ ਕਰ ਰਿਹਾ ਹੈ। ਛੇ ਹੱਤਿਆਂ ਹੁੰਦੀਆਂ ਨੇ।

ਜਦੋਂ ਗੁਰ ਨਾਨਕ ਸਾਹਿਬ ਕਾਹਬਾ ਸ਼ਰੀਫ ਮੱਕੇ ਵਿਚ ਗਏ, ਉਥੇ ਗੁਰੂ ਮਹਾਰਾਜ ਜੀ ਨੂੰ ਪੁੱਛਿਆ ਗਿਆ, ਰੁਕਨਦੀਨ ਨੇ ਸਵਾਲ ਕਰਿਆ ਕਿ ਹੇ ਨਾਨਕ! ਜੇ ਸੰਸਾਰ ਦੇ ਵਿੱਚ ਗੁਨਾਹ ਕੀਤੇ ਜਾਂਦੇ ਨੇ, ਇਹ ਛੋਟੇ ਵੱਡੇ ਵੀ ਹੁੰਦੇ ਨੇ ਮਹਾਰਾਜ ਕਹਿੰਦੇ ਹਾਂ। ਦੋ ਤਰ੍ਹਾਂ ਦੇ ਹੁੰਦੇ ਨੇ ਇੱਕ ਤਾਂ ਐਵੇਂ ਹੀ ਗੁਨਾਹ ਹੋ ਜਾਂਦਾ ਹੈ ਜਿਹੜਾ ਕਰਨਾ ਨਹੀਂ ਅਸੀਂ ਚਾਹੁੰਦੇ। ਕੀੜੇ ਤੁਰੇ ਜਾ ਰਹੇ ਨੇ, ਉਤੇ ਨੂੰ ਡੰਡੀ ਦੇ ਪੈਰ ਧਰ-ਧਰ ਕੇ ਮਸਲਦੇ ਤੁਰੇ ਜਾ ਰਹੇ ਨੇ। ਪਤਾ ਨਹੀਂ ਹੁੰਦਾ ਬੇਸੁਰਤੀ 'ਚ ਆਦਮੀ ਤੁਰਿਆ ਜਾ ਰਿਹਾ ਹੈ। ਇਹਨੂੰ ਅਚੇਤ ਕਹਿੰਦੇ ਨੇ, ਸਹਿਜ ਸੁਭਾਅ ਪਾਪ ਕਰ ਦੇਣਾ। ਦੂਸਰੇ ਹੁੰਦੇ ਨੇ ਜਿਹੜਾ ਪਤਾ ਹੁੰਦਾ ਹੈ ਇਸਨੂੰ ਕਿ ਮੈਂ ਪਾਪ ਕਰ ਰਿਹਾ ਹਾਂ। ਕਹਿੰਦੇ ਉਨ੍ਹਾਂ ਦਾ ਬਦਲਾ ਮਿਲਦਾ ਹੈ ਜਿਵੇਂ ਕੋਈ ਮਾਸ ਖਾਣਾ ਹੈ, ਜਾਨਵਰ ਦਾ ਗਲ ਵੱਢਦਾ ਹੈ, ਫੇਰ ਭਾਈ ਉਹਨੂੰ ਵੀ ਵਢਾਉਣਾ ਪੈਂਦਾ ਹੈ। ਇਹ ਤਾਂ ਹਰ ਕਰਮ ਜਿਹੜਾ ਹੈ ਉਹ ਫਲ ਦਿੰਦਾ ਹੈ।

*ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।*
*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥* *ਅੰਗ - 1374*

ਜਿਹੜੇ ਜਾਨਵਰ ਮਾਰ ਕੇ ਲੋਕੀ ਖਾਂਦੇ ਨੇ, ਕਹਿੰਦੇ ਫੇਰ ਆਪ ਦਾ ਵੀ ਗਲਾ ਕੱਟਣਾ ਹੈ। ਇਸ ਤੋਂ ਚੰਗਾ ਇਹ ਹੈ ਕਿ ਸਿੱਧਾ-ਸਿੱਧਾ ਜਿਹੜਾ ਪ੍ਰਸ਼ਾਦਾ ਖਾਣਾ ਹੈ ਉਹ ਸਾਰਿਆਂ ਨਾਲੋਂ ਵਧੀਆ ਹੈ। ਸੋ ਇਸ ਤਰ੍ਹਾਂ ਦੇ ਮਹਾਰਾਜ ਕਹਿੰਦੇ ਪਾਪ, 96 ਕਰੋੜ ਪਾਪ ਜਮ੍ਹਾ ਕਰ ਲਿਆ। 96 ਕਰੋੜ ਪਾਪ ਥੋੜ੍ਹੇ ਪਾਪ ਨਹੀਂ ਹੁੰਦੇ। ਫੇਰ ਇੱਕ ਪਾਪ ਇਹੋ ਜਿਹਾ ਹੈ ਜਿਹਨੂੰ ਹੱਤਿਆ ਕਹਿੰਦੇ ਨੇ, ਗਊ ਨੂੰ ਮਾਰ ਦੇਣਾ, ਗਰੀਬ ਨੂੰ ਮਾਰ ਦੇਣਾ।

ਆਪਣੀ ਲੜਕੀ ਨੂੰ ਮਾਰ ਦੇਣਾ, ਪੈਸਾ ਲੈ ਕੇ ਮੁਕਰ ਜਾਣਾ, ਧੋਖਾ ਦੇ ਦੇਣਾ ਤੇ ਆਤਮਾ ਦਾ ਘਾਤ ਕਰ ਦੇਣਾ। ਇਹ ਛੇ ਹੱਤਿਆ ਨੇ। ਇਹ ਛੇ ਹੱਤਿਆ ਜਿਹੜੀਆਂ ਹੁੰਦੀਆਂ ਨੇ ਇਹ ਪੰਜ ਅਰਬ ਛਿਅੱਤਰ ਕਰੋੜ ਪਾਪ ਦੇ ਬਰਾਬਰ ਹੋਇਆ ਕਰਦੀਆਂ ਨੇ। ਸੌ ਹੱਤਿਆ ਦੇ ਬਰਾਬਰ ਹੁੰਦਾ ਹੈ ਜੇ ਪਿਉ ਨੂੰ ਮਾਰ ਦੇਵੇ। ਹਜ਼ਾਰ ਹੱਤਿਆ ਦੇ ਬਰਾਬਰ ਹੁੰਦਾ ਹੈ ਜੇ ਮਾਂ ਨੂੰ ਮਾਰ ਦੇਵੇ। ਪਾਪ ਵਧਦੇ ਤੁਰੇ ਜਾਂਦੇ ਨੇ, ਫੇਰ ਜਿਹੜੇ ਉਹ ਹਤਿਆਰੇ ਨੇ ਕੁੰਭੀ ਨਰਕ 'ਚ ਗਿਰਦੇ ਨੇ-

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***

***ਅੰਗ - 1425***

ਮਹਾਰਾਜ ਕਹਿੰਦੇ ਜਿਹੜਾ ਹੁਣ ਨਾਮ ਨਹੀਂ ਜਪਦਾ, ਬੜੀ ਮੁਸ਼ਕਲ ਦੇ ਨਾਲ ਵੇਲਾ ਇਹਦੇ ਹੱਥ ਵਿਚ ਆਇਆ। ਮਹਾਰਾਜ ਖਬਰਦਾਰ ਕਰਦੇ ਨੇ ਸਾਨੂੰ, ਐਉਂ ਪੜ੍ਹ ਲਓ -

***ਧਾਰਨਾ - ਤੇਰਾ ਜਨਮ ਅਮੋਲ ਵੇਖੀਂ ਹਾਰ ਜਾਵੀਂ ਨਾ।***
***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ***
***ਬਹੁਰਿ ਨ ਲਾਗਹਿ ਡਾਰ ॥ ਅੰਗ - 1366***

ਮੁੜ ਕੇ ਤੂੰ ਟਾਹਣੀ ਨਾਲ ਲਗਣਾ ਨਹੀਂ ਪਿਆਰਿਓ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***

***ਅੰਗ - 1428***

ਸਮਾਂ ਲੰਘਾ ਦਿੱਤਾ, ਅੱਜਕੱਲ੍ਹ ਕਰਦੇ-ਕਰਦੇ, ਕਿ ਅੱਜ ਜਪਾਂਗੇ, ਕੱਲ੍ਹ ਨੂੰ ਸ਼ੁਰੂ ਕਰਾਂਗੇ, ਪਰਸੋਂ ਨੂੰ ਕਰਾਂਗੇ। ਵਿਆਹ ਕਰ ਲਈਏ, ਖੇਤੀ ਕਰ ਲਈਏ, ਆਹ ਫਲਾਣਾ ਕੰਮ ਕਰ ਲਈਏ, ਬਹਾਨੇ ਹਜ਼ਾਰਾਂ ਹੀ ਨੇ। ਪਾਪ ਕਰਨ ਵਾਸਤੇ ਕੋਈ ਬਹਾਨਾ ਨਹੀਂ। ਉਸੇ ਵੇਲੇ ਤਿਆਰ ਹੋ ਜਾਂਦਾ ਹੈ।

***ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥***
***ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥ ਅੰਗ - 518***

ਤੇਰੇ ਗਲ ਵਿਚ ਫਾਹੀ ਪੈਣ ਵਾਸਤੇ ਆ ਹੀ ਰਹੀ ਹੈ। ਉਸ ਫਾਹੀ ਨੇ ਕੀ ਕਰਨਾ ਹੈ, ਜਮਦੂਤਾਂ ਕੋਲ ਲੈ ਜਾਣਾ ਤੈਨੂੰ ਤੇਰੀ ਜਾਨ ਕੱਢ ਕੇ। ਸੋ ਜੋ ਨਾਮ ਨਹੀਂ ਜਪਦਾ, ਮੁੜ ਕੇ ਉਹਨੂੰ ਫੇਰ ਨਖਿੱਧ ਜੂਨੀਆਂ 'ਚ ਜਾਣਾ ਪੈਂਦਾ ਹੈ। ਫੇਰ ਉਹ ਆਤਮਾ ਦਾ ਘਾਤ ਕਰਦਾ ਹੈ। ਮਹਾਂਪਾਪੀ ਹੁੰਦਾ ਹੈ, ਐਸਾ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਆਤਮਘਾਤੀ ਜੀ,***
***ਜਿਹੜਾ ਨਾਮ ਨਾ ਹਰੀ ਦਾ ਜਪਦਾ।***

ਬਗੈਰ ਪਾਪ ਕਰਿਆਂ 'ਤੇ, ਨਾ ਕੋਈ ਬੱਕਰੇ ਮਾਰੇ ਨੇ, ਨਾ ਕੋਈ ਬੰਦੇ ਮਾਰੇ ਨੇ। ਨਾ ਕੋਈ ਹੇਰਾ-ਫੇਰੀ ਕਰੀ ਹੈ। ਕੇਵਲ ਨਾਮ ਨਾ ਜਪਣਾ ਹੀ ਆਤਮਘਾਤੀ ਕਹਾਉਂਦਾ ਹੈ। ਪਾਪ ਕਿੰਨਾ ਹੁੰਦਾ 96 ਕਰੋੜ ਪਾਪਾਂ ਦੇ

ਬਰਾਬਰ ਪਾਪੀ ਹੋ ਜਾਂਦਾ ਹੈ। ਮਹਾਰਾਜ ਕਹਿੰਦੇ -

*ਦੁਲਭ ਦੇਹ ਪਾਈ ਵਡਭਾਗੀ ॥*
*ਨਾਮੁ ਨ ਜਪਹਿ ਤੇ ਆਤਮ ਘਾਤੀ॥* *ਅੰਗ - 188*

ਪਿਆਰਿਆ! ਵੱਡੇ ਭਾਗਾਂ ਦੇ ਨਾਲ ਤੈਨੂੰ ਆਹ ਦੇਹੀ ਮਿਲੀ ਸੀ -

ਜਿਹੜੇ ਨਾਮ ਨਹੀਂ ਜਪਦੇ ਆਤਮਘਾਤ ਕਰ ਰਹੇ ਨੇ।

*ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥*
*ਨਾਮ ਬਿਹੂਨ ਜੀਵਨ ਕਉਨ ਕਾਮ ॥* *ਅੰਗ - 188*

ਦੱਸੋ ਤਾਂ ਸਹੀ ਨਾਮ ਤੋਂ ਬਿਨਾਂ ਜੀਵਨ ਕਿਸ ਕੰਮ ਹੈ, ਪੈਸਾ ਕਮਾਉਣ ਵਾਸਤੇ? ਪੈਸਾ ਕੀ ਤੇਰੇ ਨਾਲ ਜਾਣਾ ਹੈ?

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨੰਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥* *ਅੰਗ - 1365*

ਮਕਾਨ ਬਣਾਉਣੇ ਨੇ? ਸੁਰਤ ਇੱਥੇ ਰਹਿ ਗਈ ਜੇ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥* *ਅੰਗ - 526*

ਜਿਹੜਾ ਮਕਾਨ ਬਣਾ ਲਏ, ਕੋਠੀਆਂ ਬਣਾ ਲਈਆਂ ਵੱਡੀਆਂ-ਵੱਡੀਆਂ, ਵੱਡੀਆਂ ਬਿਲਡਿੰਗਾਂ ਬਣਾ ਲਈਆਂ, ਸੁਰਤ ਰਹਿ ਜਾਣੀ ਹੈ ਇੱਥੇ ਪਿਆਰਿਓ, ਫੇਰ ਭੂਤ ਬਣ ਕੇ ਤੁਰੇ ਫਿਰਨਾ ਹੈ। ਇਹੀ ਦੁਖ ਦਾ ਕਾਰਨ ਬਣ ਜਾਂਦਾ ਹੈ।

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥* *ਨਸੀਹਤਨਾਮਾ*

ਉਹ ਨਾਮ ਜਿਹੜਾ ਇੱਕ ਵਾਰੀ ਕਹੇ 'ਤੇ ਛੁਟਕਾਰਾ ਹੋ ਜਾਣਾ ਹੈ, ਉਹਨੂੰ ਜਪਦਾ ਨਹੀਂ ਤੂੰ। ਕਹਿੰਦਾ ਕਿ ਮੈਂ ਤਾਂ ਨਾਮ ਜਪਦਾ ਹਾਂ। ਕਹਿੰਦੇ ਇੱਕ ਚਿੱਤ ਹੋ ਕੇ? ਕਹਿੰਦਾ ਨਾ, ਮੇਰਾ ਤਾਂ ਮਨ ਨਹੀਂ ਟਿਕਦਾ। ਫੇਰ ਤੂੰ ਦੁਨੀਆਂਦਾਰੀ 'ਚ ਫਸਿਆ ਹੋਇਆ ਹੈਂ ਨਾ। ਤਾਂ ਤੇਰਾ ਮਨ, ਤੇਰੀ ਵਾਸ਼ਨਾ, ਤੇਰੇ ਫੁਰਨੇ ਦੁਨੀਆਂਦਾਰੀ ਦੇ ਵਿਚ ਘੁੰਮਦੇ ਨੇ, ਅਜੇ ਤੂੰ ਸਤਿ ਨਹੀਂ ਜਾਣਿਆ। ਨਾਮ ਦੀ ਮਹਿਮਾ ਤੇਰੇ ਹਿਰਦੇ 'ਚ ਨਹੀਂ ਵਸੀ। ਨਾਮ ਦੀ ਮਹਿਮਾ ਵਸਦੀ ਹੈ ਸੰਤਾਂ ਦੇ ਹਿਰਦੇ 'ਚ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥* *ਅੰਗ - 265*

ਮਹਿਮਾ ਨਾ ਸਮਝਣ ਕਰਕੇ, ਆਦਮੀ ਸਵਾਸ ਖਾਲੀ ਲਈ ਜਾਂਦਾ

ਹੈ। ਸੋ ਸਿੱਧਾ ਜਿਹਾ ਹੀ ਹਿਸਾਬ ਹੈ, ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਕਹੀ ਜਾਓ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੀ ਜਾਓ। ਵਹਿ ਕੇ ਦੇਖੋ ਚੁੱਪ ਕਰਕੇ, ਦੇਖੋ ਸਵਾਸ ਅੰਦਰ ਨੂੰ ਜਾ ਰਿਹਾ ਹੈ, ਫੇਰ ਬਾਹਰ ਨੂੰ ਆ ਰਿਹਾ। ਲਗ ਰਿਹਾ ਹੈ ਨਾ ਪਤਾ ਕਿ ਸਵਾਸ ਅੰਦਰ ਬਾਹਰ ਜਾ ਰਿਹਾ ਹੈ। ਜਿਹੜਾ ਅੰਦਰ ਨੂੰ ਸਵਾਸ ਜਾਂਦਾ ਹੈ, ਜੇ 'ਸਤਿਨਾਮ' ਕਹਿਣਾ ਚੰਗਾ ਲਗਦਾ ਹੈ, ਸਤਿਨਾਮ ਕਹਿ ਲਓ; ਵਾਹਿਗੁਰੂ ਬਾਹਰ ਨੂੰ ਸਾਹ ਆਉਂਦੇ ਕਹਿ ਲਓ। ਜੇ ਇਸ ਤੋਂ ਹੋਰ advance stage ਦਾ ਨਾਮ ਜਪਣਾ ਹੈ ਤਾਂ 'ਵਾਹਿ' ਅੰਦਰ ਨੂੰ ਕਹੋ, 'ਗੁਰੂ' ਬਾਹਰ ਨੂੰ ਕਹੋ। ਉਹ ਧੁੰਨ ਬਣ ਜਾਂਦੀ ਹੈ, ਸਾਹ ਜਾਂਦਾ ਹੈ ਅੰਦਰ ਨੂੰ। ਇਹਦੇ 'ਚ ਕੋਈ ਸ਼ਤੀਰ ਨਹੀਂ ਚੁੱਕ ਕੇ ਸਾਹ ਤੇ ਲੱਦਣਾ, ਇਕ ਖਿਆਲ ਹੀ ਹੈ, ਨੱਕ ਦੇ ਮੂਹਰੇ ਖੜ੍ਹ ਜਾਓ ਸੁਰਤ ਦੇ ਨਾਲ, ਕਿ ਮੈਂ ਖਾਲੀ ਸਾਹ ਅੰਦਰ ਨੂੰ ਜਾਣ ਹੀ ਨਹੀਂ ਦੇਣਾ, ਉਥੇ ਹੀ ਰੋਕ ਦੇਣਾ ਹੈ। ਪਹਿਰੇਦਾਰ ਦਾ ਕੰਮ ਹੁੰਦਾ ਹੈ ਨਹੀਂ ਜਾਣ ਦੇਣਾ। ਗੱਲ ਸਮਝਣ ਦਾ ਯਤਨ ਕਰੋ ਮੇਰੀ। ਗੁਰਦੁਆਰੇ ਆਈ ਜਾਂਦੇ ਹਾਂ, ਸੇਵਾ ਕਰੀ ਜਾਂਦੇ ਹਾਂ, ਜੇ ਕੰਮ ਦੀ ਗੱਲ ਪੱਲੇ ਨਾ ਪਈ ਫੇਰ ਕੋਈ ਫਾਇਦਾ ਨਹੀਂ। ਕਿਉਂਕਿ ਓਹੀ ਈਰਖਾ, ਓਹੀ ਚੁਗਲੀ, ਓਹੀ ਇੱਕ ਦੂਜੇ ਨਾਲ ਵੈਰ-ਭਾਵ, ਕਿਉਂਕਿ ਨਾਮ ਨਹੀਂ ਅੰਦਰ ਚੱਲਿਆ। ਨਾਮ ਦੀ ਸੋਝੀ ਨਹੀਂ ਆਈ। ਅੰਦਰ ਨੂੰ ਸਾਹ ਜਾਂਦਾ ਹੈ 'ਵਾਹਿ' ਕਹੋ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੋ। ਸਿੱਧਾ ਜਿਹਾ ਹਿਸਾਬ ਹੈ, ਕਿੰਨੀ ਵਾਰੀ ਮੈਂ ਦੱਸਿਆ ਹੈ। ਪਰ ਪਹਿਰਾ ਦਿਓ ਉਪਰ, ਨਹੀਂ ਤਾਂ ਮਨ ਨੱਠ ਜਾਏਗਾ ਕਿ ਮੈਂ ਅੰਦਰ ਨੂੰ ਸਾਹ ਆਉਂਦਾ ਵੀ ਦੇਖਣਾ ਹੈ, ਬਾਹਰ ਨੂੰ ਜਾਂਦਾ ਵੀ ਦੇਖਣਾ ਹੈ। ਜੇ ਖਾਲੀ ਆਉਂਦਾ ਹੈ ਫੇਰ ਮੈਂ ਨਿਕਲਣ ਨਹੀਂ ਦੇਣਾ। ਜੇ ਖਾਲੀ ਆਉਂਦਾ ਹੈ ਉਥੇ ਹੀ ਰੋਕ ਲਓ। ਚਾਰ ਕੁ ਦਿਨ ਦਾ ਪਹਿਰਾ ਦੇ ਕੇ ਦੇਖ ਲਓ, ਆਪਣੇ ਆਪ ਹੀ ਸੈਟ ਹੋ ਜਾਏਗਾ।

ਸੋ ਮਹਾਰਾਜ ਕਹਿੰਦੇ ਜਿਹੜਾ ਨਾਮ ਨਹੀਂ ਨਾ ਜਪਦਾ -

***ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥***
***ਨਾਮ ਬਿਹੂਨ ਜੀਵਨ ਕਉਨ ਕਾਮ ॥ ਅੰਗ - 188***

***ਧਾਰਨਾ - ਕਾਹਨੂੰ ਜੰਮਣਾ ਸੀ,***
***ਭਗਤੀ ਤੋਂ ਹੀਣਿਆ ਓਏ,***
***ਕਾਹਨੂੰ ਜੰਮਣਾ।***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***
***ਅੰਗ - 450***

ਸਵਾਲ ਹੈ ਬਾਣੀ 'ਚ ਕਿ ਫੇਰ ਤੁਹਾਡੇ ਆਉਣ ਦਾ ਕੀ ਫਾਇਦਾ

ਹੋਇਆ? ਤੂੰ ਤਾਂ ਆਇਆ ਹੀ ਇੱਥੇ ਨਾਮ ਜਪਣ ਵਾਸਤੇ ਸੀ ਐਸਾ ਫੁਰਮਾਨ ਹੈ ਬਾਣੀ ਦੇ ਅੰਦਰ –

***ਧਾਰਨਾ – ਆਇਓ ਲਾਹਾ ਲੈਣ ਪ੍ਰਾਣੀ ਆਇਓ ਲਾਹਾ ਲੈਣ।***
***ਸਭ ਮੁਕਦੀ ਚਲੀ ਰੈਣਿ ਤੇਰੀ –2***

***ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥***

***ਅੰਗ – 43***

ਇੱਕ ਕੋਈ ਸੇਠ ਸੀ ਜੰਗਲ ਦੇ ਵਿਚ ਰਿਹਾ ਸੀ, ਰਸਤੇ ਵਿਚ ਦੇਖਿਆ ਉਸਨੇ ਕਿ ਚੋਰ ਬੈਠੇ ਨੇ। ਪੈਸਾ ਸੀ ਉਹਦੇ ਕੋਲ, ਉਹਨੇ ਕਿਹਾ ਕਿ ਮੈਂ ਰਸਤਾ ਬਦਲ ਲਵਾਂ। ਜਦੋਂ ਜੰਗਲ ਵਿਚੀਂ ਚੱਲਣ ਲੱਗਿਆ ਤਾਂ ਦੂਰ ਦੇਖਿਆ ਤਾਂ ਸ਼ੇਰ। ਜਦੋਂ ਦੇਖਿਆ ਕਿ ਸ਼ੇਰ ਤਾਂ ਮੇਰੇ ਵਲ ਨੂੰ ਹੀ ਆ ਰਿਹਾ ਹੈ। ਸਾਹਮਣੇ ਇੱਕ ਦਰੱਖਤ ਸੀ ਬੋਹੜ ਦਾ, ਹੋਰ ਤਾਂ ਕੁਛ ਨਾ ਹੋਇਆ, ਉਹ ਖੂਹ ਦੇ ਵਿਚ ਹਰਾ ਹੋਇਆ, ਬਹੁਤ ਸਾਰੇ ਪ੍ਰੇਮੀਆਂ ਨੂੰ ਪਤਾ ਹੈ, ਖੂਹ ਦੀ ਮੌਣ ਵਿਚ ਬੋਹੜ ਹਰੇ ਹੋ ਜਾਇਆ ਕਰਦੇ ਨੇ। ਵੱਡੇ-ਵੱਡੇ ਵੀ ਹੋ ਜਾਂਦੇ ਨੇ, ਟਾਹਣੇ ਉਹਨੇ ਕੱਢੇ ਹੋਏ ਸੀ। ਉਹਨੇ ਖੂਹ ਦੀ ਮੌਣ 'ਤੇ ਖੜ੍ਹੇ ਹੋ ਕੇ ਉਹਦੀਆਂ ਜੜ੍ਹਾਂ ਫੜ ਲਈਆਂ, ਜਿਹੜੀਆਂ ਖੂਹ ਵਿਚ ਲਟਕ ਰਹੀਆਂ ਸੀ, ਖੂਹ ਸੁੱਕਾ ਸੀ। ਸ਼ੇਰ ਆ ਕੇ ਖੜ੍ਹ ਗਿਆ ਕਿ ਜਦੋਂ ਬਾਹਰ ਨਿਕਲੇਗਾ ਮੈਂ ਉਦੋਂ ਹੀ ਖਾ ਲੈਣਾ ਹੈ। ਸ਼ੇਰ ਨੂੰ ਪਤਾ ਸੀ ਕਿ ਜੇ ਮੈਂ ਇਹਨੂੰ ਫੜਨ ਵਾਸਤੇ ਝਪਟਾ ਮਾਰਿਆ ਇਹਨੇ ਖੂਹ ਵਿਚ ਗਿਰ ਜਾਣਾ ਹੈ, ਇਹਨੇ ਵੀ ਖੂਹ ਵਿੱਚ ਗਿਰ ਜਾਣਾ ਹੈ। ਫੇਰ ਮੈਂ ਨਿਕਲ ਨਹੀਂ ਸਕਣਾ। ਉਹ ਮੌਣ ਉੱਤੇ ਹੀ ਪੈਰ ਰੱਖ ਕੇ ਖੜ੍ਹ ਗਿਆ। ਉਹਨੇ ਦੇਖਿਆ ਕਿ ਜੇ ਮੈਂ ਹੇਠਾਂ ਗਿਰ ਗਿਆ ਤਾਂ ਕੀ ਹੋਏਗਾ? ਹੇਠਾਂ ਦੇਖਿਆ ਤਾਂ ਇੱਕ ਵੱਡੀ ਸਰਾਲ ਮੂੰਹ ਅੱਡੀ ਬੈਠੀ ਹੈ ਕਿ ਗਿਰੇ, ਹੁਣ ਗਿਰੇ, ਹੁਣ ਮੈਂ ਨਿਗ੍ਹਾਰ ਲਵਾਂ ਇਹਨੂੰ। ਇੰਨੇ ਨੂੰ ਦੇਖਦਾ ਹੈ ਉਤੇ ਨੂੰ ਝਾਕਿਆ ਤਾਂ ਇੱਕ ਕਾਲਾ ਚੂਹਾ ਹੈ, ਇੱਕ ਚਿੱਟਾ ਚੂਹਾ ਹੈ। ਜਿਹੜੀ ਇਹਨੇ ਜੜ੍ਹ ਫੜੀ ਹੋਈ ਹੈ, ਉਹਨੂੰ ਕੱਟਣ ਲੱਗੇ ਪਏ ਨੇ, ਉਹਨੇ ਕਿਹਾ ਇਹ ਤਾਂ ਕੱਟ ਦੇਣਗੇ। ਪਰ ਕਿਹਾ ਕਿ ਦੰਦੀਆਂ ਛੋਟੀਆਂ-ਛੋਟੀਆਂ ਹੈਗੀਆਂ ਇਨ੍ਹਾਂ ਦੀਆਂ, ਇਨ੍ਹਾਂ ਨੂੰ ਬੜਾ ਸਮਾਂ ਲੱਗਣਾ ਹੈ ਕੱਟਦਿਆਂ ਨੂੰ, ਜਦ ਨੂੰ ਸ਼ੇਰ ਚਲਿਆ ਜਾਏਗਾ, ਮੈਂ ਝਟਕਾ ਮਾਰ ਕੇ ਬਾਹਰ ਨਿਕਲ ਜਾਵਾਂਗਾ। ਉਤੇ ਹੀ ਸ਼ਹਿਦ ਦਾ ਛੱਤਾ ਲੱਗਿਆ ਹੋਇਆ, ਛੱਤੇ ਦੇ ਵਿਚੋਂ ਸ਼ਹਿਦ ਦਾ ਜ਼ੋਰ ਐਨਾ ਹੈ ਕਿ ਉਹ ਕਤਰਾ-ਕਤਰਾ ਹੋ ਕੇ ਥੱਲੇ ਨੂੰ ਗਿਰਦਾ ਹੈ, ਇਹਨੇ ਮੂੰਹ ਉਤੇ ਨੂੰ ਚੁੱਕਿਆ, ਇਹਦੇ ਮੂੰਹ ਵਿਚ ਪੈ ਗਿਆ, ਬੱਸ ਭੁੱਲ ਗਿਆ ਸਭ ਕੁਛ, ਨਾ ਇਹ ਪਤਾ ਹੈ ਕਿ ਚੂਹੇ ਕੱਟ ਦੇਣਗੇ, ਸ਼ੇਰ ਦਾ ਡਰ ਹੀ ਨਹੀਂ ਸੀ ਉਹਨੂੰ, ਜੜ੍ਹ ਹੈ ਹੀ ਨਹੀਂ ਸੀ, ਉਹ ਉਥੇ ਪੈਰ ਲਾ ਕੇ ਖੜ੍ਹ ਗਿਆ, ਆਰਾਮ ਦੇ ਨਾਲ ਥੱਕਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਬੂੰਦ ਆਉਂਦੀ ਹੈ, ਮੂੰਹ ਅੱਡ ਲੈਂਦਾ ਹੈ, ਉਹਦੇ ਮੂੰਹ 'ਚ ਪੈ ਜਾਂਦੀ ਹੈ। ਅਖੀਰ ਹੋਇਆ ਕੀ, ਕਾਲੇ ਤੇ ਚਿੱਟੇ ਚੂਹੇ ਨੇ ਉਹ ਜੜ੍ਹ ਕੱਟ

ਦਿੱਤੀ ਬੋਹੜ ਦੀ ਤੇ ਉਹ ਥੱਲੇ ਗਿਰ ਗਿਆ, ਥੱਲੇ ਗਿਰਦਾ ਹੀ ਸਰਾਲ ਨੇ ਨਿਗ੍ਹਾਰ ਲਿਆ। ਇਹ ਦ੍ਰਿਸ਼ਟਾਂਤ ਹੈ। ਦਾ-ਦ੍ਰਿਸ਼ਟਾਂਤ ਇਸਦਾ ਕੀ ਹੈ, ਇਹ ਜੀਵ ਨਾਮ ਦਾ ਧਨ ਲੈ ਕੇ ਸੰਸਾਰ 'ਚ ਆਇਆ ਹੈ। ਮਹਾਰਾਜ ਕਹਿੰਦੇ ਪਿਆਰਿਆ! ਤੈਨੂੰ ਨਹੀਂ ਪਤਾ ਤੂੰ ਐਨਾ ਧਨੀ ਹੈਂ, ਤੇਰਾ ਮੁਕਾਬਲਾ ਦੁਨੀਆਂ 'ਚ ਕੋਈ ਨਹੀਂ ਕਰ ਸਕਦਾ। ਕਿਉਂਕਿ ਤੇਰੇ ਕੋਲ ਨਾਮ ਦਾ ਧਨ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***

***ਅੰਗ - 81***

ਤੇਰੇ ਅੰਦਰ ਪਿਆ ਹੈ ਨਾਮ ਦਾ ਧਨ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - 293***

ਪਰ ਇਸ ਸਰੀਰ ਅੰਦਰ ਪੰਜ ਚੋਰ ਬੈਠੇ ਨੇ ਘਾਤ ਲਾਈਂ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਗ - 600***

ਉਹ ਕੰਮ ਕੀ ਕਰਦੇ ਨੇ, ਨਾਮ ਦਾ ਧਨ ਲੁੱਟਦੇ ਨੇ -

***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥***

***ਅੰਗ - 600***

ਉਹ ਨੱਠ ਕੇ ਬਚਣ ਵਾਸਤੇ ਜਦੋਂ ਅੱਗੇ ਗਿਆ ਤਾਂ ਸ਼ੇਰ ਆ ਗਿਆ, ਉਹਨੇ ਜਾ ਕੇ ਜੜ੍ਹ ਫੜ੍ਹ ਲਈ, ਜੜ੍ਹ ਦੇ ਉੱਤੇ ਇੱਕ ਕਾਲਾ ਚੂਹਾ ਹੈ ਇੱਕ ਚਿੱਟਾ ਹੈ। ਕਾਲਾ ਚੂਹਾ ਰਾਤ ਨੂੰ ਕਹਿੰਦੇ, ਚਿੱਟਾ ਚੂਹਾ ਦਿਨ ਨੂੰ ਕਹਿੰਦੇ, ਰਾਤ ਪੈ ਜਾਂਦੀ ਹੈ ਦਿਨ ਆ ਜਾਂਦਾ ਹੈ। 365 ਰਾਤਾਂ, 365 ਦਿਨ ਲੰਘ ਗਏ, ਇਹ ਕਮਲੀ ਦੁਨੀਆਂ ਕਹਿੰਦੀ ਹੈ ਕਿ ਮੇਰਾ ਜਨਮਦਿਨ ਆ ਗਿਆ, ਮੇਰਾ ਜਨਮਦਿਨ ਆ ਗਿਆ। ਮਨਾਓ ਇਹਨੂੰ ਪੈਸਾ ਖਰਚ ਦਿੰਦੇ ਨੇ, ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ। ਇਹ ਨਹੀਂ ਪਤਾ ਕਿ ਮੇਰਾ ਤਾਂ ਇੱਕ ਸਾਲ ਘਟ ਗਿਆ। ਉਹ ਸਾਲ ਨੇ ਮੁੜ ਕੇ ਆਉਣਾ ਹੀ ਨਹੀਂ -

***ਇਹ ਠਹਿਰਨ ਜਾਂਚ ਨਾ ਜਾਣਦਾ।***
***ਲੰਘ ਗਿਆ ਨਾ ਮੁੜੇ ਆਂਵਦਾ। ਡਾ. ਭਾਈ ਵੀਰ ਸਿੰਘ ਜੀ***

ਇਹ ਲੰਘਿਆ ਹੋਇਆ ਵਾਪਸ ਨਹੀਂ ਆਉਂਦਾ। ਕਿੰਨਾ ਕੁ ਸਮਾਂ ਰਹਿ ਗਿਆ ਬਾਕੀ ਉਹਦਾ ਫਿਕਰ ਕਰ। ਇਹ ਤਾਂ ਐਵੇਂ ਲੰਘ ਗਿਆ ਤੇਰਾ ਸਾਰਾ ਸਮਾਂ।

***ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥***
***ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥***

***ਅੰਗ - 92***

ਫੇਰ ਜਮ ਹਸਦਾ ਹੈ, ਕਿ ਇਹ ਕਿਹੋ ਜਿਹਾ ਮੂਰਖ ਹੈ, ਇਹਨੂੰ

ਮੇਰਾ ਪਤਾ ਨਹੀਂ ਹੈ -

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ, ਚੋਗਾ ਚੁਗਦੇ ਦੇ।***

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***

***ਅੰਗ - 631***

ਸਿੱਧੀ ਗੱਲ ਮਹਾਰਾਜ ਕਹਿੰਦੇ ਨੇ ਪਿਆਰਿਆ! ਦਿਨ ਤੇ ਰਾਤ ਰੂਪੀ ਚੂਹੇ ਤੇਰੀ ਉਮਰ ਦੀ ਡੋਰ ਕੱਟ ਰਹੇ ਨੇ। ਜਦੋਂ ਕਟ ਗਈ ਫੇਰ ਤੂੰ ਖੂਹ ਵਿਚ, ਕਾਲ ਦੇ ਮੂੰਹ ਵਿਚ ਜਾ ਪੈਣਾ ਹੈ। ਉਸ ਤੋਂ ਪਹਿਲਾਂ-ਪਹਿਲਾਂ ਕਰ ਲੈ ਪਰ ਹੁੰਦਾ ਕੀ ਹੈ -

***ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥***

***ਅੰਗ - 402***

ਘਾਟਾ ਜਿੱਥੇ ਪੈਂਦਾ ਹੈ ਉਥੇ ਨੱਠਿਆ ਹੀ ਜਾਂਦਾ ਹੈ, ਜਿੱਥੇ ਲਾਹਾ ਹੋਣਾ ਹੈ ਸਤਿਸੰਗ ਦੇ ਅੰਦਰ ਉਥੇ ਆਉਂਦਾ ਹੀ ਨਹੀਂ। ਸੋ ਗੱਲ ਸਮਝੋ ਜੋ ਗੁਰੂ ਮਹਾਰਾਜ ਸਮਝਾਉਂਦੇ ਨੇ। ਔਖਾ ਹੈ ਕੋਈ ਕੋਈ ਨਾਮ ਜਪਣਾ, ਇਰਾਦਾ ਚਾਹੀਦਾ ਹੈ। ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰੋ, ਸਹਿਜ ਨਾਲ, ਉਨੀਂਦਰਾ ਲੈ ਕੇ ਨਾ ਉਠੋ। ਉਨੀਂਦਰਾ ਰਹਿ ਕੇ ਸੁਰਤੀ ਨਹੀਂ ਲੱਗਿਆ ਕਰਦੀ। ਕਿਸੇ-ਕਿਸੇ ਦੀ ਲਗਦੀ ਹੈ ਉਨ੍ਹਾਂ ਦੀ ਪ੍ਰੈਕਟਿਸ ਜ਼ਿਆਦਾ ਹੁੰਦੀ ਹੈ। ਨੀਂਦ ਲਓ ਪੂਰੀ, ਫੇਰ ਉਠੋ, ਫੇਰ ਇੰਤਜ਼ਾਮ ਕਰੋ ਕਿ ਮੈਂ ਹੁਣ ਦੋ ਢਾਈ ਘੰਟੇ ਬੰਦਗੀ ਕਰਨੀ ਹੈ। ਇੱਕ ਆਮ ਥਾਂ ਘਰ ਵਿੱਚ ਹੁੰਦੀ, ਬੱਚੇ ਸਕੂਲ ਪੜ੍ਹਨ ਚਲੇ ਗਏ, ਇੱਕ ਇਕਾਂਤ ਜਗ੍ਹਾ ਮਿਲ ਗਈ, ਨਾ ਦਰਵਾਜ਼ਾ ਖੋਲ੍ਹੋ, ਆਸ-ਪੜ੍ਹਾਉਸਣਾ ਆਉਂਦੀਆਂ ਕਿ ਕੀ ਹਾਲ ਹੈ ਫਲਾਣੇ ਥਾਂ ਕੀ ਹੋਇਆ, ਆਹ ਗੱਲ ਸੁਣੀ ਹੈ? ਇਨ੍ਹਾਂ ਗੱਲਾਂ ਵਿਚ ਨਾ ਸਮਾਂ ਜ਼ਾਇਆ ਕਰੋ। ਦਰਵਾਜ਼ਾ ਕਰ ਲਵੇ ਬੰਦ, ਅੰਦਰ ਬੈਠ ਜਾਏ ਚੌਂਕੜਾ ਮਾਰ ਕੇ, ਭਜਨ ਕਰੇ। ਅਗਲਾ ਰਸਤਾ ਸੰਤ ਦਸ ਦਿੰਦੇ ਨੇ ਜਦ ਉਹ ਦੇਖਦੇ ਨੇ ਹਾਂ ਇਹ ਨਾਮ ਜਪਦਾ ਹੈ। ਹੌਲੀ-ਹੌਲੀ ਨਾਮ ਹੀ ਆਪਣਾ ਰਸਤਾ ਕੱਢ ਲੈਂਦਾ ਹੈ, ਕਿਸੇ ਦੀ ਗੱਲ ਨਾ ਸੁਣੇ। ਮਹਾਰਾਜ ਕਹਿੰਦੇ ਨਾਮ ਦਾ ਫਾਇਦਾ ਹੀ ਫਾਇਦਾ ਹੈ -

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥***
***ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥***
***ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥***
***ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥*** ***ਅੰਗ - 262***

ਇਕੱਲੇ ਤੋਂ ਨਹੀਂ ਨਾਮ ਜਪ ਹੁੰਦਾ, ਸਾਧੂ ਦੀ ਸੰਗਤ ਚਾਹੀਦੀ ਹੈ

ਤਾਂ ਨਾਮ ਜਪ ਹੁੰਦਾ ਹੈ, ਕਿਉਂਕਿ ਜਿਹੜੀ ਮਾਇਆ ਹੈ ਨਾ ਇਹ ਸੁੱਟ ਲੈਂਦੀ ਹੈ, ਭੁਲਾ ਦਿੰਦੀ ਹੈ। ਸਿਰਫ ਸਾਧੂਆਂ ਤੋਂ ਡਰਦੀ ਹੈ, ਨਹੀਂ ਕੋਈ ਸੰਸਾਰ ਦਾ ਬੰਦਾ ਨਹੀਂ ਇਸ ਤੋਂ ਬਚਦਾ -

*ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥*
*ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥*
*ਗਿਆਨੀ ਕੀ ਹੋਇ ਵਰਤੀ ਦਾਸਿ ॥ ਅੰਗ - 370*

ਦਾਸ ਬਣ ਜਾਂਦੀ ਹੈ, ਜਿਹਨੂੰ ਉਹ ਕਹਿ ਦੇ ਇਹਨੂੰ ਨਾ ਭੁਲਾਈਂ, ਉਹਨੂੰ ਨਹੀਂ ਭੁਲਾਉਂਦੀ।

*ਕਰ ਜੋੜੇ ਸੇਵਾ ਕਰੇ ਅਰਦਾਸਿ ॥*
*ਜੋ ਤੂੰ ਕਹਹਿ ਸੁ ਕਾਰ ਕਮਾਵਾ ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥*

*ਅੰਗ - 370*

ਹੱਥ ਜੋੜ ਕੇ ਸੇਵਾ ਕਰਦੀ ਹੈ ਤੇ ਅਰਦਾਸ ਕਰਦੀ ਹੈ, ਦੱਸੋ ਤਾਂ ਸਹੀ ਮੈਂ ਕੀ ਕੰਮ ਕਰਾਂ। ਮੈਂ ਬੰਦਗੀ ਕਰਨ ਵਾਲਿਆ ਦੇ ਨੇੜੇ ਨਹੀਂ ਆਉਂਦੀ ਐਉਂ ਪੜ੍ਹ ਲਓ -

*ਧਾਰਨਾ - ਮਾਇਆ ਤੇਰੇ ਸਾਧੂਆਂ ਦੀ ਦਾਸੀ ਬਣ ਕੇ ਕਾਰ ਕਮਾਵੇ।*

ਸਾਧੂ ਦੀ ਸੰਗਤ 'ਚ ਜਾਵੇ ਤਾਂ ਮਾਇਆ ਤੋਂ ਬਚਦਾ ਹੈ। ਫੇਰ ਨਾਮ ਚਲਦਾ ਹੈ ਕਿਉਂਕਿ ਇਹਦੇ ਬੇਅੰਤ ਰੂਪ ਨੇ, ਕਿਤੇ ਬੱਚਾ ਬਣੀ ਹੋਈ ਹੈ, ਕਿਤੇ ਇਸਤ੍ਰੀ ਬਣੀ ਹੋਈ ਹੈ, ਕਿਤੇ ਧਨ ਬਣੀ ਹੋਈ ਹੈ, ਕਿਤੇ ਪ੍ਰਭਤਾ ਬਣੀ ਹੋਈ ਹੈ, ਅਨੇਕਾਂ ਚੀਜ਼ਾਂ ਕਿਤੇ ਇੰਡਸਟਰੀ ਹੈ -

ਜੋ ਕੁਛ ਵੀ ਹੈ ਵਾਹਿਗੁਰੂ ਤੋਂ ਬਿਨਾਂ ਜਿੰਨਾਂ ਕੁਛ ਵੀ ਨਜ਼ਰ ਆਉਂਦਾ ਹੈ ਸਭ ਮਾਇਆ ਹੈ। ਜਿਹੜਾ ਨਜ਼ਰ ਨਹੀਂ ਆਉਂਦਾ, ਮਾਇਆ ਦੇ ਓਹਲੇ ਵਾਹਿਗੁਰੂ ਹੈ, ਸਿੱਧਾ ਹੀ ਹਿਸਾਬ ਹੈ, ਉਹ ਕਿਤੇ ਦੂਰ ਨਹੀਂ ਗਿਆ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਆ!

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ - 450*

ਐਨੇ ਫਾਇਦੇ ਹੁੰਦੇ ਹੋਏ ਤੂੰ ਵਾਹਿਗੁਰੂ ਦਾ ਧਿਆਨ ਨਹੀਂ ਕਰਦਾ। ਉਹਨੂੰ ਚਿੱਤ 'ਚ ਨਹੀਂ ਵਸਾਉਂਦਾ, ਫੇਰ ਤੇਰੇ ਆਉਣ ਦਾ ਕੀ ਫਾਇਦਾ -

*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*

*ਅੰਗ - 450*

ਹੁਣ ਅੱਗਾ ਵੀ ਆਇਆ ਪਿਆ ਹੈ ਉਥੇ ਕੀ ਖਾਵੇਂਗਾ। ਭੁੱਖਾ ਮਰੇਂਗਾ। ਰੋਵੇਂਗਾ ਪਰ ਫੇਰ ਬਣਨਾ ਨਹੀਂ ਕੁਛ -

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੑੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - 464*

ਮਹਾਰਾਜ ਕਹਿੰਦੇ -

ਕੀ ਖਾਏਂਗਾ ਪਿਆਰਿਆ ਅੱਗੇ ਜਵਾਬ ਤਾਂ ਦੇਹ? -

*ਬੁਰੇ ਕਾਮ ਕਉ ਊਠਿ ਖਲੋਇਆ ॥*
*ਨਾਮ ਕੀ ਬੇਲਾ ਪੈ ਪੈ ਸੋਇਆ ॥ ਅੰਗ - 738*

ਹੁਣ ਸੁੱਤਾ ਪਿਆ, ਜਗਾਇਆ ਨਹੀਂ ਜਾਗਦਾ। ਸੰਤ ਹਾਕਾਂ ਮਾਰਦੇ ਨੇ, ਕਹਿੰਦੇ ਹੁਣ ਵਤ ਲੱਗੀ ਹੋਈ ਹੈ ਨਾਮ ਬੀਜਣ, ਮਾਣਸ ਜਨਮ ਮਿਲਿਆ ਹੋਇਆ, ਫੇਰ ਕੀ ਖਾਏਂਗਾ। 83 ਲੱਖ, 99 ਹਜ਼ਾਰ, 999 ਜੂਨਾਂ ਤੋਂ ਡਰ, ਗਲ ਪੈ ਜਾਣਗੀਆਂ।

*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ - 1075*

ਮਨਮੁਖਾ ਫੇਰ ਜਨਮ ਹੈ, ਜਿਹੜੇ ਨਹੀਂ ਮੰਨਦੇ ਉਨ੍ਹਾਂ ਨੂੰ ਫੇਰ ਜਨਮ ਲੈਣਾ ਹੈ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਅੰਗ - 947*

ਸੋ ਇਸ ਤਰ੍ਹਾਂ ਦੇ ਨਾਲ ਧਰੂੰ ਦੀ ਮਾਤਾ ਕਹਿਣ ਲੱਗੀ ਬੇਟਾ! ਜਿਹੜਾ ਕੰਮ ਆਪਾਂ ਨਾਮ ਜਪਣ ਦਾ ਉਹ ਕਰ ਨਾ ਸਕੇ। ਤਪ ਤਾਂ ਕਰਿਆ ਹੈ, ਲੇਕਿਨ ਨਾਮ ਨਹੀਂ ਜਪਿਆ। ਨਾਮ ਜਪਣ ਤੋਂ ਬਿਨਾਂ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ ਸੋ ਇਸ ਤਰ੍ਹਾਂ ਦੇ ਨਾਲ ਆਪਸ ਵਿਚ ਵਿਚਾਰ ਕਰਦੇ ਨੇ -

*ਧਾਰਨਾ - ਲਾਲ ਵੇ ਭਗਤੀ ਨਾ ਕੀਤੀ ਰੱਬ ਦੀ*
*ਤਾਂਹੀਓਂ ਹੋਇਆ ਨਿਰਾਦਰ ਤੇਰਾ।*

ਨਾਮ ਨਹੀਂ ਜਪਿਆ, ਭਗਤੀ ਨਹੀਂ ਕਰੀ, ਤਪ ਦਾ ਦਾਨ ਦਾ ਫਲ ਮਿਲ ਗਿਆ, ਰਾਜੇ ਦੇ ਘਰ ਤੂੰ ਵੀ ਪੈਦਾ ਹੋ ਗਿਆ, ਮੈਂ ਵੀ ਪੈਦਾ ਹੋ ਗਈ। ਪਰ ਰਾਜ ਜੋਗੀ ਭਗਤੀ ਨਹੀਂ ਆਪਣੇ ਕੋਲੋਂ ਹੋਈ। ਇਸ ਕਰਕੇ ਤੇਰਾ ਨਿਰਾਦਰ ਹੋਇਆ, ਇਸ ਤਰ੍ਹਾਂ ਦੇ ਬਚਨ ਆਪਸ ਵਿਚ ਕਰਦੇ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਬਾਕੀ ਦੀਆਂ ਵਿਚਾਰਾਂ ਅਗਲੇ ਦੀਵਾਨ ਵਿੱਚ ਹੋਏਗੀ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਧਰੂੰ ਭਗਤ (2)

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ 1 ॥*
*ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥*
*ਅੰਗ - 894*
*ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - 894*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਹੇ ਵਾਹਿਗੁਰੂ! ਵੇਦ ਜੋ ਹਨ ਉਹ ਸਭ ਤੋਂ ਵੱਡਾ ਗਿਆਨ ਹਨ, ਪੁਰਾਣਿਆਂ ਸਮਿਆਂ ਦੇ ਵਿਚ ਗਿਣੀ ਗਈ। ਹੁਣ ਵੀ ਗਿਣੀ ਜਾਂਦੇ ਹਨ। ਕੁਰਾਨ ਸਰੀਫ ਹੈ, ਬਾਈਬਲ ਹੈ, ਅੰਜੀਰ ਹੈ, ਜੰਬੂਰ ਹੈ, ਹੋਰ ਅਨੇਕਾਂ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਸਾਰੇ ਹੀ ਮਾਨਣਯੋਗ ਹਨ। ਨਾ ਤਾਂ ਵੇਦ ਨੂੰ ਪਤਾ ਹੈ ਕਿ ਪ੍ਰਮੇਸ਼ਰ ਕਿੱਡਾ ਕੁ ਹੈ, ਕਿੱਡੀ ਕੁ ਮਹਿਮਾ ਹੈ ਉਹਦੀ, ਪ੍ਰਮੇਸ਼ਰ ਤਾਂ ਬਹੁਤ ਵੱਡੀ ਚੀਜ਼ ਹੈ ਪਰ ਉਹਦੇ ਜਿਹੜੇ ਪਿਆਰੇ ਨੇ, ਉਹਦੀ ਮਹਿਮਾ ਦਾ ਪਤਾ ਨਹੀਂ ਹੈ ਵੇਦ ਨੂੰ। ਅਭੇਦ ਹੈ। ਬ੍ਰਹਮਾ ਜਦੋਂ ਕੀਤਾ ਗਿਆ, ਉਸ ਤੋਂ ਪਹਿਲਾਂ ਪ੍ਰਮੇਸ਼ਰ ਨੇ ਸਾਕਾਰ ਰੂਪ ਧਾਰਨ ਕਰਕੇ, ੧ਓ ਕਹਾਇਆ।

*ਨਿਰੰਕਾਰ ਆਕਾਰ ਕਰਿ ਏਕੰਕਾਰ ਅਪਾਰ ਸਦਾਇਆ।*

ਏਕੰਕਾਰ ਤੋਂ ਸ਼ਬਦ ਧੁਨ ਹੋਈ, ਇਸਲਾਮ ਵਾਲਿਆਂ ਦਾ ਤੇ ਇਸਾਈਆਂ ਦਾ ਖਿਆਲ ਹੈ ਕਿ ਸ਼ਬਦ ਸਭ ਪਹਿਲਾਂ ਹੋਇਆ ਉਹ ਸੀ ਕੁੰ............ਨ।

ਵੈਦਿਕ ਧਰਮ ਵਾਲਿਆਂ ਦਾ ਖਿਆਲ ਹੈ ਕਿ ਇੱਕ ਸ਼ਬਦ ਹੋਇਆ ਜਿਸਦੀ ਆਵਾਜ਼ ਸੀ 'ਓਅੰ........ਕਾਰ।

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*

ਇਸ ਆਵਾਜ਼ ਤੋਂ ਕੀ ਹੋਇਆ, ਜਿਥੋਂ ਆਵਾਜ਼ ਹੋਈ ਉਹਨੂੰ ਓਅੰਕਾਰ ਕਹਿੰਦੇ ਨੇ। ਏਕੰਕਾਰ, ਆਵਾਜ਼ ਤੋਂ ਸਭ ਤੋਂ ਪਹਿਲਾਂ, ਇੱਕ ਤੱਤ ਦੀ ਉਪਜ ਹੋਈ ਜਿਸਨੂੰ ਹਉਮੈ ਕਹਿੰਦੇ ਨੇ, ਉਸ ਤੋਂ ਬਾਅਦ ਮਹਿਤੱਤ ਦੀ ਹੋਈ। ਪੰਜ ਵਿਸ਼ਿਆਂ ਦੀ ਹੋਈ, ਸ਼ਬਦ, ਸਪਰਸ਼, ਰੂਪ, ਰਸ, ਗੰਧ; ਸ਼ਬਦ ਤੋਂ ਹੋਇਆ ਆਕਾਸ਼। ਸਪਰਸ਼ ਤੋਂ ਹਵਾ, ਰੂਪ ਤੋਂ ਤੇਜ਼, ਰਸ ਤੋਂ ਪਾਣੀ, ਗੰਧ ਹੋਈ ਮਿੱਟੀ ਤੋਂ। ਪੰਜ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਸ਼ੁਰੂ ਹੋਈ, ਇਹ ਪਾਣੀ ਜਦੋਂ ਬਣ ਗਿਆ, ਉਸ ਵੇਲੇ ਬ੍ਰਹਮਾ ਦੀ ਉਤਪਤੀ ਹੋਈ, ਬ੍ਰਹਮਾ ਕੀ ਦੇਖਦਾ ਹੈ ਕਿ ਸਭ ਪਾਸੇ ਪਾਣੀ ਹੀ ਪਾਣੀ, ਤਿੰਨ ਗੁਣਾਂ ਵੱਡਾ ਹੈ ਸਮੁੰਦਰ ਧਰਤੀ ਤੋਂ, ਜੇ ਇਹ ਆਪਣੀ ਮਰਿਆਦਾ ਛੱਡ ਦੇਵੇ ਤਾਂ ਪਹਾੜਾਂ ਦੇ ਉਤੇ, ਕਿਉਂਕਿ ਉਤਰੀ ਧੁਰਾ ਜੋ ਹੈ ਸਾਡਾ ਉਹਦੇ ਉਤੇ ਵੀ ਸਮੁੰਦਰ ਹੈ, ਸਭ ਤੋਂ ਉੱਚਾ ਹੈ ਉਹ। ਜਿਹੜਾ ਦੱਖਣੀ ਧਰੁੱਵ ਹੈ ਉਥੇ ਵੀ ਪਾਣੀ ਹੀ ਪਾਣੀ ਹੈ। ਜਿਹੜੀ ਭੂ-ਮੱਧ ਰੇਖਾ ਹੈ ਉਹਦੇ ਵਿਚ ਵੀ ਪਾਣੀ ਹੀ ਪਾਣੀ ਹੈ। ਜੇ ਉਤਲਾ ਪਾਣੀ ਮਰਿਆਦਾ ਛੱਡ ਦੇਵੇ, ਉਹ ਪਹਾੜਾਂ ਤੋਂ ਤਾਂ ਕਈ-ਕਈ ਮੀਲ ਉੱਚਾ ਹੈ। ਇਹ ਤਾਂ ਡੁੱਬ ਜਾਂਦੀ ਹੈ ਧਰਤੀ ਉਹਦੇ ਵਿਚ, ਪਾਣੀ ਹੀ ਪਾਣੀ ਹੋ ਜਾਂਦਾ ਹੈ। ਧਰਤੀ ਨਹੀਂ ਅਜੇ ਬਣੀ ਪਾਣੀ ਹੀ ਪਾਣੀ, ਘੁੰਮ ਰਿਹਾ ਸੀ ਪਾਣੀ। ਉਸ ਵੇਲੇ ਕੀ ਦੇਖਦਾ ਹੈ ਇੱਕ ਫੁੱਲ ਦੇ ਉੱਤੇ ਬ੍ਰਹਮਾ ਜੀ ਚੌਂਕੜਾ ਮਾਰੀਂ ਬੈਠੇ ਨੇ, ਜਿਧਰ ਦੇਖਦਾ ਹੈ ਪਾਣੀ ਜਿਧਰ ਦੇਖਦਾ ਹੈ ਪਾਣੀ। ਕਹਿਣ ਲੱਗਿਆ ਕਿ ਮੈਂ ਹਾਂ, ਮੈਂ ਹਾਂ, ਮੈਂ ਹਾਂ। ਆਵਾਜ਼ ਆਈ ਕਿ ਤੂੰ ਨਹੀਂ ਹੈਂ, ਉਹ ਮੈਂ ਹੋਰ ਹੈ। ਕਹਿਣ ਲੱਗਿਆ ਫੇਰ ਮੈਂ ਕਿੱਥੋਂ ਆ ਗਿਆ, ਕਹਿੰਦੇ ਆਹ ਜਿਹੜਾ ਕਮਲ ਫੁੱਲ 'ਤੇ ਬੈਠਾ ਹੈਂ ਇਹਦੀ ਨਾਲੀ 'ਚੋਂ ਆਇਆ ਹੈਂ। ਉਸਨੇ ਲੱਤ ਮਾਰੀ ਇਹਦੇ ਵਿੱਚ, ਲੱਤ ਮਾਰੀ ਤਾਂ ਨਾਲੀ ਦੇ ਵਿਚ ਗਿਰ ਗਿਆ। ਅੰਤ ਲੈਣ ਗਿਆ ਕਿ ਪਿਛੋਂ ਮੇਰਾ ਆਦਿ ਕਿੱਥੇ ਹੈ। ਐਸਾ ਮੱਤ ਹੈ ਗੁਰਬਾਣੀ ਦਾ, ਹੋਰ ਮਹਾਂਪੁਰਸ਼ਾ ਦਾ ਵੀ, ਵੇਦਾਂ ਦਾ ਵੀ, ਸ਼ਾਸਤਰਾਂ ਦਾ ਵੀ ਕਿ ਉਹ ਛੱਤੀ ਯੁੱਗ ਘੁੰਮਦਾ ਰਿਹਾ। ਨੌਂ ਚੌਂਕੜੀਆਂ ਘੁੰਮਦਾ ਰਿਹਾ। ਕਿੰਨਾ ਚਿਰ? 43 ਲੱਖ 20 ਹਜ਼ਾਰ ਨੂੰ ਨੌਂ ਨਾਲ ਗੁਣਾ ਕਰ ਲਓ, ਤਕਰੀਬਨ ਇਹ ਕਰੋੜਾਂ ਦੇ ਵਿਚ ਚਲੀ ਗਈ। ਕਰੋੜਾਂ ਸਾਲ ਘੁੰਮੀ ਗਿਆ ਕੁਛ ਨਾ ਪਤਾ ਲੱਗਿਆ। ਅਖੀਰ ਪੁਕਾਰ ਕਰੀ ਕਿ ਐ ਮੈਨੂੰ ਬਣਾਉਣ ਵਾਲੇ ਤੂੰ ਕੋਈ ਬਹੁਤ ਵੱਡੀ ਹਸਤੀ ਹੈਂ ਮੈਨੂੰ ਤੇਰਾ ਪਤਾ ਨਹੀਂ ਲਗ ਰਿਹਾ। ਮੈਨੂੰ ਗਿਆਨ ਦੇਹ, ਮੈਨੂੰ ਦਸ ਮੈਂ ਕੀ ਕਰਾਂ। ਉਸ ਵੇਲੇ ਕਮਲ ਫੁੱਲ 'ਤੇ ਫੇਰ ਆ ਗਿਆ। ਉਹਨੂੰ ਕਿਹਾ ਕਿ ਮਾਇਆ ਦੇ ਵਿਚੋਂ ਤੇਰਾ ਜਨਮ ਹੋਇਆ ਹੈ। ਮੈਂ ਆਪਣੀ ਸ਼ਕਤੀ ਦੇ ਨਾਲ ਮਾਇਆ ਦਾ ਪਸਾਰਾ ਕਰਿਆ ਹੈ।

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ਅੰਗ- 537*

ਪਾਣੀ ਵੀ ਮੈਂ ਆਪਣੇ-ਆਪ 'ਚੋਂ ਪੈਦਾ ਕਰਿਆ, ਆਕਾਸ਼ ਵੀ, ਅੱਗ ਵੀ, ਹਵਾ ਵੀ ਤੇ ਪਾਣੀ ਦੇ ਵਿਚੋਂ ਮਿੱਟੀ ਹੋਈ, ਧਰਤੀ ਬਣੀ, ਤੂੰ ਦੁਨੀਆਂ ਦੀ ਸਾਜਣਾ ਕਰ, ਤੇਰੀ ਅਸੀਂ ਡਿਊਟੀ ਲਾਉਂਦੇ ਹਾਂ। ਦੂਸਰਾ ਪੈਦਾ ਕਰਿਆ ਕਿ ਇਹ ਜਿਹੜੀ ਦੁਨੀਆਂ ਪੈਦਾ ਹੋਈ ਹੈ ਇਹਨੂੰ ਤੂੰ ਲੈਅ ਕਰਨਾ ਹੈ, ਹਰ ਚੀਜ਼ ਨੂੰ ਖਤਮ ਕਰਨਾ ਹੈ। ਸੰਸਾਰ ਦੇ ਅੰਦਰ ਨਵੀਨਤਾ ਰੱਖਣੀ ਹੈ, ਬੁਢਾਪਾ ਨਹੀਂ ਆਉਣ ਦੇਣਾ। ਜਿਵੇਂ ਕੂੜਾ ਹੂੰਝ ਕੇ ਬਾਹਰ ਸੁੱਟ ਦੇਈਦਾ ਹੈ, ਕੋਹਝ ਨੂੰ ਸਾਰੇ ਬ੍ਰਹਿਮੰਡਾਂ ਦੇ ਵਿਚੋਂ ਤੂੰ ਕੱਢਣਾ ਹੈ। ਤੀਸਰੇ ਨੂੰ ਕਹਿਣ ਲੱਗੇ, ਤੇਰੀ ਡਿਊਟੀ ਜਿੰਨੀ ਸ੍ਰਿਸ਼ਟੀ ਬਣਨੀ ਹੈ, ਉਹ ਚਾਹੇ ਅੰਡਜ ਹੈ ਚਾਹੇ ਜੇਰਜ ਹੈ, ਚਾਹੇ ਸੇਤਜ ਹੈ, ਚਾਹੇ ਉਤਭੁਜ ਹੈ, ਇਹਨੂੰ ਪਾਲਣ ਦੀ ਜ਼ਿੰਮੇਵਾਰੀ ਤੇਰੀ ਹੈ। ਤਿੰਨ ਸ਼ਕਤੀਆਂ ਪ੍ਰਭੂ ਨੇ ਆਪਣੀਆਂ ਹੀ ਅੱਡ-ਅੱਡ ਕੰਮ ਦੇ ਉਤੇ ਲਾ ਦਿੱਤੀਆਂ। ਗੁਰੂ ਮਹਾਰਾਜ ਜੀ ਇਸ ਕਹਿੰਦੇ ਨੇ -

***'ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥***
***ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥***
***ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ 1 ॥***
***ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥***
***ਦੇਵੀਆ ਨਹੀ ਜਾਨੈ ਮਰਮ ॥*** *ਸਭ ਊਪਰਿ ਅਲਖ ਪਾਰਬ੍ਰਹਮ ॥*

*ਅੰਗ - 894'*

ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਸਿਰੇ ਨੂੰ ਫੜੋ, ਅਖੀਰ ਨੂੰ ਫੜੋ, ਵਿਚਕਾਰਲੇ ਨੂੰ ਨਾ ਫੜੋ, ਵਿਚਕਾਰਲੇ ਤਾਂ ਉਸ ਤੋਂ ਹੇਠਾਂ ਨੇ। ਉਹ ਜਿਵੇਂ ਕਹਿੰਦਾ ਹੈ ਉਵੇਂ ਜਿਵੇਂ ਇਹ ਕਰਦੇ ਨੇ, ਇਨ੍ਹਾਂ ਦਾ ਅਖਤਿਆਰ ਨਹੀਂ ਕੁਛ, ਹੁਕਮ ਦੇ ਬੰਨ੍ਹੇ ਹੋਏ ਇਹ ਕਾਰ ਕਮਾ ਰਹੇ ਨੇ। ਇਨ੍ਹਾਂ ਦਾ ਜੋ ਜਨਮ ਹੈ ਉਹ ਪ੍ਰਮੇਸ਼ਰ 'ਚੋਂ ਨਹੀਂ ਹੈ, ਮਾਇਆ 'ਚੋਂ ਅੱਗੇ ਫਟਿਆ ਹੈ ਇਹ, ਜਿਸਨੂੰ ਐਸ ਤਰ੍ਹਾਂ ਦੇ ਨਾਲ ਪੜ੍ਹ ਲਓ ਸਾਰੇ -

***ਧਾਰਨਾ - ਏਕਾ ਮਾਈ ਜੁਗਤ ਵਿਆਈ ਤਿੰਨ ਚੇਲੇ ਪਰਵਾਨ।***

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***

***ਅੰਗ - 7***

ਇੱਕ ਮਾਇਆ ਤੋਂ ਤਿੰਨ ਪ੍ਰਵਾਨ ਹੋਏ। ਡਿਊਟੀਆਂ ਕੀ ਨੇ ਉਨ੍ਹਾਂ ਦੀਆਂ, ਇੱਕ ਸੰਸਾਰੀ ਪਾਲਣ ਵਾਲਾ, ਪੈਦਾ ਕਰਨ ਵਾਲਾ। ਦੂਸਰਾ ਹੈ ਭੰਡਾਰੀ ਸਾਰਿਆਂ ਨੂੰ ਰੋਜ਼ੀ ਦੇਣ ਵਾਲਾ ਜਿਸਨੂੰ ਬਿਸ਼ੰਭਰ ਕਹਿੰਦੇ ਨੇ। ਇਕ ਲਾਏ ਦੀਬਾਣ, ਜਿਹੜਾ ਸਮੇਟੀ ਜਾਂਦਾ ਹੈ ਨਾਲ ਦੀ ਨਾਲ। ਨਹੀਂ ਤਾਂ ਐਨਾ ਕੋਹਝ ਹੋ ਜਾਵੇ ਸੰਸਾਰ ਦੇ ਉੱਤੇ। ਬਹੁਤ ਕੋਹਝ ਹੋਏ ਮਨੁੱਖਤਾ 'ਚ ਵੀ, ਪਸ਼ੂਆਂ ਪੰਛੀਆਂ ਵੀ। ਬੁੱਢੇ-ਬੁੱਢੇ ਨਜ਼ਰ ਆਉਣ, ਸਾਰਾ ਕੋਹਝ ਹੀ ਕੋਹਝ ਨਜ਼ਰ ਆਵੇ, ਪਰ ਪ੍ਰਮੇਸ਼ਰ ਨੂੰ ਇਹ ਭਾਉਂਦਾ ਨਹੀਂ। ਉਹ ਨਿਤ ਨਵਾਂ ਨਰਿਆ ਹੈ, ਸਦਾ ਹੀ ਸੁੰਦਰ ਹੈ, ਵਾਹਿਗੁਰੂ ਕੋਹਝ ਨਹੀਂ ਹੈ। ਗੰਦ-ਮੰਦ ਨਹੀਂ ਹੈ ਵਾਹਿਗੁਰੂ, ਵਾਹਿਗੁਰੂ ਜਿਹੜਾ ਹੈ -

***ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥ ਅੰਗ - 660***

ਉਹਦਾ ਨਾਮ ਵੀ ਨਿੱਤ ਨਵਾਂ ਹੈ, ਉਹ ਕੀਰਤਨ, ਉਹਦੇ ਪਿਆਰੇ, ਉਹਦੇ ਬਚਨ ਨਿੱਤ ਨਵੇਂ ਨੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਪੁਰਾਣੇ ਨਹੀਂ ਹੁੰਦੇ, ਨਿੱਤ ਨਵੇਂ ਨੇ। ਨਵੀਨਤਾ ਹੈ, ਸੁੰਦਰਤਾ ਹੈ ਉਹਦੇ ਵਿੱਚ। ਸੋ ਡਿਊਟੀ ਲਾ ਦਿੱਤੀ ਕਿ ਸੁੰਦਰਤਾ ਦਾ ਜ਼ਿੰਮੇਵਾਰ ਤੂੰ ਹੈ। ਫਸਲ ਪੱਕ ਜਾਂਦੀ ਹੈ, ਫੇਰ ਉਹਦੇ ਖੜ੍ਹਨ ਦਾ ਕੀ ਹੈ। ਦਰਖਤ ਪੱਕ ਜਾਂਦਾ ਹੈ, ਫੇਰ ਕੋਹੜ ਆ ਜਾਂਦਾ ਹੈ ਪੱਕਿਆ ਹੋਇਆਂ ਦਾ, ਪੱਤੇ ਨਿਕਲਦੇ ਨੇ, ਸੁੱਕੀਆਂ ਟਾਹਣੀਆਂ ਨਿਕਲਦੀਆਂ ਨੇ, ਫੇਰ ਤਾਂ ਸਮੇਟਣਾ ਹੀ ਹੁੰਦਾ ਹੈ। ਮੱਝਾਂ, ਗਊਆਂ ਪੱਕ ਜਾਂਦੀਆਂ ਨੇ, ਪੁਰਪੁੜੀਆਂ ਵਿੱਚ ਧੱਸ ਜਾਂਦੀਆਂ ਨੇ, ਦੰਦ ਖਾ ਨਹੀਂ ਸਕਦੇ, ਅੱਖਾਂ ਵਿੱਚ ਧਸ ਜਾਂਦੀਆਂ ਨੇ, ਕਿੰਨਾ ਬੁਰਾ ਲਗਦਾ ਹੈ। ਉਹ ਵਾਹਿਗੁਰੂ ਜੀ ਨੇ ਡਿਊਟੀ ਲਾਈ ਹੋਈ ਹੈ ਕਿ ਨਾਲ ਦੀ ਨਾਲ ਸਮੇਟੀ ਜਾਣਾ। ਉਹਨੂੰ ਲਾਇ ਦੀਬਾਣ ਕਹਿੰਦੇ ਨੇ। ਇੱਕ ਸਭ ਨੂੰ ਦੇਣ ਵਾਲਾ ਹੈ, ਹੁਣ ਇਨ੍ਹਾਂ ਦੀ ਆਪਣੀ ਮਰਜ਼ੀ ਨਹੀਂ ਕੋਈ ਚਲਦੀ।

***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਅੰਗ- 7***

ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ, ਆਪਣੇ ਉੱਤੇ ਹੁਕਮ ਚੱਲ ਰਿਹਾ ਹੈ, ਸਾਰਿਆਂ ਦੇ ਉੱਤੇ। ਤੁਹਾਡੇ 'ਤੇ, ਮੇਰੇ 'ਤੇ, ਤੁਹਾਡਾ ਇਥੇ ਆਉਣਾ ਵੀ ਹੁਕਮ ਦੇ ਵਿਚ ਹੈ। ਸਤਿਸੰਗ 'ਚ ਆ ਜਾਣਾ ਹੁਕਮ ਦੇ ਵਿਚ। ਉਹ ਹੁਕਮ ਕਿਵੇਂ ਹੈ, ਐਕਸ਼ਨ ਵਿਚ ਆਉਂਦਾ ਹੈ, ਪੂਰਾ ਨਹੀਂ ਦੱਸਿਆ ਜਾਂਦਾ। ਪਹਿਲਾਂ ਤੁਹਾਡੇ ਪੁੰਨ ਕਰਮ ਬਣਦੇ ਨੇ। ਪੁੰਨ ਕਰਮ ਤੁਹਾਨੂੰ ਪ੍ਰੇਰਦੇ ਨੇ। ਸਹੂਲਤਾਂ ਮੁਹੱਈਆਂ ਕਰਦੇ ਨੇ, ਸਮਾਂ ਕਢਾਉਂਦੇ ਨੇ, ਫੇਰ ਸਤਿਸੰਗ 'ਚ ਲੈ ਆਉਂਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

ਸਾਰੀ ਚੀਜ਼ ਹੁਕਮ 'ਚ ਚੱਲ ਰਹੀ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***
***ਆਗਿਆਕਾਰੀ ਬਪੁਰਾ ਜੀਉ ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- 277***

ਸੋ ਇਨ੍ਹਾਂ ਦੀ ਆਪਣੀ ਸੁਤੰਤਰ ਮਰਜ਼ੀ ਨਹੀਂ ਹੈ, ਨਾ ਸ਼ਿਵ ਜੀ ਦੀ, ਨਾ ਬ੍ਰਹਮਾ ਦੀ, ਨਾ ਵਿਸ਼ਨੂੰ ਦੀ, ਅਸੀਂ ਨਾਉਂ ਰੱਖ ਲਏ। ਕੋਈ ਵੀ ਨਾਉਂ ਇਹਦਾ ਰੱਖਿਆ ਜਾ ਸਕਦਾ ਹੈ। ਇਹ ਨਹੀਂ ਕਿ ਉਨ੍ਹਾਂ ਨੇ ਰੱਖ ਲਏ ਅਸੀਂ ਕਾਹਨੂੰ ਰੱਖਣੇ ਨੇ। ਤੁਸੀਂ ਰੱਖਣਾ ਹੈ ਰੱਖ ਲਓ। ਮਤਲਬ ਓਹੀ ਹੁੰਦਾ ਹੈ, ਇਸ ਕਰਕੇ ਅੱਖਰਾਂ ਲਈ ਝਗੜਨਾ ਨਹੀਂ ਚਾਹੀਦਾ। ਕਿੰਤੂ ਨਹੀਂ ਚਾਹੀਦਾ। ਗੱਲ ਫੜੋ ਕਿ ਇਨ੍ਹਾਂ ਦੇ ਅਖਤਿਆਰ ਕੁਛ ਨਹੀਂ ਹੈ, ਪਰ ਅਸਚਰਜ ਦੀ ਗੱਲ ਇਹ ਹੈ ਕਿ -

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***
***ਅੰਗ - 7***

ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖ ਰਿਹਾ ਹੈ ਤੇ ਇਨ੍ਹਾਂ ਨੂੰ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਇਹੀ ਗੱਲ ਅਸਚਰਜ ਰੂਪ 'ਚ ਹੈ ਕਿ ਹੁਣ ਵਾਹਿਗੁਰੂ ਜੀ ਨਾ ਕਿਸੇ ਨੂੰ ਨਜ਼ਰ ਆਉਂਦਾ ਹੈ, ਨਾ ਦੇਵਤਿਆਂ ਨੂੰ ਆਉਂਦਾ ਹੈ, ਨਾ ਕਿਸੇ 93 ਲੱਖ, 99 ਹਜ਼ਾਰ, 999 ਜੂਨਾਂ 'ਚ ਕਿਸੇ ਨੂੰ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਸਿਰਫ ਇੱਕ ਨੂੰ ਆਉਂਦਾ ਹੈ ਉਹ ਤੁਹਾਡਾ ਮਾਨਸ ਜਨਮ, ਐਡਾ ਕੀਮਤੀ ਤੋਹਫਾ ਤੁਹਾਨੂੰ ਪ੍ਰਮੇਸ਼ਰ ਨੇ ਦਿੱਤਾ ਹੈ। ਉਹਦੀ ਸਾਨੂੰ ਕਦਰ ਨਹੀਂ ਹੈ, ਸਮਾਂ ਲੰਘਦਾ ਜਾਂਦਾ ਹੈ ਅੱਜ ਚਲਿਆ ਗਿਆ, ਕੱਲ੍ਹ ਚਲੀ ਗਈ, ਪਰਸੋਂ ਚੌਥ, ਪੰਜਵੇਂ ਆਈ ਜਾਣੇ ਨੇ ਤੁਰੀ ਜਾਣੇ ਨੇ। ਪਰ ਅਸਾਨੂੰ ਕਦਰ ਨਹੀਂ ਹੈ ਕਿ ਇਹ ਜਨਮ ਸਾਨੂੰ ਕਾਹਦੇ ਵਾਸਤੇ ਮਿਲਿਆ ਹੈ ਸਰੀਰ। ਪਿਛਲੇ ਦੀਵਾਨ ਵਿੱਚ ਬੜੇ ਵਿਸਥਾਰ ਨਾਲ ਦੱਸਿਆ ਸੀ, ਬਹੁਤ ਖੋਲ੍ਹ-ਖੋਲ੍ਹ ਕੇ। ਉਹ ਕੇਵਲ ਮਨੁੱਖ ਹੈ ਜਿਹੜਾ ਵਾਹਿਗੁਰੂ ਤਕ ਪਹੁੰਚ ਸਕਦਾ ਹੈ ਹੋਰ ਕੋਈ ਨਹੀਂ ਪਹੁੰਚ ਸਕਦਾ। ਇਸੇ ਕਰਕੇ ਉਤਮ ਦੇਹੀ ਕਿਹਾ ਹੈ ਇਸਨੂੰ। ਇਹ ਨਹੀਂ ਕਿ ਇਹ ਦੇਹ ਫਟਾਫਟ ਮਿਲੀ ਜਾਂਦੀ ਹੈ। ਬਹੁਤ ਚਿਰ ਤੋਂ ਬਾਅਦ ਇਹ ਦੇਹ ਮਿਲਦੀ ਹੈ ਤੇ ਇਹਦਾ ਕੰਮ ਕੀ ਹੈ? -

***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥*** ***ਅੰਗ - 176***

ਤੇਰੀ ਵਾਰੀ ਆ ਗਈ। ਯੂ.ਪੀ ਦੇ ਅੰਦਰ ਪਾਣੀ ਵੀ ਅਸੀਂ ਧਰਤੀ 'ਚੋਂ ਕੱਢ ਲਿਆ ਸੀ। ਟਿਊਬਵੈਲ ਲਾ ਲਏ ਸੀ ਬੇਅੰਤ ਹੀ। ਹਰ ਬੰਦੇ ਨੇ ਹੀ ਲਾ ਲਏ। ਸਗੋਂ ਪਹਿਲਾਂ-ਪਹਿਲਾਂ ਬਿਜਲੀ ਹੈ ਨਹੀਂ ਸੀ, ਟਿਊਬਵੈਲ ਲਾ ਨਹੀਂ ਸੀ ਸਕਦੇ। ਇੰਜਣਾਂ ਦੇ ਨਾਲ ਚਲਾਉਂਦੇ ਸੀ ਉਹ ਮਹਿੰਗਾ ਬਹੁਤ ਪੈਂਦਾ ਸੀ, ਇੰਜਣ ਖਰਾਬ ਹੀ ਰਹਿੰਦੇ ਸੀ। ਹੁਣ ਧਾਨ ਬੀਜੇ ਹੋਏ ਨੇ ਤੇ ਇਕੱਠੇ ਹੋ ਕੇ ਇਹ ਕਰਦੇ ਸੀ ਕਿ ਦੇਖੋ, ਐਨੀ ਜ਼ਮੀਨ ਨੂੰ ਸਿੰਜਦਾ ਹੈ ਇਹ ਖਾਲਾ, ਇਹਨੂੰ ਤਕਸੀਮ ਕਰੋ ਸੱਤ ਜਾਂ ਦਸ ਦਿਨਾਂ 'ਤੇ, ਦਸ ਦਿਨਾਂ 'ਚ ਕਰ ਲਿਆ ਕਿ ਏਕੜ ਨੂੰ ਅੱਧਾ ਘੰਟਾ, ਚਾਹੇ ਭਰੇ ਚਾਹੇ ਖਾਲੀ ਰਹੇ, ਆਪਣੀ ਫਸਲ ਉਸ ਹਿਸਾਬ ਨਾਲ ਬੀਜੋ ਜਿਹੜੀ ਸਿੰਜੀ ਜਾਵੇ। ਧਿਆਨ ਨਾਲ ਮੇਰੇ ਗੱਲ ਸੁਣਿਓ। ਉਹ ਫੇਰ ਇੱਕ ਬੰਦਾ ਥਾਪ ਲਿਆ ਜਾਂਦਾ ਸੀ, ਸਾਰਿਆਂ ਨੂੰ ਜਿਹੜਾ ਮਨਜ਼ੂਰ ਸੀ। ਉਹਦੇ ਕੋਲ ਘੜੀ ਹੁੰਦੀ, ਲਿਖਿਆ ਹੋਇਆ ਹੁੰਦਾ ਕਿ ਐਨੇ ਵਜ ਕੇ ਐਨੇ ਮਿੰਟ ਤੋਂ ਐਨੇ ਵਜੇ ਤਕ। ਵਾਰੀ ਹੈ ਇਹਦੀ। ਇਹਦੀ ਐਨੀ ਜ਼ਮੀਨ ਹੈ, ਵੀਹ ਏਕੜ ਹੈ। ਦਸ ਘੰਟੇ ਦੀ ਵਾਰੀ ਹੈ। ਉਹ ਸਮਾਂ ਲਿਖ ਕੇ ਪਰਚੀਆਂ ਦੇ ਦਿੰਦਾ ਸੀ ਸਾਰਿਆਂ ਨੂੰ ਕਿ ਤੇਰੀ ਵਾਰੀ ਐਨੇ ਵਜੇ, ਤੇਰੀ ਐਨੇ ਵਜੇ। ਰੌਲਾ ਨਹੀਂ ਸੀ ਪੈਂਦਾ ਇਸ ਨਾਲ। ਉਹ ਫੇਰ ਹਰ ਬੰਦਾ ਚੌਕਸ ਰਹਿੰਦਾ ਸੀ ਕਿ ਮੇਰਾ ਇੱਕ ਮਿੰਟ ਵੀ ਨਾ ਲੰਘ ਜਾਵੇ। ਜਿਹਦਾ ਪਾਣੀ ਪਹਿਲਾਂ ਪੈ ਰਿਹਾ ਹੈ, ਉਪਰਲੇ ਖੇਤ ਵਾਲੇ ਦਾ, ਜਾਂ ਹੇਠਲੇ ਖੇਤ ਵਾਲੇ ਨੂੰ, ਉਥੇ ਬਹਿ ਜਾਂਦੇ ਸੀ ਜਾ ਕੇ ਦਸ ਪੰਦਰਾਂ ਮਿੰਟ ਪਹਿਲਾਂ। ਉਹਨੂੰ ਵੀ ਪਤਾ ਲਗ ਜਾਂਦਾ ਸੀ ਕਿ ਮੇਰਾ ਸਮਾਂ ਹੋ ਗਿਆ। ਉਹਦੇ ਕੋਲ ਵੀ ਘੜੀ ਹੈ, ਆਪ

ਦੇ ਕੋਲ ਵੀ ਘੜੀ ਹੈ, ਦੋਹਾਂ ਨੇ ਸਮਾਂ ਮਿਲਾਇਆ ਹੋਇਆ ਹੈ। ਉਹਨੇ ਕਿਹਾ ਹੈ ਕਿ ਲੈ ਬਈ ਪੰਜ ਮਿੰਟ ਰਹਿ ਗਏ, ਮੈਂ ਹੁਣ ਚਲਦਾ ਹਾਂ, ਮੈਂ ਹੁਣ ਜਾ ਕੇ, ਆਹ ਖਾਲੇ ਦੇ ਵਿਚ ਪੰਜ ਮਿੰਟ ਦਾ ਪਾਣੀ ਪਿਆ ਹੈ ਤੇ ਮੈਂ ਆਪਣੇ ਖੇਤ ਨੂੰ ਵੱਢ ਦੇਵਾਂ। ਉਹਦਾ ਖੇਤ ਸਿੰਜਿਆ ਜਾਂਦਾ ਸੀ ਪੂਰੇ ਟਾਈਮ 'ਤੇ।

ਹੁਣ ਇਹਦੇ ਮੁਕਾਬਲੇ ਦੇ ਉੱਤੇ ਇਕ ਬੰਦੇ ਐਸੇ ਨੇ ਜਿਨ੍ਹਾਂ ਨੂੰ ਨਸ਼ੇ ਪੀਣ ਦੀ ਆਦਤ ਹੁੰਦੀ ਹੈ, ਉਹਨੇ ਕਿਹਾ ਕਿ ਵਾਰੀ ਤਾਂ ਆ ਗਈ, ਨੌਕਰ ਵੀ ਨਾਲ ਲਏ, ਖਾਲਾ ਵੀ ਠੀਕ ਕਰ ਲਿਆ। ਉਸ ਤੋਂ ਬਾਅਦ ਉਹ ਸ਼ਰਾਬ ਪੀਣ ਲਗ ਗਿਆ। ਜ਼ਿਆਦਾ ਪੀ ਲਈ, ਮਸਤ ਹੋ ਕੇ ਸਾਰੇ ਹੀ ਪੈ ਗਏ। ਹੋਇਆ ਕੀ ਵਾਰੀ ਵਾਲਾ ਦੇਖਦਾ ਹੈ ਕਿ ਮੇਰੇ ਖੇਤ ਨੂੰ ਪਾਣੀ ਲਗਦਾ ਹੈ, ਉਹ ਤਾਂ ਆਇਆ ਹੀ ਨਹੀਂ। ਉਹ ਤਾਂ ਪਾਣੀ ਛੱਡ ਕੇ ਆਪਣੇ ਘਰ ਨੂੰ ਤੁਰ ਆਇਆ ਕਿ ਆਪੇ ਜਦੋਂ ਆਉਣਗੇ, ਬੰਦ ਕਰ ਲੈਣਗੇ।, ਮੈਂ ਇੱਥੇ ਖੜ੍ਹਾ ਹਾਂ ਰੌਲਾ ਪਾਉਣਗੇ ਮੇਰੇ ਨਾਲ। ਇਧਰ ਚਾਰ ਏਕੜ ਜ਼ਮੀਨ ਸੀ ਦੋ ਘੰਟੇ ਦੀ ਵਾਰੀ ਸੀ, ਉਹ ਦੋ ਘੰਟੇ ਬੇਹੋਸ਼ ਹੀ ਪਏ ਰਹੇ। ਅਗਲੇ ਖੇਤ ਵਾਲਾ ਆਇਆ, ਉਹਨੇ ਕਿ ਆਹ ਤਾਂ ਪਾਣੀ ਵੱਢਿਆ ਹੀ ਨਹੀਂ ਇਨ੍ਹਾਂ ਨੇ, ਮੇਰਾ ਸਮਾਂ ਆ ਗਿਆ, ਉਹਨੇ ਉਥੋਂ ਨੱਕਾ ਬੰਦ ਕਰਕੇ ਆਪਣੇ ਖੇਤ 'ਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਹੁਣ ਇਹ ਹੋਇਆ ਕੀ, ਕਿੰਨਾ ਨੁਕਸਾਨ ਹੋਇਆ ਉਸ ਬੰਦੇ ਦਾ, ਜਦ ਉਹਨੂੰ ਹੋਸ਼ ਆਈ, ਹੁਣ ਲੜ ਤਾਂ ਸਕਦੇ ਨਹੀਂ, ਉਹ ਕਹਿੰਦਾ ਭਾਈ, ਘੜੀ ਦੇਖ ਤੇਰਾ ਪਾਣੀ ਮੈਨੂੰ ਨਹੀਂ ਪਤਾ ਕਿੱਥੇ ਗਿਆ ਮੈਂ ਤਾਂ ਆਪਣੇ ਸਮੇਂ 'ਤੇ ਆਇਆ ਹਾਂ। ਤੂੰ ਸਾਵਧਾਨ ਹੋ ਕੇ ਆਪਣਾ ਪਾਣੀ ਵੱਢ ਲੈਂਦਾ। ਹੁਣ ਇਹਦਾ ਜਵਾਬ ਕੀ ਹੈ, ਉਹ ਤਾਂ ਨਸ਼ੇ ਵਿਚ ਗੁਲਤਾਨ ਪਿਆ ਰਿਹਾ ਹੈ, ਪਾਣੀ ਵੱਢ ਨਹੀਂ ਸੀ ਸਕਦਾ। ਮਹਾਰਾਜ ਕਹਿੰਦੇ, ਤੇਰੀ ਵਾਰੀ ਆਈ ਹੋਈ ਹੈ ਪ੍ਰੇਮੀਆਂ! ਇਹ ਲੰਘ ਜਾਣੀ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*** ***ਅੰਗ - 12***

ਜੇ ਤਾਂ ਸਮੇਂ ਦੇ ਅੰਦਰ-ਅੰਦਰ ਮਿਲ ਲਿਆ, ਮਿਲ ਲਿਆ ਨਹੀਂ ਤਾਂ ਪਿਆਰਿਆ ਫੇਰ ਜਿਹੜੇ ਚੱਕਰ 'ਚੋਂ ਤੈਨੂੰ ਕੱਢ ਕੇ ਮਨੁੱਖ ਬਣਾਇਆ, ਮੁੜ ਕੇ ਉਸੇ ਚੱਕਰ 'ਚ ਫੇਰ ਪੈ ਗਿਆ।

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥***
***ਅੰਗ - 1075***

ਦੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦੇਵਤਿਆਂ ਨੂੰ ਪ੍ਰਮੇਸ਼ਰ ਨਹੀਂ ਦਿਸਦਾ। ਪਸ਼ੂ ਪੰਛੀਆਂ ਨੂੰ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਹੈਗਾ ਉਨ੍ਹਾਂ ਦੇ ਅੰਦਰ। ਮਨੁੱਖ ਦੇ ਅੰਦਰ ਇਕ ਰਸਤਾ ਹੈ, ਜਿਹੜਾ ਸਿੱਧਾ ਰੱਬ ਕੋਲ ਨੂੰ ਜਾਂਦਾ ਹੈ। ਅਸੀਂ ਵਿਚਾਰਦੇ ਨਹੀਂ ਹਾਂ, ਅਸੀਂ ਇਹਨੂੰ ਅਹਿਮੀਅਤ ਨਹੀਂ ਦਿੰਦੇ ਕਿ ਸਾਡੇ ਅੰਦਰ ਵੀ ਇਕ secret path ਹੈ ਜਿਹੜਾ ਸਿੱਧਾ ਹੀ ਰੱਬ ਦੇ ਦਰ 'ਤੇ ਜਾ ਪਹੁੰਚਦਾ ਹੈ। ਉਹਦੇ

ਆਲੇ-ਦੁਆਲੇ ਕੁਛ ਹਦਾਇਤਾਂ ਨੇ ਕਿ ਦੇਖੀਂ ਆਹ ਨਾ ਕਰੀਂ, ਆਲੇ-ਦੁਆਲੇ ਤੇਰੇ ਖਤਰਨਾਕ ਚੋਰ ਰਹਿੰਦੇ ਨੇ। ਉਹ ਧੋਖੇ ਦਿੰਦੇ ਨੇ ਉਨ੍ਹਾਂ ਕੋਲ ਐਨੀਆਂ ਚੀਜ਼ਾਂ ਨੇ ਕਿ ਆਦਮੀ ਉਨ੍ਹਾਂ ਦਾ ਮੁਕਾਬਲਾ ਕਰਨ ਤੋਂ ਅਸਮਰਥ ਹੈ। ਜਦੋਂ ਤਕ ਤਕੜੇ ਬੰਦੇ ਦੀ ਸ਼ਰਨ ਵਿਚ ਨਾ ਜਾਵੇ। ਜੇ ਉਹਦਾ ਡਰ ਉਨ੍ਹਾਂ ਨੂੰ ਹੋਵੇ ਫੇਰ ਤਾਂ ਉਹ ਨਹੀਂ ਕੁਛ ਕਰਦੇ। ਜੇ ਇਕੱਲਾ ਹੋਵੇ ਤਾਂ ਉਹਨੂੰ ਲੁੱਟ ਲੈਂਦੇ ਨੇ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥*
*ਅੰਗ - 600*

ਉਹਨੇ ਆਪਣਾ ਕੋਈ ਬਣਾਇਆ ਹੀ ਨਹੀਂ, ਨਾ ਬਣਾਉਣ ਕਰਕੇ ਲੁੱਟਿਆ ਜਾਂਦਾ ਹੈ। ਸਾਰੀ ਦੁਨੀਆਂ ਨੂੰ ਉਹ ਲੁੱਟ ਰਹੇ ਨੇ। ਹੁਣ ਵੱਡੀ ਗੱਲ ਇਹ ਹੈ ਕਿ ਸਤਿਸੰਗ 'ਚ ਤੁਸੀਂ ਆਉਂਦੇ ਓਂ। ਇਥੇ ਬਾਤਾਂ ਸੁਣਾ ਕੇ ਤੁਹਾਨੂੰ ਖੁਸ਼ ਨਹੀਂ ਕਰਦੇ, ਰਾਹ ਦੀ ਗੱਲ ਕਰਦੇ ਹਾਂ ਕਿ ਆਹ ਰਸਤਾ ਜਾਂਦਾ ਹੈ ਪ੍ਰਮੇਸ਼ਰ ਵਲ ਨੂੰ, ਉਹਦੇ ਵਾਸਤੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947*

ਰਸਤਾ ਦਸ ਦਿੱਤਾ ਗੁਰੂ ਮਹਾਰਾਜ ਨੇ ਖੋਲ੍ਹ ਕੇ ਕਿ ਪੌੜੀ-ਪੌੜੀ, ਡੰਡਾ-ਡੰਡਾ ਕਿਵੇਂ ਚੜ੍ਹਨਾ ਹੈ, ਉਸ ਲਈ ਡਿਊਟੀ ਲਾ ਦਿੱਤੀ ਸੰਤਾਂ ਦੀ ਕਿ ਤੁਸੀਂ ਦਸ ਦਿਓ। ਮਹਾਰਾਜ ਨੇ ਰਸਤੇ ਨਕਸ਼ਾ ਖਿੱਚ ਦਿੱਤਾ। ਆਹ ਕਿਲ੍ਹਾ ਨੌਂ ਦਰਵਾਜ਼ਿਆਂ ਵਾਲਾ ਹੈ, ਅੱਖਾਂ, ਨਾਸਕਾ, ਮੂੰਹ, ਕੰਨ, ਮਲਮੂਤਰ ਦੇ ਇੰਦਰੇ ਨੇ, ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਇੱਕ ਦਰਵਾਜ਼ਾ ਅੰਦਰ ਨੂੰ ਖੁਲ੍ਹਦਾ ਹੈ, ਬਾਹਰ ਨੂੰ ਨਹੀਂ ਖੁੱਲਦਾ। ਉਹ ਜਾਂਦਾ ਕਿੱਥੋਂ ਦੀ ਹੈ। ਦੋ ਰਸਤੇ ਨੇ, ਇੱਕ ਤਾਂ ਬਹੁਤ ਹੀ ਔਖਾ ਹੈ, ਉਹ ਹੈ ਰੀੜ੍ਹ ਦੀ ਹੱਡੀ ਜਿੱਥੇ ਖਤਮ ਹੁੰਦੀ ਹੈ ਨਾ ਇੱਥੇ ਇੱਕ ਨਾੜੀ ਹੈ ਭੁਚੰਗਾ ਨਾੜੀ ਉਹਨੂੰ ਕਹਿੰਦੇ ਨੇ, ਉਹਨੇ ਇਸ ਤਰ੍ਹਾਂ ਜਿਵੇਂ ਸੱਪ ਕੋਈ ਮੂੰਹ ਵਿਚ ਚੀਜ਼ ਲੈ ਲਵੇ, ਸੱਪ ਵਰਗੀ ਸ਼ਕਲ ਹੈ, ਐਸ ਤਰ੍ਹਾਂ ਉਹਨੇ ਰੀੜ੍ਹ ਦੀ ਹੱਡੀ ਦਾ ਹੇਠਲਾ ਹਿੱਸਾ ਜਿੱਥੇ ਸੁਰਾਖ ਹੈ ਉਹ ਇਸ ਤਰ੍ਹਾਂ ਮੂੰਹ 'ਚ ਲੈ ਲਿਆ। ਉਹਦੇ ਵਿਚੀਂ ਜਾਂਦਾ ਹੈ ਰਾਹ, ਉਹ ਰਾਹ ਰੋਕ ਲਿਆ ਉਹਨੇ। ਉਹਨੈਂ ਇਲੈਕਟ੍ਰਾਨਿਕ ਦੀ ਸ਼ਕਤੀ ਕਹਿੰਦੇ ਨੇ, ਸ਼ਾਸਤਰ ਦੀ ਬੋਲੀ 'ਚ ਉਹਨੂੰ ਕੁੰਡਲਨੀ ਕਹਿੰਦੇ ਨੇ। ਇਹ ਜਿਨ੍ਹਾਂ ਨੇ ਰਾਹ ਖੋਲ੍ਹ ਲਿਆ, ਉਹ ਪ੍ਰਾਣਾਯਾਮ ਕਰਦੇ ਨੇ। ਸਾਹ ਖਿਚਦੇ ਨੇ ਅੰਦਰ ਨੂੰ, ਰੋਕਦੇ ਨੇ, ਹੌਲੀ-ਹੌਲੀ ਛਡਦੇ ਨੇ,

ਛੋਟਾ ਪ੍ਰਾਣਾਯਾਮ ਜਿਹੜਾ ਸ਼ੁਰੂ ਹੁੰਦਾ ਹੈ ਨਾ, ਕਿਤੇ ਕਰਨ ਨਾ ਲਗ ਜਾਣਾ। ਦਿਮਾਗ ਖਤਮ ਹੋ ਜਾਏਗਾ ਕਿਉਂਕਿ ਅੱਜਕੱਲ੍ਹ ਕੋਈ ਵੀ ਦੁਨੀਆਂ 'ਚ ਬ੍ਰਹਮਚਾਰੀ ਨਹੀਂ ਰਿਹਾ। ਸਾਰੇ ਪਤਿਤ ਹੋਏ-ਹੋਏ ਲੋਕ ਨੇ। ਗ੍ਰਹਿਸਤ ਵਾਲੇ ਗ੍ਰਹਿਸਤੀ ਨੇ, ਦੂਸਰੇ ਵੈਸੇ ਨੇ; ਉਹ ਨਹੀਂ ਇਸ ਰਸਤੇ ਜਾ ਨਹੀਂ ਸਕਦੇ, ਮਹਾਰਾਜ ਨੂੰ ਪਤਾ ਹੀ ਹੈ। 42 ਵਾਰੀ ਵਾਹਿਗੁਰੂ-ਵਾਹਿਗੁਰੂ ਅੰਦਰ ਨੂੰ ਸਾਹ ਲੈ ਕੇ ਕਰੋ, 84 ਵਾਰੀ ਰੋਕ ਕੇ ਕਹੋ, 42 ਛਡਦੇ ਕਹੋ, 168 ਵਾਰੀ ਵਾਹਿਗੁਰੂ ਇੱਕ ਸਾਹ 'ਚ ਕਿਹਾ ਜਾ ਸਕਦਾ ਹੈ। ਇਹ ਨਹੀਂ ਕਿ ਬਹੁਤ ਤੇਜ਼-ਤੇਜ਼ ਕਹਿ ਦੇਣਾ ਹੈ, ਨਹੀਂ ਆਰਾਮ ਨਾਲ ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ। ਇਹਦੇ ਨਾਲ ਕੀ ਹੁੰਦਾ ਹੈ ਗਰਮੀ ਵਧ ਜਾਂਦੀ ਹੈ ਬੇਅੰਤ, ਦਿਮਾਗ ਚਕਰਾਅ ਜਾਂਦਾ ਹੈ। ਕਈ ਪਾਗਲ ਹੋ ਜਾਂਦੇ ਨੇ। ਕਿਉਂਕਿ heat ਐਨੀ ਸਰੀਰ 'ਚ ਵਧ ਜਾਂਦੀ ਹੈ ਕਿ ਠੰਢੇ ਪਾਣੀਆਂ 'ਚ ਬੈਠੇ ਤਾਂ ਕਿਤੇ ਜਾ ਕੇ, ਠੰਡੀਆਂ ਚੀਜ਼ਾਂ ਖਾਵੇ ਫੇਰ ਉਹ ਪਰੈਸ਼ਰ ਪਾਉਂਦੇ ਨੇ। ਅਪਾਨ ਵਾਯੂ ਜਿਹੜੀ ਸਰੀਰ ਵਿਚ ਹੈਗੀ, ਗੰਦ ਮੰਦ ਨੂੰ, ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਜ਼ਹਿਰ ਕੱਢਣ ਵਾਲੀ ਉਹਨੂੰ ਸਾਹ ਵਾਲੀ ਹਵਾ ਦੇ ਨਾਲ ਰਲਾਉਣਾ ਪੈਂਦਾ ਹੈ। ਇਹ ਰਲਾ ਕੇ ਦੋਹਾਂ ਦੀ heat ਦੇਣੀ ਪੈਂਦੀ ਹੈ ਉਥੇ। ਉਹ ਜਿਹੜਾ ਮੂੰਹ ਹੈ ਭੁਚੰਗਾ ਨਾੜੀ ਦਾ ਉਹ heat ਦੇ ਨਾਲ ਖੁੱਲ੍ਹ ਜਾਂਦਾ ਹੈ। ਖੁਲ੍ਹਦੇ ਸਾਰ ਕੀ ਹੁੰਦਾ ਹੈ ਹਵਾ ਦਾ ਸੁਭਾਅ ਹੈ ਜਿਥੇ ਖਾਲੀ ਥਾਉਂ ਨੇ, ਉਥੇ ਦਾਖਲ ਹੋ ਜਾਣਾ ਹੈ। ਰੀੜ੍ਹ ਦੀ ਹੱਡੀ ਦੇ ਸੁਰਾਖ ਦੇ ਵਿਚ ਦਾਖਲ ਹੋ ਜਾਂਦੀ ਹੈ ਤੇ ਉਥੇ ਇੱਕ ਮਾਸ ਦਾ ਟੁਕੜਾ ਹੈ, ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ, ਉਹ ਚੱਕਰ ਉਸੇ ਤਰ੍ਹਾਂ heat ਦਿੰਦੇ-ਦਿੰਦੇ ਤੋੜ ਲਿਆ, ਉਥੇ ਨਿਸ਼ਾਨੀਆਂ ਨੇ, ਚਾਰ ਪੱਤਿਆਂ ਦਾ ਉਥੇ ਫੁਰਨਾ ਹੈ ਤੇ ਰੰਗ ਹੈ ਉਹਦਾ ਤੇ ਰੋਸ਼ਨੀ ਹੈ। ਉਥੇ ਅੱਖਰ ਬਣਦੇ ਨੇ, ਛੇ ਸੱਤ ਅੱਖਰ ਉਥੇ ਹੁੰਦੇ ਨੇ ਉਨ੍ਹਾਂ ਦੀ ਆਵਾਜ਼ ਆਉਂਦੀ ਹੈ। ਉਸ ਤੋਂ ਉਪਰ ਫੇਰ ਸ਼ੁਰੂ ਕਰ ਲੈਂਦੇ ਨੇ। ਫੇਰ ਇਹ ਅਗਲਾ ਚੱਕਰ ਤੋੜ ਲੈਂਦੇ ਨੇ ਏਵੇਂ ਜਿਵੇਂ ਜਿਹਨੂੰ ਅਧਿਸ਼ਠਾਨ ਦਾ ਚੱਕਰ ਕਹਿੰਦੇ ਨੇ। ਉਹਦੇ ਉੱਤੇ ਨਾਭੀ ਜਿਥੇ ਹੈ ਇਹਦੇ ਬਿਲਕੁਲ ਬਰਾਬਰ ਰੀੜ੍ਹ ਦੀ ਹੱਡੀ ਦੇ ਵਿਚ ਤੀਸਰਾ ਚੱਕਰ ਆ ਜਾਂਦਾ ਹੈ। ਉਹ ਚੱਕਰ ਕੀ ਹੈ ਉਥੇ ਗੋਲਾਈ ਦੇ ਵਿਚ, ਰੀੜ੍ਹ ਦੀ ਹੱਡੀ ਵਿਚੋਂ ਪੋਲੀ ਹੈ। ਭੁਚੰਗਾ ਨਾੜੀ ਹੈ ਈੜਾ ਪਿੰਗਲਾ ਉਹਦੇ ਆਲੇ-ਦੁਆਲੇ ਨੇ। ਇਹਦੇ ਨਾਲ ਫੇਰ ਤੀਸਰਾ ਚੱਕਰ ਤੋੜਿਆ ਜਾਂਦਾ ਹੈ ਜਿਸਨੂੰ ਮਣੀਪੂਰਕ ਕਹਿੰਦੇ ਨੇ, ਉਹ ਤੋੜਿਆ ਜਾਂਦਾ ਹੈ। ਫੇਰ ਉਸ ਤੋਂ ਬਾਅਦ ਜ਼ੋਰ ਪਾਉਂਦੇ ਨੇ, ਫੇਰ ਜਿਥੇ ਕੌਡੀ ਹੈ ਸਾਡੀ, ਦਿਲ ਜਿੱਥੇ ਸ਼ੁਰੂ ਹੁੰਦਾ ਹੈ ਉਥੇ ਫੇਰ ਆਉਂਦਾ ਹੈ ਇੱਕ ਚੱਕਰ ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ। ਅਨਹਦ ਚੱਕਰ, ਅਨਾਹਤ ਚੱਕਰ, ਉਥੇ ਆ ਕੇ ਬਾਰ੍ਹਾਂ ਪੱਤਿਆਂ ਦਾ ਫੁੱਲ ਹੋ ਜਾਂਦਾ ਹੈ। ਰੋਸ਼ਨੀ ਉਸ ਥਾਂ ਦੇ ਉੱਤੇ ਲਾਲ ਰੰਗ ਦੀ ਹੋ ਜਾਂਦੀ ਹੈ, ਉਥੋਂ ਫੇਰ ਸੁਰਤ ਨੂੰ ਖੋਲ੍ਹਦੇ-ਖੋਲ੍ਹਦੇ ਕੌਲ ਤਕ ਪਹੁੰਚ ਜਾਂਦਾ ਹੈ ਜਿੱਥੇ ਗਲ ਦੇ ਬਰਾਬਰ ਰੀੜ੍ਹ ਦੀ ਹੱਡੀ ਹੈ ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ। ਇੱਥੇ ਆ ਕੇ ਸੋਲਾਂ ਪੱਤੇ ਨੇ ਤੇ ਇਸ ਤੋਂ ਅੱਗੇ ਫੇਰ ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਬਿਲਕੁਲ ਇਹਦੇ ਬਰਾਬਰ ਚਲੇ ਜਾਓ ਇਥੇ

ਆਗਿਆ ਚੱਕਰ ਹੈ, ਉਹਦੇ 'ਚ ਦੋ ਚੱਕਰ ਨੇ, ਲੇਕਿਨ ਰੋਸ਼ਨੀ ਐਨੀ ਤੇਜ਼ ਹੈ ਕਿ ਚਿੱਟੀ ਰੋਸ਼ਨੀ ਇਥੇ ਹੀ ਗੁਰੂ ਦਾ ਮਿਲਾਪ ਹੁੰਦਾ ਹੈ, ਇੱਥੇ ਹੀ ਜਿਹੜਾ ਜੀਵ ਹੈ ਉਹ ਤਾਂ ਸਰੀਰ ਵਿਚੋਂ ਨਿਕਲ ਜਾਂਦਾ ਹੈ, ਮਰ ਜਾਂਦਾ ਹੈ, ਜਿੰਨਾ ਚਿਰ ਹੁੰਦਾ ਹੈ ਓਨਾਂ ਚਿਰ ਕਹਿੰਦਾ ਹੈ ਕਿ ਉਹ ਜੀਉਂਦਾ ਹੈ। ਉਹ ਮਿਲ ਜਾਂਦਾ ਹੈ। ਇਥੋਂ ਫੇਰ ਗੁਰੂ ਜੇ ਧਾਰਿਆ ਹੋਇਆ ਹੈ ਮਦਦ ਕਰਦਾ ਹੈ, ਇਹਨੂੰ ਤ੍ਰਿਕੁਟੀ ਵਿਚੋਂ ਲੰਘਾਉਂਦਾ ਹੈ। ਉਸ ਤੋਂ ਅੱਗੇ ਗੁਰੂ ਫੇਰ ਰਾਖੀ ਕਰਦਾ ਹੈ, ਫੇਰ ਸਹੰਸਰਾਰ ਦਲ ਇੱਕ ਹਜ਼ਾਰ ਦਲ ਦਾ ਫੁੱਲ ਹੈ ਉੱਥੇ, ਚਿੱਟੀ ਰੋਸ਼ਨੀ ਹੈ, ਉਥੇ ਸ਼ਕਤੀਆਂ ਹੀ ਸ਼ਕਤੀਆਂ ਨੇ ਬੇਅੰਤ, ਲੋਕ ਇਕੱਠੇ ਹੋ ਜਾਂਦੇ ਨੇ ਫੇਰ ਆਲੇ-ਦੁਆਲੇ ਕਿ ਇਹਦਾ ਬਚਨ ਲਓ, ਇਹਦਾ ਕਿਹਾ ਐਉਂ ਹੋ ਜਾਂਦਾ ਹੈ, ਐਉਂ ਹੋ ਜਾਂਦਾ ਹੈ, ਪਰ ਉਹਨੂੰ ਘਾਟਾ ਬਹੁਤ ਪੈਂਦਾ ਹੈ, ਬਚਨ ਵਗੈਰਾ ਦੇ ਕੇ, ਇਹ ਤਾਂ ਮੱਖੀਆਂ ਜਿਵੇਂ ਸ਼ਹਿਦ ਕੱਢ ਕੇ ਲੈ ਜਾਂਦੀਆਂ ਨੇ ਫੁੱਲਾਂ 'ਚੋਂ, ਲੋਕ ਐਉਂ ਲੈ ਜਾਂਦੇ ਨੇ, ਖਾਲੀ ਕਰ ਜਾਂਦੇ ਨੇ ਇਨ੍ਹਾਂ ਨੂੰ। ਨਿੰਬੂ ਦਾ ਰਸ ਨਿਕਲ ਜਾਂਦਾ ਹੈ, ਥੋਥਾ ਹੋਇਆ ਫੇਰ ਕਿਸੇ ਕੰਮ ਦਾ ਨਹੀਂ ਰਹਿੰਦਾ, ਸੁੱਟ ਦਿੰਦੇ ਨੇ ਲੋਕ ਕਿ ਹੁਣ ਇਹਦੇ 'ਚ ਰਹੀ ਨਹੀਂ ਸ਼ਕਤੀ। ਉਸ ਤੋਂ ਅੱਗੇ ਫੇਰ ਦਸਵਾਂ ਦੁਆਰ ਆਉਂਦਾ ਹੈ। ਮਹਾਰਾਜ ਕਹਿੰਦੇ ਇਹ ਦਸਵਾਂ ਦੁਆਰ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***

***ਅੰਗ - 954***

ਇੱਥੇ ਪਹੁੰਚਦੇ ਸੀਗੇ, ਇੱਥੇ ਉਹ ਅੱਖ ਲੱਗੀ ਹੋਈ ਹੈ, ਜਿਹਦੇ ਨਾਲ ਰੱਬ ਦੇ ਦਰਸ਼ਨ ਹੁੰਦੇ ਨੇ। ਖੁਰਦਬੀਨ ਹੈ, ਦੂਰ ਤਕ ਦੇਖਦੀ ਹੈ। ਸਾਰਾ ਬ੍ਰਹਿਮੰਡ ਦੇਖਦੀ ਹੈ, ਉਹਦੇ ਮੂਹਰੇ ਨਾ ਕੋਈ ਕੰਧ ਹੈ ਨਾ ਕੋਠਾ ਹੈ, ਨਾ ਦੂਰੀਆਂ ਨੇ ਜਿੱਥੇ ਜੀਅ ਕਰਦਾ ਹੈ, ਦੇਖ ਸਕਦਾ ਹੈ। ਅਮਰੀਕਾ 'ਚ ਦੇਖਣਾ ਹੈ ਕਿਸੇ ਨੂੰ, ਉਥੇ ਹੀ ਦੇਖ ਲਏਗਾ। ਬਹੁਤ ਵਾਰੀ ਮੈਂ ਦੱਸੀਆਂ ਨੇ ਐਸੀਆਂ ਮਿਸਾਲਾਂ ਕਿ ਐਸ ਤਰ੍ਹਾਂ ਦੇਖ ਲੈਂਦੇ ਨੇ, ਗੁਰੂ ਸਾਹਿਬ ਨੇ ਦੇਖ ਲਿਆ ਕਿ ਜੋਗਾ ਸਿੰਘ ਤਾਂ ਚੱਲਿਆ ਵੇਸਵਾ ਦੇ ਘਰ ਵਲ, ਮਹਾਰਾਜ ਉਸ ਤੋਂ ਪਹਿਲਾਂ ਹੀ ਖੜ੍ਹ ਗਏ ਉਥੇ ਜਾ ਕੇ। ਦੇਖ ਰਹੇ ਸੀ ਸਿੱਖ ਨੂੰ ਕਿ ਕੀ ਕਰ ਰਿਹਾ ਹੈ। ਸਭ ਸਿੱਖਾਂ ਨੂੰ ਦੇਖਦੇ ਨੇ, ਤੁਹਾਨੂੰ ਦੇਖਦੇ ਨੇ, ਮੈਨੂੰ ਦੇਖ ਰਹੇ ਨੇ, ਸਭ ਦਾ ਨਾਉਂ ਜਾਣਦੇ ਨੇ। ਮਹਾਤਮਾ ਨੂੰ ਦਸ ਦਿੰਦੇ ਨੇ ਕਿ ਫਲਾਣੇ ਦੀ ਡਿਊਟੀ ਅਸੀਂ ਉਥੇ ਲਾਈ ਹੈ, ਸਭ ਡਿਊਟੀਆਂ ਗੁਰੂ ਮਹਾਰਾਜ ਵਲੋਂ ਲਗਦੀਆਂ ਨੇ। ਇਹ ਰਸਤਾ ਤਾਂ ਨਹੀਂ ਹੁਣ ਰਿਹਾ ਕਿਉਂਕਿ ਔਖਾ ਬਹੁਤ ਹੈ, ਹੁਣ ਤਾਂ ਜਦ ਪੈਦਲ ਚਲਦੇ ਸੀ ਪੁਰਾਣੇ ਜ਼ਮਾਨੇ 'ਚ, ਅੱਜਕੱਲ੍ਹ ਹਵਾਈ ਜਹਾਜ਼ ਆ ਗਏ, ਹੁਣ ਪੈਦਲ ਚੱਲਣ ਦੀ ਲੋੜ ਨਹੀਂ। ਹੁਣ ਸਮੁੰਦਰਾਂ ਦੇ ਉਤੇ ਕਿਸ਼ਤੀ ਦੇ ਵਿਚੀਂ ਲੰਘਣ ਦੀ ਲੋੜ ਹੈ। ਹੁਣ ਜਿਹੜੀ ਲੋੜ ਹੈ ਉਹ ਮਹਾਰਾਜ ਗੁਰੂ ਨਾਨਕ ਸਾਹਿਬ ਨੇ ਸਭ ਕੁਛ ਦੇਖ ਕੇ, ਨਾਮ ਮਾਰਗ ਲਿਆਂਦਾ 'ਆਤਮ ਮਾਰਗ'। 'ਆਤਮ ਮਾਰਗ' ਦੇ ਵਿੱਚ ਰਹਿਤਾਂ ਨੇ, ਉਹਦੇ ਵਿਚ ਸਾਹ ਨਹੀਂ ਚਾੜ੍ਹਨੇ ਪੈਂਦੇ, ਰਹਿਤਾਂ ਰੱਖਣੀਆਂ ਪੈਂਦੀਆਂ ਨੇ ਉਹ ਰਹਿਤਾਂ ਬਹੁਤ ਵਾਰੀ ਆਤਮ ਮਾਰਗ ਦੇ ਵਿਚ ਛਪਦੀਆਂ ਹੀ ਰਹਿੰਦੀਆਂ ਨੇ ਹਮੇਸ਼ਾ, ਕਦੇ ਕਿਸੇ ਰੂਪ

'ਚ, ਕਦੇ ਕਿਸੇ ਰੂਪ 'ਚ। ਤਾਂਕਿ ਸਾਨੂੰ ਪਤਾ ਲਗਦਾ ਰਹੇ। ਉਨ੍ਹਾਂ ਦਾ ਨਾਉਂ ਹੈ ਸਮ ਤੇ ਦਮ। ਇੱਕ ਉਹ ਹੁੰਦੀਆਂ ਨੇ ਜਿਹੜੀਆਂ ਨਾਲ ਇੰਦ੍ਰੀਆਂ ਰੋਕੀਆਂ ਜਾਂਦੀਆਂ ਨੇ, ਇੱਕ ਉਹ ਹੁੰਦੀਆ ਨੇ ਕਿ ਜਿਨ੍ਹਾਂ ਦੇ ਨਾਲ ਕਰਮ ਇੰਦ੍ਰੀਆਂ ਸਰੀਰ ਨੂੰ ਮਾੜੇ ਕੰਮਾਂ ਤੋਂ ਰੋਕਿਆ ਜਾਂਦਾ ਹੈ। ਉਹਦੇ ਨਾਲ ਸੁਰਤ ਨੂੰ ਫੜਨਾ ਪੈਂਦਾ ਹੈ, ਜਿਹੜੀ ਸਾਡੇ ਅੰਦਰ ਸੁਰਤ ਹੈ, ਦੌੜੀ ਫਿਰਦੀ ਹੈ। ਮਨ ਦੇ ਨਾਲ ਰਲੀ ਹੋਈ ਹੈ ਸੁਰਤ। ਰਾਤ ਨੂੰ ਵੀ ਨਹੀਂ ਟਿਕਦੀ ਇਹ, ਮਨ ਉਹਨੂੰ ਉਠਾਲ ਲੈਂਦਾ ਹੈ, ਸੁਪਨੇ ਹੀ ਸੁਪਨੇ, ਦੁਨੀਆਂ ਬਣਾ ਲੈਂਦਾ ਹੈ ਨਵੀਂ। ਸੁਰਤ ਨੂੰ ਫੜਨਾ ਪੈਂਦਾ ਹੈ, ਸੁਰਤ ਫੜ ਕਾਹਦੇ ਨਾਲ ਹੁੰਦੀ ਹੈ, ਕਿਸੇ ਚੀਜ਼ ਨਾਲ ਤਾਂ ਫੜ ਨਹੀਂ ਹੁੰਦੀ। ਉਹ ਸ਼ਬਦ ਦੀ ਧੁਨ ਦੇ ਨਾਲ ਲਗਦੀ ਹੈ, ਕੀਰਤਨ ਦੇ ਵਿਚ ਉਹ ਬਹੁਤ ਟਿਕਾਣੇ 'ਤੇ ਆ ਜਾਂਦੀ ਹੈ। ਕੀਰਤਨ ਗਾਓ ਤੁਸੀਂ, ਪਿਆਰ ਦੇ ਨਾਲ ਪੜ੍ਹੋ ਸੁਰਤ ਕੇਂਦਰਿਤ ਹੋਣੀ ਸ਼ੁਰੂ ਹੋ ਜਾਂਦੀ ਹੈ, ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ। ਸੁਰਤ ਫੇਰ ਉਪਰ ਨੂੰ ਚੜ੍ਹਦੀ ਹੈ, ਕਿਉਂਕਿ ਸ਼ਬਦ ਵਾਹਿਗੁਰੂ ਦੇ ਦਰ ਤੋਂ ਆਉਂਦਾ ਹੈ, ਉਹ ਉਸੇ ਦਰ ਵਲ ਨੂੰ ਖਿਚਦਾ ਤੁਰਿਆ ਜਾਂਦਾ ਹੈ, ਨਾਲ ਲੈ ਕੇ ਸੁਰਤ ਨੂੰ। ਮਹਾਰਾਜ ਕਹਿੰਦੇ, ਇਹ ਸਾਰਿਆਂ ਨਾਲੋਂ ਸੁਖਾਲਾ ਹੈ –

*ਕਲਜੁਗ ਨਾਨਕ ਨਾਮੁ ਸੁਖਾਲਾ।*

ਸੋ ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਸਮਝ ਵਿਚ ਆ ਜਾਏ ਕਿ ਸਾਡਾ ਜਿਹੜਾ ਸਰੀਰ ਹੈ ਨਾ ਇਹ ਐਵੇਂ ਹੀ ਨਹੀਂ ਹੈ ਕਿ ਰੋਟੀਆਂ ਵਗੈਰਾ ਖਾਣ ਵਾਸਤੇ, ਬਾਲ-ਬੱਚੇ ਪੈਦਾ ਕਰਕੇ, ਜ਼ਮੀਨਾਂ ਖਰੀਦਣ ਵਾਸਤੇ। ਇਹ ਤਾਂ ਬੜੀ ਮੁਸ਼ਕਲ ਦੇ ਨਾਲ ਸਾਨੂੰ ਪ੍ਰਾਪਤ ਹੋਇਆ ਹੈ। ਇਹ ਮਿਲਿਆ ਹੈ ਵਾਹਿਗੁਰੂ ਨੂੰ ਮਿਲਣ ਵਾਸਤੇ। ਜੇ ਤਾਂ ਮਿਲ ਗਏ ਆਉਣਾ ਜਾਣਾ ਖਤਮ ਹੋ ਜਾਣਾ ਹੈ, ਨਹੀਂ ਤਾਂ ਪਿਆਰਿਓ! ਓਹੀ ਚੱਕਰ ਫੇਰ ਸ਼ੁਰੂ ਹੋ ਜਾਣਾ ਹੈ। ਜੇ ਕਹੋ ਕਿ ਅਸੀਂ ਤਾਂ ਸਾਰਾ ਜ਼ੋਰ ਲਾ ਰਹੇ ਹਾਂ ਮਿਲਦਾ ਤਾਂ ਹੈ ਨਹੀਂ, ਮਿਲਦਾ ਨਹੀਂ ਉਹ। ਜਨਮ-ਜਨਮਾਂਤਰਾਂ ਦਾ ਤਪ ਕਰਨਾ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਧੰਨੇ ਨੇ ਕਿਹਾ, ਮਨ 'ਚ ਆ ਗਿਆ ਕਿ ਲੈ ਮੈਂ ਦੋ-ਢਾਈ ਘੰਟੇ ਬੈਠਾ, ਰੋਇਆ-ਰਾਇਆ ਹਾਂ, ਰੱਬ ਮਿਲ ਗਿਆ। ਫੇਰ ਤਾਂ ਸੁਖਾਲਾ ਹੀ ਹੈ, ਪ੍ਰਮੇਸ਼ਰ ਨੂੰ ਹੋਰ ਸਭ ਚੀਜ਼ਾਂ ਭਾਉਂਦੀਆਂ ਨੇ, ਬੰਦੇ ਦਾ ਅਭਿਮਾਨ ਨਹੀਂ ਭਾਉਂਦਾ, ਕਿਉਂਕਿ ਓਹੀ ਵਖਰਾ ਕਰਦਾ ਹੈ ਪ੍ਰਮੇਸ਼ਰ ਨਾਲੋਂ। ਪ੍ਰਭੂ ਕਹਿਣ ਲੱਗੇ, ਧੰਨਿਆ! ਕੀ ਖਿਆਲ ਕਰਦਾ ਹੈਂ ਤੂੰ ਗਲਤ, ਇੱਕ ਜਨਮ ਨਾਲ? ਆ ਤੈਨੂੰ ਦਿਖਾਵਾਂ। ਸੌ ਜਨਮ ਦੇਖਿਆ ਕਿਤੇ ਪੁੱਠਾ ਲਟਕਦਾ ਹੈ, ਕਿਤੇ ਪਾਣੀ 'ਚ ਬੈਠਾ ਹੈ ਕਿਤੇ ਰੋਂਦਾ ਹੈ, ਕਿਤੇ ਸੇਵਾ ਕਰ ਰਿਹਾ ਹੈ, ਕਿਤੇ ਸਾਧਨਾ ਕਰ ਰਿਹਾ ਹੈ। ਕਹਿੰਦੇ, ਪਿਆਰਿਆ! ਜਿੰਨੀ ਦੇਰ ਤਕ ਅੰਦਰ ਸੁੱਚਮਤਾ ਨਹੀਂ ਆਉਂਦੀ, ਨਿਰਮਲਤਾ ਨਹੀਂ ਆਉਂਦੀ, ਮੈਂ ਨਹੀਂ ਪ੍ਰਗਟ ਹੋਇਆ ਕਰਦਾ। ਰਹਿੰਦਾ ਮੈਂ ਅੰਦਰ ਹੀ ਹਾਂ। ਪਰ ਮਨੁੱਖ ਦੇ ਅੰਦਰ ਦੁਰਗੰਧ ਹੈ ਬੇਅੰਤ; ਜਦੋਂ ਤਕ ਇਹ ਦੁਰਗੰਧ ਬਾਹਰ ਕੱਢ ਕੇ ਸੁਗੰਧੀ ਨਹੀਂ ਪੈਦਾ ਕਰਦਾ। ਹੁਣ ਇਹ ਹੁੰਦਾ ਹੈ ਕਿ ਸੁਗੰਧੀ ਕਿੱਥੋਂ ਪੈਦਾ ਕਰੀਏ, ਫੁੱਲ ਅੰਦਰ ਲੈ ਜਾਈਏ?

ਨਹੀਂ, ਇੱਕ ਐਸਾ ਥਾਉਂ ਹੈ ਸਾਡੇ ਅੰਦਰ ਜਿਥੇ ਸੁਗੰਧੀ ਹੀ ਸੁਗੰਧੀ ਹੈ, ਆਪਣੇ ਆਪ ਨੱਕ ਨੂੰ ਬਾਹਰ ਵੀ ਆਉਣ ਲਗ ਜਾਂਦੀ ਹੈ। ਉਹ ਦਿੱਬਯ ਨਾਸਕਾ ਖੁਲ੍ਹਦੀ ਹੈ, ਪਵਿੱਤਰਤਾ ਆ ਜਾਂਦੀ ਹੈ, ਫੇਰ ਸੁਰਤੀ ਪ੍ਰਮੇਸ਼ਰ ਵਲ ਜਾਂਦੀ ਹੈ।

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

***ਅੰਗ - 938***

ਸੋ ਏਸ ਤਰ੍ਹਾਂ ਦੇ ਨਾਲ ਇਹ ਮਾਨਸ ਜਨਮ ਬਹੁਤ ਹੀ ਦੁਰਲਭ ਆਪਾਂ ਨੂੰ ਪ੍ਰਾਪਤ ਹੋਇਆ ਹੈ, ਤੁਹਾਡਾ ਸੰਗਤ 'ਚ ਆ ਜਾਣਾ, ਇਹ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ, ਤੁਹਾਡੇ ਕਰਮ ਜਾਗੇ ਹੋਏ ਨੇ ਫਲ ਦੇਣ ਨੂੰ ਸਮਰੱਥ ਹੋ ਰਹੇ ਨੇ, ਅਚਾਨਕ ਨਹੀਂ ਕੋਈ ਸਤਿਸੰਗ 'ਚ ਆਇਆ ਕਰਦਾ। ਜੇ ਆਵੇ ਲੈਣਾ ਦੇਣਾ ਉਹਨੇ ਕੁਛ ਨਹੀਂ ਹੁੰਦਾ, ਉਹਦੀ ਸੁਰਤ ਨੱਠ ਜਾਂਦੀ ਹੈ, ਟਿਕਦੀ ਨਹੀਂ ਹੈ। ਸੋ ਕੱਲ੍ਹ ਮੈਂ ਬੇਨਤੀ ਕਰਦਾ ਸੀ ਕਿ ਬੜੀ ਲੰਮੀ ਚੌੜੀ ਬੇਨਤੀ ਕਰੀ ਸੀ, ਮਹਾਰਾਜ ਨੇ ਕਿਸੇ ਸਿਆਣੇ ਦੀ ਮਿਸਾਲ ਨਹੀਂ ਦਿਤੀ ਕਿਸੇ ਦੀ। ਇੱਕ ਬੱਚੇ ਦੀ ਮਿਸਾਲ ਦਿੱਤੀ ਹੈ, ਕਹਿੰਦੇ ਪੰਜ ਸਾਲ ਦਾ ਸੀ ਸਾਰਾ ਹੀ।

ਨਾ ਉਹਦਾ ਕੋਈ ਵਾਲੀ ਵਾਰਿਸ ਸੀ, ਪਿਉ ਨੇ ਵੀ ਕੱਢਿਆ ਹੋਇਆ ਸੀ। ਮਾਂ ਵਿਚਾਰੀ ਗਰੀਬੜੀ ਸੀ ਤੇ ਜਦੋਂ ਉਹਨੇ ਬੰਦਗੀ ਕੀਤੀ, ਕਹਿੰਦੇ ਅਮਰ ਅਵਸਥਾ, ਅਟਾਰੀ ਸਭ ਤੋਂ ਉਤਮ ਅਵਸਥਾ ਪ੍ਰਾਪਤ ਹੋ ਗਈ।

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***

***ਅੰਗ - 632***

ਤੇਰੇ ਤਾਂ ਚਿੱਤ ਚੇਤੇ ਵੀ ਨਹੀਂ ਆਉਣਾ। ਕਾਹਤੋਂ ਭੁੱਲਿਆ ਹੈਂ?

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥*** ***ਅੰਗ - 450***

ਹੁਣ ਮਾਤਾ ਦੇ ਕੋਲ ਉਸਨੇ ਸਵਾਲ ਕਰਿਆ ਕਿਉਂਕਿ ਥੱਪੜ ਲੱਗ ਗਏ, ਵਿਚਾਰਾ ਬੇਇਜ਼ਤ ਹੋ ਗਿਆ। ਗੋਦੀ ਤੋਂ ਖਿੱਚ ਲਿਆ, ਰੋਂਦਾ ਮਾਂ ਕੋਲ ਆਉਂਦਾ ਹੈ। ਮਾਂ ਨੂੰ ਦਸਦਾ ਹੈ ਕਿ ਮੈਨੂੰ ਐਉਂ ਮਾਰਿਆ ਪਟਕਾ ਕੇ ਤੇ ਆਹ ਗੱਲ ਕਹੀ ਕਿ ਜੇ ਗੋਦੀ 'ਚ ਬਹਿਣਾ ਸੀ ਤਾਂ ਤੂੰ ਮੇਰੇ ਪੇਟ 'ਚੋਂ ਜਨਮ ਲੈਂਦਾ। ਉਹਦੇ ਪੇਟ 'ਚੋਂ ਕਿਉਂ ਜਨਮ ਲਿਆ?

ਮਾਤਾ! ਤੂੰ ਕੋਣ ਹੈਂ ਉਹ ਕੌਣ ਹੈ? ਕਹਿਣ ਲੱਗੀ, ਬੇਟਾ - ਸੁਆਣੀ ਹਾਂ ਜਨਮ ਦੀ, ਮੈਂ ਹਾਂ ਤਾਂ ਪਟਰਾਣੀ। ਪਰ ਮੇਰੇ ਕੋਲ ਤਪ ਨਹੀਂ ਸੀ, ਤਪ ਦੀ ਘਾਟ ਸੀ, ਏਸ ਕਰਕੇ ਮੈਨੂੰ ਬਨਵਾਸ ਦੇ ਦਿੱਤਾ। -

***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਹੁਣ ਉਹਦਾ ਅਗਲਾ ਸਵਾਲ ਸੀ ਕਿ ਮਾਤਾ! ਜਦ ਤਾਂ ਆਪਾਂ ਨਾਮ

ਨਹੀਂ ਜਪਿਆ, ਹੁਣ ਦੱਸੋ –

***ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਕੋਈ ਹੈ ਤਰੀਕਾ ਜਿਦੇ ਨਾਲ ਰਾਜ ਮਿਲ ਜਾਵੇ। ਮੇਰਾ ਹੱਕ ਮੈਨੂੰ ਮਿਲ ਜਾਵੇ ਕੋਈ ਤਰੀਕਾ ਹੈ ਦੁਨੀਆਂ 'ਚ? ਦੂਸਰਾ ਹੈ ਜਿਹੜੇ ਸਾਡੇ ਨਾਲ ਵੈਰ ਕਰ ਰਹੇ ਨੇ, ਪਿਤਾ ਵੈਰ ਕਰ ਰਿਹਾ ਹੈ, ਮਾਤਾ ਵੈਰ ਕਰ ਰਹੀ ਹੈ ਕਿ ਇਹ ਮਿੱਤਰ ਕਿਵੇਂ ਹੋਣਗੇ? ਕੋਈ ਵੀ ਦੁਨੀਆਂ ਦੇ ਅੰਦਰ ਵੈਰੀ ਨਾ ਰਹੇ, ਸਾਰੇ ਮਿੱਤਰ ਹੋ ਜਾਣ।

ਉਸ ਵੇਲੇ ਮਾਂ ਉਸ ਦੇ ਸਵਾਲ ਦਾ ਜਵਾਬ ਇਸ ਤਰ੍ਹਾਂ ਦਿੰਦੀ ਹੈ ਪੜ੍ਹੋ ਪਿਆਰ ਨਾਲ –

***ਸਤਿਨਾਮ ਜਪ ਕੇ ਵਾਹਿਗੁਰੂ।***

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ***
***ਹਰਿ ਕੇ ਚਰਣ ਰਸਾਇਣ ॥***
***ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥ 1 ॥***
***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥***

***ਅੰਗ – 714***

ਬੇਟਾ! ਸਾਰਿਆਂ ਸੁੱਖਾਂ ਦੇ ਦੇਣ ਵਾਲਾ, ਸਾਰੀਆਂ ਆਸਾਂ ਪੂਰੀਆਂ ਕਰਨ ਵਾਲਾ ਇਹ ਸੰਸਾਰ ਦਾ ਮਾਲਕ ਵਾਹਿਗੁਰੂ ਹੈ, ਪ੍ਰਭੂ ਹੈ, ਗੋਬਿੰਦ ਹੈ ਅੱਲਾਹ ਹੈ। ਕੁਛ ਕਹਿ ਲ਼ਓ। ਉਹਦਾ ਜੇ ਨਾਮ, ਧਿਆਨ ਹਿਰਦੇ 'ਚ ਬੈਠ ਜਾਵੇ, ਜੋ ਮੰਗਦਾ ਹੈ ਉਹ ਪੂਰਾ ਹੋ ਜਾਂਦਾ ਹੈ।

***ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਅੰਗ – 263***

ਕੋਈ ਆਸਾ ਬਕਾਇਆ ਨਹੀਂ ਰਹਿੰਦੀ। ਉਹਦੇ ਪਿਆਰਿਆਂ ਦੀ ਜੇ ਸੇਵਾ ਕਰੋ ਤਾਂ ਚਾਰ ਚੀਜ਼ਾਂ ਮਿਲ ਜਾਂਦੀਆ ਨੇ ਧਰਮ, ਅਰਥ, ਕਾਮ, ਮੋਖ। ਗੁਰੂ ਦੀ ਸੇਵਾ ਕਰੋ, ਕੋਈ ਅੰਤ ਹੀ ਨਹੀਂ ਰਹਿੰਦਾ। ਤੀਰਥ ਤੇ ਜਾਓ, ਇੱਕ ਫਲ ਮਿਲਦਾ ਹੈ –

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ***
***ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵਿਚਾਰ।***

ਜਿਹੜਾ ਏਧਰ ਨਹੀਂ ਆਉਂਦਾ ਬੇਟਾ! ਪ੍ਰਮੇਸ਼ਰ ਦੀ ਬੰਦਗੀ ਨਹੀਂ ਕਰਦਾ। ਉਹਨੇ ਦੁਰਲਭ ਦੇਹ ਪਾ ਤਾਂ ਲਲਈ ਭਾਗਾਂ ਨਾਲ, ਪਰ ਜੇ ਨਾਮ ਨਹੀਂ ਜਪਦਾ ਤਾਂ ਉਹ ਆਤਮਘਾਤੀ ਹੈ। ਫੁਰਮਾਨ ਹੈ –

***ਦੁਲਭ ਦੇਹ ਪਾਈ ਵਡਭਾਗੀ ॥***
***ਨਾਮੁ ਨ ਜਪਹਿ ਤੇ ਆਤਮ ਘਾਤੀ ॥***
***ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥***
***ਨਾਮ ਬਿਹੂਨ ਜੀਵਨ ਕਉਨ ਕਾਮ ॥ ਰਹਾਉ ॥***
***ਖਾਤ ਪੀਤ ਖੇਲਤ ਹਸਤ ਬਿਸਥਾਰ ॥***

*ਕਵਨ ਅਰਥ ਮਿਰਤਕ ਸੀਗਾਰ ॥ 2 ॥*
*ਜੋ ਨ ਸੁਨਹਿ ਜਸੁ ਪਰਮਾਨੰਦਾ ॥*
*ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ 3 ॥*
*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥*
*ਕੇਵਲ ਨਾਮੁ ਰਿਦ ਮਾਹਿ ਸਮਾਇਆ ॥ ਅੰਗ - 188*

ਜਪਣ ਦਾ ਫਾਇਦਾ ਤੇ ਨਾ ਜਪਣ ਦਾ ਨੁਕਸਾਨ -

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥ ਅੰਗ - 960*

ਦੁਨੀਆਂ ਸੁਖ ਭਾਲਦੀ ਫਿਰਦੀ ਹੈ, ਪਰ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - 222*

ਨਾਮ ਨੂੰ ਭੁੱਲ ਜਾਂਦੇ ਨੇ, ਸੁਖ ਸਾਰੇ ਮੰਗਦੇ ਨੇ। ਮੇਰਾ ਆਹ ਹੋ ਜਾਏ, ਮੇਰਾ ਕੰਮ ਨਹੀਂ ਚਲਦਾ। ਜਦ ਸਾਫ ਕਿਹਾ ਹੋਇਆ ਹੈ ਬਾਣੀ ਦੇ ਅੰਦਰ, ਉਹਦੇ ਉਤੇ ਕਿਉਂ ਨਹੀਂ ਭਰੋਸਾ ਲਿਆਉਂਦੇ। ਕੋਈ ਚਾਹੁੰਦਾ ਹੈ ਸੁਖ? ਦੱਸੋ? ਦੁਨੀਆਂ 'ਚ ਦੁਖ ਤਾਂ ਕੋਈ ਨਹੀਂ ਚਾਹੁੰਦਾ, ਸੁਖ ਅਸੀਂ ਸਾਰੇ ਹੀ ਚਾਹੁੰਦੇ ਹਾਂ ਮਹਾਰਾਜ ਕਹਿੰਦੇ ਤੈਨੂੰ ਦਸ ਦਿੰਦੇ ਹਾਂ।

*ਜੇ ਲੋੜਹਿ ਸਦਾ ਸੁਖੁ ਭਾਈ ॥*

ਕਹਿੰਦੇ ਚਾਹੁੰਦਾ ਹੈਂ ਤੂੰ ਕਿ ਤੈਨੂੰ ਸਦਾ ਸੁਖ ਹੋਵੇ। ਤਾਂ ਤੈਨੂੰ ਅਸੀਂ ਦਸ ਦਿੰਦੇ ਹਾਂ, ਭੇਤ ਇਹਦਾ -

*ਸਾਧੂ ਸੰਗਤਿ ਗੁਰਹਿ ਬਤਾਈ ॥ ਅੰਗ - 1182*

ਗੁਰੂ ਨੇ ਦਸ ਦਿੱਤਾ ਕਿ ਸਾਧੂ ਦੀ ਸੰਗਤ ਕਰ ਜੇ ਸਾਰੇ ਸੁਖ ਚਾਹੁੰਦਾ ਹੈਂ। ਹੁਣ ਇਸ ਤੋਂ ਅੱਗੇ ਤਾਂ ਕੋਈ ਗੱਲ ਨਹੀਂ, ਫੇਰ ਆ ਕੇ ਮੈਨੂੰ ਕਹੀ ਜਾਣਗੇ ਕਿ ਬਾਬਾ ਜੀ! ਸਾਡਾ ਕੰਮ ਨਹੀਂ ਚਲਦਾ, ਅਸੀਂ ਦੁਖੀ ਬਹੁਤ ਹਾਂ। ਸਾਧੂ ਦਸਦੇ ਨੇ ਅੱਗੇ ਨੁਸਖੇ, ਉਹ ਕਹਿੰਦੇ -

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ ॥*
*ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ ॥ ਅੰਗ - 960*

ਮਿੱਤਰ ਬਣਾ ਲਓ ਵਾਹਿਗੁਰੂ ਨੂੰ। ਦਿਨ ਰਾਤ ਮਿੱਤਰ ਦਾ ਧਿਆਨ ਰਹਿੰਦਾ ਹੈ। ਸਾਰੇ ਜਾਣਦੇ ਨੇ ਇਸ ਗੱਲ ਨੂੰ। ਆਪਣਾ ਪਿਆਰਾ ਹੋਵੇ ਉਹਦਾ ਧਿਆਨ ਹਰ ਵਕਤ ਰਹਿੰਦਾ ਹੈ। ਕਹਿੰਦੇ, ਫੇਰ ਕੀ ਹੁੰਦਾ ਹੈ ਸਾਰੇ ਕੰਮ ਸੰਵਾਰ ਜਾਂਦਾ ਹੈ ਉਹ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - 638*

ਸਾਰੇ ਕੰਮ ਹੋ ਜਾਂਦੇ ਨੇ।

*ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ ॥*

*ਅੰਗ - ੯੬੦*

ਦਰਗਾਹ ਦੇ ਵਿਚ ਪਰਵਾਨ ਨੇ।

***ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ ॥***

***ਅੰਗ - 960***

ਕਹਿੰਦੇ ਦਿਨਾਂ ਦੇ ਵਿਚ ਹੀ ਅਮੀਰ ਹੋ ਜਾਂਦਾ ਹੈ, ਐਨਾ ਧਨ ਹੋ ਜਾਂਦਾ ਹੈ ਉਹਦੇ ਕੋਲ, ਮਾਇਆ ਨੱਠ-ਨੱਠ ਕੇ ਆਉਂਦੀ ਹੈ।

***ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥***
***ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ ॥***

***ਅੰਗ - 960***

ਇੱਕ ਸੌ ਇੱਕੀ ਕੁਲ ਦਾ ਉਧਾਰ ਕਰ ਦਿੰਦਾ ਹੈ। 24 ਦਾਦਕਿਆਂ ਦੀਆਂ, 20 ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ। 12 ਜਿੱਥੇ ਲੜਕਾ ਲੜਕੀ ਵਿਆਹੇ ਨੇ, ਗਿਆਰ੍ਹਾਂ ਜਿਸ ਥਾਂ ਦੇ ਉਥੇ ਭੈਣ ਵਿਆਹੀ ਹੈ। 9 ਜਿਥੇ ਮਾਸੀ ਹੈ, ਅੱਠ ਜਿਥੇ ਭੂਆ ਹੈ। ਸਾਰੇ ਕੁਲ ਦਾ ਉਧਾਰ ਕਰ ਦਿੰਦਾ ਹੈ ਤੇ ਫੇਰ ਮਹਾਰਾਜ ਕਹਿੰਦੇ ਉਹਦਾ ਤਾਂ ਕਿਹਾ ਹੋਇਆ ਦਰਗਾਹ 'ਚ ਚਲਦਾ ਹੈ ਜਿਥੇ ਚਿੱਤ 'ਚ ਵਾਹਿਗੁਰੂ ਹੈ। ਲੇਖ ਮੇਟ ਦਿੰਦਾ ਹੈ, ਵਾਹਿਗੁਰੂ ਦਰਗਾਹ ਦੇ ਵਿਚ ਕਹਿ ਦਿੰਦਾ ਹੈ ਕਿ ਇਹ ਨਹੀਂ ਗੱਲ ਆਹ ਗੱਲ ਕਰ ਦਿਓ।

ਇੱਕ ਵਾਰੀ ਸਵਾਲ ਆਇਆ ਸਾਰੇ ਮਹਾਂਪੁਰਸ਼ਾਂ 'ਚ। ਪ੍ਰਮੇਸ਼ਰ ਦੇ ਸਾਖਸ਼ਾਤ ਹੋ ਕੇ ਕਿ ਹੇ ਪ੍ਰਭੂ! ਤੇਰੇ ਤੋਂ ਵੀ ਕੋਈ ਵੱਡਾ ਹੈ, ਤੂੰ ਸਭ ਤੋਂ ਵੱਡਾ ਹੈਂ। ਤੇਰੇ ਤੋਂ ਕੋਈ ਵੱਡਾ ਹੈ, ਚੁੱਪ ਕਰ ਰਹੇ। ਕਹਿਣ ਲੱਗੇ ਮਹਾਰਾਜ! ਇਹ ਭੇਤ ਆਪ ਖੋਲ੍ਹ ਦਿਓ। ਉਹ ਕਹਿਣ ਲੱਗੇ ਮੇਰੇ ਤੋਂ ਵੱਡੇ ਉਹ ਨੇ ਪਿਆਰਿਓ! ਜਿਨ੍ਹਾਂ ਦੇ ਆਸਰੇ ਮੈਂ ਰਹਿੰਦਾ ਹਾਂ, ਮੈਂ ਪ੍ਰਗਟ ਹੁੰਦਾ ਹਾਂ। ਮੈਂ ਤਾਂ ਗੁਪਤ ਹਾਂ, ਮੈਨੂੰ ਤਾਂ ਕੋਈ ਜਾਣ ਹੀ ਨਹੀਂ ਸਕਦਾ। ਉਹ ਮੇਰਾ ਰੂਪ ਨੇ -

***ਦਾਸ ਅਨਿੰਨ ਮੇਰੋ ਨਿਜ ਰੂਪ ॥ ਦਰਸਨ ਨਿਮਖ ਤਾਪ ਤ੍ਰਈ***
***ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥***
***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***

*ਅੰਗ- ੧੨੫੨*

ਜੇ ਮੇਰੇ ਤੋਂ ਵੱਡੇ ਨੇ ਤਾਂ ਹੀ ਮੇਰੀ ਬੰਨ੍ਹੀ ਹੋਈ ਛੁਡਾ ਦਿੰਦੇ ਨੇ। ਛੋਟੇ ਹੋਣ ਤਾਂ ਕੀ ਮੇਰਾ ਬੰਨ੍ਹਿਆ ਹੋਇਆ ਵੀ ਦੁਨੀਆਂ 'ਚ ਛੁਡਾਉਂਦਾ ਹੈ। ਜੇ ਉਹ ਬੰਨ੍ਹ ਦਿੰਦੇ ਨੇ ਫੇਰ ਉਹ ਨਹੀਂ ਮੇਰੇ ਤੋਂ ਛੁਟਦੀ। ਮੈਂ ਕੁਛ ਨਹੀਂ ਕਹਿ ਸਕਦਾ, ਮੈਂ ਆਪਣੇ ਪਿਆਰਿਆਂ ਦੇ ਅਧੀਨ ਹਾਂ।

***ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥***

***ਅੰਗ - 1253***

ਮੇਰਾ ਜੀਵਨ ਜਿਹੜਾ ਹੈ ਉਹ ਮੇਰੇ ਪਿਆਰੇ ਨੇ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਦਸ ਦਿੰਦੇ ਨੇ ਕਿ ਐਸ ਤਰ੍ਹਾਂ ਪਿਆਰਿਆ!

ਕਰ ਲੈ। ਫੇਰ ਮਹਾਂਪੁਰਸ਼ਾਂ ਦਾ ਦਰਜਾ ਕਿੱਡਾ ਹੁੰਦਾ ਹੈ? ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

***ਅੰਗ - 707***

ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* ***ਅੰਗ - 186***

ਬਾਦਸ਼ਾਹ ਦਾ ਤਾਂ ਚਲਦਾ ਨਹੀਂ ਹੈ, ਉਹਦਾ ਚਲਦਾ ਹੈ। ਬਾਦਸ਼ਾਹ ਵੀ ਆ ਕੇ ਦਰ 'ਤੇ ਖੜ੍ਹੇ ਹੁੰਦੇ ਨੇ, ਮੰਗਦੇ ਨੇ ਉਹਦੇ ਕੋਲੋਂ। ਸੋ ਮਾਤਾ ਕਹਿਣ ਲੱਗੀ, ਬੇਟਾ! ਉਹ ਵੱਡੇ ਤੋਂ ਵੱਡਾ ਰਾਜਾ ਹੈ ਜਿਹਦੇ ਚਿੱਤ ਵਿਚ ਵਾਹਿਗੁਰੂ ਆ ਜਾਏ।

ਮਾਤਾ! ਪਹਿਲਾਂ ਜਨਮ ਵੀ ਸੀਗਾ?

ਕਹਿੰਦੀ ਹਾਂ ਪੁੱਤਰ।

ਇਹ ਸਰੀਰ ਜਦੋਂ ਤੇਰਾ ਬਣਿਆ ਨਹੀਂ ਸੀ, ਉਸ ਵੇਲੇ ਤੂੰ ਕਿਸੇ ਹੋਰ ਸਰੀਰ ਵਿਚ ਸੀ। ਜਿਸਨੂੰ ਮੌਤ ਕਹਿੰਦੇ ਨੇ ਉਹ ਮੌਤ ਨਹੀਂ ਹੁੰਦੀ, ਤਬਾਦਲਾ ਹੋਇਆ ਕਰਦਾ ਹੈ, ਬਦਲੀ ਹੋਇਆ ਕਰਦੀ ਹੈ। ਇੱਕ ਘਰ ਜਿਵੇਂ ਛੱਡ ਕੇ ਦੂਜੇ 'ਚ ਚਲਿਆ ਜਾਵੇ। ਇਵੇਂ ਹੀ ਇਹ ਜੀਵ ਆਤਮਾ ਇੱਕ ਸਰੀਰ ਛੱਡ ਦਿੰਦਾ ਹੈ, ਦੂਜੇ 'ਚ ਆ ਜਾਂਦਾ ਹੈ। ਬੇਟਾ! ਉਸ ਜਨਮ 'ਚ ਨਾ ਤੂੰ ਕਰਿਆ ਹੈ ਕੁਛ, ਨਾ ਮੈਂ ਕਰਿਆ ਹੈ।

ਫੇਰ ਮਾਤਾ! ਹੁਣ ਮੈਂ ਕੀ ਕਰਾਂ?

ਕਹਿੰਦੀ, ਭਗਤੀ ਕਰ।

ਸਾਰੇ ਰਿਸ਼ੀ ਮੁਨੀ ਜੰਗਲਾਂ ਦੇ ਅੰਦਰ ਭਗਤੀ ਕਰ ਰਹੇ ਨੇ। ਤਪ ਕਰ ਰਹੇ ਨੇ।

ਕਹਿੰਦੇ, ਮਾਂ ਮੈਨੂੰ ਤਾਂ ਭਗਤੀ ਦਾ ਪਤਾ ਨਹੀਂ। ਕਹਿੰਦੇ, ਭਗਤੀ ਬੇਟਾ! ਨੌਂ ਤਰ੍ਹਾਂ ਦੀ ਹੋਇਆ ਕਰਦੀ ਹੈ। ਇੱਕ ਤਾਂ ਹੋਇਆ ਕਰਦੀ ਹੈ ਵਾਹਿਗੁਰੂ ਨੂੰ ਯਾਦ ਰੱਖਣ ਵਾਸਤੇ ਉਹਦਾ ਨਾਮ ਜਪੀ ਜਾਣਾ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਕਰੀ ਜਾਣਾ। ਮੰਤਰ ਦਿੰਦਾ ਹੁੰਦਾ ਹੈ ਗੁਰੂ। ਜਿਹੜਾ ਵੀ ਮੰਤਰ ਦੇ ਦੇਵੇ ਉਹਨੂੰ ਜਪੋ। ਜਦੋਂ ਯਾਦ ਦੇ ਵਿਚ ਬਹਿ ਜਾਵੇ ਨਾ ਕਿ ਜਿਹਦਾ ਨਾਮ ਜਪਦੇ ਹਾਂ, ਫੇਰ ਉਹਨੂੰ ਸਿਮਰਨ ਕਹਿੰਦੇ ਨੇ। ਪਹਿਲਾਂ ਜਪਣਾ ਹੁੰਦਾ ਹੈ, ਫੇਰ ਯਾਦ ਦੇ ਵਿਚ ਵਸਾਉਣਾ ਹੁੰਦਾ ਹੈ। ਸਿਮਰਨ ਭਗਤੀ ਬਹੁਤ ਵੱਡੀ ਹੈ। ਜਦੋਂ ਯਾਦ ਵਿੱਚ ਵਸ ਜਾਂਦਾ ਹੈ। ਫੇਰ ਉਹ ਪ੍ਰਮੇਸ਼ਰ 'ਚ ਹੀ ਰਹਿੰਦਾ ਹੈ ਹਰ ਵਕਤ। ਦੂਸਰੀ ਹੋਇਆ ਕਰਦੀ ਹੈ

ਬੇਟਾ! ਸਰਵਣ ਭਗਤੀ। ਤੱਤਬੇਤੇ ਮਹਾਂਪੁਰਸ਼ਾਂ ਦੀ ਸੰਗਤ 'ਚ ਜਾ ਕੇ ਉਨ੍ਹਾਂ ਦੇ ਤੱਤ ਦੇ ਬਚਨ ਸਰਵਣ ਕਰੋ। ਘਟੀਆ ਬਚਨ ਨਹੀਂ, ਤੱਤ ਦੇ ਬਚਨ। ਇਹ ਸਰਵਣ ਭਗਤੀ ਹੁੰਦੀ ਹੈ, ਇਹਦਾ ਮਹਾਤਮ ਬਹੁਤ ਵੱਡਾ ਹੈ।

***ਸੁਣਿਐ ਸਿਧ ਪੀਰ ਸੁਰਿ ਨਾਥ ॥***
***ਸੁਣਿਐ ਧਰਤਿ ਧਵਲ ਆਕਾਸ ॥***
***ਸੁਣਿਐ ਦੀਪ ਲੋਅ ਪਾਤਾਲ ॥***
***ਸੁਣਿਐ ਪੋਹਿ ਨ ਸਕੈ ਕਾਲੁ ॥***
***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - 2***

ਤੀਸਰੀ ਭਗਤੀ ਹੋਇਆ ਕਰਦੀ ਹੈ, ਕੀਰਤਨ, ਵਜਦ ਵਿਚ ਆ ਹਰੀ ਦਾ ਜਾਪ ਕਰਨਾ। ਗੁਰੂ ਨਾਨਕ ਪਾਤਸ਼ਾਹ ਨੇ ਕੀਰਤਨ ਭਗਤੀ ਪਹਿਲੇ ਨੰਬਰ 'ਤੇ ਕਰ ਦਿੱਤੀ। ਜਿਹੜਾ ਹਰੀ ਦਾ ਜਸ ਗਾਉਂਦਾ ਹੈ, ਮਹਾਰਾਜ ਕਹਿੰਦੇ ਹਰ ਬੰਦਾ ਨਹੀਂ ਕੀਰਤਨ ਕਰ ਸਕਦਾ। ਜਿਹੜੇ ਕੀਰਤਨ ਦਾ ਮੁੱਲ ਲੈਂਦੇ ਨੇ, ਵੇਚਦੇ ਨੇ ਕੀਰਤਨ, ਉਹ ਹੀਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਨੇ। ਪੈਸਾ ਤਾਂ ਨਾਲ ਨਹੀਂ ਜਾਣਾ, ਪੈਸਾ ਤਾਂ ਪਰਾਲਬਧ ਵਾਹਿਗੁਰੂ ਨੇ ਲਿਖੀ ਹੋਈ ਹੈ ਹਰ ਜੀਵ ਦੇ ਮੱਥੇ 'ਚ। ਇਹਨੂੰ ਵੇਚਣਾ, ਕਾਰਮਨਾ ਕਿ ਐਨੇ ਪੈਸੇ ਲਵਾਂਗੇ ਤਾਂ ਅਸੀਂ ਆਵਾਂਗੇ, ਉਹ ਜਗਿਆਸੂ ਨੇ ਉਨ੍ਹਾਂ ਦੇ ਮਨ ਵਿਚ ਹੈ ਕਿ ਅਸੀਂ ਕੁਛ ਸੁਣੀਏ, ਉਨ੍ਹਾਂ ਨੇ ਇੱਕ ਘੰਟਾ ਬੰਨ੍ਹ ਦਿਤਾ ਕਿ ਇਕ ਘੰਟੇ ਦਾ ਗਿਆਰ੍ਹਾਂ ਹਜ਼ਾਰ ਲਵਾਂਗੇ, 15 ਲਵਾਂਗੇ, 25 ਲਵਾਂਗੇ, ਦਸਦੇ ਹੁੰਦੇ ਨੇ ਕਿ ਐਨਾ-ਐਨਾ ਰੇਟ ਹੋ ਗਿਆ ਜੀ। ਕੋਈ ਕਹਿ ਦਿੰਦਾ ਹੈ ਜੀ ਚੜ੍ਹਾਵਾ ਲਵਾਂਗੇ ਸਾਰਾ। ਵਾਜਿਆਂ 'ਤੇ ਰਖਾਵਾਂਗੇ ਪੈਸਾ। ਆਉਣ ਜਾਣ ਦਾ ਲਵਾਂਗੇ ਖਰਚਾ ਤੇ ਕ੍ਰੀਰਤਨ ਕਰਨ ਦਾ ਅਸੀਂ ਐਨਾ ਪੈਸਾ ਹੋਰ ਲਵਾਂਗੇ। ਸੌਦੇਬਾਜ਼ੀ ਹੈ ਇਹ ਤਾਂ ਸਾਰੀ। ਇਹ ਭਗਤੀ ਨਹੀਂ ਹੈ। ਇਹ ਤਾਂ art ਨੂੰ display ਕਰ ਰਿਹਾ ਹੈ ਉਹ ਤਾਂ ਬੋਲਾ ਹੈ। ਮਹਾਰਾਜ ਕਹਿੰਦੇ ਜੇ ਤੇਰੇ ਕੋਲ ਗੁਣ ਨੇ ਨਾ, ਤੂੰ ਮੁੱਲ ਨਾ ਵੇਚ। ਉਹਦੀ ਸਾਂਝ ਪਾ ਦੂਜਿਆਂ ਨਾਲ।

***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥***
***ਅੰਗ - 766***

ਵਜਦ 'ਚ ਆ ਕੇ ਪ੍ਰਭੂ ਦਾ ਨਾਮ ਆਪ ਜਪਣਾ, ਆਪ ਗਾਉਣਾ ਤੇ ਆਪ ਕੀਰਤਨ ਕਰਨਾ ਤੇ ਦੂਜਿਆਂ ਤੋਂ ਕਰਾਉਣਾ ਇਹ ਸਭ ਤੋਂ ਸ੍ਰੇਸ਼ਟ ਭਗਤੀ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ ਹਰਿ***
***ਦਰਗਹ ਪਤਿ ਸਿਉ ਜਾਇਦਾ ॥ ਅੰਗ - 1076***

ਗੁਰੂ ਦੇ ਰਾਹੀਂ ਹੋ ਕੇ ਜਦੋਂ ਅਸੀਂ ਜਪਦੇ ਹਾਂ, ਧਿਆਨ ਲਾ ਕੇ।

ਕੀਰਤਨ ਦੋ ਪ੍ਰਕਾਰ ਦਾ ਹੈ। ਇੱਕ ਤਾਂ ਆਹ ਹੈ ਜਿਹੜਾ ਆਪਾਂ ਕਰ ਰਹੇ ਹਾਂ। ਚਲੋ ਰਾਗੀ ਦੂਸਰੀ ਤਰ੍ਹਾਂ ਕਰ ਰਹੇ ਨੇ, ਅਸੀਂ ਵਿੱਚ ਵਿਚਾਰਾਂ ਵੀ ਕਰ ਰਹੇ ਹਾਂ। ਹੈ ਕੀਰਤਨ ਸਾਰਾ।ਇਹਦਾ ਫਲ ਹੈ ਕਾਫੀ।

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਇੱਕ ਕੀਰਤਨ ਅੰਦਰ ਹੈ। ਜਿਸਦੇ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਬਾਹਰਲੇ ਬਾਰੇ ਵੀ ਕਰਦੇ ਨੇ ਪਰ ਅੰਦਰਲੇ ਬਾਹਰਲੇ ਬਹੁਤਾ ਕਰ ਰਹੇ ਨੇ। ਨਾਮ ਜਪਣਾ ਬਾਹਰਲਾ ਵੀ ਹੈ, ਇਕੱਠੇ ਹੋ ਕੇ ਆਪਾਂ ਵਾਹਿਗੁਰੂ-ਵਾਹਿਗੁਰੂ ਦੀ ਧੁਨ ਲਾ ਦੇਈਏ। ਵਾਜੇ ਵੱਜਣ, ਢੋਲਕੀਆਂ ਵੱਜਣ। ਇਹ ਅੰਦਰ ਘਟ ਜਾਂਦਾ ਹੈ ਬਾਹਰ ਹੀ ਬਾਹਰ ਰਹਿੰਦਾ ਹੈ। ਇੱਕ ਹੈਗਾ ਨਾ ਵਾਜਾ ਵਜਦਾ ਹੈ, ਨਾ ਢੋਲਕੀ ਵਜਦੀ ਹੈ, ਨਾ ਕੋਈ ਸਾਜ ਵੱਜਦਾ ਹੈ, ਨਾ ਕੋਈ ਸਤਾਰ ਵਜਦੀ ਹੈ, ਨਾ ਕੋਈ ਵੀਣਾ ਵਜਦੀ ਹੈ। ਬੈਠਾ ਹੈ ਕੀਰਤਨ ਸੁਣ ਰਿਹਾ ਹੈ। ਸਾਰੇ ਹੀ ਸਾਜ ਵੱਜ ਰਹੇ ਨੇ, ਝੂੰਮਦਾ ਹੈ। ਪਤਾ ਨਹੀਂ ਲਗਦਾ ਕਿ ਇਹਨੂੰ ਕਾਹਦੀ ਖੁਸ਼ੀ ਹੋ ਗਈ ਕਿ ਇਹ ਝੂੰਮਣ ਲਗ ਗਿਆ। ਉਹਨੂੰ ਅੰਦਰ ਕੀਰਤਨ ਸੁਣਦਾ ਹੈ। ਚਾਹੇ ਕਿਸੇ ਬਾਣੀ ਦੀ ਤੁਕ ਦਾ ਹੋਵੇ, ਚਾਹੇ ਹੋਵੇ ਨਾਮ ਦਾ। ਨਾਮ ਦਾ ਕੀਰਤਨ ਹੋਰ ਸ੍ਰੇਸ਼ਟ ਹੋਇਆ ਕਰਦਾ ਹੈ। ਨਾਮ ਦਾ ਧੁਨ ਦਾ ਕੀਰਤਨ ਸੁਣਦਾ ਹੈ। ਕਹਿੰਦੇ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - 879***

ਗੱਲਾਂ ਇਹ ਤੁਹਾਡੇ ਯਾਦ ਰਹਿ ਜਾਣ ਤਾਂ ਬਹੁਤ ਵਧੀਆ ਹੈ ਪਰ ਮੈਂ ਜਦੋਂ ਬਾਅਦ ਵਿਚ ਪੁੱਛਦਾ ਹੁੰਦਾ ਹਾਂ, ਕਿਸੇ ਦੇ ਨਹੀਂ ਯਾਦ ਰਹਿੰਦੀਆਂ। ਏਧਰ ਉਧਰ ਦੇਖੀ ਜਾਣਗੇ ਕਿ ਜਿਵੇਂ ਕਿਤੇ ਦੀਵਾਨ 'ਚ ਬੈਠੇ ਹੀ ਨਹੀਂ ਹੁੰਦੇ। ਪੁੱਛਦਾ ਹੁੰਦਾ ਹਾਂ ਮੈਂ ਬਾਅਦ 'ਚ ਕਿ ਮੈਂ ਕੀ ਕਿਹਾ ਸੀ? ਉਹ ਇਸ ਕਰਕੇ ਪੁੱਛਦਾ ਹਾਂ ਕਿ ਥੋੜ੍ਹੇ ਜਿਹੇ attentive ਹੋਣ ਕਿ ਮੇਰੇ ਤੋਂ ਮਹਾਰਾਜ ਕਰਾ ਰਹੇ ਨੇ ਕਿ ਇਹਦਾ ਇਨ੍ਹਾਂ ਨੂੰ ਕੋਈ ਫਲ ਵੀ ਹੋ ਰਿਹਾ ਹੈ ਕਿ ਕੰਨੀਂ ਸੁਣ ਕੇ ਕੱਢੀ ਜਾ ਰਹੇ ਨੇ ਬਾਹਰ। ਉਹਦਾ ਫਲ ਬਹੁਤਾ ਮਿਲਦਾ ਹੈ ਹਦ ਤੋਂ ਜ਼ਿਆਦਾ। ਉਹ ਜਿਹੜੇ ਸਾਜ ਹੁੰਦੇ ਨੇ ਨਾ ਉਹ ਐਨੇ ਮਿੱਠੇ ਹੁੰਦੇ ਨੇ, ਵਾਹਿਗੁਰੂ ਉਨ੍ਹਾਂ ਸਾਜਾਂ ਦੀ ਧੁਨ ਸੁਣ ਕੇ ਮੋਹ ਹੋ ਜਾਂਦਾ ਹੈ।

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - 186***

ਗੁਪਾਲ ਵੀ ਮੋਹਿਆ ਜਾਂਦਾ ਹੈ ਉਹਦੇ ਨਾਲ। ਬੰਦਗੀ ਕਰੋ ਬੈਠੋ, ਡੇਰੇ ਵਾਲੇ ਨੂੰ ਮੈਂ ਕੁਟੀਆ ਬਣਾ ਕੇ ਦਿੱਤੀਆਂ ਨੇ, ਬੈਠੋ ਜੇ ਕਿਸੇ ਤੋਂ ਬੈਠ ਹੁੰਦਾ ਹੈ, ਮਿਹਨਤ ਕਰੋ। ਸੁਣੋ ਅੰਦਰਲਾ ਕੀਰਤਨ। ਭਾਗਾਂ ਵਾਲਾ ਹੋਏਗਾ, ਸਾਰੇ ਚਰਨੀਂ ਪੈਣਗੇ ਉਹਦੇ ਆ ਕੇ। ਜਿਹਦੇ ਅੰਦਰਲਾ ਕੀਰਤਨ ਜਾਗ ਪਵੇ। ਬਾਹਰੋਂ ਤਾਂ ਪੜ੍ਹੇ ਲਿਖੇ ਗਿਆਨੀ ਸਾਰੇ ਹੀ ਹੁੰਦੇ ਨੇ। ਗੁਰੂ ਘਰ 'ਚ ਤਾਂ ਪ੍ਰਵਾਨ ਓਹੀ ਹੈ ਜਿਹੜਾ ਅੰਦਰਲੀ ਖੇਲ੍ਹ ਨੂੰ ਸਮਝ ਗਿਆ। ਓਹੀ

ਵੱਡਾ ਹੁੰਦਾ ਹੈ। ਠੀਕ ਹੈ ਅਸੀਂ ਸੇਵਾ ਕਰਦੇ ਹਾਂ, ਕੀਰਤਨ ਕਰਦੇ ਹਾਂ। ਅਸੀਂ ਇਸ ਰਸਤੇ 'ਤੇ ਚੱਲਣ ਦਾ ਯਤਨ ਕਰਦੇ ਹਾਂ। ਪਰ ਜੇ ਕਿਸੇ ਨੇ ਮਿਹਨਤ ਕਰ ਲਈ ਰੋਟੀ ਪਾਣੀ ਹਰ ਚੀਜ਼ ਮਿਲਦੀ ਹੈ ਬੈਠੇ ਨੂੰ। ਮੈਂ ਤਾਂ ਕਿਹਾ ਹੈ ਘਿਉ ਵੀ ਦੇਵਾਂਗੇ, ਬਦਾਮ ਵੀ ਦੇਵਾਂਗੇ, ਕਰਕੇ ਦੇਖੋ, ਜੇ ਕੋਈ ਕਰ ਸਕਦਾ ਹੈ, ਸਮਾਂ ਵੀ ਦੇਵਾਂਗੇ ਉਹਨੂੰ। ਪਰ ਉਹ ਹੁੰਦਾ ਨਹੀਂ ਕਿਉਂਕਿ ਮਹਾਰਾਜ ਕਹਿੰਦੇ –

***ਆਖਣਿ ਅਉਖਾ ਸਾਚਾ ਨਾਉ ॥ ਅੰਗ – 9***

ਜਿੰਨਾਂ ਚਿਰ ਅੰਦਰ ਵਿਕਾਰ ਪਏ ਨੇ, ਨਾਮ ਨਹੀਂ ਚਲਦਾ ਹੁੰਦਾ, ਨਾਮ 'ਚ ਬਿਰਤੀ ਨਹੀਂ ਲਗਦੀ, ਉਬਾਸੀਆਂ ਆਉਣਗੀਆਂ, ਨੀਂਦ ਆਏਗੀ। ਚਿੱਤ ਨਹੀਂ ਲੱਗੇਗਾ, ਦਿਲ ਕਰੇਗਾ ਕਿ ਹੁਣ ਛੇਤੀ ਨਾਲ ਜਾ ਕੇ ਸਾਥੀਆਂ ਨਾਲ ਗੱਲਾਂ ਕਰੀਏ। ਦੁਨੀਆਂ ਦੇਖੀਏ। ਜੇ ਨਾਮ ਅੰਦਰ ਪ੍ਰਗਟ ਹੋ ਜਾਵੇ, ਚਿੱਤ ਹੀ ਨਹੀਂ ਕਰਦਾ ਕਹਿੰਦੇ ਕੋਈ ਆਵੇ ਹੀ ਨਾ।

***ਬੁੱਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨ੍ਹੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਇਹ ਬੜੀਆਂ ਤੱਤ ਦੀਆਂ ਗੱਲਾਂ ਮਹਾਂਪੁਰਸ਼ਾਂ ਨੇ ਕਹੀਆਂ ਹੁੰਦੀਆਂ ਨੇ, ਪਰਖ-ਪਰਖ ਕੇ। ਸੋ ਕੀਰਤਨ ਭਗਤੀ ਹੁੰਦੀ ਹੈ। ਚੌਥੀ ਭਗਤੀ ਨਮਸ਼ਕਾਰ ਦੀ ਹੁੰਦੀ ਹੈ।

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ – 256***

ਯੂ.ਪੀ 'ਚ ਮੈਂ ਦੇਖਿਆ ਹੈ ਇੱਕ ਨਦੀ ਆਉਂਦੀ ਹੈ, ਓਥੋਂ ਉੱਚਾ ਥਾਉਂ, ਨਾਨਕ ਮਤੇ ਦਾ ਉਪਰਲਾ ਬੁਰਜ਼ ਦਿਸਣ ਲਗ ਜਾਂਦਾ ਹੈ। ਗੁੰਬਦ ਦਿਸਦੀ ਹੈ, ਓਥੋਂ ਪ੍ਰੇਮ ਵਾਲੇ ਬੰਦੇ ਨੇ ਜਿਹੜੇ, ਓਧਰਲੇ ਭਈਏ, ਉਹ ਕਪੜੇ ਫੜਾ ਦਿੰਦੇ ਨੇ ਆਪਣੇ ਨਾਲ ਦੇ ਬੰਦੇ ਨੂੰ ਜਾਂ ਘਰਵਾਲੀ ਨਾਲ ਹੈ ਉਹਨੂੰ ਫੜਾ ਦੇਣਗੇ। ਫੇਰ ਉਹ ਲੰਮੇ ਪੈ ਗਏ ਲਕੀਰ ਕੱਢ ਦਿੱਤੀ, ਲੰਮੇ ਪੈ ਗਏ ਲਕੀਰ ਕੱਢ ਦਿੱਤੀ, ਇਸ ਤਰ੍ਹਾਂ ਪੂਰਾ ਰਸਤਾ ਡੰਡਉਤਾਂ ਕਰਦੇ ਜਾਂਦੇ ਨੇ। ਅਸੀਂ ਤਾਂ ਪੜ੍ਹਦੇ ਹੁੰਦੇ ਹਾਂ ਕਿ ਮੈਂ ਡੰਡਉਤਾਂ ਕਰਦਾ ਆਵਾਂ, ਪਰ ਪਤਾ ਹੀ ਨਹੀਂ ਸਾਰੀ ਜ਼ਿੰਦਗੀ 'ਚ ਨਹੀਂ ਕਰੀ ਇੱਕ ਵਾਰੀ ਵੀ। ਪੜ੍ਹਦੇ ਅਸੀਂ ਬਹੁਤ। ਇਹਨੂੰ ਡੰਡਉਤ ਭਗਤੀ (ਨਮਸਕਾਰ ਭਗਤੀ) ਕਹਿੰਦੇ ਨੇ।

ਫੇਰ ਪਾਦ ਸੇਵਨ ਭਗਤੀ ਹੈ। ਸੇਵਾ ਕਰਨੀ, ਮਹਾਂਪੁਰਸ਼ਾਂ ਦੇ ਸਰੀਰ ਨੂੰ ਸਾਂਭਣਾ। ਮੁੱਠੀ ਚਾਪੀ ਵੀ ਕਰਨੀ, ਹੋਰ ਸਾਰੇ ਸਾਧਨ ਦੇਖਣੇ ਕਿਉਂਕਿ ਬਿਰਤੀ ਉਹਦੀ ਇੱਕ ਥਾਂ 'ਤੇ ਲਗ ਜਾਂਦੀ ਹੈ। ਉਹ ਸਰੀਰ ਦੀ ਸੰਭਾਲ ਛੱਡ ਦਿੰਦੇ ਨੇ। ਸਰੀਰ ਦੀ ਸੰਭਾਲ ਕਰਨੀ ਪਾਦ ਸੇਵਨ ਭਗਤੀ ਹੈ। ਫੇਰ ਅਰਚਨ ਹੈ, ਫੇਰ ਪੂਜਾ ਹੈ। ਫੇਰ ਹੈਗਾ ਦਾਸਾ ਭਾਵ। ਦਾਸ ਭਾਵ 'ਚ ਆ ਕੇ ਕਿ ਮੈਂ ਦਾਸ ਹਾਂ। ਮੈਨੂੰ ਕੁਛ ਕਰ ਦੇਵੇ।

ਇਕ ਰਾਜਾ ਸੀਗਾ ਉਹਨੇ ਇੱਕ ਦਾਸ ਮੁੱਲ ਲੈ ਲਿਆ, ਜਿਹਨੂੰ

ਗੁਲਾਮ ਕਹਿੰਦੇ ਨੇ। ਭਾਈ ਗੁਰਦਾਸ ਜੀ ਦਸਦੇ ਨੇ ਕਿ ਜੇ ਇਸ ਰਾਹ 'ਤੇ ਪੈਣਾ ਹੈ ਨਾ ਤਾਂ ਫੇਰ ਸੋਚ ਕੇ ਪੈ। ਇਹ ਜੀਉਂਦਿਆਂ ਦਾ ਰਾਹ ਨਹੀਂ ਹੈ, ਜਿਹੜੇ ਜੀਉਂਦੇ ਮੁਰਦੇ ਹੋ ਜਾਂਦੇ ਨੇ ਇਹ ਉਨ੍ਹਾਂ ਦਾ ਰਸਤਾ ਹੈ।

ਗੁਲਾਮ ਹੋ ਗਿਆ, ਬਾਦਸ਼ਾਹ ਨੇ ਗੁਲਾਮ ਖਰੀਦਿਆ।

ਕਹਿਣ ਲੱਗਿਆ ਕਿ ਐ ਗੁਲਾਮ! ਤੂੰ ਮੈਨੂੰ ਬਹੁਤ ਅੱਛਾ ਲਗ ਰਿਹਾ ਹੈਂ।ਤੇਰਾ ਤੁਰਨਾ ਫਿਰਨਾ, ਉਠਣਾ, ਬੋਲਣਾ, ਬੈਠਣਾ; ਬੜੀ ਮਰਿਆਦਾ ਦਾ ਹੈ। ਤੂੰ ਕੋਈ ਖਾਸ ਬੰਦਾ ਮੈਨੂੰ ਲਗਦਾ ਹੈਂ। ਮੇਰੇ ਮਨ ਵਿਚ ਆਈ ਹੈ ਕਿ ਮੈਂ ਤੇਰੇ ਨਾਲ ਓਹੀ ਸਲੂਕ ਕਰਾਂ, ਜਿਸਦਾ ਤੂੰ ਪਾਤਰ ਸੀਗਾ। ਮੈਨੂੰ ਐਉਂ ਦਸ ਤੇਰਾ ਨਾਉਂ ਕੀ ਹੈ? ਕਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ। ਤੀਸਰਾ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥਾ ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਉਠਣਾ ਚਾਹੁੰਦਾ ਹੈਂ?

ਕਹਿਣ ਲੱਗਿਆ, ਆਲੀ ਜਾਨ! ਮੈਂ ਗੁਲਾਮ ਹੋ ਗਿਆ ਤਾਂ ਮੇਰੇ ਹੱਕ ਸਾਰੇ ਖਤਮ ਹੋ ਜਾਂਦੇ ਨੇ। ਮੁੱਲ ਵਿਕ ਗਿਆ, ਤੁਸੀਂ ਮੈਨੂੰ ਮੁੱਲ ਲੈ ਆਂਦਾ। ਪਸ਼ੂ ਵੀ ਤੁਸੀਂ ਮੁੱਲ ਲੈ ਆਉਂਦੇ ਓਂ, ਬੰਦੇ ਵੀ ਮੁੱਲ ਲੈ ਆਉਂਦੇ ਓਂ। ਪਸ਼ੂ ਦੀ ਆਪਣੀ ਮਰਜ਼ੀ ਤਾਂ ਕੋਈ ਨਹੀਂ ਨਾ ਹੈ, ਜੇ ਪਾਣੀ ਦੀ ਪਿਆਸ ਲੱਗੇ ਤਾਂ ਵੱਧ ਤੋਂ ਵੱਧ ਕਿੱਲ੍ਹੇ ਦੇ ਦੁਆਲੇ ਗੇੜੇ ਕੱਢਣ ਲੱਗ ਜਾਏਗਾ। ਭੁੱਖ ਲੱਗੀ ਹੋਈ ਹੈ ਗੇੜੇ ਕੱਢੇਗਾ। ਲਵੇਰੇ ਨੇ ਦੁੱਧ ਦੇਣਾ ਹੈ ਬੋਲਣ ਲਗ ਜਾਏਗਾ। ਉਹਦੇ ਅਖਤਿਆਰ ਨਹੀਂ ਹੈ ਕੁਛ ਵੀ। ਇਹ ਜਿਹੜਾ ਗੁਲਾਮ ਹੈ ਇਹਦੇ ਵੀ ਅਖਤਿਆਰ ਨਹੀਂ। ਆਲੀ ਜਾਨ! ਜਿਹੜਾ ਨਾਉਂ ਰੱਖਣਾ ਤੁਹਾਨੂੰ ਚੰਗਾ ਲਗਦਾ ਹੈ, ਉਹ ਤੁਸੀਂ ਰੱਖ ਲਓ। ਮੇਰਾ ਨਾਉਂ ਤਾਂ ਬਹੁਤ ਵੱਡਾ ਸੀ, ਨਾਲ ਬੜੀਆਂ ਉਪਾਧੀਆਂ ਲਗਦੀਆਂ ਸੀ ਤੇ ਹੁਣ ਤਾਂ ਮੈਂ ਗੁਲਾਮ ਹਾਂ, ਮੇਰਾ ਕੋਈ ਹੱਕ ਨਹੀਂ ਦੁਨੀਆਂ 'ਚ ਰਿਹਾ। ਮੇਰੇ ਜੀਉਣ 'ਤੇ ਵੀ ਮੇਰਾ ਹੱਕ ਨਹੀਂ ਹੈ। ਤੁਸੀਂ ਕੋਈ ਨਾਉਂ ਰੱਖ ਲਓ ਜਿਹੜਾ ਤੁਹਾਡਾ ਜੀਅ ਕਰਦਾ ਹੈ। ਮੈਂ ਬੋਲ ਪਿਆ ਕਰਾਂਗਾ, ਮੈਨੂੰ ਦਸ ਦਿਓ। ਚਾਹੇ ਕੁੱਤਾ ਰੱਖ ਲਓ, ਚਾਹੇ ਬਿੱਲਾ ਰੱਖ ਲਓ, ਚਾਹੇ ਸੂਰ ਰਖ ਲਓ, ਚਾਹੇ ਸ਼ੇਰ ਰੱਖ ਲਓ। ਨਾਉਂ ਹੀ ਰਖਣਾ ਹੈ ਮੈਨੂੰ ਪਤਾ ਲਗ ਜਾਏਗਾ ਕਿ ਇਸ ਸਰੀਰ ਦਾ ਨਾਉਂ ਹੈ। ਕੱਪੜੇ ਜਿਹੜੇ ਤੁਹਾਨੂੰ ਮੇਰੇ ਪਾਏ ਹੋਏ ਚੰਗੇ ਲਗਦੇ ਨੇ ਓਹੋ ਜਿਹੇ ਤੁਸੀਂ ਪੁਆ ਦਿਓ, ਚਾਹੇ ਪਾਟੇ ਹੋਏ ਦੇ ਦਿਓ, ਮੈਨੂੰ ਉਹਦਾ ਕੋਈ ਫਰਕ ਨਹੀਂ। ਚਾਹੇ ਵਧੀਆ ਤੋਂ ਵਧੀਆ ਪੁਆ ਦਿਓ ਉਹਦਾ ਵੀ ਮੈਨੂੰ ਕੋਈ ਫਰਕ ਨਹੀਂ। ਖਾਣ ਨੂੰ ਜਿਹੜਾ ਕੁਛ ਦੇ ਦਿਓਂਗੇ ਮੈਂ ਖਾ ਲੈਣਾ ਹੈ। ਖਾਣਾ ਮੇਰਾ ਤੁਹਾਡੇ ਹਿਤ 'ਚ ਹੈ, ਚੰਗਾ ਖਾਊਂਗਾ ਮਜ਼ਬੂਤ ਰਹਾਂਗਾ, ਮਾੜਾ ਰਹਾਂਗਾ, ਭੁੱਖਾ ਰਹਾਂਗਾ, ਥੋੜ੍ਹੇ ਦਿਨਾਂ 'ਚ ਹਾਰ ਜਾਵਾਂਗਾ। ਸੌਣਾ ਮੇਰੇ ਹੱਥ 'ਚ ਨਹੀਂ ਹੈ, ਜਦੋਂ ਕਹਿ ਦਿਓਂਗੇ ਜਾਹ ਪੈ ਜਾ, ਹਾਕ ਮਾਰ ਲਓਂਗੇ, ਉਠ ਜਾਵਾਂਗਾ। ਸੋ ਗੁਲਾਮ ਹੁੰਦਾ ਹੈ ਇਹਨੂੰ ਦਾਸਾ ਭਾਵ ਕਹਿੰਦੇ ਨੇ। ਜਿਹੜਾ ਦਾਸਾ ਭਾਵ ਦੇ

ਵਿਚ ਭਗਤੀ ਕਰਦਾ ਹੈ ਨਾ, ਇਹ ਵੀ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ, ਉਹਦੇ ਬਾਰੇ ਜਦੋਂ ਮੁਕਤੀ ਹੁੰਦੀ ਹੈ ਨਾ ਉਸਦੀ। ਉਹ ਵਾਹਿਗੁਰੂ ਜੀ ਦੇ ਕੋਲ ਜਾ ਕੇ ਵਸ ਪੈਂਦਾ ਹੈ ਜਿਹੜਾ ਦਾਸਾ ਭਾਵ ਵਾਲਾ ਹੁੰਦਾ ਹੈ। ਜਿਹੜਾ ਪਿਆਰ ਵਾਲਾ ਹੁੰਦਾ ਹੈ, ਜਦੋਂ ਮੁਕਤ ਹੁੰਦਾ ਹੈ ਤਾਂ ਉਸ ਲੋਕ ਦੇ ਵਿਚ ਜਾ ਕੇ ਵਸ ਜਾਂਦਾ ਹੈ, ਉਸ ਲੋਕ 'ਚ ਜਾ ਕੇ ਤੇ ਜਿਹਵਾ ਮਿੱਤਰ ਜਾਣ ਕੇ ਵਾਹਿਗੁਰੂ ਦੀ ਭਗਤੀ ਕਰਦਾ ਹੈ, ਸਖਾ ਭਾਵ ਦੀ ਭਗਤੀ ਹੈ। ਉਹ ਰੱਬ ਵਰਗਾ ਹੀ ਰੂਪ ਧਾਰ ਲੈਂਦਾ ਹੈ। ਓਹੋ ਜਿਹਾ ਹੀ ਰੂਪ ਹੋ ਜਾਂਦਾ ਹੈ ਉਹਦਾ। ਜਿਹੜਾ ਪ੍ਰਮੇਸ਼ਰ ਦਾ ਗਿਆਨ ਹੋਣ ਤੋਂ ਬਾਅਦ ਜੋ ਮੁਕਤੀ ਹੁੰਦੀ ਹੈ, ਉਹ ਵਾਹਿਗੁਰੂ ਜੀ ਦੇ ਵਿਚ ਸਮਾਅ ਜਾਂਦਾ ਹੈ। ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ ਉਹਦਾ ਫਰਕ ਨਹੀਂ ਰਹਿੰਦਾ, ਜਿਹੜਾ ਇਹ ਭਗਤੀ ਕਰਦਾ ਹੈ। ਜਿਵੇਂ ਜਲ ਦੇ ਅੰਦਰ ਮੀਨ ਦਾ ਖੋਜ ਖੁਰਾ ਨਹੀਂ ਲੱਭਦਾ, ਐਸ ਤਰ੍ਹਾਂ ਦੇ ਨਾਲ ਉਹ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਇਆ ਕਰਦਾ।

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - 278***

ਸਾਰਿਆਂ ਤੋਂ ਉਪਰ ਭਗਤੀ ਹੁੰਦੀ ਹੈ ਪ੍ਰੇਮਾ ਭਗਤੀ।

***ਸਾਚ ਕਹੌਂ ਸੁਨ ਲੇਹੁ ਸਭੇ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਹੁਣ ਮਾਂ ਉਪਦੇਸ਼ ਦੇ ਰਹੀ ਹੈ। ਵਿਰਲੀਆਂ ਮਾਵਾਂ ਨੇ ਜਿਹੜੀਆਂ ਬੱਚਿਆਂ ਨੂੰ ਭਗਤੀ ਵਲ ਲਾਉਂਦੀਆਂ ਨੇ। ਨਹੀਂ ਤਾਂ ਡਰਦੀਆਂ ਨੇ, ਉਨ੍ਹਾਂ ਦਾ ਡਰਨਾ ਵੀ ਠੀਕ ਹੈ ਕਿਉਂਕਿ ਖੋਟ ਬਹੁਤ ਆ ਗਈ। ਕਿਤੇ-ਕਿਤੇ ਸੱਚ ਰਹਿ ਗਿਆ, ਬਾਕੀ ਤਾਂ ਕੂੜ ਦਾ ਪਸਾਰਾ ਬਹੁਤ ਚੱਲ ਰਿਹਾ ਹੈ। ਤੁਹਾਡੇ ਬੱਚੇ ਲੈ ਲੈਣ, ਉਨ੍ਹਾਂ ਦਾ ਹਿਤ ਹੁੰਦਾ ਹੈ ਕਿ ਚਲ ਕੋਈ ਢੋਲਕੀ ਵਜਾਏਗਾ, ਕੋਈ ਚਿਮਟਾ ਵਜਾਏਗਾ, ਰੂਹਾਨੀ ਤਰੱਕੀ ਨਹੀਂ ਕਰਾਉਂਦੇ।

ਐਸੀ ਹਾਲਤ ਵਿਚ ਮਾਵਾਂ ਕੀ ਕਰਨ, ਉਹ ਕਹਿੰਦੀਆਂ ਨੇ ਕਿ ਪੜ੍ਹ ਲਿਖ ਕੇ ਨੌਕਰ ਹੋਏਗਾ, ਇਹ ਠੀਕ ਹੈ। ਪਰ ਕੋਈ-ਕੋਈ ਮਾਂ ਹੈ ਜਿਹੜੀ ਬੱਚੇ ਨੂੰ ਪ੍ਰੇਰਨਾ ਦਿੰਦੀ ਹੈ ਕਿ ਬੇਟਾ! ਮਨੁੱਖਾ ਜਨਮ ਤੈਨੂੰ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ ਤੂੰ ਏਸ ਦੇ ਵਿਚ ਵਾਹਿਗੁਰੂ ਦੀ ਪ੍ਰਾਪਤੀ ਕਰ। ਉਹਨੂੰ ਮਹਾਰਾਜ ਕਹਿੰਦੇ, ਧੰਨ ਨੇ ਉਹ ਮਾਵਾਂ ਜਿਨ੍ਹਾਂ ਦੇ ਪੁੱਤਰ ਨਾਮ ਜਪਦੇ ਨੇ। ਦੂਸਰੇ ਪਾਸੇ ਕਹਿੰਦੇ ਨੇ ਕਿ

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - 328***

ਜਿਹੜੀ ਕੁਲ ਦੇ ਅੰਦਰ ਪੁੱਤਰ ਨਾਮ ਨਹੀਂ ਜਪਦਾ, ਬੱਚਾ ਨਾਮ ਨਹੀਂ ਜਪਦਾ ਕਹਿੰਦੇ ਉਹਦੇ ਨਾਲੋਂ ਤਾਂ ਚੰਗਾ ਉਹ ਵਿਧਵਾ ਹੋ ਜਾਂਦੀ।

***ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥***
***ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥ ਤੁਲਸੀ ਦਾਸ ਜੀ***

ਸੋ ਧਰੂੰ ਦੇ ਮਨ ਵਿਚ ਬੈਠ ਗਿਆ ਕਿ ਹੈਂ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ? ਮਾਂ ਕਹਿਣ ਲੱਗੀ, ਬੇਟਾ! ਰਿਸ਼ੀ-ਮੁਨੀ ਸਾਰੇ ਜੰਗਲਾਂ 'ਚ ਬੈਠੇ ਨੇ, ਕੰਦ-ਮੂਲ ਚੁਣ ਕੇ ਆਪਣਾ ਗੁਜ਼ਾਰਾ ਕਰਦੇ ਨੇ। ਉਥੇ ਭਗਤੀ ਕਰਦੇ ਨੇ ਸਾਰੇ, ਵੈਰਾਗ ਹੋਣਾ ਚਾਹੀਦਾ ਹੈ। ਇੱਕ ਪਾਸੇ ਪ੍ਰਮੇਸ਼ਰ ਦਾ ਪਿਆਰ ਹੋਣਾ ਚਾਹੀਦਾ ਹੈ, ਫੇਰ ਭਗਤੀ ਹੁੰਦੀ ਹੈ, ਨੌਂ ਤਰ੍ਹਾਂ ਦਾ ਬੈਰਾਗ ਹੁੰਦਾ ਹੈ। ਇਹਨੂੰ ਸਭ ਤੋਂ ਸ੍ਰੇਸ਼ਟ ਬੈਰਾਗ ਹੋ ਗਿਆ। ਉਹਨੂੰ ਤੀਬਰ-ਤਮ-ਤਰ ਬੈਰਾਗ ਕਹਿੰਦੇ ਨੇ। ਰਾਤ ਨੂੰ ਸੁੱਤਾ ਨਹੀਂ ਹੈ, ਮਾਤਾ ਤੋਂ ਇਜਾਜ਼ਤ ਮੰਗੀ, ਮਾਤਾ ਨੇ ਦਿੱਤੀ ਨਾ ਕਿ ਬੇਟਾ! ਤੂੰ ਛੋਟਾ ਹੈਂ ਤੇ ਕੋਈ ਗੱਲ ਹੋ ਜਾਏਗੀ। ਤੈਨੂੰ ਭਗਤੀ ਦਾ ਪਤਾ ਨਹੀਂ ਲਗਣਾ। ਤੈਨੂੰ ਇਸ਼ਨਾਨ ਮੈਂ ਕਰਾਉਂਦੀ ਹਾਂ, ਇੱਥੇ ਤੂੰ ਇਸ਼ਨਾਨ ਕਿਵੇਂ ਕਰੇਂਗਾ? ਇੱਥੇ ਤੇਰੇ ਖਾਣ ਵਾਸਤੇ ਮੈਂ ਦਿੰਦੀ ਹਾਂ, ਉਥੇ ਜੰਗਲਾਂ 'ਚ ਕੀ ਖਾਏਂਗਾ? ਉਥੇ ਤਾਂ ਸਭ ਆਪਣੇ ਹਾਲ ਵਿਚ ਮਸਤ ਨੇ। ਤੇਰਾ ਕਿਸੇ ਨੇ ਧਿਆਨ ਨਹੀਂ ਰੱਖਣਾ ਬੇਟਾ, ਤੂੰ ਅਜੇ ਨਾ ਜਾਹ, ਜੁਆਨ ਹੋ ਜਾ, ਫੇਰ ਚਲਿਆ ਜਾਈਂ। ਕਹਿੰਦਾ, ਮਾਤਾ! ਕੀ ਭਰੋਸਾ ਹੈ ਕਾਲ ਦਾ, ਕਿਹੜੇ ਵੇਲੇ ਆ ਜਾਏ, ਮੈਂ ਤਾਂ ਛੋਟਾ ਜਿਹਾ ਹੀ ਹਾਂ, ਮੇਰੀ ਤਾਂ ਐਵੇਂ ਹੀ ਬੁਰਕੀ ਬਣ ਜਾਊਗੀ। ਵੱਡਾ ਤਾਂ ਅਜੇ ਚਲ ਜਾਊ ਕੁਛ ਦੇਰ, ਛੋਟੇ ਨੇ ਕੀ ਚਲਣਾ।

***ਨਹ ਬਾਰਿਕ ਨਹ ਜੋਬਨੈ ਜਉ ਆਇ ਪਰੈ ਜਮ ਫੰਧੁ ॥***

***ਅੰਗ - 254***

ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜਦੋਂ ਮਾਤਾ ਸੌਂ ਗਈ, ਉਸ ਵੇਲੇ ਉਹ ਉਠਿਆ, ਉਠ ਕੇ ਉਹਨੇ ਪੰਜ ਪ੍ਰਕਰਮਾ ਕਰੀਆਂ, ਮਾਤਾ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਸਿੱਧਾ ਹੀ ਘਣੇ ਜੰਗਲ ਵਲ ਨੂੰ ਚਲ ਪਿਆ। ਐਉਂ ਪੜ੍ਹ ਲਓ -

***ਧਾਰਨਾ - ਮਨ ਹੋਇ ਕੇ ਬੈਰਾਗੀ ਉਠਿ ਚੱਲਿਆ,***
***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।***
***ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਪੂਰਾ ਬੈਰਾਗ ਹੈ ਅੰਦਰ। ਸੋ ਇਹ ਪੂਰਨ ਬੈਰਾਗ ਹੈ ਇਹਨੂੰ ਸ਼ੇਰ ਬੈਰਾਗ ਕਹਿੰਦੇ ਨੇ। ਤੁਰਿਆ ਜਾ ਰਿਹਾ ਹੈ, ਦਿਨ ਚੜ੍ਹ ਗਿਆ, ਡਰਦਾ ਨਹੀਂ, ਸ਼ੇਰਾਂ ਦੀਆਂ ਅਵਾਜ਼ਾਂ ਆ ਰਹੀਆਂ ਨੇ। ਚਿੱਤਿਆਂ ਦੀਆਂ ਆ ਰਹੀਆਂ ਨੇ, ਹੋਰ ਜੰਗਲੀ ਜਾਨਵਰ ਬੋਲ ਰਹੇ ਨੇ, ਬਘਿਆੜ ਬੋਲ ਰਹੇ ਨੇ। ਬਿਲਕੁਲ ਨਹੀਂ ਡਰਦਾ। ਮਾਂ ਨੇ ਦਸ ਦਿੱਤਾ ਕਿ ਜੇ ਪ੍ਰਮੇਸ਼ਰ ਦਾ ਭਜਨ ਕਰੀਏ, ਉਹਦੇ ਰਸਤੇ ਤੁਰੀਏ, ਉਹ ਰਾਖੀ ਆਪ ਕਰਦਾ ਹੈ। ਚਲਦਾ-ਚਲਦਾ ਇੱਕ ਨਦੀ ਆ ਗਈ, ਹੁਣ ਲੰਘਣ ਦੀ ਕੋਸ਼ਿਸ਼ ਕਰਦਾ ਹੈ, ਨਦੀ ਵਿੱਚ ਪਾਣੀ ਜ਼ਿਆਦਾ ਹੈ, ਉਧਰੋਂ ਨਾਰਦ ਜੀ ਨੂੰ ਇਹ ਸ਼ਕਤੀ ਪ੍ਰਾਪਤ ਹੈ ਕਿ ਜਿੱਥੇ ਵੀ ਜੀਅ ਕਰੇ ਚਲੇ ਜਾਵੇ। ਜਿੱਥੋਂ ਜੀਅ ਕਰੇ ਉਸੇ ਵੇਲੇ ਅਲੋਪ ਹੋ ਜਾਂਦੇ ਨੇ। ਗੁਰੂ ਦਸਵੇਂ ਪਾਤਸ਼ਾਹ ਪਾਸ ਆਏ ਸੀ।

ਸੋ ਉਹ ਇੱਕ ਦਮ ਪ੍ਰਗਟ ਹੋ ਗਏ। ਕਹਿੰਦੇ, ਬੇਟਾ! ਤੂੰ ਕਿੱਥੇ

ਜਾ ਰਿਹਾ ਹੈਂ ਕਾਕਾ।

ਕਹਿੰਦਾ, ਬਾਬਾ! ਮੈਂ ਭਗਤੀ ਕਰਨੀ ਹੈ।

ਕਿਉਂ ਕਰਨੀ ਹੈ?

ਨਿਆਣਾ ਸੀ, ਸਾਰੀ ਗੱਲ ਦਸ ਦਿੱਤੀ ਕਿ ਐਉਂ ਮੇਰੀ ਸੁਤੇਲੀ ਮਾਂ ਨੇ ਥੱਪੜ ਮਾਰੇ, ਮੈਂ ਮਾਂ ਨੂੰ ਪੁੱਛਿਆ ਕਿ ਰਾਜ ਆਪਾਂ ਨੂੰ ਕਿਉਂ ਨਹੀਂ ਮਿਲਿਆ। ਉਹ ਕਹਿੰਦੀ ਕਿ ਆਪਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ।

***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।***
***(ਭਾਈ ਗੁਰਦਾਸ ਜੀ, ਵਾਰ 10/1)***

ਉਹ ਕਹਿੰਦਾ, ਬੇਟਾ! ਫੇਰ ਭਗਤੀ ਕਿਵੇਂ ਕਰੇਂਗਾ?

ਉਹ ਕਹਿੰਦਾ, ਮੇਰੀ ਮਾਂ ਨੇ ਮੈਨੂੰ ਨੌਂ ਕਿਸਮ ਦੀ ਭਗਤੀ ਦੱਸੀ ਹੈ।

ਕਹਿੰਦੇ, ਆਪਣੇ ਆਪ ਤਾਂ ਇਹ ਹੁੰਦੀ ਨਹੀਂ ਹੁੰਦੀ। ਜਿੰਨਾਂ ਚਿਰ ਗੁਰੂ ਮੰਤਰ ਨਾ ਦੇਵੇ, ਓਨੀ ਦੇਰ ਤਕ ਭਗਤੀ ਰੰਡੀ ਰਹਿੰਦੀ ਹੈ, ਜ਼ੀਰੋ ਰਹਿੰਦੀ ਹੈ। ਜੇ ਤਿੰਨ ਜ਼ੀਰੇ ਨੇ ਤੇ ਇਕ ਏਕਾ ਲਗ ਜਾਵੇ ਤਾਂ, ਹਜ਼ਾਰ ਬਣ ਜਾਂਦਾ ਹੈ, ਚਾਰ ਜ਼ੀਰੋ ਨੇ ਇੱਕ ਏਕਾ ਲਗ ਜਾਵੇ, ਦਸ ਹਜ਼ਾਰ ਬਣ ਜਾਂਦਾ ਹੈ। ਨਹੀਂ ਤਾਂ ਜ਼ੀਰੋ ਦਾ ਕੋਈ ਮਤਲਬ ਨਹੀਂ ਹੋਇਆ ਕਰਦਾ। ਇਹ ਤਾਂ ਨਾਮ ਲੈਣਾ ਪੈਂਦਾ ਹੈ, ਪੁੱਛਣਾ ਪੈਂਦਾ ਹੈ। ਸਮਰੱਥ ਦਸਦਾ ਹੈ ਕਿ ਤੈਨੂੰ ਇਸ ਤਰ੍ਹਾਂ ਪ੍ਰਮੇਸ਼ਰ ਮਿਲੇਗਾ। ਇਹਦੇ ਬਗੈਰ ਤਾਂ ਮਿਲਦਾ ਨਹੀਂ ਹੁੰਦਾ ਪ੍ਰਮੇਸ਼ਰ, ਚੱਲ ਨਹੀਂ ਸਕਦਾ ਆਦਮੀ। ਕਿਉਂਕਿ ਗੁਪਤ ਰਸਤਾ ਹੈ, ਆਪਣੇ ਆਪ ਪਤਾ ਹੀ ਨਹੀਂ ਲਗਦਾ। ਖੋਜ ਅੰਦਰਲੀ ਕਿਵੇਂ ਕਰ ਲਏਗਾ, ਜੇ ਰਾਹ ਦਾ ਹੀ ਨਹੀਂ ਪਤਾ। ਮਹਾਤਮਾ ਨੂੰ ਪਤਾ ਹੁੰਦਾ ਹੈ ਕਿ ਆਂਹ ਰਸਤਾ ਹੈ, ਐਉਂ ਉਂਗਲੀ ਲਾਈਏ ਇਹਨੂੰ ਤਾਂ ਇਹ ਅੱਗੇ ਚੜ੍ਹੇਗਾ। ਉਸ ਵੇਲੇ ਉਹਨੇ ਬੜਾ ਹੀ ਅਧੀਨ ਹੋ ਕੇ ਕਿਹਾ ਕਿ ਬਾਬਾ! ਫੇਰ ਤੂੰ ਮੈਨੂੰ ਰਾਹ ਦੱਸ ਦੇ, ਮੈਂ ਤਾਂ ਭਗਤੀ ਕਰਨੀ ਹੈ। ਕਹਿੰਦੇ, ਤੈਨੂੰ ਰਾਜ ਦਿਵਾ ਦਿੰਦੇ ਹਾਂ। ਇਸ ਚੱਕਰ 'ਚ ਨਾ ਪੈ। ਨਿਆਣਾ ਹੈਂ ਤੂੰ। ਤੇਰੇ ਤੋਂ ਭਗਤੀ ਹੋਣੀ ਨਹੀਂ ਹੈ, ਇੱਥੇ ਸ਼ੇਰ ਬੋਲਦੇ ਨੇ, ਦਹਾੜਦੇ ਨੇ ਰਾਤਾਂ ਨੂੰ, ਤੁਰੇ ਫਿਰਦੇ ਨੇ। ਕਹਿਣ ਲੱਗਿਆ, ਬਾਬਾ! ਮੇਰੀ ਮਾਂ ਨੇ ਕਿਹਾ ਹੈ ਕਿ ਜੇ ਰੱਬ ਦੇ ਲੜ ਲਗ ਜਾਈਏ, ਕੋਈ ਚੀਜ਼ ਨਹੀਂ, ਸਾਰੀਆਂ ਚੀਜ਼ਾਂ ਜਿਹੜੀਆਂ ਨੇ ਸੇਵਾ ਕਰਦੀਆਂ ਨੇ, ਸ਼ੇਰ ਵੀ ਮੇਰੇ ਪ੍ਰਮੇਸ਼ਰ ਦੇ ਹੁਕਮ 'ਚ ਨੇ, ਮੇਰੀ ਮਾਂ ਨੇ ਮੈਨੂੰ ਸਭ ਕੁਛ ਦਸ ਦਿੱਤਾ।

ਦੇਖਿਆ ਕਿ ਇਹ ਤਾਂ ਦ੍ਰਿੜ ਹੈ, ਇਹ ਨਹੀਂ ਕਿਸੇ ਤਰੀਕੇ ਨਾਲ ਮੰਨਦਾ, ਨਾ ਰਾਜ ਮੰਗਦਾ ਹੈ। ਕਹਿੰਦੇ ਤੈਨੂੰ ਰਾਜ ਦਿਵਾ ਦਿੰਦੇ ਹਾਂ? ਕਹਿੰਦਾ, ਹੁਣ ਮੈਨੂੰ ਲੋੜ ਨਹੀਂ ਮੈਂ ਭਗਤੀ ਕਰਨੀ ਹੈ। ਰਾਜ ਮਿਲੇ ਨਾ ਮਿਲੇ, ਮੈਂ ਰੱਬ ਨੂੰ ਮਿਲਣਾ ਹੈ। ਉਸ ਵੇਲੇ ਨਾਰਦ ਨੇ ਕਿਹਾ ਕਿ ਸਾਵਧਾਨ ਹੋ, ਇਸ਼ਨਾਨ ਕਰਕੇ ਆ। ਨਦੀ 'ਚ ਇਸ਼ਨਾਨ ਕਰਾਇਆ। ਸਾਮ੍ਹਣੇ ਆ ਕੇ ਬੱਚਾ ਬੈਠ ਗਿਆ। ਕਹਿੰਦਾ ਦੇਖ, ਤੈਨੂੰ ਮੈਂ ਪ੍ਰਾਣਾਯਾਮ ਦਾ ਤਰੀਕਾ

ਦੱਸਾਂਗਾ, ਜਿਹਦੇ ਨਾਲ ਤੂੰ ਸਾਹ ਦਸਵੇਂ ਦੁਆਰ 'ਚ ਲੈ ਜਾਵੇਂ। ਦੂਸਰਾ ਤੈਨੂੰ ਮੈਂ ਗੁਰਮੰਤਰ ਦੱਸਾਂਗਾ, ਜਿਸ ਮੰਤਰ ਦੇ ਬਲ ਨਾਲ ਪ੍ਰਮੇਸ਼ਰ ਨੇ ਪ੍ਰਗਟ ਹੋਣਾ ਹੈ। ਉਸ ਵੇਲੇ ਉਹਨੇ ਸਾਮ੍ਹਣੇ ਬਿਠਾ ਕੇ, ਕਹਿਣ ਲੱਗਿਆ ਕਿ ਰੀੜ੍ਹ ਦੀ ਹੱਡੀ ਬਿਲਕੁਲ ਸਿੱਧੀ ਰੱਖਣੀ। ਸਰੀਰ ਢਿੱਲਾ ਰੱਖਣਾ ਬਿਲਕੁਲ, ਉਹਦੇ 'ਚ ਵਲ ਨਹੀਂ ਪੈਣ ਦੇਣਾ। ਕਿਉਂਕਿ ਉਥੋਂ ਹੀ ਰਸਤਾ ਜਾਂਦਾ ਹੈ। ਕਿਉਂਕਿ ਜੇ ਵਲ ਪਏਗਾ, ਰਸਤਾ ਬਹੁਤ ਭੀੜਾ ਹੈ। ਵਲ ਪੈ ਜਾਵੇ, ਪਾਣੀ ਨਹੀਂ ਜਾਂਦਾ। ਨਾਲੀਆਂ 'ਚ ਵਲ ਪਾ ਕੇ ਦੇਖ ਲਓ, ਕਦੇ ਨਹੀਂ ਪਾਣੀ ਆਉਂਦਾ ਉਥੇ ਹੀ ਰੁਕ ਜਾਏਗਾ। ਕਹਿੰਦੇ, ਸਿੱਧਾ ਬਹਿਣਾ ਹੈ, ਦੋਵੇਂ ਹੱਥ ਗੋਡਿਆਂ 'ਤੇ ਰੱਖ ਲੈਣੇ ਨੇ ਸਹਿਜ ਨਾਲ। ਹਥੇਲੀਆਂ ਉਪਰ ਨੂੰ ਰੱਖਣੀਆਂ ਨੇ ਤੇ ਹੱਥਾਂ ਦੀ ਪਿੱਠ ਗੋਡਿਆਂ 'ਤੇ ਰੱਖ ਲੈਣੀ ਹੈ। ਫੇਰ ਤੈਨੂੰ ਮੈਂ ਮੰਤਰ ਦਸਦਾ ਹਾਂ, ਉਹਦਾ ਜਾਪ ਕਰ, ਉਸ ਉਨ੍ਹਾਂ ਨੇ ਦੱਸਿਆ 'ਓਮੰ ਭਗਵਤੇ ਵਾਸਦੇਵੈ ਨਮਹ', ਕਹਿੰਦੇ ਇਹ ਤੂੰ ਮੰਤਰ ਜਾਪ ਕਰਨਾ ਹੈ, ਪਹਿਲਾਂ ਤੂੰ ਬੋਲ ਕੇ ਕਰੀਂ। ਫੇਰ ਇਹਨੂੰ ਬੋਲਣ ਤੋਂ ਬਿਨਾਂ ਤੈਨੂੰ ਇਹਦੀ ਆਵਾਜ਼ ਸੁਣਨ ਲਗ ਜਾਏਗੀ, ਫੇਰ ਨਾ ਬੋਲੀਂ। ਫੇਰ ਤੇਰੇ ਅੰਦਰ ਹੋਈ ਜਾਏਗਾ, ਤੂੰ ਇਹ ਧੁਨ ਨਾ ਖਤਮ ਹੋਣ ਦੇਈਂ ਕਦੇ ਵੀ। ਫੇਰ ਕੀਹਨੂੰ ਮਿਲਣਾ ਹੈ, ਉਹਦਾ ਮੈਂ ਤੈਨੂੰ ਧਿਆਨ ਦਸ ਦਿੰਦਾ ਹਾਂ। ਕਹਿੰਦੇ ਚਾਰ ਬਾਹਾਂ ਨੇ ਉਹਦੇ ਤੇ ਹੱਥ ਵਿੱਚ ਉਹਦੇ ਸੰਖ ਹੈ, ਫੁੱਲ ਹੈ, ਸਾਰਾ ਦਸ ਦਿੱਤਾ ਕਿ ਐਨਾ ਸੁੰਦਰ ਹੈ, ਐਸਾ ਮੁਕਟ ਹੈ, ਗਲ ਵਿੱਚ ਜਿਹੜੀ ਮਾਲਾ ਹੈ ਉਹ ਚਿੱਟੇ ਫੁੱਲਾਂ ਦੀ ਮਾਲਾ ਪਾਈ ਹੋਈ ਹੈ ਤੇ ਪੀਲੇ ਫੁੱਲਾਂ ਦੀ। ਇਕ ਹੱਥ ਵਿੱਚ ਸੰਖ ਹੈ, ਇੱਕ 'ਚ ਚੱਕਰ ਹੈ, ਇੱਕ 'ਚ ਗਦਾ ਹੈ। ਇਹਦਾ ਧਿਆਨ ਕਰ। ਤੇਰੇ ਧਿਆਨ 'ਚ ਆਇਆ ਕੁਛ? ਕਹਿੰਦਾ ਹਾਂ। ਜਿਵੇਂ ਤੁਸੀਂ ਦੱਸਿਆ ਹੈ ਮੇਰੇ ਧਿਆਨ 'ਚ ਬੈਠ ਗਿਆ। ਸੋ ਇਸ ਤਰ੍ਹਾਂ ਦੇ ਨਾਲ ਧਿਆਨ ਦਸ ਦਿੱਤਾ ਤੇ ਨਾਰਦ ਨੇ ਕਿਹਾ ਜਾਹ ਉਥੇ ਸਾਧੂ ਰਹਿੰਦੇ ਨੇ। ਉਨ੍ਹਾਂ ਦੇ ਨੇੜੇ ਚਲਿਆ ਜਾਹ। ਉਥੇ ਕੋਈ ਸੁਥਰਾ ਥਾਂ ਭਾਲ ਲਈ, ਅੱਗ ਉਥੇ ਹਰ ਵਕਤ ਜਲਦੀ ਹੈ, ਸ਼ੇਰ ਵਗੈਰਾ ਆਉਂਦੇ ਨਹੀਂ ਹਨ। ਜੇ ਆ ਵੀ ਜਾਏ ਤਾਂ ਤੈਨੂੰ ਕੁਛ ਨਹੀਂ ਕਹਿੰਦਾ, ਤੇਰੇ ਆਲੇ-ਦੁਆਲੇ ਭਗਵਾਨ ਦੇ ਚੱਕਰ ਦੀ ਰਾਖੀ ਹੋ ਜਾਣੀ ਹੈ। ਤੈਨੂੰ ਕੁਛ ਨਹੀਂ ਕੋਈ ਕਹੇਗਾ। ਨੇਹ-ਕੰਟਕ ਹੋ ਕੇ ਤੂੰ ਭਗਤੀ ਕਰ। ਉਸ ਵੇਲੇ ਧਰੂ ਚਲਿਆ ਜਾਂਦਾ ਹੈ ਤੇ ਜਾ ਕੇ ਉਨ੍ਹਾਂ ਸੰਤਾਂ ਨੂੰ ਦੇਖਦਾ ਹੈ ਕਿ ਕਿਵੇਂ ਭਗਤੀ ਕਰਦੇ ਨੇ। ਜਿਵੇਂ ਉਹਨੂੰ ਦੱਸਿਆ ਹੈ ਉਸ ਤਰ੍ਹਾਂ ਕਰਦੇ ਨੇ, ਕਰਦੇ-ਕਰਦੇ, ਬੱਚਾ ਸੀਗਾ, ਇੱਕ ਦਮ ਸਵਾਸ ਦਸਵੇਂ ਦੁਆਰ 'ਚ ਪ੍ਰਵੇਸ਼ ਕਰਨ ਲਗ ਗਏ। ਸਾਰੇ ਚੱਕਰ ਖੁਲ੍ਹ ਗਏ, ਅੰਦਰਲਾ ਸਾਰਾ ਮਾਮਲਾ ਉਹਨੂੰ ਨਜ਼ਰ ਆ ਗਿਆ। ਫੇਰ ਸਮਾਧੀ ਲਾਈ ਉਹਨੇ। ਇੱਕ ਵਾਰੀ ਪੂਰੇ ਛੇ ਮਹੀਨੇ ਦੀ ਸਮਾਧੀ ਲਾ ਦਿੱਤੀ, ਪਹਿਲਾਂ ਤਾਂ ਹੌਲੀ-ਹੌਲੀ ਖਾਂਦਾ ਰਿਹਾ ਕੰਦ-ਮੂਲ, ਸੱਤ-ਅੱਠ ਦਿਨ ਫੇਰ ਘਟਾ ਦਿੱਤਾ। ਫੇਰ ਪੱਤੇ ਖਾਣ ਲਗ ਗਿਆ। ਫੇਰ ਤੀਜੇ ਦਿਨ ਖਾਣ ਲਗ ਗਿਆ, ਫੇਰ ਉਹਨੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਫੇਰ ਪਾਣੀ ਵੀ ਬੰਦ ਕਰ ਦਿੱਤਾ, ਖਾਣਾ ਵੀ ਬੰਦ ਕਰ ਦਿੱਤਾ, ਸੁਰਤ ਖਿੱਚ ਲਈ ਤੇ ਪੈਰ ਦੀ ਪੇਤਲੀ ਹੈ ਅੱਧਾ ਪੈਰ, ਉਹਦੇ

ਉਤੇ ਇੱਕ ਲੱਤ ਪੱਟ 'ਤੇ ਰੱਖ ਲਈ ਖੜ੍ਹੇ ਨੇ। ਉਸ ਵੇਲੇ ਜਿਹੜੇ ਉਪਰਲੇ ਲੋਕ ਨੇ, ਦੇਵ ਲੋਕ; ਉਹ ਹਿੱਲਣਾ ਸ਼ੁਰੂ ਹੋ ਗਏ। ਕਹਿਣ ਲੱਗੇ, ਕੌਣ ਹੈ ਇਹ ਭਗਤ! ਦੁਨੀਆਂ ਦੇ ਉੱਤੇ ਕਿਹੜਾ ਹੈ ਜਿਹਨੇ ਸਵਰਗ ਲੋਕਾਂ ਨੂੰ ਹਿਲਾ ਦਿੱਤਾ, ਭਗਤੀ ਕਰਕੇ। ਛੇ ਮਹੀਨੇ ਤੋਂ ਬਾਅਦ ਵਿਸ਼ਨੂੰ ਜੀ ਨੇ ਕਿਹਾ ਕਿ ਮਹਾਰਾਜ! ਸਵਰਗ ਲੋਕ ਡੋਲ ਰਹੇ ਨੇ, ਕੋਈ ਐਨਾ ਤਪ ਕਰ ਰਿਹਾ ਹੈ ਉਹਦਾ ਸੇਕ ਇੱਥੇ ਪਹੁੰਚ ਗਿਆ। ਠੰਢ ਨਹੀਂ ਰਹੀ ਗਰਮੀ ਹੋ ਰਹੀ। ਕ੍ਰਿਪਾ ਕਰੋ ਆਪਣੇ ਭਗਤ ਨੂੰ ਸੰਭਾਲੋ। ਉਸ ਵੇਲੇ ਭਗਵਾਨ, ਜਿਸ ਰੂਪ ਦਾ ਧਿਆਨ ਪ੍ਰਹਿਲਾਦ ਨੇ ਧਰਿਆ ਸੀ, ਵਾਹਿਗੁਰੂ ਤਾਂ ਸਾਰੇ ਰੂਪਾਂ ਵਿੱਚ ਹੈ, ਸਾਰੇ ਰੂਪ ਵਾਹਿਗੁਰੂ ਦੇ ਨੇ; ਗੁਰੂ ਨਾਨਕ ਸਾਹਿਬ ਦਾ ਰੂਪ ਵੀ ਵਾਹਿਗੁਰੂ ਦਾ ਹੈ। ਸਾਡੇ ਤਾਂ ਰੌਲਾ ਪਾਈ ਜਾਂਦੇ ਨੇ ਕਿਤਾਬਾਂ ਵਾਲੇ। ਇਹ ਜੀ ਬੁੱਤ ਪ੍ਰਸਤੀ ਹੈ, ਫਲਾਣਾ ਹੈ ਢਿਮਕਾ ਹੈ। ਇਨ੍ਹਾਂ ਦੀਆਂ ਗੱਲਾਂ ਸੁਣ ਲਓ, ਚਾਹੇ ਆਪਣਾ ਮਤਲਬ ਸਿੱਧ ਕਰ ਲਓ। ਕੱਚੀਆਂ ਕਿਤਾਬਾਂ ਬੇਅੰਤ ਆ ਗਈਆਂ। ਗੁਰੂ ਮਹਾਰਾਜ ਤਾਂ ਐਸ ਤਰ੍ਹਾਂ ਫੁਰਮਾਨ ਕਰਦੇ ਨੇ,

***ਗੁਰਾਂ ਦੀ ਮੂਰਤ ਦਾ।***
***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ - 864***

ਜਿਹੋ ਜਿਹੇ ਸਰੂਪ ਦਾ ਧਿਆਨ ਕਰਿਆ ਸੀ, ਉਹੋ ਬਿਲਕੁਲ ਪੂਰਨ ਰੂਪ ਦੇ ਅੰਦਰ ਪ੍ਰਗਟ ਹੋ ਗਿਆ। ਬੇਅੰਤ ਮਿਸਾਲਾਂ ਨੇ ਆਪਣੇ, ਬਹੁਤ ਵਾਰੀ ਮੈਂ ਸੁਣਾਈਆਂ ਨੇ। ਕਿਵੇਂ ਗੁਰੂਆਂ ਦਾ ਧਿਆਨ ਧਰ ਲਿਆ, ਗੁਰੂ ਸਤਵੇਂ ਪਾਤਸ਼ਾਹ ਸਵੇਰ ਦੇ ਬੈਠੇ ਚਾਰ ਵਜੇ ਸ਼ਾਮ ਨੂੰ ਉਠੇ। ਕਹਿੰਦੇ, ਭਾਈ ਗੋਂਦੇ ਨੇ ਚਰਨ ਫੜੇ ਹੋਏ ਸੀ ਤਾਂ ਨਹੀਂ ਅਸੀਂ ਉਠੇ। ਸੋ ਇਸ ਤਰ੍ਹਾਂ ਉਸ ਬੱਚੇ ਨੇ ਜਦੋਂ ਪੂਰੇ ਨਿਸ਼ਚੇ ਦੇ ਨਾਲ, ਭਗਵਾਨ ਨੂੰ ਅੰਦਰ ਵਸਾ ਲਿਆ। ਉਸ ਵੇਲੇ ਵਾਹਿਗੁਰੂ ਜੀ ਓਹੀ ਰੂਪ ਧਾਰ ਕੇ ਉਹਦੇ ਸਾਮ੍ਹਣੇ ਆ ਗਏ। ਕਿਸੇ ਰੂਪ ਦਾ ਧਿਆਨ ਧਰ ਲਓ ਸਾਧਸੰਗਤ ਜੀ! ਵਾਹਿਗੁਰੂ ਸਾਰੇ ਪਰੀਪੂਰਨ ਹੈ ਉਸ ਤੋਂ ਬਗੈਰ ਇਥੇ ਕੋਈ ਹੈ ਨਹੀਂ। ਉਹੋ ਜਿਹਾ ਰੂਪ ਧਾਰ ਕੇ ਉਹ ਮਿਲ ਲੈਂਦਾ ਹੈ। ਉਹੋ ਜਿਹਾ ਹੀ ਰੂਪ ਧਾਰ ਕੇ ਉਹ ਕੰਮ ਸੰਵਾਰ ਦਿੰਦਾ ਹੈ। ਦੇਖ ਲੈਂਦੇ ਨੇ ਬਹੁਤ ਕਿ ਉਹ ਆਏ ਸੀਗੇ, ਚਲੇ ਗਏ, ਗੁਪਤ ਰੱਖਣ ਵਾਲੀਆਂ ਗੱਲਾਂ ਹੁੰਦੀਆਂ ਨੇ ਇਹ, ਪ੍ਰਗਟ ਕਰਨ ਤੇ ਫੇਰ ਬੰਦ ਹੋ ਜਾਂਦੀਆਂ ਨੇ।

ਸੋ ਉਸ ਨੇ ਉਹ ਧਿਆਨ ਧਰ ਲਿਆ, 'ਓਮੰ ਭਗਵਤੇ ਵਾਸਦੇਵੇ ਨਮਹ ਧਰੂੰ ਕੋ ਮੰਤ੍ਰ ਦੇਹ ਦ੍ਰਿੜਾਇਆ।

ਸਾਮ੍ਹਣੇ ਆ ਗਏ, ਆ ਕੇ ਆਵਾਜ਼ ਦਿੱਤੀ ਕਿ ਧਰੂੰ ਨੇਤਰ ਖੋਲ੍ਹ। ਖੋਲ੍ਹਦਾ ਨਹੀਂ ਹੈ, ਕਿਉਂਕਿ ਉਸ ਤੋਂ ਪਹਿਲਾਂ ਉਹਦੇ ਬੜੇ ਇਮਤਿਹਾਨ ਹੋਏ ਸੀ। ਜਿਹੜੀਆਂ ਦੂਜੀਆਂ ਸ਼ਕਤੀਆਂ ਨੇ ਉਹ ਆ-ਆ ਕੇ ਭਗਵਾਨ ਦਾ ਰੂਪ ਧਾਰ ਕੇ ਆਵਾਜ਼ਾਂ ਮਾਰਦੇ ਸੀ। ਉਹ ਨਾ ਡਰਿਆ, ਨਾ ਨੇਤਰ ਖੋਲ੍ਹੇ, ਭਗਵਾਨ ਨੇ ਆਪਣਾ ਸਰੂਪ ਬਾਹਰ ਖਿੱਚ ਲਿਆ। ਖਿੱਚਣ ਦੀ ਦੇਰ

ਹੈ, ਉਸ ਵੇਲੇ ਛਟਪਟਾਇਆ, ਇੱਕ ਦਮ ਰੋਇਆ, ਹੇ ਭਗਵਾਨ! ਤੂੰ ਕਿੱਥੇ ਚਲਿਆ ਗਿਆ? ਭਗਤ ਦੀ ਜਿਹੜੀ ਅਵਸਥਾ ਉਹਨੂੰ ਸਮਝਣ ਵਾਸਤੇ ਐਉਂ ਪੜ੍ਹ ਲਓ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - 708*

ਇੱਕ ਦਮ ਚੀਕ ਮਾਰੀ ਉਸਨੇ ਕਿ ਹੇ ਪ੍ਰਭੂ! ਤੂੰ ਕਿੱਥੇ ਚਲਿਆ ਗਿਆ। ਧਰਤੀ 'ਤੇ ਗਿਰ ਗਿਆ। ਉਸ ਵੇਲੇ ਭਗਵਾਨ ਨੇ ਕਿਹਾ ਕਿ ਧਰੂੰ, ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ, ਨੇਤਰ ਤਾਂ ਖੋਲ੍ਹ, ਹੈਰਾਨ ਹੋ ਗਿਆ, ਸਾਮ੍ਹਣੇ ਖੜ੍ਹੇ ਨੇ। ਕਹਿੰਦੇ, ਮੈਂ ਆਇਆ ਹਾਂ ਤੂੰ ਕੋਈ ਆਰਤੀ ਉਚਾਰ। ਕਹਿੰਦਾ, ਮੈਨੂੰ ਪਤਾ ਹੀ ਨਹੀਂ ਕਿ ਆਰਤੀ ਕੀ ਹੁੰਦੀ ਹੈ। ਸੰਖ ਰਖ ਦਿਤਾ ਸਿਰ ਦੇ ਉਤੇ, ਛੋਹ ਦਿਤਾ, ਛੋਹਣ ਦੀ ਦੇਵ ਸੀ ਸਾਰੇ ਵੇਦਾਂ ਦਾ ਗਿਆਨ, ਸਾਰਾ ਗਿਆਨ ਇੱਕ ਦਮ ਪ੍ਰਗਟ ਹੋ ਗਿਆ। ਉਸ ਵੇਲੇ ਆਰਤੀ ਉਤਾਰੀ, ਭਗਵਾਨ ਨੇ ਕਿਹਾ ਧਰੂੰ! ਚੱਲ ਮੈਂ ਤੈਨੂੰ ਤਖਤ 'ਤੇ ਬਿਠਾਵਾਂ। ਕਹਿੰਦਾ, ਮਹਾਰਾਜ! ਉਹ ਤਾਂ ਪਹਿਲਾਂ ਛੱਡ ਦਿੱਤਾ ਸੀ-

*ਪਿਛਹੁ ਰਾਜੇ ਸਦਿਆ*
*ਅਬਿਚਲ ਰਾਜ ਕਰਹੁ ਨਿਤ ਨੀਤਾ।*
*ਭਾਈ ਗੁਰਦਾਸ ਜੀ, ਵਾਰ 10/1*

ਮੈਂ ਤਾਂ ਜਵਾਬ ਦੇ ਦਿਤਾ ਸੀ।

*ਹਾਰਿ ਚਲੇ ਗੁਰਮੁਖਿ ਜਗ ਜੀਤਾ॥*
*ਭਾਈ ਗੁਰਦਾਸ ਜੀ, ਵਾਰ 10/1*

ਮੈਨੂੰ ਨਹੀਂ ਕਿਸੇ ਚੀਜ਼ ਦੀ ਲੋੜ। ਮੈਨੂੰ ਜੇ ਲੋੜ ਹੈ ਤਾਂ ਤੇਰੇ ਦਰਸ਼ਨ ਦੀ ਹੈ, ਤੇਰੇ ਦਰਸ਼ਨ ਤੋਂ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਦਾ।

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - 534*

ਮੇਰੀਆਂ ਸਾਰੀਆਂ ਵਾਸ਼ਨਾਵਾਂ ਪੂਰੀਆਂ ਹੋ ਗਈਆਂ। ਮੈਨੂੰ ਤਾਂ ਇੱਕ ਵਾਸ਼ਨਾ ਤੇਰੇ ਦਰਸ਼ਨ ਦੀ ਹੈ, ਇਸ ਤੋਂ ਬਿਨਾਂ ਮੈਂ ਕੋਈ ਹੋਰ ਚੀਜ਼ ਨਹੀਂ ਮੰਗਦਾ ਕਿਉਂਕਿ ਤੇਰਾ ਦਰਸ਼ਨ ਮੇਰਾ ਜੀਵਨ ਹੈ। ਹੇ ਪ੍ਰਭੂ! ਮੈਨੂੰ ਚੀਜ਼ ਦੀ ਲੋੜ ਨਹੀਂ। ਉਸ ਵੇਲੇ ਪ੍ਰਭੂ ਨੇ ਕਿਹਾ, ਹੇ ਧਰੂੰ! ਤੂੰ ਮੇਰਾ ਆਰਤ! ਭਗਤ ਹੈਂ। ਤੈਨੂੰ ਤਕਲੀਫ ਹੋਈ, ਨਿਰਾਦਰ ਹੋਇਆ, ਤੂੰ ਮੇਰੇ ਨਾਲ ਪਿਆਰ ਪਾਇਆ ਤੇ ਤੇਰਾ ਫੁਰਨਾ ਸੀ ਕਿ ਮੈਂ ਰਾਜ ਲਵਾਂ। ਤੂੰ ਬੜੀ ਦੇਰ ਤਕ ਰਾਜ ਕਰ, ਉਸ ਤੋਂ ਬਾਅਦ ਮੇਰੇ ਕੋਲ ਤੂੰ ਪਹੁੰਚੇਂਗਾ, ਤੈਨੂੰ ਮੈਂ

ਅਟੱਲ ਪਦਵੀ ਦਿੰਦਾ ਹਾਂ -

*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ*
*ਅਰੁ ਨਿਰਭੈ ਪਦੁ ਪਾਇਆ ॥ ਅੰਗ - 632*

ਐਸੀ ਕਰੀ ਤਪਸਿਆ ਜਗ 'ਤੇ।

*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ*
*ਅਰੁ ਨਿਰਭੈ ਪਦੁ ਪਾਇਆ ॥*
*ਦੁਖ ਹਰਤਾ ਇਹ ਬਿਧਿ ਕੋ ਸੁਆਮੀ*
*ਤੈ ਕਾਹੇ ਬਿਸਰਾਇਆ ॥ ਅੰਗ - 632*

ਸੋ ਮਹਾਰਾਜ ਕਹਿੰਦੇ ਪਿਆਰਿਓ! ਜੇ ਨਾਮ ਜਪਣਾ ਹੈ ਨਾ, ਤਾਂ ਧਰੂੰ ਦੀ ਮਿਸਾਲ, ਪ੍ਰਹਿਲਾਦ ਦੀ ਮਿਸਾਲ ਸਾਮ੍ਹਣੇ ਰੱਖੋ -

*ਰਾਮ ਜਪਉ ਜੀ ਐਸੇ ਐਸੇ ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਅੰਗ - 337*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

# ਬਾਬਾ ਫਰੀਦ

ਸ਼ਾਨ.............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - 290*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥*
*ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥*
*ਅੰਗ - 894*

*ਧਾਰਨਾ - ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,*
*ਮਹਿਮਾ ਨਾ ਤੇਰੀ ਵੇਦ ਜਾਣਦੇ।*

*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ 3 ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - 894*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਦੀਆਂ ਬਿਰਤੀਆਂ ਜੋ ਇਸਨੂੰ ਹਰ ਵਕਤ ਭਟਕਾਉਂਦੀਆਂ ਨੇ, ਸਿਆਣਿਆਂ ਨੇ ਪੰਜ ਕਿਸਮ ਦੀਆਂ ਗਿਣੀਆਂ ਨੇ। ਉਹ ਏਸ ਜੀਵ ਦੀ consciousness (ਚੇਤਨਤਾ) ਹੈ ਜਿਹੜੀ ਇਹਦੇ ਅੰਦਰ ਜਾਗ੍ਰਤ ਹੈ। ਉਸ ਨੂੰ ਕਿਸੇ ਨਾ ਕਿਸੇ ਪਾਸੇ ਖਿੱਚ ਕੇ ਰੱਖਦੀ ਹੈ ਹਰ ਵਕਤ, ਬਿਰਤੀਆਂ ਦੇ ਅਧੀਨ

ਹੋ ਕੇ ਬੰਦਾ ਚੱਲ ਰਿਹਾ ਹੈ। ਇਨ੍ਹਾਂ ਦੇ ਵਿਚੋਂ ਕੁਛ ਬਿਰਤੀਆਂ ਐਸੀਆਂ ਨੇ ਜਿਹੜੀਆਂ ਦੇਖਣ ਵਾਲੀਆਂ ਚੀਜ਼ਾਂ ਨੂੰ ਸਤਿ ਮੰਨਦੀਆਂ ਨੇ। ਜੋ ਕੁਛ ਦਿਸ ਰਿਹਾ ਹੈ ਇਹਨੂੰ ਸਤਿ ਮੰਨਣਾ, ਜੋ ਕੁਛ ਇਸ ਤੋਂ ਪਰ੍ਹੇ ਹੈ, ਅੱਖਾਂ ਨਾਲ ਨਹੀਂ ਦਿਸਦਾ, ਉਸ ਦੀ ਹੋਂਦ ਦੇ ਉੱਤੇ ਮੁਨਕਰ ਰਹਿਣਾ, ਇਨਕਾਰ ਕਰਨਾ। ਇਹ ਪੱਕੀ ਬਿਰਤੀ ਹੋਇਆ ਕਰਦੀ ਹੈ, ਇਸੇ ਕਰਕੇ ਸੰਸਾਰ ਵਾਹਿਗੁਰੂ ਨੂੰ ਨਹੀਂ ਮੰਨਦਾ ਕਿਉਂਕਿ ਉਹ ਇਨ੍ਹਾਂ ਅੱਖਾਂ ਦੇ ਨਾਲ ਦਿਸਣ ਵਾਲਾ ਨਹੀਂ ਹੈ। ਇਨ੍ਹਾਂ ਕੰਨਾਂ ਦੇ ਉਹਦੀ ਦਿਬਜ ਆਵਾਜ਼ ਸੁਣਦੀ ਨਹੀਂ ਹੈ। ਇਹ ਰਸਨਾ ਦੇ ਨਾਲ ਉਹਦੀ ਮਿਠਾਸ ਜੋ ਮਿੱਠਾ ਰਸ ਹੈ, ਉਹ ਆਖਿਆ ਨਹੀਂ ਜਾਂਦਾ। ਇਸ ਬਾਹਰਲੀ ਸਪਰਸ਼ ਦੇ ਨਾਲ, ਉਹਦੀ ਅੰਦਰਲੀ ਸਪਰਸ਼ ਦਾ ਕੋਈ ਅੰਦਾਜ਼ਾ ਨਹੀਂ ਲਗ ਸਕਦਾ। ਬਾਹਰਲੀ ਦੇ ਸੁਗੰਧੀ ਦੇ ਨਾਲ ਜੋ ਦਿਬਜ ਸੁਗੰਧੀ ਹੈ, ਉਹਦਾ ਕੋਈ ਅਨੁਮਾਨ ਨਹੀਂ ਲਗ ਸਕਦਾ। ਏਸ ਕਰਕੇ ਆਦਮੀ ਦਾ ਮਨ ਮੁਨਕਰ ਰਹਿੰਦਾ ਹੈ। ਸਿਰਫ ਅਨੁਭਵ ਕੀਤੀਆਂ ਹੋਈਆਂ, ਜਾਣੀਆਂ ਹੋਈਆਂ ਚੀਜ਼ਾਂ 'ਤੇ ਵਿਸ਼ਵਾਸ਼ ਕਰਦਾ ਹੈ। ਉਨ੍ਹਾਂ ਦੇ ਵਿਚ ਇਹ ਪਰਚਿਆ ਰਹਿੰਦਾ ਹੈ, ਓਸ ਤੋਂ ਅੱਗੇ ਦੇਖਣ ਦੀ ਕੋਸ਼ਿਸ਼ ਨਹੀਂ ਕਰਦਾ, ਸੋ ਇਹ ਬਿਰਤੀ ਆਦਮੀ ਨੂੰ ਕਿਸੇ ਪਾਸੇ ਲੱਗਣ ਨਹੀਂ ਦਿਆ ਕਰਦੀ। ਦੂਸਰੀ ਹੋਇਆ ਕਰਦੀ ਹੈ ਬਿਰਤੀ ਕਿ ਗੱਲ ਤਾਂ ਸਮਝ 'ਚ ਆ ਜਾਣੀ, ਕਿ ਵਾਹਿਗੁਰੂ ਸਾਰੇ ਪਰਿਪੂਰਨ ਹੈ ਲੇਕਿਨ ਉਹਦੇ ਉਤੇ ਵਿਸ਼ਵਾਸ਼ ਨਾ ਆਉਣਾ, ਸਮਝ 'ਚ ਆਈ ਹੋਈ ਹੈ, ਗੱਲ ਮੰਨੀ ਹੋਈ ਹੈ। ਮੇਰੇ ਅੰਦਰ ਵੀ ਵਾਹਿਗੁਰੂ ਹੈ, ਸਾਰਿਆਂ ਦੇ ਅੰਦਰ ਵਾਹਿਗੁਰੂ ਹੈ, ਪਰ ਇਹਦੇ ਉਤੇ ਵਿਸ਼ਵਾਸ਼ ਨਾ ਆਉਣਾ। ਜੇ ਆਉਣਾ ਤਾਂ ਮੱਧਮ ਜਿਹਾ ਵਿਸ਼ਵਾਸ਼ ਕਿ ਸ਼ਾਇਦ ਹੋਵੇ ਜਾਂ ਨਾ ਹੋਵੇ। ਹਨ੍ਹੇਰੇ ਵਿਚ ਹੋਵੇ ਜਾਂ ਨਾ ਹੋਵੇ, ਜਿੱਥੇ ਦੁਸ਼ਮਣ ਖੜ੍ਹੇ ਨੇ ਉਥੇ ਹੋਵੇ ਕਿ ਨਾ ਹੋਵੇ। ਜੇ ਵਿਸ਼ਵਾਸ਼ ਆਇਆ ਸੀ ਤਾਂ ਇੱਕ ਬੱਚੇ ਨੂੰ ਆਇਆ ਸੀ ਸੱਤ ਸਾਲ ਦੇ ਨੂੰ। ਜਿਸਨੂੰ ਜਦੋਂ ਪਾਣੀ ਵਿਚ ਸੁੱਟਿਆ ਗਿਆ ਉਹਨੂੰ ਵਿਸ਼ਵਾਸ਼ ਸੀ ਕਿ ਮੇਰਾ ਪ੍ਰਭੂ ਤਾਂ ਮੇਰੇ ਨਾਲ ਹੈ। ਉਹਨੇ ਮੈਨੂੰ ਡੁੱਬਣ ਹੀ ਨਹੀਂ ਦੇਣਾ ਪਾਣੀ 'ਚ। ਸੰਗਲ ਟੁੱਟ ਜਾਂਦੇ ਨੇ, ਪੱਥਰ ਖੁਲ੍ਹ ਜਾਂਦੇ ਨੇ, ਪਾਣੀ ਆਪਣਾ ਡੁਬਾਉਣ ਦਾ ਸੁਭਾਅ ਛੱਡ ਦਿੰਦਾ ਹੈ। ਉਸ ਵੇਲੇ ਆਪ ਐਸ ਤਰ੍ਹਾਂ ਬੈਠੇ ਨੇ ਜਿਵੇਂ ਧਰਤੀ ਦੇ ਉੱਤੇ ਆਪਾਂ ਬੈਠੇ ਹਾਂ। ਅੱਗ ਦੇ ਵਿਚ ਸੁੱਟਣ ਲੱਗਦੇ ਨੇ, ਵਿਸ਼ਵਾਸ਼ ਨਹੀਂ ਡੋਲਦਾ ਕਿ ਉਹ ਤਾਂ ਮੇਰੇ ਨਾਲ ਅੱਗ ਵਿਚ ਵੀ ਹੈਗਾ। ਹਰ ਥਾਂ ਦੇ ਉਤੇ ਜਦੋਂ ਓਹੀ ਹੈ ਫੇਰ ਡਰਨਾ ਕਿਹੜੀ ਚੀਜ਼ ਤੋਂ।

***ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥***

***ਅੰਗ - 206***

ਉਹਨੇ ਮੰਨ ਲਿਆ ਸੀ ਏਸ ਚੀਜ਼ ਨੂੰ, ਅੱਗ 'ਚ ਬਿਠਾਇਆ ਜਾਂਦਾ ਹੈ, ਹੋਲਿਕਾ ਜਲ ਜਾਂਦੀ ਹੈ ਲੇਕਿਨ ਇਹ ਉਸੇ ਤਰ੍ਹਾਂ ਬਾਹਰ ਨਿਕਲ ਆਉਂਦਾ ਹੈ। ਪਹਾੜ ਤੋਂ ਸੁੱਟਿਆ ਜਾਂਦਾ ਹੈ, ਪਤਾ ਹੈ ਕਿ ਜਿਹਨੇ ਸੁੱਟਣਾ ਹੈ, ਉਥੇ ਵੀ, ਜਦੋਂ ਮੈਂ ਰਾਹ ਵਿਚ ਆਉਣਾ ਹੈ ਗਿਰਦੇ ਨੇ ਉੱਚੇ ਪਹਾੜ ਦੀ ਚੋਟੀ ਤੋਂ ਉਥੇ ਵੀ ਮੇਰੇ ਨਾਲ ਤਾਂ ਵਾਹਿਗੁਰੂ ਹੈ। ਬੜੀ ਉੱਚੀ

ਚੋਟੀ ਤੋਂ ਜਾ ਕੇ ਸਿੱਧਾ ਸੁੱਟਿਆ ਜਾਂਦਾ ਹੈ, ਹੇਠਾਂ ਨੂੰ। ਲੇਕਿਨ ਜਿਵੇਂ ਹੌਲੀ ਦੇ ਕੇ ਕੋਈ ਚੀਜ਼ ਐਵੇਂ ਹੀ ਲੱਗ ਜਾਂਦੀ ਹੈ ਧਰਤੀ ਦੇ ਨਾਲ, ਐਸ ਤਰ੍ਹਾਂ ਆਹਿਸਤਾ-ਆਹਿਸਤਾ ਹਜ਼ਾਰਾਂ ਬੰਦੇ ਦੇਖ ਰਹੇ ਨੇ ਤੇ ਧਰਤੀ 'ਤੇ ਆ ਕੇ ਲੱਗਿਆ, ਉਸ ਵੇਲੇ ਉੱਠ ਕੇ ਤੁਰ ਪਿਆ, ਤੱਤੇ ਥੰਮ ਦੇ ਨਾਲ ਜੱਫੀਆਂ ਪਾਉਣ ਨੂੰ ਹੁਕਮ ਮਿਲਦਾ ਹੈ, ਵਿਸ਼ਵਾਸ਼ ਨਹੀਂ ਹਟਦਾ, ਵਿਸ਼ਵਾਸ਼ ਹੈ ਕਿ ਇਹ ਤਾਂ ਵਾਹਿਗੁਰੂ ਮੇਰਾ ਸਾਰੇ ਹੀ ਹੈ। ਸੋ ਤੱਤਾ ਥੰਮ ਆਪਣਾ ਸੁਭਾਅ ਬਦਲ ਕੇ ਬਰਫ ਵਰਗਾ ਹੋ ਜਾਂਦਾ ਹੈ। ਸੋ ਇਹ ਵਿਸ਼ਵਾਸ਼ ਹਿਰਦੇ 'ਚ ਨਹੀਂ ਆਉਂਦਾ। ਕਿਉਂਕਿ ਇੱਕ ਬਿਰਤੀ ਹੈ ਸਾਡੇ ਅੰਦਰ, ਜਿਹਦਾ ਨਾਉਂ ਵਿਕਲਪ ਹੈ। ਉਹ ਬਿਰਤੀ ਸਾਨੂੰ ਸ਼ੱਕ ਵਿਚ ਰੱਖਦੀ ਹੈ ਸਾਰੀ ਜ਼ਿੰਦਗੀ, ਭਜਨ ਵੀ ਕਰਦਾ ਹੈ, ਪਾਠ ਵੀ ਕਰਦਾ ਹੈ, ਸੇਵਾ ਵੀ ਕਰਦਾ ਹੈ। ਲੇਕਿਨ ਇੱਕ routine (ਨਿਤ ਦੀ ਕਾਰਵਾਈ) ਹੈ ਸਾਰੀ, ਨਿਹਚੇ ਵਾਲੀ ਬਾਤ ਕਿਤੇ ਵੀ ਨਹੀਂ ਹੈ। ਕੋਹਲੂ ਦਾ ਬਲਦ ਤੁਰਦਾ ਵੀ ਬਹੁਤ ਹੈ, ਤੇਜ਼ ਵੀ ਤੁਰਦਾ ਹੈ, ਹੌਲੀ ਵੀ ਤੁਰਦਾ ਹੈ, ਗੇੜੇ ਵੀ ਕੱਢਦਾ ਹੈ, ਸਫਰ ਨਹੀਂ ਕੱਟ ਰਿਹਾ ਉਹ, ਖੋਪੇ ਖੋਲ੍ਹ ਦਿਓ ਉਹਨੂੰ ਪਤਾ ਲੱਗ ਜਾਂਦਾ ਹੈ ਕਿ ਮੈਂ ਤਾਂ ਪੈੜ ਵਿਚ ਹੀ ਖੜ੍ਹਾ ਹਾਂ, ਗੇੜੇ ਹੀ ਕੱਢੇ ਨੇ ਆਲੇ-ਦੁਆਲੇ, ਵਿਸ਼ਵਾਸ਼ ਤੋਂ ਹੀਣਾ ਜੋ ਪੁਰਸ਼ ਹੈ, ਉਹ ਕਰਮ-ਧਰਮ ਪਾਠ, ਜਪ, ਤਪ ਸਭ ਕਰਦਾ ਹੈ ਲੇਕਿਨ ਖੜ੍ਹਾ ਉਥੇ ਹੀ ਰਹਿੰਦਾ ਹੇ, ਉਸ point (ਥਾਂ) ਨੂੰ ਨਹੀਂ ਛੱਡਦਾ ਜਿੱਥੇ ਖੜ੍ਹਾ ਹੁੰਦਾ ਹੈ, ਉਥੇ ਦਾ ਉਥੇ ਹੀ ਰਹਿੰਦਾ ਹੈ, ਕਿਉਂਕਿ ਉਹ ਬਿਰਤੀ ਜਾਣ ਨਹੀਂ ਦਿੰਦੀ, ਸ਼ੱਕ ਵਿਚ ਰੱਖਦੀ ਹੈ, ਇਹ ਸ਼ੱਕ ਦੀ ਬਿਰਤੀ ਜਿਹੜੀ ਹੈ ਇਹ ਬਿਰਤੀ ਪਾਰ ਨਹੀਂ ਲੰਘਣ ਦਿਆ ਕਰਦੀ। ਗੁਰੂ ਮਹਾਰਾਜ ਨੇ ਤੱਤੀਆਂ ਤਵੀਆਂ 'ਤੇ ਵੀ ਆਸਣ ਲਾਇਆ। ਦਿੱਲੀ ਵਿੱਚ ਜਾ ਕੇ ਸੀਸ ਵੀ ਦਿਤਾ। ਗੁਰੂ ਦਸਵੇਂ ਪਾਤਸ਼ਾਹ ਦੇ ਰੂਪ ਵਿਚ ਯੁੱਧ ਵੀ ਕਰੇ ਤੇ ਅਨੰਦਪੁਰ ਸਾਹਿਬ ਛੱਡਣਾ ਵੀ ਪਿਆ। ਸ਼ਾਹਿਬਜ਼ਾਦੇ ਸ਼ਹੀਦ ਵੀ ਕਰਾਉਣੇ ਪਏ। ਏਧਰ ਜੰਗਲ ਵਿਚ ਲੰਘ ਜਾਂਦੇ ਨੇ ਮਾਲਵੇ ਦੇ ਅੰਦਰ, ਅਣਜਾਣ ਬੰਦਿਆਂ ਦੇ ਵਿਚ ਤੁਰੇ ਫਿਰਦੇ ਨੇ। ਉਨ੍ਹਾਂ 'ਚ ਸ਼ਕਤੀ ਸੀ ਕਿ ਨਹੀਂ ਸੀ। ਕੀ ਉਹ ਪ੍ਰਮੇਸ਼ਰ ਦਾ ਰੂਪ ਸੀਗੇ ਕਿ ਨਹੀਂ ਸੀਗੇ। ਆਹ ਸ਼ੱਕ ਆਦਮੀ ਦੇ ਮਨ 'ਚ ਆ ਕੇ ਉਨ੍ਹਾਂ ਨੂੰ ਪ੍ਰਭੂ ਰੂਪ ਨਹੀਂ ਸਮਝਣ ਦਿੰਦਾ। ਇੱਕ ਚੰਗੇ ਮਹਾਂਪੁਰਸ਼ ਦਾ ਨਿਹਚਾ ਬੱਝ ਜਾਵੇ ਤਾਂ ਬੱਝ ਜਾਵੇ, ਪ੍ਰਭੂ ਦਾ ਨਿਹਚਾ ਨਹੀਂ ਬੱਝਦਾ, ਕਿਉਂਕਿ ਮਨ ਵਿਚ ਇਹ ਵਿਕਲਪ ਬਿਰਤੀ ਕੰਮ ਕਰਦੀ ਹੈ। ਤੀਸਰਾ ਹੋਇਆ ਕਰਦਾ ਹੈ ਭੁੱਲੀਆਂ ਹੋਈਆਂ ਚੀਜ਼ਾਂ, ਲੰਘ ਚੁੱਕਿਆ ਜ਼ਮਾਨਾ, ਆਉਣ ਵਾਲਾ ਸਮੇਂ ਦਾ ਡਰ, ਵਰਤਮਾਨ ਦੇ ਨਾਲ ਜੋ ਕੁਛ ਹੋ ਰਿਹਾ ਹੈ, ਉਹਦੀ ਚਿਤਵਨਾ। ਏਸ ਦੀ ਬਿਰਤੀ ਨੂੰ ਇਕਾਗਰ ਨਹੀਂ ਹੋਣ ਦਿੰਦੀ। ਲੈ ਕੇ ਨੱਠ ਜਾਂਦੀ ਹੈ। ਨਾ ਤਾਂ ਆਉਣ ਵਾਲੇ ਬਾਰੇ ਕੁਛ ਅਸੀਂ ਸੰਵਾਰ ਸਕਦੇ ਹਾਂ। ਜੋ ਲੰਘ ਗਿਆ ਉਹਦੇ ਵਾਸਤੇ ਤਾਂ ਹੁਣ ਲੰਘ ਹੀ ਗਿਆ, ਕੁਛ ਨਹੀਂ ਹੋ ਸਕਦਾ। ਉਹਦੇ ਵਾਸਤੇ ਕਲਪਨਾ ਕਰਨੀ, ਮਨ ਵਿਚ ਨਰਾਜ਼ਗੀ ਲਿਆਉਣੀ, ਨਿਰਾਸ਼ਤਾ ਲਿਆਉਣੀ, ਇਹ ਬੇਮਤਲਬੀ ਹੋਇਆ

ਕਰਦੀ ਹੈ ਕਿਉਂਕਿ ਉਹ ਲੰਘ ਚੁੱਕਿਆ ਹੁਣ ਬਣਨਾ ਕੁਛ ਨਹੀਂ ਉਹਦੇ ਬਾਰੇ। ਜੋ ਹੋ ਗਿਆ ਸੋ ਹੋ ਗਿਆ। ਸੋ ਜੋ ਹੁਣ ਚੱਲ ਰਿਹਾ ਹੈ, ਇਹਨੂੰ ਜਿੰਨੀ ਕੁ ਸਾਡੀ ਤਾਕਤ ਹੈ ਉਹਦੇ ਮੁਤਾਬਿਕ ਅਸੀਂ ਕਰ ਰਹੇ ਹਾਂ। ਜਿੰਨਾਂ ਕੁ ਸਾਡਾ ਕਿਤੇ ਹੱਥ ਪੈਂਦਾ ਹੈ ਪਾ ਰਹੇ ਹਾਂ, ਜੋ ਕੁਛ ਹੁੰਦਾ ਹੈ ਕਰ ਰਹੇ ਹਾਂ। ਤਾਣ ਲਾ ਰਹੇ ਹਾਂ ਤੇ ਇਸ ਤੋਂ ਅਗਾਂਹਾਂ ਕੁਛ ਹੋ ਨਹੀਂ ਸਕਦਾ ਤੇ ਸਾਡੇ ਤੋਂ ਵੀ ਨਹੀਂ ਹੋ ਸਕਦਾ। ਜਿਹੜਾ ਆਉਣਾ ਹੈ ਉਹ ਸਾਡੇ ਹੱਥ ਵਿਚ ਨਹੀਂ ਹੈ। ਭਲਕ ਦਾ ਸਾਨੂੰ ਪਤਾ ਨਹੀਂ। ਇਕ ਛਿਨ ਦਾ ਪਤਾ ਨਹੀਂ ਕਿ ਅਗਾਂਹਾਂ ਕੀ ਹੋ ਜਾਵੇ। ਸੋ ਇਹ ਬਿਰਤੀ ਜਿਹੜੀ ਹੈ ਤਿੰਨਾਂ ਕਾਲਾਂ ਦੇ ਵਿਚ, ਭੂਤ, ਭਵਿੱਖਤ ਵਰਤਮਾਨ ਦੇ ਹੰਡੋਲੇ 'ਤੇ ਚੜ੍ਹਾਉਂਦੀ ਰਹਿੰਦੀ ਹੈ ਤੇ ਉਹਦੇ ਨਾਲ ਹੀ ਆਦਮੀ ਖਿਆਲਾਂ 'ਚ ਡੁੱਬਿਆ ਰਹਿੰਦਾ ਹੈ, ਸੋ ਇਹ ਵੀ ਚਿੱਤ ਬਿਰਤੀ ਇਕਾਗਰ ਨਹੀਂ ਹੋਣ ਦਿੰਦੀ। ਸੋ ਜਿੱਥੇ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀਆਂ ਚਿੱਤ ਬਿਰਤੀਆਂ ਨੂੰ ਇਕਾਗਰ ਕਰੋ ਭਾਈ, ਇਹ ਐਵੇਂ ਨਹੀਂ ਗੱਲ ਹੁੰਦੀ, ਬੜੀ ਭਾਰੀ ਫਿਲਾਸਫੀ ਹੈ ਇਹਦੇ ਪਿੱਛੇ। ਉਹ ਇਹ ਹੈ ਕਿ ਚਿੱਤ ਦੀਆਂ ਪੰਜ ਬਿਰਤੀਆਂ ਨੇ, ਦੋ ਤਾਂ ਇਕਾਗਰ ਨੇ, ਤਿੰਨ ਨਹੀਂ ਹਨ। ਇਕਾਗਰ ਬਿਰਤੀ ਤਾਂ ਹੈ ਹੀ ਇਕਾਗਰ, ਨਿਰੁੱਧ ਜਿਹੜਾ ਆਪਣਾ ਆਪ ਦੂਸਰੇ ਦੇ ਵਿਚ ਸਮਾਅ ਜਾਣਾ, ਉਹਦੇ ਵਿਚ ਫੁਰਨਾ ਹੀ ਪੈਦਾ ਕੋਈ ਨਹੀਂ ਹੁੰਦਾ। ਉਹਦੇ 'ਚ ਤਾਂ ਆਪਣਾ ਆਪ ਹੀ ਭੁੱਲਿਆ ਹੁੰਦਾ ਹੈ। ਸੋ ਤਿੰਨ ਬਿਰਤੀਆਂ ਤੋਂ ਮਨ ਨੂੰ ਖਿੱਚ ਕੇ ਗੁਰੂ ਦੀ ਹਜ਼ੂਰੀ 'ਚ ਲਿਆ ਕੇ, ਇਕਾਗਰ ਕਰੋ। ਉਹਦੇ ਵਾਸਤੇ ਕੁਛ ਸਾਧਨ ਹੁੰਦੇ ਨੇ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਮੱਥਾ ਟੇਕਣ ਵਾਲੇ ਪ੍ਰੇਮੀਆਂ ਦੇ ਵਲ ਨਾ ਦੇਖੋ। ਤੁਹਾਡਾ ਮਿਲਣ ਵਾਲਾ ਕੋਈ ਆ ਜਾਏਗਾ, ਫੇਰ ਉਹਦੇ ਨਾਲ ਖਿਆਲ ਜੁੜ ਜਾਏਗਾ। ਖਿਆਲ ਲੈ ਕੇ ਸ਼ਬਦ 'ਚੋਂ ਨਿਕਲ ਜਾਈਦਾ ਹੈ। ਕੇਵਲ ਗੁਰੂ ਸਾਹਿਬ ਦਾ ਧਿਆਨ ਰੱਖੋ, ਨੇਤਰ ਬੰਦ ਕਰਦੇ ਹਾਂ ਤੁੰਦਰਾ ਪੈ ਜਾਂਦੀ ਹੈ, ਬਹੁਤ ਸਾਰੇ ਪ੍ਰੇਮੀਆਂ ਨੂੰ, ਚੰਗਿਆਂ-ਚੰਗਿਆਂ ਨੂੰ ਮੈਂ ਦੇਖੀ ਹੈ। ਉਂਘਣਾ ਸ਼ੁਰੂ ਕਰ ਦਿੰਦੇ ਨੇ। ਏਸ ਕਰਕੇ ਅਸੀਂ ਕਹਿੰਦੇ ਹਾਂ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ। ਕੰਨਾਂ ਦੇ ਨਾਲ ਹਰੀ ਦਾ ਜਸ ਸੁਣੋ। ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕਰਕੇ ਚਿੱਤ ਦੇ ਵਿਚ ਧਾਰਨ ਕਰਦੇ ਚਲੇ ਜਾਓ ਕਿ ਮੇਰੇ 'ਚ ਆਹ ਫਰਕ ਹੈ, ਆਹ ਗੱਲ ਮੇਰੇ 'ਚ ਨਹੀਂ ਹੈ। ਸੋ ਮੈਨੂੰ ਇਹਦਾ ਕੁਛ ਸਾਧਨ ਕਰਨਾ ਚਾਹੀਦਾ ਹੈ, ਜਦੋਂ ਅਸੀਂ ਏਸ ਤਰ੍ਹਾਂ ਦੇ ਨਾਲ ਚਿੱਤ ਬਿਰਤੀ ਇਕਾਗਰ ਕਰਕੇ, ਰਸਨਾ ਦੇ ਨਾਲ ਗੱਜ-ਵੱਜ ਕੇ ਬੋਲਾਂਗੇ, ਓਸ ਵੇਲੇ ਅਸੀਂ ਸਾਰੇ ਦਾ ਸਾਰਾ ਜੋ ਸਿਧਾਂਤ ਸਾਨੂੰ ਪ੍ਰਾਪਤ ਹੋ ਰਿਹਾ ਹੈ ਉਹਨੂੰ ਹਿਰਦੇ 'ਚ ਧਾਰਨ ਦਾ ਯਤਨ ਕਰਾਂਗੇ। ਸੋ ਆਪਾਂ ਹੁਣ ਪੜ੍ਹਿਆ ਹੈ - ***'ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ 1 ॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ 1 ॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥***

***ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥'*** ਉਹਦਾ ਦੇਵੀ ਦੇਵਤਾ, ਬ੍ਰਹਮਾ, ਵਿਸ਼ਨੂੰ, ਮਹੇਸ਼ ਕੋਈ ਵੀ ਭੇਦ ਨਹੀਂ ਜਾਣਦਾ। ਕਿਉਂਕਿ ਨਾ ਲਖਿਆ ਜਾਣ ਵਾਲਾ ਪਾਰਬ੍ਰਹਮ ਜੋ ਹੈ ਉਹ ਸਭ ਦੇ ਉਪਰ ਹੋਣ ਕਰਕੇ ਸੂਖਸ਼ਮ ਤੋਂ ਸੂਖਸ਼ਮ ਹੋਣ ਕਰਕੇ ਨਾ ਤਾਂ ਉਹ ਧਿਆਨ ਵਿਚ ਆਉਂਦਾ ਹੈ, ਨਾ ਕਿਸੇ ਗਿਆਨ ਵਿਚ ਆਉਂਦਾ ਹੈ, ਉਹ ਕਿਸੇ ਤਰ੍ਹਾਂ ਨਾਲ ਵੀ ਨਹੀਂ ਫੜਿਆ ਜਾਂਦਾ। ਕੋਈ ਤਰੀਕਾ ਹੀ ਨਹੀਂ, ਕਿਉਂਕਿ ਆਹ ਜਿਹੜੇ ਸਾਡੇ ਯੰਤਰ ਨੇ ਦਿਤੇ ਹੋਏ ਪ੍ਰਮੇਸ਼ਰ ਨੇ, ਇਹ ਸਿਰਫ ਪ੍ਰਾਕ੍ਰਿਤਕ ਯੰਤਰ ਨੇ, ਪ੍ਰਕ੍ਰਿਤੀ ਨੂੰ ਅਸੀਂ ਵੱਡੀ ਤੋਂ ਵੱਡੀ ਸਾਇੰਸ ਦੀ ਉਲਝਣ ਨੂੰ ਸਮਝ ਜਾਵਾਂਗੇ, ਐਟਮ ਤੋਂ ਵੀ ਕਰੋੜਵਾਂ ਹਿੱਸਾ ਛੋਟੀਆਂ ਚੀਜ਼ਾਂ ਨੂੰ ਅਸੀਂ ਸਮਝ ਜਾਵਾਂਗੇ ਲੇਕਿਨ ਪ੍ਰਮੇਸ਼ਰ ਦੀ ਸੂਖਸ਼ਮਤਾ ਕਿੰਨੀ ਹੈ –

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***

***ਸ਼ਬਦ ਹਜ਼ਾਰੇ ਪਾਤਸ਼ਾਹੀ 10***

ਵੱਡੇ ਤੋਂ ਵੱਡਾ ਹੈ, ਜਿੰਨਾ ਤੁਸੀਂ ਕਿਹਾ ਹੈ ਉਸ ਤੋਂ ਅਗਾਂਹਾਂ ਹੋਰ ਹੈ, ਜਿੰਨਾ ਛੋਟਾ ਕਿਹਾ ਹੈ ਉਸ ਤੋਂ ਅਗਾਂਹਾਂ ਹੋਰ ਹੈ। ਜਦ endless (ਬੇਅੰਤ) ਨੇ ਦੋਵੇਂ ਪਾਸੇ ਤਾਂ ਫੇਰ ਸਮਝਿਆ ਨਹੀਂ ਜਾਂਦਾ। ਲੇਕਿਨ ਓਹੀ ਪ੍ਰਮੇਸ਼ਰ ਨੇ ਕ੍ਰਿਪਾ ਕਰਕੇ ਆਹ ਸਰੀਰ ਦੇ ਅੰਦਰ, ਇੱਕ tool (ਯੰਤਰ) ਬਖਸ਼ਿਆ ਹੈ, ਹਥਿਆਰ ਦਿਤਾ ਹੈ, ਜਿਵੇਂ ਅੱਖਾਂ ਦੇਖਣ ਵਾਸਤੇ, ਕੰਨ ਸੁਣਨ ਵਾਸਤੇ, ਠੀਕ ਏਸੇ ਤਰ੍ਹਾਂ ਦੇ ਨਾਲ ਇਹਦੇ ਅੰਦਰ ਇੱਕ ਅਨੁਭਵ ਦੀ ਅੱਖ ਹੈ। ਅੱਖ ਕਹਿੰਦੇ ਹਾਂ ਤਾਂ ਭੁਲੇਖਾ ਪੈ ਜਾਂਦਾ ਹੈ ਕਿ ਇਹੋ ਜਿਹੀ ਅੱਖ ਹੋਣੀ ਹੈ ਜਿਹੋ ਜਿਹੀਆਂ ਦੋ ਅੱਖਾਂ ਨੇ, ਇਹੋ ਜਿਹੀ ਨਹੀਂ ਹੈ, ਉਹ ਦੇਖੀ ਨਹੀਂ, ਜਿਹੜੀ ਚੀਜ਼ ਦੇਖੀ ਨਹੀਂ ਉਹਦੇ ਬਾਰੇ ਵਰਨਣ ਕੀ ਕਰੇ।

ਸੋ ਸਾਧਸੰਗਤ ਜੀ! ਬਹੁਤ ਦੇਰ ਹੋ ਗਈ ਆਪ ਨੂੰ ਸਤਿਸੰਗ ਕਰਦਿਆਂ, ਮੇਰੇ ਤੋਂ ਹੋਈ ਜਾਂਦਾ ਹੈ ਤੇ ਗੁਰੂ ਮਹਾਰਾਜ ਦੀ ਕ੍ਰਿਪਾ ਦੇ ਨਾਲ ਜਿਹੜੇ ਸਰੋਤੇ ਨੇ ਉਹ ਸੁਣਨ ਵਾਸਤੇ ਆਈ ਜਾਂਦੇ ਨੇ। ਜਦੋਂ ਤੱਕ ਅਸੀਂ ਗੁਰੂ ਮਹਾਰਾਜ ਦਾ ਸਿਧਾਂਤ ਨਹੀਂ ਸਮਝਦੇ, ਓਨੀਂ ਦੇਰ ਤੱਕ ਅਸੀਂ ਦੂਸਰੀ ਜਮਾਤ 'ਚ ਅਗਾਂਹਾਂ ਨਹੀਂ ਤਰੱਕੀ ਕਰ ਸਕਦੇ। ਸੋ ਪਹਿਲੀ ਗੱਲ ਜਿਹੜੀ ਨਿਹਚੇ 'ਚ ਲਿਆਉਣੀ ਹੈ, ਜੇ ਸੱਚਮੁੱਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿੰਦੇ ਓਂ। ਚੌਰ ਤਖਤ ਦਾ ਮਾਲਕ ਕਹਿੰਦੇ ਓਂ ਤੇ ਸਾਰੀਆਂ ਸ਼ਕਤੀਆਂ ਦਾ ਪੁੰਜਕ ਆਖਦੇ ਓਂ। ਖੰਡਾਂ ਬ੍ਰਹਿਮੰਡਾਂ ਦਾ ਮਾਲਕ ਆਖਦੇ ਓਂ। ਐਸ ਤਰ੍ਹਾਂ ਥੋੜ੍ਹਾ ਕਿ ਉਹਦੀ ਇੱਕ ਗੱਲ ਮੰਨ ਲਓ, ਬਾਕੀ ਮੰਨੋ ਨਾ ਮੰਨੋ। ਉਹਦਾ ਜਦੋਂ ਨੰਬਰ ਆ ਜਾਏਗਾ, ਉਨ੍ਹਾਂ ਦੀ ਬੇਨਤੀ ਕੀਤੀ ਜਾਏਗੀ। ਜਿਹੜੀ ਗੱਲ ਹੁਣ ਸਾਮ੍ਹਣੇ ਆਈ ਹੈ, ਜਿਹੜਾ ਸਿਧਾਂਤ ਹੈ, ਬੁਨਿਆਦ ਹੈ ਜੇ ਬੁਨਿਆਦ ਨਾ ਹੋਵੇ ਮਕਾਨ ਕਿੱਥੋਂ ਚੱਲ ਪਵੇਗਾ। ਹਰ ਚੀਜ਼ ਬੁਨਿਆਦ 'ਤੇ ਖੜ੍ਹਦੀ ਹੈ। ਸੋ ਬੁਨਿਆਦ ਨੂੰ ਸਮਝ ਲਓ ਕਿ ਬੁਨਿਆਦ ਕੀ ਹੈ।

ਨੀਂਹ ਕਿਸ ਉਪਰ ਹੈ। ਮਹਾਰਾਜ ਕਹਿੰਦੇ, ਇਹ ਗੱਲ ਤੁਸੀਂ ਨਿਹਚੇ 'ਚ ਲੈ ਆਓ -

***ਘਟ ਘਟ ਅੰਤਰਿ ਬ੍ਰਹਮੁ ਲੁਕਾਇਆ***
***ਘਟਿ ਘਟਿ ਜੋਤਿ ਸਬਾਈ ॥*** ***ਅੰਗ - 597***

ਹਰੇਕ ਦੇ ਅੰਦਰ ਜੁਗਤ ਹੈ ਸਰੀਰ ਦੇ ਅੰਦਰ ਤੇ ਸਾਰਿਆਂ ਦੇ ਅੰਦਰ ਉਹ ਪਰਮ ਸ਼ਕਤੀ ਜਿਹਨੂੰ ਵਾਹਿਗੁਰੂ ਕਹਿੰਦੇ ਨੇ, ਉਹ ਛੁੱਪ ਕੇ ਕੰਮ ਕਰ ਰਹੀ ਹੈ, ਲੁਕ ਕੇ ਕੰਮ ਕਰ ਰਹੀ ਹੈ, ਪ੍ਰਗਟ ਨਹੀਂ। ਪ੍ਰਗਟ ਹੈਗਾ ਸਰੀਰ। ਮੈਂ ਜੋ ਬੋਲਦਾ ਹਾਂ ਇਹ ਪ੍ਰਗਟ ਹੈ। ਜੋ ਮੈਂ ਸੋਚਦਾ ਹਾਂ, ਇਹ ਮੇਰੇ ਵਾਸਤੇ ਪ੍ਰਗਟ ਹੈ, ਤੁਹਾਡੇ ਵਾਸਤੇ ਗੁਪਤ ਹੈ, ਲੇਕਿਨ ਜਿਹੜਾ ਵਾਹਿਗੁਰੂ ਹੈ, ਉਹ ਪ੍ਰਗਟ ਨਹੀਂ, ਉਹ ਕੇਵਲ ਉਹਦੇ ਅੰਦਰ ਪ੍ਰਗਟ ਹੈ ਜਿਹਦੇ ਅੰਦਰ ਇਹ ਨਿਹਚਾ 100% ਪੱਕਾ ਹੋਵੇ। ਹਰੇਕ ਦੇ ਅੰਦਰ ਵਾਹਿਗੁਰੂ ਹੈ। ਹਰੇਕ ਦੇ ਅੰਦਰ ਜੋਤ ਹੈ, ਜਿਹਨੂੰ ਇਹ ਗਿਆਨ ਹੋ ਜਾਵੇ, ਉਹਦਾ ਫੇਰ ਨਿਹਚਾ ਬਣ ਜਾਂਦਾ ਹੈ, ਉਸਨੂੰ ਜੋਤ ਵੀ ਦਿੱਸਣ ਲੱਗ ਜਾਂਦੀ ਹੈ ਸਾਰਿਆਂ ਦੇ ਅੰਦਰ। ਪ੍ਰਤੱਖ ਰੂਪ 'ਚ ਦਿੱਸਣ ਲਗ ਜਾਂਦੀ ਹੈ। ਇਹਨੂੰ 'ਮੰਨੇ' ਕਹਿੰਦੇ ਨੇ -

***ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥***
***ਅੰਗ - 3***

ਕਹਿੰਦੇ ਜੀ, ਇਹ ਤਾਂ ਗਿਆਨੀ ਵੀ ਜਾਣਦੇ ਨੇ ਕਿ ਹਰੇਕ ਦੇ ਅੰਦਰ ਵਾਹਿਗੁਰੂ ਹੈ। ਗਿਆਨੀਆਂ ਨੂੰ ਹਰ ਵਕਤ ਨਹੀਂ ਯਾਦ ਰਹਿੰਦੀ ਇਹ ਗੱਲ, ਇਹ ਕੇਵਲ ਜਦੋਂ ਗਿਆਨੀਆਂ ਦੇ ਕੋਲ ਗੱਲ ਕਰੋ, ਉਸ ਵੇਲੇ ਯਾਦਦਾਸ਼ਤ 'ਚੋਂ ਬਾਹਰ ਆਉਂਦੀ ਹੈ। ਇਹ ਗੱਲ ਜੇ ਹਰ ਵਕਤ ਯਾਦ ਰਹਿ ਜਾਵੇ ਤਾਂ 'ਮੰਨੇ' ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਨ੍ਹਾਂ ਦੇ ਕਿਸੇ intellecual level (ਗਿਆਨ ਦੇ ਪੱਧਰ 'ਤੇ) ਦੇ ਅੰਦਰ ਕਿਸੇ ਥਾਂ ਦੇ ਉਤੇ ਗੱਲ ਛੁਪੀ ਤਾਂ ਪਈ ਹੈ, ਸਮਝੀ ਵੀ ਹੋਈ ਹੈ, ਹੱਥ ਵੀ ਬਹੁਤ ਸੋਹਣੇ ਨੇ, ਬੋਲ ਵੀ ਬਹੁਤ ਸੋਹਣਾ ਸਕਦੇ ਨੇ। ਲੇਕਿਨ ਉਨ੍ਹਾਂ ਦੇ ਹਰ ਵਕਤ ਯਾਦ ਨਹੀਂ ਰਹਿੰਦੀ ਇਹ ਚੀਜ਼। ਹਰ ਵਕਤ ਜੇ ਯਾਦ ਰਹੀ ਤਾਂ ਭਾਈ ਘਨੱਈਏ ਦੇ ਯਾਦ ਰਹੀ ਸੀ। ਯੁੱਧ ਲੱਗਿਆ ਹੋਇਆ ਹੈ, ਬਹੁਤ ਜਾਨ-ਹੂਲਮਾ ਯੁੱਧ ਹੋ ਰਿਹਾ ਹੈ। ਲੇਕਿਨ ਕੀ ਮਜ਼ਾਲ ਹੈ ਕਿ ਇਹਦੇ ਨਿਹਚੇ 'ਚ ਕੋਈ ਫਰਕ ਪੈ ਜਾਏ। ਇਹ ਦੌੜ-ਦੌੜ ਕੇ ਪਾਣੀ ਪਿਲਾ ਰਿਹਾ ਹੈ। ਮੁਗਲਾਂ ਨੇ ਆਵਾਜ਼ ਮਾਰ ਲਈ ਓਧਰ ਨੂੰ ਤੁਰ ਪਿਆ। ਖਾਲਸੇ ਨੇ ਮਾਰ ਲਈ ਓਧਰ ਨੂੰ ਤੁਰ ਪਿਆ। ਪਹਾੜੀਆਂ ਨੇ ਮਾਰ ਲਈ ਪਹਾੜੀਆਂ ਵਲ ਨੂੰ। ਗਿਆਰ੍ਹਾਂ ਵੱਜ ਗਏ ਪਾਣੀ ਪਿਲਾਉਂਦੇ ਨੂੰ ਸਵੇਰ ਤੋਂ ਲੈ ਕੇ ਕਿਉਂਕਿ ਉਹਦੇ ਨਿਹਚੇ 'ਚ ਸੀ ਇਹ ਸਾਰੀ ਚੀਜ਼। ਪਰਪੱਕ ਸੀ ਉਹਨੂੰ। ਅਲੋਪ ਨਹੀਂ ਉਹਨੂੰ। ਸੋ ਜਿਹਨੂੰ ਅਲੋਪ ਨਾ ਹੋਵੇ ਨਾ ਇਹ ਗੱਲ, ਮਹਾਰਾਜ ਕਹਿੰਦੇ ਫੇਰ ਪਤਾ ਹੈ ਕੀ ਹੁੰਦਾ ਹੈ -

***ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥***
***ਅੰਗ - 597***

ਆਹ ਗੁਰੂ ਦੀ ਮੱਤ ਜੇ 100% ਅੰਦਰ ਆ ਜਾਵੇ, ਕਹਿੰਦੇ ਬੱਜਰ ਕਪਾਟ ਆਪੇ ਹੀ ਖੁੱਲ੍ਹ ਜਾਂਦੇ ਨੇ। ਖੁਲ੍ਹਦੇ ਹੀ ਨਹੀਂ ਹੈਗੇ ਪਤਾ ਹੀ ਨਹੀਂ ਲਗਦਾ ਕਿ ਇੱਥੇ ਸੀਗੇ ਕਿ ਨਹੀਂ ਸੀਗੇ। ਦਰਵਾਜ਼ਾ ਖੁੱਲ੍ਹਾ ਹੋ ਜਾਂਦਾ ਹੈ, ਬਜਰ ਕਪਾਟ ਗਾਇਬ ਹੋ ਜਾਂਦੇ ਨੇ। ਫੇਰ ਦੁਨੀਆਂ ਦਾ ਕੋਈ ਡਰ ਨਹੀਂ ਰਹਿੰਦਾ, ਸਾਰੇ ਡਰਾਂ ਤੋਂ ਉਪਰ ਹੋ ਕੇ ਇਕ ਲਗਾਤਾਰ ਲਿਵ ਦੇ ਅੰਦਰ ਤਾੜੀ ਲਗ ਜਾਂਦੀ ਹੈ।

***ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥***
***ਅੰਗ - 597***

ਵਾਹਿਗੁਰੂ ਨੇ ਬੇਅੰਤ ਜੰਤ ਪੈਦਾ ਕਰਕੇ, ਕਾਲ ਸਾਰਿਆਂ ਜੰਤਾਂ ਦੇ ਸਿਰ 'ਤੇ ਰੱਖ ਦਿਤਾ -

***ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥***
***ਅੰਗ - 597***

ਏਥੇ ਹੋਰ ਤਰੀਕੇ ਨਾਲ ਮਹਾਰਾਜ ਓਹੀ ਗੱਲ ਦਸਦੇ ਨੇ। ਕਿਤੇ ਇਹ ਸੰਸਾਰ ਚਾਬੀ ਦੇ ਵਹਿਮ 'ਚ ਨਾ ਪੈ ਜਾਏ ਕਿ ਚਾਬੀ ਲਈਏ। ਉਹ ਕਹਿੰਦੇ ਕਿ ਸਤਿਗੁਰੂ ਦੀ ਜਿਹੜਾ ਸੇਵਾ ਕਰਦਾ ਹੈ, ਉਹਨੂੰ ਇਹ ਆਤਮ ਪਦਾਰਥ ਪੈਦਾ ਹੋ ਜਾਂਦਾ ਹੈ। ਫੇਰ ਉਹ ਛੁਟ ਜਾਂਦਾ ਹੈ ਸ਼ਬਦ ਦੀ ਕਮਾਈ ਕਰਕੇ ਪਰ ਉਹ ਸਮਾਉਂਦਾ ਕਿੱਥੇ ਹੈ? ਕਿਹੜੇ ਹਿਰਦੇ 'ਚ? ਕਹਿੰਦੇ -

***ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਅੰਗ - 597***

***ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ਅੰਗ - 472***

ਸੁੱਚਾ ਉਹ ਹੁੰਦਾ ਹੈ ਜਿਹਦੇ ਅੰਦਰ ਸੱਚ ਨਾਲ ਲਿਵ ਲਗ ਜਾਂਦੀ ਹੈ। ਉਹ ਫੇਰ ਸੁੱਚਾ ਭਾਂਡਾ ਹੋ ਜਾਂਦਾ ਹੈ, ਉਹ ਫੇਰ ਕੀ ਹੁੰਦਾ ਹੈ? ਉਹਦੇ ਵਿਚ ਵਾਹਿਗੁਰੂ ਸਮਾਅ ਜਾਂਦਾ ਹੈ। ਪਹਿਲਾਂ ਵੀ ਸਮਾਇਆ ਹੈ ਉਹ ਪ੍ਰਗਟ ਰੂਪ ਵਿਚ ਹੋ ਜਾਂਦਾ ਹੈ। ਪਰ ਕਹਿੰਦੇ ਸਾਰੇ ਨਹੀਂ ਹੁੰਦੇ, ਸੁੱਚ ਆਚਾਰਾਂ ਵਾਲੇ, ਸੁੱਚ ਕਰਮਾਂ ਵਾਲੇ, ਵਿਰਲੇ-ਵਿਰਲੇ ਪੁਰਖ ਨੇ। ਫੇਰ ਕੀ ਹੁੰਦਾ ਹੈ? -

***ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥***
***ਅੰਗ - 597***

ਫੇਰ ਜਿਹੜਾ ਤੱਤ ਹੈ, ਜੀਵ ਤੱਤ ਹੈ ਇਹ ਬ੍ਰਹਮ ਤੱਤ ਦੇ ਨਾਲ ਮਿਲ ਜਾਇਆ ਕਰਦਾ ਹੈ। ਜਿਹੜੇ ਸ਼ਰਨ ਆਉਂਦੇ ਨੇ ਗੁਰੂ ਦੀ ਤੇ ਏਸ ਤਰੀਕੇ ਦੇ ਨਾਲ ਆਪਣਾ ਜਿਹੜਾ ਜੀਵਨ ਮਨੋਰਥ ਪੂਰਾ ਕਰਦੇ ਨੇ, ਹੋਰ ਕੋਈ ਦੁਨੀਆਂ ਦਾ ਤਰੀਕਾ, ਕਿਉਂ ਖਹਿੜੇ ਪੈਂਦੇ ਓਂ ਬਾਕੀ ਤਰੀਕਿਆਂ ਦੇ, ਮਹਾਰਾਜ ਕਹਿੰਦੇ ਉਹ ਕਰ-ਕਰ ਕੇ ਥੱਕ ਗਏ -

***ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥***
***ਅੰਗ - 593***

ਦੁੱਖ ਹੀ ਪ੍ਰਾਪਤ ਹੋਇਆ ਹੈ ਮਨਹਠਿ ਦੇ ਕਰਮ ਕਰਨ ਨਾਲ। ਜੋ ਵੀ ਹੱਠ ਕਰਕੇ ਮਰਦਾ ਹੈ -

***ਹਠੁ ਕਰਿ ਮਰੈ ਨ ਲੇਖੈ ਪਾਵੈ ॥ ਅੰਗ - 226***

ਕਿਉਂਕਿ ਹਠ ਕਰਦਾ ਹੈ, ਅੰਦਰੋਂ ਤਾਂ ਲਿਵ ਨਹੀਂ ਹੈ, ਬਾਹਰੋਂ-ਬਾਹਰੋਂ ਹਠ ਕਰਦਾ ਹੈ। ਕਹਿੰਦੇ, ਇਹ ਸਾਰੇ ਖਤਮ ਹੋ ਗਏ ਤੇ ਇਨ੍ਹਾਂ ਦਾ ਦੁੱਖ ਖਤਮ ਨਹੀਂ ਹੋਇਆ। ਜੰਮਣ ਮਰਨ ਦਾ ਦੁੱਖ ਉਸੇ ਤਰ੍ਹਾਂ ਪਿਆ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥***
***ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥***
***ਅੰਗ - 593***

ਕਹਿੰਦੇ, ਗੁਰੂ ਦੀ ਸੇਵਾ ਕਰਨ ਦੇ ਨਾਲ ਫੇਰ ਮਨ ਨਿਰਮਲ ਹੁੰਦਾ ਹੈ। ਗੁਰੂ ਦੀ ਸੇਵਾ ਕੀ ਹੈ? ਕਈ ਆ ਕੇ ਮੰਜੀ ਸਾਹਿਬ ਦੇ ਪਾਵਿਆਂ ਦੀਆਂ ਮੁੱਠੀਆਂ ਭਰਨ ਲੱਗ ਜਾਂਦੇ ਨੇ। ਕਈ ਚੌਰ ਕਰਨ ਲਗ ਜਾਂਦੇ ਨੇ। ਪੁੱਛੋ, ਕੀ ਕਰਦਾ ਹੈਂ ਪ੍ਰੇਮੀਆਂ! ਕਹਿੰਦੇ ਗੁਰੂ ਦੀ ਸੇਵਾ ਕਰਦਾ ਹਾਂ। ਉਹਦੀ ਭਾਵਨਾ ਹੈ, ਜੇ ਕੋਈ ਗੱਲ ਉਹਨੂੰ ਗਿਆਨ ਦੀ ਕਹੀ ਜਾਵੇ ਉਹਨੂੰ ਠੇਸ ਲਗਦੀ ਹੈ ਕਿ ਕਾਹਨੂੰ ਭਾਵਨਾ ਤੋੜਨੀ ਹੈ ਇਹਦੀ, ਲੱਗਿਆ ਹੋਇਆ ਹੈ, ਹੋ ਸਕਦਾ ਹੈ ਇਹਨੂੰ ਸਮਝ 'ਚ ਆ ਜਾਵੇ ਕਦੇ ਨਾ ਕਦੇ ਇਹ ਗੱਲ। ਗੁਰੂ ਦੀ ਸੇਵਾ ਹੁੰਦੀ ਹੈ -

***ਆਗਿਆ ਸਮ ਨਹੀ ਸਾਹਿਬ ਸੇਵਾ।***

ਆਗਿਆ ਮੰਨ ਲਓ, ਲੱਤਾਂ ਘੁੱਟੀ ਜਾਓ, ਆਗਿਆ ਮੰਨੋ ਹੀ ਨਾ। ਉਹ ਕਹਿੰਦੇ ਕਿ ਪਾਣੀ ਲਿਆਓ, ਬੜੀ ਪਿਆਸ ਲੱਗੀ ਹੋਈ ਹੈ। ਪਾਣੀ ਲਿਆ ਕੇ ਨਹੀਂ ਦਿੰਦਾ, ਉਸ ਤਰ੍ਹਾਂ ਲੱਤਾਂ ਘੁੱਟੀ ਜਾਂਦਾ ਹੈ। ਇਹ ਤਾਂ ਸੇਵਾ ਨਾ ਹੋਈ। ਉਹ ਨਰਾਜ਼ ਹੋ ਜਾਂਦਾ ਹੈ, ਕਹਿਣਗੇ ਪਰ੍ਹੇ ਹਟ। ਆਹ ਹਾਲ ਸਾਡਾ ਹੈ। ਮਹਾਰਾਜ ਕਹਿੰਦੇ -

***ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥***
***ਅੰਗ - 593***

ਨਿਰਮਲ ਹੋ ਜਾਂਦਾ ਹੈ ਮਨ, ਨਿਰਮਲ ਹੋਣ ਤੇ ਮਨ ਅੰਦਰੋਂ ਅਗਿਆਨ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।

***ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥***
***ਅੰਗ - 593***

ਫੇਰ ਉਹ ਜਿਹੜਾ ਰਤਨ ਸੀ ਪ੍ਰਮੇਸ਼ਵਰ, ਉਹ ਹਿਰਦੇ 'ਚ ਪ੍ਰਗਟ ਹੋ ਜਾਂਦਾ ਹੈ, ਫੇਰ ਸਹਿਜ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਹ ਮਨਹਠਿ ਨਾਲ ਨਹੀਂ ਮਿਲਦੀ -

***ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥***
***ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥***
***ਅੰਗ - 40***

ਸਿਆਣਪਾ ਕਰ-ਕਰ ਕੇ ਥੱਕ ਗਏ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਾਬੇ ਫਰੀਦ ਦਾ ਨਾਮ ਬੜੇ ਸਤਿਕਾਰ ਨਾਲ ਅਸੀਂ ਲੈਂਦੇ ਹਾਂ। ਲੇਕਿਨ ਉਨ੍ਹਾਂ ਦੀ ਜ਼ਿੰਦਗੀ ਦੇ ਦੋ ਤਿੰਨ ਪਹਿਲੂ ਨੇ, ਇੱਕ ਤਾਂ ਇਹ ਹੈ ਕਿ ਮਾਂ ਦੀ ਆਗਿਆ ਪਾਲਨ ਕਰਨਾ। ਦੂਜਾ ਹੈ ਵਾਹਿਗੁਰੂ ਦੇ ਉੱਤੇ ਵਿਸ਼ਵਾਸ਼। ਤੀਸਰਾ ਹੈ ਵਾਹਿਗੁਰੂ ਨੂੰ ਪ੍ਰਾਪਤ ਕਰਨ ਦੀ ਲਗਨ ਤੇ ਉਹਦੇ ਵਾਸਤੇ ਜ਼ੋਹਦ (ਤਪ) ਕਰਨਾ। ਦੋ ਚੀਜ਼ਾਂ ਹੁੰਦੀਆਂ ਨੇ ਇੱਕ ਜ਼ੋਹਦ ਹੁੰਦੀ ਹੈ ਇੱਕ ਰਿਆਜ਼ਤ ਹੁੰਦੀ ਹੈ। ਇੱਕ ਤਪ ਹੁੰਦਾ ਹੈ ਇੱਕ ਭਗਤੀ ਹੁੰਦੀ ਹੈ। ਇਹ ਦੋਵੇਂ ਚੀਜ਼ਾਂ ਉਨ੍ਹਾਂ ਦੇ ਜੀਵਨ ਦੇ ਵਿਚ ਹਨ। ਤੀਸਰਾ ਗੁਰੂ ਭਗਤੀ ਬਹੁਤ ਜ਼ੋਰਾਂ 'ਤੇ ਹੈ। ਸੋ ਉਨ੍ਹਾਂ ਦੇ ਜੀਵਨ ਬਾਰੇ ਇਸ ਤਰ੍ਹਾਂ ਦੇ ਨਾਲ ਜਿੰਨਾਂ ਕੁ ਸਹੀ ਹੈ ਉਨ੍ਹਾਂ ਕੁ ਦਸਦੇ ਹਾਂ। ਕਿਉਂਕਿ ਬਾਬੇ ਫਰੀਦ ਦਾ ਜੀਵਨ ਸਾਨੂੰ ਨਹੀਂ ਪਤਾ, ਪਹਿਲਾਂ ਤਾਂ ਖੋਜ ਨਹੀਂ ਕਰੀ, ਉਨ੍ਹਾਂ ਨੇ ਲਿਖਿਆ ਨਹੀਂ ਹੈ। ਜੇ ਉਹ ਵੀ ਲਿਖ ਲੈਂਦੇ, ਸਾਡੇ ਕਿਹੜਾ ਲਿਖਿਆ ਸੀ। ਜਨਮਸਾਖੀ, ਗੁਰੂਆਂ ਦੇ ਇਤਿਹਾਸ ਗੁਰੂ ਦਸਵੇਂ ਪਾਤਸ਼ਾਹ ਦੇ ਜਾਣ ਤੋਂ ਬਾਅਦ, 35 ਸਾਲ ਬਾਅਦ, ਭਾਈ ਮਨੀ ਸਿੰਘ ਗੁਰੂ ਸਾਹਿਬ ਤੋਂ ਬਾਅਦ ਕੋਈ 27 ਸਾਲ ਰਹੇ, ਉਨ੍ਹਾਂ ਤੋਂ ਬਾਅਦ 35 ਸਾਲ ਹੋਏ। ਉਹ ਕੌਇਰ ਸਿੰਘ ਨੇ ਲਿਖਿਆ ਹੈ, ਪਹਿਲਾ 52 ਸਾਲ ਲੰਘਣ ਤੋਂ ਬਾਅਦ, ਉਹ ਵੀ ਗੁਰੂ ਦਸਵੇਂ ਪਾਤਸ਼ਾਹ ਦੇ। 57 ਸਾਲ ਬਾਅਦ ਫੇਰ ਹੋਰ ਗ੍ਰੰਥ ਮਹਿਮਾ ਪ੍ਰਕਾਸ਼ ਲਿਖਿਆ ਗਿਆ, 77 ਸਾਲ ਬਾਅਦ ਫੇਰ ਲਿਖਿਆ ਗਿਆ, ਡੇਢ ਸੌ ਸਾਲ ਬਾਅਦ ਸੂਰਜ ਪ੍ਰਕਾਸ਼ ਲਿਖਿਆ ਗਿਆ, ਗਿਆਨੀ ਗਿਆਨ ਸਿੰਘ ਨੇ ਉਸ ਤੋਂ ਵੀ ਬਾਅਦ ਲਿਖਿਆ। ਕਿਸੇ ਨੇ ਪਰਚੀਆਂ ਲਿਖੀਆਂ, ਕਿਸੇ ਨੇ ਕੁਛ ਲਿਖਿਆ। ਜਨਮ ਸਾਖੀਆਂ ਗੁਰੂ ਨਾਨਕ ਸਾਹਿਬ ਦੀਆਂ ਬਹੁਤ ਚਲਦੀਆਂ ਸੀ। ਜਿਹੋ ਜਿਹਾ ਕਿਸੇ ਦੇ ਮਨ 'ਚ ਆਇਆ ਉਹੋ ਜਿਹਾ ਲਿਖ ਦਿਤਾ। ਕੋਈ authenticity (ਪਰਮਾਣੀਕਤਾ) ਨਹੀਂ ਕਿਸੇ ਗੱਲ ਦੀ ਕਿਉਂਕਿ ਉਹਦੇ 'ਚ ਗੁਰਮਤਿ ਵਿਰੋਧ ਦੀਆਂ ਗੱਲਾਂ ਆ ਜਾਂਦੀਆਂ ਨੇ। ਸਾਖੀਆਂ ਬਹੁਤ ਸੋਹਣੀਆਂ ਲਗਦੀਆਂ ਨੇ, ਸੁਣਾਉਣ ਵਾਲੇ ਦੂਜਿਆਂ ਦਾ ਮਨ ਮੋਹਿਤ ਕਰ ਲੈਂਦੇ ਨੇ। ਪਰ ਉਹ ਗੁਰਮਤਿ ਦੇ ਵਿਰੋਧ ਵਿਚ ਹੁੰਦੀਆਂ ਨੇ, ਗੁਰੂ ਗ੍ਰੰਥ ਸਾਹਿਬ ਨਾਲ ਮੇਲ ਨਹੀਂ ਖਾਂਦੀਆਂ। ਨਾ ਮੇਲ ਕਰਨ ਕਰਕੇ, ਜਿਨ੍ਹਾਂ ਨੂੰ ਗੁਰੂ ਦੇ ਸਿਧਾਂਤ ਦਾ ਪਤਾ ਹੈ ਉਹ ਚੁੱਪ ਕਰ ਰਹਿੰਦੇ ਨੇ। ਇਸੇ ਤਰ੍ਹਾਂ ਬਾਬੇ ਫਰੀਦ ਦਾ ਇਤਿਹਾਸ ਨਹੀਂ ਲਿਖਿਆ ਗਿਆ।

ਬਾਰ੍ਹਵਾਂ ਫਰੀਦ ਗੁਰੂ ਨਾਨਕ ਸਾਹਿਬ ਵੇਲੇ ਹੋਇਆ ਹੈ ਜਿਹਦਾ ਨਾਉਂ ਇਬਰਾਹੀਮ ਸੀ, ਸ਼ੇਖ ਬ੍ਰਹਮ ਕਹਿੰਦੇ ਸੀ। ਕੁਛ ਤਾਂ ਸਾਖੀਆਂ ਉਹਦੀਆਂ ਰਲ ਗਈਆਂ, ਕੁਛ ਪਹਿਲੇ ਫਰੀਦ ਦੀਆਂ ਰਲ ਗਈਆਂ। ਦੋਹਾਂ ਦੀਆਂ ਇਕੋ ਜਿਹੀਆਂ ਹੀ ਨੇ ਰਲਵੀਆਂ ਮਿਲਵੀਆਂ। ਜੇ ਉਹ ਖੂਹ ਵਿਚ ਲਟਕਦਾ ਸੀ ਤਾਂ ਇਹ ਵੀ ਖੂਹ ਵਿਚ ਲਟਕਦਾ ਸੀ, ਜੇ ਉਹ ਭੁੱਖਾ ਰਹਿੰਦਾ ਸੀ ਇਹ ਵੀ ਭੁੱਖਾ ਰਹਿੰਦਾ ਸੀ, ਜੇ ਉਸਨੇ ਜੰਗਲਾਂ ਦੇ ਅੰਦਰ ਜ਼ੋਹਦ ਕੀਤਾ ਤਾਂ ਏਸਨੇ ਵੀ ਗੁਰੂ ਨਾਨਕ ਸਾਹਿਬ ਦੇ ਮਿਲਣ ਤੱਕ ਕੀਤਾ। ਜਦੋਂ ਗੁਰੂ ਨਾਨਕ ਸਾਹਿਬ ਮਿਲੇ ਨੇ, ਉਸ ਵੇਲੇ ਬੜਾ ਹਠੀ ਜਪੀ ਤਪੀ

ਸੀਗਾ ਇਹ। ਰੋਟੀ ਨਹੀਂ ਸੀ ਖਾਂਦਾ ਹੁੰਦਾ –

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥*
*ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥* *ਅੰਗ – 1379*

ਲੱਕੜੀ ਨੂੰ ਕਹਿੰਦਾ ਸੀ ਰੋਟੀ, ਜਦੋਂ ਭੁੱਖ ਲੱਗਣੀ ਚੱਕ ਮਾਰ ਲੈਣਾ, ਜੇ ਕੋਈ ਦੇ ਗਿਆ ਤਾਂ ਖਾ ਲੈਣਾ। ਜੇ ਰੱਜਿਆ ਹੋਇਆ ਹੈ ਫੇਰ ਕਿਸੇ ਨੇ ਕਹਿਣਾ ਕਿ ਰੋਟੀ ਖਾ ਲੈ ਫਰੀਦਾ! ਫੇਰ ਕਹਿੰਦਾ ਸੀ ਕਿ ਆਹ ਮੇਰੇ ਕੋਲ ਬੰਨ੍ਹੀ ਹੋਈ ਹੈ।

ਗੁਰੂ ਨਾਨਕ ਸਾਹਿਬ ਜਦੋਂ ਆਸਾਮ 'ਚ ਗਏ ਇਹ ਨਾਲ ਸੀ, ਉਥੇ ਰਾਜਾ ਹਰਨਾਖਸ ਸੀ, ਉਹਦੀ ਖੋਪਰੀ ਨਹੀਂ ਸੀ ਜਲਦੀ, ਜੋਤਸ਼ੀਆਂ ਨੇ ਕਿਹਾ ਕਿ ਉਹਨੂੰ ਦਰਵਾਜ਼ੇ 'ਚ ਲਿਆ ਕੇ ਰੱਖ ਦਿਓ। ਕਿਸੇ ਸਤਿਪੁਰਸ਼ ਦੇ ਚਰਨ ਜਦੋਂ ਇਹਨੂੰ ਛੂੰਹਣਗੇ, ਤਾਂ ਇਹ ਫਟ ਜਾਏਗੀ, ਫੇਰ ਜਲੇਗੀ।

ਤਾਂ ਖੋਪਰੀ ਪਈ ਹੈ, ਪਹਿਰੇਦਾਰ ਪਏ (ਨਜ਼ਰਸਾਨੀ) ਕਰਦੇ ਰਹਿੰਦੇ ਸੀ ਹਮੇਸ਼ਾਂ। ਸਾਧੂ ਬੇਅੰਤ ਆਉਂਦੇ ਸੀ, ਖੋਪਰੀ ਤੋਂ ਬਚਾ ਕੇ ਲੰਘਦੇ ਸੀ। ਲੇਕਿਨ ਗੁਰੂ ਨਾਨਕ ਸਾਹਿਬ ਨੇ ਨਹੀਂ ਬਚਾਈ। ਮਹਾਰਾਜ ਜੀ ਨੇ ਦੇਖਿਆ ਕਿ ਖੋਪਰੀ ਦਰਵਾਜ਼ੇ 'ਚ ਰੱਖੀ ਹੋਈ ਹੈ ਬੰਦੇ ਕਿਉਂ ਬੈਠੇ ਨੇ।

ਕਹਿੰਦੇ, ਫਰੀਦ! ਖੋਪਰੀ ਪਈ ਹੈ?

ਚਰਨ ਛੋਹ।

ਕਹਿੰਦਾ, "ਮਹਾਰਾਜ! ਤੁਹਾਡੇ ਹੁੰਦੇ ਹੋਏ ਮੈਂ ਕਿਵੇਂ ਚਰਨ ਲਾਵਾਂ?

ਗੁਰੂ ਨਾਨਕ ਸਾਹਿਬ ਨੂੰ ਬੇਨਤੀ ਕਰੀ। ਜਦੋਂ ਮਹਾਰਾਜ ਜੀ ਨੇ ਚਰਨ ਛੂਹੇ ਉਹ ਟੁਕੜੇ-ਟੁਕੜੇ ਹੋ ਗਈ, ਚਰਨ ਲੱਗਦੇ ਸਾਰ। ਉਸ ਵੇਲੇ ਸਾਰੇ ਰਿਆਇਆ ਦੇ ਰਾਜ ਵਿਚ ਲੱਖਾਂ ਦੀ ਤਦਾਦ ਵਿਚ ਦੁਨੀਆਂ ਹੁੰਮ-ਹੁੰਮਾ ਕੇ ਆ ਗਈ ਕਿ ਉਹ ਸਾਧੂ ਆ ਗਿਆ ਜਿਹਦਾ ਇੰਤਜ਼ਾਰ ਕਰਦੇ ਸੀ। ਉਹਨੇ ਅੰਗੂਠਾ ਲਾਇਆ, ਅੰਗੂਠਾ ਲਾਉਂਦੇ ਸਾਰ ਖੋਪਰੀ ਦੇ ਟੁਕੜੇ ਹੋ ਗਏ। ਜਿਹੜੀ ਜਲਦੀ ਨਹੀਂ ਸੀ। ਜਲਾ ਦਿਤੀ ਗਈ।

ਉਸ ਵੇਲੇ ਪ੍ਰਸ਼ਾਦਾ ਲਿਆਉਂਦੇ ਨੇ, ਹੋਰ ਚੀਜ਼ਾਂ ਲਿਆਉਂਦੇ ਨੇ, ਫਰੀਦ ਦੇ ਸਾਮ੍ਹਣੇ ਵੀ ਲਿਆ ਕੇ ਰੱਖਦੇ ਨੇ ਕਿ ਇਹ ਵੀ ਦਰਵੇਸ ਹੈ, ਸੁੱਕਿਆ ਹੋਇਆ ਹੈ। ਬਿਲਕੁਲ ਹੀ ਸੁੱਕਿਆ ਹੋਇਆ ਹੈ, ਲੱਤਾਂ ਵੀ ਕਾਨਿਆਂ ਵਰਗੀਆਂ ਨੇ, ਪੇਟ ਹੈ ਹੀ ਨਹੀਂ ਨਾਲ ਲੱਗਿਆ ਪਿਆ ਹੈ, ਕਰੰਗ ਜਿਹਾ ਹੈ। ਚਿਹਰਾ ਬਿਲਕੁਲ ਹੀ ਸੁੱਕਿਆ ਪਿਆ ਹੈ। ਹੱਡੀਆਂ ਦਾ ਢਾਂਚਾ ਨਜ਼ਰ ਆਉਂਦਾ ਹੈ।

ਉਸ ਵਕਤ ਜਦੋਂ ਇਹਦੇ ਸਾਮ੍ਹਣੇ ਲਿਆਂਦੇ ਭੋਜਨ, ਇਹਨੇ ਕਿਹਾ ਕਿ ਮੇਰੇ ਕੋਲ ਤਾਂ ਹੈਗੀ ਰੋਟੀ। ਇੱਕ ਪ੍ਰੇਮੀ ਕਹਿਣ ਲੱਗਿਆ, ਕਹਿੰਦਾ, ਬਾਬਾ! ਸਾਨੂੰ ਤੇਰੇ ਉੱਤੇ ਇੱਕ ਸ਼ੱਕ ਪੈ ਗਿਆ।

ਕਹਿੰਦਾ, ਦੱਸੋ, ਕੀ ਸ਼ੱਕ ਪਿਆ ਹੈ।

ਕਹਿੰਦੇ, ਐਸ ਤਰ੍ਹਾਂ ਲੱਗਿਆ ਸਾਨੂੰ ਕਿ ਤੂੰ ਕਿਸੇ ਝੂਠਿਆਂ ਦੇ ਦੇਸ਼ ਵਿਚ ਰਹਿੰਦਾ ਹੈਂ, ਝੂਠਿਆਂ ਦੇ ਦੇਸ ਦਾ ਬੰਦਾ ਹੈਂ ਤੈਨੂੰ ਸੱਚ ਦੀ ਸੋਝੀ ਨਹੀਂ ਆਈ।

ਉਹ ਕਹਿੰਦਾ ਕਿ ਕਿਉਂ ਝੂਠਾ ਕਿਉਂ ਹਾਂ?

ਕਹਿੰਦੇ, ਤੂੰ ਕਿਸੇ ਫਰੀਦ ਦੇ ਨੇੜੇ ਰਹਿੰਦਾ ਰਿਹਾ ਹੈਂ। ਫਰੀਦ ਝੂਠਾ ਹੈ।

ਕਹਿੰਦੇ, ਉਹ ਕਾਠ ਦੀ ਰੋਟੀ ਬੰਨ੍ਹੀ ਫਿਰਦਾ ਹੈ, ਜੇ ਕੋਈ ਕਹਿੰਦਾ ਹੈ ਕਿ ਰੋਟੀ ਖਾ ਲਓ, ਕਹਿੰਦੇ ਕਾਠ ਦੀ ਰੋਟੀ ਦਿਖਾ ਦਿੰਦਾ ਹੈ, ਕਿਤੇ ਤੂੰ ਉਨ੍ਹਾਂ ਝੂਠਿਆਂ ਦੇ ਵਿਚੋਂ ਤਾਂ ਨਹੀਂ ਹੈਂ। ਕਹਿੰਦੇ, ਬਾਬਾ! ਸਾਡੇ ਰਾਜੇ ਨੇ ਇੱਕ ਵਾਰੀ ਝੂਠ ਬੋਲਿਆ ਸੀ। ਇਹਦੀ ਖੋਪਰੀ ਨਹੀਂ ਜਲੀ। ਜੇ ਤੂੰ ਇਸ ਤਰ੍ਹਾਂ ਬੋਲਦਾ ਹੈਂ ਤੇਰਾ ਕੀ ਹਾਲ ਹੋਏਗਾ। ਉਸ ਵੇਲੇ ਗੈਰਤ ਵਿਚ ਆ ਗਿਆ, ਪਰਨਾ ਖੋਲ੍ਹ ਲਿਆ, ਗੰਢਾਂ ਖੋਲ੍ਹ ਲਈਆਂ, ਪੌਣੇ ਵਿਚ ਵਲੇਟੀ ਹੋਈ, ਕਈ ਤੈਹਾਂ ਦੇ ਕੇ ਵਿਚੋਂ ਰੋਟੀ ਕੱਢ ਲਈ ਕਾਠ ਦੀ, ਵਗਾਹ ਕੇ ਮਾਰੀ। ਕਹਿੰਦਾ, ਓ ਪ੍ਰੇਮੀਓ! ਮੈਂ ਤਾਂ ਹਾਂ ਹੀ ਸੱਚੀਂ ਫਰੀਦ। ਮੇਰਾ ਕੀ ਹਾਲ ਹੋਏਗਾ?

ਜੇ ਆਹ ਰਾਜੇ ਦਾ ਇੱਕ ਵਾਰੀ ਝੂਠ ਬੋਲਣ 'ਤੇ ਆਹ ਹਾਲ ਹੋਇਆ ਹੈ, ਮੇਰਾ ਕੀ ਹਾਲ ਹੋਏਗਾ?

ਗੁਰੂ ਨਾਨਕ ਪਾਤਸ਼ਾਹ ਦੇ ਨਾਲ ਬਚਨ ਕਰਨੇ ਸ਼ੁਰੂ ਕਰ ਦਿਤੇ। ਜਦੋਂ ਬਚਨ ਕੀਤੇ, ਸਾਰੀਆਂ ਹੀ ਗੱਲਾਂ ਵਿਚ ਭਾਵ ਹੋਰ ਸੀ। ਉਹ ਕਹਿੰਦਾ ਸੀ, ਸਾਰੀ ਰਾਤ ਜਾਗੋ –

***ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥ ਅੰਗ – 1384***

ਜਿਹੜੇ ਜਾਗਦੇ ਰਹਿਣਗੇ ਉਨ੍ਹਾਂ ਨੂੰ ਮਿਲੇਗੀ। ਗੁਰੂ ਨਾਨਕ ਸਾਹਿਬ ਕਹਿੰਦੇ ਨਹੀਂ, ਜਾਗਣਾ ਚਾਹੀਦਾ ਹੈ ਮਰਿਯਾਦਾ ਦੇ ਅੰਦਰ। ਇਹ ਜਿਹੜਾ ਸਰੀਰ ਹੈ ਇਹਨੂੰ ਜੇ ਹਰ ਵਕਤ ਜਗਾਉਂਗੇ, ਮਾਲੀ ਖੋਰੀਆ ਬਿਮਾਰੀ ਹੋ ਜਾਏਗੀ। ਪਾਗਲਖਾਨੇ ਆਦਮੀ ਦਾਖਲ ਹੋ ਜਾਂਦਾ ਹੈ, ਪਾਗਲਾਂ ਨੂੰ ਨੀਂਦ ਦੀਆਂ ਗੋਲੀਆਂ ਤਾਂ ਦਿੰਦੇ ਨੇ ਕਿ ਇਹਦਾ ਦਿਮਾਗ ਕੁਛ ਆਰਾਮ ਕਰ ਲਵੇ। ਕਹਿੰਦੇ, ਤੂੰ ਤਾਂ ਪ੍ਰਕ੍ਰਿਤੀ ਦਾ ਜੋ ਨਿਯਮ ਹੈ ਉਹਦੇ ਉਲਟ ਗੱਲ ਕਰ ਰਿਹਾ ਹੈਂ ਫਰੀਦਾ! ਇਹ ਤਾਂ ਦਾਤਾਂ ਦੀ ਗੱਲ ਕਰਦਾ ਹੈ–

***ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥***
***ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ ॥***
***ਅੰਗ – 1384***

ਇਹ ਜਿਹੜੀਆਂ ਸਾਹਿਬ ਦੀਆਂ ਦਾਤਾਂ ਨੇ ਇਹਦੇ ਨਾਲ ਕਿਸੇ ਦਾ ਜ਼ੋਰ ਨਹੀਂ ਚਲਦਾ ਹੈ। ਇਕ ਜਾਗਦੇ ਨਹੀਂ ਮਿਲਦੇ, ਇਕਨਾਂ ਨੂੰ ਸੁੱਤਿਆਂ

ਨੂੰ ਉਠਾਲ ਕੇ ਦਿੰਦਾ ਹੈ।

ਬਾਬਾ ਫਰੀਦ ਕਹਿੰਦੇ, ਲੈ ਪੀ ਲਉ। ਕੋਈ ਦੁੱਧ ਰੱਖ ਗਿਆ ਸੀ। ਬਾਬਾ ਫਰੀਦ ਤਾਂ ਜਾਗਦਾ ਸੀ ਸਾਰੀ ਰਾਤ ਦਾ ਉਹਨੇ ਆਪਣਾ ਹਿੱਸਾ ਪੀ ਲਿਆ। ਤਿੰਨ ਹਿੱਸੇ ਛੱਡ ਦਿਤੇ ਤੇ ਜਦੋਂ ਗੁਰੂ ਨਾਨਕ ਨੂੰ ਕਿਹਾ ਕਿ ਆਹ ਦੁੱਧ ਪੀ ਲਓ, ਰਾਤ ਕੋਈ ਰੱਖ ਗਿਆ ਸੀ ਇੱਥੇ ਤੁਹਾਡੇ ਸਰ੍ਹਾਣੇ। ਮਹਾਰਾਜ ਜੀ ਦੁੱਧ ਪੀਣ ਲਗਦੇ ਨੇ ਤਾਂ ਉਸ ਵੇਲੇ ਉਹਨੇ ਤਾਅਨਾ ਮਾਰਿਆ ਕਿ ਜਿਹੜੇ ਜਾਗਦੇ ਨੇ ਉਨ੍ਹਾਂ ਨੂੰ ਮਿਲਦੀ ਹੈ ਦਾਤ। ਦੂਜਿਆਂ ਨੂੰ ਨਹੀਂ।

ਮਹਾਰਾਜ ਕਹਿੰਦੇ, ਨਹੀਂ ਫਰੀਦਾ! ਇਹ ਨਹੀਂ ਗੱਲ। ਜਿਹਨੂੰ ਸਾਂਈਂ ਦੇਵੇ ਉਹ ਸੁੱਤਿਆਂ ਨੂੰ ਵੀ ਉਠਾਲ ਕੇ ਦਿੰਦਾ ਹੈ। ਮਾਰ ਤਾਂ ਜੇਬ ਵਿਚ ਹੱਥ, ਜਦ ਹੱਥ ਮਾਰਿਆ ਤਾਂ ਪੰਜ ਮੋਹਰਾਂ ਪਈਆਂ। ਚੁੱਪ ਕਰ ਗਿਆ, ਨਿਰੁੱਤਰ ਹੋ ਗਿਆ। ਗੁਰੂ ਮਹਾਰਾਜ ਨੇ ਉਹਦਾ ਭਰਮ ਜਿਹੜਾ ਸੀ ਕਿ ਸਾਰੀ ਰਾਤ ਜਾਗਦੇ ਨੇ, ਸਾਡੇ ਵੀ ਕਹਿ ਦਿੰਦੇ ਨੇ ਕਿ ਸਾਰੀ-ਸਾਰੀ ਰਾਤ ਜਾਗਦੇ ਨੇ ਧਾਰਨਾ ਲਾਉਂਦੇ ਹੁੰਦੇ ਨੇ ਪਰ ਜਿਨ੍ਹਾਂ ਨੂੰ ਰੱਬ ਦਾ ਸ਼ੌਂਕ ਹੈ ਉਹ ਸਾਰੀ-ਸਾਰੀ ਰਾਤ ਜਾਗਦੇ ਨੇ। ਮਹਾਰਾਜ ਕਹਿੰਦੇ, ਮਰਿਯਾਦਾ 'ਚ ਜੀਵਨ ਬਤੀਤ ਕਰੋ, ਗ੍ਰਿਹਸਤੀ ਬੰਦੇ ਓਂ ਤੁਸੀਂ ਕਿਰਤ ਵੀ ਕਰਨੀ ਹੈ, ਜਾਗ ਕੇ ਦੇਖ ਲਓ ਦਿਮਾਗ ਦਾ ਕੀ ਹਾਲ ਹੋ ਜਾਏਗਾ। ਉਹ ਕਹਿੰਦੇ ਨਿਯਮ 'ਚ ਰਹੋ, ਸਹਿਜ ਵਿਚ ਜਾਗੋ, ਸਹਿਜ 'ਚ ਸੌਂਵੋਂ।

ਜਦੋਂ ਇਸ ਤਰ੍ਹਾਂ ਦੇ ਬਚਨ ਹੋਏ ਤਾਂ ਫਰੀਦ ਦੇ ਨਾਲ ਬਹੁਤ ਬਚਨ ਹੋਣ ਤੋਂ ਬਾਅਦ ਫਰੀਦ ਨੇ ਕਿਹਾ, ਹੇ ਨਾਨਕ! ਮੈਂ ਸੱਚ ਕਹਿੰਦਾ ਹਾਂ ਕਿ ਮੈਨੂੰ ਕਿਨਾਰਾ ਨਹੀਂ ਲੱਭਿਆ। ਮਹਾਰਾਜ ਕਹਿੰਦੇ, ਫਰੀਦਾ! ਇੱਕ ਨੁਕਸ ਰਹਿ ਗਿਆ ਤੇਰੇ 'ਚ। ਤੂੰ ਪੂਰਾ ਮੁਰਸ਼ਦ ਨਹੀਂ ਕਰਿਆ। ਤੈਨੂੰ ਕੋਈ ਪੂਰਾ ਨਹੀਂ ਲੱਭਿਆ, ਉਸ ਵੇਲੇ ਗੁਰੂ ਨਾਨਕ ਦੇ ਚਰਨ ਫੜ ਲਏ ਕਿ ਮਹਾਰਾਜ! ਤੁਹਾਡੇ ਨਾਲੋਂ ਤਾਂ ਪੂਰਾ ਕੋਈ ਨਹੀਂ ਹੈ। ਦੂਜੀ ਵਾਰੀ ਜਦੋਂ ਗੁਰੂ ਨਾਨਕ ਸਾਹਿਬ ਆਏ ਤਾਂ ਉਸ ਵੇਲੇ ਭਾਈ ਮਰਦਾਨੇ ਨਾਲ ਗੱਲ ਕਰਦੇ ਨੇ ਕਿ ਮਰਦਾਨਿਆਂ! ਆਪਾਂ ਪੱਟਣ ਚੱਲਣਾ ਹੈ। ਪਾਕਪਟਨ ਜਿਹਨੂੰ ਕਹਿੰਦੇ ਨੇ। ਕਹਿੰਦੇ ਉਥੇ ਫਰੀਦ ਮਿਲਿਆ ਸੀ ਨਾ ਆਪਾਂ ਨੂੰ ਆਸਾਮ ਵਿਚ। ਆਸਾ ਦੇਸ਼ 'ਚ। ਉਹਨੂੰ ਕੁਛ ਉਪਦੇਸ਼ ਦਿਤਾ ਸੀ, ਦੇਖਣਾ ਹੈ ਕਿ ਉਹਨੇ ਕਮਾਈ ਕਰੀ ਹੈ ਜਾਂ ਉਹਨੇ ਨਹੀਂ ਕਰੀ। ਇਹ ਜਨਮਸਾਖੀ ਦੇ ਅੰਦਰ ਥੋੜ੍ਹੇ ਜਿਹੇ ਬਚਨ ਆਉਂਦੇ ਨੇ। ਜਿਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਨਾਨਕ ਨੇ ਰਾਹ ਦੱਸਿਆ ਸੀ ਫਰੀਦ ਨੂੰ ਤੇ ਨਾਲ ਇਹ ਬਚਨ ਕੀਤਾ ਸੀ ਕਿ ਮੁਰਸ਼ਦ ਕਰ ਪੂਰਾ।

ਮਰਦਾਨੇ ਨੂੰ ਕਹਿਣ ਲੱਗੇ ਕਿ ਆ ਚੱਲ ਕੇ ਦੇਖੀਏ। ਜਦੋਂ ਦੂਜੀ ਵਾਰੀ ਗਏ, ਫੇਰ ਮਹਾਰਾਜ ਨੇ ਸ਼ਬਦ ਉਚਾਰਨ ਕਰਿਆ ਕਿ -

***ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥***

***ਅੰਗ - 17***

ਉਸ ਵੇਲੇ ਸਹੇਲੀ ਬਣਾ ਕੇ ਮਹਾਰਾਜ ਮਿਲਦੇ ਨੇ। ਕਿਉਂਕਿ ਪਹੁੰਚ

ਗਿਆ ਸੀ ਫਰੀਦ। ਪਹੁੰਚਣ ਕਰਕੇ ਗੁਰੂ ਗ੍ਰੰਥ ਸਾਹਿਬ 'ਚ ਉਹਦੀ ਬਾਣੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬਾਬੇ ਫਰੀਦ ਦਾ ਜੀਵਨ ਜਿਹੜਾ ਹੈ ਜੋ ਪ੍ਰਚਲਤ ਹੈ, ਪਹਿਲੇ ਬਾਬੇ ਫਰੀਦ ਦਾ। ਉਸ ਵੇਲੇ ਪੰਜ ਸਾਲ ਦੀ ਉਮਰ 'ਚ ਉਹਨੂੰ ਕੁਰਾਨ ਸ਼ਰੀਫ ਜ਼ੁਬਾਨੀ ਯਾਦ ਕਰਵਾ ਦਿਤਾ। ਮਾਂ ਬੜੀ ਚੰਗੀ ਸੀ। ਐਸੀਆਂ ਮਾਵਾਂ ਨੂੰ ਹੀ ਧੰਨ ਕਹਿੰਦੇ ਨੇ। ਫਰੀਦ ਨੂੰ ਭਜਨ ਕਰਨ ਲਈ ਲਗਾ ਦਿਤਾ ਪੰਜ ਸਾਲ ਦੇ ਨੂੰ। ਕਹਿੰਦੇ, ਅੱਲਾ-ਅੱਲਾ ਕਰਕੇ ਤਸਬੀ ਫੇਰਿਆ ਕਰ। ਤਸਬੀ ਫੇਰਦਾ ਹੈ। ਜੇ ਕਿਸੇ ਸ਼ਬਦ ਦਾ ਜਾਪ ਕਰੀਏ ਉਹਦੇ 'ਚ ਸ਼ਕਤੀ ਆ ਜਾਂਦੀ ਹੈ। ਮਾਂ ਹਰ ਰੋਜ਼ ਇੱਕ ਪੁੜੀ ਸ਼ੱਕਰ ਦੀ ਰੱਖਿਆ ਕਰਦੀ ਸੀ ਤੇ ਇੱਕ ਦਿਨ ਰੱਖਣਾ ਭੁੱਲ ਗਈ। ਜਦੋਂ ਫਰੀਦ ਰਿਆਜ਼ਤ ਕਰਕੇ ਹਟਿਆ, ਭਗਤੀ ਕਰਕੇ ਹਟਿਆ, ਉਸ ਵੇਲੇ ਆਸਣ ਚੁੱਕਿਆ ਤਾਂ ਕੀ ਦੇਖਦਾ ਹੈ ਕਿ ਸਾਰੇ ਆਸਣ ਦੇ ਥੱਲੇ ਸ਼ੱਕਰ ਹੀ ਸ਼ੱਕਰ ਪਈ ਹੈ। ਭਾਂਡੇ ਭਰ ਦਿਤੇ, ਝੱਕਰੇ ਚੁੱਕ ਕੇ ਭਰ ਦਿਤੇ। ਮਾਂ ਆਈ ਕਹਿੰਦੀ, ਫਰੀਦਾ! ਤਅੱਸਵੀ ਫੇਰੀ ਕਹਿੰਦੇ ਹਾਂ ਮਾਂ। ਕਹਿੰਦੀ, ਫੇਰ ਅੱਜ ਖੁਦਾ ਨੇ ਸ਼ੱਕਰ ਦਿਤੀ ਕਿ ਨਹੀਂ। ਉਹਨੂੰ ਖਿਆਲ ਸੀ ਕਿ ਅੱਜ ਸ਼ੱਕਰ ਨਹੀਂ ਆਈ ਹੋਣੀ, ਕਿਤੇ ਦਿਲ ਨਾ ਟੁੱਟ ਜਾਏ, ਬਹਾਨਾ ਪਹਿਲਾਂ ਹੀ ਸੋਚ ਕੇ ਆਈ ਹੋਈ ਸੀ। ਉਂਗਲੀ ਫੜ ਲਈ ਫਰੀਦ ਨੇ ਖਿੱਚ ਕੇ ਲੈ ਗਿਆ ਅੰਦਰ, ਛੋਟਾ ਜਿਹਾ ਸੀ ਪੰਜ ਜਾਂ ਛੇ ਸਾਲ ਦਾ। ਜਾ ਕੇ ਚੱਪਣ ਚੁੱਕੀਂ ਜਾਂਦਾ ਹੈ, ਦਿਖਾਈ ਜਾਂਦਾ ਹੈ। ਉਹ ਕਹਿੰਦੀ, ਇਹ ਕੀ ਗੱਲ?

ਕਹਿੰਦਾ, ਅੱਜ ਤਾਂ ਬੇਅੰਤ ਹੀ ਸ਼ੱਕਰ ਭੇਜ ਦਿਤੀ ਉਨ੍ਹਾਂ ਨੇ। ਅੱਗੇ ਤਾਂ ਪੁੜੀ-ਪੁੜੀ ਹੀ ਭੇਜਦਾ ਸੀ। ਮਾਂ ਨੂੰ ਪਤਾ ਲੱਗ ਗਿਆ ਕਿ ਸ਼ਬਦ ਸਿੱਧ ਹੋ ਗਿਆ ਇਹਦਾ।

ਹੋਰ ਪਰਖਣ ਵਾਸਤੇ ਉਹਨੇ ਇੱਕ ਦਿਨ ਕਿਹਾ ਕਿ ਫਰੀਦਾ! ਅੱਜ ਆਪਣੇ ਰਾਸ਼ਨ ਨਹੀਂ ਹੈ, ਇੱਕ ਡੰਗ ਦਾ ਰਾਸ਼ਨ ਮੰਗ ਲਈ। ਭਗਤੀ ਕਰਕੇ ਜਦੋਂ ਹਟਿਆ ਤਾਂ ਦੁਆ ਕਰੀ ਕਿ ਹੇ ਅੱਲਾਹ ਤਾਲਾ! ਇਕ ਡੰਗ ਦਾ ਰਾਸ਼ਨ ਭੇਜ ਦੇ। ਕੀ ਦੇਖਦਾ ਹੈ, ਪਿਛਲੇ ਪਾਸੇ ਉਸੇ ਵੇਲੇ ਹੀ ਗੱਡਿਆਂ ਵਾਲੇ ਖੜ੍ਹੇ। ਉਹ ਕਹਿੰਦੇ, ਨਿੱਕਿਆ! ਫਰੀਦ ਦਾ ਘਰ ਕਿਹੜਾ ਹੈ ਕਹਿੰਦਾ ਆਹੀ ਹੈ। ਜਿਉਂ ਬੋਰੀਆਂ ਰੱਖਣ ਲੱਗੇ, ਸਾਰਾ ਹੀ ਘਰ ਭਰ ਦਿੱਤਾ। ਲੰਘਣ ਨੂੰ ਵੀ ਥਾਂ ਨਾ ਛੱਡਿਆ। ਮਾਂ ਆਈ, ਕਹਿੰਦੀ ਫਰੀਦਾ! ਰਾਸ਼ਨ ਮੰਗਿਆ? ਉਂਗਲੀ ਫੜ ਕੇ ਅੰਦਰ ਲੈ ਗਿਆ। ਕਹਿੰਦਾ, ਲੈ ਅੰਮੀ ਜਾਨ! ਆਹ ਦੇਖ ਕਹਿੰਦਾ ਰਾਸ਼ਨ ਹੀ ਰਾਸ਼ਨ ਪਿਆ ਹੈ। ਕਹਿੰਦੀ, ਮੈਂ ਵੀ ਕਿਹਾ ਸੀ ਕਿ ਅਸੀਂ ਤਾਂ ਇੱਕ ਡੰਗ ਦਾ ਮੰਗਿਆ ਹੈ। ਕਹਿੰਦਾ ਮੈਨੂੰ ਕਹਿੰਦੇ ਨੇ ਕਿ ਫਰੀਦਾ! ਤੇਰਾ ਡੰਗ ਹੈ ਰੋਟੀਆਂ ਦਾ, ਅੱਲਾਹ ਦਾ ਡੰਗ ਤਾਂ ਬਹੁਤ ਵੱਡਾ ਹੈ, ਅਸੀਂ ਤਾਂ ਭੋਰਾ ਕੁ ਲਿਆਏ ਹਾਂ। ਕਿਣਕਾ ਮਾਤਰ ਹੀ। ਉਹ ਤਾਂ ਆਪਣੇ ਇੱਕ ਡੰਗ ਦੀ ਰੋਟੀ ਸਾਰੇ ਤ੍ਰਿਭਵਣ ਨੂੰ ਦਿੰਦਾ ਹੈ। ਤਿੰਨਾਂ ਲੋਕਾਂ ਨੂੰ, ਜਿੱਥੇ ਤੱਕ ਸ੍ਰਿਸ਼ਟੀਆਂ ਨੇ, ਉਨ੍ਹਾਂ ਨੂੰ ਇੱਕ ਟਾਈਮ ਦੀ ਰੋਟੀ ਦਿੰਦਾ ਹੈ। ਉਹ ਤਾਂ ਧਰਤੀ ਦੇ ਉਤੇ ਰੱਖ ਜਾਈਏ ਤਾਂ ਵੀ ਥਾਉਂ ਭਰ ਜਾਵੇ ਧਰਤੀ ਦੀ। ਸਾਰਾ ਬੋਝ ਨਹੀਂ ਧਰਤੀ ਚੁੱਕ ਸਕਦੀ

4ਅੱਲਾਹ ਦੇ ਡੰਗ ਦੀ। ਕਹਿੰਦੀ, ਥੋੜ੍ਹਾ ਜਿਹਾ ਭੇਜਿਆ ਹੈ ਮਾਂ। ਪੂਰਾ ਨਹੀਂ ਉਨ੍ਹਾਂ ਨੇ ਭੇਜਿਆ। ਮਾਂ ਨੂੰ ਪਤਾ ਲੱਗ ਗਿਆ। ਅਠਾਰ੍ਹਾਂ ਸਾਲ ਦਾ ਹੋਇਆ ਉਸ ਵੇਲੇ ਮਾਂ ਨੇ ਭਗਤੀ ਕਰਨ ਵਾਸਤੇ ਭੇਜ ਦਿਤਾ ਤੇ ਨਾਲ ਬਚਨ ਕਰ ਦਿਤੇ। ਕਹਿੰਦੀ, ਫਰੀਦਾ! ਦੇਖ ਤੂੰ ਚੱਲਿਆਂ ਹੈਂ ਜ਼ੋਹਦ ਕਰਨ ਵਾਸਤੇ। ਤਪ ਕਰਨ ਵਾਸਤੇ। ਤਿੰਨ ਗੱਲਾਂ ਮੇਰੀਆਂ ਯਾਦ ਰੱਖੀਂ। ਇੱਕ ਤਾਂ ਤੂੰ ਰਹੀਂ ਕਿਲ੍ਹੇ ਵਿਚ, ਇੱਕ ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਈਂ। ਛੱਤੀ ਰਸਾਂ ਵਾਲੇ। ਸਾਨੂੰ ਤਾਂ ਪਤਾ ਹੀ ਨਹੀਂ ਕਿ ਛੱਤੀ ਪ੍ਰਕਾਰ ਦੇ ਭੋਜਨ ਕੀ ਹੁੰਦੇ ਨੇ। ਨਾ ਕਿਸੇ ਨੇ ਕਦੇ ਦੱਸਿਆ ਹੈ ਨਾ ਸਾਨੂੰ ਪਤਾ ਲੱਗੇ। ਛੇ ਰਸ ਹੁੰਦੇ ਨੇ, ਛੇਆਂ ਦੇ ਵਿਚ ਛੇ-ਛੇ ਰਸ ਫੇਰ ਅੱਡ-ਅੱਡ ਹੁੰਦੇ ਨੇ। ਛੱਤੀ ਪ੍ਰਕਾਰ ਦੇ ਭੋਜਨ ਬਣ ਜਾਂਦੇ ਨੇ।

ਦਰੋਪਤੀ ਨੇ ਬਾਲਮੀਕ ਰਿਸ਼ੀ ਨੂੰ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਥਾਲ ਲਾਇਆ ਸੀ। ਫੇਰ ਇਕੱਠਾ ਕਰ ਲਿਆ ਸੀ ਸਾਰਾ। ਸ਼ੰਕਾ ਪੈਣ ਦੇ ਉਤੇ ਪੁੱਛਿਆ ਕਿ ਰਿਸ਼ੀ ਮਹਾਰਾਜ! ਤੁਹਾਨੂੰ ਅੱਡ-ਅੱਡ ਸੁਆਦ ਨਹੀਂ ਸੀ ਲਗਦੇ? ਕਹਿੰਦੇ, ਬੀਬੀ! ਸੁਆਦ ਤਾਂ ਲਗਦੇ ਸੀ ਪਰ ਸਾਨੂੰ ਇਸ ਤਰ੍ਹਾਂ ਨਹੀਂ ਸੀ ਪਤਾ ਕਿ ਪ੍ਰਮੇਸ਼ਰ ਨੂੰ ਕਿਹੜਾ ਰਸ ਪਹਿਲਾਂ ਚੰਗਾ ਲਗਦਾ ਹੈ। ਏਸ ਕਰਕੇ ਮੈਂ ਸਾਰੇ ਹੀ ਰਸ ਇਕੱਠੇ ਕਰ ਲਏ ਕਿ ਜਿਹਦਾ ਸਵਾਦ ਲੈਣਾ ਹੋਏਗਾ ਲੈ ਲਏਗਾ। ਨਿਹਚਾ ਹੈ ਇਹ ਤਾਂ, ਬ੍ਰਹਮਗਿਆਨੀ ਦਾ ਭੋਗ, ਵਾਹਿਗੁਰੂ ਦਾ ਧਿਆਨ ਕਰਨਾ ਪ੍ਰਸ਼ਾਦੇ ਦੇ ਵਿਚ, ਧਿਆਨ ਕਰਕੇ ਇੱਕ ਵਾਰੀ ਕਹਿਣਾ 'ਵਾਹਿਗੁਰੂ' ਇਹਦੇ ਨਾਲ ਵਾਹਿਗੁਰੂ ਨੂੰ ਭੋਗ ਲਗਦਾ ਹੈ, ਸਾਰੇ ਦੇਵਤਿਆਂ ਨੂੰ ਭੋਗ ਲਗਦਾ ਹੈ, ਸਾਰੀਆਂ ਸ਼ਹੀਦ ਆਤਮਾ ਨੂੰ ਭੋਗ ਲਗਦਾ ਹੈ, ਐਨੇ ਨਾਲ। ਅਗਿਆਨੀ ਜਿੰਨਾਂ ਜੀਅ ਕਰਦਾ ਹੈ ਲਾਈ ਜਾਵੇ, ਉਹਦਾ ਭੋਗ ਹੋਰ ਤਰੀਕਾ ਹੈ, ਉਹਦਾ ਹੋਰ।

ਸੋ ਕਹਿਣ ਲੱਗੇ ਕਿ ਮੈਂ ਤਾਂ ਪ੍ਰਭੂ ਨੂੰ ਭੋਗ ਲਵਾਉਣਾ ਸੀ, ਪਤਾ ਨਹੀਂ ਕਿਹੜਾ ਰਸ ਚੰਗਾ ਲੱਗੇ ਏਸ ਕਰਕੇ, ਇਕੱਠੇ ਕਰ ਲਏ।

ਸੋ ਮਾਂ ਕਹਿੰਦੀ ਫਰੀਦਾ! ਛੱਤੀ ਪ੍ਰਕਾਰ ਦੇ ਭੋਜਨ ਖਾਈਂ, ਗਦੇਲਿਆਂ ਤੇ ਸੋਈਂ ਤੇ ਕਿਲ੍ਹਿਆਂ ਵਿਚ ਰਹੀਂ।

ਕਹਿਣ ਲੱਗਿਆ, ਮਾਂ! ਕੀਹਨੇ ਬਣਾਏ ਨੇ ਕਿਲ੍ਹੇ ਜੰਗਲਾਂ 'ਚ। ਉਥੇ ਕੀਹਦਾ ਲੰਗਰ ਚਲਦਾ ਹੈ ਜਿਹੜਾ ਛੱਤੀ ਪ੍ਰਕਾਰ ਦੇ ਭੋਜਨ ਦੇਵੇ। ਗਦੇਲੇ ਕੌਣ ਲਈਂ ਬੈਠਾ ਹੈ? ਉਥੇ ਤਾਂ ਧਰਤੀ ਦੇ ਉਤੇ ਪੈਣਾ ਹੈ, ਕੀੜੇ ਲੜਨੇ ਨੇ, ਕੀੜੀਆਂ ਚੜ੍ਹਨੀਆਂ ਨੇ, ਮੱਛਰਾਂ ਨੇ ਡੰਗ ਮਾਰਨੇ ਨੇ।

ਕਹਿੰਦੀ ਫਰੀਦਾ! ਜਿਨ੍ਹਾਂ ਮਹਾਤਮਾਵਾਂ 'ਚ ਤੂੰ ਜਾਣਾ ਹੈ, ਉਨ੍ਹਾਂ ਨੇ ਸਹੀ ਗੱਲ ਨਹੀਂ ਕਦੇ ਵੀ ਕਰਨੀ, ਉਹ ਰਮਜ਼ ਦੀ ਗੱਲ ਕਰਨਗੇ। ਇਹ ਰਮਜ਼ ਮਾਰੀ ਹੈ ਮੈਂ, ਤਾਂ ਕਿ ਤੈਨੂੰ ਪਤਾ ਲੱਗੇ। ਛੱਤੀ ਪ੍ਰਕਾਰ ਦੇ ਭੋਜਨ, ਜਦੋਂ ਭੁੱਖ ਤੈਨੂੰ ਹੱਦ ਤੋਂ ਜ਼ਿਆਦਾ ਤੰਗ ਕਰ ਦੇਵੇ, ਰੁੱਖੀ ਰੋਟੀ ਪਾਣੀ ਵਿਚ ਭਿਉਂ ਕੇ ਖਾਵੀਂ, ਉਹ ਤੈਨੂੰ ਛੱਤੀ ਪ੍ਰਕਾਰ ਦੇ ਰਸਾਂ ਦਾ ਅਨੰਦ ਦੇਵੇਗੀ। ਜਦੋਂ ਹੱਦ ਤੋਂ ਜ਼ਿਆਦਾ ਨੀਂਦ ਆਵੇ, ਡਲ੍ਹਿਆਂ 'ਤੇ ਸੌਂ ਜਾਈਂ,

ਤੈਨੂੰ ਗਦੇਲੇ ਮਿਲਣਗੇ, ਰੇਸ਼ਮ ਦੇ ਗਦੇਲਿਆਂ ਦਾ ਕੰਮ ਦੇਣਗੇ ਤੇ ਸਾਧੂਆਂ ਦੀ ਸੰਗਤ ਵਿਚ ਰਹੀਂ, ਇਕੱਲੇ ਨੂੰ ਮਾਇਆ ਪੈ ਜਾਏਗੀ, ਸੰਗਤ ਕਿਲ੍ਹਾ ਰੂਪ ਹੁੰਦੀ ਹੈ, ਕਿਲ੍ਹੇ ਵਿਚ ਚੋਰ ਨਹੀਂ ਵੜਦੇ ਡਰਦੇ ਰਹਿੰਦੇ ਨੇ, ਸੋ ਇਹ ਤਿੰਨ ਬਚਨ ਮੇਰੇ ਯਾਦ ਕਰੀਂ। ਤਿੰਨ ਬਚਨ ਕਮਾ ਕੇ ਭਗਤੀ ਕਰਦਾ ਹੈ, ਜ਼ੋਹਦ ਕਰਦਾ ਹੈ, ਬਹੁਤ ਸਖਤ ਉਹਨੇ ਤਪੱਸਿਆ ਕਰੀ। ਕੋਈ ਕਰ ਨਹੀਂ ਸਕਦਾ ਐਨੀ ਤਪਸਿਆ, ਬਹੁਤ ਮੁਸ਼ਕਲ ਹੈ ਜੇ ਤਪੀਆਂ ਦਾ ਹਾਲ ਪੜ੍ਹਨ ਲੱਗੀਏ, ਇਹਦੇ ਵਿਚ ਸੂਫੀ ਪੀਰਾਂ ਨੇ ਹੱਦ ਤੋਂ ਜ਼ਿਆਦਾ ਜ਼ੋਹਦ ਕਰਿਆ, ਜਿਹੜਾ ਅਸੀਂ ਸੋਚ ਵੀ ਨਹੀਂ ਸਕਦੇ ਕਿ ਉਹ ਜੀਉਂਦੇ ਕਿਵੇਂ ਰਹੇ ਐਨਾ ਤਪ ਕਰਨ ਤੋਂ ਬਾਅਦ। ਹੈਰਾਨੀ ਦੀ ਗੱਲ ਹੁੰਦੀ ਹੈ, ਏਸੇ ਤਰ੍ਹਾਂ ਦੇ ਨਾਲ ਹਿੰਦੂ ਮਹਾਤਮਾ ਨੇ, ਰਿਸ਼ੀਆਂ ਮੁਨੀਆਂ ਨੇ, ਤਪੀਆਂ ਨੇ, ਬਹੁਤ ਵੱਡੇ-ਵੱਡੇ ਉੱਗਰ ਤਪ ਕਰੇ ਨੇ, ਆਲੇ-ਦੁਆਲੇ ਮਿੱਟੀ ਜੰਮ ਗਈ ਉਨ੍ਹਾਂ ਦੇ ਤੇ ਘਾਹ ਹਰੇ ਹੋ ਗਏ, ਬੂਟੇ ਲਗ ਗਏ ਉਤੇ ਆ ਕੇ ਤੇ ਅੰਦਰ ਬੈਠੇ ਨੇ, ਪ੍ਰਮੇਸ਼ਰ ਨੇ ਕਢਾਏ ਆ ਕੇ ਕਿਸੇ ਤੋਂ।

ਇਸ ਤਰ੍ਹਾਂ ਦੇ ਨਾਲ ਜ਼ੋਹਦ ਕਰਦਾ ਹੈ ਤੇ ਇੱਕ ਲੁਹਾਰ ਜਿਹਦਾ ਨਾਉਂ ਸੀਰੂ ਸੀ, ਇਹਦਾ ਮਿੱਤਰ ਸੀ, ਉਹ ਆ ਜਾਂਦਾ ਸੀ, ਆ ਕੇ ਕਾਫੀ ਦੇਰ ਕੋਲ ਬਹਿ ਜਾਣਾ, ਜਲ ਪਾਣੀ ਦੀ ਸੇਵਾ ਵੀ ਕਰ ਦੇਣੀ, ਹੋਰ ਕੰਦ-ਮੂਲ ਵੀ ਚੁਣ ਕੇ ਲਿਆ ਦੇਣੇ ਤੇ ਇੱਥੇ ਤਪ ਕਰਦੇ-ਕਰਦੇ ਰਾਤ ਨੂੰ ਸਾਰੀ ਰਾਤ ਖੜ੍ਹੇ ਰਹਿੰਦੇ। ਦਿਨ ਨੂੰ ਧੁੱਪ ਵਿਚ ਖੜ੍ਹੇ ਰਹਿੰਦੇ ਨੇ, ਰਾਤ ਨੂੰ ਵੈਸੇ ਖੜ੍ਹੇ ਰਹਿੰਦੇ ਨੇ। ਇੱਕ ਦਿਨ ਇਹਨੂੰ ਸਾਝਰੇ ਜਾਗ ਆ ਗਈ, ਇਹਨੇ ਘੜਾ ਲਿਆ ਸਿਰ ਦੇ ਉਤੇ ਤੇ ਕੁਹਾੜਾ ਮੋਢੇ 'ਤੇ ਰੱਖਿਆ, ਸੁਤ ਉਨੀਂਦਾ ਜਿਹਾ ਤੁਰਿਆ ਜਾਂਦਾ ਹੈ ਤੇ ਜਦੋਂ ਜਿੱਥੇ ਬਾਬਾ ਫਰੀਦ ਸੀ ਉਹਦੇ ਨੇੜੇ ਦੀ ਲੰਘਣ ਲੱਗਿਆ ਤੇ ਇਹਨੂੰ ਭੁਲੇਖਾ ਪਿਆ ਕਿ ਆਹ ਦਰਖਤ ਦੇ ਉੱਤੇ ਪੱਤੇ ਨਹੀਂ ਹੈਗੇ ਕਿ ਸ਼ਾਇਦ ਸੁੱਕਾ ਹੋਵੇ। ਉਵੇਂ ਜਿਵੇਂ ਅੱਖਾਂ ਮਲਦਾ-ਮਲਦਾ ਨੇੜੇ ਜਾ ਕੇ ਫਰੀਦ ਦੇ ਮੌਰਾਂ 'ਚ ਕੁਹਾੜਾ ਪੁੱਠਾ ਮਾਰਿਆ, ਉਹ ਪੰਜ-ਚਾਰ ਹੱਥ ਅਗਾਂਹਾਂ ਚਲੇ ਗਏ, ਜਦੋਂ ਮੁੜ ਕੇ ਦੇਖਿਆ ਕਿ ਇਹ ਤਾਂ ਸੀਰੂ ਹੈ। ਉਸ ਵੇਲੇ ਆਪ ਨੇ ਇਸ ਤਰ੍ਹਾਂ ਨਾਲ ਬਚਨ ਕਰਿਆ-

***ਧਾਰਨਾ - ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾ,***
***ਭਾਲ ਤੈਨੂੰ ਕੋਲਿਆਂ ਦੀ।***

***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥***
***ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥***

***ਅੰਗ - 1380***

ਭਾਲ ਤੈਨੂੰ ਵੀ ਹੈ, ਭਾਲ ਮੈਨੂੰ ਹੈ। ਮੈਂ ਵੀ ਰਾਤ ਦਾ ਖੜ੍ਹਾ ਹਾਂ, ਤੂੰ ਵੀ ਹਨ੍ਹੇਰੇ ਮੂੰਹ ਖੜ੍ਹਾ ਹੈਂ। ਤੇਰੀ ਤੇ ਮੇਰੀ ਭਾਲ ਵਿਚ ਫਰਕ ਹੈ ਪ੍ਰੇਮੀਆਂ। ਤੂੰ ਭਾਲਦਾ ਹੈਂ ਕੋਲੇ ਲੱਕੜੀਆਂ, ਜਾਲਣ ਤੋਂ ਬਾਅਦ, ਮੈਂ ਭਾਲਦਾ ਹਾਂ ਪ੍ਰਮੇਸ਼ਵਰ। ਐਸਾ ਤਪ ਕਰਨ ਤੋਂ ਬਾਅਦ ਖਿਆਲ ਆਇਆ ਕਿ ਮਾਤਾ ਨੂੰ ਮਿਲ ਆਈਏ, ਕੋਈ ਸ਼ੁਭ ਸਿੱਖਿਆ ਦੇਵੇਗੀ, ਤੁਰਿਆ ਆਉਂਦਾ ਹੈ, ਰਸਤੇ ਦੇ ਵਿਚ ਦਰਖਤ, ਜਿਸ ਦਰਖਤ ਦੇ ਥੱਲੇ ਬੈਠਾ ਹੈ, ਉਹ

ਪਹੁ-ਫੁਟਾਲਾ ਹੋਇਆ ਹੋਇਆ ਹੈ -

*ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥*

*ਅੰਗ - 319*

ਅਨੇਕਾਂ ਜਾਨਵਰ ਬੋਲਦੇ ਨੇ, ਸਾਰੇ ਜਾਨਵਰ ਰਾਤ ਦੇ ਵਿਛੁੜੇ ਹੋਏ, ਦਿਨ ਵਿਚ ਇਕੱਠਾ ਰਹਿੰਦਾ ਹੈ ਜੋੜਾ, ਰਾਤ ਨੂੰ ਨਹੀਂ ਰਹਿੰਦਾ। ਪ੍ਰਮੇਸ਼ਵਰ ਨੇ ਇਨ੍ਹਾਂ ਨੂੰ ਕੋਈ ਸੋਝੀ ਹੋਰ ਦਿਤੀ ਹੋਈ ਹੈ। ਰਾਖੀ ਦਾ ਬੰਦੋਬਸਤ ਤਾਂ ਹੈ ਹੀ ਨਹੀਂ ਇਨ੍ਹਾਂ ਨੂੰ। ਇਹ ਹੈ ਕਿ ਦੋਵੇਂ ਨਾ ਮਾਰੇ ਜਾਈਏ ਇਕੱਠੇ ਹੀ। ਅੱਡ-ਅੱਡ ਰਹਿੰਦੇ ਨੇ। ਲੇਕਿਨ ਅੰਮ੍ਰਿਤ ਵੇਲੇ ਆਵਾਜ਼ ਦਿੰਦੇ ਨੇ, ਆਵਾਜ਼ ਦੇ ਨਾਲ ਉਹਨੂੰ ਆਵਾਜ਼ ਵੀ ਸੁਣ ਜਾਂਦੀ ਹੈ, ਫੇਰ ਇਕੱਠੇ ਹੋ ਕੇ, ਉਸ ਵੇਲੇ ਬੋਲਦੇ ਨੇ, ਖੁਸ਼ ਹੋ ਕੇ -

*ਧਾਰਨਾ - ਚੱਲਾਂ ਸਿਰ ਦੇ ਭਾਰ,*
*ਜੇ ਮੈਨੂੰ ਮਿਲ ਜਾਏ ਰਾਮ ਪਿਆਰਾ।*

ਸਿਰ ਦੇ ਭਾਰ ਚਲਣਾ, ਬਹੁਤ ਔਖੀ ਗੱਲ ਹੈ। ਲੇਕਿਨ ਵਜਦ 'ਚ ਆਇਆ ਹੋਇਆ, ਪਿਆਰ ਦੀ ਖਿੱਚ 'ਚ ਆਇਆ ਹੋਇਆ, ਏਸ ਗੱਲ ਦੀ ਵੀ ਪ੍ਰਵਾਨਗੀ ਦਿੰਦਾ ਹੈ ਹਿਰਦੇ ਦੇ ਨਾਲ ਕਿ ਜੇ ਮੇਰੇ ਪੈਰ ਥੱਕ ਜਾਣ ਤੇ ਮੈਂ ਫੇਰ ਸਿਰ ਦੇ ਭਾਰ ਚਲਿਆ ਜਾਵਾਂ। ਰੁੜਦਾ ਹੀ ਚਲਿਆ ਜਾਵਾਂ, ਪਰ ਮੈਨੂੰ ਮਿਲਣਾ ਚਾਹੀਦਾ ਹੈ।

ਕਿਉਂਕਿ ਲਗਨ ਵਾਲਿਆਂ ਦੀਆਂ ਗੱਲਾਂ ਸਾਡੀ ਸਮਝ ਤੋਂ ਪਰ੍ਹੇ ਹੁੰਦੀਆਂ ਨੇ। ਐਸਾ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*

*ਅੰਗ - 558*

ਸਿਰ ਬੈਠਣ ਵਾਸਤੇ ਅਰਪਣ ਕਰ ਦਿਤਾ, ਜੇ ਕੋਈ ਮੇਰੇ ਪਿਆਰੇ ਦੀ, ਮੇਰੇ ਪ੍ਰੀਤਮ ਦਾ ਕੋਈ ਬਚਨ ਸੁਣਾਵੇ। ਸੋ ਇਸ ਤਰ੍ਹਾਂ ਦੀ ਭਾਵਨਾ, ਇਸ ਤਰ੍ਹਾਂ ਦੀ ਲਗਨ ਬਾਬਾ ਫਰੀਦ ਦੇ ਹਿਰਦੇ, ਸਰੀਰ ਦੇ ਵਿੱਚ ਜਲਨ ਪੈਦਾ ਕਰ ਰਹੀ ਹੈ, ਬਿਰਹੁੰ ਦੀ ਤੇ ਆਪ ਫੁਰਮਾਨ ਕਰਦੇ ਨੇ ਕਿ -

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥ ਅੰਗ - 1384*

ਤਨ ਮੇਰਾ ਤਪ ਰਿਹਾ ਹੈ ਜਿਵੇਂ ਤੰਦੂਰ ਤਪਦਾ ਹੁੰਦਾ ਹੈ ਤੇ ਉਹਦੇ ਵਿਚ ਅੱਗ ਜਿਹੜੀ ਹੈ ਉਹ ਮੇਰੇ ਹੱਡਾਂ ਦੀ ਬਲ ਰਹੀ ਹੈ -

*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥ ਅੰਗ - 1384*

ਪੈਰਾਂ ਦੇ ਨਾਲ ਚਲਦਾ-ਚਲਦਾ ਜੇ ਥੱਕ ਜਾਵਾਂ ਤਾਂ ਮੈਂ ਆਪਣਾ ਸਫਰ ਬੰਦ ਨਾ ਕਰਾਂ। ਰੁਕਾਂ ਨਾ ਕਿਸੇ ਥਾਂ 'ਤੇ, ਫੇਰ ਮੈਂ ਸਿਰ ਤੋਂ ਕੰਮ ਲਵਾਂ। ਇਹਨੂੰ ਪੈਰ ਬਣਾ ਲਵਾਂ ਤੇ ਫੇਰ ਸਿਰ ਦੇ ਭਾਰ ਮੈਂ ਚੱਲਾਂ। ਉਸ

ਵੇਲੇ ਆਵਾਜ਼ ਆਉਂਦੀ ਹੈ 'ਹੱਕ' ਦੀ। ਸਦਾ ਆਉਂਦੀ ਹੈ 'ਆਵਾਜ਼-ਏ-ਹੱਕ' ਜਿਸਨੂੰ ਆਖਦੇ ਨੇ। ਆਕਾਸ਼ ਵਿਚੋਂ ਆਇਆ ਕਰਦੀ ਹੈ। ਜਿਸਨੂੰ ਆਕਾਸ਼ ਬਾਣੀ ਕਹਿੰਦੇ ਨੇ। ਮਹਾਂਪੁਰਸ਼ਾਂ ਦੇ ਮੁੱਖ ਤੋਂ ਆਇਆ ਕਰਦੀ ਹੈ ਕਿਉਂਕਿ ਉਹ ਵੀ ਉਨ੍ਹਾਂ ਦੇ ਵਿਚੀਂ ਹੋ ਕੇ, ਜਿਵੇਂ ਆਹ ਟੈਲੀਵੀਜ਼ਨ relay (ਪ੍ਰਸਾਰ) ਕਰਦੀ ਹੈ, ਟੈਲੀਫੋਨਾਂ ਦੇ ਰਾਹੀਂ ਆਵਾਜ਼ ਆਉਂਦੀ ਹੈ। ਰੇਡੀਓ ਦੇ ਰਾਹੀਂ ਆਵਾਜ਼ ਆਉਂਦੀ ਹੈ, ਇਸ ਤਰ੍ਹਾਂ ਦੀ ਆਵਾਜ਼ ਹਿਰਦੇ ਦੇ ਵਿਚ ਪ੍ਰਵੇਸ਼ ਕਰਦੀ ਹੋਈ, ਮੱਤ ਦਿੰਦੀ ਜਾਂਦੀ ਹੈ। ਉਸ ਵੇਲੇ ਇਸ ਤਰ੍ਹਾਂ ਦੀ ਆਵਾਜ਼ ਕਬੀਰ ਦੇ ਕੰਨ੍ਹ ਵਿਚ ਸੁਣਾਈ ਦਿੰਦੀ ਹੈ -

*ਧਾਰਨਾ - ਕਿਉਂ ਤਨ ਨੂੰ ਤਪਾਉਨੈਂ ਹੱਡ ਬਾਲਦੈਂ,*
*ਗੁਰਾਂ ਵਾਲੀ ਰੰਗ, ਰੰਗ ਲੈ।*

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥*
*ਅੰਗ - 1384*

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥*
*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥*
*ਅੰਗ - 1384*

ਫਰੀਦਾ! ਲੋੜ ਨਹੀਂ ਇਨ੍ਹਾਂ ਚੀਜ਼ਾਂ ਦੀ, ਕੀ ਕਸੂਰ ਕੀਤਾ ਹੈ, ਤੇਰੇ ਸਿਰ ਨੇ 'ਤੇ ਪੈਰਾਂ ਨੇ। ਤੇਰੇ ਤਾਂ ਅੰਦਰ ਖੁਸ਼ੀਆਂ ਦੇ ਵਿਚ ਭਰਿਆ ਹੋਇਆ, ਸਦਾ ਅਨੰਦ 'ਚ ਰਹਿਣ ਵਾਲਾ ਪਿਆਰਾ ਵਸਦਾ, ਤੇਰਾ ਇੰਤਜ਼ਾਰ ਕਰ ਰਿਹਾ ਹੈ -

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਅੰਗ - 1384*

ਉਹ ਤਾਂ ਨਾਲ ਰਹਿੰਦਾ ਹੈ ਹਰੇਕ ਦੇ, ਕੌਣ ਹੈ ਜਿਹਦੇ ਨਾਲ ਵਾਹਿਗੁਰੂ ਨਹੀਂ ਰਹਿੰਦਾ। ਲੇਕਿਨ -

*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥*
*ਅੰਗ - 1384*

ਕੋਈ ਪੂਰਾ ਗੁਰਮੁਖ ਮਿਲ ਜਾਵੇ, ਜਿਹੜਾ ਇਸ ਘਰ ਦੇ ਅੰਦਰ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ - 1291*

ਕਹਿੰਦੇ ਉਹ ਭਾਲ ਲੈ ਕੋਈ, ਉਹਦੀ ਆਵਾਜ਼ ਪਹਿਲਾਂ ਸੁਣ। ਆਵਾਜ਼ ਆਉਂਦੀ ਹੈ ਇਸ ਤਰ੍ਹਾਂ -

***ਧਾਰਨਾ – ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈਂ,***
***ਖੋਜ ਮਨ ਆਪਣੇ ਨੂੰ।***

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ – 1378***

ਫਰੀਦਾ! ਸਾਂਈਂ ਨੂੰ ਮਿਲਣਾ ਹੈ ਤਾਂ ਮੁਰਸ਼ਦ–ਏ–ਕਾਮਲ ਦੀ ਰਮਜ਼ ਨੂੰ ਸਮਝ। ਜੇ ਤੇਰੇ ਸਮਝ ਵਿਚ ਆ ਗਈ, ਵਿਸ਼ਵਾਸ਼ ਦੇ ਘਰ ਆ ਗਿਆ ਫੇਰ ਤੂੰ ਰਸਤਾ ਅੱਧੇ ਤੋਂ ਜ਼ਿਆਦਾ ਖਤਮ ਕਰ ਲਿਆ। ਅਜੇ ਨਹੀਂ ਤੇਰਾ ਕੁਛ ਵੀ ਬਣਿਆ, ਅਜੇ ਤਾਂ ਤੂੰ ਰਸਤੇ ਵੀ ਨਹੀਂ ਪਿਆ, ਗਲਤ ਰਸਤੇ ਪਿਆ ਹੋਇਆ ਉਹ ਸਰੀਰ ਜਿਹੜਾ ਪ੍ਰਮੇਸ਼ਰ ਨੇ ਦਿਤਾ ਹੈ ਪ੍ਰਮੇਸ਼ਰ ਦਾ ਭਜਨ ਕਰਨ ਵਾਸਤੇ ਉਸਨੂੰ ਤੂੰ ਸੁਕਾ ਰਿਹਾ ਹੈਂ ਕੀ ਲੋੜ ਹੈ ਸੁਕਾਉਣ ਦੀ, ਕੀ ਲੋੜ ਹੈ ਕਾਵਾਂ ਨੂੰ ਖਲਾਉਣ ਦੀ। ਅੰਦਰ ਤੇਰੇ ਬਿਰਹਾ ਹੈ ਲੇਕਿਨ ਇਸੇ ਸ਼ਕਤੀ ਦੇ ਨਾਲ ਤੂੰ ਆਪਣੇ ਮੁਰਸ਼ਦ–ਏ–ਕਾਮਲ ਦੇ ਬਚਨ ਨੂੰ ਕਮਾ। ਮੁਰਸ਼ਦ ਦੀ ਰਮਜ਼ ਸਮਝ – ***'ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥' (ਅੰਗ – 1378)*** ਰੱਬ ਤਾਂ ਤੇਰੇ ਹਿਰਦੇ 'ਚ ਵਸਦਾ ਹੈ, ਲੇਕਿਨ ਫਰੀਦਾ! ਆਪਣੇ ਆਪ ਨਹੀਂ ਉਹਨੇ ਮਿਲਣਾ, ਕਿਉਂਕਿ ਚਾਬੀ ਤੇਰੇ ਕੋਲ ਨਹੀਂ। ਚਾਬੀ ਕਿਸੇ ਬਖਸ਼ੇ ਹੋਏ ਕੋਲ ਹੈ। ਉਹਦੀ ਤਲਾਸ਼ ਕਰ –

***ਧਾਰਨਾ – ਕੋਈ ਢੂੰਡ ਲੈ ਪਿਆਰਾ ਸੱਚੇ ਸਾਈਂ ਦਾ,***
***ਜਿਹੜਾ ਮੇਲੇ ਰਾਮ ਪਿਆਰੇ ਨੂੰ।***

ਫਰੀਦਾ! ਆਹ ਸਰੀਰ ਦੇ ਅੰਦਰ ਗੁਬਾਰ ਆਇਆ ਹੋਇਆ, ਰੋਸ਼ਨੀ ਨਹੀਂ ਭੋਰਾ ਜਿੰਨਾ ਵੀ। ਇਹਦੇ ਵਿਚ ਕੰਧ ਬਣੀ ਹੋਈ ਹੈ ਹਉਮੈ ਦੀ, ਕੋਈ ਰਾਮ ਪਿਆਰਾ ਟੋਲ੍ਹ। ਜਿਹਦੇ ਕੋਲ ਚਾਬੀਆਂ ਹੋਣ ਤੇ ਬੱਜਰ ਕਪਾਟ ਖੋਲ੍ਹ ਦੇਵੇ –

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥***
***ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ 2 ॥***
***ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥***
***ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ 3 ॥***
***ਨਾਨਕ ਸਤਗੁਰਿ ਮਿਲਿਐ ਹਉਮੈ ਗਈ***
***ਤਾ ਸਚੁ ਵਸਿਆ ਮਨਿ ਆਇ ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ਅੰਗ – 560***
***ਭੋਲਿਆ ਹਉਮੈ ਸੁਰਤਿ ਵਿਸਾਰਿ ॥***
***ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥***

***ਅੰਗ – 1168***

ਕਹਿੰਦੇ ਕੋਈ ਢੂੰਡ ਲੈ, ਢੂੰਡੀਂ ਪਿਆਰਾ, ਪੂਰਾ ਢੂੰਡ। ਛੱਪੜ 'ਚ ਨਾ ਜਾਈਂ। ਸਰੋਵਰ 'ਚ ਜਾਈਂ ਵੱਡੇ। ਛੱਪੜ 'ਚ ਹੱਥ ਪਾ ਲਏ, ਗਾਰੇ ਨਾਲ

ਭਰ ਜਾਣਗੇ। ਲੱਭਣਾ ਕੁਛ ਨਹੀਂ ਸਰੋਵਰ ਦਾ ਨਿਰਮਲ ਜਲ ਨਿਰਮਲ ਕਰ ਦੇਵੇਗਾ -

***ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥***

***ਅੰਗ - 1380***

ਜਿੱਥੋਂ ਇਹ ਆਤਮ ਵਸਤੂ ਦੀ ਪ੍ਰਾਪਤੀ ਹੋ ਜਾਵੇ, ਉਹ ਸਰੋਵਰ ਢੂੰਡੀ, ਛੱਪੜੀਆਂ ਨਾ ਢੂੰਡਦਾ ਫਿਰੀਂ -

***ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ਅੰਗ - 1380***

ਕੱਚੇ ਗੁਰੂ ਦੇ ਕੋਲ ਚਲਿਆ ਗਿਆ, ਅੰਨ੍ਹੇ ਮੁਰਸ਼ਦ ਦੇ ਕੋਲ ਚਲਿਆ ਗਿਆ। ਪੰਡਤ ਮੁਰਸ਼ਦ ਦੇ ਕੋਲ ਚਲਿਆ ਗਿਆ। ਅਵਧੂਤ ਮੁਰਸ਼ਦ ਦੇ ਕੋਲ ਗਿਆ, ਇਹ ਸਾਰੇ ਛੱਪੜ ਨੇ ਇਨ੍ਹਾਂ 'ਚੋਂ ਕੁਛ ਨਹੀਂ ਮਿਲਣਾ, ਸਿਵਾਏ ਹੱਥ ਲਿਬੜਨ ਦੇ। ਢੂੰਡ ਲੈ ਕੋਈ ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸਰੋਤਰਾ, ਪੂਰੇ ਜੀਵਨ ਵਾਲਾ। ਜਿਹਨੂੰ ਮਨੋ-ਨਾਸ਼ ਵਾਸ਼ਨਾ ਖੈ੍, ਤੱਤ ਗਿਆਨ ਦੀ ਪ੍ਰਾਪਤੀ ਹੋਵੇ, ਜਿਹੜਾ ਹਰ ਵਕਤ ਦਿਨ ਰਾਤ ਪ੍ਰਮੇਸ਼ਰ 'ਚ ਰਹਿੰਦਾ ਹੋਵੇ। ਪ੍ਰਮੇਸ਼ਰ 'ਚ ਨਿਵਾਸ ਹੋਵੇ, ਜਿਹਦੇ ਮਨ ਤਨ ਦੇ ਅੰਦਰ ਇੱਕੋ ਹੀ ਨਜ਼ਰ ਆਉਂਦਾ ਹੋਵੇ। ਦੂਸਰਾ ਨਾ ਨਜ਼ਰ ਆਉਂਦਾ ਹੋਵੇ। ਸੋ ਐਸਾ ਕੋਈ ਢੂੰਡ ਲੈ ਜੇ ਕੋਈ ਲੱਭਦਾ ਹੈ ਮੁਰਸ਼ਦ-ਏ-ਕਾਮਲ। ਉਹਦੀ ਸ਼ਰਨ ਗਏ ਤੋਂ ਬਗੈਰ ਤੇਰਾ ਗੁਜ਼ਾਰਾ ਨਹੀਂ ਹੋਣਾ। ਹੁਣ ਤਲਾਸ਼ ਵਾਸਤੇ ਜਾਂਦਾ ਹੈ, ਪਤਾ ਨਹੀਂ ਲੱਗਦਾ, ਕਹਿਣ ਲੱਗਿਆ ਪਿਆਰਿਆ! ਜਿੱਥੇ ਐਨਾ ਪਤਾ ਦਿਤਾ ਹੈ ਉਥੇ ਕੋਈ ਦੱਸ ਵੀ ਪਾ ਜਾ। ਕਹਿਣ ਲੱਗੇ, ਜਾਹ ਸਵੇਰੇ ਅਜਮੇਰ ਸ਼ਰੀਫ ਦੇ ਅੰਦਰ, ਬੁਖਤਿਆਰ ਕਾਕੀ ਨਾਮ ਦਾ ਪੂਰਨ ਮਹਾਤਮਾ ਬ੍ਰਹਮਗਿਆਨੀ ਰਹਿੰਦੇ ਨੇ, ਪ੍ਰਮੇਸ਼ਰ ਨਾਲ ਮਿਲੇ ਹੋਏ ਨੇ, ਉਨ੍ਹਾਂ ਕੋਲ ਜਾਹ। ਤਾਕਤਾਂ ਬੜੀਆਂ ਆਈਆਂ ਹੋਈਆਂ ਸੀ ਤਪ ਕਰਕੇ। ਨਿਗ੍ਹਾ ਕਰ ਦੇਵੇ ਤਾਂ ਜਾਲ ਦਿੰਦਾ ਸੀ। ਬਚਨ ਕਰ ਦੇਵੇ, ਖਤਮ ਹੀ ਕਰ ਦਿੰਦਾ ਹੈ। ਮੁਰਸ਼ਦ ਦੇ ਕੋਲ ਆਇਆ, ਮੁਰਸ਼ਦ ਬੱਚਿਆਂ ਦੇ ਨਾਲ ਗੇਂਦ ਖੇਲ੍ਹਦਾ ਸੀ, ਉੱਤੇ ਨੂੰ ਮਾਰਦਾ ਸੀ ਆਪ ਤੇ ਹੇਠਾਂ ਨੂੰ ਜਦੋਂ ਗਿਰਦੀ ਸੀ ਤਾਂ ਉਹ ਬੋਚ ਲੈਂਦੇ ਸੀ, ਬੱਚੇ ਨੱਠ ਕੇ ਉਹਦੇ ਕੋਲ ਫੇਰ ਆ ਜਾਂਦੇ ਸੀ। ਕਹਿੰਦੇ, ਸੀ ਫੇਰ ਮਾਰੋ, ਪੀਰ ਜੀ ਫੇਰ ਮਾਰੋ। ਬੱਚਿਆਂ ਨਾਲ ਬੱਚਿਆਂ ਵਾਂਗੂੰ ਖੇਲ੍ਹ ਰਹੇ ਨੇ ਜਿਵੇਂ ਗੁਰੂ ਅੰਗਦ ਸਾਹਿਬ ਖਿੱਦੋ-ਖੂੰਡੀ (ਹਾਕੀ) ਖਿਲਾਇਆ ਕਰਦੇ ਸੀ। ਪਹਿਲਵਾਨੀ, ਕੁਸ਼ਤੀਆਂ ਕਰਾਇਆ ਕਰਦੇ ਸੀ ਬੱਚਿਆਂ ਦੀਆਂ। ਜਦੋਂ ਹਮਾਯੂੰ ਆਇਆਂ ਬੱਚਿਆਂ ਦੀਆਂ ਕੁਸ਼ਤੀਆਂ ਕਰਾ ਰਹੇ ਸੀ, ਕਬੱਡੀ ਖਿਲਾ ਰਹੇ ਸੀ। ਆਪ ਨੇ ਧਿਆਨ ਹੀ ਨਾ ਦਿੱਤਾ ਉਹਦੇ ਵਲ। ਬੜਾ ਨਰਾਜ਼ ਹੋਇਆ, ਤਲਵਾਰ ਖਿੱਚ ਲਈ। ਮਹਾਰਾਜ ਨੇ ਇੱਕ ਨਿਗ੍ਹਾ ਕਰ ਦਿਤੀ ਉਥੇ ਹੀ ਜੁੜ ਗਿਆ। ਨਾ ਤੁਰ ਹੁੰਦਾ ਹੈ, ਨਾ ਤਲਵਾਰ ਅਗਾਂਹਾਂ ਖਿੱਚ ਹੁੰਦੀ ਹੈ। ਜਿੱਥੇ ਹੈ ਉਥੇ ਹੀ ਹੈ। ਉਸ ਵੇਲੇ ਚਰਨੀਂ ਪੈ ਗਿਆ, ਕਹਿਣ ਲੱਗਿਆ, ਪੀਰ ਜੀ! ਮੇਰੇ ਤੋਂ ਬੜੀ ਭੁੱਲ ਹੋ ਗਈ। ਪੂਰੀਆਂ ਸ਼ਕਤੀਆਂ ਦੇ ਮਾਲਕ ਕਿਰਿਆ ਜੋ ਹੋਵੇ, ਹੋਵੇ। ਸੋ ਇਸ ਤਰ੍ਹਾਂ ਦੀ ਕ੍ਰਿਆ ਕਰਦੇ, ਇਹਨੇ ਕਿਹਾ ਗੱਲ ਤਾਂ ਬਣਨੀ ਨਹੀਂ, ਇਹ ਕੋਈ ਮੈਂ

ਕੌਤਕ ਕਰਾਂ ਤਾਂ ਗੱਲ ਬਣੇ, ਮੇਰੀ ਮੌਜੂਦਗੀ ਪਤਾ ਲੱਗੇ ਕਿ ਮੈਂ ਆ ਗਿਆ।

ਉਸ ਵੇਲੇ ਗੇਂਦ ਉਪਰ ਨੂੰ ਜਦ ਮਾਰੀ ਤਾਂ ਇਹਨੇ ਨਿਗ੍ਹਾ ਕਰਕੇ ਉਥੇ ਹੀ ਰੋਕ ਦਿਤੀ। ਬੱਚੇ ਹੱਥ ਉਪਰ ਨੂੰ ਕਰੀ ਖੜ੍ਹੇ ਪਰ ਕਿਸੇ ਦੇ ਹੱਥ 'ਚ ਆਉਂਦੀ ਹੀ ਨਹੀਂ, ਇੱਕ ਦੂਜੇ ਦੇ ਮੂੰਹ ਵਲ ਦੇਖੀ ਜਾਂਦੇ ਨੇ। ਉਹਨੇ ਕਿਹਾ ਕਿ ਕੀ ਗੱਲ ਗੇਂਦ ਹੇਠਾਂ ਨਹੀਂ ਆਈ। ਉਤੇ ਨੂੰ ਦੇਖਿਆ, ਗੇਂਦ ਥੱਲੇ ਆ ਗਈ, ਨਾਲ ਦੀ ਨਾਲ ਦੇਖਿਆ ਕਿ ਔਹ ਬੰਦਾ ਖੜ੍ਹਾ ਹੈ, ਕੋਈ ਅਭਿਮਾਨ ਨਹੀਂ। ਤਪੱਸਵੀ ਆਇਆ ਹੋਇਆ ਹੈ, ਮਾਣ ਵਾਲਾ ਹੈ ਕੋਈ। ਪੁੱਛਿਆ ਕਿ ਕਿਵੇਂ ਆਏ ਹੋ?

ਕਹਿੰਦਾ, ਮੈਂ ਮੁਰਸ਼ਦ ਬਣਾਉਣਾ ਹੈ, ਕਹਿੰਦਾ, ਮੁਰਸ਼ਦ ਬਣਨਾ ਹੈ ਕਿ ਬਣਾਉਣ ਆਇਆ ਹੈਂ। ਜਾਹ, ਤੂੰ ਅਧਿਕਾਰੀ ਨਹੀਂ। ਚਲਿਆ ਜਾਂਦਾ ਹੈ, ਬਹੁਤ ਪਛਤਾਉਂਦਾ ਹੈ। ਦੂਜੀ ਵਾਰੀ ਫੇਰ ਆਉਂਦਾ ਹੈ, ਫੇਰ ਆਇਆ ਤਾਂ ਮੁਰਸ਼ਦ ਉਹਦਾ ਸੁੱਕੇ ਦਰਖਤ ਦੇ ਥੱਲੇ ਬੈਠਾ ਹੈ। ਉਪਰ ਧੁੱਪ ਆਈ ਹੋਈ ਹੈ ਜੇਠ ਦਾ ਮਹੀਨਾ ਹੈ। ਖਿਆਲ ਆਇਆ ਕਿ ਅੰਮ੍ਰਿਤ ਵੇਲੇ ਤੋਂ ਇਹ ਸਮਾਧੀ ਲਾਈ ਬੈਠੇ ਨੇ। ਧੁੱਪ ਆ ਗਈ, ਕਿਉਂ ਨਾ ਮੈਂ ਛਾਉਂ ਕਰ ਦੇਵਾਂ। ਫਰੀਦ ਨੇ ਨਿਗ੍ਹਾ ਕਰੀ, ਟਾਹਣੀਆਂ ਨਿਕਲ ਆਈਆਂ, ਟਾਹਣੇ ਬਣ ਗਏ, ਪੱਤੇ ਨਿਕਲ ਆਏ, ਸਾਰੇ ਛਾਉਂ ਹੋ ਗਈ। ਦਰਖਤ ਭਰ ਗਿਆ ਜਿਵੇਂ ਪਹਿਲਾਂ ਹੁੰਦਾ ਸੀ। ਛਾਉਂ ਹੋਣ ਦੇ ਨਾਲ ਮੁਰਸ਼ਦ ਨੇ ਨੇਤਰ ਖੋਲ੍ਹੇ ਕਿ ਇਹ ਕੌਣ ਆ ਗਿਆ, ਉਤੇ ਨੂੰ ਦੇਖਿਆ ਤਾਂ ਮਾੜੀ ਮੋਟੀ ਤਪਸਿਆ ਨਹੀਂ ਸੀ ਸਾਧਸੰਗਤ ਜੀ! ਆਪ ਹੀ ਅੰਦਾਜ਼ਾ ਲਾ ਲਓ ਕਿ ਦਰਖਤ ਹਰੇ ਕਰਨੇ ਖੇਲ੍ਹ ਥੋੜ੍ਹਾ ਹੁੰਦੀ ਹੈ। ਕਿੰਨਾ ਤਪ ਹੋਵੇ, ਕਿੰਨੀ ਸ਼ਕਤੀ ਹੋਵੇ, ਤਾਂ ਦਰਖਤ ਹੁਕਮ ਮੰਨਦਾ ਹੈ। ਨਹੀਂ ਤਾਂ ਮੰਨਦਾ ਹੀ ਨਹੀਂ।

ਸੋ ਨਿਗ੍ਹਾ ਕੀਤੀ ਮੁਰਸ਼ਦ ਨੇ ਤੇ ਦੇਖਿਆ ਕਿ ਇਹ ਤਾਂ ਓਹੀ ਖੜ੍ਹਾ ਹੈ। ਉਸ ਵੇਲੇ ਮੁਰਸ਼ਦ ਨੇ ਉਤੇ ਨੂੰ ਨਿਗ੍ਹਾ ਕੀਤੀ, ਸਾਰੀਆਂ ਟਾਹਣੀਆਂ ਸਾਰੇ ਹਟਾ ਕੇ, ਮੁੜ ਕੇ ਫੇਰ ਓਹੀ ਡੁੰਡ ਬਣ ਗਿਆ। ਫੇਰ ਬੁਲਾਇਆ। ਕਹਿੰਦਾ, ਤੂੰ ਅੱਗੇ ਵੀ ਆਇਆ ਸੀ, ਹੁਣ ਕਿਉਂ ਆਇਆ ਹੈਂ?

ਕਹਿੰਦਾ, ਮੁਰਸ਼ਦ! ਮੇਰੀ ਤਕਸੀਰ ਮਾਫ ਕਰੋ, ਮੈਂ ਤਪ ਕਰਦਾ ਰਿਹਾ ਲੇਕਿਨ ਮੈਨੂੰ ਮਹਾਂਪੁਰਸ਼ਾਂ ਦੀ ਸੇਵਾ ਕਰਨ ਦਾ ਵਲ ਨਹੀਂ ਆਇਆ, ਪਤਾ ਨਹੀਂ ਹੈ। ਓਸ ਵੇਲੇ ਮਹਾਂਪੁਰਸ਼ ਕਹਿਣ ਲੱਗੇ, ਫਰੀਦਾ! ਮੁਰੀਦ ਜਿਹੜਾ ਹੈ ਉਹ ਕੁਛ ਬਣ ਕੇ ਨਹੀਂ ਆਉਂਦਾ –

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***
***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*** ***ਅੰਗ – 286***

ਕੁਛ ਵੀ ਕਰਕੇ ਨਾ ਦੱਸੇ ਕਿ ਮੈਂ ਕੁਛ ਕਰ ਰਿਹਾ ਹਾਂ, ਮੈਂ ਕੋਈ

ਗਿਆਨੀ ਹਾਂ, ਮੈਂ ਕੋਈ ਧਿਆਨੀ ਹਾਂ, ਮੈਂ ਤਪ ਕਰਨ ਵਾਲਾ ਹਾਂ। ਤਾਂ, ਤਾਂ ਮੁਰਸ਼ਦ ਨਾਲ ਬਣ ਆਉਂਦੀ ਹੈ, ਨਹੀਂ ਤਾਂ ਨਹੀਂ ਬਣਦੀ। ਬੱਚਿਆਂ ਵਾਲਾ ਸਿਸਟਮ ਹੋਰ ਹੈ।

ਗੁਰੂ ਚੌਥੇ ਪਾਤਸ਼ਾਹ ਮਹਾਰਾਜ ਨਾਲ ਬੱਚੇ ਵੀ ਲੜਦੇ ਰਹੇ, ਪ੍ਰਿਥੀਚੰਦ ਕਹਿਣਾ ਹੀ ਨਹੀਂ ਸੀ ਮੰਨਦਾ। ਗੁਰੂ ਨਾਨਕ ਸਾਹਿਬ ਦਾ ਕਹਿਣਾ ਹੀ ਨਹੀਂ ਸੀ ਮੰਨਦੇ ਬੱਚੇ। ਲੇਕਿਨ ਮੁਰਸ਼ਦ ਦਾ ਤੇ ਮੁਰੀਦ ਦਾ ਸਵਾਲ ਹੋਰ ਹੈ। ਮੁਰੀਦ ਨੇ ਕੁਛ ਲੈਣਾ ਹੁੰਦਾ ਹੈ, ਮੁਰਸ਼ਦ ਨੇ ਕੁਛ ਦੇਣਾ ਹੁੰਦਾ ਹੈ। ਬੱਚਿਆਂ ਨੇ ਤਾਂ ਕੁਛ ਨਹੀਂ ਲੈਣਾ, ਜਾਇਦਾਦ ਲੈਣੀ ਹੁੰਦੀ ਹੈ, ਉਹਨੂੰ ਮਹਾਤਮਾ ਸਮਝਦੇ ਕੁਛ ਨਹੀਂ ਹੁੰਦੇ ਕਿ ਲਈ ਜਾਓ ਜਾਇਦਾਦ। ਜਿਹੜੀ ਸੰਤਾਂ ਕੋਲ ਚੀਜ਼ ਹੁੰਦੀ ਹੈ, ਉਹ ਤਾਂ ਲੱਖਾਂ ਜਾਇਦਾਦਾਂ ਪੈਦਾ ਕਰ ਦਿੰਦੀ ਹੈ। ਬੇਅੰਤ ਵੱਡੀਆਂ-ਵੱਡੀਆਂ ਚੀਜ਼ਾਂ ਪੈਦਾ ਕਰ ਦਿੰਦੀ ਹੈ। ਉਹ ਚੀਜ਼ ਹੀ ਐਸੀ ਹੈ। ਉਹ ਬੱਚਿਆਂ ਦੇ ਹਿੱਸੇ ਨਹੀਂ ਆਉਂਦੀ, ਉਹ ਤਾਂ ਮੁਰੀਦਾਂ ਦੇ ਹਿੱਸੇ ਆਉਂਦੀ ਹੈ। ਕਹਿੰਦੇ, ਫਰੀਦਾ! ਮੁਰੀਦ ਬਣਨ ਦੀ ਪਹਿਲਾਂ ਜਾਚ ਸਿੱਖ। ਚਰਨ ਫੜ ਲਏ, ਕਹਿੰਦੇ ਮੁਰਸ਼ਦ! ਮੈਂ ਅਣਜਾਣ ਬੰਦਾ ਹਾਂ, ਤਪ ਬਹੁਤ ਕਰਿਆ ਹੈ ਲੇਕਿਨ ਮੈਨੂੰ ਮੁਰੀਦ ਬਣਨ ਦੀ ਜਾਚ ਨਹੀਂ ਆਈ। ਆਪ ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਮੁਰੀਦ ਕਿਵੇਂ ਬਣੀਦਾ ਹੈ? ਉਸ ਵੇਲੇ ਆਪ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।***
***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਗੱਲਾਂ ਨਾਲ ਮੁਰੀਦ ਨਹੀਂ ਬਣਿਆ ਜਾਂਦਾ। ਮੁਰਦਾ ਹੋਣਾ ਪੈਂਦਾ ਹੈ -

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***
***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - 286***

ਮਰਨਾ ਪੈਂਦਾ ਹੈ ਫਰੀਦਾ - 'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।' ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦੇ ਹੋਏ, ਸਾਰੀਆਂ ਤਾਕਤਾਂ ਦਾ ਮਾਲਕ ਹੁੰਦੇ ਹੋਏ, ਕੋਈ ਵੀ ਗੱਲ ਨਾ ਜ਼ਾਹਰ ਕਰਨੀ, ਨਾ ਕੁਛ

ਵਰਤਣਾ। ਫੇਰ ਸਬਰ ਵਿਚ ਹੋਵੇ, ਸ਼ੁਕਰ ਵਿਚ ਹੋਵੇ। ਸਿਦਕ ਵਿਚ ਹੋਵੇ ਤੇ ਸੱਚ ਦੀ ਗੱਲ ਨੂੰ, ਸੱਚ ਕਹਿ ਸਕਦਾ ਹੋਵੇ - ***'ਗੋਲਾ ਮੂਲ ਖਰੀਦੁ ਕਾਰੇ ਜੋਵਣਾ।'*** ਮੁੱਲ ਖਰੀਦ ਗੋਲੇ ਤੋਂ ਕੋਈ ਕੰਮ ਕਰਾਈ ਜਾਓ, ਸੌਣ ਨੂੰ ਸਮਾਂ ਦਿਓ ਜਾਂ ਨਾ ਦਿਓ, ਰੋਟੀ ਖਾਣ ਨੂੰ ਸਮਾਂ ਦਿਓ ਜਾਂ ਚਾਹੇ ਨਾ ਦਿਓ। ਉਹਦਾ ਕੋਈ ਸ਼ਿਕਵਾ ਨਹੀਂ ਹੈ, ਕੋਈ ਉਹਦਾ ਹੱਕ ਨਹੀਂ। ਕੋਈ ਕਾਨੂੰਨ ਨਹੀਂ ਜਿਹੜਾ ਗੁਲਾਮ ਦੀ ਮਦਦ ਕਰੇ। ਕੋਈ ਕਾਨੂੰਨ ਨਹੀਂ ਹੈ ਜਿਹੜਾ ਘਰ ਖਰੀਦੇ ਹੋਏ ਡੰਗਰ ਦੀ ਰਾਖੀ ਕਰੇ। ਮਰਜ਼ੀ ਹੈ ਮਾਲਕ ਦੀ ਪੱਠੇ ਪਾਵੇ ਜਾਂ ਨਾ ਪਾਵੇ। ਪਾਣੀ ਪਿਲਾਵੇ ਜਾਂ ਨਾ ਪਿਲਾਵੇ। ਸਾਰਾ ਦਿਨ ਹੱਲ ਚਲਾਈ ਜਾਵੇ, ਬੈਠ ਜਾਵੇ ਡੰਡਿਆਂ ਨਾਲ ਕੁੱਟ-ਕੁੱਟ ਕੇ ਫੇਰ ਖੜ੍ਹਾ ਕਰ ਲਵੇ, ਫੇਰ ਹਲ੍ਹ ਨੂੰ ਜੁੜ ਜਾਵੇ।

ਕਹਿੰਦੇ, ਐਸ ਤਰ੍ਹਾਂ ਹੋਣਾ ਪੈਂਦਾ ਹੈ, ਆਪਣੀ ਥਾਉਂ ਬਿਲਕੁਲ ਖਤਮ ਕਰਨੀ ਪੈਂਦੀ ਹੈ।

ਜਦੋਂ ਪੁੱਗ ਜਾਵੇਗਾ, ਫੇਰ ਜਿਵੇਂ ਈਦ ਦੇ ਚੰਦਰਮਾ ਨੂੰ ਮੁਬਾਰਕਾਂ ਮਿਲਦੀਆਂ ਨੇ ਇਸ ਤਰ੍ਹਾਂ ਸਾਰੀ ਦੁਨੀਆਂ ਮੁਬਾਰਕਾਂ ਦਿੰਦੀ ਹੈ। ਕਹਿੰਦੇ ਫਰੀਦਾ! ਇਸ ਤਰ੍ਹਾਂ ਮੁਰੀਦ ਬਣੀਦਾ ਹੁੰਦਾ ਹੈ। ਮਨ 'ਚ ਵਸਾ ਲਈ ਗੱਲ, ਸੇਵਾ ਕਰਨ ਲੱਗ ਗਿਆ। ਬਹੁਤ ਸੇਵਾ ਕਰਦਾ ਹੈ, ਦਿਨ ਰਾਤ। ਸਿਮਰਨ ਵੀ ਕਰਦਾ ਹੈ ਤੇ ਸੇਵਾ ਵੀ ਕਰਦਾ ਹੈ। ਦੋ ਹਲਟ ਜੋੜ ਲਏ, ਦੋ ਟਿਊਬਵੈਲ ਚਲਾ ਲਏ, ਦੋ ਮੋਘੇ ਖੋਲ੍ਹ ਲਏ, ਹੁਣ ਫਸਲ ਜਿਹੜੀ ਹੈ ਛੇਤੀ-ਛੇਤੀ ਭਰ ਜਾਂਦੀ ਹੈ ਦੋ ਮੋਘਿਆ ਨਾਲ। ਸੋ ਦਿਨ ਰਾਤ ਸੇਵਾ ਕਰਦਾ ਹੈ, ਉਹ ਸੇਵਾ ਕੋਈ ਨਹੀਂ ਜਿਹੜੀ ਬਾਬਾ ਫਰੀਦ ਨਾ ਕਰਦਾ ਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਵੀ ਕਰਾਉਂਦਾ ਆਪਣੇ ਮੁਰਸ਼ਦ ਦਾ, ਗਰਮ ਪਾਣੀ ਦਿੰਦਾ ਹੈ ਕਿਉਂਕਿ ਬਿਰਧ ਸਰੀਰ ਹੈ ਤੇ ਅੱਜ ਮੁਰਸ਼ਦ ਨੇ ਦੇਖਿਆ ਕਿ ਬਾਰ੍ਹਾਂ ਸਾਲ ਲੰਘ ਗਏ ਏਸਨੂੰ। ਬਾਰ੍ਹਾਂ ਸਾਲ ਇਹਨੇ ਤਪ ਕਰਿਆ, ਬਾਰ੍ਹਾਂ ਫੇਰ ਕਰਿਆ, ਬਾਰ੍ਹਾਂ ਸਾਲ ਸੇਵਾ ਕਰੀ, ਛੱਤੀ ਸਾਲ ਲੰਘ ਗਏ। ਲੇਕਿਨ ਜਿਹੜਾ ਉਸਦਾ ਸਬਰ ਸੀ ਉਹ ਬਹੁਤ ਸੀ, ਕਾਹਲਾ ਨਹੀਂ ਪਿਆ ਕਿ ਅਜੇ ਵੀ ਨਹੀਂ ਮਿਲਿਆ, ਮੈਨੂੰ ਛੱਤੀ ਸਾਲ ਲੰਘ ਗਏ ਤੇ ਉਹਦੇ ਵਾਸਤੇ ਮਹਾਂਪੁਰਸ਼ਾਂ ਦਾ ਫੁਰਮਾਨ ਹੈ ਕਿ ਜਿਹੜਾ ਬੰਦਗੀ ਕਰਨ ਵਾਲਾ ਹੈ, ਉਹ ਸਾਬਰ ਹੋਣਾ ਚਾਹੀਦਾ ਹੈ, ਸਬਰ ਹੋਣਾ ਚਾਹੀਦਾ ਹੈ ਉਹਦੇ ਵਿਚ -

***ਫਰੀਦਾ ਸਾਹਿਬ ਕੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ਅੰਗ - 1381***

ਕੋਈ ਮਾੜਾ ਕਹੋ, ਕੋਈ ਚੰਗਾ ਕਹੋ, ਕੋਈ ਆਦਰ ਦਿਓ, ਕੋਈ ਨਾ ਦਿਓ। ਕੋਈ ਪਿਆਰ ਨਾਲ ਬੁਲਾ ਲਓ, ਕੋਈ ਨਾ ਬੁਲਾਵੋ। ਲੇਕਿਨ ਉਹ ਜਿਹੜਾ ਹੁੰਦਾ ਹੈ ਉਹਦਾ ਜੇਰਾ ਦਰਖਤ ਵਰਗਾ ਹੁੰਦਾ ਹੈ, ਟਾਹਣੇ ਵੱਢੀ ਜਾਓ, ਇੱਟਾਂ ਮਾਰੀ ਜਾਓ, ਫਲ ਝਾੜ ਕੇ ਦੇ ਦਿੰਦਾ ਹੈ ਕਿ ਲੈ ਪ੍ਰੇਮੀਆਂ! ਖਾ ਲੈ। ਬੜਾ ਮਿੱਠਾ ਫਲ ਹੈ। ਤੂੰ ਆਇਆ ਹੈਂ ਮੇਰੇ ਕੋਲ, ਚਾਹੇ ਪ੍ਰੇਮੀ ਹੋ ਕੇ ਆਇਆ ਹੈਂ, ਚਾਹੇ ਡੰਡੇ ਮਾਰਨ ਆਇਆ ਹੈਂ ਫਲ ਜ਼ਰੂਰ ਇਹਨੂੰ

ਦੇ ਦੇਣਾ ਹੈ, ਕਹਿੰਦੇ ਮਹਾਤਮਾ ਦੀ ਬਿਰਤੀ ਵੀ ਇਹੀ ਹੁੰਦੀ ਹੈ। ਕਿਸੇ ਨਾਲ ਨਰਾਜ਼ ਨਹੀਂ ਹੋਣਾ ਕਿਸੇ ਨੂੰ ਸਰਾਪ ਨਹੀਂ ਦੇਣਾ। ਕਿਸੇ ਨਾਲ ਤੰਗੀ ਨਹੀਂ ਕਰਨੀ ਹਰੇਕ ਨੂੰ ਮਨ ਇੱਛੀ ਜੋ ਚੀਜ਼ ਹੈ, ਜੋ ਮਹਾਂਪੁਰਸ਼ਾਂ ਦੇ ਕੋਲ ਹੈ –

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬੀਚਾਰ।***

ਸੋ ਉਹ ਦੇ ਦੇਣਾ ਹੈ ਉਨ੍ਹਾਂ ਨੇ, ਕੋਈ ਵਾਦ-ਵਿਵਾਦ 'ਚ ਨਹੀਂ ਪੈਣਾ, ਕੋਈ ਰਾਗ-ਦ੍ਵੈਸ਼ 'ਚ ਨਹੀਂ ਪੈਣਾ, ਕੋਈ ਵੈਰ ਨਹੀਂ ਯਾਦ ਕਰਨੇ ਕਿ ਇਹ ਤਾਂ ਮੇਰੇ ਨਾਲ ਵੈਰ ਕਰਦਾ ਹੈ, ਮੈਂ ਇਹਨੂੰ ਆਹ ਚੀਜ਼ ਕਿਉਂ ਦੇਵਾਂ। ਉਹ ਤਾਂ ਦਾਤਾ ਹੁੰਦਾ ਹੈ, ਖੁੱਲ੍ਹੀ ਦੁਕਾਨ ਹੁੰਦੀ ਹੈ, ਕੁਛ ਵੀ ਲੁੱਟ ਲਓ ਉਹਦੇ 'ਚੋਂ ਜਿਹੜੀ ਚੀਜ਼ ਜੀਅ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਦਿਨ ਰਾਤ ਸੇਵਾ ਕਰਦੇ ਨੇ, ਅੱਜ ਬਾਰ੍ਹਾਂ ਸਾਲ ਲੰਘ ਗਏ, ਬਾਰ੍ਹਾਂ ਸਾਲ ਮਹਾਤਮਾ ਨੇ ਕਿਹਾ ਕਿ ਇਮਤਿਹਾਨ ਤਾਂ ਲੈ ਕੇ ਦੇਖੀਏ, 'ਚੋਂ ਪਾਸ ਹੋਣ ਵਾਲਾ ਹੈ ਕਿ ਫੇਲ੍ਹ ਹੋਣ ਵਾਲਾ ਹੈ। ਉਸ ਵੇਲੇ 100 'ਚੋਂ 100 ਨੰਬਰ ਲੈਣਾ ਪੈਂਦਾ ਹੈ, ਰੂਹਾਨੀਅਤ ਦੇ ਵਿਚ। ਘੱਟ ਨੰਬਰਾਂ ਨਾਲ ਫੇਲ੍ਹ ਹੋ ਜਾਂਦਾ ਹੈ। 99 ਵਾਲਾ ਅਧੂਰਾ ਰਹਿ ਜਾਂਦਾ ਹੈ। ਸੌ ਹੋਣਾ ਚਾਹੀਦਾ ਹੈ। ਸੋ ਉਹਦੇ ਵਾਸਤੇ ਆਪ ਨੇ ਸ਼ਕਤੀ ਦੇ ਨਾਲ, ਸਰਦੀਆਂ ਦਾ ਮਹੀਨਾ ਛਾਛੜੇ ਦਾ ਮੀਂਹ ਵਰ੍ਹਾ ਦਿਤਾ। ਐਨਾ ਮੀਂਹ ਵਰ੍ਹਿਆ ਕਿ ਵਰਾਂਡਾ ਵੀ ਭਿੱਜ ਗਿਆ, ਜਿੱਥੇ ਅੱਗ ਦੱਬੀ ਹੋਈ ਸੀ ਉਹ ਵੀ ਭਿੱਜ ਗਈ। ਲੱਕੜੀਆਂ ਵੀ ਭਿੱਜ ਗਈਆਂ। ਫਰੀਦ ਨੂੰ ਜਾਗ ਆਉਂਦੀ ਹੈ ਅੰਮ੍ਰਿਤ ਵੇਲੇ, ਨੇਮ ਦੇ ਨਾਲ ਅੱਗ ਜਾਲਣ ਵਾਸਤੇ ਜਾਂਦਾ ਹੈ, ਚੁਲ੍ਹੇ 'ਚ ਜਾਲਣ ਵਾਸਤੇ ਕਿ ਪਾਣੀ ਗਰਮ ਕਰ ਦੇਵਾਂ। ਉਸ ਵੇਲੇ ਕੀ ਦੇਖਦਾ ਹੈ ਕਿ ਅੱਗ ਵਾਲਾ ਤਾਂ ਟੋਆ ਹੀ ਭਰਿਆ ਪਿਆ ਹੈ। ਅੱਗ ਦੱਬ ਕੇ ਰੱਖੀ ਜਾਂਦੀ ਸੀ। ਉਵੇਂ ਜਿਵੇਂ ਥੋੜ੍ਹੀ ਜਿਹੀ ਕੱਢ ਲੈਂਦਾ ਸੀ। ਲੱਕੜੀਆਂ ਨੂੰ ਹੱਥ ਲਾਇਆ ਲੱਕੜੀਆਂ ਗਿੱਲ੍ਹੀਆਂ ਪਈਆਂ, ਪੈਰਾਂ ਥੱਲੋਂ ਮਿੱਟੀ ਨਿਕਲ ਗਈ ਕਿ ਹੁਣ ਕੀ ਹੋਏਗਾ?

ਛੱਤੀ ਸਾਲ ਦੀ ਤਪਸਿਆ ਦਾ ਫਲ ਇੱਕ ਦਿਨ ਦੀ ਗਲਤੀ ਦੇ ਨਾਲ ਸਾਰਾ ਨਸ਼ਟ ਹੋ ਜਾਂਦਾ ਹੈ। ਫਿਕਰ ਪੈ ਗਿਆ, ਸਮਝ 'ਚ ਨਹੀਂ ਆਉਂਦਾ। ਉਸ ਵੇਲੇ ਖਿਆਲ ਕਰਦਾ ਹੈ ਕਿ ਮੈਂ ਸ਼ਹਿਰ ਵਿਚ ਜਾਵਾਂ। ਮੀਂਹ ਪੈ ਰਿਹਾ ਹੈ, ਉਸ ਵੇਲੇ ਜੋ ਸਲੋਕ ਨੇ ਇਸ ਭਾਵ ਨੂੰ ਪ੍ਰਗਟ ਕਰਨ ਵਾਲੇ ਉਹ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ –

***ਧਾਰਨਾ – ਜੇ ਚਲਦਾਂ ਤਾਂ ਭਿੱਜਦੀ ਹੈ ਕੰਬਲੀ,***
***ਰਹਿੰਦਾ ਨੇਹੁੰ ਟੁੱਟਦਾ।***

***ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ਅੰਗ – 1379***

ਨੇਹੁੰ ਟੁੱਟ ਜਾਏਗਾ। ਨੇਮ ਦਾ ਟੁੱਟ ਜਾਣਾ ਮੇਰੇ ਵਾਸਤੇ, ਜੀਵਨ ਤੋਂ ਮੌਤ ਹੈ। ਉਸ ਵੇਲੇ ਮਨ ਦੇ ਵਿਚ ਦੂਸਰਾ ਫੁਰਨਾ ਆਉਂਦਾ ਹੈ –

*ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,*
*ਭਿੱਜ ਭਾਵੇਂ ਜਾਵੇ ਕੰਬਲੀ।*

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ਅੰਗ - 1379*

ਛਾਛੜੇ ਦੇ ਮੀਂਹ ਦੇ ਅੰਦਰ, ਝਾਂਜਾ ਵਗ ਰਿਹਾ ਹੈ, ਬਾਹਰ ਨਿਕਲਦੇ ਹਾਂ ਹੱਥ ਠੁਰ-ਠੁਰ ਕਰਦੇ ਨੇ, ਮੂੰਹ ਐਨਾ ਠੰਡਾ ਹੋ ਜਾਂਦਾ ਹੈ, ਠੰਢੀ ਹਵਾ ਦੇ ਨਾਲ ਕਿ ਢੱਕਣਾ ਪੈਂਦਾ ਹੈ, ਪੈਰ ਤਿਲਕਦੇ ਨੇ ਤੇ ਉਸ ਵੇਲੇ ਆਪ ਅਜਮੇਰ ਸ਼ਹਿਰ ਵਲ ਨੂੰ ਜਾਂਦੇ-ਜਾਂਦੇ, ਗਲੀ-ਗਲੀ ਟੋਲ੍ਹਦੇ ਫਿਰਦੇ ਨੇ ਕਿ ਕਿਸੇ ਦਾ ਦਰਵਾਜ਼ਾ ਖੁੱਲ੍ਹਾ ਹੋਵੇ ਤਾਂ ਮੈਂ ਆਵਾਜ਼ ਮਾਰਾਂ। ਇਕ ਚੁਬਾਰੇ ਦੀਆਂ ਬਾਰੀਆਂ ਦੇ ਵਿਚੋਂ, ਕੁਛ ਰੋਸ਼ਨੀ ਬਾਹਰ ਨੂੰ ਨਜ਼ਰ ਆਈ, ਉਸ ਥਾਂ ਦੇ ਉਤੇ ਚੌਂਤਰੇ 'ਤੇ ਚੜ੍ਹੇ। ਚੜ੍ਹ ਕੇ ਆਵਾਜ਼ ਮਾਰੀ, ਉਪਰੋਂ ਆਵਾਜ਼ ਆਈ ਕੌਣ ਹੈ? ਉਪਰ ਆ ਜਾ। ਕੌਣ ਹੈਂ ਤੂੰ? ਅੱਜ ਵਰਗਾ ਜ਼ਮਾਨਾ ਨਹੀਂ ਸੀ। ਉਪਰ ਚਲੇ ਗਏ, ਦਰਵਾਜ਼ਾ ਖੋਲ੍ਹਿਆ ਤੇ ਕਿਹਾ ਕਿ, ਕੌਣ ਹੈਂ ਤੂੰ?

ਕਹਿਣ ਲੱਗੇ, ਮੈਂ ਫਰੀਦ ਹਾਂ।

ਫਰੀਦਾ! ਕਿੱਥੇ ਰਹਿੰਦਾ ਹੈਂ?

ਕਹਿਣ ਲੱਗੇ, ਮੈਂ ਪੀਰ ਜੀ ਦੇ ਪਾਸ ਰਹਿੰਦਾ ਹਾਂ।

ਫਰੀਦਾ! ਇਹ ਜਿਸ ਦੁਆਰੇ 'ਤੇ ਆਇਆ ਹੈਂ, ਇਹ ਪੀਰਾਂ ਮੁਰੀਦਾ ਦਾ ਦੁਆਰਾ ਨਹੀਂ ਹੈ। ਇਹ ਤਾਂ ਵਿਕਾਰੀਆਂ ਦਾ ਦੁਆਰਾ ਹੈ, ਇੱਥੇ ਤਾਂ ਕੁੰਭੀ ਨਰਕ ਦੇ ਟਿਕਟ ਮਿਲਦੇ ਨੇ-

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
*ਅੰਗ - 642*

ਇਹ ਤਾਂ ਕੁੰਭੀ ਨਰਕ ਦੇ ਦੁਆਰੇ ਤੂੰ ਆ ਕੇ ਖੜ੍ਹਾ ਹੋ ਗਿਆ। ਦੱਸ, ਕੀ ਕੰਮ ਹੈ?

ਕਹਿੰਦਾ, ਬੀਬਾ! ਮੈਨੂੰ ਅੱਗ ਚਾਹੀਦੀ ਹੈ।

ਕਹਿੰਦੀ, ਅੱਗ ਦੇ ਵਾਸਤੇ ਸਵੇਰੇ ਨਹੀਂ ਸੀ ਆ ਸਕਦਾ, ਦਿਨ ਚੜ੍ਹੇ। ਹੁਣ ਤੂੰ ਨੀਂਦ ਖਰਾਬ ਕਰੀ ਹੈ, ਆਵਾਜ਼ਾਂ ਮਾਰਦਾ ਹੈਂ।

ਖਿਆਲ ਸੀ ਕਿ ਸ਼ਾਇਦ ਕੋਈ ਗਾਹਕ ਆਇਆ ਹੋਵੇ। ਵੇਸਵਾ ਦੇ ਮਨ 'ਚ ਗਿਲਾਨੀ ਆ ਗਈ ਸੰਤ ਨੂੰ ਦੇਖ ਕੇ ਕਿ ਇਹਦਾ ਕੀ ਕੰਮ ਮੇਰੇ ਦੁਆਰੇ 'ਤੇ ਆਉਣ ਦਾ। ਕਠੋਰ ਹੋ ਗਈ।

ਕਹਿਣ ਲੱਗੀ, ਕੀ ਚਾਹੀਦਾ ਹੈ?

ਕਹਿੰਦੇ, ਮੈਨੂੰ ਅੱਗ ਚਾਹੀਦੀ ਹੈ, ਸਾਡੇ ਅੱਗ ਬੁੱਝ ਗਈ।

ਕਹਿਣ ਲੱਗੀ, ਫਰੀਦਾ! ਮੁਫਤ ਨਹੀਂ ਮਿਲਣੀ, ਕੋਈ ਸਰੀਰ ਦਾ

ਅੱਗ ਕੱਟ ਕੇ ਦੇਣਾ ਪਏਗਾ।

ਕਹਿਣ ਲੱਗਿਆ, ਬੀਬਾ! ਜੋ ਅੰਗ ਚਾਹੀਦਾ ਹੈ, ਮੈਂ ਦੇਣ ਨੂੰ ਤਿਆਰ ਹਾਂ।

ਕਹਿਣ ਲੱਗੀ, ਅੱਖ ਦਾ ਡੇਲਾ ਦੇ ਦੇ ਕੱਢ ਕੇ।

ਸ਼ੁਕਰ-ਸ਼ੁਕਰ ਹੈ ਵਾਹਿਗੁਰੂ ਦਾ ਜੇ ਤੂੰ ਸਿਰ ਮੰਗਦੀ, ਮੈਂ ਸਿਰ ਵੀ ਦੇ ਦੇਣਾ ਸੀ। ਕਿਉਂਕਿ ਇਹ ਸਰੀਰ ਨਾਸ਼ਵਾਨ ਹੈ, ਨਾਸ਼ਵਾਨ ਸਰੀਰ ਨੇ ਜਾਣਾ ਹੀ ਜਾਣਾ ਹੈ। ਜੇ ਸਿਰ ਦਿੱਤਿਆਂ 'ਤੇ ਮੁਰਸ਼ਦ ਪ੍ਰਸੰਨ ਹੋ ਜਾਵੇ ਇਸ ਤੋਂ ਸਸਤਾ ਸੌਦਾ ਕਿਹੜਾ ਹੈ। ਇਹਨੇ ਤਾਂ ਜਾਣਾ ਹੀ ਜਾਣਾ ਹੈ, ਜੇ ਜਾਣ ਵਾਲੀ ਚੀਜ਼ ਲੈ ਕੇ ਉਹ ਪ੍ਰਸੰਨ ਹੋ ਜਾਵੇ, ਫੇਰ ਤਾਂ ਕੌਡੀਆਂ ਦੇ ਭਾਅ ਚੀਜ਼ ਮਿਲਦੀ ਹੈ।

ਕਹਿਣ ਲੱਗੇ, ਅੱਖ ਕੱਢ ਲੈ।

ਕਹਿਣ ਲੱਗੀ, ਮੈਂ ਨਹੀਂ ਕੱਢਣੀ, ਆਪੇ ਕੱਢ ਕੇ ਦੇ। ਉਸ ਵੇਲੇ ਫਰੀਦ ਨੇ ਚਾਕੂ ਲਿਆ ਤੇ ਅੱਖ ਕੱਢ ਕੇ, ਤਸ਼ਕਰੀ 'ਚ ਪਾ ਕੇ ਦੇ ਦਿਤੀ। ਓਡਾ ਅੱਗ ਦਾ ਕੋਲਾ ਲਿਆ ਕੇ ਉਸ ਨੇ ਦੇ ਦਿਤਾ। ਕਿਸ ਤਰ੍ਹਾਂ ਲਿਆਇਆ, ਕਿਵੇਂ ਅੱਗ ਜਾਲੀ, ਉਹ ਤਾਂ ਵਾਹਿਗੁਰੂ ਜਾਣਦਾ ਹੈ, ਪਰ ਮੁਰਸ਼ਦ ਦਾ ਇਸ਼ਨਾਨ ਕਰਾਇਆ। ਕਿਉਂਕਿ ਇਹ ਚੀਜ਼ਾਂ ਮਾਮੂਲੀ ਗੱਲ ਨਹੀਂ ਸਾਧਸੰਗਤ ਜੀ! ਇਮਤਿਹਾਨ ਦੀ ਇੰਤਹਾਅ ਹੈ ਇੱਥੇ। ਜਿੱਥੇ ਵੱਡੇ-ਵੱਡੇ ਫੇਲ੍ਹ ਹੁੰਦੇ ਨੇ, ਏਸੇ ਕਰਕੇ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।***

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥*** ***ਅੰਗ - 1412***

ਪਿਆਰ ਦਾ ਸੌਦਾ ਸਿਰ ਤੋਂ ਪਾਰ ਹੋਇਆ ਕਰਦਾ ਹੈ। ਡੇਲਾ ਦੇ ਦਿਤਾ ਤੇ ਅੱਗ ਲਿਆ ਕੇ ਮੁਰਸ਼ਦ ਦਾ ਇਸ਼ਨਾਨ ਕਰਾ ਦਿਤਾ। ਕੋਈ ਸ਼ਿਕਵਾ ਨਹੀਂ ਹੈ, ਅੱਖ ਬੰਨ੍ਹੀ ਹੋਈ ਹੈ। ਦਿਨ ਚੜ੍ਹ ਆਇਆ, ਮੁਰਸ਼ਦ ਨੇ ਆਵਾਜ਼ ਦਿਤੀ ਫਰੀਦ ਕਿੱਥੇ ਹੈ? ਗੋਸ਼ਾ ਨਸ਼ੀਨ ਹੈ ਮਹਾਰਾਜ! ਖੂੰਜੇ 'ਚ ਬੈਠਾ ਇਬਾਦਤ ਕਰ ਰਿਹਾ ਹੈ।

ਕਹਿਣ ਲੱਗੇ, ਬੁਲਾਓ।

ਕੋਲ ਬੁਲਾ ਲਿਆ, ਸਾਮ੍ਹਣੇ ਦੇਖਿਆ, ਮੁਸਕਰਾਏ ਦੇਖ ਕੇ ਫਰੀਦ ਨੂੰ ਕਿਉਂਕਿ ਸਾਰੀ ਗੱਲ ਆਪ ਪੈਦਾ ਕਰੀ ਸੀ। ਪਰਚਾ ਆਪ ਪਾਇਆ ਸੀ।

ਉਸ ਵੇਲੇ ਫਰੀਦ ਨੂੰ ਕਿਹਾ ਫਰੀਦਾ! ਤੂੰ ਅੱਖ ਬੰਨ੍ਹੀਂ ਹੋਈ ਹੈ?

ਕਹਿਣ ਲੱਗੇ, "ਮੁਰਸ਼ਦ! ਅੱਖ ਆਈ ਹੋਈ ਹੈ। ਏਸ ਕਰਕੇ ਮੈਂ ਬੰਨ੍ਹ ਲਈ ਅੱਖ।"

ਆਈ ਹੋਈ ਅੱਖ ਪੰਜਾਬ 'ਚ ਕਹਿੰਦੇ ਨੇ ਅੱਖ ਦੁਖਦੀ ਹੈ।

ਕਹਿੰਦੇ, ਫਰੀਦਾ! ਆਈ ਅੱਖ ਨਹੀਂ ਬੰਨ੍ਹਿਆ ਕਰਦੇ, ਗਈ ਅੱਖ ਬੰਨ੍ਹਿਆ ਕਰਦੇ ਹੈ। ਖੋਲ੍ਹ ਦੇ ਪੱਟੀ।

ਜਦੋਂ ਪੱਟੀ ਖੋਲ੍ਹਦੇ ਨੇ, ਅੱਖ ਸਾਬਤ ਨਿਕਲ ਆਈ ਵਿਚੋਂ। ਉਸ ਵੇਲੇ ਮੁਰਸ਼ਦ ਹੱਦ ਤੋਂ ਜ਼ਿਆਦਾ ਪ੍ਰਸੰਨ ਹੋ ਗਿਆ। ਉਠਿਆ, ਉਠ ਕੇ ਬੁੱਕਲ 'ਚ ਲੈ ਲਿਆ। ਨਦਰੋ ਨਦਰੀ ਨਿਹਾਲ ਕਰ ਦਿਤਾ। ਬਜਰ ਕਪਾਟ ਖੋਲ੍ਹ ਦਿਤੇ, ਅੰਦਰ ਪ੍ਰਕਾਸ਼ ਹੋ ਗਿਆ, ਝਲਕਾਰੇ ਵੱਜੇ। ਜਿਹੜੇ ਵੱਡੇ-ਵੱਡੇ ਰਿਸ਼ੀਆਂ-ਮੁਨੀਆਂ ਨੂੰ ਤਪ ਕਰਨ ਤੋਂ ਬਾਅਦ ਕਦੇ ਵੀ ਪ੍ਰਮੇਸ਼ਰ ਦਾ ਝਲਕਾਰਾ ਨਹੀਂ ਵਜਦਾ। ਉਹ ਝਲਕਾਰੇ ਪ੍ਰਮੇਸ਼ਰ ਘਟ-ਘਟ ਦੇ ਵਿਚ ਵਿਆਪਕ, ਹਰ ਥਾਂ 'ਤੇ ਨਜ਼ਰ ਆਉਂਦਾ ਹੈ। ਉਸ ਵੇਲੇ ਦੀ ਅਵਸਥਾ ਨੂੰ ਇਸ ਤਰ੍ਹਾਂ ਦੇ ਨਾਲ ਵਰਣਨ ਕੀਤਾ ਜਾਂਦਾ ਹੈ -

***ਧਾਰਨਾ - ਗੁਰਾਂ ਨੇ ਮੇਰੇ ਉਹ ਨੈਣ ਖੋਲ੍ਹ 'ਤੇ,***
***ਰੱਬ ਸਾਰੀਆਂ ਘਟਾਂ ਦੇ ਵਿਚ ਦਿਸਿਆ।***

ਉਹ ਅੱਖ ਹੈ ਜਿਸਨੂੰ ਸਿੱਧ ਤੇ ਸੁੱਧ ਦੀ ਅੱਖ ਕਹਿੰਦੇ ਨੇ।

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਅੰਗ - 407***

ਜਿਸ ਅੱਖ ਖੁੱਲ੍ਹਣ ਦੇ ਨਾਲ ਸਾਰੇ ਇੱਕੋ ਹੀ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਉਹ ਅੱਖ ਮੁਰਸ਼ਦ ਨੇ ਬਾਬੇ ਫਰੀਦ ਦੀ ਖੋਲ੍ਹ ਦਿਤੀ -

***ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥***
***ਅੰਗ - 483***

***ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥ 1 ॥***
***ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥***
***ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ ॥***
***ਅੰਗ - 1252***

ਹਉਮੈ ਦਾ ਨਾਸ਼ ਕਰ ਦਿਤਾ -

***ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥***
***ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥***
***ਅੰਗ - 260***

ਸੋ ਬਜਰ ਕਪਾਟ ਖੋਲ੍ਹ ਕੇ ਅਗਮ ਨਿਗਮ ਦੀ ਸੋਝੀ ਕਰਾ ਦਿਤੀ ਤੇ ਸ਼ਕਤੀਆਂ, ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਬਖਸ਼ ਦਿਤੇ ਤੇ ਹੁਕਮ ਕੀਤਾ ਕਿ ਫਰੀਦਾ! ਹੁਣ ਕਿਸੇ ਇਕਾਂਤ ਥਾਂ ਜਾ ਕੇ ਨਿਵਾਸ ਕਰੋ। ਕਿਸੇ ਵਣ ਦੇ ਅੰਦਰ, ਜੰਗਲ ਦੇ ਅੰਦਰ। ਸੋ ਬਾਬਾ ਫਰੀਦ ਉਥੋਂ ਹੁਕਮ ਪਾ

ਕੇ ਪਾਕਪਟਨ, ਜੋ ਪਹਿਲਾਂ ਬੋਧੀਆਂ ਦਾ ਸ਼ਹਿਰ ਹੋਇਆ ਕਰਦਾ ਸੀ, ਬੜਾ ਮਸ਼ਹੂਰ ਤੀਰਥ ਸੀ ਉਨ੍ਹਾਂ ਦਾ। ਉਸ ਥਾਂ ਆਪ ਆ ਗਏ, ਦਰਿਆ ਦੇ ਕਿਨਾਰੇ ਜਿੱਥੇ ਪੱਤਣ ਸੀ ਉਹਦੇ ਨੇੜੇ ਰਹਿਣਾ ਸ਼ੁਰੂ ਕਰ ਦਿਤਾ ਤੇ ਹੌਲੀ-ਹੌਲੀ ਉਸ ਪੱਤਣ ਦਾ ਨਾਉਂ ਪਵਿੱਤਰ ਪਤਨ (ਪਾਕਪਟਨ) ਹੋ ਗਿਆ। ਪਾਕਪਟਨ ਫੇਰ ਸ਼ਹਿਰ ਬਣ ਗਿਆ ਤੇ ਬਾਬੇ ਫਰੀਦ ਨੇ ਜਿਸ ਤਰ੍ਹਾਂ ਮੈਂ ਬੇਨਤੀ ਕੀਤੀ ਸੀ ਕਿ ਬਹੁਤ ਤਪ ਕੀਤੇ। ਜ਼ੋਹਦ ਕੀਤਾ ਜੋ ਅਸੀਂ ਕਰ ਹੀ ਨਹੀਂ ਸਕਦੇ। ਲੇਕਿਨ ਉਹ ਬਜਰ ਕਪਾਟ ਨਾ ਖੁੱਲ੍ਹੇ। ਕਿਉਂਕਿ ਚਾਬੀ ਗੁਰੂ ਦੇ ਕੋਲ, ਚਾਬੀ ਗੁਰੂ ਤੋਂ ਲੈ ਕੇ ਬਜਰ ਕਪਾਟ ਖੁਲ੍ਹਦੇ ਨੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਸ਼ਬਦ ਦੀ ਪ੍ਰਾਪਤੀ ਹੋਈ, ਸੇਵਾ ਕਰਕੇ, ਸਿਮਰਨ ਕਰਕੇ, ਮੁਰਸ਼ਦ ਨੂੰ ਪ੍ਰਸੰਨ ਕਰਕੇ ਤਨ, ਮਨ, ਧਨ ਸਭ ਸਉਂਪ ਕੇ ਮੁਰਸ਼ਦ ਨੂੰ ਖੁਸ਼ ਕਰ ਲਿਆ ਤੇ ਉਹਦੇ ਖੁਸ਼ ਹੋਣ ਦੇ ਨਾਲ ਉਹਨੇ ਚਾਬੀ ਦੇ ਕੇ ਜੀਵ ਤੋਂ ਈਸ਼ਵਰ ਬਣਾ ਦਿਤਾ ਤੇ ਅੱਜ ਪ੍ਰਭੂ ਦੀ ਕ੍ਰਿਪਾ ਦੇ ਪਾਤਰ ਹੋ ਕੇ ਗੁਰਸਿੱਖ ਸੰਸਾਰ ਦੇ, ਸਾਰੀ ਦੁਨੀਆ ਦੇ ਗੁਰੂ ਰੂਪ ਹੋ ਕੇ ਗੁਰੂ ਗ੍ਰੰਥ ਸਾਹਿਬ ਮਹਾਰਾਜ 'ਚ ਬਿਰਾਜਮਾਨ ਨੇ - ਉਨ੍ਹਾਂ ਦੇ ਬਚਨ, ਉਨ੍ਹਾਂ ਦੀ ਬਾਣੀ। ਜੋ ਗੁਰੂ ਮਹਾਰਾਜ ਦੀ ਬਾਣੀ ਦਾ ਸਤਿਕਾਰ, ਓਹੀ ਉਨ੍ਹਾਂ ਦੀ ਬਾਣੀ ਦਾ ਹੈ। ਇੱਥੇ ਤੱਕ ਕਹਿ ਸਕਦੇ ਹਾਂ ਕਿ ਉਹ ਗੁਰਬਾਣੀ ਹੈ। ਏਸੇ ਕਰਕੇ ਗੁਰੂ ਦੀ ਬਾਣੀ ਕਰਕੇ ਅਸੀਂ ਮੰਨਦੇ ਹਾਂ। ਸੋ ਇੱਕ ਜੀਵਨ ਜੋ ਸਾਧਾਰਣ ਸੀ, ਲੇਕਿਨ ਲਗਨ ਵਾਲਾ ਸੀ, ਰਸਤਾ ਨਾ ਲੱਭਣ ਕਰਕੇ ਛੱਤੀ ਸਾਲ ਉਸ ਨੇ ਏਧਰ-ਉਧਰ ਘੁੰਮਦਿਆਂ ਲੰਘਾਏ। ਅਖੀਰ ਮੁਰਸ਼ਦ ਨੂੰ ਪ੍ਰਸੰਨ ਕਰਕੇ ਰਾਹ ਲੱਭਿਆ ਤੇ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਦੇ ਵਿਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਸ਼ਾਨ.................................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥*
*ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥*

*ਅੰਗ - 894*

*ਧਾਰਨਾ - ਵਾਹਿਗੁਰੂ ਮਹਿਮਾ ਨਾ ਤੇਰੀ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਗੁਰਬਾਣੀ 'ਤੇ ਵਿਚਾਰਾਂ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ। ਪਰਖੋ, ਪਰਖ ਕੇ ਹਿਰਦੇ ਵਿਚ ਧਾਰਨ ਕਰਕੇ, ਸਤਿਸੰਗ ਦਾ ਪੂਰਾ-ਪੂਰਾ ਲਾਹਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ - 546*

ਉਸਦੀ ਪ੍ਰਾਪਤੀ ਕਰੋ। ਮਹਾਂਪੁਰਸ਼ਾਂ ਦੇ ਆਪ ਨੇ ਬਚਨ ਸੁਣੇ, ਬੜੇ ਸ਼ਬਦ ਮੇਰੇ ਵਾਸਤੇ ਵਰਤੇ, ਮੈਂ ਤਾਂ ਇਹੋ ਜਿਹਾ ਹਾਂ ਨਹੀਂ, ਮੈਨੂੰ ਤਾਂ ਜਿੱਥੇ ਤੱਕ ਪਤਾ ਹੈ -

***ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ***
***ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*** ***ਅੰਗ - 167***

ਇਥੇ ਹੀ ਇਨ੍ਹਾਂ ਪਿੰਡਾਂ 'ਚ, ਇਨ੍ਹਾਂ ਹੀ ਗਲੀਆਂ 'ਚ ਫਿਰਦਾ ਰਿਹਾ ਹਾਂ। ਇਹ ਪਤਾ ਨਹੀਂ ਤੁਹਾਡੀ ਕੀ ਸੋਝੀ ਹੈ, ਕੀ ਪਿਆਰ ਹੈ ਕਿ ਐਨੇ ਇਕੱਠੇ ਹੁੰਦੇ ਓਂ, ਦੂਰ-ਦਰਾਜ਼ ਤੋਂ ਆਏ ਓਂ। ਹੁਕਮ ਵਜਾ ਰਿਹਾ ਹਾਂ, ਮੈਂ ਤਾਂ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦਾ।

ਯੂ.ਪੀ ਦੇ ਅੰਦਰ ਜਿਸ ਵਕਤ ਮਹਾਰਾਜ ਜੀ 45 ਦਿਨ ਠਹਿਰੇ ਮੇਰੇ ਕੋਲ ਆ ਕੇ। ਸੰਗਤ ਉਠ ਕੇ ਖੜ੍ਹੀ ਹੋ ਗਈ ਸਾਰੀ। ਰੋਣ ਲੱਗ ਗਏ। ਮਹਾਰਾਜ ਜੀ ਕਹਿੰਦੇ, ਭਾਈ! ਰੋਂਦੇ ਕਿਉਂ ਹੋ, ਐਨਾ ਵੈਰਾਗ ਕਿਸ ਚੀਜ਼ ਦਾ ਹੈ? ਦੱਸੋ ਕੀ ਤਕਲੀਫ ਹੈ? ਕਹਿਣ ਲੱਗੇ, ਮਹਾਰਾਜ! ਇਨ੍ਹਾਂ ਨੇ ਸਾਨੂੰ ਕਹਿ ਦਿਤਾ, (ਭਾਅ ਜੀ ਕਿਹਾ ਕਰਦੇ ਸੀ ਮੈਨੂੰ) ਭਾਅ ਜੀ ਨੇ ਕਿਹਾ ਹੈ ਕਿ ਜਿੱਥੇ ਤੁਹਾਨੂੰ ਪਹੁੰਚਾਉਣਾ ਸੀ ਪਹੁੰਚਾ ਦਿਤਾ, ਮਹਾਂਪੁਰਸ਼ ਆ ਗਏ, ਇਹ ਜਾਣੋ ਜਾਂ ਤੁਸੀਂ ਜਾਣੋ, ਹੁਣ ਤੁਸੀਂ ਮੈਨੂੰ ਵਿਚੋਂ ਛੁੱਟੀ ਦਿਓ।

ਕੰਮ ਕਾਰ ਸੀ, ਫਾਰਮ ਚਲਾਉਣਾ, ਬੜਾ ਭਾਰਾ ਜ਼ਿੰਮੀਦਾਰਾਂ ਨੂੰ ਕੰਮ ਹੁੰਦਾ ਹੈ, ਦਿਨ ਰਾਤ ਤੁਰੇ ਫਿਰਦੇ ਸੀ। ਮਹਾਰਾਜ ਜੀ ਕਹਿਣ ਲੱਗੇ ਕਿ ਕੀ ਗੱਲ? ਮੈਂ ਕਿਹਾ ਜੀ ਤੁਸੀਂ ਆਪਣੀ ਸੰਗਤ ਸਾਂਭੋ, ਮੈਨੂੰ ਛੁੱਟੀ ਦਿਵਾਓ। ਕਹਿੰਦੇ, ਬਿਲਕੁਲ ਨਹੀਂ ਇਹ ਗੱਲ ਕਰਨੀ, ਓਧਰ ਆਖਰੀ ਸਵਾਸ ਨਿਕਲਦੇ ਹੋਣ ਤੇ ਓਧਰ ਤੇਰਾ ਕੀਰਤਨ ਹੁੰਦਾ ਹੋਵੇ। ਉਸ ਹੁਕਮ ਦੇ ਮੁਤਾਬਿਕ ਤੁਰਿਆ ਫਿਰਦਾ ਹਾਂ। ਦੂਸਰਾ ਹੁਕਮ ਉਨ੍ਹਾਂ ਨੇ ਕਰਿਆ ਸੀ ਕਿ ਤੂੰ ਫਿਲਮਾਂ ਬਣਾ ਕੇ ਪ੍ਰਚਾਰ ਕਰ। ਮੈਨੂੰ ਨਹੀਂ ਸੀ ਪਤਾ ਕਿ ਫਿਲਮਾਂ ਕੀ ਹੁੰਦੀਆਂ ਨੇ, ਕਿਵੇਂ ਬਣਾਈਦੀਆਂ ਨੇ। ਪਰ ਜਦੋਂ ਮੈਂ ਏਸ ਪਾਸੇ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਐਡੀ ਵੱਡੀ ਚੀਜ਼ ਨੇ, ਇਨ੍ਹਾਂ ਦੀ ਕੋਈ ਬੰਦਾ ਹਜ਼ਾਰਾਂ ਸਾਲ ਵੀ ਵਿਆਖਿਆ ਕਰਨ ਨੂੰ ਲਾਵੇ, ਤਾਂ ਵੀ ਨਹੀਂ ਹੋ ਸਕਦੀ। ਐਨੇ ਵਿਸ਼ੇ ਨੇ, ਐਨਾ ਲਿਟਰੇਚਰ ਹੈ ਇਕ-ਇਕ ਤੁਕ ਦੇ ਉਤੇ। ਹੁਣ ਪਿਛਲੇ ਸਮਾਗਮ ਦੇ ਵਿਚ, ਮਹਾਤਮਾ ਆਏ ਸੀ ਸਾਡੇ। world fame (ਸੰਸਾਰ ਪ੍ਰਸਿੱਧ) ਦੇ ਯੋਗੀ ਸੀ ਉਹ, ਉਨ੍ਹਾਂ ਨੇ ਸਰੀਰ 'ਚੋਂ ਨਿਕਲ ਕੇ ਅਮਰੀਕਨ ਡਾਕਟਰਾਂ ਨੂੰ, ਸਾਇੰਸਦਾਨਾਂ ਨੂੰ ਹੈਰਾਨ ਕਰ ਦਿਤਾ, ਕਹਿੰਦੇ ਮਰ ਗਿਆ ਇਹ। ਡਾਕਟਰਾਂ ਨੇ ਵੀ ਸਰਟੀਫਿਕੇਟ ਦੇ ਦਿਤਾ ਕਿ ਚੜ੍ਹਾਈ ਕਰ ਗਿਆ। ਲੇਕਿਨ ਉਹ ਦੁਬਾਰਾ ਫੇਰ ਸਰੀਰ 'ਚ ਦਾਖਲ ਹੋ ਗਏ ਤੇ ਨਾਲੇ ਤਾਂ ਗੱਲਾਂ ਸੁਣਾ ਦਿਤੀਆਂ ਕਿ ਤੁਸੀਂ ਇਸ ਤਰ੍ਹਾਂ ਗੱਲਾਂ ਕਰਦੇ ਸੀ, ਨਾਲੇ ਸਾਬਤ ਕਰ ਦਿਤਾ ਕਿ ਸਾਡਾ ਜੋ ਭਾਰਤ ਵਰਸ਼ ਦਾ ਅੰਤਰ ਅਧਿਐਨ ਦਾ ਤਰੀਕਾ ਹੈ, ਜਿਸਨੂੰ ਯੋਗ ਆਖਦੇ ਨੇ, ਇਕ ਅਵਸਥਾ ਹੈ ਜਿੱਥੇ

ਸਰੀਰ ਛੱਡ ਕੇ ਜਦੋਂ ਜੀਅ ਕਰਦਾ ਹੈ ਉਸੇ ਸਰੀਰ 'ਚ ਫੇਰ ਦਾਖਲ ਹੋ ਜਾਓ। ਮਹਾਰਾਜ ਉਸਨੂੰ ਕਹਿੰਦੇ ਨੇ -

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ- 932***

ਕੋਈ ਔਖੀ ਗੱਲ ਨਹੀਂ ਹੋਇਆ ਕਰਦੀ ਉਨ੍ਹਾਂ ਲਈ, ਸਰੀਰ ਛੱਡ ਦਿੰਦੇ ਨੇ, ਦਾਖਲ ਵੀ ਹੋ ਜਾਂਦੇ ਨੇ। ਉਹ ਮਹਾਤਮਾ ਜਦੋਂ ਇਥੇ ਆਏ, ਉਨ੍ਹਾਂ ਨੇ ਦੋ ਗੱਲਾਂ ਕਹੀਆਂ ਕਿ ਮੈਂ ਪਹਾੜਾਂ ਵਿਚ ਜ਼ਿੰਦਗੀ ਕੱਟੀ ਹੈ, 45 ਸਾਲ ਗੁਫਾਵਾਂ 'ਚ ਰਿਹਾ ਹਾਂ। ਪੜ੍ਹਿਆ ਵੀ ਜੀਅ ਭਰ ਕੇ ਹਾਂ, ਕਿੰਨੀਆਂ ਡਾਕਟਰੇਟ ਦੀਆਂ ਡਿਗਰੀਆਂ ਉਨ੍ਹਾਂ ਕੋਲ ਸੀ। ਆਕਸਫੋਰਡ ਦੀ ਡਾਕਟਰੇਟ, ਜਰਮਨੀ ਦੀ ਡਾਕਟਰੇਟ, ਮੈਡੀਕਲ ਸਾਇੰਸ ਦੀ ਡਾਕਟਰੇਟ, 2500 ਬੈਡ ਦਾ ਹਸਪਤਸਾਲ ਬਣਾ ਰਹੇ ਨੇ ਤੇ ਏਸ਼ੀਆਂ ਵਿਚੋਂ ਸਭ ਤੋਂ ਵੱਡਾ ਮੈਡੀਕਲ ਕਾਲਜ ਬਣ ਰਿਹਾ ਹੈ। ਜਿਸ ਦੀ ਬੁਨਿਆਦ ਮੈਨੂੰ ਬੁਲਾ ਕੇ ਰਖਾਈ। ਇਥੇ ਆਏ ਪਿਆਰ ਦੇ ਬੰਨ੍ਹੇ ਹੋਏ, ਦੋ ਗੱਲਾਂ ਉਨ੍ਹਾਂ ਨੇ ਬੜੀਆਂ ਜ਼ਬਰਦਸਤ ਕਹੀਆਂ। ਜਿਨ੍ਹਾਂ ਦਾ ਅਸੀਂ ਧਿਆਨ ਨਹੀਂ ਦਿਤਾ। ਇੱਕ ਤਾਂ ਉਨ੍ਹਾਂ ਨੇ ਇਹ ਕਿਹਾ ਕਿ ਮੈਂ 156 ਦੇਸ਼ਾਂ 'ਚ ਜਾ ਕੇ, ਭਰਮਣ ਕੀਤਾ ਹੈ, ਵੱਡੇ-ਵੱਡੇ ਮਹਾਤਮਾ ਨੂੰ ਮਿਲਿਆ, ਵੱਡੇ-ਵੱਡੇ ਵੇਸ ਭੂਸ਼ਾ ਵਾਲੇ ਮਹਾਤਮਾ ਨੂੰ ਮਿਲਿਆ। ਪਰ ਮੇਰੀ ਤਸੱਲੀ ਇਥੇ ਆ ਕੇ ਹੋਈ ਹੈ ਕਿ ਇਹ ਕੁਛ ਹੋਰ ਚੀਜ਼ ਹੈ, ਉਹ ਕੁਛ ਹੋਰ ਚੀਜ਼ ਹੈ। ਸੋ ਗੁਰਮਤਿ ਰਹਿਣੀ ਬਹਿਣੀ, ਸੋਚਣੀ ਉਹਦੇ ਉਤੇ ਉਹ ਕਾਇਲ ਹੋਏ। ਦੂਸਰੀ ਉਨ੍ਹਾਂ ਨੇ ਗੱਲ ਕਹੀ ਕਿ ਮੈਂ ਸਾਰੇ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਬਾਅਦ ਨਗਾਰੇ ਦੀ ਚੋਟ ਨਾਲ ਕਹਿੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕਾਬਲਾ, ਬਰਾਬਰੀ ਤਾਂ ਕਿਸੇ ਨੇ ਕੀ ਕਰਨੀ ਹੈ, ਗੁਰੂ ਗ੍ਰੰਥ ਸਾਹਿਬ ਤੋਂ ਸਾਰੀ ਦੁਨੀਆਂ ਵਾਸਤੇ ਉਪਦੇਸ਼ ਪ੍ਰਾਪਤ ਹੋ ਸਕਦਾ ਹੈ। ਤੀਸਰੀ ਬਾਤ ਉਨ੍ਹਾਂ ਨੇ ਕਹੀ ਕਿ ਮੈਂ ਗੁਰੂ ਨਾਨਕ ਦਾ ਸ਼ਰਧਾਲੂ ਨਹੀਂ ਸੀਗਾ, ਪਰ ਮੈਂ ਹੁਣ ਇਹ ਮੰਨਦਾ ਹਾਂ ਕਿ ਗੁਰੂ ਨਾਨਕ ਜਿੰਦਾ ਪੀਰ ਨੇ, ਕੋਲ ਹੀ ਬੈਠੇ ਸੁਣਦੇ ਨੇ, ਕਹਿੰਦਾ ਮੈਂ ਆਪਣੀ ਗੁਪਤ ਗੱਲ ਦੱਸਣੀ ਤਾਂ ਹੈ ਨਹੀਂ ਸੀ, ਪਰ ਜਿੱਥੋਂ ਮੈਂ ਸ਼ਰਧਾਲੂ ਬਣਿਆ ਹਾਂ, ਕਹਿੰਦਾ, ਪਹਾੜ ਦੇ ਉਤੇ ਖੜਾਵਾਂ ਦੇ ਨਾਲ ਮੈਂ ਤੁਰਿਆ ਜਾਂਦਾ ਹਾਂ। ਚੋਟੀ ਬਹੁਤ ਉੱਚੀ ਹੈ ਤੇ ਮੇਰਾ ਪੈਰ ਫਿਸਲ ਗਿਆ, ਪੈਰ ਫਿਸਲਣ ਦੇ ਨਾਲ ਮੇਰਾ ਸਿਰ ਹੇਠਾਂ ਨੂੰ, ਉਪਰਲਾ ਸਰੀਰ ਫੇਰ ਉਪਰ ਦੀ ਲੋਟ-ਪੋਟਣੀਆਂ ਖਾਂਦਾ ਹੈ। ਕਹਿੰਦੇ, 500 ਫੁੱਟ ਮੈਂ ਚਲਿਆ ਗਿਆ, ਐਨੇ ਚਿਰ 'ਚ ਬੜੇ ਹੱਥ ਪੈਰ ਮਾਰੇ, ਬੜੇ ਵੱਡੇ ਪੱਥਰਾਂ ਨੂੰ ਹੱਥ ਪਾਇਆ, ਪਰ ਮੇਰੇ ਨਾਲ ਰੁੜਦੇ ਗਏ। ਕੋਈ ਦੇਵੀ-ਦੇਵਤਾ, ਨਾ ਮਹਾਤਮਾ, ਨਾ ਹਿੰਦੂ ਧਰਮ ਦਾ, ਨਾ ਇਸਲਾਮ ਵਾਲਿਆਂ ਦਾ, ਨਾ ਈਸਾਈਆਂ ਦਾ ਮੈਂ ਨਹੀਂ ਛੱਡਿਆ। ਮੈਂ ਕਿਹਾ ਕੋਈ ਤਾਂ ਬਹੁੜੇਗਾ ਹੀ। ਕਿਉਂਕਿ ਇੱਕ ਮੀਲ ਗਹਿਰੀ ਖੱਡ ਸੀ, ਉਹਦੇ ਥੱਲੇ ਦਰਿਆ ਚਲਦਾ ਸੀ। ਮੇਰਾ ਅੰਤਮ ਦਿਨ ਸੀ। ਜੋਤਸ਼ੀਆਂ ਦਾ ਵੀ ਲਿਖਿਆ ਹੋਇਆ ਸੀ ਕਿ 28 ਸਾਲ ਦੀ ਉਮਰ 'ਚ ਫਲਾਣੇ ਦਿਨ, ਫਲਾਣੇ ਸਮੇਂ ਇਸਦਾ ਅੰਤ ਆਉਣਾ ਹੈ। ਮੈਂ ਕਿਹਾ, ਆ ਗਿਆ ਉਹ ਤਾਂ ਸਮਾਂ। ਓਹੀ ਦਿਨ ਹੈ ਅੱਜ, ਓਹੀ ਸਮਾਂ ਹੈ,

ਕਹਿੰਦਾ, ਮੈਂ ਕਿਹਾ ਹੇ ਗੁਰੂ ਨਾਨਕ ਸਾਹਿਬ! ਮੈਂ ਹੁਣ ਕਿਸੇ ਨੂੰ ਨਹੀਂ ਧਿਆਉਂਦਾ, ਅੰਤ ਦੇ ਵਿਚ ਮੈਂ ਤੇਰਾ ਨਾਮ ਲੈਂਦਾ ਹਾਂ, ਹੁਣ ਮੇਰੀ ਰੱਖਿਆ ਕਰ, ਮੈਨੂੰ ਜੇ ਜੀਵਨ ਮਿਲ ਗਿਆ, ਬਚ ਗਿਆ ਮੈਂ, ਤਾਂ ਬਾਕੀ ਦਾ ਜੀਵਨ ਮੈਂ ਤੇਰੇ ਨਮਿੱਤ ਖਰਚ ਕਰਾਂਗਾ। ਤੇਰੀ ਜੋ ਬਾਣੀ ਪੜ੍ਹੀ ਹੈ ਉਹਦਾ ਪ੍ਰਸਾਰ ਮੈਂ ਦੁਨੀਆਂ 'ਚ ਕਰਾਂਗਾ। ਕਹਿਣ ਲੱਗਿਆ, ਅਚਾਨਕ ਇਕ ਫੂੰਗਰੀ ਆ ਗਈ ਮੇਰੇ ਪੇਟ 'ਚ ਵੜ ਗਈ। ਪੰਜ ਸੌ ਫੁੱਟ ਥੱਲੇ, ਤਕਰੀਬਨ ਇਕ ਮੀਲ ਹੇਠਾਂ, ਵਿਚਾਲੇ ਲਟਕਦਾ ਹਾਂ, ਨਾ ਕੋਈ ਫੜਨ ਨੂੰ ਚੀਜ਼ ਹੈ, ਖੜ੍ਹ ਗਿਆ ਮੈਂ, ਹੇਠਾਂ ਨੂੰ ਮੇਰਾ ਸਿਰ ਹੈ, ਲੱਤਾਂ ਉਤੇ ਨੂੰ ਨੇ, ਐਨੇ ਨੂੰ ਮੈਂ ਹੈਰਾਨ ਹੋ ਗਿਆ, ਪੰਜ ਔਰਤਾਂ ਆਈਆਂ, ਇੱਕ ਕਹਿਣ ਲੱਗੀ, ਦੇਖ ਤਾਂ ਥੱਲੇ ਬੰਦਾ ਮਰਿਆ ਪਿਆ ਹੈ। ਕਹਿੰਦਾ, ਮੈਂ ਕਿਹਾ, ਮੇਰੀ ਆਵਾਜ਼ ਤਾਂ ਪਹੁੰਚਣੀ ਨਹੀਂ ਹੈ। ਮੈਂ ਲੱਤਾਂ ਹਿਲਾਉਣ ਲੱਗ ਗਿਆ, ਲੱਤ ਹਿਲਾਈ ਤਾਂ ਐਸੀ ਬਹਾਦਰੀ ਦਿਤੀ ਗੁਰੂ ਨਾਨਕ ਨੇ ਉਸ ਬੀਬੀ ਨੂੰ, ਲੰਮਾ ਰੱਸਾ ਪਾ ਕੇ, ਮੇਰੇ ਤੱਕ ਪਹੁੰਚ ਗਈ ਉਹ, ਮੇਰੇ ਲੱਕ ਨਾਲ ਰੱਸਾ ਬੰਨ੍ਹ ਕੇ ਆਪ ਚੜ੍ਹ ਗਈ ਰੱਸਾ ਫੜ ਕੇ ਤੇ ਉਹ ਪੰਜਾਂ ਨੇ ਮੈਨੂੰ ਉਤੇ ਖਿੱਚ ਲਿਆ। ਉਤੇ ਖਿਚਿਆ ਤਾਂ ਖੂਨ ਜਾ ਰਿਹਾ ਹੈ ਬਹੁਤ। ਉਨ੍ਹਾਂ ਨੇ ਮੈਨੂੰ ਕਿਸੇ ਝੌਂਪੜੀ 'ਚ ਲਿਟਾ ਦਿਤਾ ਕਿ ਇਥੇ ਮਹਾਤਮਾ ਰਹਿੰਦੇ ਨੇ, ਉਹ ਆ ਜਾਣਗੇ। ਕਹਿੰਦੇ, ਉਸ ਵੇਲੇ ਮੈਂ ਬਚ ਗਿਆ, ਇਲਾਜ ਹੋ ਗਿਆ। ਉਸ ਦਿਨ ਤੋਂ ਮੈਂ ਗੁਰੂ ਨਾਨਕ ਸਾਹਿਬ ਦੇ ਉਤੇ ਹੱਦ ਤੋਂ ਜ਼ਿਆਦਾ ਸ਼ਰਧਾ ਰਖਦਾ ਹਾਂ। ਇੱਕ ਬਚਨ ਮੈਂ ਸੰਸਾਰ ਨੂੰ ਕਹਿੰਦਾ ਹਾਂ ਕਿ ਜੇ ਸਾਰੇ ਸਿੱਖੀ ਧਾਰਨ ਕਰ ਲੈਣ ਗੁਰੂ ਨਾਨਕ ਸਾਹਿਬ ਦੀ, ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ। ਦੂਸਰੀ ਉਨ੍ਹਾਂ ਨੇ ਫੇਰ ਗੱਲ ਕਹੀ ਕਿ ਗੁਰੂ ਦੀ ਬਾਣੀ, ਮੈਨੂੰ ਅਫਸੋਸ ਹੈ ਕਿ ਐਡੀ ਉੱਚੀ ਬਾਣੀ, ਉਹਦੇ ਮਾਲਕ ਤੁਸੀਂ, ਇਹਨੂੰ ਲਕੋ ਕੇ ਕਿਉਂ ਰੱਖਿਆ ਹੈ, ਕਿਉਂ ਨਹੀਂ ਦੁਨੀਆਂ ਦੇ ਵਿਚ ਫੈਲਾ ਰਹੇ। ਅੱਜ ਦੁਨੀਆਂ ਨੂੰ ਪਿਆਸ ਲੱਗੀ ਹੋਈ ਹੈ, ਕੋਈ ਗਾਈਡ ਕਰਨ ਵਾਲਾ ਨਹੀਂ ਹੈ ਪਰ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਪੰਜਾਬੀ ਵਿਚ ਰੱਖ ਕੇ, ਗੁਰੂ ਦਾ ਪ੍ਰਚਾਰ ਨਹੀਂ ਕਰ ਰਹੇ। ਗੁਰੂ ਨਾਨਕ ਸਾਹਿਬ ਥਾਂ-ਥਾਂ ਫਿਰੇ ਹਨ, ਜਿੱਥੇ ਤੱਕ ਦੁਨੀਆਂ ਸੀ, ਉਹ ਗਏ, ਉਨ੍ਹਾਂ ਦੀ ਬੋਲੀਆਂ ਦੇ ਵਿਚ ਉਨ੍ਹਾਂ ਨੇ ਗੱਲ ਕਰੀ ਤੇ ਤੁਸੀਂ ਕੀ ਕਰ ਰਹੇ ਓਂ? ਉਹਨੇ ਇੱਕ ਗੱਲ ਕਹੀ ਕਿ ਮੈਂ ਆਪਣੇ ਤੌਰ ਦੇ ਉਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਇੰਗਲਿਸ਼ ਵਿਚ ਕਰਕੇ, ਘਰ-ਘਰ ਪਹੁੰਚਾਉਣ ਦਾ ਯਤਨ ਕਰਾਂਗਾ। ਉਨ੍ਹਾਂ ਦੇ ਦੁਨੀਆਂ ਦੇ ਅੰਦਰ ਬੜੇ ਆਸ਼ਰਮ ਨੇ। ਸੋ ਐਸਾ ਨਿਹਚਾ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ 'ਤੇ ਪ੍ਰਗਟਾਇਆ।

ਸੰਤ ਬਾਬਾ ਹਰੀ ਸਿੰਘ ਜੀ, ਬੇਟਿਆਂ ਵਰਗੇ ਨੇ ਸਾਡੇ। ਪਰ ਇਨ੍ਹਾਂ ਦਾ ਜੋ ਮੈਂ ਵਰਤਾਰਾ ਦੇਖਿਆ ਹੈ ਬਿਲਕੁਲ ਸਪਸ਼ਟ ਨੇ, ਗੁਰਮਤਿ ਦੇ ਖਿਲਾਫ ਕੋਈ ਗੱਲ ਸੁਣਨ ਵਾਸਤੇ ਤਿਆਰ ਨਹੀਂ ਹੁੰਦੇ। ਕਿਉਂਕਿ ਪੜ੍ਹੇ ਨੇ, ਬੜੇ ਵਿਦਵਾਨ ਨੇ ਤੇ ਉਨ੍ਹਾਂ ਦੀ ਮਿਹਰਬਾਨੀ ਹੈ, ਮੈਂ ਤਾਂ ਇੱਕ ਸਾਧਾਰਨ ਕਿਸਾਨ ਹਾਂ, ਕਿਸਾਨੀ ਕਰੀ ਹੈ। ਜਦੋਂ ਮਹਾਰਾਜ ਜੀ ਨੇ ਬਚਨ

ਕਰਿਆ ਹੈ, ਮਹਾਰਾਜ ਜੀ ਦੇ ਹੁਕਮ ਵਿਚ ਆ ਕੇ ਤੁਰਿਆ ਫਿਰਦਾ ਹਾਂ, ਸੰਗਤਾਂ ਨੇ ਪਸੰਦ ਕਰਿਆ ਹੈ ਇਹ ਸ਼ੁਕਰ ਹੈ ਉਨ੍ਹਾਂ ਦਾ, ਮੈਂ ਤਾਂ ਕੁਛ ਵੀ ਨਹੀਂ ਹਾਂ। ਮੈਂ ਤਾਂ ਕੁਛ ਸੋਚਿਆ ਤਕ ਨਹੀਂ ਹੈ, ਸਹਿਜ-ਸੁਭਾਅ ਹੈ ਸਭ, ਮੇਰੇ ਵਿਚ ਕੋਈ ਗੱਲ ਨਹੀਂ ਹੈ ਸਾਧੂਆਂ ਵਾਲੀ। ਮੈਂ ਤਾਂ ਸ਼ੁਕਰ ਕਰਦਾ ਹਾਂ, ਰੋਜ਼ ਕਹਿੰਦਾ ਹਾਂ, ਮੇਰੇ ਵਰਗੇ ਬੰਦੇ ਨੂੰ ਵੀ ਤੂੰ ਚੁਣ ਲਿਆ ਆਪਣੀ ਬਾਣੀ ਦਾ ਪ੍ਰਚਾਰ ਕਰਨ ਵਾਸਤੇ। ਸਾਧੂ-ਸੰਤ ਤਾਂ ਤੇਰੇ ਪਿਆਰੇ ਨੇ, ਮੈਂ ਤਾਂ ਘਰ-ਬਾਰ 'ਚ ਰਹਿਣ ਵਾਲਾ ਬੰਦਾ, ਮੈਨੂੰ ਇਹ ਡਿਊਟੀ ਦੇ ਦਿਤੀ? ਸੋ ਮੈਂ ਅਭਾਰੀ ਹਾਂ ਸਭ, ਬੜੇ ਸ਼ਬਦ ਵਰਤੇ ਨੇ, ਪਰ ਤੁਸੀਂ ਸਾਰੇ ਹੀ ਜਾਣਦੇ ਓਂ, ਜਿਹੋ ਜਿਹਾ ਮੈਂ ਹਾਂ, ਉਹੋ ਜਿਹਾ ਹੀ ਹਾਂ।

ਸੋ ਹੁਣ ਆਪਾਂ ਗੁਰੂ ਮਹਾਰਾਜ ਦਾ ਜੋ ਪ੍ਰਕਾਸ਼ ਉਤਸਵ ਹੈ, ਉਨ੍ਹਾਂ ਦੇ ਸਿਧਾਂਤ, ਉਨ੍ਹਾਂ ਦੀਆਂ ਕਰਨੀਆਂ ਕਮਾਈਆਂ, ਉਨ੍ਹਾਂ ਨੇ ਸਾਨੂੰ ਕੀ ਸੇਧ ਦਿਤੀ। ਵੱਡੀਆਂ-ਵੱਡੀਆਂ ਮੁਸ਼ਕਲਾਂ ਕਿਸ ਤਰ੍ਹਾਂ ਦੇ ਨਾਲ ਕਿਵੇਂ ਹੱਲ ਕਰੇ, ਸਾਨੂੰ ਰਸਤਾ ਕਿਵੇਂ ਦਿਖਾਇਆ। ਕਿਉਂਕਿ ਦਸ਼ਮੇਸ਼ ਪਿਤਾ ਨੇ ਆਪਣੇ ਨਾਟਕ ਨੂੰ ਬਚਿੱਤ੍ਰ ਨਾਟਕ ਲਿਖਿਆ ਹੈ, ਜੋ ਕਥਾ ਮਹਾਂਪੁਰਸ਼ਾਂ ਨੇ ਸ਼ੁਰੂ ਕਰੀ ਸੀ। ਉਹ ਜੀਵਨ ਕਥਾ ਨੂੰ ਨਾਟਕ ਨਹੀਂ ਲਿਖਿਆ। ਨਾਟਕ ਵੀ ਲਿਖਿਆ ਜਾਂਦਾ, ਕੋਈ ਉਹਦਾ ਹੋਰ ਭਾਵ ਹੋਣਾ ਸੀ। ਨਾਟਕ ਦਾ ਜੋ ਪਲਾਟ ਹੈ ਉਹ ਬਣਾਇਆ ਜਾਂਦਾ ਹੈ। ਬਣਾ ਕੇ ਦੇਖਿਆ ਜਾਂਦਾ ਹੈ। ਲੇਕਿਨ ਇਹ ਬਚਿੱਤ੍ਰ ਨਾਟਕ ਹੈ। ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਜੇ ਇੱਕ ਵੀ ਬਚਨ, ਇੱਕ ਨਿਗ੍ਹਾ ਭਰ ਕੇ ਦੇਖ ਲੈਂਦੇ, ਉਹ ਕੁਛ ਵੀ ਨਹੀਂ ਸੀ ਰਹਿਣਾ, ਖਾਕ ਬਣ ਜਾਣਾ ਸੀ। ਕੋਈ ਲੜਨ ਵਾਲਾ ਨਹੀਂ ਸੀ ਉਨ੍ਹਾਂ, ਯੁੱਧ ਕਰਨ ਵਾਲਾ ਨਹੀਂ ਸੀ। ਲੇਕਿਨ ਉਨ੍ਹਾਂ ਨੇ ਇਕ ਮਨੁੱਖੀ ਨਾਟ ਕਰਕੇ ਸਾਨੂੰ ਇੱਕ ਐਸੀ ਸਿੱਖਿਆ ਦੇਣੀ ਸੀ ਜਿਸਨੇ ਸਾਨੂੰ ਸਦੀਆਂ ਤੋਂ ਵਾਂਝੇ ਰੱਖਿਆ ਹੋਇਆ ਸੀ। 5000 ਸਾਲ ਲੰਘ ਗਏ ਸੀ, 5000 ਸਾਲ ਤੋਂ ਪਹਿਲਾਂ ਭਾਰਤ ਵਰਸ਼ ਦੇ ਵਿਚ ਜੀਵਨ ਦੀ ਕੀਮਤ ਤੇ ਕਦਰ ਨੂੰ ਜਾਣਦੇ ਸੀ। ਮਹਾਂਭਾਰਤ ਦੇ ਯੁੱਧ ਤੋਂ ਬਾਅਦ ਐਸਾ ਪਰਿਵਰਤਨ ਹੋਇਆ। ਐਨੀ ਗੁਲਾਮੀ ਆ ਗਈ, ਐਨੀ ਬੇ-ਗੈਰਤੀ ਆ ਗਈ। ਅਸੀਂ ਆਪਣੀ ਰੱਖਿਆ ਕਰਨ ਤੋਂ ਵੀ ਅਸਮਰਥ ਹੋ ਗਏ। ਦੂਸਰਾ ਇਹ ਸੀ ਕਿ ਕਰਮਾਂ-ਧਰਮਾਂ-ਪਾਖੰਡਾਂ ਦਾ ਐਨਾ ਹਨ੍ਹੇਰਾ ਫੈਲ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣਾ ਪਿਆ ਕਿ -

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

***ਅੰਗ - 145***

ਕੂੜ ਦੀ ਮੱਸਿਆ ਜੀਵਨ 'ਚ ਪੈ ਗਈ। ਸੱਚ ਦਾ ਕਾਲ ਪੈ ਗਿਆ। ਸੱਚ ਦਾ ਜੀਵਨ ਅਲੋਪ ਹੋ ਗਿਆ। ਕਹਾਣੀਆਂ ਸੁਣੀਆਂ ਜਾਣ ਲੱਗ ਗਈਆਂ ਪੁਰਾਣਾਂ ਦੇ ਵਿਚ। ਲੇਕਿਨ ਸੱਚ ਦਾ ਜੀਵਨ ਪ੍ਰਤੱਖ ਦੇ ਰੂਪ ਦੇ ਵਿਚ ਕਿਸੇ ਵਿਚ ਨਾ ਰਿਹਾ। ਉਹ inject (ਉਭਾਰਨ) ਕਰਨ ਵਾਸਤੇ,

ਗਿਆਨਵਾਨ ਪੁਰਸ਼ ਨੂੰ ਸੰਸਾਰ ਦੇ ਵਿਚ ਰਹਿ ਕੇ, ਸੰਸਾਰ ਦੇ ਦੁੱਖ-ਸੁਖ ਸਹਿ ਕੇ, ਆਪਣਾ ਜੀਵਨ ਇਕ ਨਮੂਨਾ ਬਣਾ ਕੇ ਦੱਸਣ ਦੀ ਪ੍ਰੇਰਨਾ ਗੁਰੂ ਦਸ਼ਮੇਸ਼ ਪਿਤਾ ਨੇ ਕੀਤੀ ਕਿਉਂਕਿ ਪਹਿਲਾਂ ਜਿਹੜੇ ਸੀ ਗੁਰੂ ਮਹਾਰਾਜ ਤੋਂ ਸ਼ਕਤੀਆਂ ਵਾਲੇ ਸੀਗੇ, ਗੋਰਖ ਵਿਚ ਬੜੀ ਸ਼ਕਤੀ ਸੀ, ਗੋਰਖ ਪੜ੍ਹਿਆ ਹੋਇਆ ਬਹੁਤ ਸੀ, ਵਿਦਵਾਨ ਸੀ, ਉਹਦੀ ਬਾਣੀ ਪੜ੍ਹੋ, ਗੋਰਖਬਾਣੀ, ਹੈਰਾਨੀ ਹੋ ਜਾਂਦੀ ਹੈ। ਸਾਧਨਾ ਸੰਪੰਨ ਪੁਰਸ਼ ਸੀਗਾ, ਲੇਕਿਨ ਉਹ ਮਾਇਆ ਦੇ ਮੰਡਲ ਤੋਂ ਉੱਚਾ ਨਾ ਉੱਠ ਸਕਿਆ, ਬ੍ਰਹਮ ਮੰਡਲ 'ਚ ਉਹਦੀ ਪ੍ਰਵੇਸ਼ਕਾ ਨਾ ਹੋਈ। ਰਿੱਧੀਆਂ-ਸਿੱਧੀਆਂ ਦੇ ਚੱਕਰ ਦੇ ਵਿਚ ਭੁੱਲ ਗਿਆ। ਲੋਕਾਂ ਨੂੰ ਏਸ ਤਮਾਸ਼ੇ ਦੇ ਵਿਚ ਲਾ ਲਿਆ –

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।* **ਬਚਿਤ੍ਰ ਨਾਟਕ**

ਸੋ ਗੁਰੂ ਦਸ਼ਮੇਸ਼ ਪਿਤਾ ਜੀ ਨੇ, ਗੁਰੂ ਨਾਨਕ ਪਾਤਸ਼ਾਹ ਜੀ ਨੇ ਇੱਕ ਜੀਵਨ ਜਾਚ 200 ਸਾਲ 'ਚ ਦੱਸੀ। ਬਾਰ-ਬਾਰ ਆਪ 10 ਸਰੀਰਾਂ ਦੇ ਵਿਚ, 10 ਗੁਰੂ ਨਾਨਕ ਬਣੇ। ਇਕੋ ਹੀ ਗੁਰੂ ਨਾਨਕ 10 ਸਰੀਰਾਂ 'ਚ ਪ੍ਰਵੇਸ਼ ਕਰਿਆ। ਅੱਡ-ਅੱਡ ਨਹੀਂ ਗੁਰੂ ਕੋਈ ਵੀ। ਇੱਕ ਇਹ ਕਹਿੰਦੇ ਸੁਣੇ ਜਾਂਦੇ ਨੇ, 'ਧੰਨ ਗੁਰੂ ਰਾਮਦਾਸ-ਧੰਨ ਗੁਰੂ ਰਾਮ ਦਾਸ, ਇਥੋਂ ਵਿਲੱਖਣਤਾ ਪੈਦਾ ਹੁੰਦੀ ਹੈ। ਇਹ ਤਾਂ ਇੱਕੋ ਹੀ ਗੁਰੂ ਜੋਤ ਅਕਾਲਪੁਰਖ ਤੋਂ travel (ਚਲਦੀ) ਕਰਦੀ ਹੋਈ ਗੁਰੂ ਨਾਨਕ ਦੇ ਸਰੀਰ 'ਚ ਪ੍ਰਗਟ ਹੋਈ। ਸਮਝੋ ਮੇਰੀ ਗੱਲ।

ਗੁਰੂ ਅੰਗਦ ਸਾਹਿਬ ਦੇ ਸਰੀਰ 'ਚ ਪ੍ਰਗਟ ਹੋਈ, ਗੁਰੂ ਅੰਗਦ ਸਾਹਿਬ ਦੇ ਸਰੀਰ ਨੂੰ ਬਣਾਇਆ ਗਿਆ, ਪਰਖ-ਪਰਖ ਕੇ ਕਿ ਕੀ ਇਸ ਵਿਚ ਜੋਤ ਠਹਿਰ ਸਕਦੀ ਹੈ? ਬਾਬਾ ਸ੍ਰੀ ਚੰਦ ਦੇ ਸਰੀਰ 'ਚ ਜੋਤ ਨਹੀਂ ਸੀ ਠਹਿਰ ਸਕਦੀ, ਇਸ ਕਰਕੇ ਉਹ ਅਧਿਕਾਰੀ ਨਾ ਗਿਣੇ ਗਏ। ਇਸੇ ਕਰਕੇ ਗੁਰੂ ਜੋਤ ਜਿਹੜੀ ਹੈ ਗੁਰੂ ਦਸ਼ਮੇਸ਼ ਪਿਤਾ ਤੋਂ ਹੁੰਦੀ ਹੋਈ, ਅੱਜ ਪ੍ਰਤੱਖ ਰੂਪ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਵਿਚ ਪ੍ਰਵੇਸ਼ ਹੈ। ਸ਼ਰਧਾ ਵਾਲੇ, ਲਗਨ ਵਾਲੇ ਜਦੋਂ ਪੜ੍ਹਦੇ ਨੇ ਬਾਣੀ, ਅਵਸਥਾ ਹੋਇਆ ਕਰਦੀ ਹੈ, ਇਹ ਬਾਣੀ ਦੇ ਅੱਖਰ ਨਹੀਂ ਦਿਸਦੇ ਇਹਦੇ, ਇਸ ਬਾਣੀ 'ਚੋਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਰੰਟ ਉਠ ਰਹੀ ਹੁੰਦੀ ਹੈ ਤੇ ਸਰੀਰ ਦੇ ਵਿਚ ਜਾ ਰਹੀ ਹੁੰਦੀ ਹੈ। ਜਿਉਂਦੀ ਜਾਗਦੀ ਚੀਜ਼ ਹੈ, ਮੰਤਰ 'ਚ ਕਿੰਨਾ ਬਲ ਹੁੰਦਾ। ਸੱਪ ਵਾਲੇ ਮੰਤਰ ਪੜ੍ਹ ਦਿੰਦੇ, ਉਹ ਬਲ ਨੂੰ ਅਸੀਂ ਮੰਨਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਅਥਾਹ ਬਲ ਹੈ, ਇਸ ਨੂੰ ਛੱਡ ਕੇ ਜੇ ਅਸੀਂ ਹੋਰ ਥਾਂ ਜਾਈਏ ਤਾਂ ਸਾਡੀ ਕਲਿਆਣ ਨਹੀਂ ਹੁੰਦੀ ਕਿਉਂਕਿ latest (ਆਧੁਨਿਕ) ਹੈ ਜੋ reformed (ਪੂਰਨ ਸਤਿ) ਹੈ ਜੋ ਕੁਛ ਧਰਮ ਹੈ, ਉਹ ਗੁਰਸਿੱਖੀ ਦਾ ਸਾਨੂੰ ਗੁਰੂਆਂ ਨੇ ਦਾਨ ਦਿਤਾ ਹੈ। ਇਹਨੂੰ ਛੱਡ ਕੇ ਜੇ ਅਸੀਂ ਜਾਵਾਂਗੇ, ਫੇਰ ਅਸੀਂ ਭਟਕ ਜਾਵਾਂਗੇ। ਇੱਕ ਤਾਂ ਗੱਲ ਤੁਸੀਂ ਮਨ ਵਿਚ ਧਾਰੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮਰੱਥ ਗੁਰੂ ਨੇ। ਇਨ੍ਹਾਂ ਨੇ ਪੈਦਾ ਕੀਤੇ ਨੇ ਸਾਧੂ। ਸਾਰੀ ਦੁਨੀਆਂ ਨੂੰ ਸੰਤ ਬਣਾਉਣ ਦੀ

ਇਨ੍ਹਾਂ 'ਚ ਸਮਰੱਥਾ ਹੈ। ਉਹ ਸੰਤ ਜਿਹੜੇ ਨੇ, ਸੰਤ ਤਾਂ ਹੁੰਦਾ ਹੈ ਜੇ ਕੁਛ ਵੀ ਨਾ ਬਚੇ ਉਹਦੇ ਕੋਲ। ਜਿਹੜੇ ਸਰੀਰ ਵਿਚ ਕੁਛ ਬਚਿਆ ਹੋਇਆ ਹੈ, ਉਹ ਸੰਤ ਨਹੀਂ ਹੈ, ਉਹ ਜਦੋਂ ਪੂਰੀ ਤਰ੍ਹਾਂ ਦੇ ਨਾਲ ਸਰੀਰ ਦੇ ਵਿਚ ਮਰ ਜਾਂਦਾ ਹੈ, ਕੁਛ ਵੀ ਨਹੀਂ ਰਹਿੰਦਾ, ਉਥੇ ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ। ਉਸ ਸਰੀਰ ਨੂੰ ਅਸੀਂ ਸੰਤ ਕਹਿ ਦਿੰਦੇ ਹਾਂ। ਉਹ ਵਾਹਿਗੁਰੂ ਨਾਲ ਅਭੇਦ ਹੁੰਦਾ ਹੈ, ਅਗਿਆਨ ਦਾ ਪੂਰਨ ਤੌਰ ਦੇ ਉਤੇ ਨਾਸ਼ ਹੁੰਦਾ ਹੈ। ਸੋ ਸੰਤਾਂ ਦਾ ਕੰਮ ਕੀ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***

***ਅੰਗ- 1373***

ਸੰਤਾਂ ਨੇ ਨਾਮ ਜਪਾਉਣਾ ਹੈ, ਨਾਮ ਜਪਾਉਣ ਦੀ ਡਿਊਟੀ ਸੰਤਾਂ 'ਚ ਸਰੀਰਕ ਤੌਰ ਦੇ ਉਤੇ ਜੋ ਕਿਰਿਆ ਹੈ, ਜਿਵੇਂ ਟੀਚਰ ਪੜ੍ਹਾਉਂਦਾ ਹੈ ਉਸ ਤਰ੍ਹਾਂ ਪੜ੍ਹਾਉਂਦੇ ਨੇ, ਲੇਕਿਨ ਸੰਤ ਕਦੇ ਵੀ ਭੁੱਲ ਕੇ ਨਹੀਂ ਸੋਚਦੇ ਕਿ ਅਸੀਂ ਕਿਸੇ ਦੇ ਗੁਰੂ ਹਾਂ। ਗੁਰੂ ਸ਼ਬਦ ਜਦੋਂ ਪ੍ਰਗਟ ਹੋ ਗਿਆ, ਕਿਸੇ ਗੁਰੂ ਦਾ ਥਾਂ ਹੀ ਨਹੀਂ ਰਹਿੰਦਾ ਇਨ੍ਹਾਂ ਦੇ ਸਾਮ੍ਹਣੇ। ਆਦਰਯੋਗ ਜ਼ਰੂਰ ਹੈ, ਸਤਿਕਾਰ ਕਰੋ, ਆਦਰ ਕਰੋ। ਲੇਕਿਨ ਜੋ ਗੁਰੂ ਹੈ, ਗੁਰੂਆਂ 'ਚ ਮੈਂ ਇਕ ਫਰਕ ਦਸਦਾ ਹਾਂ ਤੁਹਾਨੂੰ, ਧਿਆਨ ਨਾਲ ਸੁਣਿਓ, ਕੱਚੇ ਗੁਰੂ ਤਾਂ ਕੱਚੇ ਹੀ ਹੁੰਦੇ ਨੇ। ਦੂਸਰੇ ਅੰਨ੍ਹੇ ਹੁੰਦੇ ਨੇ, ਜਿਨ੍ਹਾਂ ਨੂੰ ਕੁਛ ਵੀ ਪਤਾ ਨਹੀਂ ਹੁੰਦਾ, ਗਿਆਨ ਨਹੀਂ ਹੁੰਦਾ। ਲੇਕਿਨ ਉਹ ਗੁਰੂ ਕਹਾਉਂਦੇ ਨੇ। ਜਦੋਂ ਮੈਂ ਫਾਰਮ ਵਿਚ ਸੀ ਇਕ ਦਿਨ ਮੈਂ ਬਾਹਰੋਂ ਆਇਆ, ਤੁਹਾਡੇ ਬੀਬੀ ਜੀ (ਮਾਤਾ ਰਣਜੀਤ ਕੌਰ ਜੀ) ਕਹਿਣ ਲੱਗੇ, ਆਪਣੇ ਨੌਕਰਾਂ ਦੇ ਗੁਰੂ ਆਏ ਹੋਏ ਨੇ। ਮੈਂ ਕਿਹਾ, ਜੇ ਗੁਰੂ ਆਏ ਹੋਏ ਨੇ, ਕੋਈ ਮੰਜਾ ਦੇ ਦੇਣਾ ਸੀ, ਹੋਰ ਕੱਪੜਾ ਲੀੜਾ, ਦੁੱਧ ਵਗੈਰਾ। ਕਹਿੰਦੇ, ਮੈਂ ਦੁੱਧ ਦੀ ਬਾਲਟੀ ਭੇਜ ਦਿਤੀ, ਘਿਉ ਦਾ ਡੱਬਾ ਵੀ ਭੇਜ ਦਿਤਾ ਕਿ ਗੁਰੂ ਆਏ ਨੇ ਤੁਹਾਡੇ, ਸੇਵਾ ਕਰੋ ਇਨ੍ਹਾਂ ਦੀ। ਸਾਡਾ ਵੀ ਫਰਜ਼ ਬਣ ਜਾਂਦਾ ਹੈ।

ਉਹ ਜਦੋਂ ਮੈਂ ਉਨ੍ਹਾਂ ਕੋਲ ਗਿਆ, ਮੈਂ ਕਿਹਾ ਤੁਹਾਡੇ ਗੁਰੂ ਕਿੱਥੇ ਨੇ? ਮੇਰਾ ਖਿਆਲ ਸੀ, ਪਲੰਘ ਡਾਹਿਆ ਹੋਣਾ, ਕੱਪੜਾ ਵਿਛਾਇਆ ਹੋਣਾ, ਉਹਦੇ ਉਤੇ ਬੈਠੇ ਹੋਣੇ ਨੇ। ਕਹਿੰਦਾ, ਅੰਦਰ ਨੇ। ਨਾ ਤਾਂ ਉਹਦੇ ਮਨ ਵਿਚ ਕੋਈ ਸ਼ਰਧਾ। ਜਦੋਂ ਮੈਂ ਉਹਦੇ ਕਮਰੇ 'ਚ ਗਿਆ, ਪਰਾਲੀ 'ਤੇ ਪਿਆ ਬੀੜੀਆਂ ਪੀਵੇ। ਉੱਠ ਕੇ ਖੜ੍ਹਾ ਹੋ ਗਿਆ ਇਕ ਦਮ ਘਬਰਾ ਕੇ। ਮੈਂ ਕਿਹਾ ਤੂੰ ਗੁਰੂ ਹੈਂ ਇਨ੍ਹਾਂ ਦਾ? ਕਹਿੰਦਾ, ਹਾਂ ਜੀ। ਮੈਂ ਵੀ ਗੁਰੂ ਹਾਂ, ਮੇਰਾ ਪਹਿਲਾ ਗੁਰੂ ਫਲਾਣਾ ਸੀ।

ਸਿੱਖੀ ਨੂੰ ਅਸੀਂ ਸੰਭਾਲਿਆ ਨਹੀਂ ਸਾਧਸੰਗਤ ਜੀ। ਯੂ.ਪੀ ਦੇ ਅੰਦਰ ਛੇ ਕਰੋੜ ਸਿੱਖ ਹੈ। ਅਸੀਂ ਤਾਂ ਥੋੜ੍ਹੇ ਹੀ ਹਾਂ ਪੰਜਾਬ 'ਚ। ਜਿੰਨੀਆਂ ਜਾਟਵ, ਕੁਰਮੀ ਤੇ ਹੋਰ ਜਾਤਾਂ ਨੇ, ਧੀਮਰ ਨੇ, ਇਹ ਸਾਰੇ ਹੀ ਸਿੱਖੀ ਦੇ ਵਿਚ ਸੀ ਕਿਸੇ ਵੇਲੇ। ਇਥੋਂ ਜਾਂਦੇ ਸੀ ਮਹਾਂਪੁਰਸ਼, ਉਨ੍ਹਾਂ

ਨੂੰ ਨਾਨਕ ਮਤੇ ਨਾਲ ਜੋੜਿਆ ਹੋਇਆ ਹੈ, ਉਥੇ ਆਉਂਦੇ ਨੇ ਉਹ ਸਾਰੇ। ਉਨ੍ਹਾਂ ਵਿਚ ਹੀ ਦੂਜੇ ਨੇ ਕੁਰਮੀ ਵਗੈਰਾ। ਮੈਂ ਕਿਹਾ ਤੂੰ ਇਨ੍ਹਾਂ ਨੂੰ ਕੀ ਦਸਦਾ ਹੁੰਦਾ ਹੈਂ, ਕਹਿੰਦਾ ਤੁਸੀਂ ਮੈਨੂੰ ਦਸ ਦਿਓ, ਜਿਹੜਾ ਤੁਸੀਂ ਦਸ ਦਿਓਂਗੇ ਉਹ ਮੈਂ ਦਸ ਦਿਆ ਕਰਾਂਗਾ, ਮੈਨੂੰ ਤਾਂ ਕਿਸੇ ਗੱਲ ਦਾ ਨਹੀਂ ਪਤਾ। ਇਹ ਗੁਰੂ ਕਹਿਣ ਨੂੰ ਤਾਂ ਗੁਰੂ ਹੈ, ਲੇਕਿਨ ਅੰਨਾ ਗੁਰੂ ਹੈ -

***ਅੰਨਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***

***ਭਾਈ ਗੁਰਦਾਸ ਜੀ, ਵਾਰ 35/2***

ਤੀਸਰਾ ਗੁਰੂ ਹੋਇਆ ਕਰਦਾ ਹੈ, ਵਿਦਵਾਨ ਹੁੰਦਾ ਹੈ, ਪੁਸਤਕਾਂ ਪੜ੍ਹ ਲੈਂਦਾ ਹੈ। ਦੂਜੇ ਦੇ ਬਣਾਏ ਹੋਏ ਸਿਧਾਂਤਾਂ ਨੂੰ ਪੜ੍ਹ ਕੇ, ਚੋਰੀ ਕਰਕੇ, ਆਪਣੇ ਬਣਾ ਲੈਂਦਾ ਹੈ। ਕਰਨੀ ਕਮਾਈ ਨਹੀਂ ਹੁੰਦੀ ਐਨੀ। ਲੇਕਿਨ ਉਹ ਗੁਰੂ ਕਹਾਉਂਦਾ ਹੈ, ਉਹ ਗੱਲਾਂ-ਬਾਤਾਂ ਦਸੀ ਜਾਂਦਾ ਹੈ, ਉਹਦਾ ਸਤਿਕਾਰ ਕਰਦੇ ਨੇ ਸਭ। ਚੌਥਾ ਗੁਰੂ ਹੋਇਆ ਕਰਦਾ ਹੈ ਅਵਧੂਤ, ਉਹ ਪਹੁੰਚਿਆ ਤਾਂ ਹੁੰਦਾ ਹੈ, ਰੋਸ਼ਨੀ ਤਾਂ ਉਹਦੇ ਅੰਦਰ ਹੁੰਦੀ ਹੈ। ਲੇਕਿਨ ਅਗਾਂਹਾਂ ਨਹੀਂ ਤਾਰ ਸਕਿਆ ਕਰਦਾ। ਪੰਜਵਾਂ ਗੁਰੂ ਹੋਇਆ ਕਰਦਾ ਹੈ, ਜਿਹਨੂੰ ਸਮਰੱਥ ਗੁਰੂ ਕਹਿੰਦੇ ਨੇ, ਸਮਰੱਥ ਗੁਰੂ ਅਕਾਲ ਪੁਰਖ ਦੀ ਜੋਤ ਹੋਇਆ ਕਰਦੀ ਹੈ, ਸਰੀਰਕ ਰੂਪ ਵਿਚ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਕਿਹਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪ੍ਰਮੇਸ਼ਰ। ਜੋ ਤੇਰੇ ਉਤੇ ਵਿਸ਼ਵਾਸ਼ ਲਿਆਏਗਾ, ਮੇਰੀ ਦਰਗਾਹ ਦੇ ਵਿਚ ਪ੍ਰਵੇਸ਼ ਉਸਨੂੰ ਮਿਲੇਗਾ। ਸੋ ਇਸ ਤਰ੍ਹਾਂ ਗੁਰੂ ਪ੍ਰਮੇਸ਼ਵਰ ਅਤੇ ਗੁਰੂ ਵਿਚ ਫਰਕ ਹੈ।

ਸਾਡੇ ਬੱਚੇ ਯੂ.ਪੀ ਵਿਚ ਪੜ੍ਹਦੇ ਸੀ, ਉਹ ਮੈਨੂੰ ਇਹੀ ਗੱਲ ਕਰੀ ਜਾਇਆ ਕਰਨ ਕਿ ਸਾਡੇ ਇੰਗਲਿਸ਼ ਵਾਲੇ ਗੁਰੂ ਜੀ ਨੇ ਸਾਨੂੰ ਇਹ ਦੱਸਿਆ ਹੈ, ਗਣਿਤ ਵਾਲੇ ਗੁਰੂ ਜੀ ਨੇ ਆ ਦੱਸਿਆ ਹੈ। ਮੈਂ ਕਿਹਾ ਤੁਸੀਂ ਮਾਸਟਰ ਨਹੀਂ ਕਹਿੰਦੇ? ਕਹਿੰਦਾ, ਨਾ ਜੀ, ਅਸੀਂ ਤਾਂ ਗੁਰੂ ਹੀ ਕਹਿੰਦੇ ਹਾਂ ਉਥੇ। ਉਹ ਵੀ ਗੁਰੂ ਨੇ, ਕਿਉਂਕਿ ਇਥੇ ਕੋਈ ਅੱਖਰ ਹੈ ਨਹੀਂ, ਮਾਸਟਰ ਅੰਗ੍ਰੇਜ਼ੀ ਦਾ ਹੈ, ਉਸਤਾਦ ਉਰਦੂ ਦਾ ਅੱਖਰ ਹੈ। ਗੁਰੂ ਅੱਖਰ ਜਿਹੜਾ ਹੈ ਉਹ mix ਹੋ ਗਿਆ। ਜੇ ਕੋਈ ਰੂਹਾਨੀ ਵਿਦਿਆ ਦਿੰਦਾ ਵੀ ਹੈ, ਕੋਈ ਸੋਝੀ ਦਿੰਦਾ ਹੈ, ਉਹਨੂੰ ਤੁਸੀਂ ਰੂਹਾਨੀ ਵਿਦਿਆ ਦਾ ਗੁਰੂ ਕਹਿ ਲਓ, ਲੇਕਿਨ ਉਹ ਪ੍ਰਮੇਸ਼ਰ ਨਹੀਂ ਹੈ। ਇਸ ਵੇਲੇ ਸੰਸਾਰ ਦੇ ਉਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਹੈ ਸਾਰੇ, ਇਹ ਗੁਰੂ ਪ੍ਰਮੇਸ਼ਰ ਨੇ। ਇਨ੍ਹਾਂ ਦੇ ਉਤੇ ਜਦੋਂ ਅਸੀਂ ਅਕੀਦਤ ਨਹੀਂ ਲਿਆਉਂਦੇ, ਓਨੀਂ ਦੇਰ ਤੱਕ ਸਾਡਾ ਜਿਹੜਾ ਭਵਸਾਗਰ ਤੋਂ ਲੰਘਣਾ ਹੈ ਉਹ ਬੜਾ ਮੁਸ਼ਕਲ ਹੈ। ਸਿਧਾਂਤ ਇਨ੍ਹਾਂ ਦੇ ਨੇ ਲੇਕਿਨ ਦੂਸਰੇ ਜੋ ਦਸਦੇ ਨੇ, ਉਨ੍ਹਾਂ ਦੇ ਵਿਚ ਜੀਵਨ ਸ਼ਕਤੀ ਨਹੀਂ ਹੋਇਆ ਕਰਦੀ। ਜਿਸਨੂੰ ਜੀਅ ਦਾਨ ਦੇਣ ਦੀ ਸ਼ਕਤੀ ਕਹਿੰਦੇ ਨੇ, ਉਹ ਹੋਇਆ ਨਹੀਂ ਕਰਦੀ। ਰਸਤੇ ਪਾ ਦਿੰਦੇ ਨੇ, ਰਸਤੇ ਸੰਤ ਪਾਉਂਦੇ ਹੀ ਨੇ ਸਾਰਿਆ ਨੂੰ ਲੇਕਿਨ ਕਿਸੇ ਸੰਤ ਨੇ ਵੀ ਕਦੇ ਨਹੀਂ ਕਿਹਾ ਕਿ ਦੇਖ ਭਾਈ, ਮੈਂ ਗੁਰੂ ਹਾਂ, ਗੁਰੂ ਗ੍ਰੰਥ ਸਾਹਿਬ ਦੇ ਤਾਬੇ

ਆ ਕੇ ਉਹਨੇ ਨਮਸ਼ਕਾਰ ਕਰਨੀ ਹੀ ਕਰਨੀ ਹੈ।

ਨਾਮਧਾਰੀ ਸਿੰਘ, ਭੈਣੀ ਸਾਹਿਬ ਵਾਲੇ ਸਾਡਾ ਉਨ੍ਹਾਂ ਐਵੇਂ ਹੀ ਬੇਮਤਲਬਾ ਵਿਰੋਧ ਹੈ। ਕੋਈ ਗੱਲ ਨਹੀਂ ਹੈ। ਉਨ੍ਹਾਂ ਵਰਗੀ ਕੁਰਬਾਨੀ ਹੋਈ ਹੀ ਨਹੀਂ, ਜਦੋਂ ਸਿੱਖ ਬਿਲਕੁਲ ਡਾਵਾਂਡੋਲ ਹੋ ਗਏ ਸੀ ਸਿੱਖ ਰਾਜ ਤੋਂ ਬਾਅਦ. 88 ਲੱਖ ਗਿਣਤੀ ਸੀ ਉਸ ਵੇਲੇ। ਦਸ ਸਾਲ ਬਾਅਦ 1861 ਵਿਚ ਜਦੋਂ ਮਰਦਮ ਸ਼ੁਮਾਰੀ ਹੋਈ ਤਾਂ ਸਿੰਘਾਂ ਦੀ ਗਿਣਤੀ ਹੋਈ 13 ਲੱਖ 45 ਹਜ਼ਾਰ, ਉਹਦੇ ਨਾਲ ਇੱਕ ਰਿਪੋਰਟ ਲੱਗੀ ਹੋਈ ਹੈ। ਉਹਦੇ 'ਚ ਉਹ ਲਿਖਦਾ ਹੈ, ਜਿਹੜਾ ਸੈਨਸਿਸ ਦਾ ਆਫੀਸਰ ਹੈ, ਉਹ ਕਹਿੰਦਾ ਹੈ ਕਿ ਦੇਖੋ, ਬੜੀ ਤੇਜ਼ੀ ਨਾਲ ਦੱਸ ਸਾਲ ਦੇ ਵਿਚ 76 ਲੱਖ ਸਿੰਘ ਘਟ ਗਿਆ। ਇਸੇ ਹਿਸਾਬ ਨਾਲ 1871 ਵਿਚ ਜਿਹੜੀ ਮਰਦਮ ਸ਼ੁਮਾਰੀ ਹੋਣੀ ਹੈ, ਉਹਦੇ 'ਚ ਮੈਨੂੰ ਲਗਦਾ ਹੈ ਕਿ ਲੱਖ ਜਾਂ ਡੇਢ ਲੱਖ ਸਿੱਖ ਸ਼ਾਇਦ ਬਚ ਜਾਵੇ ਤੇ ਇਨ੍ਹਾਂ ਵਿਚ ਅੱਠ ਲੱਖ 55 ਹਜ਼ਾਰ ਸਿੱਖ ਜਿਹੜਾ ਲਿਖਿਆ ਹੈ ਉਹ ਛੇਤੀ ਦੇ ਕੇ ਗਿਰਨ ਵਾਲਾ ਹੈ। ਉਹਦੇ ਵਿਚ ਕੋਈ ਸੱਤਾ ਨਹੀਂ ਕਿ ਇਸ ਧਰਮ ਦੇ ਵਿਚ ਖੜ੍ਹਾ ਰਹਿ ਜਾਏ। ਲੇਕਿਨ 4 ਲੱਖ, 45 ਹਜ਼ਾਰ ਸਿੱਖ ਜਿਹੜਾ ਹੈ, ਉਹ ਸਖਤ ਕਿਸਮ ਦਾ ਸਿੱਖ ਹੈ ਤੇ ਉਹ ਨਾਮਧਾਰੀ ਹੈ। ਬਾਕੀਆਂ ਨੂੰ ਤਾਂ ਗਿਣਿਆ ਹੀ ਨਹੀਂ ਸੀ ਓਸ ਵੇਲੇ। ਉਨ੍ਹਾਂ ਨਾਲ ਵਿਰੋਧਤਾ ਪਾ ਦਿਤੀ, isolate (ਵੱਖ) ਕਰ ਦਿਤੇ ਅਸੀਂ। isolate (ਵੱਖ) ਕਰੋ ਕਿਸੇ ਨੂੰ ਵੀ ਉਹਦਾ ਗਰੁੱਪ ਬਣ ਜਾਂਦਾ ਹੈ। ਜਮਾਤ ਬਣ ਜਾਂਦੀ ਹੈ, ਅੰਗ ਤੋੜ ਦਿਤਾ ਆਪਣਾ। ਉਨ੍ਹਾਂ ਦੇ ਜਿਹੜੇ ਸ਼ਰਧਾਲੂ ਸੀ ਜਦੋਂ ਉਨ੍ਹਾਂ ਨੇ ਦੇਖਿਆ, ਉਹ ਫੇਰ ਆਪਣੇ ਮਹਾਂਪੁਰਸ਼ਾਂ ਦਾ ਸਤਿਕਾਰ ਕਰਨ ਗਏ। ਗੁਰੂ ਚਲ ਪਿਆ, ਬਾਬਾ ਰਾਮ ਸਿੰਘ ਜੀ ਨੇ ਬਹੁਤ ਵਾਰੀ ਲਿਖਿਆ ਹੈ ਕਿ ਇਹ ਨਵਾਂ ਕੰਮ ਨਾ ਕਰੋ, ਗੁਰੂ ਨਾ ਕਹੋ, ਗੁਰੂ ਗ੍ਰੰਥ ਸਾਹਿਬ ਗੁਰੂ ਨੇ। ਭਾਵੇਂ ਮਹਾਂਪੁਰਸ਼ਾਂ ਦੇ ਓਸ ਵੇਲੇ ਸਾਰਿਆਂ 'ਤੇ ਚੌਰ ਹੁੰਦੇ ਸੀ, ਬਾਬਾ ਬੀਰ ਸਿੰਘ ਜੀ ਦੇ ਉਤੇ ਵੀ ਚੌਰ ਹੁੰਦਾ, ਬਾਬਾ ਸਾਹਿਬ ਸਿੰਘ ਜੀ ਦੇ ਉਤੇ ਚੌਰ ਹੁੰਦਾ। ਸਾਰਿਆਂ 'ਤੇ ਚੌਰ ਹੁੰਦੇ, ਉਹ ਰਿਵਾਜ ਹੀ ਸੀਗਾ। ਇਕ ਵਾਰੀ ਮੱਖੀਆਂ ਹਟਾਉਣ ਨੂੰ ਰੁਮਾਲ ਕੋਲ ਨਹੀਂ ਸੀ, ਚੌਰ ਕਰ ਦਿਤਾ। ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਨਹੀਂ ਸੀ ਕੋਈ ਕਰਦਾ। ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਂਦੇ ਸੀ। ਜਿਸ ਵਕਤ ਐਤਕੀ ਸਮਾਗਮ 'ਤੇ ਆਏ, ਤਾਂ ਕਈਆਂ ਦੇ ਮਨਾਂ 'ਚ ਭਰਮ ਸੀ ਕਿ ਗੁਰੂ ਨੇ ਸ਼ਾਇਦ ਉੱਚਾ ਥਾਉਂ ਬੈਠਣ ਵਾਸਤੇ ਮੰਗਣ। ਉਨ੍ਹਾਂ ਨੇ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਕੇ ਜਿਵੇਂ ਇਕ ਸ਼ਰਧਾਲੂ, ਗੁਰਸਿੱਖ ਨਮਸ਼ਕਾਰ ਕਰਦਾ ਹੈ। ਉਸੇ ਤਰ੍ਹਾਂ ਬੜੀ ਅਧੀਨਗੀ ਦੇ ਨਾਲ ਨਮਸ਼ਕਾਰ ਕਰੀ, ਉਸ ਤੋਂ ਬਾਅਦ ਸਟੇਜ 'ਤੇ ਲੈ ਆਂਦਾ ਉਨ੍ਹਾਂ ਨੂੰ। ਸਟੇਜ 'ਤੇ ਆ ਕੇ ਜਿਵੇਂ ਸੰਗਤ ਬੈਠੀ ਹੈ ਨਾਲ ਸਟੇਜ 'ਤੇ, ਉਸੇ ਤਰ੍ਹਾਂ ਬੈਠ ਗਏ, ਕੋਈ ਵਿਸ਼ੇਸ਼ ਨਹੀਂ, ਨਾ ਕੋਈ ਮਾਨਤਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਨਹੀਂ ਕੋਈ ਕਰਦਾ, ਗਲਤੀ ਹੈ ਇਹ ਜੇ ਕੋਈ ਕਹੇ ਕਿ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਹੈ। ਸੋ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜੋ ਕੌਤਕ ਸਾਰੇ ਜੀਵਨ ਦੇ ਅੰਦਰ ਕੀਤੇ, ਸਾਨੂੰ ਉਹ ਬੜੀ

ਹੀ ਗੰਭੀਰਤਾ ਦੇ ਨਾਲ ਵੀਚਾਰਨੇ ਚਾਹੀਦੇ ਹਨ। ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਇਕ ਗੱਲ, ਬਹੁਤ ਹੀ ਸੁਖਾਲਾ ਸਾਧਨ ਦੱਸਿਆ, ਬਾਕੀ ਅਕਾਲ ਉਸਤਤ ਵਗੈਰਾ ਪੜ੍ਹੋ ਤੁਸੀਂ, ਉਹਦੇ ਵਿਚ ਬੜੇ ਹੀ ਸਾਧਨਾਂ ਦਾ ਜ਼ਿਕਰ ਆਉਂਦਾ ਹੈ। ਬਹੁਤ ਲੰਮੇ-ਚੌੜੇ ਸਾਧਨ ਨੇ ਉਹਦੇ ਵਿਚ। ਆਪ ਨੇ ਇਕ ਸਿਧਾਂਤ ਦਿਤਾ ਕਿ -

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

***ਪਾਤਸ਼ਾਹੀ 10***

ਪਿਆਰ ਦੇ ਉਤੇ ਲਿਆ ਕੇ ਗੱਲ ਖਤਮ ਕਰ ਦਿਤੀ ਕਿ ਵਾਹਿਗੁਰੂ ਨਿਰਾ ਪਿਆਰ ਹੈ, ਜਾਪੁ ਸਾਹਿਬ ਦੇ ਅੰਦਰ ਦਸਿਆ ਹੈ ਕਿ ਵਾਹਿਗੁਰੂ ਸੰਸਾਰ ਦੇ ਅੰਦਰ ਕਿਵੇਂ ਪਰੀਪੂਰਨ ਹੈ। ਉਹ ਕੁਰੱਖਤ ਰੂਪ ਵਿਚ ਨਹੀਂ ਪ੍ਰੀਪੂਰਨ, ਸਜ਼ਾ ਦੇਣ ਵਾਲਾ ਨਹੀਂ ਹੈ -

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥* ***ਅੰਗ - 275***

ਵਾਹਿਗੁਰੂ ਜੀ ਸੰਸਾਰ ਦੇ ਵਿਚ ਹਰੇਕ ਦੇ ਅੰਦਰ ਬਾਹਰ ਪਰੀਪੂਰਨ ਨੇ, ਉਹ ਹਨ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

***ਜਾਪੁ ਸਾਹਿਬ***

ਪਿਆਰ ਦਾ ਰੂਪ ਧਾਰ ਕੇ ਹਰੇਕ ਦੇ ਅੰਦਰ ਅਤੇ ਬਾਹਰ ਨੇ। ਸੋ ਪਿਆਰ ਦਾ ਸੰਦੇਸ਼ ਆਪ ਨੇ ਦਿਤਾ। ਉਸੇ ਪਿਆਰ ਨੇ ਬੇਅੰਤ ਕੁਰਬਾਨੀਆਂ ਕਰਾ ਲਈਆਂ। ਸੋ ਪਿਆਰ ਦੀ ਜੋ ਕੀਮਤ ਹੈ ਉਹ ਬਹੁਤ ਵੱਡੀ ਹੈ। ਉਹਦੇ ਹੰਗਤਾ ਤੇ ਮਮਤਾ ਪਿਆਰ ਵਿਚ ਬਾਧਾ ਨੇ। ਮੈਂ ਤੇ ਮੇਰਾ ਪਿਆਰ ਵਿਚ ਨਹੀਂ ਚੱਲਿਆ ਕਰਦਾ। ਪਿਆਰ ਦੇ ਵਿਚ ਆਪਾ ਸਮਰਪਣ ਹੈ। ਜਦੋਂ ਅਸੀਂ ਦੁਨੀਆਂ ਦੇ ਪਿਆਰ ਦੀਆਂ ਗੱਲਾਂ ਦੇਖਦੇ ਹਾਂ, ਸੋਹਣੀ ਜਿਹੜੀ ਹੋਈ ਹੈ ਉਹ ਐਨੀ ਕਮਲੀ ਨਹੀਂ ਸੀ ਕਿ ਉਹਨੂੰ ਪਤਾ ਨਹੀਂ ਸੀ ਕਿ ਕੱਚਾ ਘੜਾ ਜਿਹੜਾ ਹੈ ਪਾਣੀ ਲਗਦੇ ਸਾਰ ਟੁੱਟ ਜਾਣਾ ਹੈ, ਆਹ ਨਹੀਂ ਉਹਨੇ ਗੱਲ ਸੋਚੀ, ਲੇਕਿਨ ਉਹਨੇ ਆਪਣਾ ਨੇਮ ਪੁਗਾਉਣ ਵਾਸਤੇ, ਘੜਾ ਲੈ ਕੇ ਪਾਣੀ 'ਚ ਵੜ ਗਈ। ਘੜਾ ਖੁਰ ਗਿਆ ਤੇ ਦਰਿਆ ਵਿਚ ਰੁੜ ਗਈ। ਸੱਸੀ ਜਿਹੜੀ ਸੀ ਉਹਨੂੰ ਛੱਡ ਕੇ ਚਲਾ ਜਾਂਦਾ ਹੈ। ਪੁੰਨੂ ਦਾ ਨਾਂ ਲੈਂਦੀ-ਲੈਂਦੀ ਥਲਾਂ ਦੇ ਵਿਚ ਬੇਹੋਸ਼ ਹੋ ਕੇ ਗਿਰ ਗਈ ਤੇ ਉਥੇ ਹੀ ਭੁੱਜ ਕੇ ਮਰ ਗਈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਬਠਿੰਡੇ ਦੇ ਕਿਲ੍ਹੇ ਇਕ ਬਲੋਚ ਨੇ, ਇਹ ਕਥਾ ਹੇਠਾਂ ਸੁਣਾ ਰਿਹਾ ਸੀ, ਸਾਰੀ ਰਾਤ ਸੁਣਾਈ ਗਿਆ, ਮਹਾਰਾਜ ਕਹਿੰਦੇ, ਸਵੇਰੇ ਇਹਨੂੰ ਸਾਡੇ ਹਾਜ਼ਰ ਕਰਿਓ। ਦੂਸਰੇ ਦਿਨ ਹਾਜ਼ਰ ਕਰਿਆ, ਕਹਿੰਦਾ, ਮਹਾਰਾਜ! ਮੈਂ ਤੁਹਾਡੇ ਸਾਮ੍ਹਣੇ ਤਾਂ ਗਾ ਨਹੀਂ

ਸਕਦਾ, ਪਰਦਾ ਹੋਵੇ। ਮਹਾਰਾਜ ਨੇ ਕਨਾਤ ਲਵਾ ਦਿਤੀ। ਉਸ ਤੋਂ ਬਾਅਦ ਕਈ ਗੁਰਸਿੱਖਾਂ ਨੇ ਇਤਰਾਜ਼ ਕਰਿਆ ਕਿ ਸੱਚੇ ਪਾਤਸ਼ਾਹ! ਆਹ ਤਾਂ ਅਸੀਂ ਕੱਚੀ ਬਾਣੀ ਸੁਣ ਲਈ। ਮਹਾਰਾਜ ਕਹਿੰਦੇ, ਪਿਆਰਿਓ! ਇਹਦਾ ਅਸਰ ਕੀ ਹੋਇਆ। ਵਿਚਾਰਿਆ ਤੁਸੀਂ? ਇਕ ਔਰਤ ਇਕ ਆਦਮੀ ਦੇ ਪਿਆਰ ਵਿਚ ਬੰਨ੍ਹੀਂ ਹੋਈ ਕਿੱਡੀ ਵੱਡੀ ਕੁਰਬਾਨੀ ਕਰ ਦਿੰਦੀ ਹੈ। ਤੁਸੀਂ ਗੁਰੂ ਦੇ ਪਿਆਰ ਵਿਚ ਬੰਨ੍ਹੇ ਹੋਏ ਚੌਥੇ ਕੁ ਦਿਨ ਕਹਿ ਦਿੰਦੇ ਓਂ ਜੀ ਚਿੱਠੀ ਆਈ ਹੈ ਘਰੋਂ, ਸੁਨੇਹਾ ਆਇਆ ਹੈ, ਤੁਸੀਂ ਘਰ ਨੂੰ ਪਿਆਰਾ ਕਰਦੇ ਓਂ, ਤੁਹਾਡੇ ਨਾਲੋਂ ਤਾਂ ਚੰਗੀ ਹੈ ਉਹ। ਉਹ ਸਿਧਾਂਤ ਸੀ ਪਿਆਰ ਦਾ ਗੁਰੂ ਮਹਾਰਾਜ ਨੇ ਦਿਤਾ। ਪਿਆਰ ਦੇ ਵਾਸਤੇ ਕੀਮਤ ਦੇਣੀ ਪੈਂਦੀ ਹੈ, ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ –

***ਧਾਰਨਾ – ਸੀਸ ਤਲੀ 'ਤੇ ਧਰਨਾ ਪੈਂਦੈ,***
***ਔਖੀ ਖੇਡ ਪਿਆਰ ਦੀ।***

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*

*ਅੰਗ – 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ – 1102*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

***ਭਾਈ ਗੁਰਦਾਸ ਜੀ, ਵਾਰ 27/4***

ਸਾਰਿਆਂ ਦਾ ਹੀ ਗੁਰੂ ਨਾਲ ਪਿਆਰ ਹੋ ਜਾਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਕੋਲ ਸਵਾਲ ਕਰਿਆ ਕਿ ਪਾਤਸ਼ਾਹ! ਸੁਣਦੇ ਤਾਂ ਸਾਰੇ ਹੀ ਨੇ, ਸੰਗਤ ਵਿਚ ਵੀ ਸਾਰੇ ਆਉਂਦੇ ਨੇ, ਇਕ ਤਾਂ ਐਸੇ ਨੇ ਜਿਹੜੇ ਸੁਣਦੇ ਸਾਰ ਘੁਲ-ਮਿਲ ਜਾਂਦੇ ਨੇ, ਇਕ ਐਸੇ ਨੇ ਜਿਨ੍ਹਾਂ 'ਤੇ ਥੋੜ੍ਹੇ ਦਿਨ ਅਸਰ ਰਹਿੰਦਾ ਹੈ ਫੇਰ ਖੁਸ਼ਕ ਹੋ ਜਾਂਦੇ ਨੇ। ਇੱਕ ਐਸੇ ਨੇ ਜਿਹੜੇ ਨਾ ਪਹਿਲਾਂ ਭਿੱਜਦੇ ਨੇ, ਨਾ ਫੇਰ ਭਿੱਜਦੇ ਨੇ। ਇਹ ਕੀ ਕਾਰਨ ਹੈ? ਮਹਾਰਾਜ ਕਹਿਣ ਲੱਗੇ, ਜਲ ਲਿਆਓ। ਤਿੰਨ ਬਾਟੇ ਲੈ ਕੇ ਆਓ। ਤਿੰਨ ਬਾਟੇ ਮੰਗਾ ਲਏ ਤੇ ਇੱਕ ਨੂੰ ਕਿਹਾ ਕਿ ਭਾਈ! ਤੂੰ ਪਤਾਸ਼ੇ ਪਾ ਦੇ ਇਹਦੇ ਵਿਚ, ਦੂਸਰੇ ਨੂੰ ਕਿ ਡਲਾ ਚੁੱਕ ਕੇ ਲਿਆ ਕੇ ਪਾ ਦੇ। ਤੀਸਰੇ ਨੂੰ ਕਿਹਾ ਪੱਥਰ ਪਾ ਦੇ। ਪਹਿਰ ਲੰਘ ਗਿਆ, ਉਸ ਤੋਂ ਬਾਅਦ ਮਹਾਰਾਜ ਕਹਿਣ

ਲੱਗੇ, ਲਿਆਓ ਭਾਈ ਬਾਟੇ। ਪਤਾਸ਼ੇ ਕੱਢ। ਕਹਿੰਦਾ, ਸੱਚੇ ਪਾਤਸ਼ਾਹ! ਪਤਾਸ਼ੇ ਤਾਂ ਪਾਣੀ ਦਾ ਰੂਪ ਬਣ ਗਏ। ਦੂਸਰੇ ਨੂੰ ਕਿਹਾ, ਉਹ ਕਹਿੰਦਾ, ਮਹਾਰਾਜ! ਗਾਰਾ ਬਣਿਆ ਪਿਆ ਹੈ। ਕਹਿੰਦੇ, ਉਥੇ ਕੱਢ ਕੇ ਰੱਖ ਦੇ ਗਾਰਾ, ਹੱਥ ਨਾਲ ਕੱਢ ਕੇ ਰੱਖ ਦਿਤਾ। ਧੁੱਪ ਸੀ, ਗਰਮੀ ਦਾ ਮਹੀਨਾ ਸੀ। ਥੋੜ੍ਹੇ ਸਮੇਂ ਤੋਂ ਬਾਅਦ ਕਹਿਣ ਲੱਗੇ, ਦੇਖ ਤਾਂ ਕਹਿੰਦਾ, ਮਹਾਰਾਜ! ਉਹ ਤਾਂ ਓਹੋ ਜਿਹਾ ਹੀ ਬਣ ਗਿਆ, ਜਿਹੋ ਜਿਹਾ ਪਹਿਲਾਂ ਸੀ। ਤੀਸਰੇ ਨੂੰ ਕਿਹਾ ਕਿ ਤੇਰੇ ਵਾਲਾ ਦੇਖ। ਕਹਿੰਦਾ, ਮਹਾਰਾਜ! ਮਾੜਾ ਜਿਹਾ ਗਿੱਲਾ ਹੋਇਆ ਸੀ, ਆਹ ਹਵਾ ਆਈ ਹੈ ਗਰਮ, ਉਸੇ ਵੇਲੇ ਸੁੱਕ ਗਿਆ। ਗੁਰੂ ਮਹਾਰਾਜ ਜੀ ਕਹਿਣ ਲੱਗੇ, ਪਿਆਰਿਓ! ਇਸੇ ਤਰ੍ਹਾਂ ਗੁਰੂ ਕੋਲ ਤਾਂ ਸਾਰੇ ਹੀ ਆਉਂਦੇ ਹਨ, ਪਰ ਆਉਣ ਵਾਲਿਆਂ ਦਾ ਫਰਕ ਹੋਇਆ ਕਰਦਾ ਹੈ, ਇੱਕ ਤਾਂ ਉਹ ਨੇ ਜਿਹੜੇ ਗੁਰੂ ਦੀ ਬਾਣੀ ਸੁਣ ਕੇ ਗੁਰੂ ਦੇ ਪਿਆਰ 'ਚ ਘੁਲ ਕੇ ਗੁਰੂ ਦੇ ਹੋ ਜਾਂਦੇ ਨੇ। ਫੇਰ ਨਹੀਂ ਉਹ ਗਿਰਿਆ ਕਰਦੇ। ਆਪ ਨੇ ਕਿਹਾ ਕਿ ਪੰਜ ਪ੍ਰਕਾਰ ਦੇ ਸਿੱਖ ਹੋਇਆ ਕਰਦੇ ਨੇ। ਪਹਿਲੀ ਸਿੱਖੀ ਜਿਹੜੀ ਹੈ ਉਹ ਹੋਇਆ ਕਰਦੀ ਹੈ, ਦੇਖਾ-ਦੇਖੀ ਦੀ। ਉਹ ਵੀ ਸਿੰਘ ਬਣ ਗਿਆ, ਉਹ ਵੀ ਬਣ ਗਿਆ ਕਿ ਮੈਨੂੰ ਫਿਟਕਾਰਾਂ ਮਾਰਦੇ ਨੇ, 'ਕਾਵਾਂ, ਕੁੱਤਿਆਂ, ਗਧਿਆਂ ਦੀ ਜੂਨੀ ਪੈਣਗੇ, ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ' ਕਿ ਆਹ ਤਾਂ ਮੈਨੂੰ ਕਹਿਣਗੇ, ਮੈਂ ਵੀ ਗੁਰੂ ਵਾਲਾ ਬਣ ਜਾਵਾਂ। ਚਾਉ ਉਠਦਾ ਹੈ ਅੰਮ੍ਰਿਤ ਛਕ ਲੈਂਦਾ ਹੈ। ਅੰਦਰ ਕੋਈ ਭਾਵਨਾ ਨਹੀਂ ਹੁੰਦੀ, ਕੋਈ ਸੋਝੀ ਨਹੀਂ ਹੁੰਦੀ, ਕੇਵਲ ਦੇਖਾ-ਦੇਖੀ ਦਾ ਸਿੱਖ ਬਣ ਗਿਆ ਕਿ ਚੱਲ ਸਿੱਖ ਹੋ ਕੇ ਮੂਹਰੇ ਲੱਗਾਂਗੇ, ਲੰਗਰ ਵੀ ਮੌਜ ਨਾਲ ਛਕਿਆ ਕਰਾਂਗੇ, ਪ੍ਰਸ਼ਾਦ ਮਿਲਿਆ ਕਰੂੰ, ਲੋਕ ਵੀ ਬੁਲਾਇਆ ਕਰਨਗੇ ਕਿ ਸਿੱਖ ਹੈ, ਸਿੱਖ ਨੂੰ ਪ੍ਰਸ਼ਾਦਾ ਛਕਾਈਏ। ਇਸ ਗੱਲ ਦਾ ਮਾਰਿਆ ਸਿੱਖ ਬਣ ਗਿਆ ਲੇਕਿਨ ਕਹਿੰਦੇ ਹੁੰਦਾ ਕੁਛ ਨਹੀਂ।

ਦੂਸਰਾ ਹੁੰਦਾ ਹੈ ਹਿਰਸ ਦੀ ਸਿੱਖੀ। ਸ਼ਬਦ ਦਾ ਪਰਚਾ ਨਹੀਂ ਹੁੰਦਾ ਉਸਨੂੰ, ਸ਼ਬਦ ਦੀ ਸੋਝੀ ਕੋਈ ਨਹੀਂ ਹੁੰਦੀ ਤੇ ਗੁਰੂ ਦਾ ਸਰੂਪ ਨਹੀਂ ਰਿਦੇ 'ਚ ਉਸਦੇ ਵਸਦਾ। ਸੋਝੀਹੀਣਾ ਜੀਵਨ ਸੰਗਤ 'ਚ ਆਉਂਦਾ ਨਹੀਂ ਹੈ, ਗੁਰੂ ਦੇ ਪਾਹੁਲ ਦਾ ਕੋਈ ਭੇਦ ਨਹੀਂ ਪਾਉਂਦਾ, ਥਾਂ-ਥਾਂ 'ਤੇ ਭਟਕਦਾ ਫਿਰਦਾ ਹੈ। ਪਾਹੁਲ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਕਮਾਈ ਨਹੀਂ ਕਰਦਾ। ਕੁਛ ਹਾਸਲ ਨਹੀਂ ਕਰਦਾ। ਕਹਿੰਦੇ, ਇਹ ਜਿਹੜਾ ਹਿਰਸੀ ਸਿੱਖ ਹੈ ਇਹ ਵੀ ਕੁਛ ਨਹੀਂ ਹੁੰਦਾ। ਤੀਸਰਾ ਹੋਇਆ ਕਰਦਾ ਹੈ ਧੰਦੇ ਦੀ ਸਿੱਖੀ। ਉਹ ਨਿਗੁਰੇਪੁਣ ਦੀ ਲਾਹਨਤ ਤੋਂ ਬਚਣ ਵਾਸਤੇ, ਧੰਦੇ ਦੇ ਵਸ, ਇਕ ਬੰਦਾ ਹੋਇਆ ਕਿਸੇ ਹੋਰ ਕ੍ਰਿਤ ਦਾ ਉਨ੍ਹਾਂ ਦੇ ਨਾਲ ਗੁਰੂ ਦੇ ਦਰਸ਼ਨ ਕਰਨ ਚਲਿਆ ਗਿਆ ਕਿ ਮੇਰਾ ਵਪਾਰ ਚਲੇਗਾ। ਮੇਰੇ ਤੋਂ ਚੀਜ਼ਾਂ ਲੈਣਗੇ ਕਿ ਸਿੱਖ ਹੈ। ਫੇਰ ਉਹ ਕਰਦਾ ਵੀ ਕੀ ਹੈ ਕਿ ਹੁਣ ਸ਼ਰਧਾ ਵਾਲੇ ਫਸ ਗਏ, ਇਨ੍ਹਾਂ ਤੋਂ ਬਹੁਤੇ ਪੈਸੇ ਲਓ। ਕਹੇਗਾ ਤੁਹਾਡੇ ਵਾਸਤੇ ਸਪੈਸ਼ਲ ਚੀਜ਼ ਰੱਖੀ ਹੈ ਇਹ ਤਾਂ। ਮਤਲਬ ਜਿੰਨੀਆਂ ਨਿਕੰਮੀਆਂ ਨੇ ਸਭ ਦੇ ਦਊਗਾ ਉਨ੍ਹਾਂ ਨੂੰ।

ਮਹਾਰਾਜ ਕਹਿੰਦੇ, ਜੋ ਚੌਥੀ ਸਿੱਖੀ ਹੋਇਆ ਕਰਦੀ ਹੈ, ਉਹ ਸਿਦਕੀ ਸਿੱਖ ਦੀ ਹੁੰਦੀ ਹੈ। ਪੰਜਵਾਂ ਜੋ ਹੋਇਆ ਕਰਦਾ ਹੈ ਭਾਵਨੀ ਦਾ ਸਿੱਖ ਹੁੰਦਾ ਹੈ।

ਕਹਿੰਦੇ, ਮਹਾਰਾਜ! ਪਛਾਣ ਕਿਵੇਂ ਆਵੇ?

ਵਿਸਾਖੀ ਦਾ ਦੀਵਾਨ ਨੇੜੇ ਹੀ ਸੀ। ਕਹਿੰਦੇ, ਕੋਈ ਨਾ ਤੁਹਾਨੂੰ ਸਮਝਾ ਦੇਵਾਂਗੇ। ਦੀਵਾਨ ਲਗ ਗਿਆ ਤੇ ਦੂਰ-ਦਰਾਜ਼ ਤੋਂ, ਮਾਲਵੇ ਤੋਂ ਵੀ ਸੰਗਤਾਂ ਆਈਆਂ, ਹੋਰ ਇਲਾਕਿਆਂ 'ਚੋਂ ਵੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਜਿਹਨੇ ਜਾਣਾ ਹੈ ਭਾਈ ਸਾਡੇ ਤੋਂ ਇਜਾਜ਼ਤ ਲੈ ਕੇ ਜਾਇਓ। ਆਪਣੇ ਆਪ ਨਾ ਕੋਈ ਵੀ ਜਾਇਓ। ਅਜੇ ਠਹਿਰੋ ਹਫਤਾ ਭਰ। ਹੁਕਮ ਹੋ ਗਿਆ, ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਗਏ ਕਹਿੰਦੇ, ਬਈ ਮੇਰਾ ਤਾਂ ਕੰਮ ਬੜਾ ਖਰਾਬ ਹੈ, ਮੈਂ ਤਾਂ ਡੰਗਰ ਸੰਭਾਲ ਕੇ ਆਇਆ ਸੀ ਪੜੌਸੀਆਂ ਨੂੰ, ਬੱਚੇ ਛੋਟੇ ਸੀ, ਮੈਂ ਤਾਂ ਪਾਣੀ ਦੇਣਾ ਸੀ ਖੇਤੀ ਨੂੰ। ਗੁਰੂ ਨੇ ਹੁਕਮ ਕਰ ਦਿਤਾ। ਚਾਰ-ਪੰਜ ਦਿਨ ਤਾਂ ਲੰਘਾ ਲਏ, ਚੋਰੀਂ ਰਾਤ ਨੂੰ ਜਾਣ ਲੱਗੇ, ਅਗਾਂਹਾਂ ਪਹਿਰੇ ਲੱਗੇ ਹੋਏ ਸੀ, ਪਹਿਰੇਦਾਰ ਮੋੜ ਦਿਆ ਕਰਨ। ਪਰਲੇ ਪਾਸੇ ਦੀ ਚਲੇ ਗਏ, ਪਹਾੜੀ ਵਲ ਨੂੰ, ਅਨੰਦਪੁਰ ਸਾਹਿਬ ਤੋਂ। ਉਥੇ ਇਕੱਠੇ ਹੋ ਗਏ, ਬਹੁਤ ਸਾਰੇ, ਸੋਚਣ ਲੱਗ ਗਏ। ਕਹਿੰਦੇ, ਦੇਖੋ ਸੋਚ ਆਪਣੀ ਰਲਦੀ ਹੈ ਕਿ ਨਹੀਂ। ਇੱਕ ਖੜ੍ਹਾ ਹੋ ਕੇ ਕਹਿੰਦਾ, ਭਰਾਵੋ! ਗੁਰੂ ਨੇ ਕਰ ਦਿਤਾ ਹੁਕਮ ਕਿ ਜਾਣਾ ਨਹੀਂ ਹੈ। ਆਪਣਾ ਤਾਂ ਪਿੱਛੇ ਕੰਮ ਖਰਾਬ ਹੋ ਰਿਹਾ ਹੈ, ਮੇਰਾ ਖਿਆਲ ਹੈ ਤੁਹਾਡਾ ਵੀ ਹੋ ਰਿਹਾ ਹੈ। ਸਾਰੇ ਇੱਕ ਜ਼ੁਬਾਨ ਬੋਲ ਪਏ ਕਿ ਹਾਂ ਅਸੀਂ ਤੇਰੇ ਨਾਲ ਸਹਿਮਤ ਹਾਂ। ਕਹਿੰਦਾ, ਫੇਰ ਇਸ ਤਰ੍ਹਾਂ ਕਰੋ ਗੁਪਤ ਤਰੀਕਾ ਵਰਤੀਏ ਆਪਾਂ। ਕਹਿੰਦੇ, ਕੀ? ਕਹਿੰਦਾ, ਮੈਨੂੰ ਮਰਨਾ ਆਉਂਦਾ ਹੈ, ਮੈਂ ਸਾਹ ਐਨਾ ਚਾੜ੍ਹ ਲੈਂਦਾ ਹਾਂ ਕਿ ਜੇ ਰੂੰ ਵੀ ਲਾ ਦਿਓ ਤਾਂ ਵੀ ਨਹੀਂ ਉਹ ਹਿਲਦੀ, ਮੈਨੂੰ ਤਾਂ ਬਣਾ ਲਓ ਮੁਰਦਾ, ਅਰਥੀ 'ਤੇ ਪਾ ਲਓ ਤੇ ਤੁਸੀਂ ਮੇਰੇ ਪਿਛਲੇ ਪਾਸੇ ਸ਼ਬਦ ਪੜ੍ਹਦੇ ਚਲੇ ਚਲੋ ਤੇ ਲੰਘਿਓ ਵੀ ਗੁਰੂ ਦੇ ਮੂਹਰੇ ਦੀ, ਫੇਰ ਆਪਾਂ ਨੂੰ ਕੋਈ ਨਹੀਂ ਰੋਕੇਗਾ। ਦੋ ਸੌ-ਤਿੰਨ ਸੌ ਦਾ ਇਕੱਠ ਹੋ ਗਿਆ। ਸ਼ਬਦ ਪੜ੍ਹਦੇ ਜਾਂਦੇ ਨੇ, ਗੁਰੂ ਮਹਾਰਾਜ ਦੇ ਮੂਹਰੇ ਦੀ ਜਦੋਂ ਲੰਘੇ, ਮਾਰੂ ਦੇ ਸ਼ਬਦ ਜਦੋਂ ਸੁਣੇ, ਮਹਾਰਾਜ ਕਹਿੰਦੇ, ਪਿਆਰਿਓ! ਇਹ ਕੀ ਹੋ ਗਿਆ ਗੁਰਸਿੱਖ ਨੂੰ? ਕਹਿੰਦੇ, ਜੀ ਬੜਾ ਗੁਰਸਿੱਖ ਸੀ ਪਿਆਰਾ, ਬੜੀ ਵੱਡੀ ਘਟਨਾ ਵਾਪਰ ਗਈ, ਮਰ ਗਿਆ ਬੀਮਾਰ ਸੀ ਰਾਤ ਤੇ ਉਹਦੇ ਬਾਲ-ਬੱਚੇ ਛੋਟੇ-ਛੋਟੇ ਨੇ, ਨਾਲੇ ਦੱਸਣ ਵਾਲਾ ਰੋਣ ਲੱਗ ਗਿਆ, ਉਨ੍ਹਾਂ ਦੇ ਹੀ ਵਿਚੋਂ ਸੀ। ਕਹਿੰਦੇ, ਕਿੱਥੇ ਲੈ ਕੇ ਜਾ ਰਹੇ ਓਂ? ਕਹਿੰਦੇ, ਮਹਾਰਾਜ ਸਸਕਾਰ ਕਰ ਦਿੰਦੇ ਹਾਂ, ਏਥੇ ਹੀ ਜਾਂ ਪਿੰਡ ਲੈ ਜਾਵਾਂਗੇ। ਮਹਾਰਾਜ ਨੇ ਕਿਹਾ ਕਿ ਨਹੀਂ-ਨਹੀਂ ਸਸਕਾਰ ਇਥੇ ਹੀ ਕਰਨਾ ਹੈ, ਕਿਤੇ ਨਹੀਂ ਲੈ ਕੇ ਜਾਣਾ। ਸਾਡੇ ਸਾਮ੍ਹਣੇ ਹੀ ਕਰਨਾ ਹੈ। ਕਹਿੰਦੇ, ਕਰੋ ਫੂਸ ਇਕੱਠਾ। ਫੂਸ ਇਕੱਠਾ ਕਰ ਦਿਤਾ, ਉਹ ਹੁਣ ਸੁਣੀ ਜਾਂਦਾ ਹੈ

ਕਿ ਹੁਣ ਕੀ ਬਣੇਂਗਾ, ਹੁਣ ਤਾਂ ਮੇਰੀ ਹੀ ਵਾਰੀ ਆ ਗਈ। ਕਹਿੰਦੇ, ਰੱਖ ਦਿਓ ਅਰਥੀ। ਲਾਂਗਰੀ ਸਿੰਘ ਨੂੰ ਕਹਿਣ ਲੱਗੇ, ਕਿ ਲਿਆ ਭਾਈ! ਅੱਗ ਲਿਆ ਲੰਗਰ 'ਚੋਂ, ਉਹ ਜਲਦੀ-ਜਲਦੀ ਲੱਕੜੀ ਲਿਆ ਕੇ ਜਦੋਂ ਲਾਉਣ ਲੱਗਾ, ਮਹਾਰਾਜ ਨੇ ਇਸ਼ਾਰਾ ਕਰ ਦਿਤਾ ਕਿ ਥੋੜ੍ਹੀ ਜਿਹੀ ਦੂਰ ਲਾਈਂ, ਨੇੜੇ ਨਾ ਲਾਈ, ਉਹ ਦੂਰ ਲਾਈ ਜਦੋਂ ਤਿੜ-ਤਿੜ ਹੋਣ ਲੱਗੀ ਘਾਹ ਦੀ, ਛਾਲ ਮਾਰੀ, ਕਿਧਰੇ ਰੱਸੀਆਂ ਬੰਨ੍ਹੀਆਂ ਗਈਆਂ, ਨੱਠਿਆ ਹੀ ਜਾਂਦਾ ਹੈ। ਮਹਾਰਾਜ ਨੇ ਤਾੜੀ ਮਾਰ ਦਿਤੀ, ਕਹਿੰਦੇ ਫੜੋ-ਫੜੋ। ਤਿੰਨ ਸੌ ਬੰਦਾ ਖੜ੍ਹਾ ਹੈ, ਮਹਾਰਾਜ ਕਹਿਣ ਲੱਗੇ ਕਿ ਤੁਹਾਡਾ ਮੁਰਦਾ ਤਾਂ ਸਣਦੇਹੀ ਸਚਖੰਡ ਨੂੰ ਨੱਠਿਆ ਜਾਂਦਾ ਹੈ। ਐਨੀ ਕਾਹਲ? ਸਾਰਿਆਂ ਨੇ ਭੁੱਲ ਮੰਨੀ।

ਪਹਿਲੀ ਗੱਲ ਤਾਂ ਇਹ ਸੀ ਕਿ ਵਿਸ਼ਵਾਸ਼ ਨਹੀਂ ਸੀ, ਗੁਰੂ ਨੂੰ ਅੰਤਰਜਾਮੀ ਨਹੀਂ ਸੀ ਸਮਝਦੇ। ਦੂਸਰਾ ਇਹ ਨਹੀਂ ਸੀ ਪਤਾ ਕਿ ਗੁਰੂ ਤਾਂ ਸਮਰੱਥ ਹੈ। ਜੇ ਅਸੀਂ ਇਥੇ ਖੜ੍ਹੇ ਹਾਂ ਤਾਂ ਸਾਡਾ ਘਰ ਦਾ ਜ਼ਿੰਮੇਵਾਰ ਆਪ ਹੀ ਹੈ। ਅਸੀਂ ਇਹਦੀ ਸੇਵਾ 'ਚ ਹਾਂ ਉਹਨੇ ਸਭ ਕੁਛ ਆਪ ਕਰਨਾ ਹੈ।

ਇਕ ਵਾਰੀ ਫੇਰ ਮਹਾਰਾਜ ਨੇ ਮਿਸਾਲ ਦਿਤੀ, ਇਕ ਗੁਰਸਿੱਖ ਦੀ ਦਿਤੀ, ਕਹਿਣ ਲੱਗੇ, ਆਹ ਗੁਰਸਿੱਖ ਜਿਹੜਾ ਹੈ, ਇਹਨੂੰ ਰੋਕਣਾ ਹੈ ਅੱਜ। ਇਹ ਆਉਂਦਾ ਹੈ ਸੰਗਰਾਂਦ ਵਾਲੇ ਦਿਨ, ਫੇਰ ਚਲਿਆ ਜਾਂਦਾ ਹੈ। ਰੋਕ ਕੇ ਕਹਿਣ ਲੱਗੇ ਕਿ ਗੁਰਸਿਖਾ! ਕੀ ਗੱਲ ਤੂੰ ਚਲਿਆ ਜਾਂਦਾ ਹੈਂ, ਸਾਨੂੰ ਵੀ ਨਹੀਂ ਮਿਲਦਾ, ਕਿਥੋਂ ਆਉਂਦਾ ਹੈਂ, ਕਿੱਥੇ ਚਲਿਆ ਜਾਂਦਾ ਹੈਂ? ਬਿਨਾਂ ਆਗਿਆ ਹੀ ਤੁਰ ਜਾਂਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਮੈਂ ਬਹੁਤ ਗਰੀਬ ਹਾਂ ਤੇ ਮਿਹਨਤ ਕਸ਼ ਬੰਦਾ ਹਾਂ, ਸਵੇਰ ਨੂੰ ਕਮਾਉਂਦੇ ਹਾਂ ਅਤੇ ਅਗਲਾ ਖਾਣ ਵਾਸਤੇ ਸਵੇਰ ਤੱਕ ਸਾਡੇ ਕੋਲ ਹੁੰਦਾ ਹੈ, ਸ਼ਾਮ ਨੂੰ ਖਾਣ ਨੂੰ ਨਹੀਂ ਹੁੰਦਾ, ਪਰ ਜੇ ਬਚ ਵੀ ਜਾਵੇ ਤਾਂ ਅਗਲੇ ਦਿਨ ਵਾਸਤੇ ਕੁਛ ਨਹੀਂ ਹੁੰਦਾ। ਕਹਿਣ ਲੱਗੇ ਕਿ ਤੂੰ ਰੋਜ਼ੀ ਦਿੰਦਾ ਹੈਂ? ਕਹਿਣ ਲੱਗਿਆ, ਮਹਾਰਾਜ! ਮੈਂ ਜੇ ਮਿਹਨਤ ਕਰਦਾ ਹਾਂ ਤਾਂ ਹੀ ਬਾਲ-ਬੱਚਿਆਂ ਦਾ ਸਰਦਾ ਹੈ। ਗੁਰੂ ਮਹਾਰਾਜ ਕਹਿਣ ਲੱਗੇ ਕਿ ਤੂੰ ਰਹਿਰਾਸ ਪੜ੍ਹਦਾ ਹੁੰਦਾ ਹੈਂ? ਕਹਿੰਦਾ, ਹਾਂ ਮਹਾਰਾਜ। ਕਹਿੰਦੇ, ਵਿਚਾਰ ਕੇ ਪੜ੍ਹਦਾ ਹੈਂ? ਕਹਿੰਦਾ ਹਾਂ ਮਹਾਰਾਜ, ਮੈਂ ਤਾਂ ਅਰਥ ਬਹੁਤ ਸੋਹਣੇ ਕਰਦਾ ਹਾਂ। ਅਰਥ ਮੈਨੂੰ ਬਹੁਤ ਵਧੀਆ ਆਉਂਦੇ ਨੇ ਬਾਣੀ ਦੇ ਤੇ ਮੈਂ ਤਾਂ ਅਰਥ ਸੋਚ-ਸੋਚ ਪੜ੍ਹਦਾ ਹਾਂ। ਕਹਿੰਦੇ ਕਦੇ ਆਹ ਸ਼ਬਦ ਵੀ ਪੜ੍ਹਿਆ ਹੈ? -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥*** ***ਅੰਗ - 10***

ਕਹਿੰਦੇ, ਗੁਰਸਿੱਖਾ! ਬਾਣੀ ਵਿਚਾਰ ਕੇ ਪੜ੍ਹਦਾ ਹੁੰਦਾ ਹੈਂ? ਕਹਿੰਦਾ ਹਾਂ ਮਹਾਰਾਜ।

ਫੇਰ ਇਹਦਾ ਕੀ ਅਰਥ ਹੋਇਆ, ਸਾਨੂੰ ਸੁਣਾ? ਅਰਥ ਵੀ ਜਾਣਦਾ ਹੈਂ।

ਕਹਿੰਦਾ, ਸੱਚੇ ਪਾਤਸ਼ਾਹ! ਗੁਰੂ ਮਹਾਰਾਜ ਫੁਰਮਾਉਂਦੇ ਨੇ ਕਿ ਵਾਹਿਗੁਰੂ ਦਾ ਨਾਉਂ ਵਿਸ਼ੰਭਰ ਹੈ ਸਭ ਨੂੰ ਰੋਜ਼ੀ ਦੇਣ ਵਾਲਾ, ਉਹ ਪੱਥਰ ਦੇ ਕੀੜੇ ਨੂੰ ਵੀ ਦਿੰਦਾ ਹੈ। ਪੱਥਰ ਦੇ ਵਿਚ ਜਿੱਥੇ ਰਸਤਾ ਨਹੀਂ ਹੈ, ਕੋਈ ਹਵਾ ਨਹੀਂ ਹੈ। ਉਸ ਥਾਂ ਵੀ ਉਸਨੂੰ ਪਾਲਦਾ ਹੈ।

ਕਹਿੰਦੇ, ਫੇਰ ਤੈਨੂੰ ਨਹੀਂ ਪਾਲੇਗਾ? ਤੂੰ ਨੱਠ ਜਾਂਦਾ ਹੈਂ?

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਜੇ ਕੰਮ ਕਰਦਾ ਹਾਂ, ਤਾਂ ਪੈਸਾ ਆਉਂਦਾ ਹੈ, ਨਹੀਂ ਤਾਂ ਭੁੱਖੇ ਮਰ ਜਾਂਦੇ।

ਮਹਾਰਾਜ ਕਹਿੰਦੇ ਕਿ ਫੇਰ ਤੈਨੂੰ ਵਾਹਿਗੁਰੂ 'ਤੇ ਵਿਸ਼ਵਾਸ਼ ਨਹੀਂ ਹੈ? ਅਰਥ ਜਾਣਦਾ ਹੈਂ, ਬਾਣੀ ਪੜ੍ਹਦਾ ਹੈਂ, ਵਿਸ਼ਵਾਸ਼ ਤੋਂ ਖਾਲੀ ਹੈਂ।

ਕਹਿੰਦੇ, ਚੱਲ ਲੈ ਜਾਹ, ਸਾਡੀ ਚਿੱਠੀ ਲੈ ਜਾਈਂ ਜਾਂਦਾ ਹੋਇਆ। ਫਲਾਣੇ ਪਿੰਡ ਦੇ ਦੇਈਂ।

ਚਿੱਠੀ ਦੇ ਦਿਤੀ, ਉਹਦੇ ਵਿਚ ਮਹਾਰਾਜ ਜੀ ਨੇ ਲਿਖ ਦਿਤਾ ਕਿ ਇਸ ਸਿੱਖ ਨੂੰ ਨੌਂ ਮਹੀਨੇ ਨਹੀਂ ਜਾਣ ਦੇਣਾ। ਇਹ ਕਥਾ ਬੜੀ ਸੋਹਣੀ ਕਰਦਾ ਹੈ, ਕਥਾ ਸੁਣੋ, ਆਦਰ ਕਰੋ ਪਰ ਜਾਣ ਨਹੀਂ ਦੇਣਾ। ਨੌਂ ਮਹੀਨੇ ਤੋਂ ਬਾਅਦ ਜਾਣ ਦੇਣਾ ਹੈ। ਜਦੋਂ ਘੇਰ ਲਿਆ, ਸਾਰਿਆਂ ਨੇ ਕਿਹਾ ਕਿ ਦੇਖ ਸਿੱਖਾ! ਚੋਰੀ ਤਾਂ ਅਸੀਂ ਨੱਠਣ ਨਹੀਂ ਦੇਣਾ, ਚਾਹੇ ਸਾਨੂੰ ਪਹਿਰਾ ਲਾਉਣਾ ਪਵੇ, ਚਾਹੇ ਕੁਛ ਕਰਨਾ ਪਵੇ। ਕਥਾ ਕਰਨ ਦਾ ਹੁਕਮ ਗੁਰੂ ਸਾਹਿਬ ਵਲੋਂ ਹੈ। ਕਹਿੰਦਾ, ਚੰਗੇ ਗੁਰੂ ਨੇ ਮੇਰਾ ਤਾਂ ਟੱਬਰ ਹੀ ਮਾਰ ਦੇਣਾ ਹੈ ਉਨ੍ਹਾਂ ਨੇ ਤਾਂ। ਉਹ ਕੀ ਕਰਨਗੇ ਵਿਚਾਰੇ, ਉਹ ਤਾਂ ਭੁੱਖੇ ਮਰ ਜਾਣਗੇ। ਉਹ ਕਹਿੰਦੇ, ਦੇਖ ਭੁੱਖੇ ਮਰਨ, ਰਾਜ਼ੀ ਰਹਿਣ, ਅਸੀਂ ਤਾਂ ਤੈਨੂੰ ਨਹੀਂ ਜਾਣ ਦੇਣਾ, ਨੌਂ ਮਹੀਨੇ ਕਥਾ ਕਰਾਉਣੀ ਹੈ। 15-20 ਦਿਨ ਗੁਰੂ ਮਹਾਰਾਜ ਨੂੰ ਬੁਰਾ ਕਹੀ ਗਿਆ। ਫਸਿਆ ਹੋਇਆ ਹੁਣ ਜਾ ਨਹੀਂ ਸਕਦਾ। ਬੱਧਾ-ਰੁਧਾ ਹੁਣ ਕਥਾ ਕਰੀ ਜਾਂਦਾ ਹੈ।

ਸਮਾਂ ਲੰਘਦਾ ਗਿਆ। ਓਧਰਲੇ ਪਾਸੇ ਜਿਸ ਵਕਤ ਇਹ ਨਾ ਆਇਆ, ਪਿੰਡ ਵਾਲਿਆਂ ਨੇ ਸੋਚਿਆ ਕਿ ਗੁਰੂ ਨੇ ਸੇਵਾ 'ਚ ਲਾ ਲਿਆ, ਹੁਣ ਸਾਡਾ ਫਰਜ਼ ਬਣਦਾ ਹੈ ਕਿ ਪਰਿਵਾਰ ਨੂੰ ਅਨਾਜ ਇਕੱਠਾ ਕਰਕੇ ਦੇਈਏ। ਇੱਕ ਬੋਰੀ ਕਣਕ ਦੀ ਇਕੱਠੀ ਕਰਕੇ ਰੱਖ ਦਿਤੀ। ਕਹਿੰਦੇ, ਲਓ ਬੀਬੀ ਆਹ ਖਾਓ, ਪੀਓ, ਹੋਰ ਸਬਜ਼ੀਆਂ ਕੋਈ ਚੀਜ਼ ਦੀ ਲੋੜ ਹੈ ਖੇਤਾਂ 'ਚੋਂ ਲੈ ਆਇਆ ਕਰੋ। ਉਹ ਜਦ ਗੁਰੂ ਸਾਹਿਬ ਦੀ ਸੇਵਾ ਕਰਕੇ ਜਦ ਆਏਗਾ, ਫੇਰ ਠੀਕ ਹੈ। ਹੌਂਸਲਾ ਹੋਇਆ ਕਿ ਚੰਗਾ ਹੈ, ਸ਼ੁਕਰ ਹੈ ਕਿ ਗੁਰੂ ਸਾਹਿਬ ਦੀ ਸੇਵਾ ਕਰਨ ਲੱਗਿਆ ਹੈ ਤੇ ਸਾਡੀ ਤਾਂ

ਪਾਲਣਾ ਪਿੰਡ ਵਾਲਿਆਂ ਨੇ ਹੀ ਸ਼ੁਰੂ ਕਰ ਦਿਤੀ। ਉਸ ਤੋਂ ਬਾਅਦ ਲੜਕੀ ਸੀ ਉਹਦੀ ਕਹਿਣ ਲੱਗੀ, ਬੇਬੇ! ਆਪਾਂ ਕਿੰਨੇ ਕੁ ਦਿਨ ਦਾਨ 'ਤੇ ਪਲਾਂਗੇ, ਤੂੰ ਵੀ ਤਕੜੀ ਹੈਂ, ਮੈਂ ਵੀ ਤਕੜੀ ਹਾਂ। ਆਪਾਂ ਕੰਮ ਕਰ ਲਿਆ ਕਰੀਏ, ਕਿਸੇ ਦਾ ਕੰਮ ਕਰ ਦਿੰਦੇ ਹਾਂ, ਰੋਟੀ ਪਾਣੀ ਤਾਂ ਆਈ ਜਾਏਗਾ ਆਪਾਂ, ਕੱਪੜੇ ਲੀੜੇ ਵੀ ਆਈ ਜਾਣਗੇ। ਉਹ ਜੋ ਪਿੰਡ ਦਾ ਸਰਦਾਰ ਸੀ ਵੱਡਾ, ਉਹਦੇ ਕੋਲ ਚਲੀਆਂ ਗਈਆਂ ਉਹ। ਸਰਦਾਰ ਦੀ ਬੀਬੀ ਕਹਿਣ ਲੱਗੀ ਕਿ ਮੈਨੂੰ ਤਾਂ ਲੋੜ ਹੈ ਲੜਕੀ ਦੀ ਸ਼ਾਦੀ ਆ ਰਹੀ ਹੈ, ਛੇਤੀ। ਪੀਹਣ ਵੀ ਬਣਾਉਣਾ ਹੈ, ਹੋਰ ਵੀ ਬੇਅੰਤ ਕੰਮ ਨੇ ਘਰ ਦੇ। ਘਰ ਲੀਪਣਾ ਸਮਾਰਣਾ ਵੀ, ਤੁਸੀਂ ਕੱਲ੍ਹ ਤੋਂ ਹੀ ਆ ਜਾਓ। ਦੂਸਰੇ ਦਿਨ ਤੋਂ ਹੀ ਗਈਆਂ, ਸੇਵਾ ਕਰਨ ਲੱਗ ਗਈਆਂ ਤੇ ਉਹ ਕਹਿਣ ਲੱਗੀ ਕਿ ਸੋਹਣੇ ਮਠਿਆਨਿਆਂ 'ਚੋਂ ਜਾ ਕੇ ਮਿੱਟੀ ਲਿਆਓ, ਘਰ ਲੀਪਣਾ ਹੈ ਤੇ ਚੰਗਾ ਹੋਵੇ ਇਹ ਕੰਮ ਕਰ ਲਓ ਤੁਸੀਂ। ਜਿੰਨਾਂ ਕੱਚਾ ਹੈ ਉਹਨੂੰ ਲਿਪ ਸਾਫ ਕਰ ਲਓ। ਉਹ ਕਹੀ ਲੈ ਕੇ ਜਦੋਂ ਮਿੱਟੀ ਲੈਣ ਜਾਂਦੀਆਂ ਨੇ। ਦੋ ਚਾਰ ਕਹੀਆਂ ਮਾਰੀਆਂ, ਕੁਛ ਖੜਕਾ ਸੁਣਿਆ, ਲੜਕੀ ਕਹਿਣ ਲੱਗੀ, ਬੇਬੇ! ਕੁਛ ਖੜਕਦਾ ਹੈ ਥੱਲੇ। ਉਹ ਕਹਿੰਦੀ, ਹੌਲੀ-ਹੌਲੀ ਕੱਢ। ਜਦੋਂ ਹੌਲੀ-ਹੌਲੀ, ਪੋਲਾ-ਪੋਲਾ ਕੱਢਿਆ ਤਾਂ ਵਿਚ ਗਾਗਰ ਪਈ ਹੈ, ਢੱਕਣ ਚੁੱਕਿਆ ਤਾਂ ਮੋਹਰਾਂ ਦੀ ਭਰੀ ਹੋਈ ਹੈ। ਕਹਿੰਦੇ, ਦੇਖੋ ਗੁਰੂ ਸਾਹਿਬ ਦੀ ਬਰਕਤ, ਬਾਪੂ ਉਥੇ ਸੇਵਾ ਕਰ ਰਿਹਾ ਹੈ ਤੇ ਆਪਾਂ ਨੂੰ ਗੁਰੂ ਮਹਾਰਾਜ ਨੇ ਕਿੰਨੀ ਦੌਲਤ ਬਖਸ਼ ਦਿਤੀ। ਸੇਵਾ ਕਰਕੇ ਨਿਹਫਲ ਨਹੀਂ ਜਾਂਦੀ। ਚੁੱਕ ਲਿਆਈਆਂ, ਸਿੱਧੀਆਂ ਸੀ ਉਸੇ ਬੀਬੀ ਦੇ ਘਰ ਆ ਗਈਆਂ। ਕਹਿਣ ਲੱਗੀਆਂ, ਆਹ ਦੇਖੋ, ਗੁਰੂ ਮਹਾਰਾਜ ਦੀਆਂ ਬਰਕਤਾਂ, ਜਿਵੇਂ ਸੁਦਾਮੇ ਦੇ ਘਰ ਪਹੁੰਚਾ ਦਿਤਾ ਸੀ ਕ੍ਰਿਸ਼ਨ ਮਹਾਰਾਜ ਨੇ, ਇਸ ਤਰ੍ਹਾਂ ਬੇਅੰਤ ਦੌਲਤ ਸਾਡੇ ਘਰ ਪਹੁੰਚਾ ਦਿਤੀ ਤੇ ਸਾਡੇ ਬੰਦੇ ਦੀ ਸੇਵਾ 'ਤੇ ਗੁਰੂ ਮਹਾਰਾਜ ਪ੍ਰਸੰਨ ਹੋ ਗਏ ਨੇ। ਉਹ ਲੱਗੀ ਕਿ ਬੀਬੀ ਦੇਖੋ, ਤੁਸੀਂ ਹੋਂ ਅਣਜਾਣ ਤੁਹਾਨੂੰ ਪਤਾ ਨਹੀਂ ਹੈ ਕਿ ਪੈਸਾ ਕਿਵੇਂ ਖਰਚੀਦਾ ਹੈ। ਲਿਆਓ ਮੈਂ ਖਰਚ ਦਿੰਦੀ ਹਾਂ। ਜ਼ਮੀਨ ਲੈ ਲਈ ਅੱਠ ਨੌਂ ਖੂਹ ਦੀ। ਚੁਬਾਰੇ ਵਾਲਾ ਵਧੀਆ ਘਰ ਬਣਾਉਣਾ ਸ਼ੁਰੂ ਕਰ ਦਿਤਾ। ਨੌਕਰ ਰੱਖ ਦਿਤੇ, ਪਸ਼ੂ ਸੋਹਣੇ ਲੈ ਕੇ ਬੰਨ੍ਹ ਦਿਤੇ ਖੁਰਲੀਆਂ 'ਚ। ਏਧਰ ਨੌਂ ਮਹੀਨੇ ਲੰਘ ਗਏ ਤੇ ਉਹ ਕਹਿਣ ਲੱਗੇ ਕਿ ਗੁਰਸਿੱਖਾ! ਆਹ ਸਿਰੋਪਾ ਅਸੀਂ ਤੈਨੂੰ ਦਿੰਦੇ ਹਾਂ, ਤੂੰ ਬੜੀ ਸੇਵਾ ਕਰੀ ਹੈ, ਗੁਰੂ ਮਹਾਰਾਜ ਤੇਰੇ 'ਤੇ ਖੁਸ਼ ਹੋਣ ਤੇ ਤੈਨੂੰ ਬਰਕਤਾਂ ਦੇਣ।

ਕਹਿੰਦਾ, ਕਾਹਦੀਆਂ ਬਰਕਤਾਂ, ਟੱਬਰ ਸੀਗਾ, ਮਰ-ਮੁਰ ਗਿਆ ਹੋਣਾ ਹੈ। ਕਹਿੰਦੇ, ਤੈਨੂੰ ਵਿਸ਼ਵਾਸ਼ ਨਹੀਂ ਗੁਰੂਆਂ 'ਤੇ। ਕਹਿੰਦਾ, ਹੈਗਾ ਤਾਂ ਸਹੀ, ਪਰ ਗੁਰੂ ਕਿਹੜਾ ਉਨ੍ਹਾਂ ਨੂੰ ਆ ਕੇ ਉਥੇ ਦੇਖਣਗੇ, ਮੈਂ ਮਿਹਨਤ ਕਰਦਾ ਸੀ ਤਾਂ ਪਲਦੇ ਸੀ ਉਹ। ਕਹਿੰਦੇ, ਸਾਡੇ ਤਾਂ ਨਿਹਚੇ ਤੂੰ ਕਾਇਮ ਕਰ ਦਿਤੇ ਤੇ ਤੇਰਾ ਨਿਹਚਾ ਟੁੱਟਿਆ ਹੀ ਰਿਹਾ। ਜਾਹ, ਘਰ ਗੁਰੂ ਨੇ ਕੀ ਪਤਾ ਕੀ ਬਰਕਤ ਪਾ ਦਿਤੀ ਹੋਣੀ। ਜਾ ਕੇ ਦੇਖ।

ਉਸ ਵੇਲੇ ਜਿਵੇਂ ਸੀ ਕਰਦਾ ਉਵੇਂ ਹੀ ਪਿੰਡ ਨੂੰ ਤੁਰ ਗਿਆ। ਅੱਗੇ ਆ ਕੇ ਕੀ ਦੇਖਦਾ ਹੈ ਕਿ ਉਹਦਾ ਕੱਚਾ ਘਰ ਤਾਂ ਢਹਿਆ ਪਿਆ ਹੈ। ਉਹਦੀ ਥਾਂ 'ਤੇ ਚੋਬਾਰਿਆਂ ਵਾਲਾ ਘਰ ਹੈ ਬਹੁਤ ਸੋਹਣਾ। ਕਹਿਣ ਲੱਗਿਆ, ਉਹ ਤਾਂ ਮਰ ਗਏ, ਮੇਰਾ ਘਰ ਤਾਂ ਕਿਸੇ ਨੇ ਦੱਬ ਲਿਆ। ਫੇਰ ਅੱਗੇ ਆਇਆ, ਕਹਿੰਦਾ ਡੰਗਰ ਹੀ ਬਹੁਤ ਵਧੀਆ ਬੰਨ੍ਹੇ ਹੋਏ ਨੇ ਇੱਥੇ ਤਾਂ। ਉਹ ਤਾਂ ਸੱਚਮੁੱਚ ਮਰ ਗਏ ਵਿਚਾਰੇ ਭੁੱਖੇ। ਘਰ ਦੱਬ ਲਿਆ।

ਐਨੇ ਨੂੰ ਕੀ ਦੇਖਦਾ ਹੈ, ਛੋਟਾ ਮੁੰਡਾ ਖੇਡਦਾ ਫਿਰਦਾ ਹੈ। ਉਹ ਮੁੰਡੇ ਨੇ ਪਛਾਣ ਲਿਆ ਕਿ ਬਾਪੂ ਆ ਗਿਆ। ਉਹਨੇ ਕਿਹਾ ਕਿ ਮੈਂ ਮਾਂ ਨੂੰ ਦੱਸਾਂ ਛੇਤੀ ਨਾਲ। ਉਹ ਪੌੜੀਆਂ ਚੜ੍ਹਨ ਲੱਗ ਗਿਆ, ਇਹ ਵੀ ਗਿਆ ਨੱਠ ਕੇ ਕਿਤੇ ਮੇਰੀਆਂ ਅੱਖਾਂ ਦੇ ਸਾਮ੍ਹਣੇ ਤੋਂ ਗਾਇਬ ਹੀ ਨਾ ਹੋ ਜਾਏ, ਫੇਰ ਮੈਂ ਕਿੱਥੇ ਟੋਲ੍ਹਾਂਗਾ? ਪੁੱਛਾਂ, ਬੱਚਾ ਤਾਂ ਜੀਉਂਦਾ ਹੈ। ਉਤੇ ਚਲਿਆ ਗਿਆ ਤੇ ਏਧਰ ਪੌੜੀਆਂ ਤੋਂ ਚੜ੍ਹ ਕੇ ਇਹ ਵੀ ਉਪਰ ਪਹੁੰਚ ਗਿਆ। ਉਹ ਅੰਦਰ ਹੋ ਗਿਆ ਕਮਰੇ ਦੇ। ਕਹਿੰਦਾ, ਬੇਬੇ! ਬੇਬੇ! ਬਾਪੂ ਆ ਗਿਆ, ਹੁਣ ਆਪਾਂ ਫੇਰ ਭੁੱਖੇ ਮਰਾਂਗੇ।

ਉਹ ਗਿਆ, ਜਾ ਕੇ ਹੈਰਾਨ ਹੋ ਗਿਆ, ਕਹਿੰਦਾ ਕੀ ਗੱਲ? ਉਹ ਕਹਿੰਦੀ, ਤੂੰ ਕਰੀ ਹੈ ਗੁਰੂ ਦੀ ਸੇਵਾ ਤੇ ਗੁਰੂ ਨੇ ਬਖਸ਼ਿਸ਼ ਕਰ ਦਿਤੀ। ਸਾਰੀ ਗੱਲ ਦਸੀ। ਕਹਿੰਦਾ, ਮੈਂ ਕਾਹਦੀ ਸੇਵਾ ਕਰੀ ਹੈ, ਮੈਨੂੰ ਤਾਂ ਬੰਨ੍ਹ ਕੇ ਬਿਠਾ ਦਿਤਾ ਸੀ। ਉਹ ਕਹਿੰਦੀ, ਜਾਹ ਭੋਲਿਆ! ਤੇਰਾ ਨਿਸ਼ਚਾ ਨਹੀਂ ਬਣਿਆ ਗੁਰੂ 'ਤੇ। ਉਹ ਗੁਰੂ ਤਾਂ ਗੋਬਿੰਦ ਵਰਗਾ ਹੈ, ਜਾਹ ਜਾ ਕੇ ਸੇਵਾ ਕਰ, ਗੁਰੂ ਦੇ ਕੌਤਕਾਂ ਨੂੰ ਤੂੰ ਨਹੀਂ ਜਾਣਦਾ। ਵਾਪਸ ਭੇਜ ਦਿਤਾ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਪਿਆਰਿਓ! ਸਾਰੇ ਸਿੱਖ, ਸਿੱਖ ਨਹੀਂ ਹੁੰਦੇ। ਇਕ ਧੰਦੇ ਦੀ ਸਿੱਖੀ ਹੈ, ਇਕ ਦੇਖਾ-ਦੇਖੀ ਦੀ ਹੈ। ਇਕ ਹਿਰਸ ਦੀ। ਜਿਥੋਂ ਸਿੱਖੀ ਦਾ ਸਫਰ ਸ਼ੁਰੂ ਹੁੰਦਾ ਹੈ, ਉਹ ਸਿਦਕ ਤੋਂ ਹੁੰਦਾ ਹੈ। ਉਹ ਸਿਦਕੀ ਗੁਰਸਿੱਖ ਹੁੰਦਾ ਹੈ। ਗੁਰੂ ਨੂੰ ਪ੍ਰਮੇਸ਼ਰ ਜਾਣਦਾ ਹੈ-

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਉਹਨੇ ਤਨ, ਮਨ, ਧਨ ਸਭ ਗੁਰੂ ਨੂੰ ਦਿਤਾ ਹੁੰਦਾ ਹੈ, ਆਪਣੇ ਕੋਲ ਕੁਛ ਨਹੀਂ ਰੱਖਿਆ ਹੁੰਦਾ ਤੇ ਗੁਰੂ ਦੇ ਕੰਮ ਆਉਣ ਵਾਸਤੇ, ਮਨ ਵਿਚ ਹਰ ਵਕਤ ਇਸ ਤਰ੍ਹਾਂ ਲੋਚਦਾ ਰਹਿੰਦਾ ਹੈ।

***ਧਾਰਨਾ - ਮੇਰਾ ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ।***

***ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ।***

*ਤਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ।*
*ਭੂਤ ਭਵਿਖ ਨ ਵਰਤਮਾਨ ਸਰਿ ਮਿਕ ਨਮਿਕੀ।*
*ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।*
*ਦੂਆ ਤੀਆ ਵੀਸਰੈ ਸੁਣ ਕਕਾ ਕਿਕੀ।*
*ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ॥*

***ਭਾਈ ਗੁਰਦਾਸ ਜੀ, ਵਾਰ 2/9***

ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਜਿਹੜਾ ਸਿਦਕ ਵਾਲਾ ਹੁੰਦਾ ਹੈ, ਉਹਨੇ ਸਭ ਕੁਛ ਗੁਰੂ ਨੂੰ ਅਰਪਣ ਕੀਤਾ ਹੁੰਦਾ ਹੈ। ਆਪਣੇ ਕੋਲ ਕੁਛ ਨਹੀਂ ਰੱਖਿਆ ਹੁੰਦਾ। ਦੁਖ ਆ ਗਿਆ ਤਾਂ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*

***ਅੰਗ – 757***

ਉਹਦੀ ਬਿਰਤੀ ਗੁਰੂ ਨਾਲ ਜੁੜੀ ਹੁੰਦੀ ਹੈ, ਗੁਰੂ ਵਲੋਂ ਦੁਖ ਆ ਜਾਏ, ਤਾਂ ਵੀ ਉਹਨੂੰ –

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* ***ਅੰਗ – 5***

ਉਹਨੂੰ ਵੀ ਗੁਰੂ ਦੇ ਭਾਣੇ ਵਿਚ ਸੁਖ ਕਰਕੇ ਮੰਨਦਾ ਹੈ, ਉਹ ਕਿੰਤੂ ਨਹੀਂ ਕਰਦਾ ਕਦੇ ਵੀ ਗੁਰੂ ਦੇ ਉਤੇ। ਹਮੇਸ਼ਾ ਗੁਰੂ ਦੇ ਨਾਲ ਪਿਆਰ ਵਿਚ ਰਹਿੰਦਾ ਹੈ। ਆਪਣਾ ਆਪਾ ਕੁਰਬਾਨ ਕਰਦਾ ਹੈ, ਕੁਛ ਨਹੀਂ ਬਚਾ ਕੇ ਰਖਦਾ ਗੁਰੂ ਤੋਂ। ਨਿਹਚੇ ਦਾ ਐਨਾ ਪੱਕਾ ਹੁੰਦਾ ਹੈ ਕਿ ਗੁਰੂ ਤੋਂ ਬੇਮੁਖ ਨਹੀਂ ਹੁੰਦਾ। ਸਾਡੇ ਨਿਹਚੇ ਕਿਹੋ ਜਿਹੇ ਨੇ। ਅੰਮ੍ਰਿਤ ਛਕ ਲਿਆ, ਮਾੜੀ ਜਿਹੀ ਸ਼ਰਾਬ ਦੀ ਬੋਤਲ ਦੇਖ ਲਈ ਉਥੇ ਹੀ ਡੁਲ੍ਹ ਜਾਂਦੇ ਹਾਂ। ਉਥੇ ਹੀ ਭੁੱਲ ਜਾਂਦੇ ਹਾਂ, ਗੁਰੂ ਦੀ ਹਾਜ਼ਰੀ ਟੁੱਟ ਜਾਂਦੀ ਹੈ। ਗੁਰੂ ਤਾਂ ਹਾਜ਼ਰ ਨਾਜ਼ਰ ਹੈ ਸਾਧਸੰਗਤ ਜੀ। ਗੁਰੂ ਹਰ ਵਕਤ ਨਾਲ ਰਹਿੰਦਾ ਹੈ। ਸਾਨੂੰ ਨਹੀਂ ਦਿਸਦਾ। ਜਿਵੇਂ ਸੰਤ ਦਸਦੇ ਸੀ ਕਿ ਸੂਰਜ ਵੀ ਕਦੇ ਛਿਪਦਾ ਹੈ? ਸੂਰਜ ਦੀ ਗੱਲ ਤਾਂ ਕਰ ਲਓ ਚਲੋ ਧਰਤੀ ਦੂਜੇ ਪਾਸੇ ਆ ਗਈ ਤਾਂ ਪਰਲੇ ਪਾਸੇ ਨਿੱਘ ਦੇਣ ਲੱਗ ਗਿਆ।

ਗੁਰੂ ਤਾਂ ਬਿਲਕੁਲ ਹੀ ਹਾਜ਼ਰ ਨਾਜ਼ਰ ਹੈ, ਜਿਵੇਂ ਦੁਪਿਹਰ ਦਾ ਸੂਰਜ ਚੜ੍ਹਿਆ ਹੁੰਦਾ ਹੈ ਇਸ ਤਰ੍ਹਾਂ ਹੀ 24 ਘੰਟੇ ਚੜ੍ਹਿਆ ਹੀ ਰਹਿੰਦਾ ਹੈ, ਪਰ੍ਹੇ ਨਹੀਂ ਹੁੰਦਾ ਕਦੇ ਵੀ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥* ***ਅੰਗ – 394***

ਗੱਲ ਸੁਣਦਾ ਹੈ, ਛੋਟੀ ਤੋਂ ਛੋਟੀ ਗੱਲ ਸੁਣਦਾ ਹੈ। ਐਨਾ ਅੰਤਰਜਾਮੀ ਹੈ ਉਹ ਨਾਲ ਰਹਿੰਦਾ ਵਿਛੜਿਆ ਨਹੀਂ ਕਰਦਾ। ਅੰਦਰ ਰਹਿੰਦਾ ਹੈ ਹਰੇਕ ਦੇ। ਉਹਨੂੰ ਗੈਰ-ਹਾਜ਼ਰ ਜਾਣ ਕੇ ਸ਼ਰਾਬਾਂ ਪੀ ਲੈਣੀਆਂ, ਸਿੱਖੀ ਤੋਂ

ਪਤਿਤ ਹੋ ਜਾਣਾ, ਬੇਮੁਖ ਹੋ ਜਾਣਾ। ਬੇਮੁਖ ਹੋਣ ਦਾ ਦੋਸ਼ ਕਿੰਨਾ ਹੈ, ਕਹਿੰਦੇ ਇਹਦਾ ਦੋਸ਼ ਲਹਿੰਦਾ ਹੀ ਨਹੀਂ ਹੈ, ਮਹਾਂ-ਮਹਾਂ ਹਤਿਆਰਾ ਹੁੰਦਾ ਹੈ। ਸਾਰੇ ਹਤਿਆਰਿਆਂ ਦੇ ਪਾਪ ਇਕੱਠੇ ਕਰ ਲਓ, ਹਤਿਆਰਾ ਕੀ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਕਾਹਬੇ ਵਿਚ ਪੁੱਛੀਆਂ ਸੀ ਇਹ ਇਹ ਗੱਲਾਂ। ਮਹਾਰਾਜ ਕਹਿੰਦੇ, ਜਿਹਨੂੰ ਤੁਸੀਂ ਹੱਤਿਆ ਕਹਿੰਦੇ ਓਂ, 96 ਕਰੋੜ ਪਾਪ ਕੋਈ ਬੰਦਾ ਕਰੇ, ਉਹਦੇ ਬਰਾਬਰ ਹੁੰਦੀ ਹੈ ਹੱਤਿਆ। ਹੱਤਿਆ ਹੁੰਦੀ ਹੈ, ਗਊ ਨੂੰ ਮਾਰ ਦੇਣਾ, ਭਲਾਮਾਣਸ ਕੋਈ ਮਨੁੱਖ ਹੈ, ਸਾਰਾ ਪਿੰਡ ਉਸਦੀ ਸ਼ਲਾਘਾ ਕਰਦਾ ਹੈ, ਇਹੋ ਜਿਹੇ ਨੂੰ ਮਾਰ ਦੇਣਾ, ਗਊ ਮਾਰਨਾ ਉਹਨੂੰ ਕਹਿੰਦੇ ਨੇ। ਦੂਸਰਾ ਹੋਇਆ ਕਰਦਾ ਹੈ, ਆਪਣੀ ਲੜਕੀ ਨੂੰ ਮਾਰ ਦੇਣਾ। ਹੁਣ ਤਾਂ ਲੜਕੀਆਂ ਨੂੰ ਛੱਡਦੇ ਹੀ ਨਹੀਂ। ਅੰਦਰ ਹੀ ਮਾਰ ਦਿੰਦੇ ਨੇ ਪੇਟ ਵਿਚ। ਬੜਾ ਗਲਤ ਕੰਮ ਹੋ ਰਿਹਾ ਹੈ ਸਾਧਸੰਗਤ ਜੀ। ਵਾਹਿਗੁਰੂ ਦੀ ਰਜ਼ਾ ਦੇ ਵਿਚ ਦਖਲ ਦੇਣਾ ਸ਼ੁਰੂ ਕਰ ਲਿਆ। ਉਹ ਹੱਤਿਆ ਬਹੁਤ ਵੱਡੀ ਹੈ। ਤੀਸਰੀ ਹੋਇਆ ਕਰਦੀ ਹੈ, ਆਪਣੀ ਕੁਲ ਦਾ ਨਾਸ਼ ਕਰ ਲੈਣਾ। ਆਪਣੀ ਕੁਲ ਨੂੰ ਮਾਰ ਦੇਣਾ। ਚੌਥੀ ਹੋਇਆ ਕਰਦੀ ਹੈ ਕਿ ਕਿਸੇ ਤੋਂ ਵਕਤ ਪਏ 'ਤੇ ਪੈਸਾ ਲੈ ਲਿਆ ਤੇ ਜਦੋਂ ਆਪਣਾ ਕੰਮ ਵੀ ਚੱਲ ਗਿਆ, ਉਹਦਾ ਪੈਸਾ ਮਾਰ ਲੈਣਾ, ਉਹਨੂੰ ਰਿਣ ਹੱਤਿਆ ਕਹਿੰਦੇ ਨੇ। ਪੰਜਵੀ ਹੋਇਆ ਕਰਦੀ ਹੈ - ਵਿਸ਼ਵਾਸ਼ਘਾਤ। ਵਿਸ਼ਵਾਸ਼ ਦੇ ਕੇ ਉਹਦੇ ਨਾਲ ਘਾਤ ਕਰ ਲੈਣਾ। ਇਸ ਤਰ੍ਹਾਂ ਦੀਆਂ ਛੇ ਹੱਤਿਆ ਨੇ ਵੱਡੀਆਂ-ਵੱਡੀਆਂ, ਛੇ ਹੱਤਿਆ ਨੂੰ ਇਕੱਠੀਆਂ ਕਰ ਲਓ, ਇਹਨੂੰ 96 ਕਰੋੜ ਨਾਲ ਜ਼ਰਬ ਦੇ ਦਿਓ ਤੇ ਇਹ 5 ਅਰਬ, 76 ਕਰੋੜ ਪਾਪ ਹੋ ਜਾਏਗਾ ਕਹਿੰਦੇ, ਇਹਦੇ ਬਰਾਬਰ ਇੱਕ ਹੱਤਿਆ ਹੁੰਦੀ ਹੈ। ਫੇਰ ਇਹ ਸਾਰੀਆਂ ਹੱਤਿਆ ਇਕੱਠੀਆਂ ਕਰ ਲਓ, 5 ਅਰਬ ਹੱਤਿਆ ਨੂੰ ਕਰ ਲਓ, ਇਹਨੂੰ 1000 ਨਾਲ ਗੁਣਾ ਹੋਰ ਦੇ ਦਿਓ, ਉਹ ਆਪਣੇ ਪਿਤਾ ਦਾ ਨਿਰਾਦਰ ਕਰਨ ਤੇ ਉਹਨੂੰ ਮਾਰ ਦੇਣਾ, ਉਹਦੇ ਬਰਾਬਰ ਹੋਇਆ ਕਰਦੀਆਂ। ਪਿਤਾ ਨੂੰ ਮਾਰਨ ਦੀ ਹਜ਼ਾਰ ਹੱਤਿਆ ਇਕੱਠੀ ਕਰ ਲਓ ਤੇ ਮਾਂ ਨੂੰ ਮਾਰ ਦੇਣ ਦੇ ਬਰਾਬਰ ਹੋਇਆ ਕਰਦੀ ਹੈ। ਇਹ ਸਾਰੇ ਹੀ ਹਤਿਆਰੇ ਇਕੱਠੇ ਕਰ ਲਓ ਤੇ ਜਿਹੜਾ ਗੁਰੂ ਦਾ ਬਣ ਕੇ ਬੇਮੁਖ ਹੋ ਗਿਆ, ਇਹ ਇਕ ਲੂੰਈ ਦੇ ਬਰਾਬਰ ਨਹੀਂ ਹੁੰਦਾ, ਉਹਦਾ ਪਾਪ ਗਿਣਿਆ ਹੀ ਨਹੀਂ ਜਾ ਸਕਦਾ। ਨਾ ਬੇਮੁਖ ਦਾ ਕਦੇ ਉਧਾਰ ਹੋਵੇ, ਨਰਕਾਂ ਵਿਚ ਸੜਦਾ ਹੀ ਰਹੇਗਾ। ਸੋ ਇਸ ਤਰ੍ਹਾਂ ਸਿੱਖੀ ਭੇਦ ਹੋਇਆ ਕਰਦਾ ਹੈ।

ਉਸ ਤੋਂ ਅਗਲੀ ਸਿੱਖੀ ਹੋਇਆ ਕਰਦੀ ਹੈ ਜਿਸਨੂੰ ਭਾਵਨੀ ਦੀ ਸਿੱਖੀ ਕਹਿੰਦੇ ਨੇ। ਇਹ ਦੋ ਸਿੱਖੀਆਂ ਤਾਂ ਪ੍ਰਵਾਨ ਨੇ, ਬਾਕੀ ਨਹੀਂ ਪ੍ਰਵਾਨ। ਜਿਨ੍ਹਾਂ ਨੇ ਗੁਰੂ ਨੂੰ ਆਪਣਾ ਆਪ ਦੇ ਦਿਤਾ, ਵੱਡੀਆਂ ਤੋਂ ਵੱਡੀਆਂ ਉਹ ਕੁਰਬਾਨੀਆਂ ਕਰ ਦਿੰਦੇ ਨੇ ਗੁਰੂ ਵਾਸਤੇ। ਆਪਣੇ ਧਰਮ ਦੀ ਪਾਲਣਾ ਵਾਸਤੇ।

ਗੁਰੂ ਦਸ਼ਮੇਸ਼ ਪਿਤਾ ਦੇ ਜੀਵਨ ਦੇ ਅੰਦਰ ਕਿੰਨੀਆਂ ਚੀਜ਼ਾਂ ਆਉਂਦੀਆਂ ਨੇ ਜਿਨ੍ਹਾਂ ਨੂੰ ਜੇ ਅਸੀਂ ਵਿਚਾਰੀਏ, ਤਾਂ ਸਾਨੂੰ ਬੜਾ ਹੀ ਪ੍ਰਕਾਸ਼ ਰਸਤਾ ਮਿਲਦਾ ਹੈ। ਅਕਾਰਨ ਗੁਰੂ ਮਹਾਰਾਜ ਦੇ ਗਲ ਜੰਗ ਪਏ। ਗੁਰੂ ਮਹਾਰਾਜ ਦਾ ਕੋਈ ਇਰਾਦਾ ਨਹੀਂ ਸੀ ਕਿਸੇ ਨਾਲ ਜੰਗ ਕਰਨ ਦਾ। ਉਨ੍ਹਾਂ ਦਾ ਸੀ –

*ਕਬੁਧਿ ਕਰਨ ਤੇ ਲੋਕ ਹਟਾਇ॥*

*(ਅਕਾਲ ਪੁਰਖ ਬਾਚ॥ਚੌਪਈ)*

ਜਿਹੜੀਆਂ ਕੁ-ਬੁੱਧੀਆਂ ਪੈ ਗਈਆਂ ਸੀ ਲੋਕਾਂ ਦੇ ਅੰਦਰ, ਉਹਨੂੰ ਪਿਆਰ ਪ੍ਰੇਮ ਦੇ ਨਾਲ ਉਪਦੇਸ਼ ਦੇ ਕੇ, ਉਹਨੂੰ ਹਟਾਓ। ਲੇਕਿਨ ਉਸ ਵੇਲੇ ਕਾਨੂੰਨ ਐਸਾ ਸੀ ਜ਼ਬਰਦਸਤ ਕਿ ਗੈਰ ਮੁਸਲਿਮ ਨੂੰ ਜਿਊਣ ਦਾ ਹੱਕ ਨਹੀਂ ਸੀ। ਉਹਦੀ ਅਣਖ ਨਹੀਂ ਸੀ। ਇਤਿਹਾਸ ਪੜ੍ਹੋ ਹੈਰਾਨ ਰਹਿ ਜਾਓਗੇ ਕਿ ਇਹੋ ਜਿਹੇ ਜ਼ਾਲਮ ਬਾਦਸ਼ਾਹ। ਬਾਬਰ ਨੇ ਜਦੋਂ ਮਥੁਰਾ ਫਤਹਿ ਕਰਿਆ, ਉਹਨੇ ਤਉਜ਼ਕੇ ਬਾਬਰੀ 'ਚ ਆਪਣੇ ਹੱਥ ਨਾਲ ਲਿਖਿਆ ਹੈ ਕਿ ਮੈਂ ਅੱਜ ਫੈਸਲਾ ਕਰ ਲਿਆ ਹੈ ਕਿ ਮੈਂ ਅੱਜ ਗੁਲਾਮ ਨਹੀਂ ਬਣਾਉਣੇ, ਕੁੜੀਆਂ ਮੁੰਡੇ ਛਾਂਟ ਕੇ ਆਪਣੇ ਦੇਸ਼ ਨਹੀਂ ਲਿਜਾਣੇ। ਅੱਜ ਮੈਂ ਇਕ ਪੁੰਨ ਦਾ ਕੰਮ ਕਰਨਾ ਹੈ, ਕਹਿੰਦਾ ਇੱਕ ਲੱਖ ਬੰਦਾ ਕੈਦ ਹੋਇਆ ਉਥੇ ਤੇ ਮੈਂ ਹੁਕਮ ਦੇ ਦਿਤਾ ਕਿ ਅੱਜ ਇਨ੍ਹਾਂ ਸਾਰਿਆਂ ਨੂੰ ਕਤਲ ਕਰ ਦਿਓ। ਮੈਂ ਆਪਣਾ ਟੈਂਟ ਲਾ ਲਿਆ ਤੇ ਮੈਂ ਇਹ ਪੁੰਨ ਦਾ ਕਰਮ ਦੇਖਦਾ ਰਿਹਾ। ਕਹਿੰਦਾ, ਕਤਲ ਹੋ ਰਿਹਾ ਹੈ, ਮੇਰੇ ਤੰਬੂ ਤੱਕ ਖ਼ੂਨ ਆ ਗਿਆ ਤੇ ਮੈਂ ਤੰਬੂ ਉੱਚੇ ਥਾਂ ਫੇਰ ਲਾ ਲਿਆ। ਫੇਰ ਐਨਾ ਖ਼ੂਨ ਗਿਰਿਆ ਕਿ ਮੇਰੇ ਤੰਬੂ ਕੋਲ ਫੇਰ ਆ ਗਿਆ। ਤੀਸਰੀ ਵਾਰੀ ਫੇਰ ਮੇਰੇ ਤੰਬੂ ਕੋਲ ਆ ਗਿਆ ਤੇ ਕਹਿੰਦਾ ਮੈਂ ਅੱਜ ਇਹੋ ਜਿਹਾ ਨੇਕ ਕੰਮ ਕਰਿਆ ਹੈ ਕਿ ਖ਼ੁਦਾਵੰਦ ਤਾਲਾ! ਮੇਰੇ 'ਤੇ ਖ਼ੁਸ਼ ਹੋਏਗਾ ਕਿ ਤੂੰ ਐਨੇ ਕਾਫਰ ਮਾਰ ਦਿਤੇ। ਜਦੋਂ ਇਹੋ ਜਿਹੀ ਹਾਲਤ ਹੋਵੇ, ਹਲਕੇ ਹੋਏ ਕੁੱਤੇ ਫਿਰਨ ਫੇਰ ਤਾਂ ਰਾਖੀ ਕਰਨ ਵਾਸਤੇ ਆਦਮੀ ਨੂੰ ਸ਼ਸਤਰ ਫੜਨਾ ਪੈਂਦਾ ਹੈ। ਗੁਰੂ ਦਸ਼ਮੇਸ਼ ਪਿਤਾ ਔਰੰਗਜ਼ੇਬ ਨੂੰ ਚਿੱਠੀ ਲਿਖਦੇ ਨੇ, ਜਫਰਨਾਮੇ ਵਿਚ –

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼-ਅਸ਼ਤ,*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।*

*(ਜ਼ਫਰਨਾਮਾ 22 ਨੰ:)*

ਜਦੋਂ ਜਿਊਣ ਦਾ ਕੋਈ ਵੀ ਸਾਧਨ ਨਾ ਹੋਵੇ, ਬੇਪੱਤ ਹੋ ਕੇ ਆਦਮੀ ਮਰ ਰਿਹਾ ਹੈ। ਉਸ ਵੇਲੇ ਸ਼ਸਤਰ ਚੁੱਕ ਲੈਣਾ ਆਪਣਾ ਧਰਮ ਹੋਇਆ ਕਰਦਾ ਹੈ। ਗੁਰੂ ਮਹਾਰਾਜ ਕਹਿੰਦੇ ਕਿ ਸਾਡਾ ਕਿਸੇ ਨਾਲ ਵਿਰੋਧ ਨਹੀਂ ਸੀ, ਸਾਨੂੰ ਸਾਰੇ ਇੱਕੋ ਸੀ। ਅਸੀਂ ਰਾਜੇ ਨੂੰ ਉਪਦੇਸ਼ ਦਿੰਦੇ ਸੀ ਕਿ-

*ਰਾਜੇ ਚੁਲੀ ਨਿਆਵ ਕੀ.............॥ ਅੰਗ – 1240*

ਕੋਈ ਰਾਜਾ ਰਾਜ ਕਰੋ, ਲੇਕਿਨ ਨਿਆਂ ਕਰੋ। ਨਿਆਂ ਦਾ ਰਾਜ ਕਰਦੇ ਨਹੀਂ ਸੀ, ਅਸੀਂ ਕਹਿੰਦੇ ਸੀ ਤੇ ਸਾਡੇ ਤੋਂ ਐਵੇਂ ਹੀ ਖਾਹਮਖਾਹ

ਖਤਰਾ ਹੋ ਗਿਆ। ਕਹਿੰਦੇ, -

*ਫਤੇ ਸਾਹ ਕੋਪਾ ਤਬਿ ਰਾਜਾ।*
*ਲੋਹ ਪਰਾ ਹਮ ਸੋ ਬਿਨੁ ਕਾਜਾ।* *ਬਚਿਤ੍ਰ ਨਾਟਕ*

ਬਗੈਰ ਕਿਸੇ ਕਾਰਨ ਤੋਂ ਸਾਡੇ ਨਾਲ ਯੁੱਧ ਕਰ ਲਿਆ ਉਹਨੇ। ਯੁੱਧ ਆਪਣੀ ਤੰਗਦਿਲੀ ਦੇ ਨਾਲ ਹੁੰਦੇ ਨੇ। ਗੁਰੂ ਮਹਾਰਾਜ ਨੇ ਬੜੀ ਵਾਰੀ ਸਮਝਾਇਆ, ਰਵਾਲਸਰ ਜਾ ਕੇ ਵੀ ਸਮਝਾਇਆ ਲੇਕਿਨ ਮੰਨਿਆ ਨਾ ਕੋਈ। ਅਖੀਰ ਵੱਡਾ ਭਿਆਨਕ ਯੁੱਧ ਅਨੰਦਪੁਰ ਸਾਹਿਬ ਦਾ ਹੋਇਆ। ਥੋੜ੍ਹੇ ਸਿੰਘ ਨੇ ਲੇਕਿਨ ਕਿੱਡੀ ਵੱਡੀ ਫੌਜ ਹੈ। ਲਿਖਦੇ ਨੇ ਇਤਿਹਾਸਕਾਰ ਕਿ 10 ਲੱਖ ਫੌਜ deploy ਕਰੀ ਹੋਈ ਸੀ ਉਹਦੇ ਵਿਚ। ਚਾਹੇ ਨਾਕਿਆਂ 'ਤੇ ਬੈਠੀ ਸੀ, ਚਾਹੇ ਥਾਂ-ਥਾਂ ਸਿੰਘਾਂ ਨੂੰ ਰੋਕ ਰਹੀ ਸੀ, ਜਿਸ ਤਰ੍ਹਾਂ ਹੁਣ ਹੋਇਆ ਸੀ ਕਿ ਚੱਲ ਕੇ ਕੋਈ ਗੁਰੂ ਸਾਹਿਬ ਕੋਲ ਕੋਈ ਪਹੁੰਚ ਨਾ ਜਾਵੇ ਤੇ ਐਸਾ ਭਿਆਨਕ ਯੁੱਧ ਕਿ ਨਾ ਦਰਖਤਾਂ ਦੇ ਉਤੇ ਪੱਤੇ ਰਹੇ, ਨਾ ਦਰਖਤਾਂ ਦੇ ਉਤੇ ਛਿੱਲਾਂ ਰਹੀਆਂ। ਭੁੱਖ ਦਾ ਦੁੱਖ ਅੱਡ। ਉਸ ਤੋਂ ਬਾਅਦ ਗੁਰੂ ਮਹਾਰਾਜ ਨੇ ਕਿਲਾ ਛੱਡਣ ਦਾ ਇਰਾਦਾ ਕੀਤਾ। ਚਿੱਠੀਆਂ ਆ ਗਈਆਂ, ਕੁਛ ਸਿੰਘਾਂ ਦੇ ਮਨ ਡੋਲ ਗਏ। ਲੇਕਿਨ ਇਸ ਤਰ੍ਹਾਂ ਨਹੀਂ ਡੋਲੇ ਕਿ ਗੁਰੂ ਸਾਹਿਬ ਨੂੰ ਪਿੱਠ ਦਿੰਦੇ। ਉਹ ਰਾਏ ਦਾ ਫਰਕ ਪੈ ਗਿਆ। ਉਨ੍ਹਾਂ ਨੇ ਗੁਰੂ ਮਹਾਰਾਜ ਦੇ ਉਤੇ ਭਰੋਸਾ ਜਿਹੜਾ ਸੀ ਉਹ ਛੋਟਾ ਕਰ ਦਿਤਾ। ਗੁਰੂ 'ਤੇ ਤਾਂ ਭਰੋਸਾ ਹੁੰਦਾ ਹੈ-

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - 442*

ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਭਾਈ ਬਾਲੇ ਨੂੰ ਪੁਛਿਆ ਕਿ ਭਾਈ ਬਾਲਾ! ਗੁਰੂ ਨਾਨਕ ਦੇ ਉਤੇ ਤੁਹਾਡਾ ਕਿੰਨਾ ਕੁ ਭਰੋਸਾ ਸੀ। ਕੀ ਸਮਝਦੇ ਸੀ ਤੁਸੀਂ ਗੁਰੂ ਨਾਨਕ ਨੂੰ। ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਸੰਤ ਸੀਗੇ, ਨਿਹਚਾ ਤਾਂ ਆਇਆ, ਸੰਤ ਦਾ ਆਇਆ। ਕਹਿੰਦੇ, ਤੂੰ ਸੰਤ ਹੋਇਆ ਭਾਈ।

ਬਾਬਾ ਬੁੱਢਾ ਜੀ, ਤੁਹਾਨੂੰ ਕਿੰਨਾ ਕੁ ਭਰੋਸਾ ਸੀ?

ਕਹਿੰਦੇ, ਮਹਾਰਾਜ! ਉਹ ਤਾਂ ਪੂਰਨ ਬ੍ਰਹਮ ਗਿਆਨੀ ਸੀਗੇ।

ਕਹਿੰਦੇ, ਤੁਸੀਂ ਬ੍ਰਹਮ ਗਿਆਨੀ ਹੋਏ।

ਭਾਈ ਮਨਸੁਖ, ਭਾਈ ਭਗੀਰਥ ਨੂੰ ਪੁੱਛਿਆ। ਕਿਸੇ ਨੇ ਕੋਈ ਜਵਾਬ, ਕਿਸੇ ਨੇ ਕੋਈ ਜਵਾਬ। ਅਖੀਰ ਗੁਰੂ ਮਹਾਰਾਜ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਤੁਸੀਂ ਵੀ ਤਾਂ ਦੱਸੋ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਉਤੇ ਕਿੰਨਾ ਕੁ ਭਰੋਸਾ ਕਰਿਆ? ਐਨੀ ਗੱਲ ਸੁਣਦੇ ਸਾਰ ਆਪ ਦੇ ਦੋਹਾਂ ਨੇਤਰਾਂ ਦੇ ਕੋਇਆਂ 'ਚੋਂ ਇੱਕ-ਇੱਕ ਕਤਰਾ ਪਾਣੀ ਦਾ ਹੇਠਾਂ ਨੂੰ ਤਿਲਕ ਪਿਆ। ਗੰਭੀਰ ਹੋ ਗਏ। ਸਮਾਂ ਲੰਘ ਗਿਆ, ਫੇਰ ਆਪ ਡੂੰਘਾ ਸਾਹ ਲੈ ਕੇ ਬੋਲਦੇ

ਨੇ, ਕਹਿੰਦੇ ਪਿਆਰਿਓ! ਗੁਰੂ ਨਾਨਕ ਪਾਤਸ਼ਾਹ! ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਆਪ ਗੁਰੂ ਨਾਨਕ ਬਣ ਕੇ ਸੰਸਾਰ ਦਾ ਉਧਾਰ ਕਰਨ ਆਇਆ ਸੀ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ। ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਸੀਂ ਤਾਂਹੀ ਪ੍ਰਮੇਸ਼ਰ ਦਾ ਰੂਪ ਬਣ ਗਏ। ਗੁਰੂ 'ਤੇ ਚਾਰ ਕਿਸਮ ਦੇ ਭਰੋਸੇ ਹੁੰਦੇ ਨੇ। ਪਹਿਲਾ ਹੁੰਦਾ ਹੈ ਕਿ ਮੇਰਾ ਗੁਰੂ ਬਹੁਤ ਸੋਹਣਾ ਸੰਤ ਹੈ। ਦੂਜਾ ਹੁੰਦਾ ਹੈ ਕਿ ਸਾਰੇ ਸੰਤਾਂ ਤੋਂ ਵੱਡਾ ਸੰਤ ਹੈ। ਤੀਜਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ। ਚੌਥਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਹੈ। ਜਿਹੜਾ ਆਖਰੀ ਭਰੋਸਾ ਹੈ ਉਹ ਤਾਂ ਚਲਦਾ ਹੈ, ਬਾਕੀ ਜਿਹੜੇ ਨੇ ਉਹ ਡੋਲ ਜਾਇਆ ਕਰਦੇ ਨੇ।

ਸੋ ਇਸ ਤਰ੍ਹਾਂ ਉਹਦੇ ਵਿਚ ਰਾਏ ਦਾ ਫਰਕ ਪੈ ਗਿਆ, ਉਹ ਕਹਿੰਦੇ ਸੀ ਕਿ ਜੇ ਕਿਲ੍ਹਾ ਛੱਡ ਜਾਈਏ ਤਾਂ ਬੱਚ ਜਾਵਾਂਗੇ। ਸੱਚੇ ਪਾਤਸ਼ਾਹ! ਕਿਲ੍ਹਾ ਛੱਡ ਦਿਓ। ਜਦੋਂ ਜ਼ਿਆਦਾ ਹੀ ਹੋਇਆ, ਦੇਖਿਆ ਕਿ ਸ਼ਰਧਾ ਤੋਂ ਬਗੈਰ ਗੱਲ ਕਰ ਰਹੇ ਨੇ। ਕਹਿੰਦੇ, ਫੇਰ ਤਾਂ ਤੁਹਾਡਾ ਗੁਰੂ ਮੈਂ ਨਾ ਹੋਇਆ। ਗੁਰੂ ਦੇ ਵਾਸਤੇ ਤਾਂ ਗੁਰੂ ਦੇ ਹੁਕਮ ਦੇ ਉਤੇ ਸਭ ਕੁਛ ਕੁਰਬਾਨ ਕਰ ਦੇਈਦਾ ਹੈ। ਤੁਸੀਂ ਇਹ ਗੱਲ ਕਿੱਥੋਂ ਸਿੱਖ ਲਈ। ਅਖੀਰ ਗੱਲ ਇਥੇ ਤੱਕ ਪਹੁੰਚ ਗਈ, ਇਕ ਕਾਗਜ਼ 'ਤੇ ਲਿਖਾ ਲਿਆ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਬੇਦਿਲ ਨਹੀਂ ਹੋਏ ਗੁਰੂ ਮਹਾਰਾਜ ਉਸ ਵੇਲੇ ਕਿ ਡੋਲ ਜਾਣ। ਚੜ੍ਹਦੀ ਕਲਾ ਉਸੇ ਤਰ੍ਹਾਂ ਦੇ ਨਾਲ। ਕਿਉਂਕਿ ਆਪ ਹੀ ਸੀ। ਸੋ ਉਸ ਕਿਲੇ ਦੇ ਅੰਦਰ ਦੇ ਉਨ੍ਹਾਂ ਨੇ ਕੁਰਾਨ ਸ਼ਰੀਫ ਤੇ ਗਊ ਦੋ ਜਾਮਨ ਦਿਤੇ। ਉਥੇ ਵਿਚਾਰ ਚੱਲੀ, ਗੁਰੂ ਮਹਾਰਾਜ ਕਹਿਣ ਲੱਗੇ, ਦੇਖੋ, ਕੁਰਾਨ ਸ਼ਰੀਫ ਆ ਗਿਆ। ਇਹ ਹੈ ਧਾਰਮਿਕ ਪੁਸਤਕ, ਇਹਦੀ ਆਨ ਜੇ ਅਸੀਂ ਨਾ ਰੱਖੀਏ ਤਾਂ ਕਿਸੇ ਨੇ ਨਹੀਂ ਰੱਖਣੀ। ਔਰੰਗਜ਼ੇਬ ਤਾਂ ਨਾਸਤਕ ਹੈ। ਉਹ ਤਾਂ ਇਹਦੀ ਮਹਿਮਾ ਨੂੰ ਸਮਝਦਾ ਨਹੀਂ ਹੈ ਤੇ ਸਾਨੂੰ ਧਰਮ ਗ੍ਰੰਥ ਦੀ ਆਣ ਰੱਖਣੀ ਪੈਣੀ ਹੈ। ਗੁਰਸਿੱਖੀ ਦਾ ਫਲਸਫਾ ਸਮਝਣ ਦਾ ਯਤਨ ਕਰੋ। ਬੇਗਾਨਾ ਗ੍ਰੰਥ ਹੈ ਧਾਰਮਿਕ ਗ੍ਰੰਥ, ਲੇਕਿਨ ਆਣ ਉਹਦੀ ਗੁਰੂ ਸਾਹਿਬ ਰੱਖ ਰਹੇ ਨੇ, ਪਤਾ ਵੀ ਹੈ ਕਿ ਇਨ੍ਹਾਂ ਨੇ ਹੱਲਾ ਕਰ ਦੇਣਾ ਹੈ। ਅਖੀਰ ਧੋਖੇ ਨਾਲ ਜਦ ਕਿਲ੍ਹਾ ਛੱਡਿਆ ਤਾਂ ਹਮਲਾ ਹੋ ਗਿਆ। ਬੜਾ ਭਾਰਾ ਯੁੱਧ ਹੋਇਆ। ਭਾਈ ਉਦੈ ਸਿੰਘ ਉਸ ਸਮੇਂ ਸ਼ਹਾਦਤ ਪਾ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਵਾਪਸ ਬੁਲਾਇਆ ਤੇ ਇਥੇ ਆ ਕੇ ਚੜ੍ਹਿਆ ਹੋਇਆ ਸਰਸਾ ਬਹੁਤ ਜ਼ਿਆਦਾ ਜ਼ੋਰ ਕਰਦਾ ਹੈ। ਕੁਛ ਸਿੰਘ ਲੰਘ ਗਏ, ਕੁਛ ਵਿਚ ਰਹਿ ਗਏ। ਵੱਡਾ ਭਾਰੀ ਜੋ ਨੁਕਸਾਨ ਹੋਇਆ, ਉਹ ਲਿਟਰੇਚਰ ਦਾ ਹੋਇਆ। ਵਿਦਿਆਧਰ ਗ੍ਰੰਥ ਨੌਂ ਮਣ ਦਾ ਸੀ। ਉਹ ਇਸ ਸਰਸੇ ਦੇ ਵਿਚ ਰੁੜ੍ਹ ਗਿਆ। ਬਾਕੀ ਉਨ੍ਹਾਂ ਦੇ ਹੱਥ ਆ ਗਏ, ਉਹ ਨੇ ਜਾਲ ਦਿਤੇ। 102 ਲਿਖਾਰੀਆਂ ਦਾ ਲਿਖਿਆ ਹੋਇਆ ਸਾਹਿਤ ਸਰਸੇ ਦੇ ਉਤੇ ਖਤਮ ਹੋ ਗਿਆ। ਵੱਡਾ ਭਾਰੀ ਇਹ ਨੁਕਸਾਨ ਸੀ। ਪੈਸਾ ਫੇਰ ਹੋ ਜਾਂਦਾ ਹੈ, ਲੇਕਿਨ ਸਾਹਿਤ ਨਹੀਂ ਦੁਬਾਰਾ ਹੋਇਆ ਕਰਦਾ, ਇਹ ਬਹੁਤ ਵੱਡੀ ਗੱਲ ਹੋਇਆ ਕਰਦੀ ਹੈ। ਜਿਸ ਵਕਤ ਦਰਬਾਰ

ਸਾਹਿਬ 'ਤੇ ਹੱਲਾ ਹੋਇਆ 1984 'ਚ, ਇੱਕ ਮਹਾਤਮਾ ਆਪਣੇ ਆਏ ਸੀ ਸਮਾਗਮ ਦੇ ਉਤੇ, ਉਨ੍ਹਾਂ ਦਾ ਨਾਂ ਸੀ ਵੇਦ ਭਾਰਤੀ। ਉਹ ਪਹਾੜ 'ਚ ਰਹਿੰਦੇ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ, ਸਾਰੀ ਗੱਲ ਉਨ੍ਹਾਂ ਦੀ ਸਮਝ 'ਚ ਆਈ। ਬੱਚਿਆਂ ਵਾਂਗਣ ਰੋਣ ਲੱਗ ਗਏ, ਉੱਚੀ-ਉੱਚੀ ਰੋਂਦੇ ਨੇ, ਸੱਤ ਦਿਨ ਰੋਈ ਗਏ। ਡਾ. ਸਵਾਮੀ ਰਾਮ ਜੀ ਨੂੰ ਦੱਸਿਆ ਕਿ ਵੇਦ ਭਾਰਤੀ ਜੀ ਤਾਂ ਚੁੱਪ ਨਹੀਂ ਕਰਦੇ, ਨਾ ਪ੍ਰਸ਼ਾਦਾ ਛਕਦੇ ਨੇ, ਸੱਤ ਦਿਨ ਹੋ ਗਏ ਬੱਚਿਆਂ ਵਾਂਗਣ ਉੱਚੀ-ਉੱਚੀ ਰੋਈ ਜਾਂਦੇ ਨੇ। ਉਨ੍ਹਾਂ ਦਾ ਕੋਈ ਇਲਾਜ ਸੋਚੋ। ਸਵਾਮੀ ਜੀ ਗਏ, ਜਾ ਕੇ ਕਹਿਣ ਲੱਗੇ, ਮਿਸਟਰ ਡਾਕਟਰ, ਐਨਾ ਵੈਰਾਗ ਤੁਸੀਂ ਕਿਸ ਗੱਲ ਦਾ ਕਰਦੇ ਓਂ। ਜੇ ਅਕਾਲ ਤਖਤ ਢਾਹ ਦਿਤਾ ਤੇ ਮੈਨੂੰ ਹੁਕਮ ਕਰਨ ਮੈਂ ਇਕੱਲਾ ਹੀ ਅਕਾਲ ਤਖਤ ਬਣਾ ਦੇਵਾਂ। ਜੇ 4 ਕਰੋੜ 'ਚ ਬਣਦਾ ਹੈ ਤਾਂ ਮੈਂ 10 ਕਰੋੜ ਲਾ ਦੇਵਾਂਗਾ।

ਸਾਧਸੰਗਤ ਜੀ! ਉਹ ਹਸਪਤਾਲ ਬਣਾ ਰਹੇ ਨੇ, 880 ਕਰੋੜ ਦਾ estimate ਹੈ। 1400 ਕਰੋੜ ਰੁਪਿਆ ਲੱਗਣਾ ਹੈ ਉਹਦੇ ਉਤੇ। ਕਹਿੰਦੇ, ਮੈਂ ਕਰ ਦਿੰਦਾ ਹਾਂ, ਤੂੰ ਰੋਂਦਾ ਕਿਉਂ ਹੈ? ਕਹਿੰਦਾ, ਮੈਨੂੰ ਪਤਾ ਹੈ ਕਿ ਸਵਾਮੀ ਜੀ ਜੇ ਤੁਸੀਂ ਚਾਹੋਂ ਤਾਂ ਸਭ ਕੁਛ ਕਰ ਸਕਦੇ ਓਂ, ਅਰਬਾਂ ਰੁਪਿਆ ਖਰਚ ਕੇ ਖ਼ੂਬਸੂਰਤ ਬਣਾ ਸਕਦੇ ਓਂ ਪਰ ਇਸ ਤਰ੍ਹਾਂ ਦਸੋ ਲਿਟਰੇਚਰ ਕਿੱਥੋਂ ਆਏਗਾ ਜਿਹੜਾ ਜਾਲ ਦਿਤਾ। ਉਹ ਗੁਰੂਆਂ ਦੀਆਂ ਹੱਥ ਲਿਖਤ ਪੁਸਤਕਾਂ ਕਿੱਥੋਂ ਆਉਣਗੀਆਂ।

ਸਾਧਸੰਗਤ ਜੀ! ਸਾਨੂੰ ਨਹੀਂ ਇਸ ਗੱਲ ਦੀ ਸੋਝੀ। ਸਾਡਾ ਤਾਂ ਐਨਾ ਅਣਜਾਣਪੁਣਾ ਹੈ, ਉਹਦੀ ਫੋਟੋਸਟੇਟ ਕਾਪੀ ਵੀ ਨਹੀਂ ਕਰਾ ਕੇ ਰੱਖ ਸਕੇ ਕਿ ਕੋਈ ਹੋਰ ਨਾ ਪੜ੍ਹ ਲਏ।

ਸੋ ਲਿਟਰੇਚਰ ਦਾ ਨੁਕਸਾਨ ਬਹੁਤ ਹੋਇਆ ਸਰਸਾ ਦੇ ਵਿਚ। ਗੁਰੂ ਮਹਾਰਾਜ ਸਰਸਾ ਪਾਰ ਕਰਦੇ ਨੇ, ਮਾਤਾ ਜੀ ਲੰਘਣ ਲੱਗੇ, ਮਾਤਾ ਜੀ ਨੂੰ ਕਿਹਾ ਉਨ੍ਹਾਂ ਨੇ ਕਿ ਦੇਖੋ, ਇਸ ਵੇਲੇ ਹਫੜਾ-ਦਫੜੀ ਮੱਚੀ ਹੋਈ ਹੈ, ਹਨ੍ਹੇਰਾ ਬਹੁਤ ਹੈ, ਪਾਰ ਹੋ ਕੇ ਤੁਸੀਂ ਸਤਲੁਜ ਦਰਿਆ ਦੇ ਨਾਲ-ਨਾਲ ਚੱਲਣਾ। ਅਸੀਂ ਵੀ ਪਾਰ ਹੋ ਕੇ ਇਹਦੇ ਨਾਲ-ਨਾਲ ਹੀ ਆਉਣਾ ਹੈ। ਕਿਤੇ ਨਾ ਕਿਤੇ ਆਪਾਂ ਫੇਰ ਮਿਲ ਜਾਵਾਂਗੇ। ਕਿਸੇ ਪ੍ਰੇਮੀ ਸਿੱਖ ਦੇ ਘਰ ਰਹਿ ਲਿਓ।

ਉਸ ਵੇਲੇ ਦੀ ਇਕ ਗੱਲ ਚੱਲੀ ਹੋਈ ਹੈ, ਮੈਂ ਪਹਿਲਾਂ ਵੀ ਬੇਨਤੀ ਕਰੀ ਸੀ ਕਿ ਸਾਡੇ ਇਤਿਹਾਸ 'ਚ ਲਿਖਿਆ ਹੋਇਆ ਹੈ ਕਿ ਜੇ ਮੁਸਲਮਾਨ ਗੁੜ ਦੇ ਲਾਲੇ 'ਚ ਬਾਂਹ ਪਾ ਕੇ, ਲਿਬੇੜ ਲਵੇ ਤੇ ਤਿਲਾਂ ਦੇ ਢੇਰ ਵਿਚ ਪਾ ਦਵੇ, ਜਿੰਨੇ ਤਿਲ ਲਗ ਜਾਣ, ਜੇ ਐਨੀਆਂ ਕਸਮਾਂ ਖਾਵੇ ਤਾਂਵੀ ਨਾ ਉਹਦਾ ਇਤਬਾਰ ਕਰੋ। ਅਪੇਖਕ ਬਾਤ ਹੈ ਇਹ, ਲਿਖਾਈ ਗਈ ਹੈ ਇਹ ਗੱਲ। ਗੁਰੂ ਸਾਹਿਬ ਦੇ ਮੁਖ ਤੋਂ ਨਹੀਂ ਹੈ। ਗੁਰੂ ਸਾਹਿਬ ਤਾਂ ਸਾਰਿਆਂ ਨੂੰ ਇੱਕ ਦ੍ਰਿਸ਼ਟੀ ਨਾਲ ਦੇਖਦੇ ਸੀ। ਭਾਈ ਮਰਦਾਨਾ ਕੌਣ ਸੀਗਾ, ਸਾਡੇ ਕੀਰਤਨ ਕਰਨ ਵਾਲੇ ਰਬਾਬੀ ਕੌਣ ਹੁੰਦੇ ਸੀ। ਮਨੁੱਖ, ਮਨੁੱਖ

'ਚ ਫਰਕ ਹੁੰਦਾ ਹੈ। ਧਰਮ ਕੋਈ ਵੀ ਦੁਨੀਆਂ ਦਾ ਮਾੜਾ ਨਹੀਂ। ਹੁਣ ਫੇਰ ਜੇ ਅਸੀਂ ਪਰਖ ਕੇ ਦੇਖੀਏ, ਗੁਰੂ ਮਹਾਰਾਜ ਨੇ ਸਰਸੇ ਨੂੰ ਪਾਰ ਕਰਨ ਤੋਂ ਬਾਅਦ ਪਹਿਲਾਂ ਪੜਾਓ ਕਿੱਥੇ ਕਰਿਆ? ਨਿਹੰਗ ਖਾਂ ਕੋਟਲੇ ਦੇ ਕਰਿਆ। ਭਾਈ ਬਚਿੱਤ੍ਰ ਸਿੰਘ ਸਖਤ ਜ਼ਖਮੀ ਹੋ ਗਿਆ ਸੀ। ਉਸ ਨੂੰ ਉਥੇ ਛੱਡ ਕੇ ਗੁਰੂ ਮਹਾਰਾਜ ਚਲੇ ਗਏ। ਜੇ ਇਹ ਡਰ ਹੁੰਦਾ ਕਿ ਮੁਸਲਮਾਨ ਧੋਖਾ ਦੇਣਗੇ, ਤਾਂ ਮਹਾਰਾਜ ਉਹਦੇ ਕਿਲ੍ਹੇ 'ਚ ਹੀ ਕਿਉਂ ਵੜਦੇ। ਕਿਲੇ ਦੇ ਦਰਵਾਜ਼ੇ ਹੀ ਬੰਦ ਕਰਨੇ ਸੀ ਉਹਨੇ। ਫੌਜ ਤਾਂ ਪਿੱਛੇ ਆ ਹੀ ਰਹੀ ਸੀ। ਇਹ ਨਹੀਂ ਸੀ ਗੱਲ, ਜਿਸ ਵਕਤ ਫੌਜ ਆ ਗਈ, ਕਿਲੇ ਦੀ ਤਲਾਸ਼ੀ ਲੈਣ ਲੱਗੀ, ਨਿਹੰਗ ਖਾਨ ਨੇ ਸਾਰੇ ਕਮਰੇ ਦਿਖਾ ਦਿਤੇ, ਲੇਕਿਨ ਜਿੱਥੇ ਬਚਿਤ੍ਰ ਸਿੰਘ ਉਹਨੀਂ ਸੀਗੇ, ਉਹ ਕਮਰਾ ਜਦੋਂ ਕਿਹਾ ਖੋਲ੍ਹੋ, ਇਲਾਜ ਚੱਲ ਰਿਹਾ ਸੀ। ਉਹ ਕਹਿੰਦਾ ਇਹ ਕਮਰਾ ਨਹੀਂ ਮੈਂ ਖੋਲ੍ਹਣਾ। ਉਹ ਕਹਿੰਦੇ ਕਿਉਂ? ਕਹਿੰਦੇ, ਦੇਖੋ ਖਾਨ ਸਾਹਿਬ! ਕੋਈ ਵੀ ਪਠਾਣ ਬੇ-ਗੈਰਤਾ ਨਹੀਂ ਹੁੰਦਾ। ਇਥੇ ਮੇਰਾ ਦਾਮਾਦ ਤੇ ਲੜਕੀ ਹੈ ਅੰਦਰ, ਮੈਂ ਕਿਵੇਂ ਖੋਲ੍ਹਣ ਦੇਵਾਂਗਾ ਕਮਰਾ? ਉਹ ਸ਼ਰਮਿੰਦਾ ਹੋ ਕੇ ਚਲਿਆ ਗਿਆ, ਲੜਕੀ ਨੂੰ ਪਤਾ ਲੱਗ ਗਿਆ ਕਿ ਮੇਰੇ ਅੱਬਾ ਜਾਨ ਨੇ ਇਹ ਗੱਲ ਕਹਿ ਦਿਤੀ ਕਿ ਮੇਰਾ ਦਾਮਾਦ ਹੈ ਅੰਦਰ। ਕਹਿੰਦੀ, ਹੁਣ ਮੈਂ ਇਹਦੇ ਬਚਨ 'ਤੇ ਫੁੱਲ ਚੜ੍ਹਾਉਣਾ ਹੈ। ਕਹਿਣ ਲੱਗੀ, ਅੱਬਾ ਜਾਨ! ਤੇਰੇ ਮੁੱਖ ਤੋਂ ਨਿਕਲ ਗਿਆ ਕਿ ਬਚਿੱਤਰ ਸਿੰਘ ਮੇਰਾ ਦਾਮਾਦ ਹੈ। ਹੁਣ ਮੈਂ ਸ਼ਾਦੀ ਨਹੀਂ ਕਰਾਉਣੀ ਜ਼ਿੰਦਗੀ ਭਰ, ਕੰਵਾਰੀ ਰਹਾਂਗੀ। ਸਾਰੀ ਜ਼ਿੰਦਗੀ ਉਸ ਲੜਕੀ ਨੇ ਸ਼ਾਦੀ ਨਹੀਂ ਕਰਾਈ। ਉਹਨੂੰ ਅਸੀਂ ਕਿਵੇਂ ਮਾੜਾ ਕਹਿ ਦੇਈਏ। ਉਸ ਤੋਂ ਬਾਅਦ ਜਦੋਂ ਚਮਕੌਰ ਤੋਂ ਗੁਰੂ ਮਹਾਰਾਜ ਬਾਹਰ ਜਾਂਦੇ ਨੇ, ਮਾਛੀਵਾੜੇ। ਕੌਣ ਨੇ ਜਿਹੜੇ ਗੁਰੂ ਮਹਾਰਾਜ ਨੂੰ ਪਲੰਘੇ 'ਤੇ ਬਿਠਾ ਕੇ ਲੈ ਜਾਂਦੇ ਨੇ। ਕੌਣ ਹੈ ਜਿਹੜਾ ਆ ਕੇ ਗਵਾਹੀ ਦਿੰਦਾ ਹੈ। ਸਲੋਅ ਵਾਲਾ ਪੀਰ ਕਿ ਇਹ ਤਾਂ ਉੱਚ ਦੇ ਪੀਰ ਨੇ। ਸੋ ਇਹ ਗੱਲ ਰਾਜਸੀ ਤੌਰ ਦੇ ਉਤੇ ਫੈਲਾਈ ਹੈ ਕਿ ਇਹ ਕੌਮਾਂ ਇਕੱਠੀਆਂ ਨਾ ਹੋ ਜਾਣ, ਅੰਗਰੇਜ਼ ਦੀ ਕਾਢ ਸੀ ਇਹ ਉਸ ਵੇਲੇ ਦੀ ਪ੍ਰਚਲਤ ਕਰ ਦਿਤੀ। ਸਾਡੇ ਸਿੰਘ ਇਕੋ ਹੀ ਗੱਲ ਦੱਬੀ ਤੁਰੀ ਜਾਂਦੇ ਨੇ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਮੁਕਾਬਲਾ ਕਰਦੇ ਹੋਏ ਚਮਕੌਰ ਸਾਹਿਬ ਪਹੁੰਚਦੇ ਨੇ, ਇਥੇ ਇਤਿਹਾਸ 'ਚ ਇਕ ਗੱਲ ਆਉਂਦੀ ਹੈ ਕਿ ਗੁਰੂ ਮਹਾਰਾਜ ਨੇ ਜਦੋਂ ਉਮੰਡ ਕੇ ਆਉਂਦੀਆਂ ਦੇਖੀਆਂ ਤਾਂ ਇਕ ਬਾਣ ਚਲਾਇਆ। ਉਹਦੇ ਨਾਲ ਇਕੋ ਵਾਰੀ 10,000 ਗਿਰ ਗਿਆ ਧਰਤੀ 'ਤੇ। ਉਸ ਤੋਂ ਬਾਅਦ ਬੜਾ ਭਾਰਾ ਘਮਸਾਨ ਦਾ ਯੁੱਧ ਹੋਇਆ ਜੋ ਸਾਰੇ ਇਤਿਹਾਸ ਵਿਚ ਕਿਤੇ ਨਹੀਂ ਹੈਗਾ। ਸਾਰਾਗੜ੍ਹੀ ਦੇ ਯੁੱਧ ਨੂੰ ਵੱਡਾ ਗਿਣਿਆ ਜਾਂਦਾ ਹੈ, ਉਹ ਵੀ ਸਿੰਘਾਂ ਨੇ ਲੜਿਆ ਸੀ। ਉਹ ਵੀ ਬਹਾਦਰ ਡਟੇ ਰਹੇ, ਪਠਾਣਾਂ ਦੇ ਅੱਗੇ। ਇਹ ਜੋ ਚਮਕੌਰ ਸਾਹਿਬ ਦਾ ਯੁੱਧ ਸੀ, ਕੁਛ ਹੋਰ ਬਚਿੱਤਰਤਾ ਰਖਦਾ ਸੀ। ਫੌਜਾਂ ਨੇ ਘੇਰਿਆ ਹੋਇਆ ਹੈ ਤੇ ਉਸ ਤੋਂ ਬਾਅਦ ਸਾਰਾ ਦਿਨ ਯੁੱਧ ਹੁੰਦਾ ਰਿਹਾ ਬੜੇ ਘਮਸਾਨ ਦਾ ਯੁੱਧ। ਉਸ ਵੇਲੇ ਗੁਰੂ ਮਹਾਰਾਜ ਨੇ ਪੰਜ ਸਿੰਘਾਂ ਦੀ ਪ੍ਰਕਰਮਾ ਕਰਕੇ ਨਮਸ਼ਕਾਰ ਕਰ

ਦਿਤੀ ਕਿ ਮੈਂ ਆਪਣਾ ਜੋ ਤੇਜ ਹੈ, ਗੁਰੂ ਦਾ ਤੇਜ ਮੈਂ ਪੰਜਾਂ ਦੇ ਵਿਚ ਦਿੰਦਾ। ਇਸੇ ਕਰਕੇ ਆਪ ਨੇ ਐਸਾ ਫੁਰਮਾਨ ਕਰਿਆ-

*ਧਾਰਨਾ - ਦਿਤਾ ਖਾਲਸਾ ਤੈਨੂੰ, ਤੇਜ ਆਪਣਾ ਮੈਂ।*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥* *(ਸਰਬ ਲੋਅ ਗ੍ਰੰਥ 'ਚੋਂ)*

ਪੂਰਾ ਤੇਜ ਪੰਜਾਂ ਦੇ ਵਿਚ ਪ੍ਰਵੇਸ਼ ਕਰ ਦਿਤਾ। ਗੁਰੂ ਮਹਾਰਾਜ ਜਦੋਂ ਸੰਸਾਰ ਤੋਂ ਜਾਣ ਲੱਗੇ, ਇਕ ਸਵਾਲ ਕੀਤਾ ਕਿ ਪਾਤਸ਼ਾਹ! ਹੁਣ ਕੀਹਦੇ ਲੜ ਲਾ ਕੇ ਚੱਲੇ ਓਂ? ਸਾਨੂੰ ਕੌਣ ਮੱਤ ਦਏਗਾ, ਸਾਡੇ ਕਾਰਜ ਕੌਣ ਕਰੇਗਾ? ਕਹਿੰਦੇ ਦੇਖੋ, ਪਿਆਰਿਓ! ਸਰਬ ਕਲਾ ਸਮਰੱਥ ਗੁਰੂ ਗ੍ਰੰਥ ਸਾਹਿਬ ਦੇ ਲੜ ਤੁਹਾਨੂੰ ਲਾਇਆ ਹੈ। ਇਹ ਪੂਰਨ ਗੁਰੂ ਨੇ ਇਹ ਤੁਹਾਡੇ ਸਾਰੇ ਕਾਰਜ ਕਰਨਗੇ।

ਮਹਾਰਾਜ! ਗੁਰੂ ਗ੍ਰੰਥ ਸਾਹਿਬ ਤਾਂ ਹਰ ਥਾਂ ਨਹੀਂ ਜਾ ਸਕਦੇ? ਸਾਨੂੰ ਰੋਜ਼ ਦੇ ਰੋਜ਼ ਚੜ੍ਹੇ ਦਿਹਾੜੇ ਕੋਈ ਨਾ ਕੋਈ problem (ਸਮੱਸਿਆ) ਹੁੰਦੀ ਹੈ। ਕਹਿੰਦੇ, ਦੇਖੋ, ਪੰਜ ਸਿੰਘਾਂ ਦੇ ਵਿਚ ਮੈਂ ਵਰਤਾਂਗਾ। ਪੰਜ ਸਿੰਘਾਂ ਨੂੰ ਬੁਲਾਵੋ, ਉਨ੍ਹਾਂ ਦਾ ਸਤਿਕਾਰ ਮੇਰੇ ਜਿੰਨਾਂ ਕਰੋ। ਇਸ ਤਰ੍ਹਾਂ ਸਮਝ ਲਵੋ ਕਿ ਮੈਂ ਹੀ ਆ ਗਿਆ ਘਰ। ਫੇਰ ਤੁਸੀਂ ਉਨ੍ਹਾਂ ਨੂੰ ਪ੍ਰਸ਼ਾਦ ਪਾਣੀ ਛਕਾਓ, ਸੇਵਾ ਕਰੋ, ਜੋ ਇੱਛੋਂਗੇ ਉਹ ਮਿਲ ਜਾਏਗਾ। ਹੁਣ ਇਹਦੇ 'ਚ ਹੈ ਕਿ ਪੰਜ ਸਿੰਘ ਹੋਣੇ ਚਾਹੀਦੇ ਨੇ। ਆਹ ਬੜੀ ਮੁਸ਼ਕਲ ਦੀ ਗੱਲ ਹੈ ਕਿ ਸਿੱਖ ਕੌਣ ਹੈ? -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ - 305*

ਜਿਹੜੇ ਗੁਰੂ ਦੇ ਮਨ ਨੂੰ ਭਾਉਂਦੇ ਨੇ ਸਿੱਖ ਉਹ ਗੁਰਸਿੱਖ ਪੰਜ ਜਦੋਂ ਇਕੱਠੇ ਹੋ ਜਾਣ, ਕਹਿੰਦੇ, ਉਨ੍ਹਾਂ ਦੇ ਵਿਚ ਮੇਰੀ ਜੋਤ ਵਰਤੇਗੀ। Invisible (ਅਦਿੱਖ) ਰੂਪ ਦੇ ਅੰਦਰ ਮੈਂ ਹੋਵਾਂਗਾ। ਜਿਹੜੀ ਕੋਈ ਇੱਛਿਆ ਤੁਸੀਂ ਕਹੋਂਗੇ ਉਹ ਅਰਦਾਸ ਰੂਪ 'ਚ ਕਹਿਣਗੇ, ਮੈਂ ਮੰਨ ਲਵਾਂਗਾ। ਸੋ

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਪੰਜਾਂ ਨੂੰ ਆਪਣਾ ਸਰੂਪ ਦੇ ਦਿਤਾ। ਜਿਗਾ ਕਲਗੀ ਲਗਾ ਦਿਤੀ। ਉਸ ਵੇਲੇ ਕਿਹਾ ਕਿ ਮੈਂ ਹੁਣ ਸਵੇਰੇ ਯੁੱਧ ਕਰਾਂਗਾ। ਭਾਈ ਦਇਆ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਸੰਗਤ ਸਿੰਘ ਜੀ, ਭਾਈ ਧਰਮ ਸਿੰਘ ਜੀ ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਪਾਤਸ਼ਾਹ! ਸਾਡੇ ਵਰਗੇ ਤਾਂ ਤੁਹਾਨੂੰ ਕਰੋੜਾਂ ਨੇ। ਪਰ ਸਾਨੂੰ ਤਾਂ ਕਰੋੜਾਂ ਨੂੰ ਤੁਸੀਂ ਇੱਕੋ ਹੀ ਓਂ। ਅਸੀਂ ਤਾਂ ਇੱਕ ਗੁਰੂ ਗੋਬਿੰਦ ਸਿੰਘ ਨਹੀਂ ਬਣਾ ਸਕਦੇ, ਤੁਸੀਂ ਤਾਂ ਕਰੋੜਾਂ ਸਿੱਖ ਬਣਾ ਸਕਦੇ ਓਂ। ਇਹ ਗੱਲ ਨਾ ਕਰੋ, ਅਸੀਂ ਨਹੀਂ ਦੇਖ ਸਕਦੇ। ਅਸੀਂ ਪੁਰਜਾ-ਪੁਰਜਾ ਹੋ ਜਾਵਾਂਗੇ, ਉਸ ਤੋਂ ਬਾਅਦ ਵੀ ਅਸੀਂ ਤੁਹਾਨੂੰ ਯੁੱਧ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ। ਗੁਰਮਤਾ ਕਰ ਦਿਤਾ। ਕਹਿੰਦੇ, ਸੱਚੇ ਪਾਤਸ਼ਾਹ! ਚਾਹੇ ਸ਼ਕਤੀ ਵਰਤ ਕੇ ਜਾਓ, ਕਿਵੇਂ ਵੀ ਜਾਓ। ਇਸ ਕਿਲ੍ਹੇ ਛੱਡ ਕੇ ਤੁਸੀਂ ਕਿਤੇ ਜਾ ਕੇ ਗੁਰਸਿੱਖੀ ਦਾ ਪ੍ਰਚਾਰ ਕਰੋ, ਦੁਬਾਰਾ ਖਾਲਸਾ ਪੰਥ ਦੀ ਰਚਨਾ ਕਰੋ। ਹੁਕਮ ਦੇ ਦਿਤਾ ਇਕ ਤਰ੍ਹਾਂ ਨਾਲ, ਮਹਾਰਾਜ ਨੇ ਸੀਸ ਨਿਵਾ ਦਿਤਾ ਪੰਜਾਂ ਅੱਗੇ। ਕਹਿੰਦੇ, ਇੱਕ ਖੁਲ੍ਹ ਦੇ ਦਿਓ, ਮੈਂ ਚੋਰੀ ਨਹੀਂ ਜਾਣਾ, ਮੈਂ ਉੱਚੀ ਆਵਾਜ਼ ਦੇ ਕੇ ਜਾਵਾਂਗਾ। ਬਾਹਰ ਨਿਕਲਦੇ ਨੇ, ਰਾਤ ਦਾ ਹਨ੍ਹੇਰਾ ਹੈ - 'ਪੀਰ ਏ ਹਿੰਦ ਮੇਂ ਰਵੀ' ਹਿੰਦ ਦਾ ਪੀਰ ਜਾ ਰਿਹਾ ਹੈ ਫੜ ਲਓ ਜਿਹਨੇ ਫੜਨਾ ਹੈ। ਸਾਰੇ ਇਤਿਹਾਸ ਨੂੰ ਜਾਣਦੇ ਓਂ, ਮਾਛੀਵਾੜੇ ਪਹੁੰਚ ਜਾਂਦੇ ਨੇ, ਉਥੋਂ ਨਿਕਲ ਕੇ ਹੌਲੀ-ਹੌਲੀ ਮਾਲਵੇ ਵਲ ਨੂੰ ਜਾ ਰਹੇ ਨੇ ਤੇ ਅੱਜ ਆਪ ਰਾਏ ਕੱਲੇ ਦੇ, ਰਾਇਕੋਟ ਤੋਂ ਉਰਲਾ ਪਿੰਡ ਜੋ ਲੰਮਾ ਹੈ, ਉਸ ਥਾਂ 'ਤੇ ਆਪ ਪਹੁੰਚ ਜਾਂਦੇ ਨੇ। ਉਥੇ ਰਾਏ ਕੱਲਾ ਤਿੰਨ ਸੌ ਸਵਾਰ ਲੈ ਕੇ ਆ ਕੇ ਮਿਲਦਾ ਹੈ ਤੇ ਕਿਹਾ ਕਿ ਸੱਚੇ ਪਾਤਸ਼ਾਹ! ਤੁਸੀਂ ਬੜੀ ਦੂਰ ਤੋਂ ਆਏ ਓਂ? ਕ੍ਰਿਪਾ ਕਰੋ, ਥੋੜ੍ਹਾ ਆਰਾਮ ਕਰੋ ਇਸ ਥਾਂ ਦੇ ਉਤੇ। ਫੇਰ ਤੁਸੀਂ ਮੇਰੇ ਕੋਲੋਂ ਚਲੇ ਜਾਇਓ ਪਰ ਹੁਣ ਆਰਾਮ ਕਰ ਲਓ ਥੋੜ੍ਹਾ। ਮਹਾਰਾਜ ਜੀ ਉਸ ਥਾਂ 'ਤੇ ਉਤਰ ਜਾਂਦੇ ਨੇ। ਉਤਰ ਕੇ ਮਹਾਰਾਜ ਨੇ ਰਾਏ ਕੱਲੇ ਨੂੰ ਕਿਹਾ ਕਿ ਦੇਖੋ, ਬਾਕੀਆਂ ਦਾ ਤਾਂ ਸਾਨੂੰ ਸਾਰਾ ਪਤਾ ਹੈ, ਪਰ ਮਾਤਾ ਜੀ ਦਾ ਨਹੀਂ ਪਤਾ ਲਗਦਾ ਕਿ ਕਿੱਥੇ ਨੂੰ ਗਏ ਨੇ, ਕਿਵੇਂ ਗਏ ਨੇ, ਕੀ ਹਾਲ ਹੋਇਆ ਉਨ੍ਹਾਂ ਦਾ। ਉਡਦੀ-ਉਡਦੀ ਗੱਲ ਅਸੀਂ ਸੁਣੀ ਹੈ ਕਿ ਉਹ ਸਰਹੰਦ ਵਲ ਨੂੰ ਗਏ, ਜਾਂ ਸਰਹੰਦ ਵਾਲਿਆਂ ਦੇ ਕਾਬੂ ਆ ਗਏ। ਤੁਸੀਂ ਬੰਦਾ ਭੇਜੋ, ਕੋਈ ਸਵਾਰ ਭੇਜੋ, ਜਾ ਕੇ ਖਬਰ ਲੈ ਕੇ ਆਵੇ। ਉਹਨੇ ਹੱਥ ਬੰਨ੍ਹੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਹਾਡਾ ਕੋਈ ਗੁਰਸਿੱਖ ਉਥੇ ਜਾਂਦਾ ਹੈ ਤਾਂ ਉਹ ਫੜਿਆ ਜਾਣਾ ਹੈ, ਕਿਉਂਕਿ ਗੁਰਸਿੱਖ ਛੁਪਦਾ ਨਹੀਂ ਹੈ। ਕਰੋੜਾ ਵਿਚੋਂ ਇਕ ਦਾ ਪਤਾ ਲਗ ਜਾਂਦਾ ਹੈ। ਜੇ ਮੈਂ ਆਪਣੇ ਸਿਪਾਹੀ ਭੇਜਾਂ, ਇਹ ਵੀ ਜਦੋਂ ਛਾਣਬੀਣ ਕਰਨਗੇ ਇਹ ਵੀ ਫੜੇ ਜਾਣਗੇ। ਜੇ ਹੁਕਮ ਹੋਵੇ ਤਾਂ ਸਾਡੇ ਜੋ ਮਾਹੀ ਹੈ, ਉਹ ਤੁਰਨ ਨੂੰ ਬੜਾ ਤਕੜਾ ਹੈ। ਇਥੋਂ 40 ਕੋਹ ਦੇ ਉਤੇ ਹੈ। 40 ਕੋਹ ਮਤਲਬ 96 ਕਿਲੋਮੀਟਰ। ਮਹਾਰਾਜ! 10 ਯੋਜਨ ਮਤਲਬ 40 ਮੀਲ ਉਹਨੂੰ ਜਾਣਾ ਪੈਣਾ ਹੈ। ਉਹ ਤੇਜ਼ ਬੜਾ ਹੈ, ਉਹ ਇਕ ਦਿਨ ਚਲਿਆ ਜਾਏਗਾ, ਦੂਜੇ ਦਿਨ ਖਬਰ ਲੈ ਕੇ ਰਾਤ

ਤੱਕ ਮੁੜ ਆਏਗਾ। ਮਹਾਰਾਜ ਕਹਿੰਦੇ, ਬੁਲਾਓ ਉਹਨੂੰ। ਬੁਲਾ ਲਿਆ, ਅੰਮ੍ਰਿਤ ਵੇਲੇ ਉਹਨੂੰ ਤੋਰ ਦਿਤਾ। ਮਹਾਰਾਜ ਜੀ ਦੇ ਆਲੇ-ਦੁਆਲੇ ਬੇਅੰਤ ਸੰਗਤ ਬੈਠੀ ਹੈ। ਆਪ ਨੂੰ ਪੁਛਦੇ ਨੇ ਇਹ ਯੁੱਧ ਕਿਵੇਂ ਸ਼ੁਰੂ ਹੋ ਗਏ? ਕਾਰਨ ਕੀ ਸੀ? ਮਹਾਰਾਜ ਕਹਿੰਦੇ, ਕਾਰਨ ਤਾਂ ਕੋਈ ਨਹੀਂ ਸੀਗਾ। ਐਵੇਂ ਹੀ ਇਨ੍ਹਾਂ ਰਾਜਿਆਂ ਦਾ ਜਿਹੜਾ ਅਭਿਮਾਨ ਸੀ, ਡਰ ਸੀ ਇਨ੍ਹਾਂ ਦੇ ਅੰਦਰ, ਉਹਦੇ ਕਰਕੇ ਅਕਾਰਨ ਛੇੜਾ-ਛਾੜੀ ਉਨ੍ਹਾਂ ਨੇ ਸ਼ੁਰੂ ਕਰ ਲਈ। ਹੌਲੀ-ਹੌਲੀ ਇਨ੍ਹਾਂ ਯੁੱਧਾਂ ਨੇ ਵਧਦੇ-ਵਧਦੇ ਬਹੁਤ ਭਿਆਨਕ ਯੁੱਧ ਦੀ ਸ਼ਕਲ ਧਾਰਨ ਕਰ ਲਈ। ਸਾਡਾ ਵਾਸਤੇ ਕੋਈ ਵੈਰੀ ਨਹੀਂ ਹੈ, ਕੋਈ ਬਿਗਾਨਾ ਨਹੀਂ ਹੈ, ਸਾਨੂੰ ਸਭ ਇਕੋ ਹੀ ਹੈ। ਸਾਰੇ ਹੀ ਅਕਾਲ ਪੁਰਖ ਦੀ ਇਕੋ ਹੀ ਜੋਤ ਵਰਤ ਰਹੀ ਹੈ। ਲੇਕਿਨ ਅਕਾਰਨ ਉਨ੍ਹਾਂ ਨੇ ਯੁੱਧ ਕਰਿਆ, ਉਹਦੇ ਹੁੰਦੇ-ਹੁੰਦੇ ਇਸ ਤਰ੍ਹਾਂ ਬਚਨ ਹੋਈ ਗਏ। ਦੁਪਿਹਰਾ ਹੋ ਗਿਆ, ਮਹਾਰਾਜ ਕਹਿਣ ਲੱਗੇ, ਦੇਖੋ ਤਾਂ ਮਾਹੀ ਆ ਰਿਹਾ ਹੈ? ਉਹ ਕਹਿਣ ਲੱਗਿਆ, ਸੱਚੇ ਪਾਤਸ਼ਾਹ! 40 ਕੋਹ ਦਾ ਫਾਸਲਾ ਹੈ, 60 ਮੀਲ ਦਾ, 100 ਕਿਲੋਮੀਟਰ ਤਕਰੀਬਨ। ਫੇਰ ਉਹਨੇ ਪੁੱਛ-ਗਿੱਛ ਕਰਨੀ ਹੈ। ਉਹ ਤਾਂ ਤੁਹਾਡੀ ਕ੍ਰਿਪਾ ਨਾਲ ਆਪੇ ਹੀ ਹੋ ਜਾਣੀ ਹੈ। ਤੁਸੀਂ ਆਪ ਹੀ ਕਰ ਲੈਣੀ ਹੈ ਗੱਲ ਸਾਰੀ। ਪਰ ਸੱਚੇ ਪਾਤਸ਼ਾਹ! ਸੌ ਕਿਲੋਮੀਟਰ ਜਾਣਾ, ਸੌ ਕਿਲੋਮੀਟਰ ਆਉਣਾ, ਉਹ ਤਕੜੇ ਦਮ ਦਾ ਹੈ, ਕੱਲ੍ਹ ਨੂੰ ਉਹ ਰਾਤ ਤੱਕ ਪਹੁੰਚ ਸਕੇਗਾ। ਮਹਾਰਾਜ ਫੇਰ ਬਚਨ ਕਰਨ ਲਗ ਗਏ। ਘੰਟੇ ਕੁ ਤੋਂ ਬਾਅਦ ਫੇਰ ਮਹਾਰਾਜ ਨੇ ਕਿਹਾ ਕਿ ਦੇਖੋ ਤਾਂ ਆ ਰਿਹਾ ਹੈ? ਫੇਰ ਓਹੀ ਗੱਲ ਉਹਨੇ ਦੋਹਰਾ ਦਿਤੀ? ਤੀਸਰਾ ਬਚਨ ਮਹਾਰਾਜ ਨੇ ਫੇਰ ਕਰ ਦਿਤਾ, ਘੰਟੇ ਕੁ ਬਾਅਦ। ਕਹਿੰਦੇ ਦੇਖੋ, ਤਾਂ ਦਰਖਤ 'ਤੇ ਚੜ੍ਹ ਕੇ ਦੇਖੋ। ਰਾਏ ਕੱਲੇ ਨੇ, ਸਾਧੂਆਂ ਦਾ ਮੰਨਣ ਵਾਲਾ, ਗੁਰੂ ਦਾ ਬਹੁਤ ਪ੍ਰੇਮੀ ਸੀ, ਕਿੰਨਾ ਪ੍ਰੇਮ ਸੀ ਹੈਰਾਨ ਰਹਿ ਜਾਓਗੇ। ਮੁਸਲਮਾਨ ਹੁੰਦਾ ਹੋਇਆ, ਚਿੱਠੀ ਆਉਂਦੀ ਹੈ ਨਵਾਬ ਦੀ ਕਿ ਮੈਨੂੰ ਪਤਾ ਲਗ ਗਿਆ ਕਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ ਨੇ ਤੇ ਤੂੰ ਇਸ ਤਰ੍ਹਾਂ ਕਰ ਛਲ ਨਾਲ, ਕਪਟ ਨਾਲ, ਦੀਨ ਭਾਈ ਹੈਂ ਤੂੰ ਮੇਰਾ ਤੇ ਇਨ੍ਹਾਂ ਨੂੰ ਇਥੇ ਰੱਖ ਛੱਡ। ਮੇਰੀ ਫੌਜ ਆਈ ਕਿ ਆਈ ਤੇ ਅਸੀਂ ਫੜ ਲਵਾਂਗੇ ਤੇ ਤੈਨੂੰ ਵੀ ਬੜੀ ਜਾਗੀਰ ਦਿਵਾਵਾਂਗਾ। ਇਸਲਾਮ ਦੀ ਬੜੀ ਸੇਵਾ ਹੋਏਗੀ, ਰਾਜ ਦੀ ਬੜੀ ਸੇਵਾ ਹੋਵੇਗੀ। ਇਸ ਗੱਲ ਦਾ ਧਿਆਨ ਦੇ ਕੇ ਵਾਪਸੀ ਡਾਕ ਮੈਨੂੰ ਜਵਾਬ ਦੇ। ਜਵਾਬ ਕੀ ਦਿੰਦਾ ਹੈ ਉਹ, ਕਹਿੰਦਾ, ਨਵਾਬ ਸਾਹਿਬ! ਗੁਰੂ ਗੋਬਿੰਦ ਸਾਹਿਬ ਦਾ ਮੁਰੀਦ ਹਾਂ, ਉਹ ਮੇਰੇ ਪੀਰ ਨੇ। ਪੀਰਾਂ ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਨੇ, ਮੇਰੀ ਰਿਆਸਤ ਵਿਚ ਜਦੋਂ ਤਕ ਇੱਕ ਵੀ ਬੰਦਾ ਜਿਉਂਦਾ ਹੈ, ਗੁਰੂ ਗੋਬਿੰਦ ਸਿੰਘ ਦੇ ਕੋਈ ਪਰਛਾਵੇਂ ਨੂੰ ਵੀ ਨਹੀਂ ਛੋਹ ਸਕਦਾ। ਉਹ ਮੁਸਲਮਾਨ ਹੀ ਸੀ ਸਾਧਸੰਗਤ ਜੀ! ਜਿਹਨੂੰ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦਾ ਵਿਸ਼ਵਾਸ਼ ਨਾ ਕਰੋ। ਲੋੜ ਵੇਲੇ ਜਿਹੜਾ ਕੰਮ ਆਵੇ ਉਹ ਮਿੱਤਰ ਹੋਇਆ ਕਰਦਾ ਹੈ।

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*

***ਅੰਗ - 729***

ਬਚਨ ਹੋ ਰਹੇ ਨੇ ਤੇ ਉਸ ਤੋਂ ਬਾਅਦ ਮਹਾਰਾਜ ਨੇ ਫੇਰ ਕਿਹਾ, ਉਹ ਸ਼ਰਧਾਲੂ ਸੀ ਉਹਨੇ ਕਿਹਾ ਕਿ ਗੁਰੂ ਪੀਰ ਬੇਮਤਲਬਾ ਬਚਨ ਨਹੀਂ ਕਰਦੇ। ਉਹ ਕਹਿਣ ਲੱਗਿਆ, ਤੀਸਰਾ ਬਚਨ ਕਰਿਆ ਹੈ, ਮਨੁੱਖ ਬੁੱਧੀ ਨਾਲ ਨਾ ਸੋਚੋ। ਦਰਖਤ 'ਤੇ ਚੜ੍ਹੋ। ਇੱਕ ਬੰਦਾ ਚੜ੍ਹਾ ਦਿਤਾ। ਮਹਾਰਾਜ ਨੇ ਉਪਰ ਨੂੰ ਦੇਖਿਆ ਤੇ ਕਿਹਾ ਕਿ ਕਿਉਂ ਬਈ ਆਉਂਦਾ ਹੈ? ਕਹਿੰਦਾ, ਮਹਾਰਾਜ! ਕੋਈ ਪਰਛਾਵਾਂ ਜਿਹਾ ਨਜ਼ਰ ਆਉਂਦਾ ਹੈ, ਨੇੜੇ ਆ ਜਾਏ ਤਾਂ ਪਤਾ ਲਗ ਜਾਏਗਾ। ਸਾਰੇ ਹੈਰਾਨ ਨੇ ਕਿ ਉਹ ਤਾਂ ਅਜੇ ਪਹੁੰਚਿਆ ਹੀ ਨਹੀਂ ਹੈ, ਇਹਨੂੰ ਪਰਛਾਵਾਂ ਕੀਹਦਾ ਨਜ਼ਰ ਆਉਣ ਲੱਗ ਗਿਆ। ਪਛਾਣ ਲਿਆ ਉਸਨੇ, ਕਹਿੰਦਾ ਸੱਚੇ ਪਾਤਸ਼ਾਹ! ਮਾਹੀ ਹੀ ਆ ਰਿਹਾ ਹੈ। ਬਹੁਤ ਤੇਜ਼ੀ ਨਾਲ ਆ ਰਿਹਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਸਵਾਰੀ 'ਤੇ ਹੀ ਹੋਵੇ। ਦੇਖਦੇ-ਦੇਖਦੇ ਆ ਗਿਆ, ਆ ਕੇ ਗੁਰੂ ਮਹਾਰਾਜ ਪਲੰਘੇ 'ਤੇ ਬੈਠੇ ਨੇ ਕਹਿੰਦੇ ਸੁਣਾ ਬਈ ਮਾਹੀ! ਕੀ ਖਬਰ ਲੈ ਕੇ ਆਇਆ ਹੈਂ? ਖਬਰ ਕੀ ਉਹਨੇ ਦੇਣੀ ਸੀ ਸਾਧਸੰਗਤ ਜੀ! ਧਾਹਾਂ ਮਾਰ ਕੇ ਰੋਣ ਲੱਗ ਗਿਆ। ਕਹਿੰਦੇ, ਦਸ ਤਾਂ ਸਹੀ। ਕਹਿੰਦਾ, ਮੇਰੇ ਤੋਂ ਦੱਸਿਆ ਨਹੀਂ ਜਾਂਦਾ ਪਾਤਸ਼ਾਹ! ਮੇਰੇ ਤੋਂ ਬੋਲਿਆ ਵੀ ਨਹੀਂ ਜਾਂਦਾ ਤੇ ਨਾ ਮੈਂ ਦਸ ਸਕਦਾ ਹਾਂ ਜੋ ਕੁਛ ਹੋਇਆ। ਸਾਰੀ ਸੰਗਤ ਜਿੰਨੀ ਬੈਠੀ ਸੀ ਸਾਰਿਆਂ ਦੇ ਨੇਤਰਾਂ 'ਚੋਂ ਜਲ ਆਉਣਾ ਸ਼ੁਰੂ ਹੋ ਗਿਆ ਕਿ ਕੋਈ ਭਾਣਾ ਵਰਤ ਗਿਆ। ਕਹਿੰਦੇ, ਕੁਛ ਦਸ ਤਾਂ ਸਹੀ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਦੋਵੇਂ ਸਾਹਿਬਜ਼ਾਦੇ ਤੇ ਮਾਤਾ ਜੀ ਸ਼ਹੀਦ ਕਰ ਦਿਤੇ ਗਏ ਨੇ। ਸਾਰਿਆਂ ਦੇ ਹਉਕੇ ਆਉਣੇ ਸ਼ੁਰੂ ਹੋ ਗਏ, ਅੱਖਾਂ 'ਚੋਂ ਜਲ ਜਾਂਦਾ ਹੈ। ਕੋਈ ਧੀਰਜ ਨਹੀਂ ਧਰ ਰਿਹਾ।

ਮਹਾਰਾਜ ਕਹਿੰਦੇ, ਪਿਆਰਿਓ! ਧੀਰਜ ਧਰੋ, ਆਪਾਂ ਬਚਨ ਤਾਂ ਸੁਣ ਲਈਏ ਕਿ ਕਿਵੇਂ ਹੋਏ ਨੇ? ਕਹਿਣ ਲੱਗੇ, ਕਿਉਂ ਬਈ ਮਾਹੀ! ਤੂੰ ਸਾਰਾ ਕੁਛ ਪਤਾ ਕਰਕੇ ਆਇਆ ਹੈਂ? ਕਹਿੰਦਾ, ਹਾਂ ਸੱਚੇ ਪਾਤਸ਼ਾਹ! ਮੈਨੂੰ ਇੱਕ ਸਿੱਖ ਮਿਲ ਗਿਆ ਸੀ, ਜਿਹੜਾ ਅੰਦਰ ਜਾਂਦਾ ਸੀ। ਉਹਨੇ ਮੈਨੂੰ ਜੋ ਬਚਨ ਦਸੇ ਨੇ ਉਹ ਇਹ ਦਸਿਆ ਕਿ ਮਾਤਾ ਜੀ ਨੇ ਜਦੋਂ ਸਰਸਾ ਪਾਰ ਕਰਿਆ, ਰਾਤ ਸੀ ਅਤੇ ਆਪ ਦੱਬ੍ਹ ਦੇ ਵਿਚ ਖੜ੍ਹੇ ਰਹੇ। ਸਾਰਾ ਦਿਨ ਦੱਬ੍ਹ 'ਚ ਖੜ੍ਹ ਕੇ ਸਾਹਿਬਜ਼ਾਦਿਆਂ ਨੇ ਤੇ ਮਾਤਾ ਜੀ ਨੇ ਖੜ੍ਹ ਕੇ ਲੰਘਾਇਆ। ਠੰਢਾ ਪਾਣੀ ਥੱਲੇ ਹੈ, ਉਸ ਤੋਂ ਬਾਅਦ ਰਾਤ ਪੈਂਦੀ ਹੈ ਤਾਂ ਮੁਆਸ਼ਕੀ ਕੁੰਮੀ ਉਹਦੇ ਠਹਿਰ ਗਏ, ਜਦੋਂ ਉਸ ਥਾਂ ਤੋਂ ਚੱਲੇ ਤਾਂ ਤੁਹਾਡਾ ਜਾਣਿਆ ਪਛਾਣਿਆ ਬੰਦਾ ਗੰਗੂ, ਉਹ ਬੜਾ ਦਿਲਾਸਾ ਦੇ ਕੇ ਲੈ ਆਇਆ। ਦਿਲਾਸਾ ਦੇ ਕੇ ਘਰ ਵਿਚ ਲਿਆ ਕੇ ਉਸ ਨੇ ਬੜੀ ਭਾਰੀ

ਠੱਗੀ ਕਰੀ। ਮਾਇਆ ਚੋਰੀ ਕਰ ਲਈ ਸਾਰੀ। ਉਸ ਤੋਂ ਬਾਅਦ ਵਿਗੜ ਗਿਆ। ਮੁਰਿੰਡੇ ਵਾਲਿਆਂ ਨੂੰ ਦਸ ਦਿਤਾ ਤੇ ਸੱਚੇ ਪਾਤਸ਼ਾਹ! ਉਨ੍ਹਾਂ ਨੇ ਨਵਾਬ ਦੇ ਪੇਸ਼ ਕਰ ਦਿਤੇ। ਜਦੋਂ ਨਵਾਬ ਦੇ ਪੇਸ਼ ਹੋਏ ਉਸ ਵੇਲੇ ਰਾਤ ਸੀ। ਉਹ ਕਹਿੰਦੇ, ਇਨ੍ਹਾਂ ਨੂੰ ਹੁਣ ਤਾਂ ਤੁਸੀਂ ਜਿਹੜਾ ਠੰਢਾ ਬੁਰਜ ਹੈ, ਉਥੇ ਕੈਦ ਕਰ ਲਓ। ਸਵੇਰੇ ਕਚਹਿਰੀ ਲੱਗੇਗੀ ਉਹਦੇ ਵਿਚ ਫੇਰ ਇਨ੍ਹਾਂ ਨੂੰ ਪੇਸ਼ ਕਰਨਾ। ਸੱਚੇ ਪਾਤਸ਼ਾਹ! ਦੂਸਰੇ ਦਿਨ ਨਾ ਕਿਸੇ ਨੇ ਖਾਣਾ-ਪੀਣਾ ਪੁੱਛਿਆ, ਨਾ ਕੋਈ ਵਸਤਰ ਦਿਤਾ, ਵਸਤਰ ਜਿਹੜੇ ਮੋਟੇ ਸੀ ਉਹ ਗੰਗੂ ਦੇ ਘਰ ਰਹਿ ਗਏ ਤੇ ਉਹ ਪਤਲੇ ਵਸਤਰਾਂ 'ਚ ਬੈਠੇ ਸੀ। ਸਾਰੀ ਰਾਤ ਮਾਤਾ ਜੀ ਨੇ ਗੋਦੀ ਦੇ ਵਿਚ ਸਾਹਿਬਜ਼ਾਦਿਆਂ ਨੂੰ ਰੱਖ ਕੇ ਸੁਲਾਇਆ। ਸਵੇਰ ਹੁੰਦੇ ਹੀ, ਨਵਾਬ ਨੇ ਕਿਹਾ ਕਿ ਲੈ ਕੇ ਆਓ। ਉਹ ਕਹਿੰਦੇ, ਮੋਰਿੰਡੇ ਵਾਲਾ ਹੀ ਠਾਣੇਦਾਰ ਜੋ ਸੀ ਉਹ ਲੈਣ ਗਿਆ। ਮਾਤਾ ਜੀ ਨੇ ਕਿਹਾ ਬਚਪਨ ਤੋਂ ਹੀ ਇਨ੍ਹਾਂ ਦਾ ਮੇਰੇ ਨਾਲ ਪਿਆਰ ਹੈ, ਇਹ ਇਕੱਲੇ ਨਹੀਂ ਕਿਤੇ ਵੀ ਜਾਂਦੇ। ਉਹਨੂੰ ਕਹਿ ਦਿਓ ਹਾਲੇ ਨਹੀਂ ਆਉਂਦੇ। ਜੇ ਦਰਸ਼ਨ ਹੀ ਕਰਨੇ ਨੇ ਤਾਂ ਨਵਾਬ ਸਾਹਿਬ ਇਥੇ ਹੀ ਆ ਕੇ ਕਰ ਲਏ। ਉਹਨੇ ਜਾ ਕੇ ਉਸੇ ਤਰ੍ਹਾਂ ਕਹਿ ਦਿਤਾ। ਉਹ ਕਹਿੰਦਾ, ਨਹੀਂ-ਨਹੀਂ। ਲੈ ਕੇ ਆ ਜ਼ਬਰਦਸਤੀ। ਜ਼ਬਰਦਸਤੀ ਲੈ ਗਿਆ ਤਾਂ ਕਹਿੰਦੇ ਸਾਹਿਬਜ਼ਾਦੇ ਜਦੋਂ ਅੰਦਰ ਗਏ ਤਾਂ ਉਸ ਵੇਲੇ ਸਿੱਧੇ ਖੜ੍ਹ ਗਏ। ਦਰਬਾਰੀ ਕਹਿਣ ਲੱਗਿਆ, ਤੁਸੀਂ ਏਸ ਵੇਲੇ ਨਵਾਬ ਸਾਹਿਬ ਦੀ ਕੋਰਟ ਵਿਚ ਓਂ। ਦੇਖੋ ਬੱਚਿਓ! ਕੋਰਟ ਦੀ ਮਰਿਆਦਾ ਹੋਇਆ ਕਰਦੀ ਹੈ, ਉਹ ਮਰਿਆਦਾ ਇਹ ਹੈ ਕਿ ਤੁਸੀਂ ਸੱਤ ਵਾਰੀ ਝੁਕ ਕੇ ਇਸ ਤਰ੍ਹਾਂ ਜਿਵੇਂ ਮੈਂ ਦਸਦਾ ਹਾਂ ਤੁਹਾਨੂੰ ਇਸ ਤਰ੍ਹਾਂ ਸਲਾਮ ਕਰੋ। ਉਸ ਨੇ ਝੁਕ ਕੇ ਸੱਤ ਵਾਰੀ ਮੱਥੇ 'ਤੇ ਹੱਥ ਲਾਇਆ ਉਹਨੇ। ਕਹਿੰਦਾ, ਬੱਚਿਓ! ਕੋਰਟ ਦੀ ਮਰਿਆਦਾ ਇਹ ਹੈ। ਇਸ ਤਰ੍ਹਾਂ ਕਰੋ। ਸਾਹਿਬਜ਼ਾਦਾ ਜ਼ੋਰਾਵਾਰ ਸਿੰਘ ਜੀ ਸਾਹਿਬਜ਼ਾਦਾ ਫਤਹਿ ਸਿੰਘ ਜੀ ਨੂੰ ਕਹਿਣ ਲੱਗੇ ਕਿ ਫਤਹਿ ਸਿੰਘਾ! ਇਹ ਇਸ ਤਰ੍ਹਾਂ ਕਹਿੰਦੇ ਨੇ ਤੇ ਤੂੰ ਵੀ ਸੁਣਿਆ ਤੇ ਵਿਚਾਰ ਕੀ ਹੈ? ਉਹ ਕਹਿਣ ਲੱਗਿਆ, ਵੀਰ ਜੀ! ਇਹ ਸੀਸ ਜੇ ਤਾਂ ਆਪਣੇ ਹੋਣ ਤਾਂ, ਤਾਂ ਝੁਕਣ। ਜਦੋਂ ਆਪਾਂ ਅੰਮ੍ਰਿਤਪਾਨ ਕੀਤਾ ਹੈ ਉਸ ਵੇਲੇ ਸਰੀਰ ਤਾਂ ਗੁਰੂ ਦੇ ਅਰਪਣ ਕਰ ਦਿਤੇ। ਇਹ ਹੁਣ ਸਾਡੇ ਤਾਂ ਹੈ ਨਹੀਂ। ਇਹ ਸੀਸ ਗੁਰੂ ਦੇ ਨੇ, ਗੁਰੂ ਦੇ ਸੀਸ ਜਿਹੜੇ ਨੇ ਉਹ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ, ਸਾਧੂਆਂ, ਬ੍ਰਹਮਗਿਆਨੀਆਂ ਦੇ ਮੂਹਰੇ ਤਾਂ ਝੁਕ ਸਕਦੇ ਨੇ, ਪਰ ਇਹ ਜਿਹੜੇ ਪਾਮਰ ਨੇ ਪਾਪ ਕਰਨ ਵਾਲੇ, ਦਿਨ ਰਾਤ ਪਾਪ ਕਰਦੇ ਨੇ। ਇਨ੍ਹਾਂ ਦੇ ਅੱਗੇ ਪਵਿੱਤਰ ਹੋਏ ਸੀਸ ਕਿਸ ਤਰ੍ਹਾਂ ਝੁਕ ਸਕਦੇ ਹਨ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਸੀਸ ਅਰਪ 'ਤੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਓਂ ਨਿਵਣੇ।***

ਕਹਿਣ ਲੱਗੇ, ਇਹ ਸੀਸ ਜਦੋਂ ਅੰਮ੍ਰਿਤ ਛਕਿਆ ਹੈ, ਉਸ ਵੇਲੇ

ਹੁਕਮ ਹੋਇਆ ਸੀ ਕਿ ਅੱਜ ਤੋਂ ਬਾਅਦ ਤੇਰਾ ਸੀਸ ਗੁਰੂ ਦਾ ਹੈ। ਗੁਰੂ ਦੀ ਬਾਣੀ ਕਹਿੰਦੀ ਹੈ–

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - 918*

*ਕਰਤਾ ਪੁਰਖ ਅਕਾਲ ਕ੍ਰਿਪਾਲੂ।*
*ਸਭਿ ਤੇ ਬਡੋ ਕਾਲ ਕੋ ਕਾਲੂ।*
*ਤਿਸ ਆਗੇ ਹਮ ਅਰਪੇ ਸੀਸ।*
*ਸਕਲ ਕਲਾ ਸਮਰਥ ਜਗਦੀਸ਼।*
*ਇਹ ਨਰ ਪਾਮਰ ਪਾਪ ਕਮਾਵੈਂ।*
*ਕਿਮ ਇਨ ਆਗੇ ਸੀਸ ਨਿਵਾਵੈਂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

ਕੋਈ ਹੈ ਤਰੀਕਾ ਕਿ ਪਾਪੀਆਂ ਦੇ ਅੱਗੇ ਗੁਰੂ ਨੂੰ ਦਿਤੇ ਹੋਏ ਸੀਸ ਨਿਵਾ ਦੇਈਏ। ਸਾਰਾ ਦਰਬਾਰ ਸੁਣ ਕੇ ਹੱਕਾ ਬੱਕਾ ਰਹਿ ਗਿਆ। ਸਾਰਿਆਂ ਦੇ ਦਿਲਾਂ 'ਚ ਆਪਣੇ-ਆਪਣੇ ਬੱਚਿਆਂ ਦਾ ਧਿਆਨ ਆਇਆ ਕਿ ਸਾਡੇ ਬੱਚੇ ਤਾਂ ਚੀਕਾਂ ਮਾਰ ਕੇ ਰੋ ਪੈਣੇ ਸੀ। ਇਹ ਕਿੰਨੀ ਛੋਟੀ ਉਮਰ ਦੇ ਨੇ ਤੇ ਕਿੱਡੀ ਦ੍ਰਿੜ੍ਹਤਾ ਦੇ ਨਾਲ ਜਵਾਬ ਦਿੰਦੇ ਨੇ ਕਿ ਸੀਸ ਸਾਡਾ ਤਾਂ ਹੈ ਨਹੀਂ ਇਹ ਤਾਂ ਗੁਰੂ ਨੂੰ ਅਰਪਿਆ ਹੋਇਆ ਹੈ। ਇਹ ਨਹੀਂ ਨਿਵਣੇ। ਪਰ ਉਥੇ ਇਕ ਸੁੱਚਾ ਨੰਦ ਜਿਸ ਦਾ ਨਾਮ ਸੀ ਪਰ ਜਿਹਨੂੰ ਝੂਠਾ ਨੰਦ ਕਹਿੰਦੇ ਨੇ। ਸੁੱਚਾ ਨੰਦ ਕਹਿਣ ਨੂੰ ਵੀ ਜੀਅ ਨਹੀਂ ਕਰਦਾ ਕਿਸੇ ਦਾ। ਸਾਰਾ ਦਰਬਾਰ ਚੁੱਪ ਹੈ, ਕਈਆਂ ਦੇ ਨੇਤਰਾਂ ਦੇ ਜਲ ਆਇਆ ਹੋਇਆ ਹੈ ਕਿ ਹੈਂ ਛੋਟੇ ਬੱਚੇ, ਪਤਾ ਨਹੀਂ ਨਵਾਬ ਦੀ ਕੀ ਮਰਜ਼ੀ ਹੋਵੇ, ਕੀ ਕਰੇ। ਇਹ ਤਾਂ ਬੱਚੇ ਕਿੰਨੇ ਸੁੰਦਰ ਨੇ, ਕਿੰਨੀ ਖਿੱਚ ਹੈ ਇਨ੍ਹਾਂ ਦੇ ਅੰਦਰ, ਕਿੰਨਾਂ ਇਨ੍ਹਾਂ ਦੇ ਚਿਹਰਿਆਂ 'ਤੇ ਹਸਮੁੱਖਤਾ ਹੈ, ਨੇਤਰ ਇਨ੍ਹਾਂ ਦੇ ਕਿੰਨੇ ਰੰਗੀਨ ਨੇ। ਖਿੱਚ ਪੈਂਦੀ ਹੈ ਹਿਰਦੇ 'ਚ ਧੂਹ ਪੈਂਦੀ ਹੈ ਕਿ ਇਨ੍ਹਾਂ ਬੱਚਿਆਂ ਨੂੰ ਕੁਛ ਕਰ ਦੇਣਗੇ।

ਉਹ ਬੋਲਿਆ, ਨਵਾਬ ਸਾਹਿਬ! ਸੁਣ ਲਈ ਗੱਲ? ਪਾਮਰ ਦਸਦੇ ਨੇ ਤੁਹਾਨੂੰ। ਕਹਿੰਦੇ, ਕਿੰਨੀ ਕਰੜੀ ਬੋਲੀ ਬੋਲਦੇ ਨੇ, ਉਹ ਤਾਂ ਵੱਡਾ ਖੜੱਪਾ ਸੱਪ ਹੈ ਜਿਹੜਾ ਤੁਹਾਡੀ ਮਾਰ 'ਚੋਂ ਨਿਕਲ ਗਿਆ। ਇਹ ਸਪੋਲੀਏ ਨੇ, ਨਾਗਾਂ ਦੇ ਬੱਚੇ ਨੇ ਇਹ। ਇਨ੍ਹਾਂ ਨੂੰ ਤੁਸੀਂ ਛੱਡਣ ਦੀ ਗੱਲ ਸੋਚ ਰਹੇ ਓਂ। ਬਿਲਕੁਲ ਨਹੀਂ, ਇਹ ਛੱਡਣ ਜੋਗੇ ਹੈ ਹੀ ਨਹੀਂ। ਇਸ ਤਰ੍ਹਾਂ ਦੇ ਨਾਲ ਕਹਿੰਦਾ ਹੈ -

*ਧਾਰਨਾ - ਇਹ ਬੱਚੇ ਨਾਗਾਂ ਦੇ,*
*ਇਹ ਨਹੀਂ ਜਿਉਂਦੇ ਛੱਡਣੇ ਜੋਗੇ।*

ਕਹਿਣ ਲੱਗਿਆ, ਨਵਾਬ ਸਾਹਿਬ! ਕਿੰਨੇ ਛੋਟੇ ਤੇ ਕਿੰਨੀ ਕਰੜੀ ਗੱਲ ਕਹਿ ਰਹੇ ਨੇ -

*ਇਹ ਨਾਗਨ ਕੇ ਬੱਚੇ ਛੋਟੇ।*

*ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤਾਈਂ ਜ਼ਹਿਰੀਲੇ ਨੇ।

*ਨਹਿੰ ਨਬਾਬ ਕੋ ਕਰਹਿੰ ਸਲਾਮੂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

ਤੁਹਾਨੂੰ ਸਲਾਮ ਕਰੀ ਹੈ ਇਨ੍ਹਾਂ ਨੇ ਆ ਕੇ?

*ਡਰਪਤਿ ਨਹੀਂ ਬਿਲੋਕਿ ਤਮਾਮੂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

ਭੋਰਾ ਜਿੰਨਾ ਵੀ ਡਰ ਨਹੀਂ ਮੰਨਿਆ।

*ਇਨ ਕੇ ਉਰ ਹੰਕਾਰ ਬਡੇਰੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

ਦੇਖੋ ਛੋਟੀ ਉਮਰ ਵਿਚ ਕਿੰਨਾ ਹੰਕਾਰ ਹੈ ਇਨ੍ਹਾਂ ਵਿਚ।

*ਕਿਮ ਇਹ ਝੁਕਹਿੰ ਨਬਾਬ ਅਗੇਰੇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951*

'ਕਿਵੇਂ ਨਵਾਬ ਦੇ ਅੱਗੇ ਝੁੱਕਣ' ਤਾਂ ਇਹ ਸੁਣ ਕੇ ਉਸ ਵੇਲੇ ਨਵਾਬ ਨੇ ਅੱਖਾਂ ਕਸ ਲਈਆਂ। ਘੂਰ ਕੇ ਦੇਖਣ ਲੱਗ ਗਿਆ, ਕਹਿੰਦਾ ਓਏ ਬੱਚਿਓ! ਤੁਹਾਡਾ ਪਿਤਾ ਮਾਰਿਆ ਗਿਆ, ਤੁਹਾਡੇ ਦੋ ਭਰਾ ਉਥੇ ਮਾਰੇ ਗਏ ਨੇ। ਕੋਈ ਸਿੱਖ ਜਿਉਂਦਾ ਨਹੀਂ ਗਿਆ। ਇਸ ਵੇਲੇ ਤੁਹਾਡਾ ਕੌਣ ਹੈ ਜਿਹੜਾ ਸਹਾਇਤਾ ਕਰ ਦਏਗਾ। ਕੋਈ ਹੈ ਜਿਹੜਾ ਤੁਹਾਡੀ ਮਦਦ ਕਰ ਦਏਗਾ? ਕਹਿਣ ਲੱਗੇ, ਨਵਾਬ ਸਾਹਿਬ! ਮਦਦ ਕਰਨ ਵਾਲਾ ਤਾਂ ਸਾਡੇ ਨਾਲ ਹੀ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*

*ਅੰਗ – 677*

ਮੇਰਾ ਪਾਰਬ੍ਰਹਮ ਪ੍ਰਮੇਸ਼ਰ ਮੇਰੇ ਨਾਲ ਹੈ ਤੇ ਬਾਕੀ ਜਿਹੜੀ ਤੁਸੀਂ ਗੱਲ ਕਹਿੰਦੇ ਓਂ ਕਿ ਉਹ ਮਾਰ ਦਿਤੇ। ਕਹਿੰਦੇ, ਸੂਰਜ ਨੂੰ ਕੋਈ ਮਾਰ ਦਏਗਾ? ਚੰਦਰਮਾ ਨੂੰ ਮਾਰਨ ਦੀ ਤੇਰੇ 'ਚ ਤਾਕਤ ਹੈ? ਉਹ ਤਾਂ ਕਰੋੜਾਂ ਚੰਦਰਮਾ, ਕਰੋੜਾਂ ਸੂਰਜਾਂ ਦਾ ਮਾਲਕ ਨੇ, ਉਨ੍ਹਾਂ ਦੇ ਤਾਂ ਛਾਂ ਨੂੰ ਵੀ ਕੋਈ ਨਹੀਂ ਛੂਹ ਸਕਦਾ। ਕੌਣ ਹੈ ਦੁਨੀਆਂ ਦੇ ਅੰਦਰ, ਜਿਹੜਾ ਸਾਡੇ ਪਿਤਾ ਨੂੰ ਮਾਰ ਦਏਗਾ? ਉਹ ਸਾਡੇ ਨਾਲ ਹੈ, ਅੰਗਸੰਗ ਹੈ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥*

*ਅੰਗ – 394*

ਕਹਿਣ ਲੱਗੇ, ਬੱਚਿਓ! ਤੁਹਾਨੂੰ ਡਰ ਨਹੀਂ ਕਿਸੇ ਦਾ? ਉਹ ਕਹਿੰਦੇ, ਡਰ ਕੀਹਦਾ ਮੰਨੀਏ -

***ਸੋ ਡਰੈ ਜਿ ਪਾਪ ਕਮਾਵਦਾ.....॥*** ***ਅੰਗ - 84***

ਡਰਦਾ ਉਹ ਹੈ ਜਿਹੜਾ ਪਾਪ ਕਮਾਂਵਦਾ ਹੈ। ਜਿਹਨੇ ਨਿਰਭਉ ਜਪ ਲਿਆ -

***ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥***
***ਡਰਿ ਡਰਿ ਪਚੇ ਮਨਮੁਖ ਵੇਚਾਰੇ ॥*** ***ਅੰਗ - 677***

ਮਨਮੁੱਖਾਂ ਦਾ ਡਰ ਹੈ ਜਿਨ੍ਹਾਂ ਦਾ ਕੋਈ ਵਾਲੀਵਾਰਸ ਨਹੀਂ। ਸਾਡੇ ਤਾਂ ਰੋਮ-ਰੋਮ ਦੇ ਵਿਚੋਂ ਵਾਹਿਗੁਰੂ ਦੀ ਧੁਨੀ ਨਿਕਲ ਰਹੀ ਹੈ। ਸਾਡੇ ਨਾਲ ਵਾਹਿਗੁਰੂ ਹੈ, ਅਸੀਂ ਕਿਵੇਂ ਡਰੀਏ।

ਸਾਡੇ ਗੁਰੂ ਦਾ ਸਿਧਾਂਤ ਹੈ, ਅਸੀਂ ਨਾ ਕਿਸੇ ਨੂੰ ਡਰਾਉਂਦੇ ਹਾਂ, ਨਾ ਕਿਸੇ ਤੋਂ ਡਰਦੇ ਹਾਂ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - 1427***

ਸਾਨੂੰ ਡਰ ਕਿਉਂ ਨਹੀਂ ਹੈ ਕਿਉਂਕਿ ਸੰਸਾਰ ਦੇ ਉਤੇ ਪ੍ਰਮੇਸ਼ਰ ਦੀ ਜੋਤ ਹੈ ਸਾਰੇ। ਇਥੇ ਕੋਈ ਬੁਰਾ ਨਹੀਂ ਹੈ-

ਅਸੀਂ ਕਿਵੇਂ ਡਰੀਏ, ਵਾਹਿਗੁਰੂ ਤਾਂ ਅੰਗ-ਸੰਗ ਹੈ ਸਾਡੇ। ਅਸੀਂ ਨਾ ਕਿਸੇ ਨੂੰ ਡਰ ਦੇਈਏ ਤੇ ਨਾ ਕਿਸੇ ਦਾ ਡਰ ਮੰਨਣਾ ਇਹ ਤਾਂ ਸਾਨੂੰ ਗੁੜ੍ਹਤੀ 'ਚ ਘੋਲ ਕੇ ਪਿਲਾਇਆ ਗਿਆ ਹੈ।

ਕਹਿਣ ਲੱਗਿਆ, ਦੇਖੋ ਅਜੇ ਵੀ ਸੁਣ ਲਓ, ਤੁਸੀਂ ਛੋਟੇ-ਛੋਟੇ ਬੱਚੇ ਓਂ, ਤੁਹਾਨੂੰ ਸਮਝ ਨਹੀਂ ਹੈ। ਤੁਸੀਂ ਦੀਨ 'ਚ ਆ ਜਾਓ, ਸ਼ਰ੍ਹਾ ਕਰ ਲਓ। ਉਸ ਤੋਂ ਬਾਅਦ ਤੁਹਾਨੂੰ ਮੈਂ ਆਪਣੇ ਸਪੈਸ਼ਲ ਬੱਚੇ ਜਾਣ ਕੇ ਪਾਲਾਂਗਾ। ਤੁਹਾਨੂੰ ਵੱਡੀਆਂ ਜਾਇਦਾਦਾਂ ਦੇਵਾਂਗਾ, ਵੱਡੀ ਵਡਿਆਈ ਦੇਵਾਂਗਾ ਤੇ ਆਪਣੇ ਕੋਲ ਰੱਖਾਂਗਾ। ਤੁਹਾਨੂੰ ਫੌਜ ਵੀ ਦੇ ਦੇਵਾਂਗਾ, ਪਿੰਡ ਵੀ ਦੇ ਦੇਵਾਂਗਾ। ਐਨੀ ਕੁ ਗੱਲ ਹੈ ਕਿ ਤੁਸੀਂ ਹੁਣ ਵਾਹਿਗੁਰੂ ਕਹਿੰਦੇ ਓਂ, ਫੇਰ ਅੱਲਾਹ ਕਹਿਣ ਲੱਗ ਜਾਓਂਗੇ। ਕਹਿੰਦੇ, ਇਹਦੇ 'ਚ ਕੀ ਫਰਕ ਹੈ? ਗੱਲ ਨਵਾਬ ਸਾਹਿਬ ਇਹ ਹੈ ਕਿ ਹੁਣ ਵਾਹਿਗੁਰੂ ਛੱਡਿਆ ਨਹੀਂ ਜਾਂਦਾ, ਉਹ ਸਾਡੇ ਰੋਮ-ਰੋਮ ਦੇ ਵਿਚ ਸਮਾ ਗਿਆ। ਹੁਣ ਤਾਂ ਸਾਡੇ ਇਕ-ਇਕ ਰੋਮ ਦੇ ਵਿਚੋਂ ਆਵਾਜ਼ ਆ ਰਹੀ ਹੈ, ਵਾਹਿਗੁਰੂ ਦੀ ਧੁਨ ਹੈ ਕੋਈ ਰੋਮ ਐਸਾ ਨਹੀਂ ਜਿੱਥੋਂ ਵਾਹਿਗੁਰੂ ਧੁਨ ਨਾ ਆਵੇ। ਅਸੀਂ ਛੱਡ ਕਿਵੇਂ ਦੇਈਏ, ਵਾਹਿਗੁਰੂ-ਅੱਲਾਹ 'ਚ ਤੂੰ ਫਰਕ ਸਮਝਦਾ ਹੈਂ? ਸਾਡੇ ਵਾਸਤੇ ਕੋਈ ਫਰਕ ਨਹੀਂ।

ਇਸ ਤਰ੍ਹਾਂ ਦੇ ਨਾਲ ਗੱਲਾਂ ਹੁੰਦੀਆਂ ਰਹੀਆਂ। ਕਹਿਣ ਲੱਗੇ, ਬੱਚਿਓ! ਤੁਹਾਨੂੰ ਨਹੀਂ ਪਤਾ ਮੌਤ ਦਾ, ਮੌਤ ਕੀ ਹੁੰਦੀ ਹੈ? ਕਹਿਣ ਲੱਗੇ, ਨਵਾਬ

ਸਾਹਿਬ! ਮੌਤ ਦੇ ਉਤੇ, ਗੁਰਸਿੱਖ ਨੇ ਜਿੱਤ ਪਾਈ ਹੁੰਦੀ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - 1365*

ਮੌਤ ਕੀ ਹੁੰਦੀ ਹੈ? ਇੱਕ ਘਰ ਛੱਡ ਕੇ ਦੂਸਰੇ 'ਚ ਚਲੇ ਜਾਣਾ। ਅਸੀਂ ਤਾਂ ਨਹੀਂ ਨਾ ਮਰਦੇ। ਸਰੀਰ ਮਰਦਾ ਹੈ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*

*ਅੰਗ-1429*

ਬਾਕੀ ਦੂਜੀ ਗੱਲ ਹੈ ਕਿ ਤੁਸੀਂ ਕਹਿੰਦੇ ਓਂ ਕਿ ਇਸਲਾਮ ਧਾਰਨ ਕਰ ਲਓ, ਫੇਰ ਗਾਰੰਟੀ ਹੈ ਕਿ ਅਸੀਂ ਜੀਉਂਦੇ ਰਹਾਂਗੇ? ਜਾਂ ਤਾਂ ਗਾਰੰਟੀ ਦੇ ਕਿ ਫੇਰ ਨਹੀਂ ਕਦੇ ਵੀ ਮਰੋਂਗੇ? ਇਥੇ ਰਿਹਾ ਹੈ ਕੋਈ ਸੰਸਾਰ 'ਤੇ -

*ਧਾਰਨਾ - ਕਿੱਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥*
*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ਅੰਗ - 488*

ਕਹਿੰਦੇ, ਕਿੱਡੇ ਵੱਡੇ-ਵੱਡੇ ਸੰਸਾਰ 'ਤੇ ਆਏ ਨੇ।

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਦੱਸ ਜੇ ਅਸੀਂ ਇਸਲਾਮ ਧਾਰਨ ਕਰ ਲਿਆ, ਜੀਉਂਦੇ ਰਹਾਂਗੇ? ਸੰਸਾਰ ਤੋਂ ਤਾਂ ਨਵਾਬ ਸਾਹਿਬ ਜਾਣਾ ਹੀ ਜਾਣਾ ਹੈ। ਕਾਰਣ ਬਣਦਾ ਹੈ, ਕੋਈ ਅੱਜ ਤੱਕ ਇਸ ਸੰਸਾਰ 'ਤੇ ਨਹੀਂ ਰਿਹਾ। ਬਾਕੀ ਜਿਹੜੀ ਤੁਸੀਂ ਗੱਲ ਕਰਦੇ ਓਂ ਕਿ ਤੁਸੀਂ ਸ਼ਰ੍ਹਾ ਕਰ ਲਓ। ਕਹਿੰਦੇ, ਸ਼ਰਾ ਦੇ (ਇਸ ਤਰ੍ਹਾਂ ਹੀ ਲਿਖਿਆ ਹੋਇਆ ਹੈ ਜਿਵੇਂ ਮੈਂ ਬੋਲਦਾ ਹਾਂ) ਅਸੀਂ ਜੁੱਤੀ ਮਾਰਦੇ ਹਾਂ। ਅਸੀਂ ਆਪਣਾ ਐਡਾ ਪਵਿੱਤਰ ਧਰਮ ਛੱਡੀਏ?

ਕਹਿੰਦਾ, ਐ ਬੱਚਿਓ! ਤੁਹਾਨੂੰ ਹੁਣ ਮੌਤ ਦਾ ਸਾਮ੍ਹਣਾ ਕਰਨਾ ਪੈਣਾ

ਹੈ। ਬਹੁਤ ਸਖਤ ਕਿਸਮ ਦੀ ਮੌਤ ਮੈਂ ਦੇਵਾਂਗਾ। ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਵਲ ਦੇਖਣ ਲੱਗ ਗਏ, ਫਤਹਿ ਸਿੰਘ ਕੀ ਜਵਾਬ ਦੇਈਏ? ਕਹਿੰਦੇ, ਦੇਖੋ, ਆਪਣੇ ਪੜਦਾਦਾ ਜੀ, ਕਿੱਡੇ ਤਸੀਹੇ ਸਹਿ ਲਏ, ਤੱਤੀਆਂ ਤਵੀਆਂ 'ਤੇ ਬਹਿ ਗਏ, ਉਬਲਦੇ ਪਾਣੀ 'ਚ ਉਬਾਲੇ ਗਏ। ਰੇਤਾ ਸੀਸ ਉਤੇ ਗਰਮ ਪਾਇਆ ਗਿਆ। ਲੇਕਿਨ ਉਨ੍ਹਾਂ ਨੇ ਤਾਂ ਸੀ ਨਹੀਂ ਕਰੀ ਤੇ ਬਾਬਾ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰਾਖੀ ਵਾਸਤੇ ਆਪਣਾ ਬਲੀਦਾਨ ਦੇ ਦਿਤਾ। ਕਹਿੰਦੇ, ਵੀਰ ਜੀ! ਇਸ ਵੇਲੇ ਜੋ ਗੁਰੂ ਵੰਸ ਦੀ ਜੋ ਰੀਤ ਹੈ ਉਹ ਸਾਨੂੰ ਅਪਣਾਉਣੀ ਪੈਣੀ ਹੈ –

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952***

ਕਹਿੰਦੇ, ਅਸੀਂ ਤਾਂ ਨਵਾਬ ਤੇਰੀਆਂ ਜੜ੍ਹਾਂ ਉਖਾੜਨ ਵਾਸਤੇ ਸੀਸ ਦੇ ਰਹੇ ਹਾਂ। ਸਾਡੇ ਪੜਦਾਦੇ ਨੇ, ਸਾਡੇ ਦਾਦੇ ਨੇ ਇਸਲਾਮੀ ਰਾਜ ਦੀਆਂ ਜੜ੍ਹਾਂ ਨੂੰ ਅੱਗ ਲਾ ਦਿਤੀ ਹੈ। ਸਾਡੇ ਸੀਸ ਜਿਹੜੇ ਨੇ ਉਹ ਹਵਾ ਚੱਲੇਗੀ, ਹਨ੍ਹੇਰੀ ਚੱਲੇਗੀ, ਉਹਨੇ ਜਲਦੀ ਹੀ ਤੁਹਾਡੇ ਰਾਜ ਦਾ ਨਾਸ਼ ਕਰ ਦੇਣਾ ਹੈ। ਪਾਪ ਦਾ ਰਾਜ ਕਦੇ ਵੀ ਨਹੀਂ ਚੱਲਿਆ ਕਰਦਾ। ਅੱਜ ਤੱਕ ਇਤਿਹਾਸਾਂ 'ਚ ਆਉਂਦਾ ਹੈ ਕਿ ਜਿਸ ਰਾਜੇ ਨੇ ਪਾਪ ਕਰੇ ਨੇ ਉਹ ਖਤਮ ਹੋ ਜਾਂਦਾ ਹੈ, ਬਹੁਤ ਛੇਤੀ ਖਤਮ ਹੋ ਜਾਂਦਾ ਹੈ। ਸੋ ਅਸੀਂ ਤਾਂ ਸੀਸ ਦੇਣਾ ਹੈ, ਆਪਣਾ ਧਰਮ ਨਹੀਂ ਵਿਗਾੜਨਾ ਤੇ ਮੌਤ ਦਾ ਜਿਹੜਾ ਤੁਸੀਂ ਬਾਰ-ਬਾਰ ਡਰਾਵਾ ਦਿੰਦੇ ਓਂ, ਮੌਤ ਨੂੰ ਤਾਂ ਅਸੀਂ ਆਪਣੇ ਆਪ ਹੀ ਚਾਹੁੰਦੇ ਹਾਂ–

***ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

ਮੌਤ ਦਾ ਬਾਰ-ਬਾਰ ਨਾ ਸਾਨੂੰ ਡਰਾਵਾ ਦਿਓ। ਦੇਖੋ, ਸੰਸਾਰ 'ਤੇ ਜੋ ਵੀ ਆਇਆ ਹੈ, ਉਹ ਤੂੰ ਵੀ ਨਹੀਂ ਰਹਿਣਾ, ਤੇਰੇ ਪਰਿਵਾਰ ਨੇ ਵੀ ਨਹੀਂ ਰਹਿਣਾ, ਤੇਰੇ ਬਾਦਸ਼ਾਹ ਔਰੰਗਜ਼ੇਬ ਨੇ ਵੀ ਨਹੀਂ ਰਹਿਣਾ। ਜਦ ਜਾਣਾ ਹੀ ਹੈ ਫੇਰ ਸਿਆਣਾ ਬੰਦਾ ਇਹ ਸੋਚਦਾ ਹੈ ਕਿ ਕਿਹੜੀ ਚੀਜ਼ ਨਾਲ ਜਾਏਗੀ। ਅਸੀਂ ਪਤਿਤ ਹੋ ਜਾਈਏ, ਦੀਨ ਤੋਂ ਗਿਰ ਜਾਈਏ, ਸਾਨੂੰ ਤਾਂ ਨਰਕਾਂ ਨੇ ਵੀ ਨਹੀਂ ਸਹਿਣਾ। ਸਾਨੂੰ ਬੜੀ ਖੁਸ਼ੀ ਹੈ ਕਿ ਅਸੀਂ ਤੇਰੇ ਹੱਥੀਂ ਤੁਰਨਾ ਹੈ ਲੇਕਿਨ ਅਸੀਂ ਧਰਮ ਨਾਲ ਲੈ ਕੇ ਜਾਣਾ ਹੈ–

***ਧਾਰਨਾ – ਇਥੇ ਰਿਹਾ ਨਾ ਜਗਤ ਉਤੇ,***
***ਸੱਚਾ ਧਰਮ ਨਾਲ ਜਾਵਣੈ।***

ਕਹਿਣ ਲੱਗੇ, ਕੌਣ ਮੂਰਖ ਹੈ ਜੋ ਧਰਮ ਤਿਆਗ ਦੇਵੇ ਤੇ ਕੂੜੇ ਪਦਾਰਥਾਂ ਦੇ ਉਤੇ ਰੁੱਝ ਜਾਵੇ।

***ਕਹਾਂ ਮੰਦ ਮਤਿ! ਤੂੰ ਬਿਰਮਾਵੈਂ।***
***ਕੂਰ ਪਦਾਰਥ ਪਰ ਨ ਲੁਭਾਵੈਂ।***

*ਧਰਮ ਸਾਚ ਹੈ ਸਦ ਹੀ ਸੰਗ।*
*ਕੋ ਅਸ ਮੂਰਖ ਕਰਹਿ ਜੁ ਭੰਗ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952*

ਮੂਰਖ ਹੈ ਜਿਹੜਾ ਕੋਈ ਧਰਮ ਭੰਗ ਕਰੇ। ਉਸ ਵੇਲੇ ਨਵਾਬ ਨੇ ਕੋਲ ਇਕ ਸੀਗਾ, ਕਹਿਣ ਲੱਗਿਆ, ਤੇਰਾ ਪਿਤਾ ਮਾਰਿਆ ਹੈ ਇਨ੍ਹਾਂ ਨੇ, ਤੂੰ ਬਦਲਾ ਲੈ ਲੈ। ਨੀਵੀਂ ਪਾ ਗਿਆ ਉਹ। ਸਾਰੀ ਸਭਾ ਵਲ ਦੇਖਿਆ। ਸਾਰੀ ਸਭਾ ਦੇ ਵਿਚ ਇਕ ਬੰਦਾ ਹੈ ਜਿਹੜਾ ਠੀਕ ਨਹੀਂ ਹੋ ਰਿਹਾ, ਝੂਠਾ ਨੰਦ। ਉਹਦੇ ਮਨ ਦੇ ਅੰਦਰ ਕੋਈ ਹਮਦਰਦੀ ਪੈਦਾ ਨਹੀਂ ਹੋਈ। ਬਾਕੀਆਂ ਵਲ ਦੇਖਿਆ, ਕਿਸੇ ਦੇ ਨੇਤਰਾਂ 'ਚ ਪਾਣੀ ਆ ਰਿਹਾ ਹੈ। ਬਾਕੀ ਨੀਵੀਆਂ ਪਾਈ ਬੈਠੇ ਨੇ, ਕਹਿੰਦੇ ਅਸੀਂ ਬੱਚਿਆਂ ਨੂੰ ਕਿਉਂ ਮਾਰੀਏ? ਹੈ ਕੋਈ ਬੱਚਿਆਂ ਨੂੰ ਮਾਰਨ ਵਾਲਾ। ਜਿਸ ਵਕਤ ਨਵਾਬ ਮਲੇਰਕੋਟਲੀਏ ਵਲ ਦੇਖਿਆ, ਕਹਿਣ ਲੱਗਿਆ, ਤੁਹਾਡੇ ਤਾਂ ਬੰਦੇ ਮਾਰ ਦਿਤੇ ਗੁਰੂ ਨੇ ਚਮਕੌਰ 'ਚ। ਤੁਸੀਂ ਬਦਲਾ ਲੈ ਲਓ। ਕਹਿਣ ਲੱਗੇ, ਨਵਾਬ ਸਾਹਿਬ! ਕੀ ਅਸੀਂ ਐਨੇ ਕਾਇਰ ਹਾਂ। ਇਹ ਸ਼ੀਰਖੋਰ ਬੱਚਿਆਂ ਨੂੰ ਮਰਨ ਤੇ ਜੀਵਨ ਦਾ ਕੀ ਪਤਾ ਹੈ। ਇਹ ਤਾਂ ਅਜੇ ਬੱਚੇ ਨੇ ਖੇਲ੍ਹਣ ਜਾਣਦੇ ਨੇ, ਹੋਰ ਗੱਲਾਂ ਜਾਣਦੇ ਨਹੀਂ। ਤੁਸੀਂ ਐਡੀ ਸਖਤ ਸਜ਼ਾ ਦਿੰਦੇ ਓਂ, ਇਹ ਇਸਲਾਮ ਦੀ ਤੌਹੀਨ ਕਰ ਰਹੇ ਓਂ ਤੁਸੀਂ। ਦੀਨ-ਏ-ਇਸਲਾਮਤ ਲਾਹਨਤ ਪਾਏਗਾ ਤੁਹਾਡੇ ਉਤੇ। ਬੱਚਿਆਂ ਨੂੰ ਮਾਰਨ ਦਾ ਮਨਸੂਬਾ ਸੋਚ ਰਹੇ ਓਂ, ਇਨ੍ਹਾਂ ਨੇ ਕਰਿਆ ਕੀ ਹੈ? ਵਿਗਾੜਿਆ ਕੀ ਹੈ? ਜਿਹੋ ਜਿਹੇ ਤੇਰੇ ਬੱਚੇ, ਉਹੋ ਜਿਹੇ ਗੁਰੂ ਦੇ ਬੱਚੇ। ਹਾਂ, ਬੱਚੇ ਜਵਾਨ ਹੋਣਗੇ, ਸ਼ਸਤਰ ਚੁੱਕਣਗੇ, ਅੱਲਾਹ ਤਾਲਾਹ ਨੇ ਸਾਨੂੰ ਰੱਖਿਆ, ਫੇਰ ਮੈਦਾਨ-ਏ-ਜੰਗ 'ਚ ਲੜਾਂਗੇ ਇਨ੍ਹਾਂ ਨਾਲ। ਆਹ ਕੋਈ ਤਰੀਕਾ ਹੈ ਕਿ ਬੱਚਿਆਂ ਦੀਆਂ ਗਰਦਨਾਂ ਵੱਢ ਦਿਓ। ਉਸ ਵੇਲੇ ਸਾਰੀ ਸਭਾ 'ਚੋਂ ਕੋਈ ਨਹੀਂ ਤਿਆਰ ਹੁੰਦਾ।

ਮਾਹੀ ਕਹਿਣ ਲੱਗਿਆ, ਮਹਾਰਾਜ! ਸਲੋਅ ਵਾਲੇ ਨੀਵੀਆਂ ਪਾਈ ਬੈਠੇ ਨੇ। ਕੋਈ ਨਹੀਂ ਸ਼ਸਤਰ ਚੁੱਕਦਾ, ਐਨੇ ਨੂੰ ਨਵਾਬ ਨੇ ਸਜ਼ਾ ਸੁਣਾ ਦਿਤੀ ਕਿ ਇਨ੍ਹਾਂ ਨੂੰ ਨੀਹਾਂ 'ਚ ਚਿਣ ਦਿਓ। ਕਹਿੰਦੇ, ਜਿਸ ਵਕਤ ਛਾਤੀ ਤਕ ਚਲੀ ਗਈ ਕੰਧ, ਉਸ ਵੇਲੇ ਉਥੇ ਜ਼ਲਜ਼ਲਾ ਆਇਆ, ਭੁਚਾਲ ਆਇਆ, ਕੰਧ ਇੱਟ-ਇੱਟ ਹੋ ਕੇ ਗਿਰ ਗਈ। ਲੇਕਿਨ ਸਾਹਿਬਜ਼ਾਦੇ ਮਹਾਰਾਜ! ਉਹ ਬੇਹੋਸ਼ ਹੋ ਚੁੱਕੇ ਸੀ। ਕੰਬਲ ਪਾਏ ਉਨ੍ਹਾਂ ਉਤੇ, ਹੋਸ਼ ਲਿਆਉਣ ਦਾ ਯਤਨ ਕਰਿਆ। ਕਹਿੰਦੇ, ਜਦੋਂ ਹੋਸ਼ ਆਈ ਉਸ ਵੇਲੇ ਫੇਰ ਪੁੱਛਿਆ, ਉਹ ਕਹਿੰਦੇ ਬਾਰ-ਬਾਰ ਕਿਉਂ ਪੁੱਛਦੇ ਓਂ, ਜਦ ਅਸੀਂ ਇਕ ਗੱਲ ਕਹਿ ਦਿਤੀ।

ਸੱਚੇ ਪਾਤਸ਼ਾਹ! ਦਿੱਲੀ ਤੋਂ ਜਲਾਲਦੀਨ ਨਾਮ ਦਾ ਜਲਾਦ ਆ ਗਿਆ, ਦੋ ਭਾਈ ਸੀਗੇ। ਜਦੋਂ ਨਵਾਬ ਨੇ ਉਨ੍ਹਾਂ ਨੂੰ ਕਿਹਾ, ਉਨ੍ਹਾਂ ਨੇ ਫੇਰ ਸੱਚੇ ਪਾਤਸ਼ਾਹ! ਮੈਂ ਕੀ ਦੱਸਾਂ, ਮੇਰੇ ਤੋਂ ਦੱਸਿਆ ਨਹੀਂ ਜਾਂਦਾ। ਠਹਿਰ ਕੇ ਫੇਰ ਦੱਸਿਆ, ਸੱਚੇ ਪਾਤਸ਼ਾਹ! ਮੈਨੂੰ ਦੱਸਿਆ ਹੈ ਕਿ ਉਨ੍ਹਾਂ ਜਲਾਦਾਂ ਨੇ

ਮਾਸੂਮ ਬੱਚਿਆਂ ਦੀਆਂ ਛਾਤੀਆਂ ਦੇ ਉਤੇ ਕਿੰਨੇ-ਕਿੰਨੇ ਭਾਰੇ ਚਾਰ-ਚਾਰ ਮਣ ਦੇ ਗੋਡੇ ਰੱਖ ਕੇ, ਗਰਦਨ ਜਿਵੇਂ ਬੱਕਰੇ ਨੂੰ ਜਿਹਬਾ ਕਰੀਦਾ ਹੈ, ਇਸ ਤਰ੍ਹਾਂ ਹੌਲੀ-ਹੌਲੀ ਛੁਰੀ ਘੁਮਾ ਕੇ ਗਰਦਨ ਕੱਟ ਦਿਤੀ। ਸੱਚੇ ਪਾਤਸ਼ਾਹ! ਇਕ ਵੀ ਬੰਦਾ ਨਹੀਂ ਨਿਤਰਿਆ, ਇੱਕ ਵੀ ਬੰਦਾ ਨਹੀਂ ਨਿਤਰਿਆ, ਇਕ ਮਲੇਰਕੋਟਲੀਏ ਸੀਗੇ ਜਿਹੜੇ ਸਭਾ ਛੱਡ ਗਏ ਏਸ ਗੱਲ ਨੂੰ ਸੁਣ ਕੇ।

ਮਹਾਰਾਜ ਬਚਨ ਸੁਣਦੇ ਨੇ, ਪਲੰਘੇ 'ਤੇ ਬੈਠੇ ਨੇ, ਕਹਿਣ ਲੱਗੇ, ਕੋਈ ਹਮਦਰਦੀ ਵਾਲਾ? ਕਹਿਣ ਲੱਗਿਆ, ਮਹਾਰਾਜ! ਟੋਡਰਮੱਲ, ਜਦੋਂ ਉਸ ਨੂੰ ਪਤਾ ਲੱਗਿਆ, ਉਹ ਆਇਆ ਕਿ ਮੈਂ ਸਾਰਾ ਹੀ ਧਨ, ਘਰ-ਬਾਰ, ਜ਼ਮੀਨ-ਜਾਇਦਾਦ ਦੇ ਦਿੰਦਾ ਹਾਂ। ਬੱਚਿਆਂ ਨੂੰ ਛੁਡਾ ਲਵਾਂ, ਲੇਕਿਨ ਉਹਦੇ ਆਉਂਦੇ ਤੱਕ ਭਾਣਾ ਵਰਤ ਗਿਆ ਸੀ। ਸੱਚੇ ਪਾਤਸ਼ਾਹ! ਉਹ ਮਾਤਾ ਜੀ ਕੋਲ ਗਿਆ, ਜਾ ਕੇ ਮਾਤਾ ਜੀ ਨੂੰ ਦੱਸਿਆ, ਐਨੇ ਨੂੰ ਮਾਤਾ ਜੀ ਕੀ ਦੇਖਦੇ ਨੇ ਦੋਵੇਂ ਸਾਹਿਬਜ਼ਾਦੇ ਸਾਮ੍ਹਣੇ ਖੜ੍ਹੇ ਨੇ। ਮਾਤਾ ਜੀ ਕਹਿਣ ਲੱਗੇ, ਲਾਲ ਜੀ! ਤੁਸੀਂ ਆ ਗਏ? ਕਹਿੰਦੇ ਹਾਂ, ਮਾਤਾ। ਬਾਬਾ ਜੀ ਕੋਲ ਜਾਣ ਦੀ ਤਿਆਰੀ ਕਰਕੇ ਆਏ ਹਾਂ ਤੇ ਅਸੀਂ ਤੁਹਾਨੂੰ ਨਾਲ ਲੈ ਕੇ ਚੱਲਣਾ ਹੈ। ਕਹਿੰਦੇ, ਹੈਂ। ਕਹਿੰਦੇ, ਹਾਂ ਸਾਡਾ ਇਹ ਦਿੱਬਯ ਸਰੀਰ ਹੈ, ਜਿਹਨੂੰ ਕੋਈ ਮਾਰ ਨਹੀਂ ਸਕਦਾ, ਕੱਟ ਨਹੀਂ ਸਕਦਾ। ਉਸ ਸਰੀਰ ਨਾਲ ਅਸੀਂ ਤੁਹਾਡੇ ਕੋਲ ਆਏ ਹਾਂ। ਤੁਸੀਂ ਬ੍ਰਹਮ ਸਰੂਪ ਓਂ, ਸਾਡੇ ਨਾਲ ਚੱਲੋ। ਉਸ ਵੇਲੇ ਮਾਤਾ ਜੀ ਨੇ ਚੌਂਕੜਾ ਮਾਰਿਆ, ਜਪੁਜੀ ਸਾਹਿਬ ਦਾ ਪੂਰਾ ਪਾਠ ਕਰਿਆ, ਤੇ ਸਵਾਸ ਖਿਚਿਆ, ਬ੍ਰਹਮ ਰੁੰਦਰ ਥਾਈਂ, ਦਸਵੇਂ ਦੁਆਰ ਥਾਈਂ ਸਵਾਸ ਕੱਢ ਦਿਤਾ, ਜਿਸ ਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਆਵੇ ਜਾਏ ਨਿਸੰਗ***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਤੁਸੀਂ ਨਾਮਧਾਰੀ ਇਤਿਹਾਸ ਪੜ੍ਹੋ, ਉਹਦੇ ਵਿਚ 14 ਸਾਲ ਦਾ ਬੱਚਾ ਮਿਸਟਰ ਕਾਬਨ ਨੇ ਛੱਡ ਦਿਤਾ ਆਪਣੀ ਮੇਮ ਦੇ ਕਹਿਣ 'ਤੇ ਕਿ ਇਸ ਬੱਚੇ ਨੇ ਕੀ ਕਸੂਰ ਕਰਿਆ ਹੈ। ਉਹਨੇ ਕਿਹਾ ਜਾਹ ਬਈ ਤੈਨੂੰ ਛੱਡ ਦਿਤਾ। ਮਾਂ ਕੋਲ ਚਲਿਆ ਗਿਆ, ਮਾਂ ਓਸ ਭੀੜ ਵਿਚ ਖੜ੍ਹੀ ਸੀ। ਮਾਂ ਕਹਿੰਦੀ, ਤੂੰ ਕਿਉਂ ਆ ਗਿਆ? ਕਹਿੰਦਾ, ਮੈਨੂੰ ਛੱਡ ਦਿਤਾ ਉਨ੍ਹਾਂ ਨੇ। ਕਹਿੰਦੀ, ਛੱਡ ਦਿਤਾ? ਸ਼ਹੀਦੀ ਦਾ ਜਹਾਜ਼ ਲੱਗਿਆ ਹੋਇਆ ਹੈ ਤੇ ਤੂੰ ਵਾਂਝਾ ਰਹਿਣਾ ਹੈ, ਵੱਡਾ ਹੋ ਕੇ ਕੀ ਪਤਾ ਤੂੰ ਕਿਹੋ ਜਿਹਾ ਹੋ ਜਾਵੇਂ? ਮੇਰੀ ਕੁੱਖ ਨੂੰ ਤੂੰ ਕਲੰਕਤ ਕਰ ਦੇਵੇਂ। ਜਾਹ, ਉਰੇ ਆ ਤੈਨੂੰ ਮੈਂ ਜੁਗਤ ਦਸਦੀ ਹਾਂ। ਜੁਗਤ ਦੱਸ ਦਿਤੀ, ਉਹ ਸਿੱਧਾ ਮਿਸਟਰ ਕਾਬਨ ਕੋਲ ਗਿਆ, ਜਾ ਕੇ ਕਹਿਣ ਲੱਗਿਆ ਤੇਰੇ ਨਾਲ ਗੱਲ ਕਰਨੀ ਹੈ। ਸਾਢੇ ਛੇ ਫੁੱਟ ਉਚਾ ਸੀ, ਦਾੜ੍ਹੀ ਧੁਨੀ ਤਕ ਆਉਂਦੀ ਸੀ। ਉਹ ਜਦੋਂ ਨੀਵਾਂ ਹੋਇਆ, ਬੱਚੇ ਨੇ

ਦਾੜ੍ਹੀ ਫੜ ਲਈ, ਨਾਲ ਲਟਕ ਗਿਆ, ਬਥੇਰਾ ਛੁਡਾਇਆ, ਐਸਾ ਜੋਸ਼ ਆਇਆ ਛੱਡਦਾ ਨਹੀਂ। ਰਾਮ ਸਿੰਘ ਨਾਭੇ ਦਾ, ਰਸਾਲਦਾਰ ਸੀਗਾ, ਉਹਨੇ ਕਿਰਚ ਕੱਢ ਕੇ, ਦੋਵੇਂ ਬਾਹਾਂ ਬੱਚੇ ਦੀਆਂ ਕੱਟ ਦਿਤੀਆਂ। ਜਦ ਬਾਹਾਂ ਕੱਟ ਗਈਆਂ, ਉਹ ਧਰਤੀ 'ਤੇ ਗਿਰ ਗਿਆ ਤੇ ਉਹਨੇ ਗਰਦਨ ਕੱਟ ਦਿਤੀ। ਮਾਂ ਉਸ ਬੱਚੇ ਦੀ ਜੈਕਾਰੇ ਛੱਡਣ ਲੱਗ ਗਈ ਤੇ ਛਾਲਾਂ ਮਾਰਨ ਲੱਗ ਗਈ। ਕਹਿੰਦੀ, ਮੇਰੇ ਵਰਗਾ ਕੌਣ ਧੰਨਭਾਗੀ ਹੈ ਜਿਸਦਾ ਬੱਚਾ ਗੁਰੂ ਤੇਗ ਬਹਾਦਰ ਸਾਹਿਬ ਦੇ ਜਹਾਜ਼ 'ਚ ਜਾ ਰਿਹਾ ਹੈ। ਉਹ ਇੱਕ ਮਾਂ ਤਾਂ ਕਹਿ ਰਹੀ ਹੈ। ਮਾਤਾ ਜੀ, 28 ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਵਾਜ਼ੇ 'ਤੇ ਬੈਠ ਕੇ ਨਾਮ ਅਭਿਆਸ ਕਰਦੇ ਰਹੇ। ਉਹ ਬ੍ਰਹਮ ਗਿਆਨੀ ਸੀ, ਜਿਵੇਂ ਮਾਤਾ ਜੀਤੋ ਜੀ ਨੇ ਦਸਵੇਂ ਦੁਆਰ ਥਾਈਂ ਸਰੀਰ ਛੱਡ ਦਿਤਾ ਸੀ, ਇਸ ਤਰ੍ਹਾਂ ਮਾਤਾ ਜੀ ਨੂੰ ਜਦੋਂ ਪਤਾ ਲੱਗਿਆ, ਸਾਹਿਬਜ਼ਾਦੇ ਸੂਖਸ਼ਮ ਸਰੀਰ 'ਚ ਸਾਮ੍ਹਣੇ ਖੜ੍ਹੇ ਨੇ, ਮਾਤਾ ਜੀ ਨੂੰ ਬੇਨਤੀ ਕਰ ਰਹੇ ਨੇ ਕਿ ਆਪਾਂ ਚੱਲੀਏ ਹੁਣ, ਮਿਸ਼ਨ ਪੂਰਾ ਹੋ ਗਿਆ। ਉਸ ਵੇਲੇ ਮਾਤਾ ਜੀ ਪੂਰਾ ਜਪੁਜੀ ਸਾਹਿਬ ਪੜ੍ਹਦੇ ਨੇ ਤੇ ਨਾਲ ਚੌਂਕੜਾ ਮਾਰ ਕੇ ਜੋਤ ਨੂੰ ਸਰੀਰ 'ਚੋਂ ਵੱਖਰਾ ਕਰ ਦਿੰਦੇ ਨੇ। ਗੁਰਮੁਖ ਮਰਜ਼ੀ ਨਾਲ ਆਇਆ ਕਰਦੇ ਨੇ –

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ ॥*** ***ਅੰਗ – 749***

ਡਾ. ਸਵਾਮੀ ਰਾਮ ਜੀ ਦੀ ਮੈਂ ਗੱਲ ਕਰਦਾ ਸੀ, ਇਹ ਇੱਕ ਸੰਤ ਨੂੰ ਮਿਲਣ ਗਏ, ਬੜੀਆਂ ਗੱਲਾਂ ਕਰਨੀਆਂ ਸੀ। ਕਹਿੰਦੇ, ਜਦੋਂ ਮੈਂ ਉਥੇ ਪਹੁੰਚਿਆ ਕਹਿੰਦੇ, Mr. You are too late. (ਤੁਸੀਂ ਆਉਣ ਵਿਚ ਦੇਰੀ ਕਰ ਦਿਤੀ ਹੈ) ਮੈਂ ਤਾਂ ਕੱਲ ਨੂੰ ਸਰੀਰ ਛੱਡਣਾ ਹੈ। ਮੈਂ ਕਿਹਾ, ਮੈਂ ਤਾਂ ਗੱਲ ਕਰਨ ਆਇਆ ਹਾਂ।

ਕਹਿੰਦਾ, ਮੇਰੇ ਕੋਲ ਸਮਾਂ ਹੀ ਨਹੀਂ।

ਸਵਾਮੀ ਜੀ ਕਹਿੰਦੇ ਮੈਂ ਉਥੇ ਹੀ ਰਹਿ ਪਿਆ, ਦੂਜੇ ਦਿਨ ਉਹਨੇ ਸਰੀਰ ਛੱਡ ਦਿਤਾ। ਸਰੀਰ ਛੱਡਿਆ ਤਾਂ ਤਿੰਨ ਜਾਤਾਂ ਦੇ ਉਹਦੇ ਚੇਲੇ ਸੀ – ਈਸਾਈ, ਮੁਸਲਮਾਨ ਤੇ ਹਿੰਦੂ। ਤਿੰਨੋ ਹੀ ਲੜ ਪਏ ਆਪਸ ਵਿਚ। ਹਿੰਦੂ ਕਹਿਣ ਅਸੀਂ ਸਸਕਾਰ ਕਰਨਾ ਹੈ, ਈਸਾਈ ਕਹਿਣ ਅਸੀਂ ਸੀਮੈਂਟਰੀ 'ਚ ਲਿਜਾਣਾ ਹੈ, ਹਿੰਦੂ ਕਹਿੰਦੇ ਕਿ ਅਸੀਂ ਕਬਰ 'ਚ ਲਿਜਾਣਾ ਹੈ। ਡੀ.ਸੀ ਵੀ ਆ ਗਿਆ, ਐਸ.ਪੀ., ਪੁਲਿਸ ਸਾਰੀ ਆ ਗਏ। ਕਹਿੰਦੇ, ਆ ਕੇ ਪੁਲਿਸ ਨੂੰ ਕੁਛ ਨਾ ਪਤਾ ਲੱਗੇ ਕਿ ਕਿ ਕੌਣ ਹੈ? ਮੈਨੂੰ ਆ ਕੇ ਕਹਿਣ ਲੱਗੇ, ਕਿ ਤੂੰ ਜਾਣਦਾ ਹੈਂ ਕਿ ਇਹ ਕੌਣ ਹਨ? ਮੈਂ ਕਿਹਾ, ਮੈਂ

ਤਾਂ ਕੱਲ੍ਹ ਹੀ ਆਇਆ ਹਾਂ। ਮੈਨੂੰ ਕੀ ਪਤਾ ਇਹ ਕੌਣ ਹੈ? ਸੰਤ ਨੇ ਤਾਂ ਪੰਗਾ ਹੀ ਪਾ ਦਿਤਾ, ਲੜਾਈ ਕਰਾ ਰਿਹਾ ਹੈ ਆਪਸ ਵਿਚ। ਕਹਿੰਦਾ, ਜਦ ਮੈਂ ਇਹ ਗੱਲ ਕਹੀ, ਪੰਜ ਘੰਟੇ ਹੋ ਗਏ ਸੀ ਮਰੇ ਨੂੰ, ਉੱਠ ਕੇ ਬਹਿ ਗਿਆ, ਕਹਿੰਦਾ Mr. I have cancelled my death programme. ਉੱਠ ਕੇ ਬਹਿ ਗਿਆ। ਕਹਿੰਦਾ, ਜਾਓ ਈਸਾਈ ਮੇਰੀਆਂ ਅੱਖਾਂ ਦੇ ਸਾਮ੍ਹਣੇ ਤੋਂ, ਮੁਸਲਮਾਨ ਜਾਓ ਸਾਰੇ, ਹਿੰਦੂ ਜਾਓ। ਕਹਿੰਦਾ, ਤੁਸੀਂ ਸਮਝਿਆ ਹੀ ਨਹੀਂ ਕਿ ਸੰਤ ਦੀ ਕੋਈ ਜਾਤ ਨਹੀਂ ਹੁੰਦੀ। ਮੈਨੂੰ ਕਦੇ ਕੋਈ ਮੁਸਲਮਾਨ ਬਣਾਉਂਦਾ ਹੈ, ਕੋਈ ਈਸਾਈ, ਕੋਈ ਹਿੰਦੂ। ਸਵਾਮੀ ਜੀ ਕਹਿੰਦੇ ਕਿ ਚਾਰ ਦਿਨ ਫੇਰ ਅਸੀਂ ਗੱਲਾਂ ਕਰੀਆਂ ਵੱਡੀਆਂ। ਪੰਜਵੇਂ ਦਿਨ ਮਿਸਟਰ ਸਵਾਮੀ ਕਹਿੰਦੇ, ਅੱਜ ਆਪਾਂ ਚੁੱਪ ਕਰਕੇ ਹੀ ਚਲੇ ਜਾਣਾ ਹੈ। ਮੈਂ ਕਿਹਾ, ਫੇਰ ਪਹਿਲਾਂ ਵਾਂਗੂੰ ਹੋਣਾ ਹੈ, ਤੁਸੀਂ ਜੋ ਗੱਲ ਕਹਿਣੀ ਹੈ ਕਹਿ ਜਾਓ। ਕਹਿੰਦੇ, ਮੈਂ ਸਰੀਰ ਹੀ ਨਹੀਂ ਰੱਖਣਾ, ਗੱਲ ਕੀ ਕਹਿਣੀ ਹੈ। ਸਵਾਮੀ ਜੀ ਕਹਿੰਦੇ, ਇਸ਼ਨਾਨ ਕਰਨ ਅਸੀਂ ਗਏ, ਕਹਿੰਦੇ ਲੈ ਬਈ ਸਵਾਮੀ, ਮੈਂ ਤਾਂ ਚੱਲਿਆ, ਮੈਂ ਹੈਰਾਨ ਹੋ ਗਿਆ, ਅਲੋਪ ਹੀ ਹੋ ਗਏ ਓਥੋਂ।

ਸਾਧਸੰਗਤ ਜੀ! ਸਾਧੂਆਂ ਦੇ ਵਿਚ ਐਨੀ ਸ਼ਕਤੀ ਹੈ ਤਾਂ ਗੁਰੂ ਦੀ ਮਾਤਾ ਕੀ ਖਾਲੀ ਹੈ ਸ਼ਕਤੀ ਤੋਂ? ਕਿੱਡੀਆਂ ਕਮਜ਼ੋਰ ਗੱਲਾਂ ਅਸੀਂ ਕਰਦੇ ਹਾਂ। ਕਿੱਡੇ ਭੁਲੇਖੇ ਪਾਉਂਦੇ ਹਾਂ। ਕਿੰਨਾ ਛੋਟਾ ਬਣਾ ਦਿੰਦੇ ਹਾਂ ਉਨ੍ਹਾਂ ਨੂੰ।

ਸੋ ਗੁਰੂ ਮਹਾਰਾਜ ਨੇ ਇਹ ਬਚਨ ਸੁਣੇ ਕਿ ਮਹਾਰਾਜ! ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਸਸਕਾਰ ਕਰਿਆ। ਐਨੇ ਜਦ ਬਚਨ ਹੋਏ, ਸੈਂਕੜੇ ਬੰਦੇ ਬੈਠੇ ਸੀ, ਇੱਕ ਦੀ ਵੀ ਅੱਖ ਸੁੱਕੀ ਨਾ ਰਹੀ। ਹੁੱਬਕੀਆਂ ਲੈਂਦੇ ਨੇ, ਹਉਕੇ ਲੈਂਦੇ ਨੇ, ਕਈ ਤਾਂ ਉੱਚੀ-ਉੱਚੀ ਰੋਣ ਲੱਗ ਗਏ। ਮਹਾਰਾਜ ਕਹਿੰਦੇ, ਪਿਆਰਿਓ! ਕਿਉਂ ਰੋਂਦੇ ਓਂ। ਉਨ੍ਹਾਂ ਨੇ ਤਾਂ ਐਡਾ ਵੱਡਾ ਕੰਮ ਕਰ ਦਿਤਾ ਜਿਹਦੀ ਜਿੰਨੀ ਪ੍ਰਸੰਸਾ ਕਰ ਲਓ ਓਨੀ ਥੋੜ੍ਹੀ ਹੈ। ਇਸ ਤਰ੍ਹਾਂ ਨਾਲ ਪੜ੍ਹ ਲਓ –

***ਧਾਰਨਾ – ਵਾਹਵਾ-ਵਾਹਵਾ ਬਈ***
***ਸੀਸ ਦੇ ਕੇ ਧਰਮ ਰੱਖਿਆ,***
***ਜੈ-ਜੈਕਾਰ ਦਰਗਾਹ ਵਿਚ ਹੋਵੇ।***

ਕਹਿਣ ਲੱਗੇ, ਪਿਆਰਿਓ! ਅਫਸੋਸ ਕਰਨ ਦਾ ਥਾਂ ਨਹੀਂ ਹੈ, ਖੁਸ਼ ਹੋਵੋ ਕਿ ਕਿੰਨੇ-ਕਿੰਨੇ ਛੋਟੇ-ਛੋਟੇ ਬੱਚਿਆਂ ਨੇ, ਆਪਣੇ ਧਰਮ ਨੂੰ ਰੱਖਿਆ, ਕਿੱਡੀ ਵੱਡੀ ਕੁਰਬਾਨੀ ਕਰ ਗਏ। ਉਹ ਅਮਰ ਹੋ ਗਏ। ਇਸ ਤਰ੍ਹਾਂ ਨਾਲ ਫੁਰਮਾਨ ਹੈ –

***ਧਾਰਨਾ – ਵਾਹਵਾ-ਵਾਹਵਾ ਬਈ***

***ਜਸ ਸਦਾ ਗਾਊ ਦੁਨੀਆਂ,***
***ਐਸੀ ਕਰਨੀ ਜਗਤ 'ਤੇ ਕਰ ਗਏ।***

***ਕਬੀਰ ਜਾ ਤੂੰ ਜਨਮਿਆ ਜਗਤ ਮਹਿ,***
***ਜਗ ਹਸੇ ਤੂੰ ਰੋਏ,***
***ਐਸੀ ਕਰਣੀ ਕਰ ਚਲਹੁ ਪਿਆਰੇ ਤੂੰ ਹਸੇ ਜਗ ਰੋਏ।***

ਕਹਿੰਦੇ, ਆਉਣਾ ਉਸ ਦਾ ਹੀ ਹੈ ਜਗਤ ਦੇ ਉਤੇ, ਧੰਨ ਹਨ ਉਹ ਜਿਸਨੇ ਧਰਮ ਦੀ ਰਾਖੀ ਕਰਕੇ, ਹਜ਼ਾਰਾਂ ਗਿਰਿਆਂ ਹੋਇਆਂ ਨੂੰ ਉਤਸ਼ਾਹ ਦੇ ਦਿਤਾ। ਲੱਖਾਂ, ਕਰੋੜਾਂ ਨੂੰ, ਬੇਹਿਸ ਹੋਇਆਂ-ਹੋਇਆਂ ਨੂੰ ਰਸਤਾ ਦਿਖਾ ਦਿਤਾ ਕਿ ਇਸ ਤਰ੍ਹਾਂ ਨਾਲ ਜੀਊਂਈਦਾ ਹੈ, ਇਸ ਤਰ੍ਹਾਂ ਧਰਮ ਰੱਖੀਦਾ ਹੈ। ਐਨੇ ਬਚਨ ਕਰਕੇ, ਮਹਾਰਾਜ ਜੀ ਨੇ, ਕਾਹੀਂ ਦੇ ਬੂਟੇ ਦੇ ਦੁਆਲੇ ਕਰਦ ਦੇ ਨਾਲ ਮਿੱਟੀ ਕੱਢ ਰਹੇ ਸੀ। ਬਚਨ ਸੁਣੀ ਗਏ ਤੇ ਨਾਲ ਹੌਲੀ-ਹੌਲੀ ਆਲੇ-ਦੁਆਲੇ ਤੋਂ ਕੁਰੇਦੀ ਗਏ। ਉਸ ਤੋਂ ਬਾਅਦ ਮਹਾਰਾਜ ਜੀ ਨੇ ਬੂਟਾ ਪੁੱਟ ਦਿਤਾ। ਕਹਿੰਦੇ, ਲਓ ਬਈ, ਮੁਗਲ ਰਾਜ ਦਾ ਖਾਤਮਾ ਹੋ ਗਿਆ। ਇਸਲਾਮ ਦੇ ਰਾਜ ਦਾ ਖਾਤਮਾ ਹੋ ਗਿਆ।

ਕਹਿੰਦੇ, ਦੇਖੋ, ਹਾਅ ਦਾ ਨਾਹਰਾ ਮਾਰਿਆ ਮਲੇਰਕੋਟਲੀਆਂ ਨੇ, ਇਨ੍ਹਾਂ ਦੀ ਜੜ੍ਹ ਰਹੇਗੀ। ਬਾਕੀ ਸਭ ਦੀ ਜੜ੍ਹ ਪੁੱਟੀ ਗਈ। ਹੁਣ ਦੇਖੋ ਅੱਜ ਦੁਨੀਆਂ 'ਚ ਔਰੰਗਜ਼ੇਬ ਦਾ ਹੈ ਕੋਈ ਵਾਲੀ ਵਾਰਸ਼? ਐਡੇ ਵੱਡੇ ਮੁਗਲਾਂ ਦੇ ਖਾਨਦਾਨ ਵਿਚੋਂ ਕੋਈ ਇਕ ਵੀ ਬਚਿਆ? ਪਿੰਡਾਂ-ਪਿੰਡਾਂ ਦੇ ਪਏ ਨੇ ਧਰਮ ਦਾ ਹੋਣ ਕਰਕੇ, ਉਨ੍ਹਾਂ ਦੀਆਂ ਜੜ੍ਹਾਂ ਲੱਗੀਆਂ ਹੋਈਆਂ ਨੇ, ਅੱਗੇ-ਅੱਗੇ ਚੱਲੀ ਜਾਂਦੀ ਹੈ। ਜਦੋਂ ਤਲਾਸ਼ ਕੀਤੀ ਤਾਂ ਲੱਭਿਆ ਇੱਕ ਬੰਦਾ, ਉਹਦੀ ਹਾਲਤ ਕੀ ਹੈ, ਸੜਕ ਦੀ ਫੁੱਟਪਾਥ 'ਤੇ ਬੈਠਾ ਹੈ, ਬਾਬਾ! ਏਕ ਪੈਸਾ-ਬਾਬਾ ਏਕ ਪੈਸਾ। ਇੱਕ-ਇੱਕ ਪੈਸਾ ਮੰਗ ਰਿਹਾ ਹੈ, ਕਹਿੰਦੇ, ਇਕ ਮੰਗਤਾ ਲੱਭਿਆ ਉਨ੍ਹਾਂ ਦੀ ਉਲਾਦ ਦੇ ਵਿਚੋਂ। ਸੋ ਪਾਪ ਜਿਹੜਾ ਹੈ ਉਹ ਕਦੇ ਵੀ ਫਲੀਭੂਤ ਨਹੀਂ ਹੋਇਆ ਕਰਦਾ, ਧਰਮ ਸਦਾ ਹੀ ਫਲੀਭੂਤ ਹੁੰਦਾ ਹੈ, ਅੱਜ ਉਨ੍ਹਾਂ ਦਾ ਜਸ ਗਾਇਆ ਜਾਂਦਾ ਹੈ। ਬੱਚੇ-ਬੱਚੇ ਦੀ ਜ਼ੁਬਾਨ ਦੇ ਉਤੇ, ਪ੍ਰੇਰਨਾ ਦੇ ਰਿਹਾ, ਰਸਤਾ ਦਿਖਾ ਰਿਹਾ ਹੈ। ਸੋ ਐਸੇ ਗੁਰੂ ਗੋਬਿੰਦ ਸਿੰਘ ਮਹਾਰਾਜ ਜਿਨ੍ਹਾਂ ਦੇ ਵਿਚ ਐਨੇ ਗੁਣ ਨੇ, ਜਿਨ੍ਹਾਂ ਦੇ ਜੀਵਨ ਚਰਿੱਤਰ ਐਨੇ ਜ਼ਬਰਦਸਤ ਨੇ ਕਿ ਆਦਮੀ ਸਮਝ ਹੀ ਨਹੀਂ ਸਕਦਾ, ਅਕਲ ਤੋਂ ਬਾਹਰਲੀਆਂ ਗੱਲਾਂ ਨੇ। ਉਨ੍ਹਾਂ ਦਾ ਆਪਾਂ ਇਕੱਠੇ ਹੋ ਕੇ ਗੁਰਪੁਰਬ ਮਨਾ ਰਹੇ ਹਾਂ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ,

ਗੁਰ ਸਤੋਤਰ ਵਿਚ ਬੋਲੋ।

ਅਰਦਾਸ, ਹੁਕਮਨਾਮਾ।

# ਗੁਰੂ ਨਾਨਕ ਸਾਹਿਬ,
# ਭਾਈ ਤਿਲੋਕਾ ਤੇ ਰਾਜਕੁਮਾਰੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਆਪ ਮੁਕਤ ਮੋਹੇ ਤਾਰੇ ਜੀ,*
*ਐਸੇ ਗੁਰ ਕੋ ਬਲਿ ਬਲਿ ਜਾਈਐ।*

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ 1 ॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥ 1 ॥*
*ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ 2 ॥ 1 ॥ 20 ॥*

*ਅੰਗ - 1302*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰਕੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ, ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਹਿਰਦੇ 'ਚ ਬਾਣੀ ਧਾਰਨ ਕਰਾਂਗੇ। ਤਾਂ ਜਿਸ ਪਦਾਰਥ ਨੂੰ ਲੈਣ ਵਾਸਤੇ ਅਸੀਂ ਸਤਿਸੰਗ 'ਚ ਆਏ ਹਾਂ। ਉਹ ਉਤਮ ਪਦਾਰਥ ਸਾਡੇ ਹਿਰਦੇ 'ਚ ਵਸ ਜਾਵੇਗਾ। ਇਥੇ ਤੱਕ ਵੀ ਹੋ ਸਕਦਾ ਹੈ ਕਿ ਜੇ ਕੇਵਲ ਇਕੋ ਸਤਿਸੰਗ ਸਾਰੀ ਜ਼ਿੰਦਗੀ 'ਚ ਸੁਣ ਲਿਆ ਜਾਵੇ ਤੇ ਉਹਨੂੰ ਮੰਨ ਲਿਆ ਜਾਵੇ, ਉਹਦੇ ਨਾਲ ਹੀ ਆਦਮੀ ਦਾ ਉਧਾਰ ਹੋ ਜਾਇਆ ਕਰਦਾ ਹੈ। ਇਹ ਕੋਈ ਅਤਿਕਥਨੀ ਬਾਤ ਨਹੀਂ

ਹੈ। ਲੇਕਿਨ ਇਹ ਹੈ ਨਿਰਣਾ ਕਿ ਸਤਿਸੰਗ ਕਹਿੰਦੇ ਕੀਹਨੂੰ ਨੇ? ਗੁਰੂ ਮਹਾਰਾਜ ਨੇ ਸਤਿਸੰਗ ਦਾ ਟੀਚਾ ਬਹੁਤ ਹੀ ਉੱਚਾ ਰੱਖ ਦਿਤਾ। ਜਿਸਨੂੰ ਅਸੀਂ ਸਤਿਸੰਗਤ ਕਹਿ ਸਕਦੇ ਹਾਂ। ਪਹਿਲਾਂ ਤਾਂ ਹੈ ਸਤਿ ਦੇ ਨਾਲ ਜੁੜੇ ਹੋਏ ਪੁਰਸ਼। ਅਸਤਿ ਨਾਲ ਜੁੜੇ ਹੋਏ ਨਹੀਂ ਹਨ, ਦੁਨੀਆਂ ਨਾਲ ਜੁੜੇ ਹੋਏ ਨਹੀਂ, ਧੀਆਂ-ਪੁੱਤਾਂ ਨਾਲ ਜੁੜੇ ਹੋਏ ਨਹੀਂ, ਜੋ ਸਤਿ ਨਾਲ ਜੁੜੇ ਹੋਏ ਪੁਰਸ਼ ਨੇ, ਉਹ ਪੁਰਸ਼ ਜਦੋਂ ਇਕੱਠੇ ਹੋਣ, ਉਹਨੂੰ ਸਤਿਸੰਗਤ ਕਹਿੰਦੇ ਨੇ -

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***
***ਅੰਗ - 72***

ਉਥੇ ਕੀ ਹੁੰਦਾ ਹੈ ਫੇਰ? ਉਥੇ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੈ। ਇਧਰਲੀਆਂ ਉਧਰਲੀਆਂ ਗੱਲਾਂ ਹੁੰਦੀਆਂ ਨਹੀਂ। ਇਹੀ ਹੁੰਦਾ ਹੈ ਕਿ ਜੀਵ-ਆਤਮਾ ਕਿਸ ਤਰੀਕੇ ਦੇ ਨਾਲ ਆਪਣਾ ਜੋ ਵਿਛੜ ਚੁੱਕਿਆ ਅਸਥਾਨ ਹੈ, ਉਸਨੂੰ ਪ੍ਰਾਪਤ ਕਰ ਸਕਦੀ ਹੈ। ਇਕ ਸਤਿਸੰਗ ਨੋਟ ਕਰ ਲਓ, ਉਹਦੇ ਨਾਲ ਹੀ ਜੀਵਨ ਦਾ ਉਧਾਰ ਹੋ ਜਾਏਗਾ। ਇਹ ਅਤਿਕਥਨੀ ਨਹੀਂ, ਯਥਾਰਥ ਬਾਤ ਹੈ। ਉਹਨੂੰ ਆਧਾਰ ਬਣਾ ਕੇ ਚੱਲੀ ਚੱਲੋ, ਉਹਦੇ ਨਾਲ ਸਭ ਹੋ ਜਾਏਗਾ। ਉਹਦੀਆਂ ਪ੍ਰਾਪਤੀਆਂ ਜਿਹੜੀਆਂ ਨੇ ਉਹਨੂੰ ਟੀਚਾ ਬਣਾ ਲਓ ਕਿ ਸਤਿਸੰਗ 'ਚ ਆਹ ਬਚਨ ਕਹੇ ਸੀ। ਇਥੇ ਮੈਂ ਕਦੋਂ ਪਹੁੰਚ ਸਕਦਾ ਹਾਂ, ਕਿਸ ਤਰੀਕੇ ਦੇ ਨਾਲ ਮੈਂ ਇਥੇ ਆ ਸਕਦਾ ਹੈ, ਇਹ ਦੁਰਲੱਭ ਚੀਜ਼ ਹੋਇਆ ਕਰਦੀ ਹੈ। ਇਸੇ ਕਰਕੇ ਮਹਾਰਾਜ ਨੇ ਦੋ ਚੀਜ਼ਾਂ ਨੂੰ ਸੰਸਾਰ ਦੇ ਅੰਦਰ ਦੁਰਲੱਭ ਕਿਹਾ ਹੈ - 'ਹਰਿ ਕੀਰਤਿ' ਜਿਥੇ ਹਰੀ ਦਾ ਜਸ ਹੁੰਦਾ ਹੋਵੇ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਜਿੰਨੀ ਦੇਰ ਤਕ ਮਸਤਕ 'ਚ ਲੇਖ ਨਹੀਂ ਲਿਖਿਆ ਜਾਂਦਾ ਓਨੀਂ ਦੇਰ ਤਕ ਸੰਗਤ ਨਹੀਂ ਪ੍ਰਾਪਤ ਹੋਇਆ ਕਰਦੀ। ਸੰਗਤ ਵਿਚ ਆ ਕੇ ਵੀ ਬਹਿਰਾ ਰਹਿ ਜਾਂਦਾ ਹੈ। ਕੰਨ ਖੁੱਲ੍ਹੇ ਹੁੰਦੇ ਨੇ, ਲੇਕਿਨ ਬੋਲਾ ਰਹਿ ਜਾਂਦਾ ਹੈ। ਜਿਹੜੇ ਕੰਨ ਅੰਦਰ ਨੇ ਉਹ ਐਨੇ ਸਖਤ ਨੇ, ਅੰਦਰ ਗੱਲ ਨਹੀਂ ਜਾਣ ਦਿੰਦੇ। ਜਿੰਨਾਂ ਚਿਰ ਉਹ ਖੋਲ੍ਹੇ ਨਾ ਜਾਣ, ਉਹਨੂੰ ਦਿੱਬਯ ਕੰਨ ਕਹਿੰਦੇ ਨੇ। ਦਿਬਯ ਨੇਤਰ ਨੇ, ਦਿਬਯ ਰਸਨਾ ਹੈ, ਦਿੱਬਯ ਨਾਸਕਾ ਹੈ, ਦਿੱਬਯ ਸਪਰਸ਼ ਹੈ; ਪੰਜੋ ਹੀ ਇੰਦਰੇ ਐਸੇ ਨੇ ਜਿਨ੍ਹਾਂ ਦਾ ਸਾਨੂੰ ਕੋਈ ਵੀ ਤਜਰਬਾ ਅੱਜ ਤੱਕ ਨਹੀਂ ਹੋਇਆ ਕਿ ਇਹ ਕੀ ਗੱਲ ਕਹੀ ਜਾਂਦੇ ਨੇ। ਨਾ ਕਦੇ ਸਾਨੂੰ ਫਿਕਰ ਹੋਇਆ ਹੈ ਕਿ ਸਾਡੇ ਵੀ ਦਿੱਬਯ ਨੈਣ ਕਦੇ ਖੁੱਲ੍ਹ ਸਕਦੇ ਨੇ? ਸਾਨੂੰ ਵੀ ਦਿੱਬਯ ਕੰਨ ਪ੍ਰਾਪਤ ਹੋ ਸਕਦੇ ਨੇ? ਸਾਨੂੰ ਵੀ ਉਹ ਦਿੱਬਯ ਰਸਨਾ ਪ੍ਰਾਪਤ ਹੋ ਸਕਦੀ ਹੈ? ਜੋ ਹਰ ਵਕਤ ਰਸ ਨਾਲ ਭਰੀ ਰਹਿੰਦੀ ਹੈ। ਸਾਨੂੰ ਵੀ ਉਹ ਦਿੱਬਯ ਸਪਰਸ਼ ਪ੍ਰਾਪਤ ਹੋ ਸਕਦੀ ਹੈ ਜਿਸਦੀਆਂ ਝੁਣ-ਝੁਣੀਆਂ (vibration) ਹਰ ਵਕਤ ਖੇੜਾ ਹੀ ਖੇੜਾ ਸਰੀਰ

ਦੇ, ਜਿਹਨੂੰ ਕ੍ਰਿਤ-ਕ੍ਰਿਤ ਕਹਿੰਦੇ ਨੇ, ਉਹ ਅਵਸਥਾ ਰਹਿੰਦੀ ਹੈ। ਕੀ ਉਹ ਦਿੱਬਯ ਨਾਸਕਾ ਸਾਨੂੰ ਪ੍ਰਾਪਤ ਹੋ ਸਕਦੀ ਹੈ ਕਿ ਕੋਈ ਸਪਰੇਅ ਨਾ ਕੀਤੀ ਜਾਵੇ, ਕੋਈ perfume ਨਾ ਛਿੜਕੀ ਜਾਵੇ, ਕੋਈ ਸੁਗੰਧੀ ਨੇੜੇ-ਤੇੜੇ ਨਾ ਹੋਵੇ ਲੇਕਿਨ ਫੇਰ ਵੀ ਧੀਮੀ-ਧੀਮੀ ਸੁਗੰਧੀ ਮੁੱਕੇ ਹੀ ਨਾ। ਇਹ ਕੋਈ ਐਸੀਆਂ ਬਾਤਾਂ ਨਹੀਂ ਹਨ ਕਿ ਕਲਪਤ ਬਾਤਾਂ ਨੇ। ਇਹ ਪ੍ਰਤੱਖ ਬਾਤਾਂ ਉਸ ਪੁਰਸ਼ ਨੂੰ ਅਨੁਭਵ 'ਚ ਪ੍ਰਾਪਤ ਹੁੰਦੀਆਂ ਨੇ ਜਿਹੜਾ ਬੰਦਗੀ ਦੇ ਕਿਸੇ ਥਾਂ ਦੇ ਉਤੇ ਪਹੁੰਚ ਜਾਂਦਾ ਹੈ। ਨਾਮ ਜਪਦੇ-ਜਪਦੇ ਇਕ ਐਸੀ ਅਵਸਥਾ ਆਉਂਦੀ ਹੈ ਜਿੱਥੇ ਇਹ ਪੰਜੇ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ। ਇਹੀ ਜ਼ਿੰਦਗੀ ਦਾ ਮਨੋਰਥ ਹੈ। ਸਾਡੇ ਕੋਲ ਕੀ ਹੈ? ਨੇਤਰਾਂ ਦੇ ਵਿਚ ਮੈਲ ਹੈ, ਜਿਸ ਨਾਲ ਆਪਣੇ ਵੀ ਦੇਖਦੇ ਹਾਂ, ਬੇਗਾਨੇ ਵੀ ਦੇਖਦੇ ਹਾਂ। ਚੰਗਿਆਂ ਨੂੰ ਵੀ ਦੇਖ ਕੇ ਚੰਗਾ ਫੁਰਨਾ ਕਰਦੇ ਹਾਂ, ਮਾੜੇ ਨੂੰ ਦੇਖ ਕੇ ਮਾੜਾ ਫੁਰਨਾ ਕਰਦੇ ਹਾਂ ਕਿਉਂਕਿ ਇਹ ਅੱਖਾਂ ਦੇਖਣ ਵਾਸਤੇ ਮਾੜਾ ਚੰਗਾ ਹੀ ਦੇਖਦੀਆਂ ਨੇ, ਇਹ ਦਿੱਬਯ ਨੈਣ ਨਹੀਂ ਹਨ, ਇਹ ਪ੍ਰਕ੍ਰਿਤੀ ਦੇ ਨੈਣ ਨੇ। ਇਹ ਦਿੱਬਯ ਮਨ ਨੂੰ ਨਹੀਂ ਖਬਰ ਦਿੰਦੀਆਂ। ਇਹ ਪ੍ਰਕ੍ਰਿਤੀ ਦੇ ਜੜ੍ਹ ਮਨ ਨੂੰ ਖਬਰ ਦਿੰਦੀਆ ਨੇ ਕਿ ਆਹ ਬੰਦਾ ਜਾ ਰਿਹਾ ਹੈ ਤੁਰਿਆ। ਉਹ ਫੇਰ ਸੰਕਲਪ ਕਰਦਾ ਹੈ। ਬੁੱਧੀ ਜੈਸਾ ਨਿਰਣਾ ਕਰਦੀ ਹੈ ਫੇਰ ਉਹ ਅੰਦਰੋਂ ਫੁਰਨਾ ਉਹੋ ਜਿਹਾ ਹੀ ਉਠਾਲਦਾ ਹੈ। ਦਿੱਬਯ ਰਸ ਨਹੀਂ ਸਾਨੂੰ ਪ੍ਰਾਪਤ। ਸਾਡੀ ਰਸਨਾ ਜਿਹੜੀ ਹੈ ਬਾਹਰਲੇ ਰਸਾਂ 'ਚ ਲੱਗੀ ਹੋਈ ਹੈ। ਰਸਾਂ ਤੇ ਕਸਾਂ ਦੇ ਵਿਚ। ਉਹ ਪ੍ਰਾਪਤ ਨਹੀਂ ਹੋਈ ਸਾਨੂੰ। ਦਿੱਬਯ ਕਰਨ ਨਹੀਂ ਸਾਨੂੰ ਸੁਣੇ ਜਿਹੜੇ ਅੰਦਰਲੇ ਸ਼ਬਦ ਨੂੰ ਮਿਲੇ ਮੁਗਧ ਹੋ ਜਾਣ, ਮਸਤ ਹੋ ਜਾਣ। ਉਹ ਸ਼ਬਦ ਐਸਾ ਹੈ ਮਹਾਰਾਜ ਫੁਰਮਾਨ ਕਰਦੇ ਹਨ –

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥*** ***ਅੰਗ- 186***

ਉਹ ਐਸੀ ਧੁਨੀ ਹੈ ਆਦਮੀ ਦੇ ਅੰਦਰ ਕਿ ਵਾਹਿਗੁਰੂ ਵੀ ਮਸਤ ਹੋਇਆ-ਹੋਇਆ ਹੈ ਉਸ ਧੁਨ 'ਚ। ਸਮਾਧੀ ਲਗ ਜਾਂਦੀ ਹੈ ਉਸ ਦੇ ਨਾਲ। ਲੇਕਿਨ ਉਹ ਸੁਣਦੀ ਕਿਸੇ-ਕਿਸੇ ਨੂੰ ਹੈ। ਵਿਰਲੇ-ਵਿਰਲੇ ਨੂੰ। ਪੰਜ ਸ਼ਬਦ ਜਿਹੜੇ ਸੁਣਦੇ ਨੇ ਉਨ੍ਹਾਂ ਤੋਂ ਉਤੇ ਹੁੰਦੀ ਹੈ ਉਹ ਧੁਨ। ਸਾਜ ਕਿਹੋ ਜਿਹੇ ਵਜਦੇ ਨੇ? ਪੰਜਾਂ ਸ਼ਬਦਾਂ 'ਚ ਇਕ-ਇਕ ਸਾਜ ਵਜਦਾ ਹੈ। ਇਕ ਸਾਜ ਸੁਣਦਾ ਹੈ, ਧਿਆਨ ਨਾਲ ਸਮਝਿਓ ਇਸ ਗੱਲ ਨੂੰ, ਜਿਨ੍ਹਾਂ ਨੂੰ ਸ਼ੌਂਕ ਹੈ। ਜਿਨ੍ਹਾਂ ਨੂੰ ਸ਼ੌਂਕ ਮੈਂ ਤਾਂ ਕਹਿੰਦਾ ਹਾਂ ਕਿ 10,000 ਬੰਦਾ ਲੈ ਆਓ, ਸ਼ਾਇਦ ਇਕ ਬੰਦਾ ਲੱਭ ਜਾਵੇ ਇਸ ਸ਼ੌਂਕ ਵਾਲਾ ਬਾਕੀ ਤਾਂ ਦੁਨੀਆਂ ਦੇ ਸ਼ੌਂਕ ਵਿਚ ਲੱਗੇ ਹੋਏ ਨੇ। ਬਾਹਰਲੇ ਪਾਸੇ ਬਿਰਤੀ ਹੈ ਸਭ ਦੀ ਅੰਦਰ ਬਿਰਤੀ ਜਾਂਦੀ ਨਹੀਂ ਹੈ। ਕੋਈ ਵਿਰਲਾ ਹੈ। ਉਹਨੂੰ ਰਾਹ ਨਹੀਂ ਲੱਭਦਾ, ਤਰਸਦਾ ਫਿਰਦਾ ਹੈ ਕਿ ਮੈਨੂੰ ਕਿਤੇ ਕੋਈ ਰਾਹ ਲੱਭ ਜਾਵੇ। ਕਦੇ ਕਿਤੇ ਜਾਂਦਾ ਹੈ, ਕਦੇ ਕਿਤੇ ਜਾਂਦਾ ਹੈ ਕਿਉਂਕਿ ਜਗਿਆਸੂ ਹੈ, ਖੋਜ ਵਾਲਾ ਹੈ, ਇਕ ਥਾਂ ਠਹਿਰਦਾ ਨਹੀਂ, ਜਦੋਂ ਤੱਕ ਉਹਦੀ ਤਸੱਲੀ ਨਾ ਹੋਵੇ। ਜਿਸ ਵਕਤ ਗੁਰੂ ਮਹਾਰਾਜ ਦੀ ਚਰਨ ਸ਼ਰਨ ਦੇ ਵਿਚ, ਭੱਟ ਆਏ, ਉਨ੍ਹਾਂ ਨੇ ਇਕ ਬਚਨ ਕਿਹਾ ਕਿ ਅਸੀਂ ਟੋਲ੍ਹਣ ਲੱਗ ਗਏ –

***ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥***

***ਅੰਗ - 1395***

ਬੜੇ ਦੇਖੇ, ਵੱਡੇ-ਵੱਡੇ ਦੇਖੇ। ਲੇਕਿਨ ਐਸਾ ਨਾ ਸਾਨੂੰ ਮਿਲਿਆ ਜਿਹਨੂੰ ਅਸੀਂ ਟੋਲ੍ਹਦੇ ਫਿਰਦੇ ਸੀ। ਅੱਜ ਅੰਮ੍ਰਿਤਸਰ ਆ ਕੇ, ਆਪ ਦੇ ਹਜ਼ੂਰ, ਪਾਤਸ਼ਾਹ! ਉਹ ਸਾਧ ਸਾਨੂੰ ਮਿਲ ਗਿਆ ਜਿਹਦੀ ਤਲਾਸ਼ ਸਾਨੂੰ ਸੀ। ਟੋਲ੍ਹਣ ਤੋਂ ਤਾਂ ਹਟੇ ਨਹੀਂ। ਟੋਲ੍ਹਦੇ ਫਿਰੀ ਗਏ ਨੇ ਕਿ ਕਿਤੇ ਤਾਂ ਲੱਭ ਹੀ ਜਾਏਗਾ। ਫਿਰਦੇ-ਫਿਰਦੇ ਦੇਖੀ ਚੱਲੋ। ਪਾਰਸ ਨੂੰ ਜਿਹੜੇ ਟੋਲ੍ਹਦੇ ਨੇ, ਸਾਰੀ-ਸਾਰੀ ਜ਼ਿੰਦਗੀ ਲਗ ਜਾਂਦੀ ਹੈ ਤਾਂ ਵੀ ਉਹ ਪੱਥਰ ਨਹੀਂ ਲੱਭਦਾ। ਕਿੰਨੇ ਜਫਰ ਜਾਲਦੇ ਨੇ, ਕਦੇ ਕੋਈ ਉਪਾਉ ਕਰਦੇ ਨੇ, ਕਦੇ ਕੋਈ ਕਰਦੇ ਨੇ। ਇਕੱਲੇ-ਇਕੱਲੇ ਪੱਥਰ ਦੇ ਨਾਲ ਛੁਹਾਉਂਦੇ ਨੇ ਲੋਹਾ, ਫੇਰ ਦੇਖਦੇ ਨੇ ਕਿ ਹੋ ਗਿਆ ਸੋਨਾ, ਹੋ ਗਿਆ ਸੋਨਾ। ਪਰ ਕਿਤੋਂ ਨਾ ਕਿਤੋਂ ਲੱਭ ਹੀ ਜਾਂਦਾ ਹੈ ਉਹ। ਨਾਯਾਬ ਨਹੀਂ ਹੈ। ਅੱਜਕੱਲ੍ਹ ਦੀਆਂ ਕਿਤਾਬਾਂ 'ਚ ਲਿਖਿਆ ਹੁੰਦਾ ਹੈ ਕਿ ਖਿਆਲੀ ਪੱਥਰ ਹੈ, ਅਸਲ ਵਿਚ ਹੈ ਨਹੀਂ। ਇਹ ਇਨ੍ਹਾਂ ਵਾਸਤੇ ਹੈ ਜਿਨ੍ਹਾਂ ਨੇ ਖੋਜ ਨਹੀਂ ਕਰਨੀ, ਜਿਹੜੇ ਖੋਜ ਕਰਦੇ ਸੀ ਉਨ੍ਹਾਂ ਨੂੰ ਲੱਭ ਵੀ ਜਾਂਦਾ ਸੀ, ਪਾਰਸ। ਨਹੀਂ ਤਾਂ ਪਾਰਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ 'ਚ ਨਾ ਆਉਂਦਾ। ਭਾਈ ਗੁਰਦਾਸ ਜੀ ਨਾ ਕਰਦੇ ਜੇ ਨਾ ਪਾਰਸ ਹੁੰਦਾ। ਇਸ ਤਰ੍ਹਾਂ ਦੇ ਨਾਲ ਇਹ ਜੋ ਸ਼ੌਂਕ ਹੈ ਵਿਰਲੇ-ਵਿਰਲੇ ਪੁਰਸ਼ ਦੇ ਅੰਦਰ ਜਾਗਿਆ ਕਰਦਾ ਹੈ ਤੇ ਉਹ ਰਸਤਾ ਲੱਭ ਜਾਵੇ ਜਿਹਦੇ ਨਾਲ ਸਾਡੀ ਕਲਿਆਣ ਹੋ ਜਾਵੇ। ਚੀਜ਼ਾਂ ਇਹ ਸਾਰੀਆਂ ਹੈਗੀਆਂ। ਅਨਹਦ ਸ਼ਬਦ ਵੀ ਹੈਗੇ, ਬਹੁਤ ਸਾਰੇ ਪ੍ਰੇਮੀ ਕਹਿੰਦੇ ਨੇ, ਕੰਨਾਂ ਦੀ ਘੂੰ-ਘੂੰ ਨੂੰ ਅਨਹਦ ਸ਼ਬਦ ਕਹਿ ਦਿੰਦੇ ਨੇ। ਨਹੀਂ, ਉਹ ਤਾਂ ਬਾਕਾਇਦਾ ਸਾਜ ਨੇ। ਸੁਣਦੇ ਨੇ ਉਹ ਜਿਹੜੇ ਸ਼ੌਂਕ ਵਾਲੇ ਬੰਦੇ ਨੇ, ਉਨ੍ਹਾਂ ਨੂੰ ਸੁਣਦੇ ਨੇ। ਉਹਦੀ ਮਸਤੀ 'ਚ ਬੈਠੇ ਰਹਿੰਦੇ ਨੇ, ਬੜੀ-ਬੜੀ ਦੇਰ ਤੱਕ। ਲੇਕਿਨ ਇਨ੍ਹਾਂ ਸਾਰਿਆਂ ਤੋਂ ਉਤੇ ਇਕ ਸ਼ਬਦ ਹੈ, ਜੋ ਕਿਸੇ-ਕਿਸੇ ਭਾਗਾਂ ਵਾਲੇ ਨੂੰ ਸੁਣਦਾ ਹੈ, ਉਹਦੀ ਇਕ ਤਰਬ ਜੇ ਸੁਣ ਜਾਵੇ, ਆਦਮੀ ਬੇਹੋਸ਼ੀ ਤੱਕ ਜਾ ਪਹੁੰਚਦਾ ਹੈ। ਪਤਾ ਨਹੀਂ ਲਗਦਾ ਉਸਨੂੰ, ਉਹ ਐਸੀ ਦਿੱਬਯ ਧੁਨ ਹੈ, ਉਹ ਸਹਿ ਨਹੀਂ ਹੁੰਦੀ ਇਸ ਸਰੀਰ ਤੋਂ। ਐਸਾ ਹੀ ਦਿੱਬਯ ਦਰਸ਼ਨਾਂ ਦਾ ਹੈ, ਜਦੋਂ ਦਿੱਬਯ ਦਰਸ਼ਨ ਹੁੰਦੇ ਨੇ ਉਹ ਵੀ ਇਸ ਸਰੀਰ 'ਚ ਸ਼ਕਤੀ ਨਹੀਂ ਹੈ, ਸਹਿਣਾ ਔਖਾ ਹੋ ਜਾਂਦਾ ਹੈ, ਉਸ ਦੀ ਝੁਣਝੁਣੀ, ਉਸ ਦੀ ਸਪਰਸ਼ ਹੈ ਉਹ ਸਹਿ ਨਹੀਂ ਹੁੰਦੀ। ਲੇਕਿਨ ਉਹਦਾ ਅਨੰਦ ਕਿੰਨਾ ਹੈ, ਇਕ ਵਾਰੀ ਛੂਹ ਜਾਵੇ, ਸਾਲਾਂ ਬੱਧੀ ਕੀ, ਸਾਰੀ ਉਮਰ ਨਹੀਂ ਭੁੱਲਦਾ।

ਇਕ ਪ੍ਰੇਮੀ ਨਾਲ ਮੇਰੀ ਗੱਲਬਾਤ ਹੋਈ, ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਦੇ ਪਿੰਡ ਇਨ੍ਹਾਂ ਦਾ ਬਾਬਾ ਦਾਦਾ ਲਗਦਾ ਸੀ ਉਹ, ਬਾਬਾ ਗੰਗਾ ਸਿੰਘ ਸੀ ਉਸ ਦਾ ਨਾਮ। 90 ਸਾਲ ਦਾ ਜਦੋਂ ਮੈਂ ਉਸ ਤੋਂ ਗੱਲ ਪੁੱਛੀ। ਮੈਂ ਕਿਹਾ, ਬਾਪੂ ਜੀ! (ਸੰਤ ਭਾਈ ਹੀਰਾ ਸਿੰਘ ਦਉਦਪੁਰੀਏ - ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੇ ਪਿਤਾ ਜੀ) ਇਸ ਤਰ੍ਹਾਂ ਦੱਸੋ ਕਿ ਜਦੋਂ ਤੁਸੀਂ ਬਾਪੂ ਜੀ ਦੇ ਕੋਲ ਗਏ ਸੀ, ਉਹ ਨਾਮ ਜਪਦੇ

ਸੀ। ਮੈਂ ਇਕ ਪੁਸਤਕ 'ਚ ਪੜ੍ਹਿਆ ਹੈ, ਤੁਹਾਡੇ ਉਤੇ ਕੋਈ ਬਹੁਤ ਬੜਾ ਅਸਰ ਹੋਇਆ।

ਪਹਿਲਾਂ ਤਾਂ ਉਹ ਗੱਲ ਸੁਣਦੇ ਸਾਰ ਰੋਣ ਲੱਗ ਗਿਆ। ਕਾਫੀ ਦੇਰ ਤੋਂ ਬਾਅਦ ਉਹ ਬੋਲਿਆ, ਕਹਿਣ ਲੱਗਿਆ, ਮੈਂ ਇਸ ਪਿੰਡ ਦਾ ਮਸਕਰਾ ਗਿਣਿਆ ਗਿਆ ਸੀ। ਹਰ ਬੰਦੇ ਨੂੰ ਮਸਕਰੀ ਕਰਨੀ, ਕਹਿੰਦਾ, ਹੀਰਾ ਸਿੰਘ ਬਹੁਤ ਸਾਰੇ ਪ੍ਰੇਮੀਆਂ ਦੇ ਨਾਲ ਰਲ ਕੇ ਨਾਮ ਜਪ ਰਹੇ ਸੀ ਬਹੁਤ ਸਾਰੇ ਪ੍ਰੇਮੀ, ਇਹ ਬੈਠੇ ਸੀਗੇ ਚੁੱਪ ਕਰੇ ਹੋਏ। ਮੈਨੂੰ ਕੀ ਫੁਰੀ, ਮੈਂ ਗੱਡੇ ਦੀ ਲਾਸ ਲਾਹ ਕੇ ਲੈ ਆਇਆ ਤੇ ਉਹਨੂੰ ਗੰਢਾਂ ਦੇ ਲਈਆਂ, ਮੈਂ ਖੜ੍ਹ ਕੇ ਕਰਨ ਲੱਗ ਗਿਆ, ਮੈਨੂੰ ਉਂਞ ਤਾਂ ਪਤਾ ਨਹੀਂ ਸੀ, ਜਿਵੇਂ ਖੂਹ 'ਚੋਂ ਪਾਣੀ ਕੱਢੀਦਾ ਹੈ, ਮੈਂ ਇਸ ਤਰ੍ਹਾਂ ਜ਼ੋਰ-ਜ਼ੋਰ ਨਾਲ ਗੰਢ ਖਿੱਚਣੀ, ਅਗਾਂਹਾਂ ਲੈ ਜਾਣੀ। ਨਾਲ ਹੂੰ-ਹੂੰ ਕਰਨ ਲਗ ਜਾਣਾ। ਕਹਿੰਦਾ, ਤੁਹਾਡੇ ਬਾਪੂ ਜੀ ਨੇ ਨੇਤਰ ਖੋਲ੍ਹੇ, ਖੋਲ੍ਹਣ ਦੀ ਦੇਰ ਸੀ ਪਤਾ ਨਹੀਂ ਕੀ ਮੇਰੇ ਵਿਚੀਂ ਲੰਘ ਗਿਆ, ਧਰਤੀ 'ਤੇ ਮੈਂ ਗਿਰ ਗਿਆ, ਮੈਂ ਮੱਥਾ ਮਾਰੀ ਜਾਂਦਾ ਸੀ, ਧਰਤੀ ਦੇ ਨਾਲ ਜ਼ੋਰ-ਜ਼ੋਰ ਨਾਲ। ਤੇ ਨਾਲ ਮੈਂ ਕਹਿੰਦਾ ਹਾਂ ਹੀਰਾ ਸਿੰਆਂ! ਆਹ ਜਿਹੜਾ ਤੂੰ ਮੈਨੂੰ ਰਸ ਜਿਹਾ ਦਿਤਾ ਹੈ, ਅਨੰਦ ਦਿਤਾ ਹੈ ਇਹ ਅੱਜ ਤੱਕ ਨਹੀਂ ਮੈਂ ਦੇਖਿਆ, ਇਹ ਨਾ ਮੇਰੇ ਤੋਂ ਲੈ ਲਈਂ, ਹੋਰ ਚਾਹੇ ਕੁਛ ਕਰ ਲੈ। ਮੈਂ ਬੜੀ ਗਲਤੀ ਕੀਤੀ, ਪਰ ਮੇਰੀ ਗਲਤੀ ਰਾਸ ਆ ਗਈ। ਮੈਨੂੰ ਉਹ ਚੀਜ਼ ਮਿਲ ਗਈ, ਜਿਹਦਾ ਮੈਨੂੰ ਹੀ ਨਹੀਂ ਪਤਾ। ਐਨਾ ਕਹਿ ਕੇ ਫੇਰ ਰੋਣ ਲੱਗ ਗਿਆ।

ਮੈਂ ਕਿਹਾ, ਬਾਪੂ ਜੀ! ਇਸ ਤਰ੍ਹਾਂ ਦੱਸੋ ਕਿ ਉਹਦਾ ਅਸਰ ਕਿੰਨਾ ਚਿਰ ਰਿਹਾ। ਉਹ ਕਹਿੰਦਾ, ਉਹ ਤਾਂ ਹੁਣ ਵੀ ਹੈ। ਅਜੇ ਵੀ ਹੈ। ਕਹਿੰਦਾ, ਆਪੇ ਹੀ ਨਾਮ ਦੀ ਧੁਨ ਮੇਰੇ ਅੰਦਰ ਚੱਲ ਪਈ।

ਸੋ ਇਹ ਚੀਜ਼ਾਂ ਨਾਮ ਜਪਣ ਵਾਲਿਆਂ ਦੀਆਂ ਬਹੁਤ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ। ਨਾ ਤਾਂ ਇਹ ਕਿਤਾਬਾਂ 'ਚ ਲਿਖ ਹੁੰਦੀਆਂ ਨੇ, ਨਾ ਇਨ੍ਹਾਂ ਨੂੰ ਦਸ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦੇ ਉਧਾਰ ਵਾਸਤੇ ਅਕਾਲ ਪੁਰਖ ਤੋਂ ਅੰਮ੍ਰਿਤ ਦਾ ਪਿਆਲਾ, ਨਾਮ ਦਾ ਲਬਾਲਬ ਭਰਿਆ ਹੋਇਆ ਪਿਆਲਾ ਲੈ ਕੇ ਆਏ। ਭਾਗਾਂ ਵਾਲਿਆਂ ਦੇ ਹਿੱਸੇ 'ਚ ਆਈ ਜਾਂਦਾ ਹੈ, ਹੁਣ ਵੀ ਆਈ ਜਾਂਦਾ ਹੈ, ਜਦ ਵੀ ਆਈ ਜਾਂਦਾ ਸੀ। ਉਹ ਅਮੁੱਕ ਹੈ, ਉਹ ਮੁੱਕਣ ਵਾਲਾ ਨਹੀਂ ਹੈ। ਪਰ ਉਸ ਅੰਮ੍ਰਿਤ ਪਿਆਲੇ ਦੇ ਵਾਸਤੇ ਕੋਈ ਯਾਚਨਾ ਨਹੀਂ ਕਰ ਰਿਹਾ। ਸਸਤੀਆਂ ਗੱਲਾਂ 'ਚ ਪਏ ਹੋਏ ਨੇ। ਉਹ ਬਾਤ ਆ ਨਹੀਂ ਰਹੀ, ਜਿਹੜੀ ਮਹਾਂਪੁਰਸ਼ ਦੱਸਣੀ ਚਾਹੁੰਦੇ ਨੇ। ਦੱਸਣੀ ਨਹੀਂ ਆਉਂਦੀ ਤੇ ਸਮਝ ਵਾਲਿਆਂ ਨੂੰ ਸਮਝ 'ਚ ਨਹੀਂ ਆ ਰਹੀ। ਕਰਿਆ ਕੀ ਜਾਵੇ, ਅੱਖਰ ਲੰਗੜੇ ਨੇ ਇਨ੍ਹਾਂ ਗੱਲਾਂ ਨੂੰ ਦੱਸਣ ਵਾਸਤੇ, ਸਾਖੀਆਂ ਨਾਲ ਕੁਛ ਸਮਝ 'ਚ ਆਉਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਦੂਰ ਤੱਕ

ਗਏ ਹੋਏ ਨੇ, ਏਧਰ ਜਿਹੜੇ ਪ੍ਰੇਮੀ ਜਗਿਆਸੂ ਨੇ ਥੋੜ੍ਹੇ-ਥੋੜ੍ਹੇ ਨੇ, ਜਿਨ੍ਹਾਂ ਨੂੰ ਮੁਸ਼ਕੇ ਹੋਏ ਕਹਿੰਦੇ ਨੇ। ਇਸ਼ਕ ਤੇ ਮੁਸ਼ਕ ਹੋਇਆ ਕਰਦੇ ਨੇ। ਪਿਆਰ ਦੇ ਵਿਚ ਸੁਗੰਧੀ ਹੋਇਆ ਕਰਦੀ ਹੈ, ਉਹ ਫੈਲ ਜਾਇਆ ਕਰਦੀ ਹੈ ਸਾਰੇ ਸੰਸਾਰ 'ਚ, ਗੁੱਝੇ ਨਹੀਂ ਰਿਹਾ ਕਰਦੇ। ਦੁਨੀਆਂਦਾਰੀ ਦਾ ਹੈ, ਚਾਹੇ ਰੂਹਾਨੀਅਤ ਦਾ ਹੈ। ਸੋ ਜਿਹੜੇ ਪਿਆਰ ਦੇ ਬੱਧੇ ਹੋਏ ਪ੍ਰੇਮੀ ਸੀ, ਉਹ ਇਕ ਦੂਜੇ ਨੂੰ ਦੂਰ-ਦੂਰ ਤੱਕ, ਦੋ-ਦੋ ਦਿਨ ਤੁਰ ਕੇ ਫੇਰ ਉਥੇ ਜਾਣਾ, ਆਪਸ ਵਿਚ ਮਿਲਣਾ, ਗੁਰੂ ਦੇ ਬਚਨ ਕਰਨੇ, ਦਸ-ਦਸ ਦਿਨ, ਵੀਹ-ਵੀਹ ਦਿਨ ਇਕ ਦੂਜੇ ਕੋਲ ਜਾ ਕੇ ਠਹਿਰਨਾ, ਬੰਦਗੀ ਕਰਨੀ ਇਕੱਠਿਆਂ ਨੇ ਤੇ ਬਚਨ ਕਰਨੇ। ਇਸ ਤਰ੍ਹਾਂ ਦੇ ਨਾਲ ਆਪਣਾ ਗੁਜ਼ਾਰਾ ਕਰਿਆ ਕਰਦੇ ਸੀ। ਸੋ ਆਪ ਬਾਹਰ ਗਏ ਹੋਏ ਨੇ ਤੇ ਚਨਾਬ ਦਰਿਆ ਕੰਢੇ ਦੋ ਚੰਗੇ ਗੁਰਸਿੱਖ ਰਿਹਾ ਕਰਦੇ ਸੀ, ਉੱਚੇ ਦਰਜੇ ਦੇ, ਜਿਨ੍ਹਾਂ ਦਾ ਨਾਮ ਭਾਈ ਫਿਰਨਾ ਸੀ, ਭਾਈ ਜੋਧ ਸੀ। ਇਧਰਲੇ ਪਾਸੇ ਭਾਈ ਭਗੀਰਥ ਦਾ ਲੜਕਾ 22 ਸਾਲ ਦੀ ਉਮਰ ਹੈ, ਚੜ੍ਹਦੀ ਜਵਾਨੀ ਹੈ, ਲੇਕਿਨ ਲਗਨ ਲਗ ਗਈ। ਸੀਨੇ 'ਚ ਖਿੱਚ ਖਾ ਗਿਆ, ਹਰ ਵਕਤ ਮਸਤੀ 'ਚ ਰਹਿੰਦਾ ਹੈ। ਨਾਮ ਦੀ ਮਸਤੀ 'ਚ, ਨੇਤਰਾਂ ਦੇ ਵਿਚ ਰਸ ਹੈ, ਚਾਲ ਦੇ ਵਿਚ ਮਧੁਰਤਾ ਹੈ। ਬੋਲ ਦੇ ਵਿਚ ਮਿਠਾਸ ਹੈ। ਦਰਸ਼ਨ ਐਸਾ ਹੈ ਕਿ ਇਕ ਵਾਰੀ ਦੇਖ ਲਓ ਖਿੱਚ ਪੈ ਜਾਂਦੀ ਹੈ। ਆਪ ਦੇ ਮਨ 'ਚ ਫੁਰਨਾ ਹੋਇਆ ਕਿ ਗੁਰਸਿੱਖਾਂ ਦੇ ਕੋਲ ਚੱਲੀਏ, ਦਰਸ਼ਨ ਕਰੀਏ। ਉਹ ਵੀ ਪੁੱਗੀਆਂ ਹੋਈਆਂ ਰੂਹਾਂ ਨੇ।

ਸੋ ਆਪ ਸੁਲਤਾਨਪੁਰ ਤੋਂ ਮਲਸੀਹਾਂ ਤੋਂ ਚਲਦੇ ਨੇ, ਰਸਤੇ 'ਚ ਰਾਤਾਂ ਕਟਦੇ-ਕਟਦੇ, ਨੇੜੇ ਪਹੁੰਚ ਗਏ ਮੰਜ਼ਿਲ ਦੇ। ਲੇਕਿਨ ਸੁਹਾਵਣਾ ਥਾਂ ਦੇਖਿਆ, ਉਥੇ ਬੈਠ ਗਏ। ਬੰਦਗੀ ਕਰਨ ਵਾਲਿਆਂ 'ਚ ਇਕ ਇਹ ਵੀ ਬਾਤ ਹੁੰਦੀ ਹੈ ਕਿ ਉਨ੍ਹਾਂ ਨੂੰ ਥਾਂ ਖਿੱਚਿਆ ਕਰਦਾ ਹੈ। ਥਾਂ ਚਰਨ ਫੜ ਲੈਂਦਾ ਹੈ ਉਨ੍ਹਾਂ ਦੇ ਕਿ ਅਗਾਂਹਾਂ ਨਾ ਜਾਹ, ਤੂੰ ਇਥੇ ਹੀ ਬਹਿ ਜਾਹ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੱਸਿਆ ਕਰਦੇ ਸੀ ਕਿ ਜਦੋਂ ਅਸੀਂ ਸ਼ਿਮਲੇ ਵਲ ਨੂੰ ਗਏ, ਪਹਾੜਾਂ 'ਤੇ, ਸਾਡੇ ਨਾਲ ਸੀਗੇ ਵੱਡੇ-ਵੱਡੇ ਦੁਨੀਆਂਦਾਰ, ਪਰ ਕਹਿੰਦੇ ਅਸੀਂ ਜਦੋਂ ਲੰਘਣਾ, ਥਾਂ ਨੇ ਖਿੱਚ ਲੈਣਾ, ਅਸੀਂ ਉਥੇ ਹੀ ਬਹਿ ਜਾਣਾ, ਅਸੀਂ ਇਸ਼ਾਰਾ ਕਰ ਦੇਣਾ ਕਿ ਜਾਓ ਹੁਣ ਨਹੀਂ ਅਸੀਂ ਆਉਂਦੇ, ਆ ਜਾਇਓ, ਆਥਣੇ (ਸ਼ਾਮ ਨੂੰ) ਲੈ ਜਾਇਓ ਸਾਨੂੰ ਏਥੋਂ ਹੀ। ਕਹਿੰਦੇ, ਸਾਰਾ ਦਿਨ ਅਸੀਂ ਉਥੇ ਬੈਠੇ ਰਹਿਣਾ। ਜੋ ਵੀ ਬੰਦਗੀ ਕਰਦਾ ਹੈ, ਉਹਨੂੰ ਥਾਂ ਖਿੱਚਦਾ ਹੈ। ਉਹਦਾ ਜੀਅ ਕਰਦਾ ਹੈ, ਜਿੱਥੇ ਇਕਾਂਤ ਹੁੰਦੀ ਹੈ ਮੈਂ ਇਥੇ ਬੈਠ ਜਾਵਾਂ ਤੇ ਲਿਵ ਵਿਚ ਚਲਿਆ ਜਾਵਾਂ। ਇਸੇ ਕਰਕੇ ਸਾਧੂ ਸੰਤ ਥਾਂ ਬਣਾਉਂਦੇ ਨੇ। ਐਸੇ ਥਾਂ ਬਣਾਉਂਦੇ ਨੇ ਕਿ ਜਿਥੇ ਭਜਨ ਕਰਦਾ ਕਿਸੇ ਨੂੰ ਨਜ਼ਰ ਨਾ ਆਵੇ। ਸੁਥਰਾ ਰਖਦੇ ਨੇ ਕਿਉਂਕਿ ਉਹ ਥਾਂ ਨਾਮ ਜਪਣ ਵਾਲੇ ਹੋਇਆ ਕਰਦੇ ਨੇ। ਸੋ ਜੰਗਲ ਆ ਗਿਆ, ਘੋਰ ਜੰਗਲ। ਉਸ ਥਾਂ 'ਤੇ ਇਕ ਸੋਹਣਾ ਥਾਂ ਦੇਖ ਕੇ ਨੇੜੇ ਪਾਣੀ ਦਾ ਇਕ ਛੋਟਾ ਜਿਹਾ, ਬਹੁਤ ਹੀ ਨਿਤਰੇ ਹੋਏ

ਪਾਣੀ ਦਾ ਛੰਭ ਹੈ, ਕੋਲ ਕੁਦਰਤੀ ਫੁੱਲ ਉੱਘੇ ਹੋਏ ਨੇ ਤੇ ਛੋਟੇ-ਛੋਟੇ ਦਰਖਤ ਨੇ। ਉਸ ਥਾਂ ਦੇ ਉਤੇ ਬੈਠ ਕੇ ਆਪਣੇ ਪ੍ਰਭੂ ਦੇ ਵਿਚ ਲੀਨ ਹੋ ਗਏ। ਦਿਨ ਚੜ੍ਹ ਗਿਆ। ਇਧਰਲੇ ਪਾਸੇ ਉਸ ਰੱਖ ਦੇ ਜੋ ਮਾਲਕ ਸੀ, ਨੇੜੇ ਦਾ ਰਾਜਾ ਉਸ ਦੀ ਲੜਕੀ ਇਕੱਲੀ ਹੋਣ ਕਰਕੇ, ਘੋੜ ਸਵਾਰੀ ਵੀ ਜਾਣਦੀ ਸੀ, ਯੁੱਧ ਕਰਨ ਵੀ ਜਾਣਦੀ ਸੀ, ਤੀਰ-ਅੰਦਾਜ਼ੀ ਦੇ ਵਿਚ ਬੜੀ ਤਾਕ ਸੀ ਤੇ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਜੰਗਲ-ਬੇਲੇ ਵਿਚ ਆ ਜਾਣਾ। ਫਿਰਦੇ ਰਹਿਣਾ। ਵੱਡਾ ਸ਼ਿਕਾਰ ਸ਼ੇਰ ਵਗੈਰਾ ਦਾ ਜਦੋਂ ਮਿਲ ਗਿਆ ਤਾਂ ਕਰਦੀ ਸੀ, ਕਿਉਂਕਿ ਉਥੇ ਬਹੁਤ ਸ਼ੇਰ ਹੋਇਆ ਕਰਦੇ ਸੀ, ਪੰਜਾਬ 'ਚ, ਜੰਗਲ ਹੀ ਜੰਗਲ ਸੀਗਾ। ਉਸ ਨੂੰ ਦੂਰੋਂ ਭੁਚੱਕਾ ਪਿਆ, ਭੁਲੇਖਾ ਪਿਆ ਕਿ ਸਾਮ੍ਹਣੇ ਉਹ ਸ਼ੇਰ ਬੈਠਾ ਹੈ। ਉਸ ਵੇਲੇ ਉਸ ਨੇ ਆਪਣਾ ਬਾਣ ਲਿਆ, ਲੈ ਕੇ ਚਿੱਲਾ ਚਾੜ੍ਹਿਆ, ਚਾੜ੍ਹਨ ਵੇਲੇ ਕੁਛ ਮਨ 'ਚ ਹੋਇਆ, ਕੁਛ ਦਿਲ 'ਚ ਹੋਈ ਗੱਲ, ਜਿਹੜੀ ਅੱਜ ਤੱਕ ਨਹੀਂ ਸੀ ਹੋਈ। ਆਵਾਜ਼ ਆਈ ਅੰਦਰੋਂ ਕਿ ਦੇਖੀਂ ਕਿਤੇ ਐਵੇਂ ਨਾ ਕਿਸੇ ਨੂੰ ਮਾਰ ਬੈਠੀਂ। ਪਰ ਫੇਰ ਅੰਦਰ ਸੁਭਾਅ ਨੇ ਜ਼ੋਰ ਪਾਇਆ ਤੇ ਤੀਰ ਮਾਰਿਆ, ਜਾ ਕੇ ਨਿਸ਼ਾਨੇ 'ਤੇ ਲੱਗਿਆ, ਜੋ ਸ਼ਿਕਾਰ ਸੀ ਉਹ ਫੁੜਕ ਕੇ ਟੇਡਾ ਹੋ ਗਿਆ, ਉਸ ਵੇਲੇ ਘੋੜਾ ਨਠਾਇਆ ਕਿ ਮੈਂ ਜਾ ਕੇ ਦੇਖਾਂ, ਕਿੱਡਾ ਕੁ ਸ਼ੇਰ ਹੈ, ਜਾਂ ਕਿੱਡਾ ਕੁ ਚੀਤਾ ਹੈ, ਅੱਗੇ ਜਾ ਕੇ ਕੀ ਦੇਖਦੀ ਹੈ ਕਿ ਇਕ ਬਹੁਤ ਹੀ ਸੁੰਦਰ, ਹੋਣਹਾਰ, ਨੌਜਵਾਨ, ਜਿਸਦੇ ਅਜੇ ਦਾਹੜਾ ਮਾੜਾ-ਮਾੜਾ ਉਤਰਨ ਲੱਗਿਆ ਸੀ। ਨਿਰੋਲ ਚਿਹਰਾ ਜਿਹੜਾ ਹੈ ਨੂਰਾਨੀ ਹੈ, ਚਮਕਦਾਰ ਲਗਦਾ ਹੈ। ਨੈਣ ਸਾਰੇ ਟਿਕੇ ਹੋਏ ਨੇ। ਅੱਖਾਂ ਖੁੱਲ੍ਹੀਆਂ ਨੇ, ਇਨ੍ਹਾਂ ਨੂੰ ਦੇਖ ਰਹੇ ਨੇ, ਆਵਾਜ਼ ਕੋਈ ਨਹੀਂ ਦਿਤੀ ਤੇ ਖੂਨ ਜਾ ਰਿਹਾ ਹੈ। ਦੇਖਦੀ ਸਾਰ ਮਨ ਵਿਚ ਆ ਗਿਆ ਕਿ ਮੈਂ ਅੱਜ ਬੜਾ ਮਾੜਾ ਕੰਮ ਕਰਿਆ, ਐਨਾ ਸੋਹਣਾ ਕੋਈ ਕਿਸੇ ਦਾ ਪੁੱਤਰ ਹੈ, ਕਿਸੇ ਭੈਣ ਦਾ ਭਰਾ ਹੈ ਤੇ ਮੈਂ ਇਹ ਕੀ ਕੰਮ ਕਰਿਆ, ਬੇਸਮਝੀ ਦੇ ਵਿਚ ਬਾਣ ਮਾਰਿਆ। ਉਹਦੇ ਦਰਸ਼ਨਾਂ ਦਾ ਇਹ ਫਲ ਸੀ ਕਿਉਂਕਿ ਸਾਧੂ ਦੇ ਦਰਸ਼ਨ ਦਾ ਕੁਦਰਤੀ ਤੌਰ 'ਤੇ ਫਲ ਹੋਇਆ ਕਰਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ- 520***

ਮਹਾਰਾਜ ਨੇ ਅਸੂਲ ਬਣਾ ਦਿਤਾ ਕਿ ਸਾਧੂ ਨੂੰ ਦੇਖ ਕੇ ਵਾਹਿਗੁਰੂ-ਵਾਹਿਗੁਰੂ ਹੋ ਜਾਏਗਾ। ਨਾਮ ਚਿੱਤ ਆਉਣ ਲਗ ਜਾਏਗਾ, ਹੋਵੇ ਸਹੀ ਸਾਧੂ। ਉਹਦੇ ਨੇਤਰਾਂ ਦੇ ਵਿਚ ਮਿਕਨਾਤੀਸੀ ਸ਼ਕਤੀ ਹੋਇਆ ਕਰਦੀ ਹੈ। ਇਹ ਖਿਆਲ ਨਹੀਂ ਹਨ ਇਹ ਸੱਚਮੁੱਚ ਹੀ ਹੋਇਆ ਕਰਦੀ ਹੈ। ਜਿੰਨਾਂ-ਜਿੰਨਾਂ ਬੰਦਗੀ ਕਰੇ ਓਨੀਂ ਖਿੱਚ ਵਧਦੀ ਜਾਂਦੀ ਹੈ। ਉਹ ਵਧਦੀ-ਵਧਦੀ ਅਖੀਰ ਇਥੇ ਤੱਕ ਆ ਜਾਂਦੀ ਹੈ, ਜਿਹਨੂੰ ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਹੈ -

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ ਅੰਗ- 273***

ਉਹਦੀ ਦ੍ਰਿਸ਼ਟੀ 'ਚੋਂ ਅੰਮ੍ਰਿਤ ਦੀ ਵਰਖਾ ਹੋਣ ਲਗ ਜਾਂਦੀ ਹੈ।

ਬਾਬਾ ਖੁਦਾ ਸਿੰਘ ਜੀ ਪਟਿਆਲੇ ਗਏ ਹੋਏ ਨੇ, ਰੰਗੀ ਰਾਮ ਇਕ ਸੰਤ ਹੈ ਉਥੇ ਉਹ ਕਥਾ ਕਰਨ ਲਗ ਗਏ, ਜੀਵਨ ਮੁਕਤ ਪੁਰਸ਼ਾਂ ਦੀ ਤੇ ਉਹਦੇ ਵਿਚ ਇਕ ਬਚਨ ਆ ਗਿਆ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*** ***ਅੰਗ - 275***

ਉਠ ਕੇ ਖੜ੍ਹਾ ਹੋ ਗਿਆ, ਕਹਿਣ ਲੱਗਿਆ, ਬਾਬਾ ਜੀ! ਇਹਦੇ ਅਰਥ ਜੋ ਤੁਸੀਂ ਕਰਦੇ ਹੋ, ਇਹ ਇਸ ਤਰ੍ਹਾਂ ਨਹੀਂ ਹੈਗੇ, ਗੁਰੂ ਸਾਹਿਬ ਨੇ ਅਲੰਕਾਰਕ ਅਰਥ ਕੀਤੇ ਨੇ ਕਿ ਜੋ ਸਾਧੂ ਹੈ ਉਹ ਅੰਮ੍ਰਿਤ ਤੇ ਬਿਹੁ ਨੂੰ ਇਕੋ ਜਿਹਾ ਜਾਣਦਾ ਹੈ। ਜੇ ਲੋੜ ਪੈ ਜਾਵੇ ਬਿਹੁ ਪੀਣ ਦੀ ਉਹ ਬਿਹੁ ਦਾ ਪਿਆਲਾ ਪੀ ਜਾਂਦਾ ਹੈ। ਅਸੂਲ ਨਹੀਂ ਛੱਡਦਾ ਪਰ ਆਪਣੇ। ਜੇ ਅੰਮ੍ਰਿਤ ਮਿਲਦਾ ਹੈ ਉਹਨੂੰ ਵੀ ਪੀ ਲੈਂਦਾ ਹੈ। ਬਾਬਾ ਜੀ ਕਹਿੰਦੇ, ਪਿਆਰਿਆ! ਗੁਰੂ ਨਾਨਕ ਦੀ ਬਾਣੀ 'ਚ ਅਲੰਕਾਰਕ ਗੱਲਾਂ ਨਹੀਂ ਆਉਂਦੀਆਂ। ਇਹ ਯਥਾਰਥ ਗੱਲਾਂ ਨੇ, ਬਿਹੁ ਤੇ ਅੰਮ੍ਰਿਤ ਇਕੋ ਹੀ ਦ੍ਰਿਸ਼ਟੀ 'ਚ ਹੁੰਦੇ ਨੇ ਉਹਦੇ। ਹਠੀ ਬੰਦਾ ਸੀ, ਕਹਿੰਦਾ ਮੈਂ ਨਹੀਂ ਮੰਨਦਾ। ਦੂਸਰੇ ਦਿਨ, ਅੱਕ ਦਾ, ਧਤੂਰੇ ਦਾ ਤੇ ਸੰਖੀਏ ਦਾ ਮਿਸ਼ਰਤ ਕਰਕੇ ਇਕ ਸ਼ਰਬਤ ਬਣਾ ਲਿਆ, ਸ਼ਰਦਾਈ ਬਣਾ ਲਿਆਇਆ ਰਗੜ ਕੇ। ਕਹਿੰਦਾ, ਲੈ ਬਾਬਾ ਜੀ! ਮੈਂ ਅੰਮ੍ਰਿਤ ਤੇ ਬਿਖ ਨੂੰ ਅੱਖਾਂ ਨਾਲ ਦੇਖਣਾ ਚਾਹੁੰਦਾ ਹਾਂ। ਆਹ ਤਾਂ ਪਈ ਹੈ ਬਿਖ। ਜੋ ਪੀਂਦੇ ਸਾਰ ਬੰਦਾ ਮਰ ਜਾਏਗਾ। ਕੁੱਤੇ ਨੂੰ ਪਾ ਕੇ ਦੇਖ ਲਓ ਹੁਣੇ ਮਰ ਜਾਏਗਾ। ਬਹੁਤ ਤੇਜ਼ ਜ਼ਹਿਰਾਂ ਨੇ। ਤੇ ਤੁਸੀਂ ਕਹਿੰਦੇ ਹੋ ਕਿ ਬ੍ਰਹਮਗਿਆਨੀ ਜਿਹੜਾ ਹੈ, ਉਹਨੂੰ ਇਕੋ ਨੇ, ਅਭੇਦ ਪੁਰਸ਼ ਨੂੰ ਤੇ ਜੀਵਨ ਮੁਕਤ ਪੁਰਸ਼ ਨੂੰ ਤਾਂ ਫੇਰ ਤੁਹਾਡੀ ਸੰਗਤ 'ਚ ਇਥੇ ਕੋਈ ਬੈਠਾ ਹੈ ਤਾਂ ਤੁਸੀਂ ਦੱਸੋ। ਬਾਬਾ ਖੁਦਾ ਸਿੰਘ ਜੀ ਕਹਿਣ ਲੱਗੇ, ਰੰਗੀ ਰਾਮ ਜੀ! ਸੰਗਤ ਦਾ ਨਹੀਂ ਅੰਤਵਾਰਾ ਲਈਦਾ ਹੁੰਦਾ। ਆਪਾਂ ਕਾਹਨੂੰ ਲਈਏ, ਲਿਆਓ ਅਸੀਂਓ ਪੀ ਲੈਂਦੇ ਹਾਂ। ਕਥਾ ਕਰਦੇ ਸੀ, ਗਿਲਾਸ ਭਰਿਆ ਹੋਇਆ ਪੀ ਗਏ। ਦੇਖਿਆ ਕਿ ਹੁਣ ਗਿਰਿਆ, ਹੁਣ ਗਿਰਿਆ। ਗਿਰੇ ਨਹੀਂ ਉਵੇਂ ਜਿਵੇਂ ਕਥਾ ਕਰੀ ਗਏ। ਮਾਫੀ ਮੰਗੀ, ਚਰਨ ਫੜ ਲਏ ਕਿ ਬਾਬਾ! ਸੱਚ ਬੋਲਦਾ ਹੈਂ ਤੂੰ, ਗੁਰੂ ਨਾਨਕ ਜੀ ਸੱਚ ਕਹਿੰਦੇ ਹਨ।

ਹੁਣ ਅੱਜ ਦਾ ਦਿਮਾਗ ਕਹਿੰਦਾ ਹੈ ਕਿ ਉਹ ਕਿਉਂ ਹੋਇਆ? ਇਸ ਤਰ੍ਹਾਂ ਕਿਉਂ ਹੋਇਆ, ਜਿੰਨਾ ਚਿਰ ਸਾਨੂੰ ਇਹਦਾ ਜਵਾਬ ਨਹੀਂ ਮਿਲਦਾ, ਸਾਡੀ ਤਸੱਲੀ ਨਹੀਂ ਹੁੰਦੀ-

***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*** ***ਅੰਗ - 275***

ਇਹ ਗੱਲਾਂ ਮੁਹਥਾਜ ਨੇ ਇਕ ਦੂਜੇ ਦੇ ਉਲਟ ਨੇ, ਕਿਉਂ ਹੋਈਆਂ ਇਹਦੇ 'ਚ ਅਸਲੀਅਤ ਵੀ ਹੈ ਕੋਈ ਕਿ ਐਵੇਂ ਹੀ ਕਵਿਤਾ ਜੋੜੀ ਹੋਈ ਹੈ। ਪ੍ਰੋਫੈਸਰਾਂ ਨੂੰ ਪੁੱਛੋ ਉਹ ਕਹਿਣਗੇ ਕਿ ਐਵੇਂ ਅੱਖਰ ਨਾਲ ਅੱਖਰ ਰਲਾਇਆ ਹੋਇਆ ਹੈ। ਅਸਲ ਦਾ ਉਨ੍ਹਾਂ ਨੂੰ ਨਹੀਂ ਪਤਾ। ਅੱਖਰ ਦਾ ਅਰਥ ਜ਼ਰੂਰ ਜਾਣਦੇ ਨੇ। ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਦੇਖੋ, ਬੰਦਗੀ ਕਰਨ ਵਾਲੇ ਦੇ ਦਿਬਯ ਨੇਤਰ ਖੁਲ੍ਹ ਜਾਇਆ ਕਰਦੇ ਨੇ। ਉਨ੍ਹਾਂ

ਦੇ ਵਿਚ ਰਸ ਹੁੰਦਾ ਹੈ, ਪਹਿਲਾਂ ਉਨ੍ਹਾਂ 'ਚ ਮਿਕਨਾਤੀਸੀ ਸ਼ਕਤੀ ਆਉਂਦੀ ਹੈ, ਖਿੱਚਣ ਵਾਲੀ। ਜਿਧਰ ਨੂੰ ਵੀ ਦੇਖ ਲੈਣਗੇ, ਨੇਤਰਾਂ ਨੂੰ ਝੱਲ ਨਹੀਂ ਸਕਦਾ।

ਗੁਰੂ ਦਸ਼ਮੇਸ਼ ਪਿਤਾ ਜੀ ਦੇ ਨੇਤਰਾਂ ਦੇ ਬਾਰੇ ਭਾਈ ਨੰਦ ਲਾਲ ਜੀ ਨੇ ਬਹੁਤ ਵਿਸਥਾਰ ਦੇ ਨਾਲ ਲਿਖਿਆ ਹੈ ਕਿ ਇਕੋ ਨਿਗ੍ਹਾ ਜੇ ਪੈ ਜਾਵੇ, ਇਕੋ ਵਾਰੀ, ਓਹੀ ਬਹੁਤ ਹੈ। ਉਹਦੇ ਨਾਲ ਹੀ ਸਾਰੇ ਪਾਪ ਕਟ ਜਾਂਦੇ ਸੀ। ਇਕ ਦ੍ਰਿਸ਼ਟੀ ਨਾਲ। ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਇਕ ਚਿਖਾ 'ਤੇ ਪੈ ਗਈ ਸੀ। ਉਥੇ ਝਗੜਾ ਸ਼ੁਰੂ ਹੋ ਗਿਆ। ਗੁਰੂ ਨਾਨਕ ਸਾਹਿਬ ਨੂੰ ਮਾਰਨ ਵਾਲੇ ਅੱਗ ਲੈਣ ਜਾਂਦੇ ਨੇ, ਕੀ ਦੇਖਦੇ ਨੇ ਕਿ ਪਹਿਲਾਂ ਜਮਦੂਤਾਂ ਨੇ ਫੜੀ ਹੋਈ ਹੈ ਰੂਹ, ਫੇਰ ਉਸ ਤੋਂ ਬਾਅਦ ਦੇਵਗਣ ਆ ਗਏ। ਉਹ ਝਗੜਾ ਕਰ ਰਹੇ ਨੇ ਕਿ ਇਹਦੇ ਪਾਪ ਸਾਰੇ ਜਾਂਦੇ ਰਹੇ ਤੇ ਹੁਣ ਤੁਸੀਂ ਇਹਨੂੰ ਛੱਡ ਦਿਓ। ਮਾਰੋ ਨਾ। ਸਾਨੂੰ ਭੇਜਿਆ ਗਿਆ ਹੈ। ਉਹ ਕਹਿਣ ਲੱਗੇ ਕਿ ਇਹ ਗੱਲ ਕੀ ਹੋ ਗਈ? ਪਹਿਲਾਂ ਤੁਸੀਂ ਇਹਨੂੰ ਮਹਾਂਪਾਪੀ ਕਹਿੰਦੇ ਸੀ, ਹੁਣ ਬਿਬਾਨ ਲਈਂ ਫਿਰਦੇ ਹੋ।

ਕਹਿੰਦੇ, ਪਿਆਰਿਆ! ਜਿਹਨੂੰ ਤੁਸੀਂ ਮਾਰਨ ਵਾਸਤੇ ਆਏ ਹੋ, ਉਹਦੀ ਇਕ ਨਿਗ੍ਹਾ ਪੈ ਗਈ ਇਹਦੇ ਉਤੇ, ਇਕੋ ਦ੍ਰਿਸ਼ਟੀ, ਉਨ੍ਹਾਂ ਨੇ ਐਨਾ ਹੀ ਕਿਹਾ ਸੀ ਕਿ ਔਹ ਦੇਖੋ ਅੱਗ, ਉਹ ਧੂੰਆਂ। ਦ੍ਰਿਸ਼ਟੀ ਦਾ ਅਸਰ ਹੋ ਗਿਆ। ਉਹਨੂੰ ਅੰਮ੍ਰਿਤ ਦ੍ਰਿਸ਼ਟ ਕਹਿੰਦੇ ਨੇ। ਉਹਦੇ ਵਿਚ ਹੀ ਸਾਰੀ ਸ਼ਕਤੀ ਹੋਇਆ ਕਰਦੀ ਹੈ।

ਬਾਬਾ ਗੜ੍ਹੀਆ ਜੀ ਜਾਂਦੇ ਨੇ ਕਸ਼ਮੀਰ ਨੂੰ, ਪੀਰ ਦਉਲੇ ਸ਼ਾਹ ਨੇ ਰੋਕ ਲਏ ਕਿ ਸਾਨੂੰ ਸੁਖਮਨੀ ਸਾਹਿਬ ਸੁਣਾ ਕੇ ਜਾਓ, ਹਫਤਾ ਭਰ ਰੋਕ ਕੇ ਸੁਖਮਨੀ ਸਾਹਿਬ ਸੁਣਦਾ ਰਿਹਾ। ਜਦੋਂ ਜਾਣ ਲੱਗੇ ਤਾਂ ਛੱਡਣ ਵਾਸਤੇ ਬਾਹਰ ਗਿਆ ਤਾਂ ਉਨ੍ਹਾਂ ਦੀ ਜੁੱਤੀ ਟੁੱਟੀ ਹੋਣ ਕਰਕੇ, ਛਿੱਤਰ ਸੀਗੇ, ਉਹ ਉਤੇ ਨੂੰ ਮਿੱਟੀ ਮਾਰਦੇ ਸੀ। ਜਾਮਾ ਪਾਟਿਆ ਹੋਇਆ ਤੇ ਮੈਲਾ ਸੀ। ਉਹਨੇ ਕਿਹਾ ਕਿ ਗਰੀਬ ਸਿੱਖ ਹੈ, ਗੁਰੂ ਸਾਹਿਬ ਦਿੰਦੇ ਨਹੀਂ ਹੋਣੇ ਇਹਨੂੰ ਕੁਛ ਵੀ। ਹੋਵੇ ਨਾ ਤਾਂ ਮੈਂ ਦੇ ਦੇਵਾਂ। ਉਸ ਵੇਲੇ ਆਪ ਨੇ ਕਿਹਾ ਕਿ ਭਾਈ ਗੜ੍ਹੀਆ! ਔਹ ਜਿਹੜਾ ਡਲ੍ਹਾ ਹੈ, ਖੇਤ ਵਾਹਿਆ ਹੋਇਆ ਸੀ, ਵੱਡੇ-ਵੱਡੇ ਡਲ੍ਹੇ ਸੀ। ਇਸ਼ਾਰਾ ਕਰਿਆ ਕਿ ਔਹ ਜਿਹੜਾ ਵੱਡਾ ਡਲ੍ਹਾ ਹੈ, ਉਹ ਲਿਆਓ ਚੁੱਕ ਕੇ ਮੇਰੇ ਕੋਲ। ਭਾਈ ਗੜ੍ਹੀਆ ਨੇ ਦੇਖਿਆ ਤਾਂ ਡਲ੍ਹਾ ਸੋਨਾ ਬਣਿਆ ਹੋਇਆ ਹੈ। ਉਸ ਵੇਲੇ ਆਪ ਨੇ ਸਾਰੇ ਖੇਤ ਦੇ ਉਤੇ ਹੀ ਦ੍ਰਿਸ਼ਟੀ ਕਰ ਦਿਤੀ। ਕਹਿੰਦੇ, ਪੀਰ ਜੀ! ਤੁਸੀਂ ਕਿਹੜੇ ਡਲ੍ਹੇ ਦੀ ਗੱਲ ਕਰਦੇ ਹੋ, ਮੈਂ ਲਿਆਵਾਂ? ਹੁਣ ਪੀਰ ਹੈਰਾਨ ਹੋ ਗਿਆ ਕਿ ਮੈਂ ਤਾਂ ਆਪਣੀ ਦ੍ਰਿਸ਼ਟੀ ਨਾਲ ਇਕ ਡਲ੍ਹਾ ਸੋਨੇ ਦਾ ਬਣਾ ਦਿਤਾ। ਇਹਦੀ ਦ੍ਰਿਸ਼ਟੀ ਨੇ ਤਾਂ ਸਾਰਾ ਖੇਤ ਹੀ ਸੋਨੇ ਦਾ ਬਣਾ ਦਿਤਾ।

ਇਸ ਕਰਕੇ ਸਾਧਸੰਗਤ ਜੀ! ਮਿੱਟੀ ਤੇ ਸੋਨੇ ਦਾ ਉਨ੍ਹਾਂ ਨੂੰ ਫਰਕ ਨਹੀਂ ਹੋਇਆ ਕਰਦਾ। ਸਾਡੇ ਵਾਂਗਣ ਨਹੀਂ ਕਿ ਸੋਨੇ ਦੇ ਪਿੱਛੇ ਨੱਠੇ

ਫਿਰੀਏ।

ਸੋ ਇਸੇ ਤਰ੍ਹਾਂ ਨਾਲ ਬਾਬਾ ਖੁਦਾ ਸਿੰਘ ਕਹਿਣ ਲੱਗੇ ਕਿ ਸੰਤ ਰੰਗੀ ਰਾਮ ਜੀ! ਇਹ ਕੋਈ ਗੱਲ ਨਹੀਂ ਹੈ। ਬੰਦਗੀ ਕਰਨ ਵਾਲੇ ਦੀ ਦ੍ਰਿਸ਼ਟੀ 'ਚੋਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਉਹ ਜ਼ਹਿਰ ਦੇ ਉਤੇ ਵੀ ਦ੍ਰਿਸ਼ਟੀ ਪਾ ਦੇਵੇ ਤਾਂ ਉਹ ਜ਼ਹਿਰ ਵੀ ਅੰਮ੍ਰਿਤ ਬਣ ਜਾਇਆ ਕਰਦੀ ਹੈ। ਇਹ ਇਸ ਤਰ੍ਹਾਂ ਕਵਿਤਾ ਨਹੀਂ ਹੈ ਕਿ ਅੱਖਰ ਨਾਲ ਅੱਖਰ ਜੋੜਿਆ ਹੋਇਆ ਹੈ ਇਹ ਅਵਸਥਾ ਦੱਸੀ ਹੈ, ਉਹਦੀ ਅਵਸਥਾ 'ਚ ਇਹ ਭੇਦ ਹੁੰਦਾ ਹੈ ਕਿ ਇਸ ਤਰ੍ਹਾਂ ਨਾਲ ਹੋ ਜਾਇਆ ਕਰਦਾ ਹੈ। ਸੋ ਐਸੇ ਜੋ ਪੁਰਸ਼ਾਂ ਦੀ ਦ੍ਰਿਸ਼ਟੀ ਹੈ, ਬੰਦਗੀ ਵਾਲਿਆਂ ਦੀ, ਉਹ ਗਿਰੇ ਪਏ ਨੇ ਜਿਨ੍ਹਾਂ ਦਾ ਨਾਮ ਭਾਈ ਤਿਲੋਕਾ ਹੈ। ਨੌਜਵਾਨ ਹੈ, ਛੋਟੀ ਉਮਰ ਹੈ, ਦਿਲ ਵਿਚ ਪਿਆਰ ਹੀ ਪਿਆਰ ਭਰਿਆ ਪਿਆ ਹੈ। ਕਿਸੇ ਵਾਸਤੇ ਦ੍ਵੈਖ ਨਹੀਂ ਹੈ। ਮਾਰਨ ਵਾਲੇ ਕੋਲ ਆ ਗਏ, ਪਤਾ ਹੈ ਕਿ ਇਨ੍ਹਾਂ ਨੇ ਹੀ ਮਾਰਿਆ ਹੈ ਤੀਰ। ਲੇਕਿਨ ਮਾਫ ਕਰ ਦਿੰਦੇ ਨੇ ਕਿ ਇਹਨੂੰ ਵਿਚਾਰੀ ਨੂੰ ਕੀ ਪਤਾ ਸੀ ਕਿ ਮੈਂ ਮਨੁੱਖ ਬੈਠਾ ਹਾਂ, ਜਾਂ ਚੀਤਾ ਬੈਠਾ ਹਾਂ। ਇਹਦਾ ਦੋਸ਼ ਕੀ ਹੈ। ਉਹਦੇ ਵਲ ਪਿਆਰ ਦੀ, ਰਹਿਮ ਦੀ, ਬਖਸ਼ਿਸ਼ ਦੀ ਦ੍ਰਿਸ਼ਟੀ ਕੀਤੀ ਕਿ ਇਹਦਾ ਦਿਲ ਖਰਾਬ ਹੋਏਗਾ। ਉਹ ਦ੍ਰਿਸ਼ਟੀ ਕਰਨਾ ਕੀ ਸੀ, ਸਭ ਕੁਛ ਭੁੱਲ ਗਈ। ਜਿਹਨੇ ਅੱਜ ਤੱਕ ਨਹੀਂ ਸੀ ਕਿਸੇ ਨੂੰ ਛੂਹ ਕੇ ਦੇਖਿਆ, ਉਸ ਨੇ ਆਪਣੇ ਹੱਥਾਂ ਦੇ ਨਾਲ ਉਹ ਜ਼ਖਮ ਜਿਥੋਂ ਖੂਨ ਜਾ ਰਿਹਾ ਸੀ, ਘੁੱਟ ਕੇ ਫੜ ਲਿਆ ਤੇ ਨਾਲ ਮਨ ਵਿਚ ਆਉਂਦਾ ਹੈ ਕਿ ਮੈਂ ਵੀ ਇਹਦੇ ਨਾਲ ਹੀ ਮਰ ਜਾਵਾਂ, ਤਾਂ ਪ੍ਰਾਸ਼ਚਿਤ ਹੋਏਗਾ। ਛੁਰੀ ਕੱਢਾਂ, ਛੁਰੀ ਕੱਢ ਕੇ ਮੈਂ ਮਾਰਾਂ ਆਪਣੇ। ਕਿੱਡਾ ਮੈਂ ਪਾਪ ਕਰਿਆ ਹੈ। ਅੱਜ ਪਤਾ ਲੱਗਿਆ ਕਿ ਪਾਪ ਇਸ ਗੱਲ ਨੂੰ ਕਹਿੰਦੇ ਨੇ। ਅੱਜ ਤੱਕ ਤਾਂ ਮਾਂ ਜਾਂ ਪਿਓ ਨੇ ਇਹ ਗੱਲ ਨੇੜੇ ਨਹੀਂ ਸੀ ਆਉਣ ਦਿਤੀ। ਇੱਕ ਵਾਰੀ ਪੰਡਤ ਨੇ ਕਥਾ ਸੁਣਾਉਣ ਵੇਲੇ ਕਹਿ ਦਿਤਾ। ਪਾਪਾਂ ਦਾ ਫਲ ਇਹ ਹੁੰਦਾ ਹੈ, ਉਠ ਕੇ ਚਲੀ ਗਈ ਸੀ, ਘਬਰਾ ਗਈ ਸੀ। ਪਿਤਾ ਨੇ ਮਸਾਂ ਸਮਝਾਇਆ ਕਿ ਬੀਬਾ! ਬੇਟੀ! ਇਹ ਪੰਡਤ ਲੋਕ ਵਾਧੂ ਗੱਲਾਂ ਕਰਦੇ ਹੁੰਦੇ ਨੇ ਡਰਾਉਣ ਵਾਲੀਆਂ, ਪਾਪ ਕੋਈ ਚੀਜ਼ ਨਹੀਂ ਹੁੰਦੀ। ਸਾਡੇ ਰਾਜਿਆਂ ਦੇ ਸਾਮ੍ਹਣੇ ਕੋਈ ਗੱਲ ਪਾਪ ਨਹੀਂ ਹੁੰਦੀ। ਇਹ ਤਾਂ ਇਨ੍ਹਾਂ ਪੜ੍ਹਿਆਂ ਲਿਖਿਆਂ ਦੀਆਂ ਗੱਲਾਂ ਨੇ, ਆਹ ਪੁੰਨ ਹੈ ਆਹ ਪਾਪ ਹੈ। ਸੋ ਇਸ ਤਰ੍ਹਾਂ ਦੇ ਨਾਲ ਖਿਆਲ ਆਉਣੇ ਸ਼ੁਰੂ ਹੋ ਗਏ ਕਿ ਆਹੀ ਪਾਪ ਹੈ। ਦਿਲ ਘਟਣ ਲੱਗ ਗਿਆ, ਬਹੁਤ ਜ਼ਿਆਦਾ ਅਫਸੋਸ 'ਚ ਚਲੀ ਗਈ। ਨਾਲ ਦੀਆਂ ਨੂੰ ਕਿਹਾ ਕਿ ਜਾਓ, ਛੇਤੀ ਜਾ ਕੇ ਪਾਲਕੀ ਲਿਆਓ। ਉਸ ਵੇਲੇ ਮਹਾਂਪੁਰਸ਼ ਨੌਜਵਾਨ ਲੜਕੇ ਨੇ, 22 ਕੁ ਸਾਲ ਦੀ ਉਮਰ ਹੈ, ਘਬਰਾ ਕੇ ਨਹੀਂ ਉਸਦੇ ਵਲ ਦੇਖ ਰਹੇ, ਘੂਰ ਕੇ ਨਹੀਂ ਦੇਖ ਰਹੇ। ਉਸੇ ਦ੍ਰਿਸ਼ਟੀ ਨਾਲ ਦੇਖ ਰਹੇ ਨੇ ਜੋ ਉਨ੍ਹਾਂ ਨੂੰ ਕੁਦਰਤ ਨੇ ਦਿਤੀ ਹੋਈ ਸੀ ਪਿਆਰ ਦੀ। ਉਹ ਸਹਿ ਨਹੀਂ ਸਕੀ, ਜਿਉਂ-ਜਿਉਂ ਉਸ ਵਲ ਦੇਖਦੇ ਨੇ, ਉਹਦੇ ਪਾਪ ਕੰਬੀ ਜਾਂਦੇ ਨੇ, ਤਿਉਂ-ਤਿਉਂ ਅੰਦਰ ਪ੍ਰਕਾਸ਼ ਹੁੰਦਾ ਜਾਂਦਾ ਹੈ।

ਇਹ ਸੁਭਾਅ ਹੈ ਸਾਧੂਆਂ ਦਾ, ਜੇ ਕੋਈ ਬੁਰਾ ਵੀ ਕਰ ਦਿੰਦਾ ਹੈ। ਉਸਨੂੰ ਵੀ ਬੁਰਾ ਨਹੀਂ ਕਹਿੰਦੇ, ਕਿਉਂਕਿ ਸੰਤ ਦੇ ਅੰਦਰ ਸ਼ਾਂਤੀ ਹੀ ਅਸਲੀ ਚੀਜ਼ ਹੁੰਦੀ ਹੈ -

***ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥***
***ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥***

***ਅੰਗ - 1373***

ਜਿਵੇਂ ਸੱਪ ਵਿੜੇ ਹੋਏ ਨੇ ਚੰਦਨ ਦੇ ਦਰਖਤ, ਉਹ ਆਪਣੀ ਠੰਢ ਨਹੀਂ ਛੱਡਦਾ, ਇਸੇ ਤਰ੍ਹਾਂ ਸੰਤ ਜਿਹੜੇ ਨੇ ਉਹ ਕੋਪ ਵਿਚ ਆ ਕੇ ਸਰਾਫ ਨਹੀਂ ਦਿੰਦੇ। ਸ਼ਕਤੀ ਵਾਲੇ ਸੀ ਜੇ ਕਹਿ ਦਿੰਦੇ ਕਿ ਤੂੰ ਇਸ ਤਰ੍ਹਾਂ ਹੋ ਜਾ, ਉਥੇ ਹੀ ਹੋ ਜਾਣਾ ਸੀ ਉਹਨੇ। ਲੇਕਿਨ ਸੰਤ ਨਹੀਂ ਐਸਾ ਕਰਦੇ।

ਉਸ ਵੇਲੇ ਬੇਨਤੀ ਕਰਦੀ ਹੈ ਕਿ ਮੈਂ ਆਪ ਨੂੰ ਜਾਣਦੀ ਨਹੀਂ, ਕੌਣ ਹੋਂ, ਕਿੱਥੇ ਦੇ ਹੋਂ। ਪਰ ਮੈਂ ਇਕ ਬੜੀ ਮਾੜੀ ਗੱਲ ਕਰੀ ਹੈ ਕਿ ਆਪ ਦੇ ਭੁਲੇਖੇ ਦੇ ਵਿਚ ਆ ਕੇ ਬਾਣ ਮਾਰਿਆ। ਮੇਰੇ ਮਨ ਵਿਚ ਬੜਾ ਪਛਤਾਵਾ ਆਉਂਦਾ ਹੈ, ਮੇਰਾ ਜੀਅ ਕਰਦਾ ਹੈ ਐ ਚੰਗੇ ਪੁਰਖ! ਮੈਂ ਵੀ ਇਥੇ ਹੀ ਢਹਿ ਢੇਰੀ ਹੋ ਜਾਵਾਂ ਤੇ ਮੇਰੇ ਪਾਪ ਦਾ, ਮੇਰੇ ਕਰਮ ਦਾ ਬਦਲਾ ਮੈਨੂੰ ਮਿਲ ਜਾਵੇ।

ਉਸ ਵੇਲੇ ਕਹਿਣ ਲੱਗੇ, ਬੀਬਾ! ਤੈਨੂੰ ਅਫਸੋਸ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਗੁਰਸਿੱਖ ਦਾ ਚਰਿੱਤਰ ਉੱਚਾ ਹੈ, ਦੂਸਰਿਆਂ ਦੇ ਨਾਲੋਂ। ਉਸ ਵੇਲੇ ਕਹਿਣ ਲੱਗੇ, ਮਨ ਵਿਚ ਕਿਉਂ ਲੈ ਕੇ ਆਉਂਦੀ ਹੈਂ ਇਹ ਗੱਲ? ਇਹ ਤਾਂ ਮੇਰਾ ਹੀ ਦੋਸ਼ ਹੈ। ਦੂਸਰਾ ਇਹ ਹੈ ਕਿ ਮੇਰੇ ਸਾਹਿਬ ਵਲੋਂ ਇਹ ਹੁਕਮ ਹੋ ਚੁੱਕਿਆ ਹੈ, ਸਾਰੇ ਸੰਸਾਰ ਦੇ ਅੰਦਰ ਹੁਕਮ ਦੀ ਖੇਡ ਵਰਤ ਰਹੀ ਹੈ। ਦੋਸ਼ ਨਹੀਂ ਕਿਸੇ ਨੂੰ ਦਿੰਦੇ ਗੁਰਸਿੱਖ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਸਾਰੇ ਹੁਕਮ ਸਾਹਿਬ ਦਾ ਵਰਤੇ,***
***ਦੋਸ਼ ਕੀਹਨੂੰ ਦੇਵੇਂ ਓ ਮਨਾਂ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ- 433***

ਕਹਿਣ ਲੱਗੇ, ਬੀਬਾ! ਤੂੰ ਕੁਛ ਨਹੀਂ ਕਰਿਆ, ਕਹਿਣ ਲੱਗੀ, ਚੰਗੇ ਪੁਰਸ਼! ਮੈਂ ਤੈਨੂੰ ਬਾਣ ਮਾਰਿਆ ਤੇ ਤੂੰ ਕਿੰਨਾ ਚੰਗਾ ਹੈਂ, ਫੇਰ ਕਹਿੰਦਾ ਹੈਂ ਤੂੰ ਕੁਛ ਨਹੀਂ ਕਰਿਆ। ਕਹਿੰਦਾ, ਨਹੀਂ ਇਹ ਤਾਂ ਮੇਰੇ ਸਾਹਿਬ ਦਾ ਹੁਕਮ ਹੈ ਤੇ ਹੁਕਮ ਦੇ ਨਾਲ ਹੀ ਇਹ ਸੰਸਾਰ 'ਚ ਆਉਂਦਾ ਹੈ, ਹੁਕਮ ਦੇ ਵਿਚ ਹੀ ਇਹ ਜਾਂਦਾ ਹੈ, ਹੁਕਮ ਦੇ ਵਿਚ ਹੀ ਇਹ ਪਰਪੰਚ ਪਸਰਿਆ ਹੋਇਆ ਹੈ। ਹੁਕਮ ਦੇ ਨਾਲ ਹੀ ਇਹ ਸਾਰੇ ਭੋਗ ਰਸ ਕਰਦਾ ਹੈ -

***ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥***

*ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥*
*ਅੰਗ - 760*

*ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥*
*ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥*
*ਅੰਗ - 55*

ਐਡਾ ਸਪਸ਼ਟ ਫੈਸਲਾ ਗੁਰੂ ਨਾਨਕ ਪਾਤਸ਼ਾਹ ਦਾ, ਜੇ ਕਿਤੇ ਸਾਡੇ ਮਨ ਵਿਚ ਵਸ ਜਾਵੇ, ਆਹੀ ਤੁਕ। ਮਹਾਰਾਜ ਕਹਿੰਦੇ, ਫੇਰ ਪਤਾ ਕੀ ਹੋਏਗਾ? ਕਦੇ ਸੋਚਿਆ ਕਰੋ ਕਿ ਇਹਦਾ ਨਤੀਜਾ ਕੀ ਹੋਏਗਾ, ਜੇ ਇਹ ਤੁਕ ਮਨ 'ਚ ਵਸ ਗਈ।

*ਹਉਮੈ ਬੂਝੈ ਤਾ ਦਰੁ ਸੂਝੈ ॥* *ਅੰਗ- 466*

ਜਦੋਂ ਬੁੱਝ ਗਿਆ ਹੁਕਮ ਨੂੰ -

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਅੰਗ - 1*

ਹਉਮੈ ਖਤਮ ਹੋ ਜਾਂਦੀ ਹੈ। ਹੁਕਮ ਦੇ ਬੁੱਝਣ ਨਾਲ ਦਰ ਦੀ ਸੋਝੀ ਪੈਂਦੀ ਹੈ। ਜਿੰਨਾਂ ਚਿਰ ਹੁਕਮ ਦੇ ਵਿਚ ਨਹੀਂ ਆਉਂਦਾ, ਦਰ ਦੀ ਸੋਝੀ ਨਹੀਂ ਪੈਂਦੀ, ਦਰ ਬੰਦ ਪਿਆ। ਬਜਰ ਕਪਾਟ ਲੱਗੇ ਹੋਏ ਨੇ। ਇਹ ਤਾਂ ਬਾਣੀ ਦੇ ਵਿਚ ਸਾਰੇ ਤਰੀਕੇ ਲਿਖੇ ਹੋਏ ਨੇ। ਸਭ ਗੱਲਾਂ ਲਿਖੀਆਂ ਹੋਈਆਂ ਨੇ। ਅਸੀਂ ਭੁੱਲ ਜਾਂਦੇ ਹਾਂ। ਸਾਡੇ ਯਾਦ ਨਹੀਂ ਰਹਿੰਦੀਆਂ, ਉਹ ਤਾਂ ਨਹੀਂ ਰਹਿੰਦੀਆਂ, ਕਿਉਂਕਿ ਸਾਡਾ ਮਨ ਨਹੀਂ ਚਾਹੁੰਦਾ ਕਿ ਅਸੀਂ ਇਹ ਗੱਲਾਂ ਮੰਨ ਲਈਏ। ਬਾਗੀ ਹੈ ਗੁਰੂ ਦੇ ਸਿਧਾਂਤ ਤੋਂ, ਨਹੀਂ ਮੰਨਣਾ ਚਾਹੁੰਦਾ। ਹਾਂ, ਪੈਸੇ ਟਕੇ ਦੀ ਗੱਲ ਹੁੰਦੀ ਹੋਵੇ, ਉਥੇ ਇਹ ਕਹਿ ਦੇਣ ਕਿ ਆਹ ਗੱਲ ਬੁੱਝ ਲਈਂ, ਫੇਰ ਤੈਨੂੰ ਦਰਵਾਜ਼ਾ ਖੁੱਲ੍ਹ ਜਾਏਗਾ। ਫੇਰ ਯਾਦ ਰੱਖੇਗਾ ਕਿ ਮੈਂ ਆਹ ਗੱਲ ਬੁੱਝਣੀ ਹੈ। ਹੁਣ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਇਥੇ - *'ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥'* (ਅੰਗ-55) ਇਨ੍ਹਾਂ ਜੰਤਾਂ ਦੇ ਵਸ ਵਿਚ ਤਾਂ ਕੁਛ ਹੈ ਨਹੀਂ। ਐਵੇਂ ਦੋਸ਼ ਹੀ ਹੈ ਦੂਜੇ ਨੂੰ ਕਿ ਉਹਨੇ ਮੇਰੇ ਨਾਲ ਇਸ ਤਰ੍ਹਾਂ ਕਰਿਆ, ਉਹਨੇ ਐਂ ਕਰਿਆ। ਓਨਾਂ ਹੀ ਬੰਦਾ ਅਣਜਾਣ ਰਹਿੰਦਾ ਹੈ ਜਿੰਨਾਂ ੳ, ਅ 'ਚ ਨਹੀਂ ਆਇਆ, ਜਿਹਨੇ ਅੱਜ ਤਕ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਿਆ ਤੇ ਪੰਜ-ਪੰਜ ਸੁਖਮਨੀ ਸਾਹਿਬ ਦੇ ਪਾਠ ਕਰਦਾ ਹੈ, ਘੰਟਿਆਂ ਬੱਧੀ ਬੈਠਦਾ ਹੈ ਉਹ ਦੋਵੇਂ ਬਰਾਬਰ ਨੇ ਕਿਉਂਕਿ ਦੋਵੇਂ ਉਸੇ ਲਾਈਨ 'ਤੇ ਖੜ੍ਹੇ ਨੇ। ਇਕ ਨੇ ਮੂੰਹ ਕਰਿਆ ਹੋਇਆ ਹੈ, ਇਕ ਨੇ ਪਿੱਠ ਕਰੀ ਹੋਈ ਹੈ ਲੇਕਿਨ ਲਾਈਨ ਇਕੋ ਫੜੀ ਹੋਈ ਹੈ ਦੋਹਾਂ ਨੇ। ਕੋਈ ਤਰੱਕੀ ਨਹੀਂ ਹੋਈ, ਅੰਦਰੋਂ ਬਾਤ ਆਈ ਨਹੀਂ ਹੈ। ਜਿਹੜੀ ਆਉਣੀ ਚਾਹੀਦੀ ਹੈ ਜਿਥੇ ਗੁਰੂ ਸਾਹਿਬ ਲਿਜਾਣਾ ਚਾਹੁੰਦੇ ਨੇ। ਮਹਾਰਾਜ ਕਹਿੰਦੇ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥* *ਅੰਗ - 277*

ਉਸ ਗੁਰਸਿੱਖ ਬੱਚੇ ਨੇ ਬਾਣੀ ਕਮਾਈ ਹੋਈ ਸੀ। ਆਪਣੇ ਆਪ ਨੂੰ ਬਾਣੀ ਦਾ ਰੂਪ ਬਣਾਇਆ ਹੋਇਆ ਸੀ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੇ ਅਸੀਂ ਵਿਸ਼ਲੇਸ਼ਣ ਕਰੀਏ, ਇਕ ਤਾਂ ਪੇਪਰ ਨੇ, ਇਕ ਉਪਰ ਕਾਲੀ ਸਿਆਹੀ ਹੈ। ਲੇਕਿਨ ਇਹ ਬਾਣੀ ਦਾ ਰੂਪ ਬਣੇ ਹੋਏ ਨੇ, ਅਸੀਂ ਮੱਥੇ ਟੇਕਦੇ ਫਿਰਦੇ ਹਾਂ, ਨਾਲ ਖੜ੍ਹ ਕੇ ਅਰਦਾਸਾਂ ਕਰਦੇ ਹਾਂ, ਤੁਸੀਂ ਗੁਰੂ ਹੋਂ। ਹੈ ਬਾਣੀ, ਬਾਣੀ ਅੱਖਰਾਂ ਦੇ ਵਿਚ ਸਾਕਾਰ ਹੋਈ-ਹੋਈ ਹੈ। ਜਿਸ ਦੇ ਹਿਰਦੇ ਵਿਚ ਬਾਣੀ ਸਾਕਾਰ ਹੋ ਜਾਵੇ, ਜਿਹੜਾ ਹਿਰਦਾ ਆਪਣੇ ਆਪ ਨੂੰ ਬਾਣੀ ਦਾ ਰੂਪ ਬਣਾ ਲਵੇ, ਉਹਦਾ ਸਰੀਰ ਵੀ ਉਸੇ ਤਰ੍ਹਾਂ ਪਵਿੱਤਰ ਹੋ ਜਾਂਦਾ ਹੈ। ਸੋ ਉਹਨੂੰ ਸੋਝੀ ਹੁੰਦੀ ਹੈ, ਅੰਦਰ ਜਾਗ ਹੁੰਦੀ ਹੈ। ਉਹਦੇ ਅੰਦਰ ਨੀਂਦ ਨਹੀਂ ਆਉਂਦੀ -

***ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥*** ***ਅੰਗ - 1024***

ਹਮੇਸ਼ਾਂ ਹੀ ਜਾਗਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਕੋਈ ਗੱਲ ਨਹੀਂ ਕਹੀ, ਦੋ ਚਾਰ ਪਿਆਰ ਦੀਆਂ ਗੱਲਾਂ ਕਰੀਆਂ ਕਿ ਤੁਸੀਂ ਪਛਤਾਵਾ ਨਾ ਕਰੋ। ਇਹ ਤਾਂ ਇਵੇਂ ਜਿਵੇਂ ਹੀ ਹੋਣਾ ਸੀ। ਤੁਸੀਂ ਇਸ ਤਰ੍ਹਾਂ ਨਾ ਕਰੋ। ਅਫਸੋਸ ਵਿਚ ਨਾ ਆਵੋ। ਬੜੇ ਚੰਗੇ ਹੋਂ ਤੁਸੀਂ, ਆ ਕੇ ਫੇਰ ਵੀ ਪੁੱਛਿਆ ਹੈ। ਵਾਹਿਗੁਰੂ ਨੇ ਤੁਹਾਡੇ ਅੰਦਰ ਦਿਆ ਪੈਦਾ ਕੀਤੀ ਹੈ। ਦਿਆ ਚੰਗੀ ਅੱਛੀ ਚੀਜ਼ ਹੈ। ਜਿੱਥੇ ਦਇਆ ਹੋਵੇ, ਉਥੇ ਧਰਮ ਆਪਣੇ ਆਪ ਹੀ ਆ ਜਾਇਆ ਕਰਦਾ ਹੈ। ਕਿਉਂਕਿ ਧਰਮ ਪੈਦਾ ਹੀ ਦਇਆ ਤੋਂ ਹੁੰਦਾ ਹੈ। ਪੁੱਤਰ ਕਹਿੰਦੇ ਨੇ ਇਹਨੂੰ ਦਿਆ ਦਾ। ਜਿਹੜੇ ਹਿਰਦੇ 'ਚ ਦਿਆ ਨਹੀਂ ਆਈ, ਮੂਰਖਾਂ ਵਾਂਗਣ ਕਹੀ ਜਾਂਦਾ ਹੈ ਕਿ ਵੱਢ-ਵੱਢ ਜਾਨਵਰ ਖਾਈ ਜਾਓ-ਖਾਈ ਜਾਓ। ਗੁਰੂ ਸਾਹਿਬ ਦਾ ਹੁਕਮ ਹੈ, ਫਲਾਣਾ ਹੈ। ਵਾਹਿਗੁਰੂ ਬਚਾਵੇ ਐਸੇ ਲੋਕਾਂ ਤੋਂ -

***ਐਸੇ ਲੋਗਨ ਸਿਉ ਕਿਆ ਕਹੀਐ ॥***
***ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥***
***ਅੰਗ- 332***

ਕਹਿੰਦੇ, ਡਰਦੇ ਰਹੋ ਇਨ੍ਹਾਂ ਤੋਂ। ਕਿਉਂਕਿ ਕਿਸੇ ਅਸੂਲ ਵਿਚ ਨਹੀਂ ਹੈਗੇ ਇਹ। ਬੇਅਸੂਲੇ ਨੇ। ਮਹਾਰਾਜ ਕਹਿੰਦੇ, ਫੇਰ ਅਸੀਂ ਤੇਰੇ ਨਾਲ ਇਕੋ ਗੱਲ ਕਰਨੀ ਹੈ। ਖੱਪ ਨਹੀਂ ਅਸੀਂ ਪਾਉਣੀ। ਤੇਰੀਆਂ ਦਲੀਲਾਂ ਨਹੀਂ ਅਸੀਂ ਸੁਣਨੀਆਂ, ਪਰ ਇਕ ਗੱਲ ਦਸ -

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥***
***ਅੰਗ- 1103***

ਜੀਆਂ ਨੂੰ ਮਾਰ ਕੇ ਤੂੰ ਕਹਿੰਦਾ ਹੈਂ ਮੈਂ ਧਰਮ ਕਰਦਾ ਹਾਂ। ਮੈਂ ਉਨ੍ਹਾਂ ਦੀ ਮੁਕਤੀ ਕਰਦਾ ਹਾਂ। ਫੇਰ ਤੂੰ ਅਧਰਮ ਦੀ ਕਿਹੜੀ ਪਰਿਭਾਸ਼ਾ ਲਿਆਏਂਗਾ। ਕਿਹੜੀ ਚੀਜ਼ ਨੂੰ ਕਹੇਂਗਾ ਅਧਰਮ ਹੈਂ। ਫੇਰ ਤੂੰ ਮੁਖੀ ਬਣਿਆ ਹੋਇਆ ਹੈਂ ਸਾਰਿਆਂ ਦਾ। ਸਾਰਿਆਂ ਨੂੰ ਕਹਿੰਦਾ ਹੈਂ ਕਿ ਮੈਨੂੰ ਫਤਹਿ ਬੁਲਾਓ। ਮੈਨੂੰ ਮੰਨੋ। ਕਹਿੰਦੇ ਫੇਰ ਕਸਾਈ ਕੀਹਨੂੰ ਕਹੇਂਗਾ

ਪਿਆਰਿਆ। ਤੇਰੇ ਅੰਦਰ ਤਾਂ ਦਇਆ ਨਹੀਂ ਆਈ। ਜਿਥੇ ਦਇਆ ਹੈ ਉਥੇ ਧਰਮ ਹੈ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - 3***

ਜੇ ਮਾਂ ਹੀ ਨਹੀਂ ਹੈ ਪੁੱਤ ਕਿੱਥੋਂ ਆ ਜਾਏਗਾ। ਧਰਮ ਕਿਥੋਂ ਆ ਜਾਏਗਾ। ਖਿਆਲੀ ਧਰਮ ਨਹੀਂ ਹੋਇਆ ਕਰਦਾ। ਧਰਮ ਤਾਂ ਇਕ ਚਰਿੱਤਰ ਹੈ ਜਿਹੜਾ ਅੰਦਰੋਂ ਉੱਗ ਆਉਂਦਾ ਹੈ, ਆਪਣੇ ਆਪ ਪੈਦਾ ਹੁੰਦਾ ਹੈ। ਆਹੀ ਵਜ੍ਹਾ ਹੈ ਕਿ ਅਸੀਂ ਖੁਆਰ ਹੋ ਰਹੇ ਹਾਂ ਸਾਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਲੋਂ ਨਹੀਂ ਅਸੀਂ ਮੰਨਦੇ, ਉਤੋਂ-ਉਤੋਂ ਹੀ ਹੈ, ਰੌਲਾ-ਰੱਪਾ ਬਹੁਤ ਪਾਉਂਦੇ ਹਾਂ ਅਸੀਂ ਕਿ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਨੇ, ਫਲਾਣਾ ਪੜ੍ਹਦਾ ਨਹੀਂ ਜੀ 'ਆਗਿਆ ਭਈ ਅਕਾਲ ਕੀ' ਪੜ੍ਹ ਲਏਂਗਾ ਫੇਰ ਕੀ ਫਰਕ ਪੈ ਜਾਏਗਾ ਤੇਰੇ 'ਚ। ਤੂੰ ਤਾਂ ਮੰਨਦਾ ਹੀ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਨੂੰ। ਅੱਖਰਾਂ ਦੇ ਨਾਲ ਕਹਿੰਦਾ ਹੈਂ ਕਿ 'ਗੁਰੂ ਗ੍ਰੰਥ ਜੀ ਮਾਨਿਓ'। ਜੇ ਗੁਰੂ ਗ੍ਰੰਥ ਸਾਹਿਬ ਜੀ ਮੰਨਣਾ ਹੈ, ਫੇਰ ਜਿਹੜੀਆਂ ਗੱਲਾਂ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਨੇ ਉਹ ਵੀ ਗੱਲਾਂ ਮੰਨ ਲੈ। ਉਹ ਤਾਂ ਮੰਨਦਾ ਨਹੀਂ ਹੈ। ਸੋ ਇਸ ਤਰ੍ਹਾਂ ਦਇਆ ਦਾ ਜਜ਼ਬਾ ਹੈ। ਕਹਿਣ ਲੱਗੇ, ਬੀਬਾ! ਤੁਸੀਂ ਬੜੇ ਚੰਗੇ ਲੋਕ ਹੋਂ। ਮੇਰੇ ਵਰਗੇ ਗਰੀਬ ਦੀ ਵੀ ਸੰਭਾਲ ਕਰਨ ਵਾਸਤੇ ਦੇਖੋ ਹੱਥ ਨਾਲ ਤੁਸੀਂ ਖ਼ੂਨ ਦੀ ਨਾੜੀ ਫੜੀ ਹੋਈ ਹੈ, ਹੋਰ ਨੂੰ ਵੀ ਕਿਸੇ ਨੂੰ ਕਹਿ ਸਕਦੇ ਸੀ ਕਿ ਤੂੰ ਫੜ ਲੈ। ਕਿੰਨੀ ਦਇਆ ਤੁਹਾਡੇ ਮਨ ਵਿਚ ਹੈ। ਧਰਮ ਜਨਮ ਲਏਗਾ ਹਿਰਦੇ 'ਚ।

ਸੋ ਉਸ ਵੇਲੇ ਪਾਲਕੀ ਆਉਂਦੀ ਹੈ, ਆਪ ਨੂੰ ਲੈ ਜਾਂਦੇ ਨੇ ਚੁਕਾ ਕੇ। ਬਹੁਤ ਖ਼ੂਨ ਨਿਕਲ ਗਿਆ। ਬੇਹੋਸ਼ੀ ਦੀ ਹਾਲਤ ਆ ਗਈ। ਬੜਾ ਅਫਸੋਸ ਹੋਇਆ ਘਰ ਜਾ ਕੇ। ਪਿਤਾ ਨੇ ਕਿਹਾ ਕਿ ਕੀ ਹੋ ਗਿਆ? ਦੇਖ ਇਕ ਫੁਕਰਾ, ਤੁਰਦਾ ਫਿਰਦਾ, ਮਾਰਿਆ ਗਿਆ ਇਹਦੇ ਨਾਲ ਅਸਮਾਨ ਤਾਂ ਨਹੀਂ ਥੱਲੇ ਗਿਰ ਗਿਆ? ਕੀ ਹੋ ਗਿਆ ਜੇ ਇਕ ਬੰਦਾ ਮਰ ਗਿਆ। ਆਪਾਂ ਤੋਂ ਹਜ਼ਾਰਾਂ ਬੰਦੇ ਯੁੱਧਾਂ 'ਚ ਮਰਦੇ ਨੇ, ਉਸ ਤਰ੍ਹਾਂ ਮਾਰ ਦਿੰਦੇ ਹਾਂ ਅਸੀਂ। ਜਿਹੜਾ ਸਾਡੀ ਸਹਿਮਤੀ 'ਚ ਨਾ ਹੋਵੇ, ਉਹਨੂੰ ਮਾਰਨ ਨੂੰ ਇਕ ਸਕਿੰਟ ਲਾਉਂਦੇ ਹਾਂ। ਐਨੀ ਕਮਜ਼ੋਰ ਤੂੰ ਹੋ ਗਈ। ਤੂੰ ਕੱਲ੍ਹ ਨੂੰ ਰਾਜ ਭਾਗ ਦੀ ਮਾਲਕ ਬਣਨਾ ਹੈ ਤੇ ਐਡਾ ਕੋਮਲ ਹਿਰਦਾ ਰੱਖ ਕੇ ਕਿਵੇਂ ਰਾਜ ਕਰ ਲਏਂਗੀ ਤੂੰ? ਰਾਠਾਂ ਦੇ ਹਿਰਦੇ ਸਖਤ ਹੋਇਆ ਕਰਦੇ ਨੇ। ਛੱਡ ਪਰ੍ਹੇ ਇਹਨੂੰ। ਮੈਂ ਚੁਕਵਾ ਦਿੰਦਾ ਹਾਂ, ਜੇ ਜ਼ਿਆਦਾ ਕਰਨਾ ਹੈ ਹਕੀਮ ਨੂੰ ਸੰਭਾਲ ਦਿੰਦਾ ਹਾਂ, ਆਪੇ ਹੀ ਉਹ ਸੇਵਾ ਕਰੇਗਾ, ਰਾਜ਼ੀ ਹੋ ਗਿਆ ਤਾਂ ਕੀ ਹੈ, ਜੇ ਮਰ ਗਿਆ ਤਾਂ ਵੀ ਕੀ ਹੈ। ਰੋਣ ਲੱਗ ਗਈ ਬਹੁਤ ਜ਼ਿਆਦਾ। ਕਹਿਣ ਲੱਗੀ, ਨਾ ਪਿਤਾ ਜੀ! ਇਹ ਗੱਲ ਨਾ ਕਹੋ। ਇਹ ਮੇਰਾ ਕਸੂਰ ਹੈ, ਮੈਂ ਮਾਰਿਆ ਹੈ ਇਸ ਨੂੰ। ਦੇਖੋ ਤਾਂ ਸਹੀ ਕਿੰਨਾ ਚੰਗਾ ਪੁਰਸ਼ ਹੈ, ਕੋਈ ਬਦਦੁਆ ਨਹੀਂ ਦਿੰਦਾ, ਮੈਨੂੰ ਮਾੜੀ ਨਹੀਂ ਕਹਿੰਦਾ। ਮੈਨੂੰ ਕਹਿੰਦਾ ਤੂੰ ਕੁਛ ਕਰਿਆ ਹੀ ਨਹੀਂ। ਇਹੋ ਜਿਹਾ ਬੰਦਾ ਮੈਨੂੰ ਲੱਭਿਆ ਹੈ ਅੱਜ ਤੱਕ, ਤੁਹਾਡੇ ਰਾਜ ਦੇ ਅੰਦਰ ਹੈ ਕੋਈ ਜਿਹੜਾ ਉਹਨੂੰ

ਮਾਰੇ ਤੇ ਉਹਨੂੰ ਕਹੇ ਕਿ ਤੂੰ ਤਾਂ ਕੁਛ ਨਹੀਂ ਕਰਿਆ। ਇਹ ਤਾਂ ਮੇਰੇ ਭਾਗਾਂ ਦੀ ਹੀ ਗੱਲ ਹੈ।

ਇਸ ਤਰ੍ਹਾਂ ਦੇ ਨਾਲ ਸੇਵਾ ਕਰਦੀ ਹੈ, ਕਦੇ ਨੇਤਰ ਖੁੱਲ੍ਹ ਜਾਂਦੇ ਨੇ, ਹਕੀਮ ਲੱਗੇ ਹੋਏ ਨੇ, ਜ਼ਖਮ ਬੰਨ੍ਹ ਦਿਤੇ ਤੇ ਬਹੁਤ ਕਿਸਮ ਦੀਆਂ ਮਾਲਿਸ਼ਾਂ ਕੀਤੀਆਂ ਜਾਂਦੀਆਂ ਨੇ। ਪਰ ਆਪ ਉਥੇ ਹੀ ਰਹਿੰਦੀ ਹੈ। ਖਾਣਾ-ਪੀਣਾ ਵੀ ਭੁੱਲੀ ਹੋਈ ਹੈ। ਪਿਤਾ ਨੇ ਇਸਦੀ ਮਾਂ ਨੂੰ ਕਿਹਾ ਕਿ ਇਹਨੂੰ ਕੀ ਹੋ ਗਿਆ, ਬਉਰੀ ਹੋ ਗਈ ਇਹ ਤਾਂ। ਉਹ ਕਹਿੰਦੀ, ਹੁਣ ਤੁਸੀਂ ਬੋਲੋ ਨਾ ਮੈਂ ਬਥੇਰਾ ਸਮਝਾ ਕੇ ਦੇਖ ਲਿਆ, ਪਰ ਇਹਦੇ ਅੰਦਰ ਕੋਈ ਲਗਨ ਲੱਗੀ ਹੋਈ ਹੈ। ਲਗਨ ਤਾਂ ਨੇਕ ਹੈ, ਚੰਗਾ ਹੈ ਜੇ ਇਹ ਤਰਸ ਕਰਦੀ ਹੈ। ਤਰਸ ਕਰਨਾ ਕੋਈ ਮਾੜਾ ਥੋੜ੍ਹਾ ਹੁੰਦਾ ਹੈ। ਤੁਸੀਂ ਵੀ ਤਾਂ ਮੇਰੇ 'ਤੇ ਤਰਸ ਕਰਦੇ ਹੀ ਹੋਂ। ਜਦ ਮੈਂ ਇਹ ਕਹਿ ਦਿੰਦੀ ਹਾਂ ਕਿ ਆਪਣੇ ਲੜਕਾ ਨਹੀਂ ਹੈ ਕੋਈ। ਰੋਂਦੀ ਹਾਂ ਤੁਸੀਂ ਮੈਨੂੰ ਚੁੱਪ ਕਰਾਉਂਦੇ ਹੋਂ, ਉਹ ਤਰਸ ਹੀ ਹੁੰਦਾ ਹੈ, ਹੋਰ ਕੀ ਹੁੰਦਾ ਹੈ? ਬੱਚੀ ਨੂੰ ਉਸ ਤੇ ਤਰਸ ਆ ਰਿਹਾ ਹੈ, ਇਹਦੇ ਵਿਚ ਇਹ ਸੇਵਾ ਕਰਨਾ ਚਾਹੁੰਦੀ ਹੈ।

ਚੌਥੇ-ਪੰਜਵੇਂ ਦਿਨ ਆਪ ਦੇ ਨੇਤਰ ਖੁੱਲ੍ਹੇ ਅਚਾਨਕ, ਦੇਖਿਆ ਖੁਸ਼ ਹੋ ਗਈ। ਕਹਿਣ ਲੱਗੀ, ਐ ਚੰਗੇ ਮਨੁੱਖ! ਮੈਂ ਬੜੀ ਗਲਤੀ ਕਰੀ ਹੈ, ਮੇਰੇ ਅੰਦਰ ਬਹੁਤ ਪਛਤਾਵਾ ਵਧ ਗਿਆ ਤੇ ਮੈਂ ਤਾਂ ਰਾਜ਼ੀ ਹੁੰਦੀ ਹਾਂ, ਮੇਰਾ ਚਿੱਤ ਤਾਂ ਖੁਸ਼ ਹੁੰਦਾ ਹੈ, ਆਹ ਫੜ ਕਟਾਰ ਮੇਰੇ ਜ਼ੋਰ ਨਾਲ ਮਾਰ। ਮੇਰੇ ਕਰਮ ਦਾ ਮੈਨੂੰ ਫਲ ਦੇ-ਦੇ। ਕਹਿੰਦੇ, ਨਹੀਂ ਇਥੇ ਕੋਈ ਕੁਛ ਨਹੀਂ ਕਰਦਾ। ਇਹ ਤਾਂ ਹੁਕਮ ਹੈ, ਹੁਕਮ ਦੇ ਨਾਲ ਹੀ ਸਭ ਕੁਛ ਹੋਇਆ ਹੈ। ਮੈਨੂੰ ਕਟਾਰ ਮਾਰਨ ਦੀ ਲੋੜ ਨਹੀਂ ਹੈ। ਪਰ ਮੈਂ ਤੈਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਧਿਆਨ ਨਾਲ ਸੁਣੀ। ਕਹਿਣ ਲੱਗੀ, ਜੋ ਕੁਛ ਤੁਸੀਂ ਦੱਸੋਂਗੇ, ਮੈਂ ਇਕੱਲਾ-ਇਕੱਲਾ ਅੱਖਰ ਯਾਦ ਰੱਖਾਂਗੀ। ਕਹਿੰਦੇ, ਆਹ ਜਿਹੜਾ ਤੂੰ ਆਪਣੇ ਆਪ ਨੂੰ ਕਹਿੰਦੀ ਹੈਂ ਨਾ ਕਿ ਮੈਂ ਮਾਰਿਆ, ਮੈਂ ਮਾਰਿਆ। ਤੈਨੂੰ ਪਤਾ ਨਹੀਂ ਇਹ ਤਾਂ ਪੰਜ ਤੱਤ ਦਾ ਸਰੀਰ ਹੈ, ਇਹ ਤੂੰ ਹੈ ਨਹੀਂ। ਤੂੰ ਇਹਦੇ ਵਿਚ ਵਸਣ ਵਾਲੀ ਹੈਂ। ਇਹਦੇ ਵਿਚ ਵਸਣ ਵਾਲੀ ਤੂੰ ਆਖਰੀ ਸਿਰੇ 'ਤੇ ਹੈਂ। ਤੈਨੂੰ ਕਿਸੇ ਨੇ ਦੱਸਿਆ ਨਹੀਂ, ਕਿਉਂਕਿ ਤੂੰ ਰਾਜ ਮਹਿਲਾਂ 'ਚ ਪਲੀ ਹੈਂ। ਆਹ ਗੱਲਾਂ ਤੁਹਾਡੇ ਘਰਾਂ 'ਚ ਹੁੰਦੀਆਂ ਨਹੀਂ। ਪਰ ਕਿਉਂਕਿ ਮੈਂ ਚਲੇ ਜਾਣਾ ਹੈ ਮੈਂ ਤੈਨੂੰ ਸੱਚ ਦੀ ਗੱਲ ਦੱਸ ਕੇ ਜਾਣਾ ਹੈ।

ਕਹਿਣ ਲੱਗੇ, ਤੂੰ ਆਹ ਸਰੀਰ ਨਹੀਂ।

ਕਹਿਣ ਲੱਗੀ, ਜੇ ਮੈਂ ਸਰੀਰ ਨਹੀਂ ਤਾਂ ਫੇਰ ਮੈਂ ਕੀ ਹੋਈ? ਫੇਰ ਤਾਂ ਕੁਛ ਵੀ ਨਾ ਹੋਇਆ?

ਕਹਿੰਦੇ, ਨਹੀਂ, ਇਹਦੇ ਅੰਦਰ ਇਕ ਸਰੀਰ ਹੋਰ ਹੈ, ਜਿਹਨੂੰ **ਸੂਖਸ਼ਮ ਸਰੀਰ** ਕਹਿੰਦੇ ਨੇ। 19 ਤੱਤਾਂ ਦਾ ਹੁੰਦਾ ਹੈ ਉਹ। ਜਦੋਂ ਇਹ ਸਰੀਰ ਛੁੱਟ ਜਾਂਦਾ ਹੈ, ਉਹ ਆਪਣੇ ਕਰਮਾਂ ਦੇ ਹਿਸਾਬ ਨਾਲ ਤੁਰ ਜਾਂਦਾ

ਹੈ ਇਹਦੇ ਵਿਚੋਂ ਨਿਕਲ ਕੇ, ਤੂੰ ਉਹ ਵੀ ਨਹੀਂ ਹੈਂ, ਉਹਦੇ ਅੰਦਰ ਇਕ ਹੋਰ ਸਰੀਰ ਹੁੰਦਾ ਹੈ ਜਿਹਨੂੰ **ਕਾਰਨ ਸਰੀਰ** ਕਹਿੰਦੇ ਨੇ, ਉਹ **ਅਗਿਆਨ ਦਾ ਸਰੀਰ** ਹੁੰਦਾ ਹੈ, **ਮੈਂ ਦਾ ਸਰੀਰ** ਹੁੰਦਾ ਹੈ, ਮੈਂ ਭਾਵ ਦਾ, ਉਹਨੂੰ ਕਾਰਨ ਸਰੀਰ ਕਹਿੰਦੇ ਨੇ। ਉਹ ਵੀ ਤੂੰ ਨਹੀਂ। ਆਹ ਸਰੀਰ ਦੇ ਅੰਦਰ ਜਿਹੜੀਆਂ ਅੱਖਾਂ ਨਾਲ ਤੂੰ ਦੇਖਦੀ ਹੈਂ, ਇਹ ਵੀ ਨਹੀਂ। ਜਿਹੜਾ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਇਨ੍ਹਾਂ 'ਚ ਕੋਈ ਤੱਤ ਨਹੀਂ ਤੂੰ ਤੇ ਨਾ ਤੂੰ ਸੁਣਨ ਵਾਲੀ ਹੈਂ। ਕੰਨ ਨਹੀਂ ਹੈਂ ਤੂੰ, ਕੰਨਾਂ ਦੇ ਵਿਚ ਸੁਣਨ ਵਾਲੀ ਹੈਂ, ਅੱਖਾਂ ਦੇ ਵਿਚ ਦੇਖਣ ਵਾਲੀ ਹੈਂ, ਜ਼ੁਬਾਨ ਦੇ ਨਾਲ ਬੋਲਣ ਵਾਲੀ ਹੈਂ ਤੇ ਸਾਰਾ ਕੁਛ ਤੂੰ ਦੇਖ ਰਹੀ ਹੈਂ। ਸਰੀਰ ਨੂੰ ਸੱਤਾ ਦੇ ਰਹੀ ਹੈਂ, ਸਰੀਰ ਸੁਭਾਅ ਦੇ ਮੁਤਾਬਿਕ ਚੱਲ ਰਿਹਾ ਹੈ। ਇਹ ਸਰੀਰ **ਉਪਰ ਜਿਹੜਾ ਫੁਰਨਾ ਕਰਦਾ ਹੈ, ਇਹਨੂੰ ਮਨ** ਕਹਿੰਦੇ ਨੇ।

ਸੋਚਦੀ ਹੈ ਨਾ?

ਕਹਿੰਦੀ, ਹਾਂ ਮੈਂ ਹਰ ਵਕਤ ਸੋਚਦੀ ਹਾਂ।

ਕਹਿੰਦੇ, ਉਹ ਜਿਹੜਾ ਸੋਚਦੀ ਹੈਂ ਉਹਨੂੰ ਮਨ ਕਹਿੰਦੇ ਨੇ, ਉਹ ਵੀ ਤੂੰ ਨਹੀਂ। ਫੇਰ ਤੂੰ ਕਦੇ ਇਸ ਤਰ੍ਹਾਂ ਸੋਚਦੀ ਹੋਵੇਂਗੀ ਕਿ ਮੈਂ ਜਿਹੜੀ ਸੋਚ ਸੋਚੀ ਹੈ, ਇਹ ਠੀਕ ਨਹੀਂ ਹੈ। ਕਹਿੰਦੀ, ਇਹ ਵੀ ਮੈਂ ਕਰਦੀ ਹਾਂ, ਜਦੋਂ ਪਈ-ਪਈ ਮੈਂ ਗਲਤ ਗੱਲਾਂ ਸੋਚ ਲੈਂਦੀ ਹਾਂ ਤੇ ਮੇਰੇ ਅੰਦਰੋਂ ਹੀ ਆ ਜਾਂਦੀ ਹੈ ਕਿ ਇਹ ਗਲਤ ਹੈ ਇਹਦੇ 'ਚ ਤਾਂ ਮਾਂ-ਬਾਪ ਨਰਾਜ਼ ਹੋ ਜਾਣਗੇ ਜੇ ਮੈਂ ਇਹ ਗੱਲ ਕਰੀ।

ਕਹਿੰਦੇ, ਇਹਨੂੰ ਬੁੱਧੀ ਕਹਿੰਦੇ ਨੇ, ਇਹ ਵੀ ਤੂੰ ਨਹੀਂ ਹੈ। ਕਹਿੰਦੇ, ਹੁਣ ਤੇਰਾ ਚਿੱਤ ਉਦਾਸ ਹੈ ਨਾ?

ਕਹਿੰਦੀ, ਹਾਂ।

ਕਹਿੰਦੇ, ਚਿੱਤ ਖੁਸ਼ ਵੀ ਹੋ ਜਾਂਦਾ ਹਾਂ। ਕਹਿੰਦੀ ਹਾਂ, ਮੈਂ ਤਾਂ ਖੁਸ਼ ਹੁੰਦੀ ਹਾਂ ਤੁਸੀਂ ਰਾਜ਼ੀ ਜਾਵੋਂ।

ਕਹਿੰਦੇ, ਇਹ ਚਿੱਤ ਹੈ ਇਹ ਵੀ ਤੂੰ ਨਹੀਂ ਹੈਂ।

ਹੈਰਾਨ ਹੋ ਗਈ, ਕਹਿੰਦੇ ਭਲੇ ਪੁਰਸ਼! ਤੂੰ ਤਾਂ ਮੈਨੂੰ ਉਈਂ ਖਤਮ ਕਰ ਦਿਤਾ। ਮੈਂ ਫੇਰ ਕੁਛ ਵੀ ਨਹੀਂ ਹਾਂ?

ਕਹਿੰਦੇ, ਨਹੀਂ ਤੂੰ ਅਸਲੀ ਚੀਜ਼ ਹੈਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਪਰ੍ਹੇ **ਤੂੰ ਆਤਮਾ ਹੈਂ**। ਤੂੰ ਦ੍ਰਿਸ਼ਟਾ ਹੈਂ, ਤੂੰ ਦੇਖ ਰਹੀ ਹੈਂ, ਤੇਰਾ ਸਬੰਧ ਨਹੀਂ ਕਿਸੇ ਨਾਲ, ਨਾ ਕੋਈ ਮਾਂ ਹੈ, ਨਾ ਕੋਈ ਪਿਓ ਹੈ, ਨਾ ਕੋਈ ਭਰਾ ਹੈ, ਕੋਈ ਨਹੀਂ ਹੈ। ਸੱਤਾ ਦਿੰਦੀ ਹੈਂ ਤੂੰ ਇਸ ਸਰੀਰ ਨੂੰ, ਅਗਿਆਨ ਦੇ ਨਾਲ ਇਹਦੇ ਸਬੰਧ ਨੇ। ਇਹ ਇਕ ਬੁੱਧੀ ਪੈਦਾ ਹੋ ਗਈ ਜਿਹਨੂੰ ਹਉਮੈ ਦੀ ਬੁੱਧੀ ਕਹਿੰਦੇ ਨੇ, ਸੁਰਤ ਆ ਗਈ ਅੰਦਰ, ego ਦੀ ਸੁਰਤ, ਹਉਮੈ ਦੀ ਸੁਰਤ, ਉਹ ਹਉਮੈ ਦੀ ਸੁਰਤ ਨੇ ਬਣਾ ਦਿਤੇ ਕਿ ਆਹ ਮੇਰਾ

ਪਿਤਾ ਹੈ, ਆਹ ਮੇਰਾ ਭਰਾ ਹੈ, ਆਹ ਮੇਰੀ ਮਾਂ ਹੈ, ਆਹ ਮੇਰੀ ਜ਼ਮੀਨ ਹੈ, ਆਹ ਮੇਰੀ ਕੋਠੀ ਹੈ, ਆਹ ਮੇਰਾ ਸਰੀਰ ਹੈ, ਆਹ ਮੇਰਾ ਧਰਮ ਹੈ, ਮੈਂ ਫਲਾਣੇ ਪਿੰਡ ਦਾ ਹਾਂ, ਮੈਂ ਧਿਮਕੇ ਦਾ ਹਾਂ, ਕਹਿੰਦੇ ਇਸ ਸੁਰਤ ਨੇ ਇਹਨੂੰ ਬੁੰਦਲਾ ਲਿਆ। ਅਸਲੀ ਸਰੂਪ ਨਹੀਂ ਆਉਣ ਦਿੰਦੀ ਤੇ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਇਸ ਤਰ੍ਹਾਂ ਨਾਲ ਕਹਿੰਦੇ ਨੇ –

***ਧਾਰਨਾ – ਮਨ ਭੋਲਿਆ ਹਉਮੈ ਸੁਰਤ ਵਿਸਾਰ।***

ਇਹ ਜਿਹੜੀ ਤੇਰੇ ਅੰਦਰ ਸੁਰਤ ਹੈ ਇਹ ਹਉਮੈ ਦੀ ਹੈ, ਇਹ ਹਉਮੈ ਦੀ ਸੁਰਤ ਕਰਕੇ ਤੈਨੂੰ ਇਹ ਲਗਦਾ ਹੈ। ਜਿਵੇਂ ਕੋਈ ਆਦਮੀ ਬੇਸੁਰਤ ਹੋ ਜਾਵੇ, ਉਹਦੇ ਸਾਮ੍ਹਣੇ ਕਹਿੰਦੇ ਨੇ, ਐਕਸੀਡੈਂਟ ਹੋ ਜਾਵੇ, ਅੱਖਾਂ ਦੇਖਦੀਆਂ ਨੇ, ਕੰਨ ਸੁਣਦੇ ਨੇ, ਮੂੰਹ ਨਾਲ ਖਾਂਦਾ ਹੈ, ਪਰ ਕਹਿੰਦੇ ਨੇ ਸੁਰਤ ਨਹੀਂ ਆਈ। ਉਹ ਸੁਰਤ ਤਾਂ ਆ ਗਈ ਖਾਣ ਪੀਣ ਦੀ, ਕੱਪੜੇ ਪਾਉਣ ਦੀ, ਆਹ ਸੁਰਤ ਨਹੀਂ ਆਈ, ਉਹ ਕਹਿੰਦੇ, ਪਛਾਣ ਤਾਂ ਸਹੀ ਇਹ ਕੌਣ ਹੈ। ਕਹਿੰਦਾ, ਮੈਂ ਤਾਂ ਜਾਣਦਾ ਨਹੀਂ। ਉਹ ਕਹਿੰਦਾ, ਤੇਰੀ ਘਰਵਾਲੀ ਹੈ, ਕਹਿੰਦਾ ਮੈਂ ਨਹੀਂ ਜਾਣਦਾ। ਸੁਰਤ ਜਿਹੜੀ ਹੈ, ਸੁਰਤ ਦਾ ਖਾਨਾ ਬਦਲ ਗਿਆ। ਸੁਰਤ ਦਾ ਖਾਨਾ ਬਦਲਦੇ ਸਾਰ, ਹੋਰ ਕੁਛ ਬਣ ਜਾਂਦਾ ਹੈ ਰਿਸ਼ਤਾ। ਸੋ ਮਹਾਰਾਜ ਕਹਿੰਦੇ, ਇਹ ਹਉਮੈ ਦੀ ਸੁਰਤ ਦੇ ਵਿਚ, ਆਪਣੇ ਤੇ ਪਰਾਏ, ਚੰਗੇ ਮੰਦੇ ਇਹ ਦ੍ਰਿਸ਼ਟੀ ਆਉਂਦੇ ਨੇ, ਜਿਸ ਵਕਤ ਹਉਮੈ ਦੀ ਸੁਰਤ ਹਟ ਜਾਂਦੀ ਹੈ –

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***
***ਅੰਗ– 610***

ਜਿਹਨੂੰ ਬ੍ਰਹਮ ਦੀ ਪਛਾਣ ਆ ਗਈ, ਉਹਨੂੰ ਨਾਲ ਦੀ ਨਾਲ ਸੁਰਤ ਆ ਗਈ। ਇਥੇ ਭੁੱਲਿਆ ਹੋਇਆ ਹੀ ਨਹੀਂ ਕੋਈ। ਉਹ ਪਰਿਭਾਸ਼ਾ ਬਦਲ ਗਈ, ਹੋਰ ਸੁਰਤ ਆ ਗਈ –

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥ ਅੰਗ – 339***

ਸੁਰਤ ਬਦਲ ਗਈ, ਪਹਿਲਾਂ ਜਿਹੜਾ ਕਾਂਟਾ ਸੀ ਬਦਲ ਦਿਤਾ, ਦੂਜਾ ਕਾਂਟਾ ਆ ਗਿਆ, ਰੱਬ ਵਾਲੀ ਸੁਰਤ ਦਾ। ਸੋ ਕਹਿਣ ਲੱਗੇ, ਬੀਬਾ! ਇਹ ਦੇਹੀ ਤਾਂ ਮੰਨਦੀ ਹੈਂ, ਤੇਰੇ ਅੰਦਰ ਹਉਮੈ ਤੱਤ ਹੈ, ਕਹਿੰਦੀ ਚੰਗੇ ਪੁਰਸ਼, ਤੁਸੀਂ ਤਾਂ ਅਗਾਂਹਾਂ ਤੋਂ ਅਗਾਂਹਾਂ ਗੱਲ ਕਰੀ ਜਾਂਦੇ ਹੋਂ, ਮੈਨੂੰ ਤਾਂ ਪਹਿਲੀ ਗੱਲ 'ਚ ਹੀ ਨਹੀਂ ਸਮਝ ਆਈ। ਮੈਂ ਤਾਂ ਸੋਚੀ ਜਾਂਦੀ ਹਾਂ, ਮੈਨੂੰ ਭੁੱਖ ਲਗਦੀ ਹੈ, ਮੈਂ ਮਾਂ ਨੂੰ ਪਿਆਰ ਕਰਦੀ ਹਾਂ, ਬਾਪ ਨੂੰ ਪਿਆਰ ਕਰਦੀ ਹਾਂ, ਫੇਰ ਇਹ ਮੇਰੇ ਕੁਛ ਨਹੀਂ ਲਗਦੇ?

ਕਹਿੰਦੇ, ਨਹੀਂ ਇਹ ਤਾਂ ਹਉਮੈ ਕਰਕੇ ਤੈਨੂੰ ਪ੍ਰਤੀਤ ਦਿੰਦੇ ਨੇ ਤੇ ਤੂੰ ਅਚਾਹ ਹੈਂ, ਤੂੰ ਪਿਆਰ ਕਰਦੀ ਹੈਂ, ਕਿਸੇ ਦਾ ਪਿਆਰ ਨਹੀਂ ਚਾਹੁੰਦੀ। ਤੂੰ ਦਿੰਦੀ ਹੀ ਦਿੰਦੀ ਹੈਂ ਸਭ ਨੂੰ, ਤੇਰੇ ਅੰਦਰ ਲੈਣ ਦੀ ਮੰਗਤਾ ਬਿਰਤੀ ਨਹੀਂ ਹੈ। ਆਪਣੇ ਆਪ ਨੂੰ ਪਛਾਣ। ਫੇਰ ਤੂੰ ਆਪ ਹੀ ਪ੍ਰੇਮ ਹੈਂ, ਨਿਰਾ

ਹੀ ਪਿਆਰ ਜਿਹਨੂੰ ਕਹਿੰਦੇ ਨੇ।

ਕਹਿੰਦੀ, ਇਹ ਤਾਂ ਮੈਂ ਸੁਣਿਆ ਹੈ, ਪਿਆਰ।

ਕਹਿੰਦੇ, ਉਹ ਰੂਪ ਹੈ ਤੇਰਾ, ਤੂੰ ਉਹ ਹੈਂ।

ਕਹਿੰਦੀ, ਇਹ ਗੱਲਾਂ ਤਾਂ ਮੇਰੀ ਸਮਝ ਤੋਂ ਪਰ੍ਹੇ ਨੇ। ਮੈਂ ਤਾਂ ਆਹ ਹਾਂ ਜਿਹੜੀ ਕੱਪੜੇ ਪਾਈਂ ਬੈਠੀ ਹਾਂ, ਤੈਨੂੰ ਦੇਖਦੀ ਹਾਂ, ਮੇਰਾ ਜੀਅ ਕਰਦਾ ਹੈ ਕਿ ਤੂੰ ਰਾਜ਼ੀ ਹੋ ਜਾਵੇਂ ਤੇ ਮੈਂ ਫੇਰ ਤੈਨੂੰ ਕਹਾਂ ਕਿ ਹੁਣ ਮੇਰੇ ਤੋਂ ਬਦਲਾ ਲੈ।

ਕਹਿੰਦੇ, ਨਾ ਇਹ ਜਿਹੜੀਆਂ ਚੀਜ਼ਾਂ ਨੇ, ਇਹ ਸਾਰੇ ਜਿਹੜੇ ਖਿਆਲ ਨੇ ਇਹ ਹਉਮੈ ਕਰਕੇ ਖਿਆਲ ਨੇ। ਕਿਉਂਕਿ ਤੇਰੀ ਸੁਰਤ ਸੁੱਤੀ ਪਈ ਹੈ, ਅਜੇ ਜਾਗੀ ਨਹੀਂ।

ਕਹਿਣ ਲੱਗੀ, ਹੁਣ ਅੱਗੇ ਹੋਰ ਗੱਲ ਕਹਿ ਦਿਤੀ ਤੁਸੀਂ ਮੈਨੂੰ? ਮੇਰੇ ਤੋਂ ਤਾਂ ਪਹਿਲੀ ਹੀ ਗੱਲ ਨਹੀਂ ਝੱਲ ਹੁੰਦੀ। ਮੇਰੇ ਤਾਂ ਓਹੀ ਗੱਲ ਨਹੀਂ ਸਮਝ ਆਉਂਦੀ।

ਕਹਿੰਦੇ, ਆ ਜਾਂਦੀ ਹੁੰਦੀ ਹੈ, ਕੁਛ ਕਰਨਾ ਪੈਂਦਾ ਹੈ ਉਹਨੂੰ ਸਮਝਣ ਵਾਸਤੇ। ਕਹਿਣ ਲੱਗੇ, ਤੂੰ ਅਮਰ ਹੈਂ, ਕਦੇ ਮਰਨਾ ਨਹੀਂ ਤੂੰ।

ਕਹਿੰਦੀ, ਮੈਂ ਦਾਦਾ ਜੀ ਦੇਖੇ ਨੇ ਮਰਦੇ?

ਕਹਿੰਦੇ, ਨਹੀਂ, ਸਰੀਰ ਲਾਂਭੇ ਹੁੰਦਾ ਹੈ, ਜਿਹੜਾ ਉਹਦੇ ਵਿਚ ਤੇਰਾ ਦਾਦਾ ਜੀ ਬਣਿਆ ਹੋਇਆ ਸੀ ਉਹ ਨਹੀਂ ਮਰਿਆ। ਉਹ ਹੁਣ ਵੀ ਹੈਗਾ, ਉਹਨੂੰ ਕੋਈ ਪਤਾ ਨਹੀਂ ਕਿ ਮੇਰੀ ਪੋਤੀ ਕਿੱਥੇ ਹੈ?

***ਮਰਣਹਾਰੁ ਇਹੁ ਜੀਅਰਾ ਨਾਹੀ ॥*** ***ਅੰਗ – 188***

ਇਹ ਜਿਹੜੀ ਦੇਹੀ ਹੈ ਤੇਰੀ, ਇਹ ਤੇਰਾ ਧਨ ਹੈ, ਤੇਰੇ ਸਬੰਧੀ ਨੇ, ਤੇਰੀਆਂ ਵਾਸ਼ਨਾਵਾਂ ਨੇ, ਕਿੰਨੀਆਂ ਵਾਸ਼ਨਾਵਾਂ ਨੇ। ਪਹਿਲਾਂ ਤਾਂ ਦੇਹ ਹੰਗਤਾ ਨਹੀਂ ਹਟਦੀ, ਸਾਰੀ ਜ਼ਿੰਦਗੀ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ। ਇਹ ਰੂਹਾਨੀ ਮਾਰਗ ਐਵੇਂ ਹੀ ਨਹੀਂ ਆਉਂਦਾ, ਇਹ ਤਾਂ ਜੀਉਂਦੇ ਮਰਨਾ ਹੈ। ਕਹਿੰਦੇ, ਏਧਰੋਂ ਮਰੋ, ਓਧਰ ਜਾਗੋ ਤਾਂ ਸਮਝ 'ਚ ਆਏਗਾ। ਜੇ ਇਧਰ ਵੀ ਜੀਉਂਦੇ ਰਹਿਣਾ ਹੈ, ਫੇਰ ਨਹੀਂ ਆਉਂਦਾ ਕੁਛ। ਕੁਛ ਬਣ ਜਾ ਫੇਰ ਜਿਹੜਾ ਕੁਛ ਤੇਰਾ ਜੀਅ ਕਰਦਾ ਹੈ। ਇਹ ਨਾ ਗੱਲ ਸਮਝ 'ਚ ਆਏਗੀ। ਇਹ ਮਰਨਾ ਪੈਂਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਅਸੀਂ ਕਹਿ ਦਿੰਦੇ ਹਾਂ ਕਿ ਕਬੂਲ ਹੈ ਜੀ ਮੇਰਾ ਸਿਰ ਲੈ ਲਓ। ਮਹਾਰਾਜ ਕਹਿੰਦੇ, ਸਿਰ ਲੈ ਕੇ ਕੀ ਕਰਨਾ ਹੈ ਅਸੀਂ ਤੇਰਾ। ਅਸੀਂ ਕੀ ਕਰਨੀ ਹੈ ਮਿੱਟੀ। ਤੈਨੂੰ ਤਾਂ ਜਿਹੜਾ ਤੇਰਾ ਆਪਾ ਭਾਵ ਹੈ, ਉਹ ਮਰਨਾ

ਕਬੂਲ ਕਰ। ਕਿਉਂਕਿ ਅਸੀਂ ਤੈਨੂੰ ਜੀਵਨ ਦੇਣਾ ਹੈ। ਸਦਾ ਦਾ ਜੀਵਨ ਦੇਣਾ ਹੈ। ਉਹ ਜੀਵਨ ਲੈਣ ਨੂੰ ਪਹਿਲਾਂ ਤਿਆਰ ਹੋ। ਜਿਹਨੂੰ ਤੂੰ ਜੀਵਨ ਕਹਿੰਦੀ ਹੈਂ, ਇਹਨੂੰ ਮਰਨਾ ਕਬੂਲ ਲੈ। ਫੇਰ ਇਹ ਚੀਜ਼ ਤੇਰੇ ਸਮਝ 'ਚ ਆਏਗੀ, ਨਹੀਂ ਤਾਂ ਆਉਣੀ ਨਹੀਂ ਹੈ। ਕਹਿਣ ਲੱਗੇ, ਬੀਬਾ! ਇਹ ਜਿਹੜੀ ਤੇਰੀ ਦੇਹੀ ਹੈ ਆਹ ਤੁਹਾਡਾ ਰਾਜ ਭਾਗ ਐਨਾ ਵੱਡਾ ਹੈ, ਇਹ ਸਬੰਧੀ ਨੇ, ਮਾਂ ਹੈ ਪਿਉ ਹੈ। ਬਾਕੀ ਜਿਹੜੀਆਂ ਵਾਸ਼ਨਾਵਾਂ ਨੇ, ਮੈਂ ਇਸ ਤਰ੍ਹਾਂ ਕਰਾਂ, ਮੈਨੂੰ ਆਹ ਚੀਜ਼ ਮਿਲ ਜਾਵੇ, ਮੇਰੀ ਦੇਹ ਸੁੰਦਰ ਹੋਵੇ। ਮੈਨੂੰ ਲੋਕ ਜਾਨਣ, ਮੇਰੀ ਪ੍ਰਸੰਸਾ ਹੋਵੇ। ਲੋਕ ਕਹਿਣ ਇਹ ਬਹੁਤ ਵੱਡੇ ਸੰਤ ਨੇ। ਇਨ੍ਹਾਂ ਦੇ ਮੁਕਾਬਲੇ 'ਤੇ ਹੋਰ ਹੈ ਕੋਈ ਨਹੀਂ। ਇਹ ਵਾਸ਼ਨਾ ਹੀ ਹੈ ਕੁਛ ਨਹੀਂ ਹੈ। ਅਸਲੀਅਤ ਨਹੀਂ ਹੈ ਇਹਦੇ ਵਿਚ ਕੋਈ ਵੀ। ਸਾਰੀ ਦੁਨੀਆਂ ਉਸਤਤ ਕਰੀ ਜਾਵੇ, ਸੰਤਾਂ ਨੂੰ ਨਹੀਂ ਅੱਛੀ ਲਗਦੀ, ਸੰਤਾਂ ਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਇਹ ਐਵੇਂ ਹੀ ਨੇ ਗੱਲਾਂਬਾਤਾਂ, ਤਾਂ ਉਸਤਤ ਕੀਹਦੇ 'ਚ ਹੈ। ਜਾਣਦੇ ਹੀ ਨਹੀਂ ਸੰਤ ਨੂੰ ਕਿ ਸੰਤ ਕੌਣ ਹੈ। ਸਰੀਰ ਨੂੰ ਸੰਤ ਕਹੀ ਜਾਂਦੇ ਨੇ, ਉਹਦੀਆਂ ਗੱਲਾਂ ਕਰੀ ਜਾਂਦੇ ਨੇ ਕਿ ਇਹ ਚੰਗਾ ਹੈ ਕਿ ਮੰਦਾ ਹੈ। ਉਹ ਕਹਿੰਦੇ, ਚਾਹੇ ਸਾਰੀ ਦੁਨੀਆਂ ਨਿੰਦਿਆ ਕਰੋ, ਸਾਰੀ ਉਸਤਤ ਕਰੀ ਜਾਓ, ਸੰਤ ਤੱਕ ਦੋਵੇਂ ਨਹੀਂ ਪਹੁੰਚਦੀਆਂ। ਨਾ ਉਸਤਤ ਪਹੁੰਚਦੀ ਹੈ ਨਾ ਨਿੰਦਿਆ ਪਹੁੰਚਦੀ ਹੈ। ਦੂਰ ਹੀ ਰਹਿੰਦੀ ਹੈ। ਨਾਮਦੇਵ ਜੀ ਨੇ ਦੋ ਮੁੱਠੀਆਂ ਸੁਆਹ ਦੀਆਂ ਸੁੱਟ ਦਿਤੀਆਂ।

ਕਹਿੰਦੇ, ਇਹ ਕੀ ਗੱਲ?

ਕਹਿੰਦੇ, ਆਹ ਨਿੰਦਕਾਂ ਦੇ ਸਿਰ 'ਤੇ ਆਹ ਉਸਤਤ ਕਰਨ ਵਾਲਿਆਂ ਦੇ ਸਿਰ। ਦੋਵੇਂ ਹੀ ਨਹੀਂ ਜਾਣਦੇ ਕਿ ਸੰਤ ਕੀ ਹੁੰਦੇ ਨੇ।

ਕਹਿਣ ਲੱਗੇ, ਇਹ ਵਾਸ਼ਨਾਵਾਂ ਨੇ। ਲੋਕ ਵਾਸ਼ਨਾ ਹੈ, ਧਨ ਵਾਸ਼ਨਾ ਹੈ, ਪਰਲੋਕ ਵਾਸ਼ਨਾ ਹੈ, ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਨੇ। ਅਨੁਸ਼ਠਾਨ ਵਾਸ਼ਨਾ ਹੈ, ਵਿਦਿਆ ਦੀ ਵਾਸ਼ਨਾ ਹੈ, ਜਾਣ ਪਛਾਣ ਦੀ ਵਾਸ਼ਨਾ ਹੈ, ਰਾਜਸੀ ਸ਼ਕਤੀਆਂ ਹਾਂਸਲ ਕਰਨ ਦੀ ਵਾਸ਼ਨਾ ਹੈ। ਕਹਿੰਦੇ, ਇਹ ਚੀਜ਼ਾਂ ਨੇ ਸਾਰੀਆਂ ਇਹ ਕਹਿਣ ਲੱਗੇ, ਬੀਬਾ! ਇਨ੍ਹਾਂ ਦੇ ਓਹਲੇ ਤੇਰੀ ਆਤਮਾ ਹੈ ਇਹ ਪੜਦੇ ਨੇ। ਜਿੰਨਾਂ ਚਿਰ ਇਹ ਪੜਦੇ ਨਹੀਂ ਹਟਦੇ, ਆਤਮਾ ਸਾਖਸ਼ਾਤਕਾਰ ਨਹੀਂ ਹੁੰਦੀ। ਇਹ ਗਲਤੀ ਦੇ ਨਾਲ ਆਪਣੇ ਆਪ ਨੂੰ ਹੋਰ ਦਾ ਹੋਰ ਮੰਨਦਾ ਹੈ।

ਕਹਿਣ ਲੱਗੀ, ਚੰਗੇ ਪੁਰਸ਼! ਆਹ ਜਿਹੜੀ ਮੈਂ ਤੇਰੇ ਕੋਲ ਬੈਠੀ ਹਾਂ, ਮੈਨੂੰ ਦਰਦ ਆ ਰਿਹਾ ਹੈ। ਪਿਆਰ ਮੇਰੇ ਹਿਰਦੇ 'ਚ ਜਾਗਦਾ ਹੈ। ਮੈਂ ਪਛਤਾਉਂਦੀ ਹਾਂ। ਕੀ ਮੈਂ ਇਹ ਨਹੀਂ ਹਾਂ?

ਕਹਿੰਦੇ, ਨਹੀਂ, ਇਹ ਤਾਂ ਪੰਜ ਤੱਤ ਦੀ ਦੇਹ ਬਿਨਸ ਜਾਇਆ ਕਰਦੀ ਹੈ, ਸਦਾ ਨਹੀਂ ਰਿਹਾ ਕਰਦੀ। ਐਹੋ ਜਿਹੀਆਂ ਕਰੋੜਾਂ ਦੇਹਾਂ ਸਾਨੂੰ ਹੁਣ ਤਕ ਮਿਲ ਚੁੱਕੀਆਂ ਹੋਣਗੀਆਂ। ਅਰਬਾਂ ਦੇਹਾਂ ਮਿਲੀਆਂ ਨੇ,

ਇਹ ਤੂੰ ਨਹੀਂ ਹੈਂ ਤੇ ਗਲਤੀ ਹੈ ਬੜੀ ਜ਼ਬਰਦਸਤ, ਇਸ ਗੱਲ ਤੋਂ ਹਟਦੇ ਨਹੀਂ ਹਾਂ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

*ਧਾਰਨਾ - ਆਤਮ ਤੇਰਾ ਰੂਪ ਹੈ,*
*ਦੇਹੀ ਕਿਉਂ ਮੰਨਦਾ ਹੈ ਆਪ ਨੂੰ।*

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ- 441*

ਮਹਾਰਾਜ ਕਹਿੰਦੇ, ਜਿਹੜਾ ਮੂਲ ਭੁੱਲ ਜਾਂਦਾ ਹੈ, ਉਥੇ ਹਉਮੈ ਦਾ ਹਨ੍ਹੇਰਾ ਹੋਣ ਕਰਕੇ, ਆਪਣੇ ਆਪ ਦਾ ਪਤਾ ਨਹੀਂ ਲਗਦਾ। ਜਿਹੜਾ ਮੂਲ ਭੁੱਲਦਾ ਹੈ ਉਹਨੂੰ ਪ੍ਰਮੇਸ਼ਰ ਨਹੀਂ ਕਦੇ ਵੀ ਮਿਲੇਗਾ। ਐਸੇ ਬਚਨ ਗੁਰੂ ਗ੍ਰੰਥ ਸਾਹਿਬ 'ਚ ਆਉਂਦੇ ਨੇ। ਸੋ ਕਹਿੰਦੇ, ਆਪਣੇ ਆਪ ਨੂੰ ਦੇਹ ਕਿਉਂ ਮੰਨਦਾ ਹੈਂ ਪਿਆਰਿਆ! ਇਹ ਤਾਂ ਦੇਹਾਂ ਕਰੋੜਾਂ ਪਹਿਲਾਂ ਮਿਲੀਆਂ ਨੇ। ਕਰੋੜਾਂ ਫੇਰ ਮਿਲਣੀਆਂ ਨੇ। ਕੋਈ ਆਦਿ ਅੰਤ ਹੀ ਨਹੀਂ ਹੈ। ਕਦੇ ਕੋਈ ਮਿਲ ਜਾਂਦੀ ਹੈ, ਕਦੇ ਕੋਈ ਮਿਲ ਜਾਂਦੀ ਹੈ। ਜੇ ਤੂੰ ਕਹੇਂ ਮਨੁੱਖ ਦੀ ਦੇਹ ਹੀ ਮੈਂ ਹਾਂ, ਫੇਰ ਸੱਪ ਦੀ ਦੇਹ ਕੌਣ ਹੋਇਆ? ਤੂੰ ਸੱਪ ਵੀ ਬਣਿਆ ਹੈਂ -

*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ- 176*

ਕਦੇ ਬਲਦ ਵੀ ਬਣਦਾ ਰਿਹਾ ਹੈ, ਘੋੜਾ ਬਣ ਕੇ ਪਿੱਠਾਂ 'ਤੇ ਲੋਕਾਂ ਨੂੰ ਢੋਂਹਦਾ ਵੀ ਰਿਹਾ ਹੈਂ, ਨੱਠਦਾ ਰਿਹਾ ਹੈ। ਬੈਲ ਬਣ ਕੇ ਹਲ ਖਿਚਦਾ ਰਿਹਾ ਹੈਂ। ਤੈਨੂੰ ਤਾਂ ਬੇਅੰਤ ਦੇਹਾਂ ਮਿਲ ਗਈਆਂ, ਕਿਹੜੀਆਂ ਦੇਹ ਨੂੰ ਕਹਿੰਦਾ ਹੈਂ ਕਿ ਮੈਂ ਆਹ ਹਾਂ? 84 ਲੱਖ ਮਿਲੀਆਂ ਨੇ ਤੈਨੂੰ। ਫੇਰ ਤੂੰ ਦੇਹ ਮੰਨਦਾ ਹੈਂ ਆਪਣੇ ਆਪ ਨੂੰ। ਮੈਂ ਦੇਹ ਹਾਂ, ਮੈਂ ਦੇਹ ਹਾਂ, ਮੈਂ ਆਹ ਸਾਮ੍ਹਣੇ ਖੜ੍ਹਾ ਹਾਂ। ਮਹਾਰਾਜ ਕਹਿੰਦੇ, ਤੈਨੂੰ ਸਾਡੀ ਗੱਲ ਸਮਝ 'ਚ ਹੀ ਨਹੀਂ ਆਉਂਦੀ? ਤੂੰ ਸਿੱਖ ਬਣਿਆ ਹੈਂ, ਸਾਡੇ ਕੋਲ ਆ ਕੇ ਕੁਛ ਲੈਣਾ ਹੈ, ਮੱਥੇ ਟੇਕਦਾ ਹੈਂ ਤੇ ਮੰਨਣਾ ਛੱਡਦਾ ਹੀ ਨਹੀਂ ਕਿ ਮੈਂ ਆਹ ਹਾਂ ਜੀ। ਮਹਾਰਾਜ ਕਹਿੰਦੇ, ਇਹ ਤਾਂ ਤੇਰੀ ਦੇਹ ਹੈ, ਇਹ ਦੇਹੀ ਜਿਹੜੀ ਹੈ ਇਹ ਤੈਨੂੰ ਵੱਡੇ ਭਾਗਾਂ ਨਾਲ ਮਿਲੀ ਹੋਈ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਤੂੰ ਤਾਂ ਪਹਿਲਾਂ ਵੀ ਸੀਗਾ। ਤੈਨੂੰ ਮਨੁੱਖ ਦੀ ਦੇਹੀ ਮਿਲ ਗਈ, ਫਿਰਦੇ-ਫਿਰਦੇ, ਮੌਕਾ ਮਿਲ ਗਿਆ। ਆਹ ਦੇਹੀ ਤੋਂ ਤੂੰ ਕੰਮ ਲੈਣਾ ਹੈ, ਤੂੰ ਦੇਹੀ ਬਣ ਕੇ ਹੀ ਬਹਿ ਗਿਆ। ਮਹਾਰਾਜ ਕਹਿੰਦੇ -

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ - 1159*

ਇਹ ਤੈਨੂੰ ਇਕ ਬਹੁਤ ਵਧੀਆ ਮਸ਼ੀਨ ਮਿਲੀ ਹੈ, ਜਿਹੜੀ ਸੋਚਦੀ ਹੈ, ਖਾਂਦੀ ਹੈ, ਪੀਂਦੀ ਹੈ, ਜਜ਼ਬੇ ਨੇ, ਪਰ ਇਹਦੇ ਵਿਚ ਭੁਲਾਉਣ ਵਾਲੀਆਂ ਚੀਜ਼ਾਂ ਬਹੁਤੀਆਂ ਨੇ। ਉਹ ਆਪਣੇ ਆਪ ਨੂੰ ਤੂੰ ਭੁੱਲ ਗਿਆ ਇਹਦੇ ਵਿਚ ਵੜ ਕੇ। ਮਸ਼ੀਨ ਹੀ ਆਪਣੇ ਆਪ ਨੂੰ ਮੰਨ ਲਿਆ ਕਿ ਮੈਂ ਮਸ਼ੀਨ ਹਾਂ। ਕੋਈ ਬੰਦਾ ਕਾਰ 'ਚ ਬੈਠ ਕੇ ਆਪਣੇ ਆਪ ਨੂੰ ਕਾਰ ਮੰਨ ਲਵੇ। ਕਾਰ ਚੜ੍ਹਾਈ ਹੋਵੇ ਟਰੱਕ 'ਤੇ। ਜੇ ਉਹਨੂੰ ਪੁੱਛੇ ਕਿ ਤੂੰ ਕੌਣ ਹੈਂ? ਕਹਿੰਦਾ, ਟਰੱਕ। ਕਹਿਣਗੇ ਕਿ ਇਹਨੇ ਤਾਂ ਨਸ਼ਾ ਪੀਤਾ ਹੋਇਆ ਹੈ। ਆਹੀ ਹਾਲ ਸਾਡਾ ਹੈ। ਇਸ ਤੋਂ ਅਗਾਂਹਾਂ ਨਹੀਂ ਅਸੀਂ ਤੁਰੇ ਅਜੇ। ਇਥੇ ਹੀ ਖੜ੍ਹੇ ਹਾਂ। ਉਮਰਾਂ ਬੀਤ ਗਈਆਂ ਸਤਿਸੰਗ ਕਰਦਿਆਂ ਦੀਆਂ। ਮਹਾਰਾਜ ਕਹਿੰਦੇ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥***

***ਅੰਗ- 441***

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥***

***ਅੰਗ- 1375***

ਸੁਆਹ ਬਣ ਗਈ ਕਹਿੰਦੇ ਨਿਰਮਲ ਬੂੰਦ ਜਿਹੜੀ ਆਕਾਸ਼ ਦੀ ਸੀ। ਆਤਮਾ ਪ੍ਰਮੇਸ਼ਰ ਦੀ ਅੰਸ ਸੀ।

***ਪੰਚ ਤਤੁ ਮਿਲਿ ਕਾਇਆ ਕੀਨੀ ॥***
***ਤਿਸ ਮਹਿ ਰਾਮ ਰਤਨੁ ਲੈ ਚੀਨੀ ॥*** ***ਅੰਗ- 1030***

ਕਾਇਆਂ ਤਾਂ ਪੰਜਾਂ ਤੱਤਾਂ ਨੇ ਮਿਲ ਕੇ ਕਰੀ ਹੈ। ਇਹਦੇ 'ਚ 25 ਪ੍ਰਕ੍ਰਿਤੀਆਂ ਦੀਆਂ ਅੱਖਾਂ ਨੇ। ਅੱਖਾਂ ਨੇ, ਕੰਨ ਨੇ, ਪੰਜ ਗਿਆਨ ਇੰਦਰੇ ਨੇ। ਫੇਰ ਇਹਦੇ ਵਿਚ ਤਿੰਨ ਗੁਣ ਚਲਦੇ ਨੇ ਹਰ ਵਕਤ। ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਤਿੰਨ ਸਰੀਰ ਨੇ ਇਹਦੇ ਵਿਚ ਪਹਿਲਾ ਕੋਟ ਹੈ, ਦੂਸਰਾ ਹੈ, ਤੀਸਰਾ ਹੈ। ਕਹਿੰਦੇ, ਇਹ ਤਾਂ ਤੇਰਾ ਸਰੀਰ ਬਣ ਗਿਆ। ਇਹਦੇ ਵਿਚ – 'ਤਿਸ ਮਹਿ ਰਾਮ ਰਤਨੁ ਲੈ ਚੀਨੀ ॥' ਜੇ ਉਹ ਜੋਤ ਨਾ ਹੋਵੇ –

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ ॥*** ***ਅੰਗ – 921***

ਜੇ ਜੋਤ ਖਿੱਚ ਲਵੇ, ਫੇਰ ਰੱਖ ਲਓ ਉਹਨੂੰ। ਦੋ ਦਿਨ ਨਹੀਂ ਰਹਿੰਦਾ, ਉਸੇ ਵੇਲੇ ਸੜ ਜਾਏਗਾ। ਉਸੇ ਵੇਲੇ ਕਹਿੰਦੇ ਨੇ ਜਾਲ ਦਿਓ ਇਹਨੂੰ। ਕਹਿੰਦੇ, ਐਡੀ ਤੇਰੀ ਕੱਚੀ ਬੁੱਧੀ, ਤੂੰ ਆਪਣੇ ਆਪ ਨੂੰ ਸਰੀਰ ਹੀ ਸਮਝੀ ਜਾਂਦਾ ਹੈਂ।

***ਆਤਮ ਰਾਮੁ ਰਾਮੁ ਹੈ ਆਤਮ***
***ਹਰਿ ਪਾਈਐ ਸਬਦਿ ਵੀਚਾਰਾ ਹੇ ॥*** ***ਅੰਗ- 1030***

ਮਹਾਰਾਜ ਕਹਿੰਦੇ, ਜਿੰਨਾਂ ਚਿਰ ਤੈਨੂੰ ਸ਼ਬਦ ਦੀ ਪ੍ਰਾਪਤੀ ਨਹੀਂ ਨਾ

ਹੁੰਦੀ, ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕਰਦਾ, ਓਨੀਂ ਦੇਰ ਤੱਕ ਤੈਨੂੰ ਬ੍ਰਹਮ ਸ਼ਬਦ ਦੀ ਪ੍ਰਾਪਤੀ ਨਹੀਂ ਹੋਣੀ। ਬ੍ਰਹਮ ਸ਼ਬਦ ਨੂੰ ਗੁਰੂ ਦੇ ਸ਼ਬਦ ਨੇ ਪ੍ਰਗਟ ਕਰਨਾ ਹੈ। ਬ੍ਰਹਮ ਵੀ ਸ਼ਬਦ ਰੂਪ ਹੈ, ਉਹਨੂੰ ਵੀ ਸ਼ਬਦ ਕਹਿੰਦੇ ਨੇ। ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨਾਂ ਚਿਰ ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - 124*

ਓਨਾਂ ਚਿਰ ਜੰਮਣਾ ਮਰਨਾ ਨਹੀਂ ਖਤਮ ਹੁੰਦਾ, ਜਦੋਂ ਤੱਕ ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਕਹਿੰਦੇ, ਸ਼ਬਦ ਨਾਲ ਮਿਲਦੀ ਹੈ।

*ਸਤ ਸੰਤੋਖਿ ਰਹਹੁ ਜਨ ਭਾਈ ॥*
*ਖਿਮਾ ਗਹਹੁ ਸਤਿਗੁਰ ਸਰਣਾਈ ॥* *ਅੰਗ- 1030*

ਕਹਿੰਦੇ, ਪਹਿਲਾਂ ਇਹ ਰਹਿਤਾਂ ਧਾਰਨ ਕਰੋ ਫੇਰ ਉਸ ਤੋਂ ਬਾਅਦ -

*ਆਤਮੁ ਚੀਨਿ ਪਰਾਤਮੁ ਚੀਨਹੁ*
*ਗੁਰ ਸੰਗਤਿ ਇਹੁ ਨਿਸਤਾਰਾ ਹੇ ॥* *ਅੰਗ - 1030*

ਪਹਿਲਾਂ ਤਾਂ ਆਪਣੇ ਆਪ ਨੂੰ ਜਾਣੋ। ਕਹਿੰਦੇ, ਫੇਰ? ਮਹਾਰਾਜ ਕਹਿੰਦੇ, ਫੇਰ ਜਿਹੜਾ ਵਾਹਿਗੁਰੂ ਹੈ ਉਹਦੇ ਵਰਗਾ ਹੀ ਹੈ, ਜਿਹੋ ਜਿਹੇ ਤੁਸੀਂ ਹੋ। ਤੁਹਾਡਾ ਤੇ ਉਹਦਾ ਕੋਈ ਫਰਕ ਨਹੀਂ ਹੈ।

*ਕਹੁ ਕਬੀਰ ਇਹੁ ਰਾਮ ਕੀ ਅੰਸੁ ॥* *ਅੰਗ- 871*

ਕਿਰਨ ਤੇ ਸੂਰਜ ਦਾ ਫਰਕ ਨਹੀਂ। ਜਾਤ ਵਿਚ ਦੋਵੇਂ ਇਕੋ ਨੇ। ਪਾਣੀ ਤੇ ਪਾਣੀ ਦੀ ਬੂੰਦ ਇੱਕੋ ਹੀ ਨੇ। ਲੇਕਿਨ ਉਹ ਗਿਲਾਸ ਦਾ ਪਾਣੀ ਹੈ ਉਹ ਸਮੁੰਦਰ ਹੈ। ਉਹ ਬਹੁਤਾ ਹੈ, ਉਹ ਘੱਟ ਹੈ। ਪਾਣੀ 'ਚ ਤਾਂ ਕੋਈ ਫਰਕ ਨਹੀਂ ਹੈ। ਸੋ ਪਹਿਲਾਂ ਤੁਸੀਂ ਆਤਮਾ ਨੂੰ ਖੋਜੋ, ਫੇਰ ਤੁਸੀਂ ਪ੍ਰਮਾਤਮਾ ਨੂੰ ਚੀਨੋ। ਸੰਗਤ ਮਿਲ ਜਾਵੇ ਤੱਤ ਬੇਤੇ ਮਹਾਂਪੁਰਸ਼ ਦੀ, ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤੇ ਦੀ। ਜਿਹੜਾ ਅਦ੍ਵੈਤ ਦੇ ਵਿਚ ਰਹਿੰਦਾ ਹੋਵੇ। ਦ੍ਵੈਤ ਦੇ ਵਿਚ ਕਦੇ ਭੁੱਲ ਕੇ ਵੀ ਨਾ ਆਉਂਦਾ ਹੋਵੇ। ਉਹਦੀ ਸੰਗਤ ਕਰਕੇ ਕਹਿੰਦੇ ਫੇਰ ਨਿਸਤਾਰਾ ਹੋਣਾ ਹੈ ਤੇ ਅਗਾਂਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਆਹ ਸੰਸਾਰ ਕੀ ਹੈ? ਕਹਿੰਦੇ, ਸਾਰਾ ਹੀ ਆਤਮ ਪਸਾਰਾ ਹੈ।

ਇਹ ਹਉਮੈ ਉਪਾਧੀ ਨਾਲ ਹੰਗਤਾ ਤੇ ਮਮਤਾ ਦੋ ਚੀਜ਼ਾਂ ਸਾਡੇ ਦਿਮਾਗ ਵਿਚ ਪੈਦਾ ਹੋ ਗਈਆਂ। ਜਿਹੜੀ ਹਉਮੈ ਦੀ ਸੁਰਤ ਹੈ ਉਹਦੇ 'ਚ ਦੋ ਚੀਜ਼ਾਂ ਪੈਦਾ ਹੋ ਗਈਆਂ ਇਕ ਤਾਂ ਹੰਗਤਾ, ਹੰਗਤਾ ਕਹਿੰਦੇ ਨੇ

'ਮੈਂ', ਇਕ ਹੈ ਮਮਤਾ, ਮਮਤਾ ਹੋ ਗਈ 'ਮੇਰੀ' ਜਿੱਥੇ 'ਮੈਂ' ਹੋਵੇ ਉਥੇ 'ਮੇਰੀ' ਜ਼ਰੂਰ ਹੋਏਗੀ। ਕਹਿੰਦੇ, ਮੈਂ ਤੇ ਮੇਰੀ ਪੈਦਾ ਹੋਣ ਦੇ ਨਾਲ ਇਹ ਜਿਹੜਾ ਆਤਮਾ ਸੀ ਇਹ ਜੀਵ ਆਤਮਾ ਕਹਾਉਣ ਲਗ ਗਿਆ। ਹੇਠਲੇ ਦਰਜੇ 'ਚ ਆ ਗਿਆ। ਜੀਵ ਆਤਮਾ ਵੀ ਆਪਣੇ ਆਪ ਨੂੰ ਸਮਝ ਲਵੇ ਤਾਂ ਵੀ ਕਹਿੰਦੇ ਬਹੁਤ ਵੱਡੀ ਬਾਤ ਹੈ।

ਜਦੋਂ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਪਹਿਲੀ ਵਾਰ ਮਿਲਿਆ, 16 ਜਾਂ ਸਾਢੇ 16 ਸਾਲ ਸਰੀਰ ਦੀ ਉਮਰ ਸੀ, ਕਹਿੰਦੇ, ਤੂੰ ਕੌਣ ਹੈਂ? ਬੜੀ ਦੇਰ ਮੈਂ ਚੁੱਪ ਰਿਹਾ, ਤਿੰਨ ਮਿੰਟ ਤੋਂ ਬਾਅਦ ਮੈਂ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਸਮਝ ਨਹੀਂ ਆਉਂਦੀ, ਦੱਸਣ ਦਾ ਪਤਾ ਨਹੀਂ ਲਗਦਾ, ਸੰਗਤ ਹੱਸ ਪਈ ਕਿ ਦੇਖੋ ਇਸ ਤਰ੍ਹਾਂ ਨਹੀਂ ਦੱਸ ਸਕਦਾ ਹੈ ਕਿ ਤੂੰ ਕੌਣ ਹੈਂ? ਜਦੋਂ ਮੈਂ ਦੱਸਿਆ ਕਿ ਮਹਾਰਾਜ ਜੀ! ਇਸ ਤਰ੍ਹਾਂ ਹੈ ਕਿ ਇਕ ਲੱਜ ਉਹਦੇ ਇਸ ਤਰ੍ਹਾਂ ਸਮਝ ਲਓ ਕਿ ਬਹੁਤ ਵੱਡੀ ਭੌਣੀ ਹੈ, ਜਿਹਦੇ ਉਤੇ ਵਲੇਟੀ ਹੋਈ ਹੈ ਤੇ ਵੇੜੀ ਹੋਈ ਥੱਲੇ ਨੂੰ ਛੱਡ ਦਿਤੀ, ਡੋਲ ਲਟਕਦਾ ਹੈ ਉਹਦੇ ਥੱਲੇ ਤੇ ਅਖੀਰ ਘੁੰਮ-ਘੁੰਮ ਕੇ ਆਖਰੀ ਗੰਢ ਆ ਜਾਏਗੀ, ਮੈਂ ਕਿਹਾ ਮੈਨੂੰ ਉਹ ਲਗਦਾ ਹੈ ਕਿ ਮੈਂ ਉਹ ਹਾਂ।

ਮਹਾਰਾਜ ਕਹਿੰਦੇ, ਬਹਿ ਜਾਓ।

ਸੰਗਤ ਚੁੱਪ, ਆਪ ਵੀ 45 ਮਿੰਟ ਚੁੱਪ ਰਹੇ। ਉਸ ਤੋਂ ਬਾਅਦ ਕਹਿਣ ਲੱਗੇ, ਨੇਤਰ ਖੋਲ੍ਹੋ।

ਕਹਿਣ ਲੱਗੇ, ਦੱਸਣਾ ਨਹੀਂ ਆਉਂਦਾ, ਨਾਉਂ ਨਹੀਂ ਜਾਣਦਾ। ਮੈਂ ਕਿਹਾ, ਨਾ ਮਹਾਰਾਜ! ਮੈਨੂੰ ਕੀ ਪਤਾ ਹੈ।

ਕਹਿੰਦੇ, ਅਨੁਭਵ ਕਿਵੇਂ ਹੋ ਰਿਹਾ ਹੈ?

ਮੈਨੂੰ ਇਸ ਤਰ੍ਹਾਂ ਹੋ ਰਿਹਾ ਹੈ ਕਿ ਇਕ ਵੱਡੀ ਰੋਸ਼ਨੀ 'ਚੋਂ ਇਕ ਛੋਟੀ ਰੋਸ਼ਨੀ ਅੱਡ ਹੋ ਰਹੀ ਹੈ ਤੇ ਉਹ ਜਿਹੜੀ ਛੋਟੀ ਰੋਸ਼ਨੀ ਅੱਡ ਹੋਈ ਹੈ, ਉਹ ਹਾਂ ਮੈਂ। ਮਹਾਰਾਜ ਕਹਿੰਦੇ, ਇਹਨੂੰ ਕੋਈ ਨਹੀਂ ਦਸ ਸਕਦਾ। ਲੇਕਿਨ ਪੜ੍ਹਾਈ ਲਿਖਾਈ ਦੇ ਵਿਚ ਗੱਲ ਕਰਨ ਵਾਸਤੇ, ਇਹਨੂੰ ਜੀਵ ਆਤਮਾ ਕਹਿੰਦੇ ਨੇ। ਇਹ ਜੀਵ ਜਿਹੜਾ ਹੈ ਇਹਨੂੰ ਪਾਸੇ ਕਰ ਦੇ। ਬਾਕੀ ਕੀ ਰਹਿ ਗਿਆ? ਮੈਂ ਕਿਹਾ, ਜੀ ਆਤਮਾ। ਕਹਿੰਦੇ, ਬੱਸ ਆਹੀ ਤੇਰਾ ਸਰੂਪ ਹੈ। ਇਹਦਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੈ। ਕਹਿੰਦੇ, ਚਾਹੇ ਸਾਰੀ ਜ਼ਿੰਦਗੀ 'ਚ ਕਰ ਦੇਈਂ, ਚਾਹੇ ਦੱਸ ਜਨਮ ਲੈ ਕੇ ਕਰ ਦੇਈਂ। ਗੱਲ ਇਥੇ ਨਿਬੜ ਜਾਣੀ ਹੈ। ਇੱਕ ਲਾਂਘ ਹੈ, ਪੁੱਟ ਲੈ, ਜੇ ਪੁੱਟ ਹੁੰਦੀ ਹੈ। ਇਸੇ ਲਾਂਘ ਦੇ ਵਿਚ ਬੇਅੰਤ ਪੜਦੇ ਆਉਂਦੇ ਨੇ, ਕਿਤੇ ਪਰਿਵਾਰ ਦਾ ਪੜਦਾ ਹੈ, ਕਿਤੇ ਜਾਇਦਾਦ ਦਾ, ਕਿਤੇ ਰੌਲੇ-ਰੱਪੇ, ਬੇਅੰਤ ਨੇ, ਆਹੀ ਇਕੋ ਖਾਹੀ ਨਹੀਂ ਟੱਪ ਹੁੰਦੀ।

ਮਹਾਰਾਜ ਤਾਂ ਕਹਿੰਦੇ, ਨਿੱਕੀ ਜਿਹੀ ਹੈ। ਹਿੰਮਤ ਕਰਕੇ ਪੁੱਟ ਲਓ।

ਮਾੜਾ ਜਿਹਾ ਡਿੰਗ ਪੁੱਟ ਲਓ, ਐਨੀਓ ਹੀ ਹੈ। ਜਿਥੇ ਹਜ਼ਾਰਾਂ ਲਾਂਘਾਂ ਪੁੱਟੀਆਂ ਨੇ, ਉਥੇ ਇਕ ਹੋਰ ਪੁੱਟ ਲਓ।

ਲੇਕਿਨ ਇਹ ਹੈ ਬਹੁਤ ਔਖੀ। ਗੱਲ ਕਹਿਣ ਵਾਸਤੇ ਹੀ ਹੈ, ਪੁੱਟਣੀ ਬਹੁਤ ਔਖੀ ਹੈ। ਜਨਮ-ਜਨਮ ਲਗ ਜਾਂਦੇ ਨੇ।

ਸੋ ਮਹਾਰਾਜ ਕਹਿੰਦੇ ਕਿ ਅਸਲੀਅਤ (reality) ਨੂੰ ਤਾਂ ਮੰਨ ਲੈ ਨਾ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***

***ਅੰਗ - 846***

ਇਹ ਤਾਂ ਸਾਰਾ ਹੀ ਪਸਾਰਾ ਆਤਮਾ ਨੇ ਕਰਿਆ ਹੋਇਆ ਹੈ। ਆਪ ਹੀ ਅਨੇਕ ਰੂਪ ਧਾਰੇ ਨੇ ਆਤਮਾ ਨੇ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*** ***ਜਾਪੁ ਸਾਹਿਬ***

***ਬਾਜੀਗਰਿ ਜੈਸੇ ਬਾਜੀ ਪਾਈ ॥***
***ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***

***ਅੰਗ - 736***

***ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥***
***ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥***

***ਅੰਗ - 846***

ਇਥੇ ਸ਼ਰਤ ਰੱਖ ਦਿਤੀ ਮਹਾਰਾਜ ਨੇ ਕਿ ਜਾਣਦਾ ਕੌਣ ਹੈ ਇਸ ਨੂੰ? ਕਹਿੰਦੇ, ਜਿਹਨੇ ਨਾਮ ਦਾ ਰਸ ਪੀ ਲਿਆ, ਉਹਦੇ ਅੰਦਰ ਇਹ ਬੁੱਧੀ ਆ ਜਾਏਗੀ, ਕਿਉਂਕਿ ਬੇਹੋਸ਼ ਬੰਦੇ ਨੂੰ ਜੇ ਦਵਾਈ ਪਿਲਾ ਦਿਓ ਹੋਸ਼ ਵਾਲੀ, ਉਹ ਬੇਹੋਸ਼ੀ 'ਚ ਹੋਰ ਕੁਛ ਦੇਖ ਰਿਹਾ ਹੈ, ਜਦੋਂ ਹੋਸ਼ ਆ ਗਈ ਸਹੀ ਗੱਲ ਦੇਖੇਗਾ। ਉਹ ਵਾਲੀ ਦਵਾਈ ਹੈ ਨਾਮ ਦਾ ਰਸ। ਨਾਮ ਦੇ ਰਸ ਨੂੰ ਕੋਈ ਨਹੀਂ ਪੀਣ ਨੂੰ ਤਿਆਰ। ਦੇਖਿਆ ਹੀ ਨਹੀਂ, ਮੈਂ ਤਾਂ ਬੜਾ ਖੋਜਦਾ ਹਾਂ, ਨਾਮ ਦਾ ਰਸ ਪੀਣ ਵਾਲਾ ਲੱਭ ਜਾਵੇ ਤੇ ਉਹਦੇ ਚਰਨਾਂ 'ਤੇ ਮਸਤਕ ਨਿਵਾਈਏ। ਇਕ ਲੱਭਿਆ ਸੀ, ਉਹਨੇ ਨਿਵਾਇਆ ਵੀ ਸੀਗਾ, ਦਿਲ ਵੀ ਦਿਤਾ ਉਹਨੂੰ, ਆਪਣਾ ਸਭ ਕੁਛ ਦਿਤਾ। ਲੇਕਿਨ ਲੱਭ ਨਹੀਂ ਰਿਹਾ। ਕੋਈ ਹੈ ਐਸਾ ਰਸੀਆ ਜਿਹੜਾ ਇਥੇ ਰਹਿੰਦਾ ਹੋਵੇ, ਇਸ ਅਵਸਥਾ 'ਤੇ ਪਹੁੰਚਿਆ ਹੋਵੇ। ਬੜਾ ਕੁਛ ਹੈ, ਸਭ ਨੂੰ ਸੰਤ ਕਹਿੰਦੇ ਨੇ, ਸੰਤ ਕੋਈਓ ਹੁੰਦਾ ਹੈ, ਸਾਧਸੰਗਤ ਜੀ, ਕੋਈ ਵਿਰਲਾ ਹੀ ਹੁੰਦਾ ਹੈ। ਸੰਤਾਂ ਨੂੰ ਤਾਂ ਅਸੀਂ ਟੋਲ੍ਹਦੇ ਫਿਰਦੇ ਹਾਂ। ਪਰ ਭਾਗ ਨਹੀਂ ਅਜੇ ਜਾਗੇ, ਕਿਉਂਕਿ ਜਿੰਨਾਂ ਚਿਰ ਭਾਗ ਨਾ ਜਾਗਣ, ਸੰਤ ਨਹੀਂ ਮਿਲਦਾ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥*** ***ਅੰਗ- 204***

ਰਸੀਆ ਜਿਹਨੇ ਨਾਮ ਦਾ ਰਸ ਲਿਆ ਹੈ ਉਹ ਮਿਲਦਾ ਹੈ। ਉਹਦੇ ਮਿਲਦੇ ਸਾਰ ਕੀ ਹੋਏਗਾ?

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

ਹਨ੍ਹੇਰਾ ਮਿਟ ਜਾਏਗਾ ਤੇ ਚਾਨਣਾ ਹੋ ਜਾਏਗਾ। ਲੇਕਿਨ ਭਾਗਾਂ ਨਾਲ ਮਿਲਦਾ ਹੈ ਤੇ ਸੁਰਤ ਜਾਗ ਪਏਗੀ। ਜਿਹੜੀ ਸੁੱਤੀ ਪਈ ਹੈ ਸੁਰਤ ਇਕ ਦਮ ਜਾਗ ਪਏਗੀ। ਸੋ ਮਹਾਰਾਜ ਕਹਿੰਦੇ ਓਹੀ ਜਾਣਦਾ ਹੈ - 'ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥' ਜਿਹਨੂੰ ਨਾਮ ਦਾ ਰਸ ਆ ਗਿਆ-

***ਨਦਰਿ ਕਰੇ ਤਾ ਸਿਮਰਿਆ ਜਾਇ ॥ ਅੰਗ - 661***

ਹੁਣ ਅਗਾਂਹਾਂ ਮਹਾਰਾਜ ਨੇ ਹੋਰ ਖੋਲ੍ਹ ਦਿਤਾ। ਕਹਿੰਦੇ, ਯਾਦ ਓਹੀ ਕਰੇਗਾ ਜਿਹਦੇ ਉਤੇ ਨਦਰਿ ਕਰ ਦੇਵੇ, ਦੂਜੇ ਤਾਂ ਮੰਗਦੇ ਹੀ ਨਹੀਂ ਨਦਰਿ। ਜਿਹੜਾ ਨਦਰਿ ਮੰਗਦਾ ਹੈ, ਬਾਰ-ਬਾਰ ਬੇਨਤੀਆਂ ਕਰਦਾ ਹੈ, ਕਹਿੰਦੇ ਉਹਦੇ ਉਤੇ ਨਿਗ੍ਹਾ ਹੋ ਜਾਂਦੀ ਹੈ। ਉਹ ਫੇਰ -

***ਆਤਮਾ ਦ੍ਰਵੈ ਰਹੈ ਲਿਵ ਲਾਇ ॥ ਅੰਗ - 661***

ਫੇਰ ਉਹ ਢਲ ਜਾਂਦਾ ਹੈ, ਸਖਤ ਨਹੀਂ ਰਹਿੰਦਾ, ਉਹਦਾ ਮਨ ਢਲ ਜਾਂਦਾ ਹੈ। ਢਲਿਆ ਹੋਇਆ ਮਨ ਜਿਹੜਾ ਹੈ ਉਹ ਲਿਵ 'ਚ ਆ ਜਾਂਦਾ ਹੈ, ਲਿਵ 'ਚ ਆਇਆ ਹੋਇਆ ਫੇਰ ਨਹੀਂ ਨਿਕਲਦਾ।

***ਆਤਮਾ ਪਰਾਤਮਾ ਏਕੋ ਕਰੈ ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - 661***

ਇਹ ਫੇਰ ਦੋ ਤੋਂ ਇਕ ਹੋਣ ਦੀ ਜੁਗਤੀ ਦਸਦੇ ਨੇ-

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥***
***ਜਸ ਕਾਗਦ ਪਰ ਮਿਟੈ ਨ ਮੰਸੁ ॥ ਅੰਗ - 871***

ਸੋ ਕਹਿਣ ਲੱਗੇ, ਤੂੰ ਘਬਰਾ ਨਾ, ਤੂੰ ਜੋ ਕੁਛ ਕਰ ਰਹੀ ਹੈਂ, ਇੰਦਰੀਆਂ ਦੇ ਸੁਭਾਅ ਦੇ ਮੁਤਾਬਿਕ ਕਰਦੀ ਹੈਂ। ਪਹਿਲਾਂ ਆਦਮੀ ਕਰਮ ਕਰਦਾ ਹੈ, ਕਰਮ ਕਰਕੇ ਕਿਰਤ ਬਣਦੀ ਹੈ। ਕਿਰਤ ਦੇ ਨਾਲ ਫੇਰ ਆਦਮੀ ਦਾ ਸੁਭਾਅ ਬਣਦਾ ਹੈ। ਸੁਭਾਅ ਦੇ ਮੁਤਾਬਿਕ ਫੇਰ ਗੁਣ ਆਉਂਦੇ ਨੇ। ਰਜੋ ਗੁਣ, ਤਮੋ ਗੁਣ ਕਿ ਸਤੋ ਗੁਣ ਆ ਗਿਆ। ਉਹਦੇ ਮੁਤਾਬਿਕ ਦੇ ਕਰਮ ਹੁੰਦੇ ਨੇ, ਉਹਦੇ ਮੁਤਾਬਿਕ ਸੂਝ ਪੈਦਾ ਹੁੰਦੀ ਹੈ, ਉਹਦੇ ਮੁਤਾਬਿਕ ਉਹਦੀ ਹੋਸ਼ ਕਾਇਮ ਹੁੰਦੀ ਹੈ। ਉਹਦੇ ਮੁਤਾਬਿਕ ਹੀ ਆਦਮੀ ਕੰਮ ਕਰਦਾ ਹੈ, ਕਿਸੇ ਨੂੰ ਕੀ ਦੋਸ਼ ਦੇਵੇ। ਬੜਾ ਲੰਮਾ ਚੌੜਾ ਹੈਗਾ ਇਹ ਸਿਲਸਿਲਾ। ਕਹਿੰਦੇ, ਉਹ ਤੂੰ ਇੰਦ੍ਰੀਆਂ ਦੇ ਸੁਭਾਅ ਦੇ ਮੁਤਾਬਿਕ ਕੰਮ ਕਰ ਰਹੀ ਹੈਂ, ਤੂੰ ਇਨ੍ਹਾਂ ਨੂੰ ਦੇਖਣ ਵਾਲੀ ਆਤਮਾ ਹੈਂ। ਤੇ ਇੱਕ ਗੱਲ ਮੈਂ ਤੈਨੂੰ ਹੋਰ ਦਸਦਾ ਹਾਂ।

ਕਹਿੰਦੀ, ਨਾ ਚੰਗੇ ਪੁਰਸ਼! ਨਾ ਮੇਰੇ ਤੋਂ ਤਾਂ ਬੋਝ ਨਹੀਂ ਚੁੱਕਿਆ ਜਾਂਦਾ, ਜਿੰਨੀਆਂ ਤੂੰ ਗੱਲਾਂ ਦੱਸੀਆਂ ਹਨ ਮੈਂ ਤਾਂ ਘਬਰਾਅ ਗਈ, ਮੇਰਾ

ਉੱਚੀ-ਉੱਚੀ ਰੋਣ ਨੂੰ ਜੀਅ ਕਰਦਾ ਹੈ ਕਿ ਮੈਂ ਸਰੀਰ ਨਹੀਂ ਹਾਂ, ਮੈਂ ਤਾਂ ਖਾਂਦੀ ਹਾਂ, ਪੀਂਦੀ ਹਾਂ, ਮਾਤਾ-ਪਿਤਾ ਦੀ ਗੋਦ ਵਿਚ ਬਹਿੰਦੀ ਹਾਂ, ਉਹ ਮੈਨੂੰ ਪਿਆਰ ਕਰਦੇ ਨੇ, ਮੈਂ ਜੇ ਆਤਮਾ ਹੋ ਗਈ, ਉਹ ਤਾਂ ਮੈਨੂੰ ਜਾਣਦੇ ਨਹੀਂ, ਮੈਂ ਫੇਰ ਉਨ੍ਹਾਂ ਨਾਲ ਕਿਵੇਂ ਪਿਆਰ ਕਰਾਂਗੀ? ਮੇਰੀਆਂ ਸਹੇਲੀਆਂ ਨੇ ਮੈਂ ਉਨ੍ਹਾਂ ਨਾਲ ਖੇਡਣ ਜਾਂਦੀ ਹਾਂ, ਉਹ ਮੈਨੂੰ ਪਿਆਰ ਕਰਦੀਆਂ ਨੇ, ਜੇ ਮੈਂ ਸਰੀਰ ਨਾ ਹੋਈ, ਉਨ੍ਹਾਂ ਨੂੰ ਤਾਂ ਮੇਰੀ ਆਤਮਾ ਦਾ ਪਤਾ ਨਹੀਂ, ਮੈਂ ਤਾਂ ਇਕੱਲੀ ਕਰ ਦਿਤੀ। ਕਹਿੰਦੀ, ਇਹਨੇ ਮੈਨੂੰ ਜੁਗਤ ਨਾਲ ਮਾਰ ਦਿਤਾ। ਇਹਦੇ ਨਾਲੋਂ ਚੰਗਾ ਸੀ ਜੇ ਮੇਰਾ ਸਰੀਰ ਹੀ ਚਲਿਆ ਜਾਂਦਾ। ਮਾਤਾ-ਪਿਤਾ ਕੋਲ ਆ ਜਾਂਦੀ ਹੈ, ਉਦਾਸ ਹੈ ਬਹੁਤ। ਉਹ ਕਹਿਣ ਲੱਗੇ, ਬੇਟੀ ਕੀ ਗੱਲ? ਰੋ ਪਈ ਉੱਚੀ-ਉੱਚੀ। ਕਹਿਣ ਲੱਗੇ, ਹੋਇਆ ਕੀ? ਉਹਨੇ ਜੇ ਤੈਨੂੰ ਕੋਈ ਗੱਲ ਕਹੀ ਹੈ, ਅਸੀਂ ਹੁਣੇ ਚੁਕਾ ਬਾਹਰ ਸੁਟਾ ਦਿੰਦੇ ਹਾਂ। ਰਾਜਕੁਮਾਰੀ ਨੂੰ ਇਹ ਗੱਲ ਕਹਿ ਦੇਵੇ ਉਹ?

ਕਹਿੰਦੀ, ਨਾ ਪਿਤਾ ਜੀ! ਉਹਦੇ ਵਰਗਾ ਸੰਸਾਰ 'ਚ ਕੋਈ ਹੋਰ ਹੈ ਨਹੀਂ। ਜੇ ਉਹਨੂੰ ਸੁਟਵਾ ਦਿਤਾ ਤਾਂ ਮੈਂ ਵੀ ਨਾਲ ਹੀ ਮਰ ਜਾਣਾ ਹੈ।

ਕਹਿੰਦੇ, ਫੇਰ ਰੋਂਦੀ ਕਿਉਂ ਹੈਂ ਤੂੰ?

ਕਹਿੰਦੀ, ਮੈਨੂੰ ਉਨ੍ਹਾਂ ਨੇ ਕਹਿ ਦਿਤਾ ਕਿ ਤੂੰ ਆਤਮਾ ਹੈਂ। ਤੇਰਾ ਸਬੰਧ ਕਿਸੇ ਨਾਲ ਨਹੀਂ, ਤੂੰ ਦੇਖਣ ਵਾਲੀ ਹੈਂ ਸਾਰੀ ਕਿਰਿਆ ਨੂੰ। ਤੂੰ ਕਰਦੀ ਨਹੀਂ ਕੁਛ। ਫੇਰ ਬਾਪੂ ਜੀ ਮੈਂ ਤੁਹਾਨੂੰ ਪਿਆਰ ਕਿਵੇਂ ਕਰਾਂਗੀ, ਜੇ ਮੈਂ ਆਤਮਾ ਬਣ ਗਈ।

ਉਹ ਕਹਿੰਦੇ, ਲੈ ਭੋਲੀ ਹੈ ਬੱਚੀ। ਸਾਧ ਜਿਹੜੇ ਹੁੰਦੇ ਨੇ ਇਹ ਇਹੋ ਜਿਹੀਆਂ ਹੀ ਗੱਲਾਂ ਕਰਦੇ ਨੇ। ਇਨ੍ਹਾਂ ਨੂੰ ਨਹੀਂ ਮੰਨੀਦਾ ਹੁੰਦਾ। ਭੁੱਲ ਜਾ ਇਨ੍ਹਾਂ ਗੱਲਾਂ ਨੂੰ। ਕਹਿੰਦੀ, ਕਿਵੇਂ ਭੁੱਲ ਜਾਵਾਂ, ਭੁੱਲ ਨਹੀਂ ਹੁੰਦੀਆਂ। ਉਹ ਐਨਾ ਚੰਗਾ ਹੈ ਕਿ ਮੇਰੇ ਤੋਂ ਭੁੱਲਿਆ ਵੀ ਨਹੀਂ ਜਾਂਦਾ। ਫੇਰ ਸੇਵਾ ਕਰਦੀ ਹੈ, ਬੇਹੋਸ਼ੀ 'ਚ ਆ ਗਏ। ਫੇਰ ਇਕ ਦਿਨ ਨੇਤਰ ਖੁੱਲ੍ਹੇ। ਕਹਿਣ ਲੱਗੇ, ਬੀਬਾ! ਤੂੰ ਆਤਮਾ ਹੈਂ। ਕਹਿੰਦੀ, ਨਾ ਇਹ ਗੱਲ ਨਾ ਮੈਨੂੰ ਕਹੋ, ਕਹੋ ਸਰੀਰ ਹਾਂ ਮੈਂ। ਮੇਰਾ ਖਾਣ ਨੂੰ ਜੀਅ ਕਰਦਾ ਹੈ, ਪੀਣ ਨੂੰ ਜੀਅ ਕਰਦਾ ਹੈ, ਮੇਰਾ ਪਿਆਰ ਕਰਨ ਨੂੰ ਜੀਅ ਕਰਦਾ ਹੈ, ਜੇ ਮੈਂ ਆਤਮਾ ਹੋਈ ਮੈਂ ਤਾਂ ਇਕੱਲੀ ਹੋ ਗਈ, ਮੇਰੇ ਨਾਲ ਤਾਂ ਕਿਸੇ ਨੇ ਪਿਆਰ ਨਹੀਂ ਕਰਨਾ। ਕਹਿੰਦੇ, ਤੂੰ ਆਪ ਹੀ ਪਿਆਰ ਸਰੂਪ ਹੈਂ, ਜਿਹਨੂੰ ਪਿਆਰ ਕਹਿੰਦੀ ਹੈਂ ਓਹੀ ਤੇਰਾ ਰੂਪ ਹੈ। ਉਹ ਤੂੰ ਹੀ ਹੈਂ। ਕਹਿੰਦੇ, ਇਕ ਮੈਂ ਤੈਨੂੰ ਹੋਰ ਗੱਲ ਦਸਦਾ ਹਾਂ। ਤੇਰੇ ਨਾਲ ਇਕ ਹੋਰ ਸ਼ਕਤੀ ਹਰ ਵਕਤ ਰਹਿੰਦੀ ਹੈ। ਕਹਿੰਦੀ, ਮੈਨੂੰ ਹੋਰ ਨਾ ਡਰਾ। ਕਹਿੰਦੇ, ਮੈਂ ਡਰਾਉਂਦਾ ਨਹੀਂ, ਮੈਂ ਸੰਸਾਰ ਤੋਂ ਚਲੇ ਜਾਣਾ ਹੈ। ਤੈਨੂੰ ਮੈਂ ਗੱਲ ਦਸਦਾ ਹਾਂ, ਤੂੰ ਸੇਵਾ ਕਰੀ ਹੈ, ਤੇਰੇ ਕੰਮ ਆਏਗੀ।

ਕਹਿੰਦੀ, ਉਹ ਕਿਹੜੀ ਗੱਲ ਹੈ?

ਕਹਿੰਦੇ, ਉਹ ਹੈ, ਜਿੰਨੇ ਕੰਮ ਕਰਦੀ ਹੈਂ ਉਹਨੂੰ ਦੇਖਣ ਵਾਲਾ ਤੇਰੇ ਨਾਲ ਰਹਿੰਦਾ ਹੈ, ਜਿਹਨੂੰ ਵਾਹਿਗੁਰੂ ਕਹਿੰਦੇ ਨੇ। ਪ੍ਰਮਾਤਮਾ ਕਹਿੰਦੇ ਨੇ। ਉਹ ਹਰ ਵਕਤ ਦੇਖਦਾ ਹੈ, ਤੂੰ ਸੌਂ ਜਾਂਦੀ ਹੈਂ ਉਹ ਜਾਗਦਾ ਹੈ।

ਕਹਿੰਦੀ, ਆਹ ਤਾਂ ਤੂੰ ਮੈਨੂੰ ਹੋਰ ਵੀ ਦੁਬਿਧਾ 'ਚ ਪਾ ਦਿਤਾ।

ਮੇਰੇ ਨਾਲ ਵੀ ਕੋਈ ਰਹਿੰਦਾ ਹੈ ਹੋਰ?

ਕਹਿੰਦੇ, ਹਾਂ। -

***ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,***
***ਮੈਂ ਮੂਰਖ ਜਾਨਿਆ ਦੂਰੀ ਰੇ।***

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

ਕਹਿਣ ਲੱਗੇ, ਹਰੇਕ ਦੇ ਨਾਲ ਪ੍ਰਮੇਸ਼ਰ ਦੇਖ ਰਿਹਾ ਹੈ। ਸਭ ਦੇ ਅੰਦਰ ਹੈ, ਉਹ ਕੋਈ ਅਣਜਾਣ ਨਹੀਂ ਹੈ ਕਿ ਅੱਖਾਂ ਮੀਚੀ ਸੁੱਤਾ ਪਿਆ ਹੈ। ਸਭ ਨੂੰ ਦੇਖ ਰਿਹਾ ਹੈ ਕਿ ਇਹ ਕੀ ਕਰ ਰਿਹਾ ਹੈ। ਰੌਲਾ ਪਾਉਂਦੇ ਨੇ ਕਿ ਹੇ ਵਾਹਿਗੁਰੂ! ਤੂੰ ਦਰਸ਼ਨ ਦੇ। ਰੋਂਦਾ ਹੈ ਪਰ ਉਹ ਜਾਣਦਾ ਹੈ ਇਹ ਪਾਖੰਡ ਕਰ ਰਿਹਾ ਹੈ, ਇਹਦੇ ਅੰਦਰ ਤਾਂ ਬਹੁਤ ਕੂੜ-ਕਬਾੜ ਭਰਿਆ ਪਿਆ ਹੈ। ਅੰਦਰੋਂ ਤਾਂ ਇਹ ਬੜਾ ਕਠੋਰ ਹੈ, ਕਠਨ ਹੈ, ਇਹਦੀ ਸੁਰਤ ਮੇਰੇ ਵਿਚ ਨਹੀਂ। ਮੇਰੇ ਨਾਲੋਂ ਸੁਰਤ ਇਹਦੀ ਦੂਜੀਆਂ ਚੀਜ਼ਾਂ 'ਚ, ਕਾਮ 'ਚ ਬਹੁਤੀ ਹੈ, ਕ੍ਰੋਧ 'ਚ ਬਹੁਤੀ ਹੈ, ਜਾਇਦਾਦ 'ਚ ਬਹੁਤੀ ਲੱਗੀ ਹੋਈ ਹੈ, ਬਾਲ-ਬੱਚਿਆਂ 'ਚ ਬਹੁਤੀ ਲੱਗੀ ਹੋਈ ਹੈ-

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***
***ਅੰਗ- 657***

ਫੇਰ ਕਿਤੇ ਆਉਂਦਾ ਹੈ, ਨਹੀਂ ਤਾਂ ਆਉਂਦਾ ਨਹੀਂ ਹੈ। ਦੋਸ਼ ਰੱਬ ਨੂੰ ਦਿੰਦੇ ਹਾਂ, ਲੇਕਿਨ ਦੋਸ਼ ਆਪਣੇ 'ਚ ਹੈ। ਕਹਿਣ ਲੱਗੇ, ਬੀਬਾ! ਇਹ ਜਿਹੜਾ ਤੇਰਾ ਸਰੂਪ ਹੈ। ਕਹਿਣ ਲੱਗੀ, ਮੈਨੂੰ ਦਿਸਦਾ ਕਿਉਂ ਨਹੀਂ ਹੈ। ਦਿਸਣਾ ਚਾਹੀਦਾ ਹੈ। ਜਿਹੜੀਆਂ ਤੁਸੀਂ ਗੱਲਾਂ ਕਹੀਆਂ ਨੇ, ਮੈਂ ਬੜੇ ਧਿਆਨ ਨਾਲ ਸੋਚਦੀ ਹਾਂ। ਤੁਸੀਂ ਬੇਹੋਸ਼ ਪਏ ਸੀ, ਮੈਂ ਦੋ ਦਿਨ ਪਕਾਈ ਗਈ ਹਾਂ ਇਹ, ਮੇਰੇ ਪੱਕ ਗਈਆਂ ਇਹ, ਇਕ-ਇਕ ਅੱਖਰ ਪੱਕ ਗਿਆ। ਪਰ ਇਹ ਤਾਂ ਦੱਸੋ ਮੈਨੂੰ ਦਿਸਦਾ ਕਿਉਂ ਨਹੀਂ, ਜਿਹੜਾ ਮੇਰੇ ਨਾਲ ਰਹਿੰਦਾ ਹੈ ਤੇ ਮੇਰੀ ਆਤਮਾ ਮੈਂ ਆਪਣੇ ਆਪ ਨੂੰ ਕਿਉਂ ਨਹੀਂ ਦੇਖ ਸਕਦੀ। ਕਹਿਣ ਲੱਗੇ, ਸੁਰਤ ਹੇਠਾਂ ਆ ਗਈ। ਉਹਦੇ ਉਤੇ ਪੰਜ ਪਰਦੇ ਪੈ ਗਏ। ਪਹਿਲਾ ਪੈ ਗਿਆ ਅਨੰਦ ਦਾ, ਮੈਂ ਅਨੰਦ ਸਰੂਪ ਹਾਂ। ਦੂਸਰਾ ਪੈ ਗਿਆ ਕਿ ਮੈਂ ਜਾਣਦਾ ਹਾਂ, ਬੁੱਧੀ ਦਾ। ਤੀਸਰਾ ਪੈ ਗਿਆ, ਫੁਰਨੇ ਦਾ, ਉਹਨੂੰ ਮਨ ਦਾ ਕਹਿੰਦੇ ਨੇ। ਚੌਥਾ ਪ੍ਰਾਣਾਂ ਦਾ ਪੜਦਾ ਪੈ ਗਿਆ, ਪੰਜਵਾਂ ਸਰੀਰ ਦਾ ਪੈ ਗਿਆ। ਉਹ ਰੋਸ਼ਨੀ ਤਾਂ ਉਵੇਂ ਜਿਵੇਂ ਹੀ ਹੈ, ਲੇਕਿਨ ਨਜ਼ਰ ਨਹੀਂ ਆ ਰਹੀ। ਕਹਿੰਦੇ, ਇਹਦੇ ਵਿਚ ਬੇਅੰਤ ਪੜਦੇ ਪੈ ਗਏ। ਜਿਉਂ-ਜਿਉਂ ਸਫਰ ਕਰਦੇ ਹਾਂ, ਤਿਉਂ-ਤਿਉਂ ਪੜਦੇ ਹੋਰ ਹੋ

ਜਾਂਦੇ ਨੇ, ਉਹ ਪੜਦੇ ਬੇਅੰਤ ਗਿਣਤੀ ਤੋਂ ਬਾਹਰ ਨੇ, ਜਿਹੜੇ ਹਉਮੈ ਨੇ ਪਾਏ ਹੋਏ ਨੇ। ਪਹਿਲਾਂ ਤਾਂ ਕਹਿੰਦੇ ਤਿੰਨ ਸਰੀਰਾਂ ਦਾ ਪੜਦਾ ਹੈ। ਫੇਰ ਪੰਜ ਕੋਸ਼ਾਂ ਦਾ ਹੈ, ਫੇਰ ਚੁਤਿਸ਼ਟਾ ਅੰਤਸ਼ਕਰਣ, ਮਨ ਹੈ, ਚਿੱਤ ਹੈ ਤੇ ਮੈਂ ਭਾਵ ਹੈ। ਇਹ ਚਾਰ ਪੜਦੇ ਪੈ ਗਏ। ਫੇਰ ਪੰਜ ਪ੍ਰਾਣਾਂ ਦਾ ਪੜਦਾ ਪੈ ਗਿਆ। ਪ੍ਰਾਣ, ਅਪਾਨ, ਉਦਾਨ, ਬਿਆਨ, ਸਮਾਨ; ਪੰਜ ਕਰਮ ਇੰਦ੍ਰਿਆਂ ਦੇ ਪੈ ਗਏ, ਪੰਜ ਗਿਆਨ ਇੰਦ੍ਰਿਆਂ ਦੇ, ਦੋ ਅੱਖਾਂ, ਨੱਕ, ਕੰਨ, ਨਾਸਕਾ, ਮੂੰਹ ਆਦਿ ਸਪਰਸ਼ ਦੀ ਸ਼ਕਤੀ, ਇਨ੍ਹਾ ਦੇ ਪੈ ਗਏ। ਇਸ ਤੋਂ ਬਾਅਦ 25 ਪ੍ਰਕ੍ਰਿਤੀਆਂ ਦੇ ਜਿਨ੍ਹਾਂ ਦੇ ਨੇਤ੍ਰ, ਕੰਨ, ਵਗੈਰਾ ਬਣੇ ਨੇ ਉਨ੍ਹਾਂ ਦੇ ਪੜਦੇ ਹੋਰ ਪੈ ਗਏ। ਪੰਜ ਚੋਰ ਇਹਦੇ ਵਿਚ ਡਗਮਗਾਉਂਦੇ ਨੇ, ਜਿਹੜੇ ਹਰ ਵਕਤ ਪੜਦਾ ਪਾ ਕੇ ਰਖਦੇ ਨੇ, ਰੱਬ ਵਲ ਨੂੰ ਜਾਣ ਹੀ ਨਹੀਂ ਦਿੰਦੇ। ਬੜੇ ਹੀ ਸਖਤ ਨੇ। ਪੰਜ ਇਹਦੇ ਵਿਚ ਠੱਗ ਨੇ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

***ਅੰਗ- 1288***

ਪੰਜ ਇਹਦੇ ਵਿਚ ਵਿਸ਼ੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਪੰਜੇ ਵਿਸ਼ੇ ਆਦਮੀ 'ਚ ਹੋਣ ਕਰਕੇ ਪੜਦੇ ਪਏ ਹੋਏ ਨੇ। ਪੰਜ ਇਹਦੇ ਵਿਚ ਅਭਿਮਾਨ ਨੇ। ਨੌਂ ਇਹਦੇ ਵਿਚ ਰਸਾਂ ਦੀ ਲੋਚਾ ਹੈ, ਵਾਸ਼ਨਾਵਾਂ ਨੇ ਬੇਅੰਤ ਗਿਣਤੀਆਂ-ਮਿਣਤੀਆਂ ਤੋਂ ਬਾਹਰ। ਪੰਜ ਇਹਨੂੰ ਭਰਮ ਪਏ ਹੋਏ ਨੇ ਤੇ ਇਹਦੇ ਅੰਦਰ ਜਜ਼ਬੇ ਨੇ, ਚੁਗਲੀ ਕਰਨ ਦਾ, ਵੈਰ ਕਰਨ ਦਾ, ਬੁਰਾ ਕਰਨ ਦਾ, ਕੁਸੰਗ ਦਾ, ਬੇਵਿਚਾਰੀ ਦਾ, ਈਰਖਾ ਦਾ, ਨਿੰਦਿਆ ਦਾ, ਖੋਟੀ ਮੱਤ ਦਾ ਤੇ ਦ੍ਵੈਸ਼ ਦਾ, ਸੋ ਇਹ ਸਾਰੀਆਂ ਸਥੂਲ, ਸੂਖਮ ਭੋਗਾਂ ਦੇ ਪੜਦੇ ਤੇ ਮੰਗਤ ਬਿਰਤੀ ਰਹਿੰਦੀ ਹੈ। ਬ੍ਰਹਮ ਤੋਂ ਬਗੈਰ ਬਾਕੀ ਸਭ ਚੀਜ਼ ਨੂੰ ਸਤਿ ਸਮਝਦਾ ਹੈ। ਇਕ ਪ੍ਰਮੇਸ਼ਰ ਨੂੰ ਸਤਿ ਨਾ ਸਮਝਣ ਕਰਕੇ ਇਹਦੀ ਦ੍ਰਿਸ਼ਟੀ ਹੇਠਾਂ ਰਹਿੰਦੀ ਹੈ, ਉਤੇ ਨਹੀਂ ਜਾਂਦੀ ਤੇ ਇਹ ਪੜਦੇ ਨੇ। ਮਹਾਰਾਜ ਫੁਰਮਾਨ ਕਰਦੇ ਨੇ ਐਨਿਆਂ ਦੇ ਵਿਚ ਜੀਵ ਕਰੇ ਕੀ?

*ਧਾਰਨਾ - ਜੀਵ ਇਕ ਤੇ ਸ਼ਿਕਾਰੀ ਬਹੁਤੇ,*
*ਇਕੋ ਤੇਰੀ ਆਸ ਮਾਲਕਾ।*

*ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥*
*ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥*

***ਅੰਗ - 1367***

ਕਿਸ ਤਰ੍ਹਾਂ ਦੇ ਨਾਲ ਪਾਰ-ਉਤਾਰਾ ਹੋਵੇ, ਕਿਉਂਕਿ ਬੰਧਨ ਬਹੁਤ ਜ਼ਿਆਦਾ ਨੇ ਤੇ ਹੈ ਕੈਸੇ? ਨਾਮ ਜਪੀ ਜਾਂਦਾ ਹੈ, ਜਪੀ ਜਾਂਦਾ ਹੈ, ਸਾਲਾਂ ਦੇ ਸਾਲ ਲੰਘ ਗਏ, ਇਕ ਦਿਨ ਨਿੰਦਿਆ ਕਿਸੇ ਦੀ ਕਰ ਦੇਵੇ, ਉਸੇ ਦਿਨ ਫੇਰ ਮੁੜ ਕੇ ਹੋਏਗਾ ਕੀ? ਆਹ ਬੱਚੇ ਖੇਡਦੇ ਹੁੰਦੇ ਨੇ ladder and snake ਦੀ ਖੇਡ, ਉਹ ਸਿਰੇ ਚਲੇ ਜਾਂਦੇ ਨੇ, ਬੱਸ ਹੁਣ ਆਸ ਹੁੰਦੀ ਹੈ ਕਿ ਹੁਣ ਦੋ ਨੰਬਰ ਹੋਰ ਰਹਿ ਗਏ ਫੇਰ ਮੈਂ ਪਾਰ ਲੰਘ ਜਾਣਾ ਹੈ।

ਬਦਕਿਸਮਤੀ ਕੀ ਹੁੰਦੀ ਹੈ, ਸੱਪ ਦੇ ਮੂੰਹ ਵਿਚ ਗੀਟੀ ਚਲੀ ਜਾਂਦੀ ਹੈ, ਗਿਣਤੀ ਦੇ ਹਿਸਾਬ ਨਾਲ, ਮੁੜ ਕੇ ਸੱਪ ਦਾ ਸਿਰਾ ਹੇਠਾਂ ਲਗਦਾ ਹੈ, ਮੁੜ ਕੇ ਫੇਰ ਥੱਲੇ ਆ ਗਿਆ। ਇਸੇ ਤਰ੍ਹਾਂ ਦੇ ਨਾਲ ਨਾਮ ਜਪਦਾ ਹੈ, ਸੇਵਾ ਕਰਦਾ ਹੈ, ਸਭ ਕੁਛ ਕਰਦਾ-ਕਰਦਾ ਨਿੰਦਿਆ ਕਰ ਬੈਠਦਾ ਹੈ, ਨਿੰਦਿਆ ਕਰੀ, ਸਾਰਾ ਕੁਛ ਹੀ ਬਿਰਥਾ ਚਲਿਆ ਗਿਆ। ਭੁੱਲ ਦੇ ਨਾਲ ਕਾਮ ਬਿਰਤੀ ਜਾਗ ਪਈ, ਮਾੜਾ ਕਹਿ ਦਿਤਾ ਕਿ ਕੋਈ ਬਾਤ ਨਹੀਂ ਹੈ, ਕੀ ਹੈ ਇਹਦੇ ਵਿਚ, ਨਤੀਜਾ ਕੀ ਹੋਏਗਾ, ਬਿਲਕੁਲ ਜ਼ੀਰੋ 'ਤੇ ਫੇਰ ਆ ਜਾਏਗਾ। ਉਸ ਤੋਂ ਅਗਾਂਹਾਂ ਪਾਪ ਲਗ ਜਾਏਗਾ। ਸੋ ਇਸ ਤਰ੍ਹਾਂ ਦੇ ਐਸੇ ਕੰਮ ਕਰਦਾ ਹੈ, ਰਿਸ਼ਵਤ ਲੈ ਬੈਠਿਆ, ਮੁੜ ਕੇ ਫੇਰ ਥੱਲੇ ਆ ਗਿਆ। ਝੂਠ ਬੋਲਿਆ, ਮੁੜ ਕੇ ਫੇਰ ਥੱਲੇ ਆ ਗਿਆ। ਇਹ ਇਕ ਖੇਡ ਹੈ ਕਿ ਕਿਵੇਂ ਬਚ ਕੇ ਨਿਕਲਿਆ ਜਾਵੇ। ਕਹਿੰਦੇ - 'ਕੇਤਾ ਬੰਚਉ ਕਾਲੁ ॥' ਕਿਵੇਂ ਲੰਘੀਏ?

ਸੋ ਉਸ ਵੇਲੇ ਮਹਾਤਮਾ ਨੇ ਮਿਹਰ ਕਰੀ, ਕਹਿਣ ਲੱਗੇ, ਦੇਖ ਇਸ ਤਰ੍ਹਾਂ ਤਾਂ ਨਹੀਂ ਹੋਣਾ, ਇਹ ਤਾਂ ਮੈਂ ਤੈਨੂੰ ਗੱਲ ਦੱਸ ਦਿਤੀ ਸਿਖਰ ਦੀ। ਇਥੇ ਪਹੁੰਚਣ ਵਾਸਤੇ ਕਾਇਆਂ ਨੂੰ ਸੋਧਣਾ ਪੈਂਦਾ ਹੈ -

***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥***

***ਅੰਗ- 468***

ਕਰਤੇ ਨੂੰ ਬੀਜ, ਪਹਿਲਾਂ ਧਰਤੀ ਨੂੰ ਸਾਧ। ਉਹਦੀ ਜਾਚ ਸਿੱਖ ਲੈ। ਗੁਰੂ ਦੱਸੇਗਾ ਇਹ ਜਾਂਚ, ਕਿਵੇਂ ਧਰਤਿ ਕਾਇਆਂ ਸੋਧਣੀ ਹੈ। ਫੇਰ ਇਹਦੇ ਵਿਚ ਜਦੋਂ ਸੋਧੀ ਗਈ, ਬੀਜ ਲਿਆ ਦਿਤੇ, ਨਦੀਣ ਮਰ ਗਿਆ, ਡਲ੍ਹੇ ਟੁੱਟ ਗਏ, ਫੇਰ ਕਹਿੰਦੇ ਇਹਦੇ ਵਿਚ 'ਦੇਇ ਕਰਤਾ ਬੀਉ ॥' ਨਾਮ ਵਾਹਿਗੁਰੂ ਦਾ ਬੀਜ ਦੇ ਇਹਦੇ ਵਿਚ। ਹੁਣ ਧਰਤੀ ਕਿਵੇਂ ਸਾਧਣੀ ਹੈ -

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥***
***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ 1 ॥***

***ਅੰਗ - 595***

ਉਹ ਕਰਮ ਕਿਹੜੇ ਨੇ ਜਿਹਦੇ ਨਾਲ ਇਸ ਫਸਲ ਨੇ ਹਰੀ ਹੋਣਾ ਹੈ। ਇਹ ਧਿਆਨ ਨਾਲ ਸਮਝੋ ਜਿਨ੍ਹਾਂ ਨੇ ਨਾਮ ਜਪਣਾ ਹੈ। ਕਿਸੇ ਦੇ ਮਨ ਵਿਚ ਸ਼ੌਂਕ ਹੈਂ, ਜਿੰਨਾਂ ਚਿਰ ਇਹ ਗੱਲਾਂ ਅੰਦਰ ਨਹੀਂ ਵਸਦੀਆਂ, ਨਹੀਂ ਅਗਾਂਹਾਂ ਚੱਲੇਗਾ। ਇਹਦੇ ਵਿਚ ਇਕ ਤਾਂ ਹਨ ਮਨ ਦੀਆਂ ਰਹਿਤਾਂ, ਇਕ ਨੇ ਸਰੀਰ ਦੇ ਕੰਮ। ਸੋ ਉਹਦੇ ਵਿਚ ਪਹਿਲੀ ਚੀਜ਼ ਹੈ ਕਿ ਨਾ ਬੋਲ ਕੇ, ਨਾ ਸਰੀਰਕ ਤੌਰ 'ਤੇ ਅਤੇ ਨਾ ਮਨ ਨਾਲ ਸੋਚ ਕੇ, ਨਾ ਬੁੱਧੀ ਦੇ ਹੇਰ ਫੇਰ ਕਰਕੇ ਕਿਸੇ ਦਾ ਨੁਕਸਾਨ ਨਾ ਕਰਿਆ ਜਾਵੇ, ਹਿੰਸਾ ਨਾ ਕਰੀ ਜਾਵੇ। ਹਿੰਸਾ ਇਹ ਨਹੀਂ ਕਿ ਜੀਵ ਮਾਰ ਦਿਤਾ ਜਾਵੇ, ਹਿੰਸਾ ਬਹੁਤ ਕਿਸਮ ਦੀ ਹੈ। ਸੋ ਕਿਸੇ ਕਿਸਮ ਦੀ ਵੀ ਹਿੰਸਾ ਅੰਦਰ ਨਾ ਆਵੇ। ਅਹਿੰਸਾ ਧਾਰਨ ਕਰੇ। ਦੂਸਰਾ ਇਹ ਹੈ ਕਿ ਜੀਵਨ ਸਤਿ ਦਾ ਹੋਵੇ, ਪਾਖੰਡੀ ਜੀਵਨ ਨਾ ਹੋਵੇ ਕਿ ਇਥੇ ਝੂਠ ਬੋਲ ਕੇ ਸਰ ਜਾਏਗਾ।

ਸਤਿ ਦਾ ਜੀਵਨ ਹੋਵੇ, ਜਿਹੋ ਜਿਹਾ ਅੰਦਰੋਂ, ਓਹੋ ਜਿਹਾ ਹੀ ਬਾਹਰੋਂ। ਵਖਾਵਾ ਨਾ ਕਰੇ ਕਿ ਮੈਂ ਵਧੀਆ ਸੰਤ ਲੱਗਾਂ। ਮੈਂ ਵਧੀਆ ਨਾਮ ਜਪਣ ਵਾਲਾ ਹਾਂ, ਉਵੇਂ ਹੱਥ ਜਿਹੇ ਬੰਨ੍ਹੀਂ ਜਾਵੇ, ਨੀਵੀਂ ਜਿਹੀ ਪਾਈ ਜਾਵੇ, ਅੰਦਰੋਂ ਭਰਿਆ ਪਿਆ ਗਲਤ ਗੱਲਾਂ ਨਾਲ ਤੇ ਬਾਹਰੋਂ ਇਹ ਪਖੰਡ ਕਰੇ, ਮਹਾਰਾਜ ਕਹਿੰਦੇ, ਨਾ-ਨਾ ਇਹੋ ਜਿਹੀ ਗੱਲ ਨਹੀਂ ਅਸੀਂ ਮੰਨਦੇ -

***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥***

***ਅੰਗ - 470***

ਜੇ ਰਿਦੇ ਦੇ ਵਿਚ ਸਚਾਈ ਨਹੀਂ ਆਈ, ਐਵੇਂ ਹੱਥ ਜੋੜੀ ਜਾਣੇ, ਮੱਥੇ ਟੇਕੀ ਜਾਣੇ, ਕੀ ਮਾਅਨੇ ਰਖਦੇ ਨੇ ਇਹ। ਕਹਿੰਦੇ, ਜੀਵਨ ਸਤਿ ਦਾ ਹੋਣਾ ਚਾਹੀਦਾ ਹੈ। ਫੇਰ ਇਹ ਹੈ ਕਿ ਚੋਰੀ ਨਾ ਕਰੇ। ਕਈ ਕਿਸਮ ਦੀ ਚੋਰੀ ਹੁੰਦੀ ਹੈ, ਕਿਸੇ ਦਾ ਧਨ ਮਾਲ ਜੋੜਿਆ ਹੋਇਆ ਹੈ, ਸੰਨ੍ਹ ਲਾ ਕੇ ਚੋਰੀ ਕਰ ਲੈਣੀ, ਇਕ ਹੁੰਦਾ ਹੈ ਕਿਸੇ ਨੇ ਬੜੇ ਇਕਾਂਤ ਬੈਠ-ਬੈਠ ਕੇ, ਕੁਝ ਬਚਨ ਕੱਢੇ ਨੇ, ਐਸੇ ਬਚਨ ਜਿਹੜੇ ਨਾ ਕਿਸੇ ਕਿਤਾਬ 'ਚੋਂ ਮਿਲਣ, ਨਾ ਕਿਤੋਂ ਹੋਰ ਮਿਲਣ, ਉਨ੍ਹਾਂ ਨੂੰ ਆਪਣੇ ਬਣਾ ਕੇ ਦਸ ਦੇਣਾ ਕਿ ਮੈਂ ਕਹੇ ਹਨ। ਈਮਾਨਦਾਰੀ ਤਾਂ ਇਹ ਹੁੰਦੀ ਹੈ ਕਿ ਮਹਾਂਪੁਰਸ਼ ਕਹਿ ਰਹੇ ਨੇ, ਜਾਂ ਮਹਾਰਾਜ ਜੀ ਨੇ ਇਸ ਤਰ੍ਹਾਂ ਦੱਸਿਆ ਸੀ, ਉਨ੍ਹਾਂ ਨੂੰ ਅਪਣਾਅ ਲੈਣਾ, ਆਪਣੇ ਬਣਾ ਲੈਣਾ, ਕਵਿਤਾ ਆਪਣੀ ਬਣਾ ਲੈਣੀ, ਇਹਨੂੰ ਕਵਿਤਾ ਚੋਰ ਕਹਿੰਦੇ ਨੇ, ਕੀਰਤਨ ਦੇ ਵਿਚ ਪ੍ਰਮਾਣ ਆਪਣੇ ਬਣਾ ਲੈਣੇ, ਉਹ ਕੀਰਤਨ ਚੋਰ ਹੋਇਆ ਕਰਦਾ ਹੈ। ਉਹ ਅੰਦਰ ਸਚਾਈ ਨਹੀਂ ਰਹਿਣ ਦਿੰਦੀ। ਲੋਕ ਤਾਂ ਵਾਹਵਾ-ਵਾਹਵਾ ਕਹਿਣਗੇ ਕਿ ਵੱਡਾ ਵਿਦਵਾਨ ਹੈ, ਲੇਕਿਨ ਅੰਦਰਲੇ ਪਾਸੇ ਕਿੱਡਾ ਘਾਟਾ ਪੈ ਰਿਹਾ ਹੈ ਉਹਨੂੰ, ਆਪ ਹੀ ਸਭ ਕੁਛ ਬਣ ਜਾਂਦਾ ਹੈ, ਆਪਣੀ ਪੂਜਾ ਕਰਾ ਲੈਂਦਾ ਹੈ, ਖਿਆਲ ਕਿਸੇ ਹੋਰ ਦੇ ਹੁੰਦੇ ਨੇ, ਅਨੁਭਵ ਕਿਸੇ ਹੋਰ ਦਾ ਹੁੰਦਾ ਹੈ, ਵਰਤਦਾ ਆਪ ਹੈ। ਇਹਨੂੰ ਚੋਰੀ ਕਹਿੰਦੇ ਨੇ, ਇਸ ਤੋਂ ਰਹਿਤ ਜੀਵਨ ਹੋਵੇ।

ਸਭ ਤੋਂ ਵੱਡਾ ਚੋਰ ਹੈ ਜਿਹੜਾ ਨਾਮ ਨਹੀਂ ਜਪਦਾ, ਦਸਵੰਧ ਗੁਰੂ ਦਾ ਨਹੀਂ ਦਿੰਦਾ, ਕਹਿੰਦੇ ਇਹ ਵੀ ਚੋਰੀ ਹੈ। ਦਿੰਦਾ ਸਭ ਕੁਛ ਗੁਰੂ ਹੈ। ਬੜੀ ਵਾਰੀ ਮੈਂ ਬੇਨਤੀ ਕਰੀ ਹੈ ਕਿ ਪਿਆਰਿਓ! ਜੇ ਕਿਰਤ ਸੁੱਚੀ ਰੱਖਣੀ ਹੈ ਤਾਂ ਸੌ ਰੁਪਈਏ ਪਿੱਛੇ ਇੱਕ ਰੁਪਈਆ ਗੁਰੂ ਦਾ ਕੱਢਿਆ ਕਰੋ। ਕਈ ਪ੍ਰੇਮੀ ਕਹਿੰਦੇ ਨੇ ਕਿ ਤੁਸੀਂ ਦਸਵੰਧ ਨਹੀਂ ਕਹਿੰਦੇ। ਭਾਈ, ਇਹ ਦਸਵੰਧ ਹੀ ਬਣਦਾ ਹੈ। ਪਹਿਲਾਂ ਖਰਚ ਹੁੰਦਾ ਹੈ ਸਾਰਾ, ਬਚਦਾ ਤਾਂ ਦਸਵਾਂ ਹਿੱਸਾ ਹੀ ਹੁੰਦਾ ਹੈ, ਕਿਸੇ ਨੂੰ ਪੰਦਰਵਾਂ ਬਚ ਜਾਂਦਾ ਹੈ। ਪੰਦਰਵਾਂ ਜਿਹਨੂੰ ਬਚਦਾ ਹੈ, ਈਮਾਨਦਾਰੀ ਨਾਲ ਡੇਢ ਕੱਢ ਦਿਆ ਕਰੋ। ਵੀਹ ਬਚਦੇ ਨੇ ਦੋ ਕੱਢ ਦਿਆ ਕਰੋ। ਇਸ ਕਰਕੇ ਮੋਟਾ ਜਿਹਾ ਅਸੂਲ ਰੱਖਿਆ ਹੈ ਕਿ ਸੌ ਰੁਪਏ ਪਿੱਛੇ ਇਕ ਕੱਢੀ ਜਾਈਂ। ਜਿਹੜਾ ਦਸਵੰਧ ਨਹੀਂ ਦਿੰਦਾ, ਕਹਿੰਦੇ ਉਹ ਵੀ ਚੋਰ ਹੈ। ਜਿਹੜਾ ਨਾਮ ਨਹੀਂ ਜਪਦਾ ਕਹਿੰਦੇ ਉਹ ਵੀ ਚੋਰ ਹੈ। ਫੇਰ ਇਹਦੇ ਵਿਚ ਧੀਰਜ ਹੋਣੀ ਚਾਹੀਦੀ ਹੈ, ਕਾਹਲਾ ਨਾ ਹੋਵੇ, ਇਕ ਦਮ ਗਲ ਪੈਣ ਵਾਲਾ ਨਾ ਹੋਵੇ, ਧੀਰਜੀ ਬੰਦਾ

ਹੋਵੇ, ਸੋਚੇ ਕਿ ਗੱਲ ਕੀ ਕਹਿੰਦੇ ਨੇ। ਇਕ ਦਮ ਗਲ ਪੈ ਕੇ ਵੱਡੇ ਨੁਕਸ ਪੈ ਜਾਂਦੇ ਨੇ। ਇਕ ਦਮ ਰਾਏ ਦੇ ਦੇਣੀ ਵੱਡੇ ਨੁਕਸ ਪੈ ਜਾਂਦੇ ਨੇ। ਉਸ ਤੋਂ ਬਾਅਦ ਉਲਝਣਾਂ ਖੜ੍ਹੀਆਂ ਹੋ ਜਾਂਦੀਆਂ ਨੇ। ਕਹਿੰਦੇ, ਧੀਰਜਵਾਨ ਹੋਣਾ ਚਾਹੀਦਾ ਹੈ, ਕੋਈ ਮਾੜੀ ਗੱਲ ਕਹਿ ਵੀ ਗਿਆ, ਨਿੰਦਿਆ ਕਰ ਗਿਆ, ਤਾਂ ਵੀ ਧੀਰਜੀ ਰਹਿ ਤੂੰ। ਫੇਰ ਹੁੰਦਾ ਹੈ ਕਿ ਖਿਮਾ ਦਾ ਜਜ਼ਬਾ ਹੋਵੇ ਇਹਦੇ ਅੰਦਰ, ਮਾਫ ਕਰਨ ਦਾ, ਫੇਰ ਦਇਆ ਹੋਵੇ, ਚਿੱਤ ਜਿਹੜਾ ਹੈ ਉਹ ਕਠੋਰ ਨਾ ਹੋਵੇ, ਦੂਸਰੇ ਦਾ ਦੁਖ ਦੇਖ ਕੇ ਪਿਘਲ ਜਾਵੇ, ਇਹ ਨਾ ਕਹੇ ਕਿ ਮੈਨੂੰ ਕੀ ਹੈ, ਹੋਣੈ ਜਿਹੜਾ ਕੁਛ ਹੋਈ ਜਾਵੇ। ਗੁਰਮੁਖ ਦਾ ਚਿੱਤ ਜਿਹੜਾ ਹੈ ਉਹ ਕੋਮਲ ਹੁੰਦਾ ਹੈ। ਫੇਰ ਵੱਢ ਖਾਣਿਆਂ ਵਾਂਗਣ ਨਾ ਪਵੇ। ਜਿਵੇਂ ਬਾਂਸ ਫਟਿਆ ਹੁੰਦਾ ਹੈ, ਕਈ ਲੋਕ ਇਹੋ ਜਿਹੀ ਗੱਲ ਬੋਲਦੇ ਨੇ-ਫਿੱਕੀ। ਕਹਿੰਦੇ, ਕੋਮਲ ਚਿੱਤ ਤੇ ਮਿੱਠੀ ਬਾਣੀ ਹੋਣੀ ਚਾਹੀਦੀ ਹੈ। ਫੇਰ ਪਵਿੱਤਰ ਹੋਵੇ ਅੰਦਰ, ਮਨ ਦੇ ਅੰਦਰ ਵੀ, ਸਰੀਰ ਦੇ ਵਿਚ ਵੀ ਪਵਿੱਤਰਤਾ ਹੋਵੇ, ਵਸਤਰਾਂ ਵਿਚ ਵੀ ਪਵਿੱਤਰਤਾ ਹੋਵੇ, ਘਰ-ਬਾਰ ਵੀ ਜਿੱਥੇ ਰਹਿੰਦਾ ਹੈ, ਵਾਤਾਵਰਣ ਜਿੱਥੇ ਰਹਿੰਦਾ ਹੈ ਸਾਰਾ ਪਵਿੱਤਰ ਹੋਵੇ। ਬੁੱਧੀ ਵੀ ਪਵਿੱਤਰ ਹੋਵੇ, ਉਸ ਤੋਂ ਬਾਅਦ ਫੇਰ 'ਸੁੱਚ' ਹੋਵੇ। ਸੁੱਚ ਵੀ ਮਨ ਦੀ ਹੁੰਦੀ ਹੈ, ਰਸਨਾ ਦੀ ਸੁੱਚ ਹੈ ਝੂਠ ਨਾ ਬੋਲੇ, ਨੇਤਰਾਂ ਦੀ ਸੁੱਚ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*** ***ਅੰਗ - 274***

ਕੰਨਾਂ ਦੀ ਸੁੱਚ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ- 274***

ਸੋ ਇਹ ਸੁੱਚ ਧਾਰਨ ਕਰੇ, ਫੇਰ ਉਸ ਤੋਂ ਬਾਅਦ ਆਹਾਰ ਜਿਹੜਾ ਹੈ ਉਹ ਮਰਿਆਦਾ ਦਾ ਹੋਵੇ -

***ਅਲਪ ਆਹਾਰ ਸੁਲਪ ਸੀ ਨਿੰਦ੍ਰਾ।***
***ਦਯਾ ਛਿਮਾ ਤਨ ਪ੍ਰੀਤਿ॥*** ***ਰਾਮਕਲੀ ਪਾ: 10***

ਦੂਸਰੇ ਨੇ ਤਪ, ਜਿਹਨੂੰ ਸੇਵਾ ਕਹਿੰਦੇ ਨੇ, ਸੰਤੋਖ ਦੇ ਵਿਚ ਰਹਿਣਾ, ਕਮਾਈ ਕਰ ਜੋ ਕੁਛ ਪ੍ਰਾਪਤ ਹੋ ਗਿਆ, ਉਹਦੇ ਉਤੇ ਤੂੰ ਸੰਤੁਸ਼ਟ ਹੋ -

***ਬਿਨਾ ਸੰਤੋਖ ਨਹੀ ਕੋਊ ਰਾਜੈ ॥*** ***ਅੰਗ- 279***

ਸੰਤੋਖ ਨਾ ਹੋਇਆ ਰੱਜ ਨਹੀਂ ਆਉਣਾ, ਤ੍ਰਿਸ਼ਨਾ ਦੀ ਅੱਗ ਲੱਗੀ ਰਹਿਣੀ ਹੈ। ਤ੍ਰਿਸ਼ਨਾ ਤੇ ਨਾਮ ਦਾ ਸਬੰਧ ਨਹੀਂ ਹੈ -

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥***
***ਅੰਗ- 919***

ਸੰਤੋਖ ਧਾਰਨ ਕਰ, ਦੂਸਰਾ ਹੈ ਆਸਤਕ ਬੁੱਧ ਰੱਖ। ਆਸਤਕ ਬੁੱਧ ਦਾ ਬੜਾ ਰੌਲਾ ਹੈ, ਇਹ ਨਹੀਂ ਰਹਿੰਦੀ। ਗੁਰੂ ਦੇ ਬਚਨਾਂ ਤੋਂ ਵਿਪਰੀਤ ਕਰਦਾ ਹੈ। ਚਾਹੇ ਗੁਰਦੁਆਰੇ ਵੀ ਰਹਿੰਦਾ ਹੈ। ਇਹੋ ਜਿਹੇ ਮਾੜੇ ਕੰਮ ਕਰ ਦਿੰਦਾ ਹੈ। ਜੇ ਉਹਨੂੰ ਪੁੱਛੇ ਕਿ ਗੁਰੂ ਕੀ ਕਹਿੰਦਾ ਹੈ ਕਿ ਤੂੰ ਐਨੇ ਮਾੜੇ ਕੰਮ ਕਰੇ। ਇਹੋ ਜਿਹੇ ਬੁਰੇ ਕੰਮ ਕਰ ਰਿਹਾ ਹੈ, ਪਿਆਰਿਆ!

ਤੈਨੂੰ ਪ੍ਰਮੇਸ਼ਰ ਦੇਖ ਰਿਹਾ ਹੈ। ਉਹਦੇ ਦਰ ਦੇ ਉਤੇ ਤੇਰਾ ਨਾਮ ਜਿਹੜਾ ਹੈ ਉਹ ਖੋਟਿਆਂ ਦੇ ਵਿਚ ਪੈ ਗਿਆ। ਪੜਦਿਆਂ ਦੇ ਨਾਲ ਤੂੰ ਆਪਣੀ ਸਫਾਈ ਨਹੀਂ ਰਖ ਸਕਦਾ। ਆਸਤਕ ਬੁੱਧੀ ਨਹੀਂ ਅੰਦਰ। ਜੇ ਆਸਤਕ ਬੁੱਧੀ ਹੋਵੇ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ। ਫੇਰ ਪਿਆਰ ਉਹਦਾ ਜਾਗਿਆ ਰਹੇ ਹਰ ਵਕਤ, ਅੰਦਰ ਨੂੰ ਝਾਕਦਾ ਹੈ ਤਾਂ ਵਾਹਿਗੁਰੂ ਵਲ ਹੀ ਸੁਰਤ ਜਾਂਦੀ ਹੈ। ਬੁੱਧੀ ਆਸਤਕ ਹੋਵੇ। ਫੇਰ ਦਾਨੀ ਹੋਵੇ, ਨਿਮਰਤਾ ਹੋਵੇ, ਪੂਜਾ ਜਿਹਨੂੰ ਕਹਿੰਦੇ ਨੇ, ਸ਼ਬਦ ਦੀ ਕਮਾਈ ਕਰਨ ਵਾਲਾ ਹੋਵੇ, ਗੱਲਾਂਬਾਤਾਂ ਵਾਲਾ ਨਾ ਹੋਵੇ, ਨਾਮ ਦੀ ਕਮਾਈ ਕਰੇ ਬਗੈਰ ਨਾਮ ਅੰਦਰ ਨਹੀਂ ਜਾਂਦਾ, ਅਨੁਭਵ ਨਹੀਂ ਖੁਲ੍ਹਦਾ। ਫੇਰ ਪਿਆਰ ਹੋਵੇ ਅੰਦਰ ਪ੍ਰਮੇਸ਼ਰ ਦਾ। ਪਿਆਰ ਤਾਂ ਦੁਨੀਆਂ ਦਾ ਹੈ, ਰੱਬ ਦਾ ਤਾਂ ਪਿਆਰ ਹੀ ਨਹੀਂ ਪੈਂਦਾ। ਕਹਿੰਦੇ, ਉਹ ਤਾਂ ਦਿਸਦਾ ਨਹੀਂ, ਪਿਆਰ ਕੀ ਕਰੀਏ ਉਹਦੇ ਨਾਲ। ਜਿਹੜੀਆਂ ਚੀਜ਼ਾਂ ਦਿਸਦੀਆਂ ਨਹੀਂ ਹੈਗੀਆਂ ਤਾਂ ਸਹੀ। ਹੁਣ ਆਹ ਟੈਲੀਵੀਜ਼ਨ ਦੀਆਂ ਤਰੰਗਾਂ ਆਉਂਦੀਆਂ ਨੇ, ਅੱਖਾਂ ਨਾਲ ਤਾਂ ਇਹ ਦਿਸਦੀਆਂ ਨਹੀਂ, ਪਰ ਜਦੋਂ ਟੈਲੀਵੀਜ਼ਨ ਕੋਲ ਜਾਂਦੇ ਹਾਂ ਉਥੇ ਦਿਸਦੀਆਂ ਨੇ। ਰੇਡੀਓ ਤਰੰਗਾਂ ਆਉਂਦੀਆਂ ਨੇ, ਅੱਖਾਂ ਨਾਲ ਤਾਂ ਦਿਸਦੀਆਂ ਨਹੀਂ, ਰੇਡੀਓ ਦੇ ਵਿਚੀਂ ਸੁਣਦਾ ਹੈ। Cosmic rays ਆਉਂਦੀਆ ਨੇ, ਇਕ ਸਕਿੰਟ ਦੇ ਅੰਦਰ ਤਿੰਨ ਲੱਖ ਮੀਲ ਤੁਰ ਜਾਂਦੀਆਂ ਨੇ। ਪਰ ਉਹ ਹੈਗੀਆਂ ਤਾਂ ਸਹੀ ਨਾ। ਇਸ ਤਰ੍ਹਾਂ ਤੂੰ ਵਿਸ਼ਵਾਸ਼ ਵਿਚ ਆ, ਚਾਹੇ ਮੈਨੂੰ ਰੱਬ ਦਿਸਦਾ ਹੈ, ਚਾਹੇ ਨਹੀਂ ਦਿਸਦਾ ਉਹ ਹੈਗਾ ਤਾਂ ਸਹੀ ਨਾ। ਆਕਸੀਜਨ ਤੂੰ ਦੇਖੀ ਹੈ? ਟੋਏ ਵਿਚ ਵੜ ਜਾ, ਜਿਥੇ ਉਹ ਕਾਰਬਨ ਡਾਈਆਕਸਾਈਡ ਦਾ ਭਰਿਆ ਹੋਇਆ ਹੈ, ਉਥੇ ਚੀਕਾਂ ਮਾਰੇਂਗਾ, ਓਏ! ਆਕਸੀਜਨ ਨਹੀਂ ਹੈ ਇਥੇ। ਕਿਹੋ ਜਿਹੀ ਹੁੰਦੀ ਹੈ? ਕਹਿੰਦਾ, ਮੈਂ ਜਿਉਂਦਾ ਹੀ ਆਕਸੀਜਨ ਨਾਲ ਹਾਂ। ਤੇਰੀ ਜ਼ਿੰਦਗੀ ਤਾਂ ਹੈ, ਤੈਨੂੰ ਨਾਮ ਨੇ ਜਿਉਂਦਾ ਰੱਖਿਆ ਹੋਇਆ ਹੈ -

***ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥***

***ਅੰਗ- 284***

ਫੇਰ ਉਹ ਨਾਮ ਤੇਰੇ ਅੰਦਰ ਹੈ, ਮਿਹਨਤ ਕਰ ਤੈਨੂੰ ਨਾਮ ਦਾ ਅਨੁਭਵ ਹੋ ਜਾਏਗਾ। ਉਹ ਅੱਖਾਂ ਮਿਲ ਜਾਣਗੀਆਂ ਜਿਨ੍ਹਾਂ ਨਾਲ ਇਹ ਚੀਜ਼ਾਂ ਦਿਸਦੀਆਂ ਨੇ। ਸੋ ਪ੍ਰਤੀਤ ਵਿਚ ਤਾਂ ਆ, ਪ੍ਰਤੀਤ ਨਹੀਂ ਹੈ। ਮਹਾਰਾਜ ਕਹਿੰਦੇ, ਜੇ ਪ੍ਰਤੀਤ ਨਹੀਂ ਪਿਆਰਿਆ, ਫੇਰ ਨਾਮ ਨਹੀਂ ਜਪ ਹੁੰਦਾ-

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ - 283***

ਫੇਰ 'ਨੇਮ' ਹੈ, ਜ਼ਿੰਦਗੀ ਦੇ ਵਿਚ ਨੇਮ ਹੋਣਾ ਚਾਹੀਦਾ ਹੈ। ਨਿਯਮਬੱਧ ਜ਼ਿੰਦਗੀ ਹੋਵੇ, ਛਾਲਾਂ ਨਾ ਮਾਰਦੀ ਹੋਵੇ ਜ਼ਿੰਦਗੀ। ਫੇਰ ਇਹ ਹੈ ਕਿ ਦੂਜੇ ਦਾ ਵੀ ਧਿਆਨ ਦੇਵੇ, ਲੰਗਰ ਦੇ ਵਿਚ ਜੋ ਵੀ ਹੁੰਦਾ ਹੈ, ਤਿਲ ਫੁਲ ਲਿਆ ਕੇ ਪਾਵੇ, ਇਹਨੂੰ ਬ੍ਰਹਮ ਹੋਮ ਕਹਿੰਦੇ ਨੇ, ਜਿਨ੍ਹਾਂ ਬੰਦਿਆਂ ਨੂੰ

ਅਸੀਂ ਜਾਣਦੇ ਹੀ ਨਹੀਂ ਉਹ ਵੀ ਪ੍ਰਸ਼ਾਦਾ ਛਕ ਜਾਂਦੇ ਨੇ। ਜਾਨਣ ਵਾਲਿਆਂ ਨੂੰ ਤਾਂ ਛਕਾ ਕੇ ਅਭਿਮਾਨ ਹੋ ਜਾਂਦਾ ਹੈ ਕਿ ਮੈਂ ਛਕਾਉਂਦਾ ਹਾਂ ਇਨ੍ਹਾਂ ਨੂੰ। ਜਿਨ੍ਹਾਂ ਨੂੰ ਜਾਣਦੇ ਹੀ ਨਹੀਂ, 'ਨੇਕੀ ਕਰ ਦਰਿਆ ਮੇਂ ਡਾਲ'। ਲੰਗਰਾਂ 'ਚ ਆ ਜਾਂਦਾ ਹੈ ਅਨਾਜ, ਬੇਅੰਤ ਪ੍ਰੇਮੀ ਛਕਦੇ ਨੇ ਦਿਨ-ਰਾਤ, ਪ੍ਰਮੇਸ਼ਰ ਦੀ ਖੁਸ਼ੀ ਦਾ ਮੀਂਹ ਵਰਸਦਾ ਹੈ ਉਨ੍ਹਾਂ 'ਤੇ। ਫੇਰ ਤੂੰ ਸ਼ਾਂਤਕੀ ਬਿਰਤੀ ਰੱਖ। ਕਹਿਣ ਲੱਗੇ, ਬੀਬਾ! ਇਹ ਗੱਲਾਂ ਨੇ, ਤੂੰ ਧਿਆਨ ਨਾਲ ਯਾਦ ਕਰ ਲਈਂ। ਤੇਰੇ ਵਿਚ ਬਹੁਤ ਸਾਰੀਆਂ ਪਹਿਲਾਂ ਹੀ ਨੇ। ਇਹ ਰਹਿਤਾਂ ਨੇ, ਜਿਹੜੀਆਂ ਰਹਿਤਾਂ ਰੱਖ ਕੇ ਤੇਰੀ ਸ਼ਬਦ ਦੀ ਕਮਾਈ ਹੋਣੀ ਹੈ ਤੇ ਜਿਹੜਾ ਤੂੰ ਕਹਿੰਦੀ ਹੈਂ ਕਿ ਮੈਨੂੰ ਆਤਮਾ ਦਾ ਅਨੁਭਵ ਨਹੀਂ ਹੁੰਦਾ। ਇਹ ਬੱਜਰ ਕਪਾਟ ਜੜ੍ਹੇ ਹੋਏ ਨੇ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***

***ਅੰਗ – 954***

ਜਦੋਂ ਤੈਨੂੰ ਗੁਰੂ ਦਾ ਸ਼ਬਦ ਮਿਲ ਜਾਏਗਾ, ਉਹਦੇ ਨਾਲ ਖੁਲ੍ਹ ਜਾਂਦਾ ਹੈ। ਸੋ ਕਹਿਣ ਲੱਗੇ, ਜੀਵ ਇਹ ਬੰਨ੍ਹਿਆਂ ਹੋਇਆ ਹੈ ਸੰਗਲਾਂ ਦੇ ਨਾਲ। ਬੜੇ ਸੰਗਲ ਪਏ ਹੋਏ ਨੇ, ਕਹਿੰਦੇ ਬੰਧਨ ਹੀ ਬੰਧਨ ਹੈ ਇਹਦੇ ਦੁਆਲੇ। ਬੰਧਨ ਕੱਟੇ ਕਿਵੇਂ। ਪੂਰਾ ਸਤਿਗੁਰੂ ਮਿਲ ਜਾਵੇ, ਸਾਰੇ ਹੀ ਬੰਧਨ ਕੱਟ ਦਿੰਦਾ ਹੈ। ਕੇਵਲ ਨਾਮ ਦੇਣ ਨਾਲ ਛਾਈਂ-ਮਾਈਂ ਹੋ ਜਾਂਦੀਆਂ ਨੇ ਸਭ ਚੀਜ਼ਾਂ। ਅਵਿਦਿਆ ਦਾ ਬੰਧਨ ਹੈ, ਜੀਵ ਭਾਵ ਦਾ ਬੰਧਨ ਹੈ, ਮੈਂ ਭਾਵ ਦਾ ਬੰਧਨ, ਸੰਸੇ ਦਾ ਬੰਧਨ ਹੈ, ਕਰਮ-ਧਰਮ ਦੇ ਬੰਧਨ ਨੇ, ਵਾਸ਼ਨਾ ਦੇ ਬੰਧਨ ਨੇ, ਜੰਮਣ ਦਾ ਬੰਧਨ ਹੈ, ਮਰਨ ਦਾ ਬੰਧਨ ਹੈ, ਸਰੀਰ ਦਾ ਬੰਧਨ ਹੈ।

ਇਸ ਤਰ੍ਹਾਂ ਦੇ ਨਾਲ ਬੜੀ ਜੁਗਤ ਨਾਲ ਸਮਝਾ ਕੇ ਮੁੜ ਕੇ ਆਪ ਫੇਰ ਬੇਹੋਸ਼ ਹੋ ਗਏ। ਸੋਚੀ ਜਾਂਦੀ ਹੈ, ਮੁੜ-ਮੁੜ ਯਾਦ ਕਰਦੀ ਹੈ ਕਿ ਆਹ ਗੱਲ ਕਹੀ ਸੀ, ਆਹ ਗੱਲ ਕਹੀ ਸੀ ਕਿ ਇਹ ਕਿਵੇਂ ਹੋਏਗੀ? ਇਸ ਤਰ੍ਹਾਂ ਲਗਦਾ ਹੈ ਕਿ ਇਕ ਪਹਾੜ ਮੇਰੇ ਉਤੇ ਰੱਖ ਦਿਤਾ, ਅੱਗੇ ਤਾਂ ਮੈਂ ਜਿਉਂਦੀ ਸੀ, ਨੱਠੀ ਫਿਰਦੀ ਸੀ, ਘੋੜੇ 'ਤੇ ਚੜ੍ਹਨਾ ਹੈ, ਜੰਗਲ ਚਲੀ ਗਈ ਸਹੇਲੀਆਂ ਨਾਲ, ਆਹ ਪਹਾੜ ਰੱਖ ਦਿਤਾ ਮੈਂ ਚੁੱਕਾਂਗੀ ਕਿਵੇਂ? ਥੋੜ੍ਹੇ ਦਿਨਾਂ ਤੋਂ ਬਾਅਦ ਫੇਰ ਸੁਰਤ ਆਉਂਦੀ ਹੈ, ਕਹਿਣ ਲੱਗੇ, ਬੀਬਾ! ਇਕ ਗੱਲ ਮੈਂ ਤੈਨੂੰ ਅੱਜ ਦਸਣੀ ਹੈ, ਉਹ ਇਹ ਹੈ ਕਿ ਮੈਂ ਆਪਣੇ ਪਿਆਰੇ ਕੋਲ ਹੁਣ ਚਲਿਆ ਜਾਣਾ ਹੈ, ਸੰਸਾਰ 'ਤੇ ਰਹਿਣਾ ਨਹੀਂ ਹੈ। ਐਨੀ ਗੱਲ ਕਹਿਣ ਦੀ ਦੇਰ ਸੀ ਕਿ ਉੱਚੀ-ਉੱਚੀ ਰੋਣ ਲਗ ਗਈ। ਕਹਿੰਦੀ, ਐ ਚੰਗੇ ਪੁਰਸ਼! ਤੂੰ ਜਾਹ ਨਾ, ਤੇਰੇ ਤੋਂ ਪਹਿਲਾਂ ਮੈਂ ਚਲੀ ਜਾਵਾਂ। ਕਹਿੰਦੇ, ਇਸ ਤਰ੍ਹਾਂ ਨਹੀਂ ਮਿਲਣਾ ਹੈ। ਮਿਲਣ ਦਾ ਰਸਤਾ ਹੋਰ ਹੈ। ਕਹਿਣ ਲੱਗੇ, ਮੈਂ ਚਲੇ ਜਾਣਾ ਹੈ ਆਪਣੇ ਪਿਆਰੇ ਦੇ ਪਾਸ, ਉਹਦਾ ਨਾਉਂ ਗੁਰੂ ਨਾਨਕ ਹੈ। ਉਹ ਅਮਰ ਹਨ, ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹਨ, ਪ੍ਰਮੇਸ਼ਰ ਤਾਂ ਦਿਸਦਾ ਨਹੀਂ, ਗੁਰੂ ਨਾਨਕ ਪਾਤਸ਼ਾਹ ਨੇ ਇਹੋ ਜਿਹਾ ਸਰੀਰ ਧਾਰ ਲਿਆ, ਜਿਹੋ ਜਿਹੇ ਆਪਾਂ ਹਾਂ। ਇਹ ਸਾਡੇ ਉਤੇ ਬੜੀ

ਭਾਰੀ ਦਿਆ ਕਰੀ ਹੈ ਪ੍ਰਭੂ ਨੇ ਕਿ ਮਨੁੱਖਾਂ ਵਰਗਾ ਬਣ ਕੇ ਸਾਡੇ ਵਿਚ ਆ ਗਿਆ, ਉਹ ਮੇਰਾ ਪਿਆਰਾ ਹੈ, ਮੈਂ ਉਹਨੂੰ ਤਨ, ਮਨ ਤੋਂ, ਰੋਮ-ਰੋਮ ਤੋਂ ਪਿਆਰ ਕਰਦਾ ਹਾਂ ਤੇ ਮੈਂ ਹਰ ਵਕਤ ਉਹਦੇ ਪਿਆਰ ਵਿਚ ਲੀਨ ਰਹਿੰਦਾ ਹਾਂ। ਉਹ ਜਿਹੜਾ ਮੇਰਾ ਪਿਆਰਾ ਹੈ, ਉਹਦਾ ਤੇ ਵਾਹਿਗੁਰੂ ਦਾ ਕੋਈ ਫਰਕ ਨਹੀਂ। ਰੋਣ ਲੱਗ ਗਈ। ਕਹਿੰਦਾ, ਮੇਰੀ ਗੱਲ ਸੁਣ ਲੈ, ਥੋੜ੍ਹਾ ਜਿਹਾ ਸਮਾਂ ਮੇਰਾ ਰਹਿੰਦਾ ਹੈ।

ਕਹਿੰਦੀ, ਮੈਂ ਤਾਂ ਤੇਰੇ ਤੋਂ ਬਾਅਦ ਜਿਊਣਾ ਹੀ ਨਹੀਂ।

ਕਹਿੰਦਾ, ਫੇਰ ਮੇਲ ਨਹੀਂ ਆਪਣਾ ਹੋਣਾ।

ਕਹਿੰਦੇ, ਦੇਖ ਇਕ ਤਾਂ ਰੋਈ ਨਾ ਮੇਰੇ ਜਾਣ ਤੋਂ ਬਾਅਦ ਕਿਉਂਕਿ ਮੈਂ ਆਪਣੇ ਪਿਆਰੇ ਕੋਲ ਜਾ ਰਿਹਾ ਹਾਂ। ਦੂਸਰਾ ਇਹ ਹੈ ਕਿ ਮਰਨਾ ਨਹੀਂ ਹੈ। ਜੇ ਮਰੀ ਤਾਂ ਮੇਲਾ ਨਹੀਂ ਹੋਣਾ। ਤੈਨੂੰ ਮੈਂ ਇਕ ਜਹਾਜ਼ ਦੇ ਦਿੰਦਾ ਹਾਂ, ਉਹਦੇ ਉਤੇ ਚੜ੍ਹ ਕੇ ਆ ਜਾਈਂ, ਮੇਰੇ ਕੋਲ ਜੇ ਆਉਣਾ ਹੈ। ਜੀਅ ਕਰਦਾ ਹੈ ਆਉਣ ਨੂੰ?

ਕਹਿੰਦੀ ਹਾਂ। ਕਹਿੰਦੀ ਤੇਰਾ ਪਿਆਰਾ ਤਾਂ ਤੇਰੇ ਤੋਂ ਵੀ ਹੋਰ ਵਧੀਆ ਹੋਣਾ ਹੈ।

ਕਹਿੰਦੇ, ਹਾਂ।

ਕਹਿੰਦੇ, ਉਹਦਾ ਜਿਹੜਾ ਪਿਆਰਾ ਹੈ ਉਹ ਸਭ ਦੇ ਨਾਲ ਰਹਿੰਦਾ ਹੈ। ਪਰ ਦਿਸਦਾ ਨਹੀਂ ਹੈ, ਇਕ ਜਹਾਜ਼ ਬਣਾਇਆ ਹੈ ਮੇਰੇ ਪਿਆਰੇ ਨੇ, ਜਿਹੜਾ ਉਸ ਉਤੇ ਚੜ੍ਹ ਜਾਏਗਾ, ਉਸ ਜਹਾਜ਼ 'ਤੇ ਚੜ੍ਹ ਕੇ ਜਿਵੇਂ ਗਰੁੜ 'ਤੇ ਚੜ੍ਹ ਕੇ ਆਉਂਦੇ ਸੀ, ਇਸ ਤਰ੍ਹਾਂ ਉਹ ਗਰੁੜ ਹੈ। ਉਹਨੂੰ ਨਾਮ ਕਹਿੰਦੇ ਨੇ, ਉਹਦੇ ਉਤੇ ਚੜ੍ਹ ਕੇ ਤੂੰ ਮੇਰੇ ਤੱਕ ਆ ਜਾਏਂਗੀ।

ਇਸ ਤਰ੍ਹਾਂ ਦੇ ਨਾਲ ਆਪ ਨੇ ਸਮਝਾਉਣਾ ਕਰਿਆ, ਕਹਿਣ ਲੱਗੇ, ਪ੍ਰਮੇਸ਼ਰ ਦੀ ਦਰਗਾਹ ਹੈ, ਉਹਦੇ ਵਿਚ ਥਾਂ ਮਿਲਦਾ ਹੈ, ਜਿਹੜੇ ਉਹਨੂੰ ਪਿਆਰ ਕਰਦੇ ਨੇ। ਸੋ ਐਨਾ ਕਿਹਾ, ਕਹਿਣ ਲੱਗੀ, ਮੈਨੂੰ ਰਸਤਾ ਤਾਂ ਦਸ ਦਿਓ, ਕਹਿੰਦੇ, ਰਸਤਾ ਐਨਾ ਹੀ ਹੈ, ਮੋਟੀ ਗੱਲ ਮੈਂ ਤੈਨੂੰ ਦਸ ਦਿੰਦਾ ਹਾਂ। 'ਕਹੁ ਵਾਹਿਗੁਰੂ' ਵਾਹਿਗੁਰੂ ਕਹਾ ਦਿਤਾ। ਕਹਿੰਦੇ, ਆਹ ਨਾ ਤੂੰ ਭੁੱਲੀਂ, ਜੇ ਤੇਰੇ ਮਨ 'ਚ ਸੱਚਮੁੱਚ ਪਿਆਰ ਪੈਦਾ ਹੋ ਗਿਆ ਤਾਂ ਤੂੰ ਇਹ ਕਹੀ ਜਾਈਂ, ਦਿਨ ਵੀ ਕਹੀਂ ਜਾਈਂ, ਰਾਤ ਵੀ ਕਹੀਂ ਜਾਈ। ਜਿੰਨੀ ਫੁਰਸਤ ਹੈ ਤੂੰ ਇਹ ਕਹੀ ਜਾਈਂ, ਔਖੀ ਨਾ ਹੋਈਂ, ਪਹਿਲਾਂ ਖੁਸ਼ਕ ਲੱਗੇਗਾ, ਉਸ ਤੋਂ ਬਾਅਦ ਇਹ ਰਸ ਵਾਲਾ ਬਣ ਜਾਵੇਗਾ, ਸੋ ਦਿਨ-ਰਾਤ ਕਰੀਂ -

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥*** ***ਅੰਗ - 286***

ਇਸ ਅੱਖਰ ਦਾ ਜਾਪ ਨਾ ਛੱਡੀਂ, ਇਹ ਗਰੁੜ ਹੈ, ਇਹਦੇ ਉਤੇ

ਚੜ੍ਹ ਕੇ ਆਉਣਾ ਹੈ। ਸੋ ਕਹਿਣ ਲੱਗੇ, ਤੂੰ ਭਰੋਸਾ ਰੱਖੀਂ, ਤੈਨੂੰ ਆ ਕੇ ਮਿਲਣਗੇ, ਜਿਹਨੂੰ ਮੈਂ ਆਪਣਾ ਪਿਆਰਾ ਕਿਹਾ ਹੈ। ਤੂੰ ਦੇਖੇਂਗੀ ਉਹ ਕਿੰਨੇ ਚੰਗੇ ਨੇ। ਉਨ੍ਹਾਂ ਨੂੰ ਦੇਖਦੇ ਸਾਰ ਤੈਨੂੰ ਪਤਾ ਲਗ ਜਾਏਗਾ, ਐਨਾ ਕਹਿ ਕੇ ਬਹੁਤ ਪਿਆਰ ਦੀ ਦ੍ਰਿਸ਼ਟੀ ਨਾਲ, ਮੁਸਕਰਾ ਕੇ ਉਸ ਵਲ ਦੇਖਿਆ, ਉਸ ਤੋਂ ਬਾਅਦ ਕਹਿਣ ਲੱਗੇ, ਹੁਣ ਅਸੀਂ ਜਾਂਦੇ ਹਾਂ, ਐਨਾ ਕਹਿ ਕੇ ਸਵਾਸ ਖਿੱਚ ਲਏ, ਦੇਖਦੀ ਹੈ ਕਿ ਅੱਖਾਂ ਬੰਦ ਕਰ ਲਈਆਂ, ਸਰੀਰ ਨੂੰ ਹੱਥ ਲਾ ਕੇ ਦੇਖਿਆ ਕਿ ਹਰਕਤ ਹੈ, ਦਿਲ ਹਿਲਦਾ ਹੈ, ਹਰਕਤ ਕਰ ਰਿਹਾ ਹੈ, ਨਬਜ਼ 'ਤੇ ਹੱਥ ਰੱਖਿਆ ਕਿ ਇਹ ਚਲਦੀ ਹੈ, ਥੋੜ੍ਹੀ ਦੇਰ ਬਾਅਦ ਕੀ ਦੇਖਦੀ ਹੈ ਖੜ੍ਹ ਗਿਆ ਸਰੀਰ, ਉੱਚੀ-ਉੱਚੀ ਚੀਕਾਂ ਮਾਰ-ਮਾਰ ਰੋਣ ਲਗ ਗਈ, ਇਕੱਠ ਹੋ ਗਿਆ, ਪਿਉ ਨੇ ਕਿਹਾ, ਕੀ ਹੋਇਆ ਜੇ ਮਰ ਗਿਆ? ਕਹਿਣ ਲੱਗੀ, ਨਾ ਇਸ ਤਰ੍ਹਾਂ ਨਾ ਕਹੋ। ਉਹ ਮਰਿਆ ਨਹੀਂ ਹੈ ਮੇਰਾ ਜੀਵਨ ਵੀ ਨਾਲ ਹੀ ਲੈ ਗਿਆ। ਰੋਂਦੀ ਹੈ, ਖਾਂਦੀ ਨਹੀਂ ਕੁਛ। ਐਸਾ ਜੋ ਬਿਰਹੁੰ ਦਾ ਦ੍ਰਿਸ਼ ਹੁੰਦਾ ਹੈ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥***
***ਅੰਗ - 1379***

ਉਹ ਤਾਂ ਮਸਾਣਾਂ ਵਰਗਾ ਸਰੀਰ ਹੁੰਦਾ ਹੈ, ਜਿਥੇ ਖਿੱਚ ਨਾ ਹੋਵੇ, ਜਿੱਥੇ ਪਿਆਰ ਨਾ ਹੋਵੇ, ਸੰਸਾਰ ਨੂੰ ਸਮਝ 'ਚ ਨਹੀਂ ਆਉਂਦੀ ਇਹ ਗੱਲ -

***ਧਾਰਨਾ - ਜਿਸ ਤਨ ਲੱਗੀਆਂ, ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦੈ।***

***ਲਾਗੀ ਹੋਇ ਸੁ ਜਾਨੈ ਪੀਰ ॥***
***ਰਾਮ ਭਗਤਿ ਅਨੀਆਲੇ ਤੀਰ ॥ ਅੰਗ - 327***

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ - 83***

ਨਾ ਖਾਣਾ, ਨਾ ਪੀਣਾ ਸਭ ਭੁੱਲ ਗਿਆ, ਮਾਂ ਬਾਪ ਹੈਰਾਨ ਨੇ। ਕਹਿਣ ਲੱਗੇ, ਬੇਟਾ! ਚਾਹੁੰਦੀ ਕੀ ਹੈਂ? ਜੋ ਕੁਛ ਤੂੰ ਹੁਣ ਚਾਹੁੰਦੀ ਹੈ, ਇਨ੍ਹਾਂ ਵਹਿਣਾ 'ਚੋਂ ਨਿਕਲ। ਤੂੰ ਰਾਜਕੁਮਾਰੀ ਹੈਂ, ਤੇਰਾ ਭਰਾ ਕੋਈ ਨਹੀਂ, ਤੂੰ ਰਾਜ ਕਰਨਾ ਹੈ। ਬਾਰ-ਬਾਰ ਪੁਛਦੇ ਨੇ, ਕਹਿਣ ਲੱਗੀ, ਪਿਤਾ ਜੀ! ਜੇ ਮੇਰੀ ਖੁਸ਼ੀ ਚਾਹੁੰਦੇ ਓਂ ਤਾਂ ਜਿਸ ਥਾਂ 'ਤੇ ਮੈਂ ਤੀਰ ਮਾਰਿਆ ਸੀ ਇਸ ਦੇ, ਇਸ ਸੋਹਣੇ ਮਨੁੱਖ ਦਾ ਸਸਕਾਰ ਉਥੇ ਕਰੋ। ਕਹਿਣ ਲੱਗੀ, ਮੈਂ ਉਸ ਥਾਂ ਦੇ ਉਤੇ ਫੁੱਲ ਲਾਵਾਂਗੀ, ਫੁਲਵਾੜੀ ਖਿਲਾਵਾਂਗੀ, ਫੁੱਲਾਂ ਉਗਦਿਆਂ ਨੂੰ ਦੇਖਾਂਗੀ, ਉਹਦੇ ਵਿਚੋਂ ਮੈਂ ਇਹਦੇ ਨਾਲ ਗੱਲਾਂ ਕਰਾਂਗੀ, ਇਹਦੇ ਕੰਢੇ ਦੇ ਉਤੇ ਮੈਂ ਇਕ ਛੋਟਾ ਜਿਹਾ ਮੱਠ ਜਿਹਦੇ ਵਿਚ ਮੈਂ ਬੈਠ ਸਕਾਂ, ਚਾਰ ਜਾਂ ਪੰਜ ਫੁੱਟ ਦਾ, ਉਹ ਬਣਾ ਦਿਓ, ਮੈਂ ਉਥੇ ਬੈਠ ਕੇ ਆਪਣੇ ਕਰਮ ਦਾ ਪ੍ਰਾਸ਼ਚਿਤ ਕਰਾਂਗੀ। ਸਾਰੀ ਜ਼ਿੰਦਗੀ ਮੈਂ ਪ੍ਰਾਸ਼ਚਿਤ ਕਰਾਂਗੀ। ਸੋ ਇਹਦੇ

ਨਾਲ ਮੇਰੇ ਮਨ ਦੀ ਖੁਸ਼ੀ ਹੈ।

ਸੋ ਸਸਕਾਰ ਉਥੇ ਕਰ ਦਿਤਾ ਗਿਆ, ਵੈਰਾਗ ਦੀ ਅਵਸਥਾ ਹੈ ਰਾਜਕੁਮਾਰੀ ਦੀ। ਮਿਸਤਰੀ ਭੇਜ ਦਿਤੇ ਤੇ ਇਕ ਮੱਠ ਬਣਾ ਦਿਤਾ। ਖੇਲ੍ਹਾਂ ਭੁੱਲ ਗਈਆਂ, ਘੋੜੇ 'ਤੇ ਚੜ੍ਹ ਕੇ ਜਾਂਦੀ ਹੈ, ਘੋੜਾ ਦੂਰ ਬੰਨ੍ਹ ਦਿਤਾ ਜਾਂਦਾ ਹੈ। ਉਸ ਦੇ ਨੌਕਰ ਜਿਹੜੇ ਨੇ ਉਹ ਘੋੜਾ ਲੈ ਕੇ ਦੂਰ ਚਲੇ ਜਾਂਦੇ ਨੇ। ਆਲੇ-ਦੁਆਲੇ ਦੋ-ਤਿੰਨ ਸੌ ਫੁੱਟ 'ਤੇ ਗੁਪਤ ਪਹਿਰੇ ਲੱਗੇ ਹੋਏ ਨੇ। ਕੋਈ ਜੰਗਲੀ ਜਾਨਵਰ ਨਾ ਆ ਜਾਏ। ਸੋ ਉਸ ਥਾਂ 'ਤੇ ਜਾ ਕੇ ਉਹ ਲੜਕੀ, ਜੋ ਉਪਦੇਸ਼ ਦਿਤਾ ਸੀ, ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੀ ਹੈ। ਮਨ 'ਚ ਆਉਂਦਾ ਹੈ ਫੁੱਲਾਂ ਨੂੰ ਸੰਭਾਲਣ ਲਗ ਜਾਂਦੀ ਹੈ, ਫੁਲਵਾੜੀ 'ਚ ਪਾਣੀ ਪਾਉਣ ਲਗ ਜਾਂਦੀ ਹੈ, ਸੰਭਾਲਦੀ ਹੈ, ਥਾਂ ਨੂੰ ਪੂਜਦੀ ਹੈ। ਬਾਰ-ਬਾਰ ਦੇਖਦੀ ਹੈ ਕਿ ਇਥੇ ਪਿਆ ਸੀ, ਇਥੇ ਮੈਂ ਮਾਰਿਆ ਸੀ। ਉਸ ਵੇਲੇ ਨਾਮ ਜਪਦੇ-ਜਪਦੇ ਸਾਲ ਲੰਘ ਜਾਂਦਾ ਹੈ, ਉਹ ਰਸਨਾ ਦਾ ਨਾਮ ਜਿਹੜਾ ਹੈ, ਉਹ ਸਵਾਸ 'ਤੇ ਆ ਗਿਆ ਆਪੇ ਹੀ, ਹੁਣ ਰਸਨਾ ਨਹੀਂ ਹਿਲਦੀ, ਸਵਾਸ ਦੇ ਵਿਚ ਨਾਮ ਭਰਿਆ ਪਿਆ ਹੈ, ਅੰਦਰ ਨੂੰ ਸਾਹ ਜਾਂਦਾ ਹੈ, ਭਰਪੂਰ ਨਾਮ ਦੇ ਨਾਲ, ਵਾਹਿਗੁਰੂ, ਬਾਹਰ ਨੂੰ ਆਉਂਦਾ ਹੈ ਭਰਿਆ ਹੋਇਆ ਆਉਂਦਾ ਹੈ, ਜਿਸ ਤਰ੍ਹਾਂ ਮਹਾਰਾਜ ਦਾ ਹੁਕਮ ਹੈ -

*ਧਾਰਨਾ - ਸਾਸ-ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* **ਅੰਗ - 295**

ਚਿੰਤਾਵਾਂ ਲਹਿ ਜਾਣਗੀਆਂ, ਵਾਸ਼ਨਾਵਾਂ ਮਰ ਜਾਣਗੀਆਂ ਸਾਸ-ਸਾਸ ਜਪਦੇ ਦੀਆਂ, ਸਵਾਸ ਭਰਿਆ ਹੋਇਆ ਆਉਂਦਾ ਹੈ ਅੰਦਰ ਨੂੰ ਨਾਮ ਨਾਲ ਭਰਿਆ ਹੋਇਆ, ਨਾਮ ਦੇ ਨਾਲ ਇਕੱਲਾ ਖੁਸ਼ਕ ਸਵਾਸ ਨਹੀਂ ਆਉਂਦਾ, ਰਸ ਵੀ ਨਾਲ ਆਉਂਦਾ ਹੈ, ਰਸੀਆਂ ਹੋ ਜਾਂਦਾ ਹੈ ਤੇ ਜੇ ਜ਼ਰਾ ਕੁ ਵਿਸਰ ਜਾਵੇ -

*ਆਖਾ ਜੀਵਾ ਵਿਸਰੈ ਮਰਿ ਜਾਉ ॥* **ਅੰਗ- 9**

ਮੌਤ ਦੇ ਬਰਾਬਰ ਦਿਸਦਾ ਹੈ ਪ੍ਰਮੇਸ਼ਰ ਭੁੱਲਣਾ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥*
**ਅੰਗ - 1379**

ਜਿਹੜੇ ਹਰ ਵਕਤ ਭੁੱਲੇ ਰਹਿੰਦੇ ਨੇ, ਉਨ੍ਹਾਂ ਨੂੰ ਕਿਵੇਂ ਰਾਤ ਲੰਘਦੀ ਹੈ, ਕਹਿੰਦੇ ਅੱਜ ਮੇਰੀ ਜ਼ਰਾ ਕੁ ਲਿਵ ਟੁੱਟੀ ਹੈ ਤੇ ਮੇਰਾ ਤਾਂ ਇਹ ਹੋ ਗਿਆ ਕਿ ਮੈਂ ਜੀਉਂਦਿਆਂ ਵਿਚ ਨਹੀਂ ਰਿਹਾ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* **ਅੰਗ - 142**

ਨਾਮ ਤੋਂ ਬਗੈਰ ਪੱਤ ਲਹਿ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦਿਨ ਰਾਤ ਇਕੋ ਹੀ ਕੰਮ ਕਰ ਲਿਆ। ਮਾਂ ਖੁਸ਼ ਹੈ ਕਿ ਹੁਣ ਹੋਸ਼ਾਂ 'ਚ ਮੁੜੀ, ਪਹਿਲਾਂ ਨੇਤਰ ਗਿੱਲੇ ਰਹਿੰਦੇ ਸੀ, ਜਾਂਦੀ ਦੇ ਵੀ ਨੇਤਰ ਗਿੱਲੇ, ਉਥੇ ਵਾਹਿਗੁਰੂ-ਵਾਹਿਗੁਰੂ ਕਰਦੀ ਦੇ ਵੀ, ਉਸ ਤੋਂ ਬਾਅਦ ਆ ਕੇ ਕਿਸੀ ਨਾਲ ਬੋਲਣਾ ਨਹੀਂ, ਹੁਣ ਸਵਾਸ ਦਾ ਨਾਮ ਆ ਗਿਆ, ਖੁਸ਼ੀਆਂ ਨੇ ਗੇੜਾ ਖਾਧਾ, ਮੁੜ ਆਈਆਂ ਖੁਸ਼ੀਆਂ, ਹੁਣ ਚਿੱਤ ਦੇ ਵਿਚ ਕਮਲ ਖਿਲਦਾ ਹੈ, ਖੁਸ਼ੀਆਂ ਹੁੰਦੀਆਂ ਨੇ। ਸੋ ਉਸ ਵੇਲੇ ਦੱਸਿਆ ਸੀ ਕਿ ਮੇਰਾ ਸਤਿਗੁਰੂ ਇਹੋ ਜਿਹਾ ਹੈ, ਮੇਰਾ ਪਿਆਰ ਕਰਨ ਵਾਲਾ ਇਹੋ ਜਿਹਾ ਹੈ, ਤੂੰ ਉਹਦੇ ਵਜੂਦ ਦਾ ਧਿਆਨ ਕਰਕੇ ਉਹਨੂੰ ਖਿੱਚੀਂ। ਉਹ ਪਿਆਰ ਦਾ ਖਿੱਚਿਆ ਹੋਇਆ ਆ ਜਾਏਗਾ, ਕਿਉਂਕਿ ਉਹ ਪਿਆਰ ਦਾ ਬੰਨਿਆ ਹੋਇਆ ਹੈ।

***ਗੋਬਿੰਦ ਭਾਉ ਭਗਤ ਦਾ ਭੁਖਾ।***

ਜਿੱਥੇ ਵੀ ਉਹਨੂੰ ਕੋਈ ਯਾਦ ਕਰਦਾ ਹੈ, ਉਥੇ ਹੀ ਉਹ ਪਿਆਰ ਦਾ ਬੰਨ੍ਹਿਆ ਹੋਇਆ ਚਲਿਆ ਜਾਂਦਾ ਹੈ। ਉਹ ਤੈਨੂੰ ਸਾਰੀ ਗੱਲ ਦੱਸ ਦਏਗਾ, ਜਿੱਥੇ ਮਿਲਣਾ ਹੈ, ਮਿਲਾ ਦਏਗਾ। ਉਸ ਵੇਲੇ ਮਨ ਦੇ ਵਿਚ ਇਕ ਭਾਵ ਆਉਂਦਾ ਹੈ ਗੁਰੂ ਨਾਨਕ ਪਾਤਸ਼ਾਹ ਦਾ, ਦਰਸ਼ਨ ਤਾਂ ਕਰੇ ਨਹੀਂ, ਲੇਕਿਨ ਵਾਹਿਗੁਰੂ-ਵਾਹਿਗੁਰੂ ਕਰਦੇ ਉਹ ਖਿਆਲ ਉਥੇ ਜਾ ਕੇ ਜੁੜ ਜਾਂਦਾ ਹੈ ਤੇ ਉਸ ਹਸਤੀ ਦੇ ਨਾਲ ਜੁੜ ਕੇ ਧਿਆਨ ਵਿਚ ਵਾਹਿਗੁਰੂ-ਵਾਹਿਗੁਰੂ ਕਰਦੀ ਹੈ, ਜਿਸ ਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

***ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਅੰਗ - 864***

ਦੇਖਿਆ ਨਹੀਂ ਲੇਕਿਨ ਹਸਤੀ ਦੇ ਉਤੇ ਵਿਸ਼ਵਾਸ਼ ਹੈ, ਵਾਹਿਗੁਰੂ ਕਿਸੇ ਨੇ ਦੇਖਿਆ ਨਹੀਂ ਲੇਕਿਨ ਉਸ ਦੀ ਹਸਤੀ 'ਤੇ ਵਿਸ਼ਵਾਸ਼ ਹੈ। ਉਸ ਹਸਤੀ ਦੇ ਉਤੇ ਲਗਾਤਾਰ ਧਿਆਨ ਐਨਾ ਜ਼ਬਰਦਸਤ ਹੈ ਕਿ ਫੁਰਨੇ ਹਟ ਗਏ, ਨਿਰਵਿਕਲਪ ਸਮਾਧ ਲਗ ਗਈ। ਕੋਈ ਮਾੜਾ ਫੁਰਨਾ ਨਹੀਂ ਆਉਂਦਾ, ਕੋਈ ਵਿਸ਼ਿਆਂ ਦਾ ਫੁਰਨਾ ਨਹੀਂ ਆਉਂਦਾ, ਕੋਈ ਨੱਠਣ ਭੱਜਣ ਦਾ ਨਹੀਂ ਆਉਂਦਾ। ਇਕ ਸਮਾਧੀ ਲੱਗੀ ਹੋਈ ਹੈ, ਉਹਦੇ ਰਸ ਵਿਚ ਹੈ। ਨਾ ਕੋਈ ਗੱਲ ਸੁਣਦੀ ਹੈ, ਨਾ ਕੋਈ ਗੱਲ ਦੇਖਦੀ ਹੈ, ਨਾ ਕਿਸੇ ਨੂੰ ਸਪਰਸ਼ ਕਰਦੀ ਹੈ, ਸਭ ਪਾਸਿਆਂ ਤੋਂ ਮਨ ਖਿੱਚ ਕੇ; ਜੇ ਹੈ ਤਾਂ ਗੁਰੂ ਦਾ ਧਿਆਨ, ਪਹਿਲਾਂ ਬੈਠ ਕੇ ਧਿਆਨ ਪਰਪੱਕ ਹੋ ਗਿਆ, ਫੇਰ ਤੁਰਦੇ-ਫਿਰਦੇ ਧਿਆਨ ਹੈ। ਉਹਦੇ ਵਿਚ ਹੀ ਲੀਨ ਹੋ ਗਿਆ ਆਪਣਾ ਆਪਾ।

ਇਹ ਬਚਨ ਜਿਹੜਾ ਹੈ ਇਹ ਸਭ ਦੀ ਸਮਝ 'ਚ ਆਉਣ ਵਾਲਾ ਨਹੀਂ ਹੈ। ਕਿਉਂਕਿ ਧਿਆਨ ਜਦੋਂ ਧਰਦਾ ਹੈ, ਪਹਿਲਾਂ ਤਾਂ ਹੁੰਦਾ ਹੈ ਕਰਮ, ਕਰਮ ਹੈ ਰਸਨਾ ਨਾਲ ਨਾਮ ਜਪਣਾ, ਸਵਾਸ ਨਾਲ ਨਾਮ ਜਪਣਾ, ਇਹਦੇ ਨਾਲ ਗੁਰੂ ਦਾ ਉਪਦੇਸ਼ ਜਦੋਂ ਜਪਦਾ ਹੈ, ਉਹਦੇ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਕਰਮ ਹੈ।

ਕਰਮ ਦੇ ਨਾਲ ਅਸੀਂ ਇਕ ਪੜਦਾ ਤੋੜ ਦਿਤਾ ਜਿਹਨੂੰ ਸਰੀਰ ਦਾ ਪੜਦਾ ਕਹਿੰਦੇ ਨੇ, ਸਰੀਰ ਤੋਂ ਲਾਂਭੇ ਹੋਣ ਲਗ ਜਾਂਦਾ ਹੈ। ਸਰੀਰ ਨੂੰ ਭੁੱਲਣ ਲਗ ਜਾਂਦਾ ਹੈ, ਇਹਦੇ ਨਾਲ ਅੰਨਮਈ ਕੋਸ਼ ਨੂੰ ਤੋੜ ਦਿਤਾ। ਜਿਹੜਾ ਧਿਆਨ ਹੈ ਇਹ ਤਿੰਨ ਪੜਦਿਆਂ ਨੂੰ ਤੋੜਦਾ ਹੈ, ਪਹਿਲਾਂ ਪ੍ਰਾਣਾਂ ਦਾ, ਦੂਜਾ ਮਨ ਦਾ, ਤੀਜਾ ਬੁੱਧੀ ਦਾ ਧਿਆਨ ਧਰਦਾ-ਧਰਦਾ ਆਦਮੀ ਜਿਹੜਾ ਧੇਅ ਹੈ ਉਹਦਾ ਰੂਪ ਬਣ ਜਾਂਦਾ ਹੈ, ਆਪਣਾ ਆਪ ਉਹਦਾ ਲੀਨ ਹੋ ਜਾਂਦਾ ਹੈ। ਆਪਣਾ ਖਿਆਲ ਹੀ ਭੁੱਲ ਜਾਂਦਾ ਹੈ, ਓਹੀ ਰਹਿ ਜਾਂਦਾ ਹੈ ਇਕੋ ਹੀ। ਪਹਿਲੀ ਤ੍ਰਿਕੁਟੀ ਟੁੱਟ ਜਾਂਦੀ ਹੈ ਧਿਆਤਾ, ਧਿਆਨ, ਧੇਅ ਦੀ। ਸੋ ਤ੍ਰਿਕੁਟੀ ਟੁੱਟ ਗਈ। ਉਸ ਵੇਲੇ ਨਾਮ ਜਿਹੜਾ ਹੈ ਐਡਾ ਸਰੀਰ ਦੇ ਵਿਚ ਅਸਰ ਕਰਿਆ ਕਿ vibration (ਝਰਨਾਹਟ) ਹੋ ਰਹੀ ਹੈ। ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ। ਜਿੱਥੇ ਵੀ ਸੁਰਤ ਜਾਂਦੀ ਹੈ ਨਾਮ ਦੀ ਹੀ vibration (ਝਰਨਾਹਟ) ਹੈ। ਨਾਮ ਜਪਦਾ ਹੀ ਪ੍ਰਤੀਤ ਦਿੰਦਾ ਹੈ, ਪੈਰ 'ਚ ਸੁਰਤ ਜਾਂਦੀ ਹੈ, ਉਥੇ ਵੀ ਨਾਮ, ਬਾਂਹ ਵਿਚ ਸੁਰਤ ਆਉਂਦੀ ਹੈ ਉਥੇ ਵੀ ਨਾਮ, ਜਿੱਥੇ ਦੇਖਦੇ ਹੈਂ ਉਥੇ ਨਾਮ। ਇਕੱਲੇ-ਇਕੱਲੇ ਰੋਮ ਦੇ ਅੰਦਰੋਂ vibration (ਝਰਨਾਹਟ) ਹੁੰਦੀ ਹੈ। ਸੋ ਉਸਨੂੰ ਕਹਿੰਦੇ ਨੇ -

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ - 941***

***ਧਾਰਨਾ - ਰੋਮ-ਰੋਮ ਹਰਿ ਧਿਆਵੈ,***
***ਗੁਰਮੁਖ ਪਿਆਰੇ ਦਾ।***

ਇਕੱਲੇ-ਇਕੱਲੇ ਰੋਮ ਦੇ ਵਿਚ ਇਸ ਤਰ੍ਹਾਂ ਲੱਗੇ ਕਿ ਜਿਵੇਂ ਜੀਭਾਂ ਲਗ ਗਈਆਂ ਹੁੰਦੀਆਂ ਨੇ। ਨਾਮ ਦਾ ਜ਼ੋਰ ਪੈ ਗਿਆ ਸਾਰੇ ਸਰੀਰ ਦੇ ਅੰਦਰ। ਕੀ ਹੁੰਦਾ ਹੈ?

ਬੀਜੀ (ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਨੇ, ਨਾਮ ਦਾ ਬਲ ਐਨਾ ਪਿਆ ਕਿ ਉਪਰ ਨੂੰ ਉੱਠਣ ਲਗ ਗਏ, ਗੁਰਦੁਆਰਾ ਸੀ, ਜਾ ਕੇ ਛੱਤ ਨਾਲ ਟਿਕ ਗਏ, ਸਿਰ ਲਗ ਗਿਆ ਛੱਤ ਨਾਲ, ਚੌਰ ਹੱਥ ਵਿਚ ਹੈ, ਉਵੇਂ ਜਿਵੇਂ ਹੌਲੀ-ਹੌਲੀ ਹੇਠਾਂ ਉਤਰੇ, ਕੋਈ ਪਤਾ ਨਹੀਂ ਸਰੀਰ ਨੂੰ ਕਿ ਮੈਂ ਕਿੱਥੇ ਹਾਂ, ਚੌਰ ਰੱਖ ਦਿਤਾ ਉਸ ਤੋਂ ਬਾਅਦ ਫੇਰ ਉਠੇ, ਗੁਰਦਵਾਰੇ ਦੀ ਦੀਵਾਰ ਦੇ ਨਾਲ, ਛੱਤ ਦੇ ਨਾਲ ਹੌਲੀ-ਹੌਲੀ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਕੇ ਲੰਮੇ ਪੈ ਗਏ, ਛੇ ਘੰਟੇ ਲੰਮੇ ਪਏ ਰਹੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਪੁਸਤਕ ਵਿਚ ਲਿਖਿਆ ਹੈ ਉਨ੍ਹਾਂ ਬਾਰੇ। ਕਹਿੰਦੇ ਫਲੈਸ਼ ਨਿਕਲਣ ਲਗ ਗਏ ਸੀ ਲਾਈਟ ਦੇ ਤੇ ਗੁਰਦੁਆਰੇ ਦੇ ਵਿਚ ਐਨਾ ਚਾਨਣਾ ਹੋ ਗਿਆ ਕਿ ਦੇਖਿਆ ਹੀ ਨਾ ਜਾਵੇ, ਨੇਤਰ ਸਭ ਦੇ ਬੰਦ ਹੋ ਗਏ, ਇਕ ਰੂਹਾਨੀ ਕੰਬਣੀ ਛਿੜੀ, ਛੇ ਘੰਟੇ ਨਾ ਵਾਜੇ ਵਾਲੇ ਨੂੰ ਵਾਜੇ ਦਾ ਪਤਾ, ਨਾ ਤਬਲੇ ਵਾਲੇ ਨੂੰ ਤਬਲੇ ਦਾ, ਨਾ ਉਠਣ ਵਾਲੇ ਨੂੰ ਉਠਣ ਦਾ, ਬੇਸੁਧ ਹੋ ਗਈ ਸੰਗਤ ਸਾਰੀ, ਐਸੇ ਕਿਸੇ ਅਕਹਿ ਰਸ 'ਚ ਗਈ। ਸਭ ਕੁਛ, time

(ਕਾਲ) space (ਆਕਾਸ਼) ਸਭ ਭੁੱਲ ਗਈ। ਛੇ ਘੰਟੇ ਬਾਅਦ ਹੌਲੀ-ਹੌਲੀ ਸੰਕੋਚ 'ਚ ਆਏ, ਉਸ ਵੇਲੇ ਸੰਗਤ ਨੂੰ ਵੀ ਸੁੱਧ ਆਈ ਆਪਣੇ ਆਪ ਦੀ। ਕਹਿੰਦੇ, ਕਿੰਨਾ ਅਨੰਦ ਕਿ ਦਸਿਆ ਹੀ ਨਹੀਂ ਜਾ ਸਕਦਾ। ਇਹ ਐਵੇਂ ਨਹੀਂ ਨਾਮ ਹੈ ਕਿ ਐਵੇਂ ਫਰਜ਼ੀ ਚੀਜ਼ਾਂ ਨੇ। ਇਹ ਤਾਂ ਪ੍ਰਤੱਖ ਰੂਪ 'ਚ ਆਉਂਦੀਆਂ ਹੀ ਆਉਂਦੀਆਂ ਨੇ। ਭਾਈ ਸਾਹਿਬ ਲਿਖਦੇ ਨੇ ਕਿ ਜਿਸ ਵਕਤ ਸਾਡੇ ਉਤੇ ਇਹ ਅਵਸਥਾ ਆਈ, ਕਹਿੰਦੇ, ਛੱਤ ਛੋਟੀ ਸੀ ਅਸੀਂ ਉਪਰ ਲੱਗੇ ਜਾ ਕੇ। ਲੇਕਿਨ ਸਾਡੀ ਦ੍ਰਿਸ਼ਟੀ ਖੁੱਲ੍ਹ ਗਈ, ਇਸ ਤਰ੍ਹਾਂ ਹੋ ਗਿਆ ਕਿ ਛੱਤ ਤਾਂ ਪਾਸੇ ਉੱਡ ਗਈ, ਅਸਮਾਨ ਦਿਸਣ ਲਗ ਗਿਆ, ਦੂਰ ਤੱਕ ਲੱਖਾਂ ਮੀਲਾਂ ਤੱਕ ਦਿਸੇ। ਅੱਖਾਂ ਬੰਦ ਨੇ ਅੰਦਰ ਹੀ ਦਿਸੀ ਜਾਂਦਾ ਹੈ ਸਭ ਕੁਛ।

ਇਹ ਅਵਸਥਾਵਾਂ ਨੇ ਭਜਨ ਕਰਨ ਦੀਆਂ, ਪਰ ਭਜਨ ਕਰਦਾ ਨਹੀਂ ਹੁਣ ਕੋਈ, ਗੱਲਾਂ-ਬਾਤਾਂ ਬੇਅੰਤ ਹੋ ਗਈਆਂ, ਨਾ ਕੋਈ ਇਨ੍ਹਾਂ ਗੱਲਾਂ 'ਚ ਆਉਂਦਾ ਹੈ, ਆਹ ਕੱਲ੍ਹ ਦੀਆਂ ਗੱਲਾਂ ਨੇ ਕੋਈ ਪੁਰਾਣੀਆਂ ਗੱਲਾਂ ਨਹੀਂ ਹਨ। ਨਾਮ ਨਹੀਂ ਜਪਦਾ ਬੰਦਾ, ਸੰਸਾਰ ਦੇ ਉਤੇ ਖਿਆਲਾਂ ਦਾ ਐਨਾ ਫੈਲਾਓ ਹੋ ਗਿਆ –

***ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥***
***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥***

***ਅੰਗ – 146***

ਗੋਤੇ ਖਾਂਦੇ ਹਾਂ ਖਿਆਲਾਂ 'ਚ ਨਹੀਂ ਨਿਕਲ ਸਕਦੇ। ਕਹਿੰਦੇ ਹਾਂ, ਕਿ ਅਸੀਂ ਭਜਨ ਕਰਦੇ ਹਾਂ, ਗੋਤਾ ਖਾਧਾ ਹੋਇਆ ਹੈ ਖਿਆਲ 'ਚ। ਭੁੱਖੇ ਦਾ ਭਜਨ ਕੀ ਹੁੰਦਾ ਹੈ, ਰੋਟੀ ਵਲ ਝਾਕੀ ਜਾਏਗਾ। ਮੁਕੱਦਮੇ ਵਾਲੇ ਦਾ ਭਜਨ ਕੀ ਹੁੰਦਾ ਹੈ ਵਕੀਲਾਂ ਦੇ ਪਿੱਛੇ ਤੁਰਿਆ ਫਿਰਦਾ ਹੈ। ਭਜਨ ਨਹੀਂ ਅਸੀਂ ਕਰਦੇ, ਲਗਨ ਨਹੀਂ ਲੱਗੀ ਸਾਡੇ ਹਿਰਦੇ 'ਚ। ਐਵੇਂ ਹੀ ਬਣੇ ਹੋਏ ਹਾਂ ਅਸੀਂ। ਇਹ ਤਾਂ ਲਗਨ ਲਗਦੀ ਹੁੰਦੀ ਹੈ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ, ਤਾਂ ਜਾ ਕੇ ਕਿਤੇ ਇਹ ਗੱਲਾਂ ਆਉਂਦੀਆਂ ਨੇ, ਨਹੀਂ ਤਾਂ ਆਇਆ ਨਹੀਂ ਕਰਦੀਆਂ।

ਸੋ ਇਸ ਤਰ੍ਹਾਂ ਦੇ ਨਾਲ ਅੱਜ ਚਾਰ ਸਾਲ ਲੰਘ ਗਏ, ਮਾਂ ਨੇ ਬੁਲਾਇਆ, ਕਹਿੰਦੇ ਦੇਖ ਬੀਬਾ, ਜੋ ਤੂੰ ਕਿਹਾ ਅਸੀਂ ਕਰ ਦਿਤਾ ਪਰ ਤੂੰ ਤਾਂ ਵਹਿਣਾਂ 'ਚ ਪੈ ਗਈ। ਤੂੰ ਤਾਂ ਇਸ ਤਰ੍ਹਾਂ ਹੋ ਗਈ ਜਿਵੇਂ ਸਾਧੂ ਸੰਤ ਹੁੰਦੇ ਨੇ। ਅਸੀਂ ਵੀ ਕੁਛ ਨਹੀਂ ਕਹਿ ਸਕਦੇ, ਪਿਆਰੀ ਤੂੰ ਸਾਨੂੰ ਪਹਿਲਾਂ ਨਾਲੋਂ ਵੀ ਹਜ਼ਾਰਾਂ ਗੁਣਾਂ ਲਗਦੀ ਹੈਂ। ਤੇਰੇ ਪਿਤਾ ਜੀ ਤੈਨੂੰ ਦੇਖੇ ਬਗੈਰ ਰਹਿੰਦੇ ਨਹੀਂ, ਬਾਰ-ਬਾਰ ਪੁੱਛੀ ਜਾਂਦੇ ਨੇ ਕਿ ਬੇਟੀ ਆਈ, ਬੀਬਾ ਆਈ ਨਹੀਂ, ਅੰਦਰ-ਬਾਹਰ ਜਾਂਦੇ ਨੇ, ਕਚਹਿਰੀ ਕਰਦੇ-ਕਰਦੇ ਫੇਰ ਆ ਜਾਂਦੇ ਨੇ ਕਿ ਆਈ ਨਹੀਂ ਅਜੇ? ਉਹ ਤੇਰੇ ਅੰਦਰ ਪਤਾ ਨਹੀਂ ਕੀ ਆ ਗਿਆ ਸਾਨੂੰ ਤੂੰ ਕੀਲ ਲਿਆ। ਤੇਰੇ ਅੰਦਰੋਂ ਪਿਆਰ ਦੀਆਂ ਝਰਨਾਟਾਂ ਨਿਕਲਦੀਆਂ ਨੇ। ਅਸੀਂ ਹੀ ਨਹੀਂ, ਸਾਰੇ ਮਹਿਲ ਦੀਆਂ ਜਿੰਨੀਆਂ

ਨੌਕਰਾਣੀਆਂ ਗੋਲੀਆਂ ਨੇ, ਇਨ੍ਹਾਂ ਸਭ ਦੇ ਸੁਭਾਅ ਤੂੰ ਬਦਲਾ ਦਿਤਾ। ਜਿੰਨੇ ਕਾਮੇ, ਕੰਮ ਕਰਨ ਵਾਲੇ, ਨੌਕਰ ਚਾਕਰ ਨੇ, ਉਨ੍ਹਾਂ ਦਾ ਵੀ ਸੁਭਾਅ ਬਦਲਾਅ ਦਿਤਾ-

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥***

***ਅੰਗ - 608***

ਉਹਦੀ ਦ੍ਰਿਸ਼ਟੀ ਦੇ ਵਿਚ ਸਮਤਾ ਵਰਤਦੀ ਹੁੰਦੀ ਹੈ ਸਾਰੀ। ਪੂਰੇ ਮਹਾਂਪੁਰਸ਼ਾਂ ਦੇ ਨੇੜੇ ਰਹਿਣ ਵਾਲਿਆਂ 'ਤੇ ਇਹ ਅਵਸਥਾ ਤਾਰੀ ਹੋ ਜਾਇਆ ਕਰਦੀ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ - 520***

ਪਰ ਇਕ ਗੱਲ ਹੈ ਬੇਟਾ, ਆਪਾਂ ਰਾਜ ਭਾਗ ਦੇ ਮਾਲਕ ਹਾਂ। ਸ਼ਾਦੀ ਨੂੰ ਤੂੰ ਮੰਨਦੀ ਨਹੀਂ ਹੈਂ, ਕਿੰਨੀ ਵਾਰੀ ਅਸੀਂ ਚੰਗੇ-ਚੰਗੇ ਰਾਜਕੁਮਾਰ ਦੇਖੇ ਨੇ, ਤੂੰ ਸਭ ਨੂੰ ਜਵਾਬ ਦੇ ਦਿੰਦੀ ਹੈਂ। ਕਹਿੰਦੀ ਮਾਂ ਜੀ, ਮੈਂ ਤਾਂ ਆਹੀ ਕੰਮ ਕਰਨਾ ਹੈ। ਦੁਨੀਆਂਦਾਰੀ 'ਚ ਨਾ ਮੈਨੂੰ ਪਾਓ। ਫੇਰ ਕਹਿੰਦੀ, ਕਿ ਤੇਰੇ ਪਿਤਾ ਜੀ ਨੂੰ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਤੂੰ ਵਿਆਹ ਹੋਰ ਕਰਾ ਲੈ। ਉਸ ਦਿਨ ਦਾ ਮੇਰਾ ਮਨ ਨਹੀਂ ਲਗਦਾ ਕਿ ਅੱਜ ਕਹਿੰਦੇ ਨੇ, ਕੱਲ੍ਹ ਨੂੰ ਲਿਆ ਦੇਣਗੇ। ਵਿਆਹ ਕਰਾ ਲਿਆ ਤਾਂ ਆਪਾਂ ਫੇਰ ਦੋ ਨੰਬਰ 'ਚ ਚਲੇ ਜਾਵਾਂਗੇ, ਆਪਾਂ ਨੂੰ ਕਿਸੇ ਨੇ ਪੁੱਛਣਾ ਨਹੀਂ। ਬੇਟੀ! ਤੂੰ ਹੌਂਸਲਾ ਕਰ, ਵਿਆਹ ਕਰਾ ਲੈ।

ਕਹਿੰਦੀ, ਮਾਂ ਜੀ! ਤੁਸੀਂ ਚਾਹੁੰਦੇ ਕੀ ਹੋਂ?

ਕਹਿੰਦੀ, ਜੇ ਤੇਰਾ ਵੀਰ ਹੁੰਦਾ ਤਾਂ ਮੈਂ ਤੈਨੂੰ ਕਦੇ ਨਹੀਂ ਸੀ ਕਹਿਣਾ।

ਕਹਿੰਦੀ, ਚੰਗਾ ਫੇਰ ਵੀਰ ਹੀ ਮੰਗਦੇ ਹੋ ਨਾ ਤੁਸੀਂ? ਅੱਜ ਮੈਂ ਕਹਾਂਗੀ ਉਨ੍ਹਾਂ ਨੂੰ ਕਿ ਇਕ ਵੀਰ ਦੇ ਦਿਓ।

ਚਲੀ ਜਾਂਦੀ ਹੈ, ਜਦੋਂ ਅੱਜ ਨਾਮ ਦੇ ਵਿਚ ਰੁੜ੍ਹ ਹੋਈ, ਧਿਆਨ ਪਰਪੱਕ ਹੋਇਆ, ਆਪਣੀ ਵਿਥਿਆ ਦੱਸੀ ਫੁਰਨੇ ਨਾਲ, ਆਵਾਜ਼ ਆਈ ਕਿ ਵੀਰ ਆ ਜਾਏਗਾ ਤੁਹਾਡੇ। ਭਰਾ ਆ ਜਾਏਗਾ। ਦਿਆਲਤਾ ਹੋ ਗਈ, ਪ੍ਰਮੇਸ਼ਰ ਨੇ ਲੇਖ ਬਦਲ ਦਿਤਾ ਹੈ। ਹੈ ਨਹੀਂ ਸੀ ਕਿਸਮਤ ਵਿਚ ਪਰ ਆ ਜਾਏਗਾ।

ਉਸ ਵੇਲੇ ਬੜੀ ਖੁਸ਼ੀ ਆਈ, ਘਰ ਆ ਗਈ ਕਹਿੰਦੀ ਮਾਂ ਜੀ! ਅੱਜ ਜਿਨ੍ਹਾਂ ਨੂੰ ਮੇਰੇ ਚੰਗੇ ਪੁਰਸ਼ ਪਿਆਰ ਕਰਦੇ ਸੀ, ਉਨ੍ਹਾਂ ਵਲੋਂ ਆਵਾਜ਼ ਆਈ ਸੀ ਕਿ ਵੀਰ ਆ ਜਾਏਗਾ। ਥੋੜ੍ਹੇ ਦਿਨਾਂ 'ਚ ਖੁਸ਼ੀਆਂ ਹੋ ਗਈਆਂ। ਉਮੀਦ ਹੋ ਗਈ ਕਿ ਹੁਣ ਰਾਜਕੁਮਾਰ ਆਏਗਾ। ਮਾਂ-ਬਾਪ ਉਹਦੇ ਅੱਗੇ ਮਾੜਾ-ਮੋਟਾ ਘੂਰ ਵੀ ਲੈਂਦੇ ਸੀ। ਉਸ ਦਿਨ ਤੋਂ ਇੱਜ਼ਤ ਕਰਨ ਲਗ ਗਏ। ਬਹੁਤ ਸਤਿਕਾਰ ਵਿਚ ਆ ਗਏ। ਬੱਚੀ ਆਪਣੀ ਹੈ ਲੇਕਿਨ ਸਤਿਕਾਰ ਤੇ ਪਿਆਰ ਬਹੁਤ ਹੈ। ਉਸ ਵੇਲੇ ਉਹਦੀ ਅਵਸਥਾ ਕੀ ਹੈ ਕਿ ਚਾਹੇ

ਹੁਣ ਉਹ ਮੱਠ ਵਿਚ ਬੈਠ ਜਾਵੇ, ਚਾਹੇ ਦਰਖਤ ਥੱਲੇ ਬੈਠ ਜਾਵੇ, ਚਾਹੇ ਬੂਟਿਆਂ ਨੂੰ ਪਾਣੀ ਪਾਉਂਦੀ ਹੈ, ਚਾਹੇ ਫੁੱਲਾਂ ਦੀ ਗੋਡੀ ਕਰਦੀ ਹੈ ਪਰ ਫੁੱਲ ਉਹਨੂੰ ਜੀਉਂਦੇ ਨਜ਼ਰ ਆਉਂਦੇ ਨੇ, ਹਸਦੇ ਨਜ਼ਰ ਆਉਂਦੇ ਨੇ। ਜੀਵਨ ਨਜ਼ਰ ਆਉਂਦਾ ਹੈ, ਪੰਛੀਆਂ ਨੂੰ ਦੇਖਦੀ ਹੈ, ਚਹਿਚਹਾ ਕਰਦੇ ਨੇ ਲੇਕਿਨ ਉਹਨੂੰ ਸੁਣਦਾ ਕੀ ਹੈ ਕਿ ਮੇਰੇ ਨਾਲ ਭਜਨ ਕਰਦੇ ਨੇ –

***ਧਾਰਨਾ – ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।***

***ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ***
***ਸੁਨਿ ਘਨਿਹਰ ਕੀ ਘੋਰ ॥ 2 ॥***
***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ – 1265***

ਇਹ ਨਾਮ ਜਪਣ ਵਾਲਿਆਂ ਦੀ ਅਵਧੀ ਹੋਇਆ ਕਰਦੀ ਹੈ, ਪ੍ਰਾਪਤੀ ਹੋਇਆ ਕਰਦੀ ਹੈ। ਇਹ ਸੱਚਮੁੱਚ ਹੀ ਆਉਂਦੀ ਹੈ ਤੇ ਜਿੰਨੀ ਵੀ ਆਵਾਜ਼ ਹੈ –

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***
***ਅੰਗ – 1420***

ਭਜਨ ਦੀ ਇਹ ਅਵਸਥਾ ਜਦੋਂ ਪਰਪੱਕ ਹੋ ਜਾਂਦੀ ਹੈ, ਇਹ ਉਸ ਵੇਲੇ ਆਇਆ ਕਰਦੀ ਹੈ, ਜਦੋਂ ਅਵਸਥਾ ਬਹੁਤ ਉੱਚੀ ਹੋ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦਿਨ-ਰਾਤ ਨਾਮ 'ਚ ਮਸਤ ਰਹਿੰਦੀ ਹੈ, ਹੁਣ ਕਿਸੇ-ਕਿਸੇ ਦਿਨ ਮੱਠ ਵਿਚ ਜਾਣ ਤੋਂ ਵੀ ਹਟ ਜਾਂਦੀ ਹੈ। ਕਿਉਂਕਿ ਮਨ ਸਹਿਜ ਵਿਚ ਆ ਕੇ ਟਿਕ ਗਿਆ। ਉਹ ਤਾਰ ਨਹੀਂ ਟੁੱਟਦੀ, ਹਰ ਵਕਤ ਨਾਮ ਦੇ ਰਸ ਵਿਚ ਰਹਿੰਦੀ ਹੈ। ਲੇਕਿਨ ਫੇਰ ਵੀ ਉਥੇ ਜਾਂਦੀ ਹੈ ਜਿੱਥੋਂ ਪ੍ਰਾਪਤੀ ਹੋਈ ਸੀ। ਅੱਜ ਬੈਠੀ ਹੈ ਤੇ ਦੂਰ ਆਵਾਜ਼ ਆ ਰਹੀ ਹੈ, ਉਹਨੇ ਕਿਹਾ ਹੈਂ! ਇਸ ਜੰਗਲ ਵਿਚ ਮਨੁੱਖ? ਧਿਆਨ ਦੇ ਨਾਲ ਆਵਾਜ਼ ਨੂੰ ਸੁਣਨਾ ਸ਼ੁਰੂ ਕੀਤਾ ਤੇ ਜਿਸ ਵਕਤ ਆਵਾਜ਼ ਨੇੜੇ ਆ ਗਈ ਤਾਂ ਇਸ ਤਰ੍ਹਾਂ ਦੀ ਆਵਾਜ਼ ਆਉਂਦੀ ਹੈ–

***ਧਾਰਨਾ – ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦਾ।***

ਇਸ ਭਾਵ ਦੀਆਂ ਅਨੇਕਾਂ ਬੇਨਤੀਆਂ ਧਿਆਨ ਨਾਲ ਸੁਣਦੀ ਹੈ ਤੇ ਇਸ ਤਰ੍ਹਾਂ ਲਗਦਾ ਹੈ ਕਿ ਕਦੇ ਏਧਰ ਨੂੰ ਲੰਘ ਜਾਂਦੇ ਨੇ, ਕਦੇ ਦੂਜੇ ਪਾਸੇ ਆ ਜਾਂਦੇ ਨੇ। ਹੈਰਾਨ ਹੈ ਕਿ ਇਹ ਜੰਗਲ ਵਿਚ ਕੀ ਟੋਲ੍ਹਦੇ ਫਿਰਦੇ ਨੇ ਤੇ ਗਾਉਂਦੇ ਫਿਰਦੇ ਨੇ। ਉਸ ਵੇਲੇ ਕੀ ਦੇਖਦੀ ਹੈ ਕਿ ਪੰਜ ਸੱਤ ਪ੍ਰੇਮੀ ਬਿਰਧ ਨੇ, ਸਫੈਦ ਦਾੜ੍ਹੇ ਨੇ ਦੇਖ ਕੇ ਹੀ ਹੈਰਾਨ ਹੋ ਗਈ ਕਿ ਐਨੇ ਸੋਹਣੇ ਮਨੁੱਖ, ਇਹ ਰਹਿੰਦੇ ਕਿੱਥੇ ਨੇ, ਜਿਨ੍ਹਾਂ ਦੇ ਦਰਸ਼ਨਾਂ ਦੇ ਵਿਚ ਐਨੀ ਖਿੱਚ ਹੈ, ਆਪਣੇ-ਆਪਣੇ ਲਗਦੇ ਨੇ ਜਿਵੇਂ ਮੈਂ ਮੁੱਦਤਾਂ ਤੋਂ, ਸਦੀਆਂ ਤੋਂ ਇਨ੍ਹਾਂ ਨੂੰ ਜਾਣਦੀ ਹਾਂ। ਇਹ ਰਹਿੰਦੇ ਕਿੱਥੇ ਨੇ? ਜੀ ਕਰਿਆ ਕਿ ਮੇਰੇ ਕੋਲ ਨੂੰ ਆ ਜਾਣ, ਜਾਂ ਮੈਂ ਇਨ੍ਹਾਂ ਕੋਲ ਨੂੰ ਚਲੀ ਜਾਵਾਂ ਤੇ ਨੇੜੇ ਆ

ਗਏ, ਨੇੜੇ ਆ ਕੇ ਦੇਖਿਆ ਕਿ ਬੀਬੀ ਬੈਠੀ ਹੈ, ਉਸ ਵੇਲੇ ਆ ਕੇ ਸਾਰਿਆਂ ਨੇ ਸਤਿ ਕਰਤਾਰ ਦਾ ਆਵਾਜ਼ਾ ਦਿਤਾ। ਕਹਿਣ ਲੱਗੇ, ਬੀਬਾ! ਸਾਨੂੰ ਉਹ ਥਾਂ ਨਹੀਂ ਲੱਭਦੀ, ਕੀ ਇਹ ਓਹੀ ਥਾਂ ਹੈ ਜਿੱਥੇ ਇਕ ਰਾਜਕੁਮਾਰੀ ਦੇ ਹੱਥੋਂ ਇਕ ਗੁਰਸਿੱਖ ਪੰਜ-ਛੇ ਸਾਲ ਪਹਿਲਾਂ ਮਾਰਿਆ ਗਿਆ ਸੀ। ਬੱਸ ਐਨੀ ਗੱਲ ਸੁਣਨ ਦੀ ਦੇਰ ਸੀ, ਹੋਸ਼ ਤੋਂ ਬਾਹਰ ਹੋ ਗਈ, ਬੋਲਣਾ ਬੰਦ ਹੋ ਗਿਆ, ਬੇਹੋਸ਼ੀ ਆ ਗਈ, ਕੋਈ ਜਵਾਬ ਨਾ ਮਿਲਿਆ, ਬੜੀ ਦੇਰ ਤੱਕ ਆਪ ਬੈਠੇ ਰਹੇ। ਗੁਰਮੁਖ ਸੀ, ਜਾਣੂ ਸੀ ਕਿ ਇਹ ਬੀਬੀ ਨੂੰ ਕੋਈ ਬਹੁਤ ਬਿਰਹੁੰ ਦੀ ਚੋਟ ਲੱਗੀ ਹੋਈ ਹੈ। ਕਿਉਂਕਿ ਜਿਸ ਨੂੰ ਚੋਟ ਲਗਦੀ ਹੈ ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ-

***ਧਾਰਨਾ - ਨਹੀਂਓ ਜੀਂਵਦਾ, ਕੋਈ ਰਾਮ ਦਾ ਬਿਓਗੀ।***

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥***

***ਅੰਗ- 1368***

ਚੁੱਪ ਬੈਠੀ ਹੈ, ਇੰਤਜ਼ਾਰ ਕਰਿਆ, ਕਾਫੀ ਦੇਰ ਤੋਂ ਬਾਅਦ ਬੋਲਦੀ ਹੈ ਬੀਬੀ ਕਿ ਮਹਾਂਪੁਰਸ਼ੋ! ਉਹ ਮੰਦ ਭਾਗਣ ਮੈਂ ਹੀ ਹਾਂ, ਜਿਹਦੇ ਹੱਥ ਨਾਲ ਉਹ ਸੋਹਣਾ ਗੁਰੂ ਨਾਨਕ ਦਾ ਪਿਆਰਾ ਮਾਰਿਆ ਗਿਆ ਤੇ ਅੱਜ ਛੇ ਸਾਲ ਦੇ ਕਰੀਬ ਹੋਣ ਵਾਲੇ ਨੇ, ਉਸ ਦਿਨ ਤੋਂ ਹੀ ਮੈਂ ਪਸ਼ਚਾਤਾਪ ਕਰਨ ਵਾਸਤੇ ਇਸ ਥਾਂ ਦੇ ਉਤੇ ਬੈਠੀ ਰਹਿੰਦੀ ਹਾਂ। ਆਹੀ ਥਾਂ ਹੈ, ਆਹ ਜਿਹੜੇ ਫੁੱਲ ਉੱਗੇ ਹੋਏ ਨੇ, ਇਹ ਓਹੀ ਥਾਂ ਹੈ ਜਿਸ ਥਾਂ ਦੇ ਉਤੇ ਉਹਦਾ ਖੂਨ ਡੁਲ੍ਹਿਆ ਸੀ। ਸਾਰੇ ਚੁੱਪ ਕਰ ਗਏ, ਬੋਲਿਆ ਨਹੀਂ ਜਾਂਦਾ, ਹਾਲਾਂਕਿ ਬੀਤਰਾਗ ਸੀ, ਪੂਰਨ ਬ੍ਰਹਮਗਿਆਨੀ ਪਰ ਜਿਹੜਾ ਪਿਆਰ ਹੈ ਇਹ ਚੀਜ਼ ਹੋਰ ਹੋਇਆ ਕਰਦੀ ਹੈ। ਕਿਉਂਕਿ ਜਿਸ ਹਿਰਦੇ 'ਚ ਪਿਆਰ ਹੋਵੇ ਉਥੇ ਵਾਹਿਗੁਰੂ ਵਸਦਾ ਹੈ, ਜਿਥੇ ਪਿਆਰ ਨਾ ਹੋਵੇ ਉਹ ਸੁੰਨਾ ਹੋਇਆ ਕਰਦਾ ਹੈ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥***

***ਅੰਗ - 1379***

ਕਹਿੰਦੇ, ਹੇ ਵਾਹਿਗੁਰੂ! ਤੂੰ ਬਿਰਹਾ ਹੈਂ, ਤੂੰ ਹੀ ਪਿਆਰ ਹੈਂ। ਉਹ ਤਾਂ ਮਸਾਨ ਵਰਗਾ, ਫੁਕਿਆ ਹੋਇਆ ਹਿਰਦਾ ਹੁੰਦਾ ਹੈ, ਜਿਥੇ ਪ੍ਰਮੇਸ਼ਰ ਦਾ ਪਿਆਰ ਨਾ ਪੈਦਾ ਹੋਵੇ।

ਸੋ ਉਸ ਤੋਂ ਬਾਅਦ ਉੱਠ ਕੇ ਚਲੇ ਗਏ।

ਪੁੱਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ। ਕਹਿਣ ਲੱਗੇ, ਦੱਸ ਪਈ ਹੈ ਕਿ ਗੁਰੂ ਨਾਨਕ ਪਾਤਸ਼ਾਹ ਕਿਸੇ ਬੀਬੀ ਦੇ ਪਿਆਰ ਦੇ ਬੰਨ੍ਹੇ ਹੋਏ, ਬਹੁਤ ਦੂਰ ਤੋਂ ਧਾਈ ਕਰਕੇ ਏਧਰ ਨੂੰ ਆ ਰਹੇ ਨੇ। ਕਿਉਂਕਿ ਪੂਰਨ ਪੁਰਸ਼ ਸੀ, ਜਿਸ ਵਕਤ ਬੰਦਗੀ ਕਰਦੇ ਸੀ, ਉਸ ਵੇਲੇ ਉਨ੍ਹਾਂ ਨੂੰ ਸਾਰੇ ਦ੍ਰਿਸ਼ ਦਿਸਦੇ ਸੀ। ਉਹ ਥਾਂ ਦੀ ਟੋਹ ਲਾ ਲਈ ਕਿ ਆਹੀ ਥਾਂ ਹੈ, ਉਹ ਚਲੇ

ਜਾਂਦੇ ਨੇ। ਬੀਬੀ ਆਉਂਦੀ ਹੈ, ਰੋਜ਼ ਆਉਂਦੀ ਹੈ ਲੇਕਿਨ ਬਿਰਹਾ ਦੀ ਭਿੱਜੀ ਹੋਈ, ਅੰਦਰ ਆਸ ਲਗਦੀ ਹੈ ਕਿ ਹੁਣ ਆ ਜਾਣਗੇ ਜ਼ਰੂਰ ਆ ਜਾਣਗੇ। ਉਸ ਵੇਲੇ ਪਿਆਰ ਦੇ ਵਿਚ ਆ ਕੇ ਇਸ ਭਾਵ ਦੇ ਬਚਨ ਮੁੱਖ ਤੋਂ ਕਹਿੰਦੀ ਹੈ -

***ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ -2***
***ਅੱਖੀਆਂ ਤਰਸਦੀਆਂ ਸਾਹਿਬਾਂ....।***
***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥***

***ਅੰਗ - 1094***

ਇਸ ਤਰ੍ਹਾਂ ਦੇ ਪਿਆਰ ਦੇ, ਬਿਰਹਾ ਦੇ ਗੀਤ ਆਪਣੇ ਆਪ ਮੁੱਖ ਦੇ ਵਿਚੋਂ ਨਿਕਲਣੇ ਸ਼ੁਰੂ ਹੋ ਗਏ। ਉਸ ਵੇਲੇ ਮਾਂ-ਬਾਪ ਨੂੰ, ਕਿਉਂਕਿ ਥੋੜ੍ਹੇ ਸਮੇਂ ਤੋਂ ਬਾਅਦ ਸੱਚਮੁੱਚ ਉਸਨੂੰ ਇਕ ਵੀਰ ਪ੍ਰਾਪਤ ਹੋ ਗਿਆ, ਘਰ ਜਾਂਦੀ ਹੈ, ਉਸ ਨੂੰ ਖਿਲਾਉਂਦੀ ਹੈ, ਪਿਆਰ ਕਰਦੀ ਹੈ ਤੇ ਹੁਣ ਮਾਂ-ਬਾਪ ਵਹਿਣ ਨੂੰ ਜਾਣ ਗਏ ਕਿ ਬਹੁਤ ਗਹਿਰੇ ਵਹਿਣ ਨੂੰ ਚਲੀ ਗਈ ਸਾਡੀ ਲੜਕੀ। ਉਨ੍ਹਾਂ ਨੂੰ ਵੀ ਪਿਆਰੀ ਲਗਦੀ ਹੈ, ਆਦਰ ਕਰਦੇ ਨੇ ਕਿ ਇਹਦੀ ਮਿਹਰ ਦੇ ਨਾਲ ਸਾਡੇ ਘਰ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ। ਸੱਚਮੁੱਚ ਉਹ ਜਿਹੜਾ ਇਸਨੂੰ ਲਾਗ ਲਾ ਗਿਆ, ਮਹਾਂਪੁਰਸ਼ ਸੀ ਉਹ ਤੇ ਉਹਦਾ ਗੁਰੂ ਵੀ ਬਹੁਤ ਵੱਡਾ ਹੋਣਾ ਹੈ ਜਿਹਦੇ ਬਾਰੇ ਉਹ ਦੱਸ ਪਾ ਗਿਆ। ਇਹ ਵੀ ਦੇਖਦੀਆਂ ਨੇ, ਸੁਣਦੀਆਂ ਨੇ ਬੀਬਾ ਤੋਂ ਕਿ ਮੈਨੂੰ ਝਉਲੇ ਵਜਦੇ ਨੇ ਕਿ ਮੇਰੇ ਪਿਆਰੇ ਦਾ ਜੋ ਪਿਆਰਾ ਹੈ ਮੇਰੇ ਦਾ, ਉਹ ਆ ਰਿਹਾ ਹੈ ਨੇੜੇ।

ਅੱਜ ਲੜਕੀ ਵੀ ਬੈਠੀ ਹੈ ਤੇ ਇਹ ਵੀ ਬਾਹਰ ਬੈਠੇ ਨੇ। ਲਗਨ ਇਨ੍ਹਾਂ ਨੂੰ ਵੀ ਲਗ ਗਈ। ਨਾਮ ਜਪਦੇ ਨੇ, ਉਸ ਵੇਲੇ ਫੇਰ ਆਵਾਜ਼ ਸੁਣਦੀ ਹੈ ਉਨ੍ਹਾਂ ਦੀ। ਬਹੁਤ ਪਿਆਰ ਦੇ ਨਾਲ ਆਵਾਜ਼ ਆ ਰਹੀ ਹੈ ਤੇ ਹੁੰਦੀ-ਹੁੰਦੀ ਨੇੜੇ ਆ ਗਈ ਤੇ ਇਧਰਲੇ ਪਾਸੇ ਕੀ ਦੇਖਦੇ ਨੇ ਕਿ ਜਿਸਨੂੰ ਅੱਜ ਤੱਕ ਛੇ ਸਾਲ ਤੋਂ ਇੰਤਜ਼ਾਰ ਕਰਕੇ ਮਨ ਦੇ ਅੰਦਰ ਅਨੁਮਾਨ ਲਾ ਰਹੇ ਸੀ, ਉਹ ਪਿਆਰੀ ਮੂਰਤ ਗੁਰੂ ਨਾਨਕ ਪਾਤਸ਼ਾਹ ਦੀ, ਭਾਈ ਬਾਲਾ ਤੇ ਭਾਈ ਮਰਦਾਨਾ ਨਾਲ ਨੇ ਤੇ ਜਿਸ ਵਕਤ ਨੇੜੇ ਆ ਜਾਂਦੇ ਨੇ, ਕੇਵਲ ਦਰਸ਼ਨ ਦਾ ਝਲਕਾਰਾ ਵੱਜਿਆ ਹੈ। ਝਲਕਾਰਾ ਵੱਜਣਾ ਕੀ ਸੀ ਤੇ ਸੁੱਧ ਵੀ ਭੁੱਲ ਗਈ, ਬੁੱਧ ਵੀ ਭੁੱਲ ਗਈ। ਦੋਵੇਂ ਬੇਹੋਸ਼ੀ ਦੇ ਵਿਚ ਆ ਗਈਆਂ।

***ਧਾਰਨਾ - ਜਦੋਂ ਵੱਜਿਆ ਝਲਕਾਰਾ ਨੂਰੀ ਦਰਸ਼ ਦਾ,***
***ਸੁੱਧ ਬੁੱਧ ਦੋਵੇਂ ਭੁੱਲੀਆਂ।***
***ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਉਸ ਵੇਲੇ ਸਹਿ ਨਾ ਸਕੀ, ਸਮਾਧੀ ਲਗ ਗਈ। ਗੁਰੂ ਮਹਾਰਾਜ

ਆ ਗਏ, ਆਦਰ ਵਾਸਤੇ ਉੱਠਣਾ ਸੀ, ਹੁਣ ਕੌਣ ਉਠੇ, ਉਸ ਵੇਲੇ ਗੁਰੂ ਮਹਾਰਾਜ ਨੇੜੇ ਆ ਕੇ ਬੈਠਦੇ ਨੇ। ਪਿਆਰ ਦੇ ਨਾਲ ਸੀਸ ਦੇ ਉਤੇ ਆਪ ਨੇ ਹੱਥ ਰੱਖਿਆ, ਜਿਸ ਨੂੰ ਬੱਜਰ ਕਪਾਟ ਕਹਿੰਦੇ ਨੇ ਉਹ ਕੇਵਲ ਛੋਹਣ ਮਾਤਰ ਦੇ ਨਾਲ, ਖੁੱਲ੍ਹ ਗਏ, ਖੁੱਲ੍ਹਣ ਦੇ ਨਾਲ ਸੁਰਤ ਚੜ੍ਹ ਗਈ। ਇਸ ਤਰ੍ਹਾਂ ਦੇ ਨਾਲ ਬਾਣੀ 'ਚ ਇਸ ਅਵਸਥਾ ਦਾ ਜ਼ਿਕਰ ਆਉਂਦਾ ਹੈ –

***ਧਾਰਨਾ – ਵਾਹਵਾ-ਵਾਹਵਾ ਬਈ ਸਹਿਜ ਸਮਾਧ ਲਗ ਗਈ।***
***ਮਨ ਚੜਿਆ ਦਸਵੈ ਆਕਾਸ।***

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ ॥*** ***ਅੰਗ – 1414***

***ਨਉ ਦਰ ਠਾਕੇ ਧਾਵਤੁ ਰਹਾਏ ॥***
***ਦਸਵੈ ਨਿਜ ਘਰਿ ਵਾਸਾ ਪਾਏ ॥***
***ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ***
***ਗੁਰਮਤੀ ਸਬਦਿ ਸੁਣਾਵਣਿਆ ॥*** ***ਅੰਗ – 124***

ਐਸੀ ਅਵਸਥਾ ਹੋਣ ਤੋਂ ਬਾਅਦ ਜ਼ੁਬਾਨ ਦੇ ਅੰਦਰੋਂ ਜਿਉਂ-ਜਿਉਂ ਹੋਸ਼ ਪਰਤਦੀ ਹੈ, ਝਲਕਾਰਾ ਵੱਜਿਆ ਹੋਇਆ ਹੈ ਤੇ ਇੱਕੋ ਹੀ ਆਵਾਜ਼ ਆਉਂਦੀ ਹੈ।

***ਧਾਰਨਾ – ਤੂੰਹੀਂ ਤੂੰਹੀਂ ਮੋਹਿਨਾ।***

ਅੱਖ ਖੁਲ੍ਹ ਗਈ, ਉਹ ਅੱਖ ਜਿਹਦੇ ਨਾਲ ਪ੍ਰਮੇਸ਼ਰ ਹਰ ਥਾਂ 'ਤੇ ਦ੍ਰਿਸ਼ਟੀ ਆਉਂਦਾ ਹੈ –

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਅੰਗ – 407***

ਜਦੋਂ ਦਰਸ਼ਨ ਕੀਤਾ, ਅੰਦਰ ਵੀ ਓਹੀ ਹੈ, ਬਾਹਰ ਵੀ ਓਹੀ ਹੈ, ਆਕਾਸ਼ ਵਿਚ ਵੀ ਓਹੀ ਹੈ, ਬੂਟਿਆਂ ਵਲ ਦੇਖਦੀ ਹੈ ਓਹੀ ਹੈ, ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ ਤੇ ਸਭ ਤੋਂ ਵੱਡੀ ਜੋ ਅਵਸਥਾ ਹੁੰਦੀ ਹੈ ਜੀਵਨ ਮੁਕਤ ਦੀ। ਆਪਣੇ ਸਰੂਪ ਦੇ ਵਿਚ ਲੈਅ ਕਰ ਲਿਆ। ਜੀਵਨ ਮੁਕਤ ਅਵਸਥਾ ਬਖਸ਼ ਦਿਤੀ ਤੇ ਦਿਖਾ ਦਿਤਾ ਕਿ ਜਿਸ ਨੂੰ ਤੂੰ ਕਹਿੰਦੀ ਸੀ ਪਿਆਰਾ ਮਨੁੱਖ, ਉਹ ਮਰਿਆ ਨਹੀਂ ਹੈ, ਕਿਤੇ ਗਿਆ ਨਹੀਂ ਹੈ, ਥਾਂ-ਥਾਂ ਦੇ ਵਿਚ ਨਜ਼ਰ ਆਉਂਦਾ ਹੈ ਉਸਨੂੰ, ਹੱਸ ਰਿਹਾ ਹੈ, ਖੁਸ਼ ਹੋ ਰਿਹਾ ਹੈ ਕਿ ਇਕ ਲਾਇਆ ਹੋਇਆ ਬੂਟਾ ਸਿਰੇ ਚੜ੍ਹ ਗਿਆ। ਸੋ ਇਸ ਤਰ੍ਹਾਂ ਸਾਧਸੰਗਤ ਜੀ! ਇਹ ਗੁਰਮੁਖ ਦਾ ਸਫਰ ਹੈ। ਜਿਸ ਦਾ ਆਪਾਂ ਜ਼ਿਕਰ ਇਕ ਬਹੁਤ ਪਿਆਰ ਵਾਲੀ ਸਾਖੀ ਦੇ ਨਾਲ ਕੀਤਾ। ਪੂਰੀ ਤਰ੍ਹਾਂ ਦੇ ਨਾਲ ਇਹਨੂੰ ਸਮਝਣ ਦਾ ਯਤਨ ਕਰੋ। ਜਿਸ ਤਰ੍ਹਾਂ ਮੈਂ ਬੇਨਤੀ ਕੀਤੀ ਹੈ, ਸਮਝੋ

ਇਸ ਚੀਜ਼ ਨੂੰ। ਰੂਹਾਨੀਅਤ ਗੱਲਾਂਬਾਤਾਂ ਦਾ ਵਿਸ਼ਾ ਨਹੀਂ ਹੈ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥*** ***ਅੰਗ – 1***

ਇਹ ਪਿਆਰ ਦਾ ਰਸਤਾ ਹੈ, ਪ੍ਰੈਕਟੀਕਲ ਹੈ ਇਹ, ਐਵੇਂ ਥਿਊਰੀ ਵਾਲੀਆਂ ਗੱਲਾਂ ਨਹੀ ਹਨ ਇਹਦੇ ਵਿਚ। ਲੇਕਿਨ ਜਿੱਡੀ ਵੱਡੀ ਨਾਮ ਦੀ ਬਰਕਤ ਹੈ ਓਨੇ ਹੀ ਅਸੀਂ ਖੁਸ਼ਕ ਹਾਂ ਨਾਮ ਵਲੋਂ। ਚਲਦੇ ਨਹੀਂ ਇਸ ਰਸਤੇ 'ਤੇ। ਦੁਨੀਆਂ ਸਾਨੂੰ ਖਿੱਚ ਰਹੀ ਹੈ, ਦੁਨੀਆਂ ਵਿਚ ਬਾਰ-ਬਾਰ ਗਿਰ ਰਹੇ ਹਾਂ। ਉਹ ਰਸ ਜੋ ਆਉਂਦਾ ਹੈ, ਉਸ ਨੂੰ ਅਸੀਂ ਸੰਭਾਲ ਨਹੀਂ ਸਕਦੇ। ਸੋ ਇਸ ਕਰਕੇ ਨਾਮ ਜਪਣਾ, ਸੰਗਤ ਕਰਨੀ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬੀਬੀ ਨੂੰ ਸਾਵਧਾਨ ਕਰਿਆ। ਮਾਤਾ ਪਿਤਾ ਨੂੰ ਨਾਮ ਦੀ ਬਖਸ਼ਿਸ਼ ਕਰੀ। ਉਸ ਤੋਂ ਬਾਅਦ ਉਹ ਗੁਰਸਿੱਖ ਬਹੁਤ ਖੁਸ਼ੀ ਦੇ ਨਾਲ ਸ਼ਬਦ ਪੜ੍ਹ ਰਹੇ ਨੇ ਤੇ ਜਦੋਂ ਬਾਤਚੀਤ ਚੱਲੀ ਤਾਂ ਭਾਈ ਭਗੀਰਥ ਜੀ ਨਾਲ ਗੱਲ ਹੋਈ, ਕਹਿਣ ਲੱਗੀ, ਉਹ ਕੌਣ ਸੀ ਭਾਈ ਤਿਲੋਕਾ? ਕਹਿਣ ਲੱਗੇ, ਬੀਬਾ! ਗੁਰੂ ਮਹਾਰਾਜ ਨੇ ਮੈਨੂੰ ਉਹ ਇਕਲੌਤਾ ਪੁੱਤਰ ਬਖਸ਼ਿਆ ਸੀ। ਪਰ ਧੰਨ ਹੈ ਮੇਰਾ ਪੁੱਤਰ ਕਿ ਐਡੀ ਵੱਡੀ ਲਾਗ ਜਾਂਦਾ-ਜਾਂਦਾ ਲਾ ਗਿਆ ਤੇ ਇਕ ਤੂੰਹੀਂ ਨਹੀਂ ਤਰੀ, ਤੇਰੇ ਬਦੌਲਤ ਸਾਰਾ ਪਰਗਣਾ ਤਰ ਜਾਏਗਾ।

ਗੁਰੂ ਨਾਨਕ ਪਾਤਸ਼ਾਹ ਨੂੰ ਘਰ ਲੈ ਜਾਂਦੇ ਨੇ, ਬੀਬੀ ਦੇ ਪਿਆਰ ਦੇ ਬੰਨ੍ਹੇ ਹੋਏ ਕਿੰਨੇ ਮਹੀਨੇ ਉਥੇ ਰਹਿੰਦੇ ਨੇ ਤੇ ਜਿਸ ਵਕਤ ਆਪ ਜਾਂਦੇ ਨੇ ਇੱਕ ਬਹੁਤ ਵੱਡੀ ਵਹੀਰ ਬੰਦਿਆਂ ਦੀ ਰੋ-ਰੋ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਉਥੋਂ ਵਿਦਾ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਕ ਅੱਲੜ੍ਹ ਲੜਕੀ ਜਿਸਨੂੰ ਨਾ ਜਪੁਜੀ ਸਾਹਿਬ ਆਉਂਦਾ ਸੀ, ਨਾ ਬਾਣੀ ਦਾ ਪਤਾ ਸੀ, ਨਾ ਕਦੇ ਸੰਗਤ ਕਰੀ ਸੀ, ਇਕ ਪੂਰਨ ਪੁਰਸ਼ ਦੀ ਸੰਗਤ ਕਰਕੇ ਉਹਦਾ ਬਚਨ ਕਮਾ ਕੇ, ਉਹਦੇ ਪਿਆਰ ਵਿਚ ਰਹਿ ਕੇ, ਪੂਰਨ ਅਵਸਥਾ ਨੂੰ ਪ੍ਰਾਪਤ ਹੋ ਗਈ। ਸੋ ਮੈਂ ਬੇਨਤੀ ਕਰੀ ਸੀ ਕਿ ਸਤਿਸੰਗ ਦੇ ਵਿਚ ਤੁਸੀਂ ਇਕ ਪ੍ਰੋਗਰਾਮ ਨੂੰ ਵੀ ਸਮਝ ਲਓ, ਇਕ ਦੇ ਉਤੇ ਵੀ ਅਸਰ ਕਰ ਲਓ, ਆਹੀ ਜੋ ਆਪਾਂ ਬਚਨ ਕਰੇ ਨੇ ਜੇ ਇਹੀ ਅਸੀਂ ਮੰਨ ਲਈਏ, ਬਹੁਤੇ ਗਿਆਨ ਦੀ ਲੋੜ ਹੀ ਨਹੀਂ ਹੈ। ਲੋੜ ਹੋਣੀ ਹੈ ਜਿਨ੍ਹਾਂ ਨੇ ਗਿਆਨ ਹਾਸਲ ਕਰਨਾ ਹੈ, ਪਿਆਰ ਵਾਲਿਆਂ ਨੂੰ ਕੇਵਲ ਪਿਆਰ ਦੀ ਲੋੜ ਹੁੰਦੀ ਹੈ, ਹੋਰ ਗਿਆਨ ਦੀ ਲੋੜ ਘੱਟ ਹੁੰਦੀ ਹੈ। ਪਿਆਰ ਉਸ ਨੂੰ ਉਸ ਥਾਂ 'ਤੇ ਪਹੁੰਚਾ ਦਿੰਦਾ ਹੈ –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਸੋ ਇਸ ਤਰ੍ਹਾਂ ਪਿਆਰ ਦੇ ਨਾਲ ਪੜ੍ਹੋ ਸਾਰੇ –

***ਧਾਰਨਾ – ਆਪ ਮੁਕਤ ਮੋਹੇ ਤਾਰੇ ਜੀ,***
***ਐਸੇ ਗੁਰਾਂ ਤੋਂ ਬਲਿ ਬਲਿ ਜਾਈਐ।***

ਐਸੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ, ਪਿਆਰ ਦੇ ਨਾਲ ਜੇ

ਅਸੀਂ ਯਾਦ ਕਰਾਂਗੇ, ਭਾਵੇਂ ਉਸ ਤਰ੍ਹਾਂ ਨਹੀਂ ਦਿਸਦੇ ਜਿਸ ਤਰ੍ਹਾਂ ਸਰੀਰ ਦੇ ਅੰਦਰ, ਪਰ ਉਨ੍ਹਾਂ ਦੀ ਹਾਜ਼ਰੀ ਜਿਹੜੀ ਹੈ ਉਹ ਸਾਡੇ ਆਲੇ-ਦੁਆਲੇ ਚਾਰੋਂ ਪਾਸੇ ਹੈ, ਉਹ ਵਾਹਿਗੁਰੂ ਦਾ ਰੂਪ ਨੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - 442*

*ਗੁਰੁ ਪਰਮੇਸਰੁ ਏਕੋ ਜਾਣੁ ॥* *ਅੰਗ - 864*

ਜੇ ਸਾਡਾ ਨਿਰਗੁਣ ਵਿਚ ਧਿਆਨ ਨਹੀਂ ਟਿਕਦਾ ਤਾਂ-

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*

*ਅੰਗ - 290*

ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਕਰੋ। ਪਿਆਰ ਕਰਕੇ ਜੋ ਮੰਤਰ ਉਨ੍ਹਾਂ ਨੇ ਦਿਤਾ ਹੈ, ਸਾਨੂੰ ਪੰਜ ਪਿਆਰਿਆਂ ਦੇ ਰਾਹੀਂ, ਉਹਦਾ ਜਾਪ ਕਰੋ ਦਿਲ ਦੇ ਨਾਲ। ਕਾਹਲੇ ਨਾ ਪਵੋ, ਕਾਹਲੇ ਪੈਣ ਦੇ ਨਾਲ ਨਹੀਂ। ਕਿਉਂਕਿ ਬੇਅੰਤ ਪਾਪਾਂ ਦੇ ਪਹਾੜ ਸਾਡੇ ਰਾਹ 'ਚ ਖੜ੍ਹੇ ਨੇ। ਕੀਤੇ ਹੋਏ ਨੇ ਸਾਡੇ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ - 651*

ਉਹ ਰਹਿਤਾਂ ਜਿਹੜੀਆਂ ਮੈਂ ਬੇਨਤੀ ਕਰੀ ਹੈ ਇਹ ਰਹਿਤਾਂ ਜ਼ਰੂਰੀ ਨੇ। ਜਦੋਂ ਤਕ ਇਹ ਰਹਿਤ ਅਸੀਂ ਨਹੀਂ ਰਖਦੇ, ਉਥੇ ਅਸੀਂ ਗਾਫਲ ਹੋ ਜਾਂਦੇ ਹਾਂ ਤੇ ਕੀਤਾ ਹੋਇਆ ਸਾਰਾ ਜਿਹੜਾ ਹੈ ਉਹ ਥੱਲੇ ਆ ਜਾਂਦਾ ਹੈ। ਇਸੇ ਕਰਕੇ ਅਸੀਂ ਕਿਸੇ ਕਿਨਾਰੇ ਨਹੀਂ ਲਗਦੇ। ਸੋ ਤਕੜੇ ਹੋਵੋ ਹਿੰਮਤ ਨਾਲ ਇਸ ਰਸਤੇ 'ਤੇ ਚੱਲਣ ਦਾ ਯਤਨ ਕਰੋ। ਇਨ੍ਹਾਂ ਬਚਨਾਂ ਨੂੰ ਹਿਰਦੇ 'ਚ ਧਾਰਨ ਕਰੋ ਤੇ ਆਪਣਾ ਗਾਈਡ ਬਣਾਓ। ਜੇ ਲਗਨ ਲੱਗ ਜਾਵੇ ਇੱਕ ਅੱਧੇ ਨੂੰ ਵੀ ਤਾਂ ਆਪਾਂ ਵੱਡੇ ਭਾਗਾਂ ਵਾਲੇ ਹਾਂ। ਸੰਗਤ ਕੀਤੀ ਹੈ ਉਹਦਾ ਫਲ ਸਭ ਨੂੰ ਪ੍ਰਾਪਤ ਹੋਵੇਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਪੂਰਨ ਵਿਸ਼ਵਾਸ਼

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈ ਕਿਛੁ ਨਾਹੀ, ਮੈ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ, ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵਿਚਾਰ ਸਰਵਣ ਕਰੋ। ਬੁੱਧੀ ਦੇ ਨਾਲ ਪਰਖ ਕੇ, ਹਿਰਦੇ ਵਿਚ ਧਾਰਨ ਕਰੋ। ਫੇਰ ਇਹਨੂੰ ਮੰਨਣ ਤੋਂ ਬਾਅਦ ਕਮਾਓ। ਪੂਰਾ-ਪੂਰਾ ਫਲ ਸਾਨੂੰ ਪ੍ਰਾਪਤ ਹੁੰਦਾ ਹੈ। ਮਹਾਰਾਜ ਫੁਰਮਾਨ ਕਰਦੇ ਨੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਅੰਗ- 669*

ਸਭ ਆਉਂਦੇ ਵੀ ਨੇ ਤੇ ਗਾਉਂਦੇ ਵੀ ਨੇ। ਪਰ ਸ਼ਰਤ ਨਾਲ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ- 669*

ਜਦੋਂ ਤਕ ਅਸੀਂ ਆਗਿਆ ਨਹੀਂ ਮੰਨਦੇ ਗੁਰੂ ਦੀ। ਉਨੀਂ ਦੇਰ ਤਕ ਜੋ ਫਲ ਹੈ, ਉਹ ਪ੍ਰਾਪਤ ਨਹੀਂ ਹੁੰਦਾ। ਮਹਾਰਾਜ ਦੇ ਅੰਦਰ ਫੁਰਮਾਨ ਕੀਤਾ ਹੋਇਆ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ- 546***

ਕਈ ਕਰੋੜ ਜਗਾਂ ਦਾ ਫਲ ਮਿਲਦੈ। ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਥਾਂ ਕਿਹਨਾਂ ਦਾ ਪੈਂਦੈ, ਜਿਹੜੇ ਸਤਿਗੁਰ ਦੀ ਆਗਿਆ ਸਤਿ-ਸਤਿ ਕਰਕੇ ਮੰਨਦੇ ਨੇ। ਕਲਜੁਗ ਦਾ ਸਮਾਂ, ਖਿਆਲਾਂ ਦੀ ਤੇਜ਼ੀ ਐਨੀ ਜ਼ਿਆਦਾ ਹੈਂ ਕਿ ਆਦਮੀ ਰੁਲਿਆ ਪਿਐ। ਨਾ ਤਾਂ ਪਦਾਰਥਾਂ ਦੇ ਵਿਚ ਕੋਈ ਸੁਖ ਨਜ਼ਰ ਆਉਂਦੈ, ਨਾ ਬਹੁਤ ਪੜ੍ਹ ਕੇ, ਨਾ ਬਹੁਤਾ ਘੁੰਮ ਕੇ, ਨਾ ਬਹੁਤਾ ਤਮਾਸ਼ੇ ਦੇਖ ਕੇ। ਸੁਖ ਦੇ ਵਾਸਤੇ ਦੁਨੀਆਂ ਦੌੜੀ ਫਿਰਦੀ ਹੈ ਲੇਕਿਨ ਸੁਖ ਮਿਲਦਾ ਨਹੀਂ ਹੈ। ਮਹਾਰਾਜ ਕਹਿੰਦੇ -

***ਐਸਾ ਜਗੁ ਦੇਖਿਆ ਜੂਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ- 222***

ਸੁਖ ਤਾਂ ਸਾਰੇ ਹੀ ਮੰਗਦੈ, ਲੇਕਿਨ ਨਾਮ ਨੂੰ ਭੁੱਲ ਕੇ ਮੰਗਦੈ। ਕਿਉਂਕਿ ਨਾਮ ਤੋਂ ਬਗੈਰ ਹੋਰ ਸੁੱਖ ਹੈ ਨਹੀਂ-

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ- 14***

ਹੋਰ ਥਾਉਂ ਹੀ ਨਹੀਂ ਹੈ -

***ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥***

***ਅੰਗ- 1427***

ਇਹਦੇ ਵਿਚ ਸਭ ਤੋਂ ਜ਼ਿਆਦਾ ਜੋ ਜ਼ਰੂਰੀ ਤੇ ਪਹਿਲੀ ਸ਼ਰਤ ਹੈ। ਕਿਉਂਕਿ ਜਿੰਨਾਂ ਚਿਰ ਰਹਿਤਾਂ ਨਹੀਂ ਆਦਮੀ ਰਖਦਾ, ਉਨੀਂ ਦੇਰ ਤਕ ਪ੍ਰਾਪਤੀ ਨਹੀਂ ਹੋਇਆ ਕਰਦੀ। ਅੰਦਰ ਪਿਐ ਸਾਡੇ ਪ੍ਰਮੇਸ਼ਰ ਦਾ ਨਾਮ। ਮਹਾਰਾਜ ਇਕ ਥਾਂ ਫੁਰਮਾਨ ਕਰਦੇ ਨੇ -

***ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ- 259***

ਹਰੀ ਦੇ ਨਾਮ ਦੀ ਦਵਾਈ ਹਰੇਕ ਵਿਚ ਰੱਖੀ ਹੋਈ ਹੈ। ਨਾ ਕੋਈ ਪੈਸਾ ਲੱਗਣਾ ਹੈ, ਨਾ ਕੋਈ ਖੇਚਲ ਹੈ। ਲੇਕਿਨ ਉਹ ਅੰਦਰੋਂ ਕੱਢਣੀ ਪੈਂਦੀ ਹੈ। ਕਿੱਥੇ ਹੈ ਉਹ? ਕਿਹੜਾ ਥਾਂ ਹੈ ਜਿਸ ਥਾਂ 'ਤੇ ਉਹ ਦਵਾਈ ਹੈ। ਜਿਸਨੂੰ 'ਹਰਿ ਅਉਖਧੁ' ਕਹਿੰਦੇ ਨੇ। ਮਹਾਰਾਜ ਕਹਿੰਦੇ ਤੈਨੂੰ ਨਹੀਂ ਪਤਾ ਲੱਗਣਾ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ- 259***

ਜਦੋਂ ਤਕ ਤੂੰ ਸਮਰੱਥ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ। ਅਨੁਭਵੀ ਗੁਰੂ, ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ, ਸਮਰੱਥ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਤੈਨੂੰ ਨਹੀਂ ਮਿਲਣੀ। ਕਿਉਂਕਿ

ਵਿਧੀ ਉਹਦੇ ਕੋਲ ਹੈ। ਜੁਗਤ ਉਹਦੇ ਕੋਲ ਹੈ। ਜੁਗਤ ਤੋਂ ਬਗੈਰ ਨਹੀਂ ਮਿਲਿਆ ਕਰਦੀ। ਸਾਡੇ ਕੋਲ ਆਹ ਵੀ.ਸੀ.ਆਰ ਪਏ ਨੇ, ਟੈਲੀਵੀਜ਼ਨਾਂ ਨੇ, ਮਾੜਾ ਜਿਹਾ ਹੀ ਹੁੰਦਾ ਹੈ ਜੋੜ, ਬਟਨ ਦੱਬ ਦਿਓ, ਚੈਨਲ ਲਗਦੀ ਹੀ ਨਹੀਂ, ਸਾਰੀਆਂ ਤਸਵੀਰਾਂ ਹਿੱਲ-ਹਿੱਲ ਕੇ ਆਉਣਗੀਆਂ। ਕੁਛ ਨਹੀਂ ਨਜ਼ਰ ਆਉਂਦਾ ਕਿਉਂਕਿ ਵਿਧੀ ਗਲਤ ਹੋ ਗਈ। ਜੇ ਅਸੀਂ ਬਟਨ ਦੂਸਰੇ ਪਾਸੇ ਨੂੰ ਘੁੰਮਾ ਦੇਈਏ। ਉਸੇ ਵੇਲੇ ਉਹੀ ਸਾਫ ਹੋ ਜਾਂਦੀਆਂ ਨੇ। ਹਰ ਚੀਜ਼ ਦੀ ਵਿਧੀ ਹੈ। ਨਾਮ ਜਪਣ ਦੀ ਵਿਧੀ ਹੈ। ਦੁਨਿਆਵੀ ਕੰਮ ਕਰਨ ਦੀ ਵਿਧੀ ਹੈ। ਮਹਾਰਾਜ ਕਹਿੰਦੇ, ਇਹ ਜੋ ਗੁਪਤ ਵਿਦਿਆ ਹੈ ਨਾ ਜਿਸ ਨੂੰ ਨਾਮ ਦੀ ਵਿਦਿਆ ਕਹਿੰਦੇ ਹਨ, ਇਹ ਗੋਪ ਵਿਦਿਆ ਹੈ, ਸਾਮ੍ਹਣੇ ਨਹੀਂ ਹੈ। ਇਹ ਪੂਰੇ ਗੁਰੂ ਤੋਂ ਬਗੈਰ ਨਹੀਂ ਲੱਭਦੀ। ਜਦੋਂ ਸਮਰੱਥ ਗੁਰੂ ਮਿਲ ਗਿਆ ਤਾਂ -

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- 259***

ਜਦੋਂ ਸੰਜਮ ਕਰਕੇ ਦੇ ਦਿਤਾ। ਫੇਰ ਦੁਖ ਨਹੀਂ ਹੈ। ਦਵਾਈ ਕੀ ਹੈ, ਪ੍ਰਮੇਸ਼ਰ ਦਾ ਨਾਮ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- 274***

ਟਿਕਾਈ ਕਿੱਥੇ ਹੈ ਅਕਾਲ ਪੁਰਖ ਨੇ, ਕੋਈ ਹੈ ਐਸਾ ਥਾਂ ਸਾਡੇ ਅੰਦਰ ਜਿੱਥੇ ਉਹਨੇ ਦਵਾਈ ਰੱਖੀ ਹੋਵੇ। ਮਹਾਰਾਜ ਕਹਿੰਦੇ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- 293***

ਪਰ ਹੈ ਕਿਹੋ ਜਿਹਾ, ਕਹਿੰਦੇ -

***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- 293***

ਉਥੇ ਕੋਈ ਫੁਰਨਾ ਨਹੀਂ ਹੈ। ਗਗਨ ਮੰਡਲ ਹੈ ਜਿੱਥੇ ਕੋਈ ਫੁਰਨਾ ਨਹੀਂ ਹੈ ਤੇ ਨਾਲ ਇਹ ਹੈ ਕਿ ਉਥੇ ਆਤਮਕ ਸੰਗੀਤ ਵੀ ਵਜਦਾ ਹੋਏਗਾ। ਪਰ ਗੁਰੂ ਤੋਂ ਬਗੈਰ ਉਥੇ ਪਹੁੰਚ ਨਹੀਂ ਹੁੰਦੀ। ਪੂਰੇ ਗੁਰੂ ਦੀ ਨਿਸ਼ਾਨੀ ਇਹੀ ਹੁੰਦੀ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ - 1291***

ਜਿਹੜਾ ਇਸ ਸਰੀਰ ਦੇ ਅੰਦਰ ਵਾਹਿਗੁਰੂ ਦਾ ਘਰ ਦਿਖਾ ਦੇਵੇ। ਉਹ ਕਹਿੰਦੇ ਸੁਜਾਨ ਸਤਿਗੁਰੂ ਹੋਇਆ ਕਰਦੈ। ਨਿਸ਼ਾਨੀ ਹੈ। ਕੋਈ ਐਵੇਂ ਹੀ ਕਹਿ ਦੇਵੇ ਕਿ ਜੀ ਦਿਖਾਉਂਦਾ ਹਾਂ ਤੁਹਾਨੂੰ। ਮਹਾਰਾਜ ਕਹਿੰਦੇ, ਨਿਸ਼ਾਨੀ ਹੈ-

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਅੰਗ- 1291***

ਉਸ ਥਾਂ ਦੇ ਉਤੇ ਇਕ ਧੁਨ ਚਲਦੀ ਹੈ। ਇਕ ਰਸ ਵਿਆਪਕ

ਧੁਨ, ਜਿਹੜੀ 24 ਘੰਟੇ ਬੋਲਦੀ ਹੈ ਤੇ ਪੰਚ ਸ਼ਬਦ ਨੇ ਉਸ ਥਾਂ ਦੇ ਉਤੇ। ਉਥੇ ਨਿਸ਼ਾਨੀ ਸ਼ਬਦਾਂ ਦੀ ਹੈ -

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ- 1291*

ਸੋ ਨਿਸ਼ਾਨੀ ਹੈ ਕਿ ਉਥੇ ਅਫੁਰ ਅਵਸਥਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- 293*

ਸੁੰਨ ਨਹੀਂ ਹੈ ਬਿਲਕੁਲ, ਸੁੰਨ ਤਾਂ ਆਕਾਸ਼ ਵੀ ਹੈ। ਕਹਿੰਦੇ ਐਨਾ ਅਨੰਦ ਹੈ ਉਸ ਜਗ੍ਹਾ 'ਤੇ ਕਿ ਕੋਈ ਬੰਦਾ ਦਸ ਹੀ ਨਹੀਂ ਸਕਦਾ ਉਸ ਬਾਰੇ, ਪਰ ਜੁਗਤ ਤੋਂ ਬਗੈਰ ਉਥੇ ਪਹੁੰਚਿਆ ਨਹੀਂ ਜਾਂਦਾ। ਜੁਗਤ ਜ਼ਰੂਰੀ ਚੀਜ਼ ਹੁੰਦੀ ਹੈ, ਨਹੀਂ ਤਾਂ ਖਪ-ਖੁਪ ਕੇ ਸੰਸਾਰ ਤੋਂ ਤੁਰ ਜਾਂਦਾ ਹੈ। ਹੱਠ ਦੇ ਨਾਲ, ਬੜੀ ਮੁਸ਼ਕਲ ਦੇ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਐ। ਸੋ ਇਸ ਤਰ੍ਹਾਂ ਦੇ ਨਾਲ ਇਹਦੇ ਵਾਸਤੇ ਰਹਿਤਾਂ ਨੇ। ਅੰਦਰਲੀਆਂ ਰਹਿਤਾਂ। ਪਹਿਲਾਂ ਜ਼ਰੂਰੀ ਨੇ। ਸਾਰਿਆਂ ਨਾਲੋਂ ਪਹਿਲੀ ਰਹਿਤ ਜੋ ਹੈ ਉਹ ਪ੍ਰਤੀਤ ਦੀ ਹੈ, ਉਹ ਭਰੋਸੇ ਦੀ ਹੈ, ਜੇ ਭਰੋਸਾ ਹੀ ਨਹੀਂ ਆਇਆ ਤਾਂ ਅਗਾਂਹਾਂ ਚੱਲੇਗਾ ਕਿਵੇਂ? ਜੇ ਪ੍ਰਤੀਤ ਹੀ ਨਹੀਂ ਹਿਰਦੇ 'ਚ ਆਈ, ਫੇਰ ਤਾਂ ਚੱਲ ਨਹੀਂ ਸਕਦਾ। ਬੜਾ ਮੁਸ਼ਕਲ ਹੋ ਜਾਂਦਾ ਹੈ। ਸੋ ਪਰਤੀਤ ਜੋ ਹੈ ਉਹ ਸਾਰਿਆਂ ਨਾਲੋਂ ਜ਼ਰੂਰੀ ਚੀਜ਼ ਹੋਇਆ ਕਰਦੀ ਹੈ। ਇਸ ਤਰ੍ਹਾਂ ਨਾਲ ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰ ਕੀ ਪਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

ਸ਼ਰਤੀਆ ਹੈ ਇਹ ਵਾਹਿਗੁਰੂ ਚਿੱਤ ਤਾਂ ਆਉਂਦਾ ਹੈ, ਜੇ ਗੁਰੂ 'ਤੇ ਪ੍ਰਤੀਤ ਹੋਵੇ। ਕਿੰਨੀ ਕੁ ਪ੍ਰਤੀਤ ਹੋਇਆ ਕਰਦੀ ਹੈ। ਕਿਉਂਕਿ ਪਰਤੀਤ ਤਾਂ ਅਸੀਂ ਸਾਰੇ ਹੀ ਕਰਦੇ ਹਾਂ। ਪਰ ਪੂਰੀ ਪਰਤੀਤ ਨਹੀਂ ਹੈ ਸਾਨੂੰ। ਜੇ ਪੂਰੀ ਹੋਵੇ ਤਾਂ -

*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ ॥*

*ਅੰਗ- 919*

ਫੇਰ ਤਾਂ ਗੁਰੂ 'ਤੇ ਅਧਾਰਤ ਹੋ ਜਾਂਦੈ, ਪਰਣੇ ਰਹਿੰਦਾ ਉਹਦੇ। ਜੋ ਕੁਛ ਕਰਾਏਂਗਾ, ਜਿਥੇ ਲੈ ਕੇ ਜਾਏਂਗਾ, ਉਹ ਠੀਕ ਹੀ ਠੀਕ ਹੈ, ਲੇਕਿਨ ਸਾਡੀ ਤਾਂ ਮਨ ਦੀ ਮੱਤ ਕੰਮ ਕਰਦੀ ਹੈ। 'ਮੈਂ' ਕੰਮ ਕਰਦੀ ਹੈ। ਜਦੋਂ ਤੱਕ ਆਦਮੀ ਦੇ ਅੰਦਰ ਮੈਂ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ- 278*

ਦੇਖ ਲਓ ਮਹਾਰਾਜ ਜੀ ਨੇ ਕਿਹੋ ਜਿਹਾ ਬਚਨ ਕਿਹਾ ਹੈ, ਜਿੰਨਾਂ ਚਿਰ ਕਹਿੰਦੈ ਕਿ ਮੈਂ ਕਰਦਾ ਹਾਂ। ਕੋਈ ਦਲੀਲ ਨਹੀਂ ਇਹਦੇ ਵਿਚ, ਕੋਈ ਅਗਰ ਮਗਰ ਨਹੀਂ ਹੈ। ਸਿੱਧੇ ਅਰਥ ਨੇ। ਜਿੰਨਾਂ ਚਿਰ ਇਹਦੇ ਮਨ 'ਚ ਭਾਵਨਾ ਹੈ ਕਿ ਮੈਂ ਕਰਦਾ ਹਾਂ। ਮਹਾਰਾਜ ਕਹਿੰਦੇ, ਓਨੀਂ ਦੇਰ ਤੱਕ ਪਿਆਰਿਆ! ਗਰਭ ਦੀਆਂ ਜੂਨੀਆਂ 'ਚ ਘੁੰਮਦਾ ਫਿਰਦਾ ਹੈ। ਅਜੇ ਤੇਰਾ ਕੁਛ ਨਹੀਂ ਬਣਿਆ।

ਕਹਿੰਦਾ ਹੈ ਕਿ ਮੈਂ ਐਨੇ ਪੁੰਨ ਕਰੇ ਨੇ, ਐਨੇ ਸਤਿਸੰਗ ਕਰੇ ਨੇ, ਐਨਾ ਦਾਨ ਕਰਿਆ ਹੈ, ਤੀਰਥ ਯਾਤਰਾ ਕੀਤੀ, ਐਨੇ ਗੁਰਦਵਾਰਿਆਂ ਦੇ ਦਰਸ਼ਨ ਕਰੇ। ਕਹਿੰਦੇ, ਉਹਦਾ ਫਲ ਮਿਲ ਜਾਏਗਾ ਤੈਨੂੰ ਸਵਰਗ ਲੋਕਾਂ 'ਚ ਲੇਕਿਨ ਜੰਮਣ ਮਰਨ ਤੋਂ ਛੁਟਕਾਰਾ ਨਹੀਂ ਹੁੰਦਾ। ਕਿਉਂਕਿ ਤੇਰੇ ਅੰਦਰ ਅਜੇ ਹੋਂਦ ਕਾਇਮ ਹੈ। ਜਦੋਂ ਤੱਕ ਤੇਰੇ ਅੰਦਰ ਹੋਂਦ ਕਾਇਮ ਹੈ, ਓਨੀਂ ਦੇਰ ਤਕ ਤੇਰੇ ਕਰਮਾਂ ਨੇ ਤੈਨੂੰ ਬੰਨਣਾ ਹੀ ਬੰਨਣਾ ਹੈ। ਕਰਮ ਕਰੇਂਗਾ, ਕਿੰਨਾ ਹੀ ਕਹੀ ਜਾ ਕਿ ਮੈਂ ਨਹੀਂ ਕਰਿਆ ਜੀ, ਗੁਰੂ ਸਾਹਿਬ ਕਰਾਉਂਦੇ ਨੇ। ਕਹਿਣ ਨਾਲ ਤਾਂ ਗੱਲ ਨਹੀਂ ਬਣਦੀ। ਬੰਦਾ ਸੇਵਾ ਕਰਦੈ ਦਿਨ ਰਾਤ ਗੁਰੂ ਘਰ ਦੀ ਤੇ ਇਹ ਕਹਿੰਦੈ ਜ਼ੁਬਾਨ ਤੋਂ ਕਿ ਮੈਂ ਤਾਂ ਕੁਛ ਨਹੀਂ ਕਰਿਆ ਜੀ, ਜੋ ਕਰਾ ਰਹੇ ਨੇ, ਕਰ ਰਿਹਾ ਹਾਂ। ਪ੍ਰੇਮੀਆਂ ਨੇ ਉਸ ਨੂੰ ਪ੍ਰੈਜ਼ੀਡੈਂਟ ਬਣਾ ਦਿਤਾ ਗੁਰਦਵਾਰੇ ਦਾ ਕਿ ਬੜਾ ਚੰਗਾ ਸਿੰਘ ਹੈ, ਬੜੀ ਨਿਮਰਤਾ 'ਚ ਰਹਿੰਦੈ। ਕੋਈ ਹੋਰ ਆਇਆ ਉਸ ਨੇ ਇਸ ਗੱਲ ਵਲ ਧਿਆਨ ਨਾ ਦਿਤਾ ਤੇ ਉਹਨੂੰ ਪ੍ਰੈਜ਼ੀਡੈਂਟਸ਼ਿਪ ਤੋਂ ਲਾਹ ਦਿਤਾ। ਇਕ ਵੀ ਵੋਟ ਨਾ ਪੈਣ ਦਿਤੀ। ਨਤੀਜਾ ਕੀ ਹੋਏਗਾ, ਉਹ ਦੁਖੀ ਹੋ ਜਾਏਗਾ ਕਿ ਮੈਂ ਐਨੀ ਸੇਵਾ ਕਰੀ ਤੇ ਮੇਰੀ ਸੇਵਾ ਦੀ ਕਿਸੇ ਨੇ ਕਦਰ ਹੀ ਨਾ ਕਰੀ। ਇਹ ਗੱਲ ਕੀ ਹੈ, ਅੰਦਰ ਮੈਂ ਲੁਕੀ ਬੈਠੀ ਸੀ, ਉਤੋਂ-ਉਤੋਂ ਕਹਿੰਦਾ ਸੀ ਕਿ ਮੈਂ ਨਹੀਂ ਕਰਦਾ ਗੁਰੂ ਕਰਾਉਂਦੈ। ਇਸ ਤਰ੍ਹਾਂ ਤਾਂ ਗੱਲ ਬਣਦੀ ਨਹੀਂ। ਕਿਉਂਕਿ ਜਿੰਨਾਂ ਚਿਰ ਆਦਮੀ ਦੇ ਅੰਦਰ ਮੈਂ ਭਾਵ ਹੈ, ਓਨਾਂ ਚਿਰ ਉਹ ਕਰਮ ਕਰਦੈ-

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***

***ਅੰਗ- 466***

ਉਹ ਤਾਂ ਜੂਨਾਂ 'ਚ ਇਹਨੇ ਘੁੰਮਣਾ ਹੀ ਘੁੰਮਣਾ ਹੈ। ਚਾਹੇ ਗੱਲ ਕਹੀ 'ਤੇ ਦਾਸ ਕਹੀ ਜਾ, ਚਾਹੇ ਮੈਂ ਕਹੀ ਜਾਹ, ਪਰ ਅੰਦਰ ਭਾਵਨਾ ਨਹੀਂ ਆਈ। ਅੰਦਰ ਵਿਸ਼ਵਾਸ਼ ਨਹੀਂ ਆਇਆ। ਕਹਿੰਦਾ ਹੈ ਕਿ ਮੈਂ ਤਾਂ ਕੁਛ ਨਹੀਂ ਕਰਦਾ। ਤੂੰ ਤਾਂ ਸਭ ਕੁਛ ਕਰ ਰਿਹੈਂ। ਪ੍ਰਮੇਸ਼ਰ ਕਰ ਰਿਹੇ ਜੀ, ਜੋ ਕੁਛ ਹੋ ਰਿਹੈ ਪ੍ਰਮੇਸ਼ਰ ਕਰ ਰਿਹੈ। ਇਹ ਗੱਲ ਚੱਲਿਆ ਨਹੀਂ ਕਰਦੀ। ਉਹਦੀ ਬੇਇਜ਼ਤੀ ਕਰ ਦਿਓ ਕਦੇ ਵੀ ਨਹੀਂ ਕਹੇਗਾ ਕਿ ਪ੍ਰਮੇਸ਼ਰ ਕਰਦੈ, ਉਹ ਕਦੇ ਵੀ ਨਹੀਂ ਕਹੇਗਾ, ਕਹੇਗਾ ਫਲਾਣੇ ਨੇ ਮੇਰੀ ਬੇਇੱਜ਼ਤੀ ਕਰੀ ਹੈ। ਇਹ ਗੱਲ ਕਹਿਣ ਵਾਸਤੇ ਹੋਰ ਤਰ੍ਹਾਂ ਹੈ, ਅਨੁਭਵ ਵਾਸਤੇ ਹੋਰ ਤਰ੍ਹਾਂ ਹੈ।

ਸੋ ਸਾਡੀ ਜੋ ਪਰਤੀਤ ਹੈ ਉਹ limit (ਸੀਮਾ) 'ਚ ਹੈ। ਬਹੁਤ ਥੋੜ੍ਹੀ ਪਰਤੀਤ ਹੈ।

ਸ੍ਰੀ ਗੁਰੂ ਅੰਗਦ ਸਾਹਿਬ ਮਹਾਰਾਜ ਨੇ ਪੁੱਛਿਆ ਭਾਈ ਬਾਲਾ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਸੱਤਾਂ ਦੀਪਾਂ, ਨੌਆਂ ਖੰਡਾਂ, ਜਿੱਥੇ ਤਕ ਆਬਾਦੀਆਂ ਸੀ, ਮਨੁੱਖ ਸੀ, ਉਥੇ ਤਕ ਤੁਸੀਂ ਗਏ ਹੋਂ। ਅਸੀਂ ਤਾਂ ਇਸ ਤਰ੍ਹਾਂ ਸਮਝਦੇ ਹਾਂ। ਬਾਕੀ ਚਾਹੇ ਕੁਛ ਵੀ ਕਹੇ ਕਿ ਗੁਰੂ ਸਾਹਿਬ ਤਾਸ਼ਕੰਦ ਤਕ ਗਏ, ਕੋਈ ਕਿਥੇ ਤੱਕ ਕਹੇ। ਜਿੱਥੇ ਤਕ ਮਨੁੱਖ ਸੀ ਉਥੇ ਤੱਕ ਗਏ, ਭਾਈ ਗੁਰਦਾਸ ਜੀ ਨੇ ਕਿਹੈ। ਜਿਥੇ ਤੱਕ ਧਰਤੀ ਸੀ ਮਹਾਰਾਜ ਹਰ ਥਾਂ ਗਏ। ਫੇਰ ਉਹ ਅਗਲਾ ਸਵਾਲ ਕਰਦੇ ਨੇ ਕਿ ਗੁਰੂ ਸਾਹਿਬ ਉਥੇ ਆਪਣਾ ਖਿਆਲ ਕਿਵੇਂ ਦਸਦੇ ਸੀ, ਬਾਣੀ ਕਿਵੇਂ ਕਹਿੰਦੇ ਸੀ?

ਬਾਣੀ ਪੰਜਾਬੀ 'ਚ ਨਹੀਂ ਸੀ ਸਾਧਸੰਗਤ ਜੀ! ਕਾਹਬੇ 'ਚ ਜਾ ਕੇ ਗੁਰੂ ਮਹਾਰਾਜ ਓਹੀ ਬੋਲੀ ਬੋਲਦੇ ਸੀ। ਜੇ ਅਗਾਂਹਾਂ ਚਲੇ ਗਏ ਤਾਸ਼ਕੰਦ ਵਲ ਉਥੇ ਓਹੀ ਬੋਲੀ ਬੋਲਦੇ ਸੀ। ਜੇ ਲੰਕਾ 'ਚ ਚਲੇ ਗਏ, ਅਸੀਂ ਤਾਂ ਬੋਲੀ ਸਮਝਦੇ ਨਹੀਂ, ਗੁਰੂ ਨਾਨਕ ਪਾਤਸ਼ਾਹ ਨੇ ਕਿਵੇਂ ਰਾਜਾ ਸ਼ਿਵਨਾਭ ਨੂੰ ਸਮਝਾਇਆ। ਉਥੇ ਕੋਈ ਇੰਟਰਪਰੈਟਰ ਤਾਂ ਕੋਈ ਨਾਲ ਨਹੀਂ ਸੀ ਲੈ ਕੇ ਜਾਂਦੇ। ਗੱਲ ਕੀ ਸੀ?

ਅਸੀਂ ਸਮਝ ਨਹੀਂ ਸਕਦੇ ਇਨ੍ਹਾਂ ਗੱਲਾਂ ਨੂੰ। ਤੰਗਦਿਲੀ ਹੈ ਸਾਡੀ, ਥੋੜ੍ਹੀ ਜਾਣਕਾਰੀ ਹੋਣ ਕਰਕੇ ਅਸੀਂ ਇਨ੍ਹਾਂ ਗੱਲਾਂ ਨੂੰ ਨਾ ਸਮਝ ਕੇ ਗੁਰੂ ਸਾਹਿਬ ਨੂੰ ਨੇੜੇ ਜਿਹੇ ਹੀ ਮੋੜ ਲੈਂਦੇ ਹਾਂ ਕਿ ਇਥੇ ਕੁ ਤਕ ਹੀ ਬੋਲੀ ਇਨ੍ਹਾਂ ਦੀ ਸਮਝ ਆਉਂਦੀ ਹੈ। ਤਿੱਬਤ 'ਚ ਚਲੇ ਜਾਓ, ਭੁਟਾਨ 'ਚ ਚਲੇ ਜਾਓ, ਚਾਈਨਾ 'ਚ ਚਲੇ ਜਾਓ, ਉਥੇ ਵੀ ਗੁਰੂ ਮਹਾਰਾਜ ਨੇ ਬਚਨ ਕਰੇ ਨੇ। ਇਸ਼ਾਰਿਆਂ ਨਾਲ ਤਾਂ ਨਹੀਂ ਨਾ ਕਰੇ। ਫੇਰ ਬੋਲੀ ਕਿਵੇਂ ਬੋਲੀ।

ਹਰ ਬੰਦੇ ਦੇ ਅੰਦਰ ਬੋਲੀ ਹੈ। ਦੋ ਪੁਆਇੰਟਾਂ ਤਕ ਅਸੀਂ ਸਾਰੀ ਬੋਲੀ ਸਮਝਦੇ ਹਾਂ। ਕੁੱਤਿਆਂ, ਬਿੱਲਿਆਂ, ਸੂਰਾਂ, ਸੱਪਾਂ, ਪਸ਼ੂਆਂ ਦੀ ਬੋਲੀ ਅਸੀਂ ਸਮਝਦੇ ਹਾਂ। ਇਕ ਪਰਾ ਬੋਲੀ ਹੈ, ਇਕ ਪਸੰਤੀ ਬੋਲੀ ਹੈ, ਇਥੇ ਤਕ ਅਸੀਂ ਸਮਝਦੇ ਹਾਂ। ਦੋ ਬੋਲੀਆਂ ਨਹੀਂ ਸਾਨੂੰ ਆਉਂਦੀਆਂ। ਇਕ ਮਧਮਾ ਨਹੀਂ ਆਉਂਦੀ, ਇਕ ਬੈਖਰੀ ਨਹੀਂ ਆਉਂਦੀ। ਇਕ ਵਿਦਿਆ ਹੈ ਯੋਗ ਦੀ, ਜਿਹਨੂੰ ਸਰਬ ਯੋਗ ਵਿਦਿਆ ਕਹਿੰਦੇ ਨੇ। ਇਹ ਟਾਵੇਂ-ਟਾਵੇਂ ਮਹਾਂਪੁਰਸ਼ਾਂ ਨੂੰ ਇਸ ਦਾ ਗਿਆਨ ਹੈ, ਸਾਰੇ ਨਹੀਂ ਜਾਣਦੇ। ਡਾ. ਸਵਾਮੀ ਰਾਮ ਜੀ ਨੇ ਆਪਣੀ ਪੁਸਤਕ 'ਚ ਲਿਖਿਆ ਹੈ ਕਿ ਬੋਲੀ ਕੋਈ ਮੁਸ਼ਕਲ ਨਹੀਂ ਹੋਇਆ ਕਰਦੀ। ਸਰਬ ਯੋਗ ਵਿਦਿਆ ਜਿਸ ਨੇ ਕੀਤੀ ਹੈ, ਉਹ ਹਰ ਬੋਲੀ ਬੋਲ ਲੈਂਦਾ ਹੈ। ਇਥੇ ਹੀ ਆਪਣੇ ਰਤਵਾੜਾ ਸਾਹਿਬ ਸਮਾਗਮ ਵਿਚ ਡਾ. ਵੇਦ ਭਾਰਤੀ ਜੀ ਨੇ ਕਿਹਾ ਸੀ ਕਿ ਮੈਂ ਪੀ.ਐਚ.ਡੀ ਕਰਨ ਵਾਸਤੇ ਹਾਲੈਂਡ ਚਲਿਆ ਗਿਆ। ਉਹ ਯੋਗੀ ਸੀ। ਵਿਦਿਆ ਸਿੱਖੇ ਹੋਏ ਸੀ, ਸਿਰਫ ਦੱਸ ਬੰਦੇ ਨੇ ਭਾਰਤ ਦੇ ਵਿਚ ਜਿਨ੍ਹਾਂ ਨੂੰ ਇਸ ਵਿਦਿਆ ਦਾ ਗਿਆਨ ਹੈ, ਬਹੁਤੇ ਨਹੀਂ ਹੈਗੇ।

ਕਹਿੰਦੇ, ਤੁਹਾਨੂੰ ਬੋਲੀ ਤਾਂ ਆਉਂਦੀ ਨਹੀਂ ਹੈ। ਉਹ ਕਹਿੰਦੇ, ਬੋਲੀ ਦੀ ਸਾਨੂੰ ਕੋਈ ਸਮੱਸਿਆ ਨਹੀਂ ਹੁੰਦੀ, ਇਕ ਹਫਤੇ ਦੇ ਵਿਚ ਅਸੀਂ ਤੁਹਾਡੇ ਵਾਂਗੂੰ ਹੀ ਬੋਲਣ ਲਗ ਜਾਂਦੇ ਹਾਂ। ਬੋਲੀ ਅੰਦਰੋਂ ਆਉਂਦੀ ਹੈ। ਇਕ ਐਸੀ ਸਟੇਜ ਹੈ ਕੋਈ ਵੀ ਬੋਲੀ, ਦੁਨੀਆਂ ਦੀ, ਬੋਲ ਸਕਦੇ ਹੋ। ਕਹਿਣ ਲੱਗੇ ਮੈਂ ਇਕ ਹਫਤਾ ਯੋਗ ਕੀਤਾ, ਉਸ ਤੋਂ ਬਾਅਦ ਜਦੋਂ ਮੈਂ ਬੋਲਿਆ ਤਾਂ ਉਹ ਕਹਿੰਦੇ, ਤੂੰ ਤਾਂ ਸਾਡੇ ਤੋਂ ਜ਼ਿਆਦਾ ਜਾਣਦਾ ਹੈਂ। ਕਹਿੰਦੇ ਫੇਰ ਮੈਂ ਉਥੇ ਪੀਐਚ.ਡੀ ਕਰੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸਭ ਕੁਛ ਜਾਣਦੇ ਸੀ। ਸੋ ਉਨ੍ਹਾਂ ਨੂੰ ਸਾਰੀ ਦੁਨੀਆਂ ਦੀਆਂ ਬੋਲੀਆਂ ਸਮਝ 'ਚ ਆਉਂਦੀਆਂ ਸੀ। ਕਹਿੰਦੇ ਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਫੇਰ ਪੰਜਾਬੀ ਭਾਸ਼ਾ 'ਚ ਕਿਉਂ ਲਿਖਿਆ। ਉਹ ਇਸ ਕਰਕੇ ਕਿ ਇਥੇ ਬਹੁਤਾ ਪ੍ਰਚਾਰ ਚਾਹੀਦਾ ਹੈ। ਉਥੇ ਫੇਰੀ ਸੀ। ਵੱਡਿਆਂ-ਵੱਡਿਆਂ ਨੂੰ ਸਮਝਾ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਹੈੱਡ ਕੁਆਰਟਰ ਪੰਜਾਬ 'ਚ ਬਣਾਇਆ। ਜੇ ਕਿਤੇ ਪਹਾੜ 'ਚ ਬਣਾ ਲੈਂਦੇ, ਚਾਈਨਾ 'ਚ ਬਣਾ ਲੈਂਦੇ, ਫੇਰ ਇਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਚਾਈਨਜ਼ 'ਚ ਹੋਣਾ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜਿੱਥੇ ਤਕ ਸ੍ਰਿਸ਼ਟੀ ਸੀ ਸਾਰੇ ਥਾਂ 'ਤੇ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ, ਭਾਈ ਬਾਲਾ! ਤੁਸੀਂ ਨਾਲ ਗਏ ਹੋ ਉਨ੍ਹਾਂ ਦੇ, ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਭਾਈ ਬਾਲਾ ਜੀ ਕਹਿਣ ਲੱਗੇ, ਪਾਤਸ਼ਾਹ ਉਹ ਤਾਂ ਪੂਰਨ ਸੰਤ ਸਨ। ਮਹਾਰਾਜ ਕਹਿਣ ਲੱਗੇ, ਅੱਛਾ ਭਾਈ ਤੂੰ ਵੀ ਸੰਤ ਹੋਇਆ।

ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕੀ ਸਮਝਦੇ ਰਹੇ?

ਕਹਿੰਦੇ, ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਮਹਾਰਾਜ ਕਹਿੰਦੇ, ਤੁਸੀਂ ਬ੍ਰਹਮਗਿਆਨੀ ਹੋਏ।

ਹੋਰਾਂ ਨੂੰ ਪੁੱਛਿਆ, ਆਪਣਾ-ਆਪਣਾ ਸਾਰਿਆਂ ਨੇ ਵਿਸ਼ਵਾਸ਼ ਦੱਸਿਆ। ਅਖੀਰ ਸਾਰਿਆਂ ਨੇ ਇਕੱਠੇ ਹੋ ਕੇ ਗੁਰੂ ਮਹਾਰਾਜ ਜੀ ਨੂੰ ਪੁੱਛਿਆ ਕਿ ਮਹਾਰਾਜ! ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ।

ਉਸ ਵੇਲੇ ਆਪ ਬਹੁਤ ਗੰਭੀਰ ਅਵਸਥਾ 'ਚ ਚਲੇ ਗਏ। ਕਾਫੀ ਦੇਰ ਚੁੱਪ ਰਹਿਣ ਤੋਂ ਬਾਅਦ ਆਪ ਨੇ ਫੁਰਮਾਨ ਕੀਤਾ ਕਿ ਪਿਆਰਿਓ! ਸ੍ਰੀ ਗੁਰੂ ਨਾਨਕ ਪਾਤਸ਼ਾਹ-

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ***
***ਨਾਨਕ ਭੇਦ ਨਾ ਭਾਈ।***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***

***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ- 442***

ਕਹਿਣ ਲੱਗੇ ਪਿਆਰਿਓ! ਉਹ ਤਾਂ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ- 1395***

ਉਹ ਤਾਂ ਆਪ ਹੀ ਨਿਰੰਕਾਰ ਸੀ, ਵਾਹਿਗੁਰੂ ਜੀ ਸਨ। ਐਨਾ ਕਹਿਣ ਦੀ ਦੇਰ ਸੀ, ਸਾਰਿਆਂ ਨੇ ਨਮਸ਼ਕਾਰ ਕੀਤੀ ਤੇ ਕਿਹਾ ਪਾਤਸ਼ਾਹ! ਤਾਂਹੀ ਤੁਸੀਂ ਪ੍ਰਮੇਸ਼ਰ ਰੂਪ ਬਣ ਗਏ।

ਕਿਉਂਕਿ ਭਰੋਸਾ ਹੈ ਕਿਸੇ ਦਾ ਕਿਸੇ ਡਿਗਰੀ ਤੇ, ਕਿਸੇ ਦਾ ਕਿਸੇ ਡਿਗਰੀ 'ਤੇ, ਕਿਸੇ ਦਾ ਹੈ ਹੀ ਨਹੀਂ। ਕਿਸੇ ਦਾ ਡੋਲਣ ਵਾਲਾ ਹੈ ਕਿ ਜੇ ਮੈਂ ਇਸ ਤਰ੍ਹਾਂ ਨਾ ਕਰਿਆ, ਗੁਰੂ ਆ ਕੇ ਕਿੱਥੋਂ ਕਰ ਦਏਗਾ। ਸੋ ਜਿਨ੍ਹਾਂ ਦੇ ਹਿਰਦੇ 'ਚ ਪ੍ਰਤੀਤ ਹੈ ਉਨ੍ਹਾਂ ਨੂੰ ਨਾਮ ਚਿੱਤ ਆਉਂਦਾ ਹੈ। ਜਿਨ੍ਹਾਂ ਦੇ ਅੰਦਰ ਪਰਤੀਤ ਨਹੀਂ ਹੈ-

***ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥***

***ਅੰਗ- 591***

ਸ਼ਬਦ ਦੇ ਨਾਲ ਪਿਆਰ ਨਾ ਲੱਗਿਆ, ਸਤਿਗੁਰ ਦੀ ਪਰਤੀਤ ਨਾ ਆਈ। ਨਾਸਤਕ ਜਿਹੀਆਂ ਕਿਤਾਬਾਂ ਪੜ੍ਹ ਕੇ ਇਕ ਮਨੁੱਖ ਦੇ ਰੂਪ ਵਿਚ ਗੁਰੂ ਨੂੰ ਦੇਖਦੇ ਰਹੇ। ਕਹਿੰਦੇ, ਫੇਰ ਉਹ ਕੀ ਸੁਖ ਭਾਲਦੈ?

***ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥***

***ਅੰਗ- 591***

ਜਿੰਨਾਂ ਜੀਅ ਕਰਦੈ ਰੁਮਾਲੇ ਚਾੜ੍ਹੀ ਜਾਓ, ਜਿੰਨਾਂ ਜੀਅ ਕਰਦੈ ਚੌਰ ਕਰੀ ਜਾਓ, ਜਿੰਨਾਂ ਜੀਅ ਕਰਦੈ ਮੱਥੇ ਟੇਕੀ ਜਾਓ, ਪਿਆਰਿਆ! ਨਹੀਂ ਪਰਤੀਤ ਤੋਂ ਬਗੈਰ ਤੇਰਾ ਸਬੰਧ ਜੁੜਨਾ ਗੁਰੂ ਦੇ ਨਾਲ। ਪਰਤੀਤ ਨਾ ਹੋਵੇ ਕੁਛ ਨਹੀਂ ਬਣਦਾ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਲਾਹੌਰ ਗਏ ਹੋਏ ਨੇ, ਸੰਗਤਾਂ ਆਉਂਦੀਆਂ ਨੇ, ਦਰਸ਼ਨ ਮੇਲੇ ਕਰਦੀਆਂ ਨੇ ਤੇ ਆਪਣੇ ਜੀਵਨ ਦਾ ਪੱਥ ਪਰਦਰਸ਼ਨ ਹਾਸਿਲ ਕਰਕੇ ਭਜਨ ਬੰਦਗੀ 'ਚ ਲਗ ਜਾਂਦੀਆਂ ਨੇ। ਉਥੇ ਹੀ ਇਕ ਗੁਰਸਿੱਖ ਜਿਸ ਦਾ ਨਾਮ ਛੱਜੂ ਸੀ, ਭਾਈ ਛੱਜੂ ਜੀ, ਉਹਦਾ ਵਣਜ ਵਪਾਰ ਬੜਾ ਜ਼ਬਰਦਸਤ ਚਲਦਾ ਸੀ। ਲੇਕਿਨ ਪੈਸੇ ਵਿਚ ਭੁੱਲਿਆ ਹੋਇਆ ਨਹੀਂ ਸੀ। ਪਰਮੇਸ਼ਰ ਨੂੰ ਯਾਦ ਰੱਖਣ ਵਾਲਾ, ਗੁਰੂ ਨੂੰ ਯਾਦ ਰੱਖਣ ਵਾਲਾ। ਆਪ ਦੀ ਈਮਾਨਦਾਰੀ ਦੂਰ-ਦਰਾਜ਼ ਤਕ ਖੁਸ਼ਬੂ ਫੈਲੀ ਹੋਈ ਸੀ ਕਿ ਉਨ੍ਹਾਂ ਦੇ ਪਾਸ ਲੋਕ ਅਮਾਨਤਾਂ ਰੱਖ ਜਾਇਆ ਕਰਦੇ ਸੀ ਤੇ ਸਮੇਂ ਸਿਰ ਲੈ ਜਾਇਆ ਕਰਦੇ ਸੀ।

ਇਕ ਕੋਈ ਜਮਾਲ ਨਾਮ ਦਾ ਪਠਾਣ ਸੀ, ਫੌਜ ਦੇ ਵਿਚ ਸੀ। ਉਸ ਨੂੰ ਦੱਸਿਆ ਗਿਆ ਕਿ ਕੱਲ੍ਹ ਨੂੰ ਫੌਜ ਨੇ ਅਫ਼ਗਾਨਿਸਤਾਨ ਵਲ ਜਾਣੈ,

ਸਾਰੇ ਤਿਆਰੀ ਕਰ ਲਓ। ਉਸ ਦੇ ਪਾਸ ਕੋਈ ਸਵਾ ਕੁ ਸੌ ਮੋਹਰ ਸੋਨੇ ਦੀ ਸੀ। ਦੇਖਿਆ ਉਸ ਨੇ ਕਿ ਜੇ ਮੈਂ ਘਰ ਵਿਚ ਰੱਖਿਆ ਤਾਂ ਚੋਰ ਲੈ ਜਾਣਗੇ। ਹੋਵੇ ਨਾ ਤਾਂ ਮੈਂ ਛੱਜੂ ਜੀ ਕੋਲ ਰੱਖ ਜਾਵਾਂ। ਖੈਰ, ਬਟੂਆ ਲਿਆਇਆ ਤੇ ਮੋਹਰਾਂ ਨਾਲ ਭਰਿਆ ਹੋਇਆ ਹੈ। ਕਹਿਣ ਲੱਗਿਆ, ਭਗਤ ਜੀ! ਮੈਂ ਲੜਾਈ 'ਚ ਜਾ ਰਿਹਾ ਹਾਂ। ਆਹ ਮੇਰੀ ਅਮਾਨਤ ਰੱਖ ਲਓ। ਜੇ ਤਾਂ ਮੈਂ ਜੀਉਂਦਾ ਆ ਗਿਆ ਤਾਂ, ਤਾਂ ਤੁਸੀਂ ਮੈਨੂੰ ਵਾਪਸ ਮੋੜ ਦਿਓ। ਜੇ ਮੈਂ ਚੜ੍ਹਾਈ ਕਰ ਗਿਆ ਤਾਂ ਅੱਲਾਹ ਦੇ ਨਾਮ 'ਤੇ ਇਹ ਪੈਸਾ ਖਰਚ ਦਿਓ। ਪਰਮੇਸ਼ਰ ਦੇ ਲੇਖੇ ਵਿਚ ਲਾ ਦਿਓ ਇਹ ਧਨ ਜੋ ਮੇਰੇ ਪਾਸ ਹੈ।

ਕਹਿਣ ਲੱਗੇ, ਰੱਖ ਜਾ ਭਾਈ, ਬੰਦੇ ਬਹੁਤ ਸਾਰੇ ਸੀ। ਭਾਈ ਛੱਜੂ ਨੇ ਚੁੱਕਿਆ ਤੇ ਇਕ ਪੇਟੀ ਦੇ ਵਿਚ ਰੱਖ ਦਿਤਾ। ਲੜਾਈ ਹੋਈ ਤਾਂ ਛੇ ਮਹੀਨੇ ਤੋਂ ਬਾਅਦ ਭਾਈ ਜਮਾਲ ਵਾਪਸ ਆ ਜਾਂਦੈ। ਇਸ ਨੇ ਆ ਕੇ ਮੰਗਿਆ ਕਿ ਭਗਤ ਜੀ! ਮੇਰਾ ਬਟੂਆ ਦਿਓ ਮੋਹਰਾਂ ਵਾਲਾ?

ਬਿਲਕੁਲ ਦਿਮਾਗ 'ਚੋਂ ਨਿਕਲ ਗਿਆ ਭਾਈ ਛੱਜੂ ਜੀ ਦੇ। ਕਹਿਣ ਲੱਗੇ, ਕਦੋਂ ਰੱਖਿਆ ਸੀ।

ਉਹ ਕਹਿਣ ਲੱਗਿਆ, ਛੇ ਮਹੀਨੇ ਹੋ ਗਏ। ਮੁਨੀਮਾਂ ਨੂੰ ਹੁਕਮ ਦੇ ਦਿਤਾ ਕਿ ਰਜਿਸਟਰ ਅਮਾਨਤਾਂ ਵਾਲਾ ਲਿਆਓ। ਉਹਦੇ ਵਿਚ ਟੋਲ੍ਹੋ ਸਾਰੇ। ਉਹ ਸਾਰੇ ਟੋਲ੍ਹਿਆ ਪਤਾ ਹੀ ਨਾ ਲੱਗਿਆ।

ਕਹਿਣ ਲੱਗੇ, ਤੇਰਾ ਨਾਉਂ ਤਾਂ ਹੈ ਨਹੀਂ ਇੱਥੇ?

ਉਹ ਕਹਿੰਦਾ, ਮੈਂ ਤਾਂ ਦੇ ਕੇ ਗਿਆ ਹਾਂ।

ਕਹਿੰਦੇ, ਮੈਂ ਤਾਂ ਅਮਾਨਤ ਉਸੇ ਵੇਲੇ ਲਿਖ ਲੈਂਦਾ ਹਾਂ। ਮੇਰੇ ਰਜਿਸਟਰ 'ਚ ਨਹੀਂ ਲਿਖਿਆ ਹੋਇਆ। ਅਖੀਰ ਰੌਲਾ ਪੈ ਗਿਆ ਥੋੜ੍ਹਾ। ਉਸ ਵੇਲੇ ਲੋਕ ਇਕੱਠੇ ਹੋ ਗਏ। ਲੋਕ ਕਹਿਣ ਲੱਗੇ ਕਿ ਭਾਈ ਛੱਜੂ ਜੀ ਤਾਂ ਕਦੇ ਵੀ ਗਲਤ ਨਹੀਂ ਬੋਲਦੇ। ਹੋ ਸਕਦਾ ਹੈ ਪਠਾਣ ਭੁੱਲ ਗਿਆ ਹੋਵੇ।

ਪਰ ਜਦੋਂ ਉਹ ਜ਼ਿਆਦਾ ਕਹੇ, ਫੇਰ ਕਹਿਣ ਕਿ ਗੱਲ ਤਾਂ ਕੋਈ ਨਾ ਕੋਈ ਹੋਣੀ ਹੈ। ਹੋ ਸਕਦਾ ਹੈ ਛੱਜੂ ਜੀ ਭੁੱਲ ਗਏ ਹੋਣ, ਉਹ ਆਪਣੇ ਰਿਕਾਰਡ ਦੇ ਆਧਾਰ 'ਤੇ ਕਹੀ ਜਾਂਦੇ ਨੇ ਕਿ ਮੇਰੇ ਕੋਲ ਹੈ ਨਹੀਂ।

ਉਹਨੂੰ ਪਤਾ ਸੀ ਉਹਦਾ ਪੈਸਾ ਸੀ ਕਿ ਮੈਂ ਦੇ ਕੇ ਗਿਆਂ। ਸੋ ਅਖੀਰ ਜਦੋਂ ਫੈਸਲਾ ਨਾ ਹੋਇਆ ਕੋਈ ਵੀ ਕਈ ਦਿਨ ਲੰਘ ਗਏ, ਉਸ ਤੋਂ ਬਾਅਦ ਉਸ ਨੇ ਨਵਾਬ ਦੇ ਪਾਸ ਲਿਖਤੀ ਸ਼ਿਕਾਇਤ ਕਰ ਦਿਤੀ। ਜਦੋਂ ਉਹਨੇ ਭਾਈ ਛੱਜੂ ਦਾ ਨਾਉਂ ਪੜ੍ਹਿਆ। ਕਹਿਣ ਲੱਗਿਆ, ਇਕ ਤਾਂ ਉਹ ਹੈ ਗੁਰੂ ਦਾ ਸਿੱਖ। ਗੁਰੂ ਦਾ ਸਿੱਖ ਕਦੇ ਝੂਠ ਨਹੀਂ ਬੋਲਦਾ। ਗੁਰੂ ਦਾ ਸਿੱਖ ਕਦੇ ਵੀ ਪਰਾਈ ਅਮਾਨਤ ਨਹੀਂ ਰੱਖ ਸਕਦਾ, ਦੱਬਦਾ ਨਹੀਂ ਹੈ। ਮੈਂ ਜਾਣਦਾ ਹਾਂ ਕਿ ਇਨ੍ਹਾਂ ਦਾ ਜੀਵਨ ਬਹੁਤ ਸੱਚਾ-ਸੁੱਚਾ ਹੈ। ਬਹੁਤ

ਉੱਚਾ ਜੀਵਨ ਹੈ ਇਨ੍ਹਾਂ 'ਤੇ ਤਾਂ ਸ਼ੱਕ ਵੀ ਨਹੀਂ ਕੀਤਾ ਜਾ ਸਕਦਾ।

ਗੁਰੂ ਮਹਾਰਾਜ ਦੇ ਵੇਲੇ ਇਕ ਸਿੱਖ ਸੀ ਮੁਲਤਾਨ ਦੇ ਅੰਦਰ ਉਹ ਬੜਾ ਅਮੀਰ, ਕਾਰੋਬਾਰ ਬਹੁਤ ਚੱਲੇ। ਭਾਈ ਤਾਰਾ ਸੀ ਉਹਦਾ ਨਾਉਂ। ਇਕ ਵਾਰੀ ਐਸਾ ਹੋਇਆ, ਉਥੇ ਡਾਕਾ ਪਿਆ। ਕੋਤਵਾਲ ਉਹਦੇ ਨਾਲ ਲਗਦਾ ਸੀ। ਉਹਨੂੰ ਜਿਸ ਵਕਤ ਲੋਕਾਂ ਨੇ ਦਸਿਆ ਕਿ ਇਹ ਤਾਰਾ ਹੈ। ਉਹਨੇ ਇਹਨੂੰ ਫੜ ਲਿਆ। ਫੜਿਆ ਹੋਇਆ ਝੂਠਾ ਕੇਸ ਬਣਾ ਦਿਤਾ। ਝੂਠੇ ਗਵਾਹ, ਪੁਲਿਸ ਵਾਲਿਆਂ ਦੇ। ਨਵਾਬ ਦੇ ਕੋਲ ਮੁਕੱਦਮਾ ਚੱਲਿਆ। ਉਹਨੇ ਕਿਹਾ ਕਿ ਐਨਾ ਅਮੀਰ ਆਦਮੀ ਹੈ ਇਹਨੇ ਡਾਕਾ ਕੀ ਮਾਰਨੈ ਫੇਰ ਦੂਸਰਾ ਗੁਰੂ ਦਾ ਸਿੱਖ ਹੈ ਇਹ। ਮੁਕੱਦਮਾ ਜਦੋਂ ਉਹਦੇ ਕੋਲ ਚਲਿਆ ਗਿਆ ਤਾਂ 80 ਗਵਾਹੀਆਂ ਇੰਕੁਆਰੀ ਕਰਨ ਵਾਲੇ ਨੇ ਨਾਲ ਜੋੜ ਦਿਤੀਆਂ। ਕਾਜ਼ੀ ਨੇ ਅੱਗੇ ਭੇਜ ਦਿਤਾ ਕਿ ਇਹਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਕੁੱਤਿਆਂ ਤੋਂ ਪੜਵਾ ਦੇਣਾ ਚਾਹੀਦਾ ਹੈ। ਨਵਾਬ ਫੈਸਲਾ ਨਹੀਂ ਕਰਦਾ।

ਕਹਿਣ ਲੱਗੇ, ਨਵਾਬ ਸਾਹਿਬ! ਤੁਸੀਂ ਫੈਸਲਾ ਕਿਉਂ ਨਹੀਂ ਕਰਦੇ।

ਕਹਿਣ ਲੱਗੇ, ਕਾਜ਼ੀ ਸਾਹਿਬ! ਠੀਕ ਹੈ ਗਵਾਹੀਆਂ ਦੇ ਮੁਤਾਬਿਕ ਮੈਨੂੰ ਫੈਸਲਾ ਕਰ ਦੇਣਾ ਚਾਹੀਦੈ। ਪਰ ਮੈਂ ਇਹ ਕਰ ਨਹੀਂ ਸਕਦਾ ਕਿਉਂਕਿ ਇਹ ਗੁਰੂ ਦਾ ਸਿੱਖ ਹੈ ਤੇ ਗੁਰੂ ਦਾ ਸਿੱਖ ਕਦੇ ਵੀ ਇਹੋ ਜਿਹਾ ਕੰਮ ਨਹੀਂ ਕਰਦਾ, ਕਾਨੂੰਨ ਨੂੰ ਕਦੇ ਵੀ ਆਪਣੇ ਹੱਥ ਵਿਚ ਨਹੀਂ ਲੈਂਦਾ। ਇਹ ਮੇਰਾ ਪੱਕਾ ਵਿਸ਼ਵਾਸ਼ ਹੈ। ਗੁਰੂ ਨਾਨਕ ਦਾ ਸਿੱਖ ਇਹ ਗੱਲ ਨਹੀਂ ਕਰ ਸਕਦਾ। ਗੁਰੂ ਅਰਜਨ ਪਾਤਸ਼ਾਹ ਦਾ ਸਿੱਖ ਇਹ ਗੱਲ ਨਹੀਂ ਕਰ ਸਕਦਾ। ਇਹ ਤਾਂ ਔਗੁਣ ਇਨ੍ਹਾਂ ਵਿਚ ਹੈ ਹੀ ਨਹੀਂ। ਨਾ ਇਹ ਝੂਠ ਬੋਲਣ, ਨਾ ਪਰਾਈ ਇਸਤਰੀ ਵਲ ਵੇਖਣ, ਨਾ ਇਹ ਕਿਸੇ ਨੂੰ ਤੰਗ ਕਰਨ। ਨਾ ਇਹ ਕਦੇ ਝੂਠੀਆਂ ਗਵਾਹੀਆਂ ਦੇਣ, ਨਾ ਕਿਸੇ ਦਾ ਮਾਲ ਖੋਹਣ। ਇਹ ਤਾਂ ਆਪਣਾ ਵੀ ਦਿੰਦੇ ਨੇ। ਇਹਨਾਂ ਦੇ ਤਾਂ ਗੁਰੂ ਨੇ ਕਿਹੈ ਕਿ –

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੌਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*** ***ਨਸੀਹਤਨਾਮਾ***

ਕਹਿਣ ਲੱਗੇ, ਇਹ ਗੱਲ ਹੋ ਨਹੀਂ ਸਕਦੀ।

ਕਹਿਣ ਲੱਗੇ, ਨਵਾਬ ਸਾਹਿਬ! ਫੈਸਲਾ ਤਾਂ ਕਰਨਾ ਪੈਣੈ। ਏਧਰ ਜਾਂ ਓਧਰ, ਛੱਡ ਸਕਦੇ ਨਹੀਂ ਕਾਨੂੰਨ ਦੇ ਮੁਤਾਬਿਕ। ਜਦੋਂ 80 ਗਵਾਹੀਆਂ ਹੋ ਗਈਆਂ। ਕਹਿਣ ਲੱਗਿਆ, ਭਾਈ ਤਾਰੇ! ਤੇਰੀ ਵੀ ਕੋਈ ਗਵਾਹੀ ਹੈ?

ਕਹਿਣ ਲੱਗਿਆ, ਮੇਰੀ ਤਾਂ ਮੇਰਾ ਗੁਰੂ ਗਵਾਹੀ ਹੈ, ਹੋਰ ਕੋਈ

ਨਹੀਂ। ਮੇਰੀ ਗਵਾਹੀ ਸੱਚ ਹੈ, ਜਿਸ 'ਤੇ ਮੈਂ ਵਿਸ਼ਵਾਸ਼ ਕਰਦਾ ਹਾਂ। ਸੱਚ ਮੇਰੀ ਸਹਾਇਤਾ ਕਰੇਗਾ।

ਕਹਿਣ ਲੱਗੇ, ਤੂੰ ਕੁਛ ਕਹਿਣਾ ਵੀ ਨਹੀਂ ਚਾਹੁੰਦਾ?

ਕਹਿੰਦਾ, ਕੀ ਕਹਾਂ?

ਕਹਿੰਦੇ, ਗਵਾਹੀ ਨਹੀਂ ਦੇ ਸਕਦਾ?

ਕਹਿੰਦਾ, ਗਵਾਹੀ ਦਿਤੀ ਤਾਂ ਕੋਤਵਾਲ ਸਾਹਿਬ ਮਗਰ ਪੈ ਜਾਣਗੇ। ਕਿਹਦੇ 'ਚ ਹਿੰਮਤ ਹੈ ਕਿ ਕੋਤਵਾਲ ਸਾਹਿਬ ਦਾ ਕੇਸ ਬਣਾਇਆ ਹੋਵੇ ਤੇ ਗਵਾਹੀ ਦੂਜੀ ਤਰ੍ਹਾਂ ਦੇ ਦੇਵੇ। ਹਾਂ ਜੇ ਤੁਸੀਂ, ਪੁੱਛਣਾ ਚਾਹੋ ਤਾਂ ਮੈਂ ਸੈਂਕੜੇ ਗਵਾਹੀਆਂ ਲਿਆ ਦੇਨਾਂ। ਪਰ ਇਹ ਮੁਸ਼ਕਲ ਹੈ, ਕਿਉਂਕਿ ਐਨਾ ਕਿਸੇ 'ਚ ਦਮ ਨਹੀਂ ਹੈ ਕਿ ਸੱਚ ਬੋਲ ਸਕੇ। ਸੱਚ ਬੋਲਣ ਵਾਲੇ ਨੂੰ ਨਵਾਬ ਸਾਹਿਬ! ਬਹੁਤ ਕੀਮਤ ਦੇਣੀ ਪੈਂਦੀ ਹੈ। ਸੋ ਇਸ ਕਰਕੇ ਇਹ ਬੜੀ ਭਾਰੀ ਮਜ਼ਬੂਰੀ ਹੈ, ਇਹ ਬਾਤ ਹੋ ਨਹੀਂ ਸਕਦੀ। ਬਾਕੀ ਮੈਂ ਤਿਆਰ ਹਾਂ ਜੋ ਕੁਛ ਮੇਰੀ ਕਿਸਮਤ 'ਚ ਲਿਖਿਆ ਹੋਵੇਗਾ। ਵਰਤ ਹੀ ਜਾਣੈ ਭਾਣਾ।

ਕਹਿੰਦੇ, ਭਾਈ ਤਾਰੇ! ਅਸੀਂ 15 ਦਿਨ ਦੀ ਤੈਨੂੰ ਮੋਹਲਤ ਦਿੰਦੇ ਹਾਂ। ਮਨ ਬਣਾ ਲੈ ਕੋਈ ਗਵਾਹੀ ਟੋਲ੍ਹ ਲੈ ਤੇ ਗਵਾਹੀਆਂ ਦੇ-ਦੇ।

ਕਹਿਣ ਲੱਗਿਆ, ਚੰਗਾ ਤੁਹਾਡੀ ਮਿਹਰਬਾਨੀ, 15 ਦਿਨ ਵਾਸਤੇ ਤਰੀਕ ਅੱਗੇ ਪਾ ਦਿਤੀ ਤੇ ਇਹ ਅੰਦਰ ਹੀ ਅੰਦਰ ਗੁਰੂ ਮਹਾਰਾਜ ਕੋਲ ਅਰਦਾਸਾਂ ਕਰਦੈ ਕਿ ਸੱਚੇ ਪਾਤਸ਼ਾਹ! ਜੇ ਸੰਸਾਰ 'ਚ ਹੈ ਕੋਈ ਤਾਂ ਤੁਸੀਂ ਹੀ ਹੋ ਮੇਰੇ, ਹੋਰ ਮੇਰਾ ਕੋਈ ਨਹੀਂ ਸੰਸਾਰ 'ਤੇ। 15ਵੇਂ ਦਿਨ ਜਦੋਂ ਪੇਸ਼ੀ ਹੋਈ।

ਨਵਾਬ ਦੇ ਕੋਲ ਫਾਈਲ ਆ ਗਈ। ਕਾਜ਼ੀ ਵੀ ਖੜ੍ਹਾ ਹੈ ਤੇ ਕੋਤਵਾਲ ਵੀ ਖੜ੍ਹਾ ਹੈ। ਜ਼ੋਰ ਪਾ ਰਹੇ ਨੇ ਕਿ ਮਹਾਰਾਜ! ਇਹਦਾ ਫੈਸਲਾ ਕਰੋ। ਫੈਸਲਾ ਹੋਣਾ ਚਾਹੀਦੈ।

ਜਦੋਂ ਇਹਦੀ ਸਫ਼ਾਈ ਦਾ ਗਵਾਹ ਇਕ ਵੀ ਨਹੀਂ ਆਇਆ। ਇਹ ਆਪ ਵੀ ਗਵਾਹੀ ਦੇਣ ਨੂੰ ਤਿਆਰ ਨਹੀਂ। ਫੇਰ ਤਾਂ ਫੈਸਲਾ ਹੋਣਾ ਚਾਹੀਦਾ ਹੈ।

ਕਹਿਣ ਲੱਗੇ, ਭਾਈ ਤਾਰੇ! ਦੇਖ ਕਾਨੂੰਨ ਇਹ ਕਹਿੰਦੈ ਕਿ ਤੈਨੂੰ ਗੱਡ ਕੇ ਧਰਤੀ 'ਚ ਕੁੱਤਿਆਂ ਤੋਂ ਪੜਵਾ ਦੇਈਏ। ਦੇਖ ਲੈ, ਜੇ ਕੋਈ ਬਣਦੈ ਗਵਾਹ ਤੇਰਾ ਤਾਂ ਲੈ ਆ। ਮੈਂ ਸੁਣਾਂਗਾ।

ਕਹਿਣ ਲੱਗਾ ਕਿ ਮੇਰਾ ਗਵਾਹ ਤਾਂ ਇਸ ਵੇਲੇ ਮੇਰਾ ਸਤਿਗੁਰੂ ਹੈ ਹੋਰ ਹੈ ਨਹੀਂ ਕੋਈ। ਮੈਨੂੰ ਪੂਰਨ ਭਰੋਸਾ ਹੈ ਕਿ ਸੱਚ ਨੂੰ ਆਂਚ ਨਹੀਂ ਆਉਂਦੀ।

ਨਵਾਬ ਨੇ ਕਲਮ ਚੁੱਕ ਲਈ ਲਿਖਣ ਲੱਗਿਆ ਸਜ਼ਾ। ਐਨੇ ਨੂੰ ਇਕ ਸਾਂਢਣੀ ਸਵਾਰ ਉਤਰਿਆ, ਉਤਰ ਕੇ ਆ ਕੇ ਉਹ ਅੰਦਰ ਵੜਿਆ, ਸਲੂਟ ਕਰਿਆ ਉਸਨੇ, ਸਿਜਦਾ ਕਰਿਆ।

ਕਹਿਣ ਲੱਗਿਆ, ਮਹਾਰਾਜ! ਮੈਨੂੰ ਬਹੁਤ ਛੇਤੀ ਭੇਜਿਆ ਹੈ ਠਾਣੇਦਾਰ ਨੇ, ਨਾਲ ਲਗਦੇ ਜ਼ਿਲੇ ਵਾਲਿਆਂ ਨੇ ਕਿ ਤੇ ਮੈਨੂੰ ਆਹ ਪਰਵਾਨਾ ਦਿਤੈ ਤੇ ਮੈਨੂੰ ਇਹ ਕਿਹੈ ਕਿ ਤੂੰ ਇਕ ਦਮ ਜਾਈਂ, ਕੋਈ ਬੇਗੁਨਾਹ ਨਾ ਮਾਰਿਆ ਜਾਵੇ।

ਨਵਾਬ ਨੇ ਖੋਲ੍ਹਿਆ, ਖੋਲ੍ਹ ਕੇ ਪੜ੍ਹਿਆ ਕਿ ਤਾਰਾ ਡਾਕੂ ਫੜਿਆ ਗਿਆ ਤੇ ਉਹਦੇ ਕਬਜ਼ੇ ਦੇ ਵਿਚੋਂ ਜਿਹੜੀ ਮੁਲਤਾਨ ਚੋਰੀ ਹੋਈ ਹੈ, ਉਹਦਾ ਵੀ ਸਮਾਨ ਨਿਕਲ ਆਇਆ ਤੇ ਸਾਨੂੰ ਇਹ ਪਤਾ ਲੱਗਿਐ ਕਿ ਕੋਈ ਬੰਦਾ ਇਥੇ ਨਿਰਦੋਸ਼ਾ ਫੜਿਆ ਗਿਆ, ਉਹਦੇ ਖਿਲਾਫ ਬੇਅੰਤ ਗਵਾਹੀਆਂ ਵੀ ਭੁਗਤ ਗਈਆਂ। ਨਵਾਬ ਸਾਹਿਬ! ਫੈਸਲਾ ਕਰਨ ਤੋਂ ਪਹਿਲਾਂ ਆਹ ਬਾਤ ਜੋ ਮੈਂ ਲਿਖੀ ਹੈ ਇਹਨੂੰ ਤੁਸੀਂ ਵਿਚਾਰ ਲਓ।

ਨਵਾਬ ਤਾਂ ਪਹਿਲਾਂ ਹੀ ਚਾਹੁੰਦਾ ਸੀ। ਉਸ ਵੇਲੇ ਕਹਿਣ ਲੱਗਿਆ, ਇਥੇ ਹਾਜ਼ਰ ਕਰੋ ਉਹਨੂੰ। ਹਾਜ਼ਰ ਕਰਿਆ, ਤਾਂ ਉਹਨੇ ਮੰਨਿਆ ਕਿ ਹਾਂ ਮੈਂ ਚੋਰੀ ਕਰੀ ਸੀ। ਕੋਤਵਾਲ ਨੂੰ ਕਿਹਾ, ਕਾਜ਼ੀ ਨੂੰ ਕਿਹਾ ਕਿ ਤੁਸੀਂ ਤਾਂ ਇਕ ਬੇਗੁਨਾਹ ਬੰਦਾ ਫਸਾ ਦਿਤਾ ਸੀ?

ਕਹਿਣ ਲੱਗੇ, ਹਜ਼ੂਰ! ਇਹੋ ਜਿਹੇ ਕੰਮ ਕਰਦਿਆਂ ਬੇਗੁਨਾਹ ਮਰ ਹੀ ਜਾਇਆ ਕਰਦੇ ਨੇ।

ਕਹਿੰਦੇ ਤੂੰ ਤਾਂ 80 ਗਵਾਹੀਆਂ ਭੁਗਤਾ ਦਿਤੀਆਂ ਇਹਦੇ ਖਿਲਾਫ਼ ਤੇ ਮੇਰਾ ਵਿਸ਼ਵਾਸ਼ ਸੀ ਕਿ ਬਾਬੇ ਨਾਨਕ ਦਾ ਸਿੱਖ ਕਦੇ ਵੀ ਐਸਾ ਕੰਮ ਨਹੀਂ ਕਰ ਸਕਦਾ।

ਕਾਜ਼ੀ ਨੂਰਦੀਨ ਆਇਆ ਸੀ ਇਥੇ ਅਹਿਮਦਸ਼ਾਹ ਦੇ ਨਾਲ। ਉਹਨੇ ਜੰਗ ਦੇਖੀ। ਜਾ ਕੇ ਆਪਣੇ ਦੇਸ਼ ਦੇ ਵਿਚ ਲਿਖਦੈ ਕਿ ਇਹ ਲੋਕ ਜੋ ਹਨ ਇਹਨਾਂ ਨੂੰ 'ਸਗ' ਨਾ ਕਹੋ, 'ਸਗ' ਦਾ ਮਤਲਬ ਕੁੱਤਾ ਹੁੰਦੈ। ਇਹ ਸੱਚਮੁੱਚ ਸਿੰਘ ਨੇ, ਇਹਨਾਂ 'ਚ ਬੜੇ ਗੁਣ ਨੇ। ਜੇ ਕਿਸੇ ਦਾ ਸ਼ਸਤਰ ਟੁੱਟ ਜਾਵੇ, ਉਹਦੇ ਉਤੇ ਵਾਰ ਨਹੀਂ ਕਰਦੇ। ਲੜਦੇ-ਲੜਦੇ ਹਟ ਜਾਂਦੇ ਨੇ। ਜੇ ਕੋਈ ਇਹਨਾਂ ਦੀ ਸ਼ਰਨ ਲੈ ਲਵੇ ਉਹਨੂੰ ਮਾਰਦੇ ਹੀ ਨਹੀਂ ਹਨ। ਜੇ ਕੋਈ ਬਿਮਾਰ ਹੋਵੇ ਉਹਦੇ ਉਤੇ ਸ਼ਸਤਰ ਨਹੀਂ ਚਲਾਉਂਦੇ, ਬੁੱਢੇ ਦੇ ਉਤੇ ਬਿਲਕੁਲ ਹੀ ਨਹੀਂ ਚਲਾਉਂਦੇ, ਔਰਤ 'ਤੇ ਵੀ ਨਹੀਂ ਚਲਾਉਂਦੇ, ਸੁੱਤੇ ਪਏ ਬੰਦੇ 'ਤੇ ਨਹੀਂ ਚਲਾਉਂਦੇ। ਬੱਚੇ ਨੂੰ ਇਹ ਨਹੀਂ ਮਾਰਦੇ ਤੇ ਹਰ ਵਕਤ ਕੁਛ ਕਲਾਮ ਪੜ੍ਹਦੇ ਰਹਿੰਦੇ ਨੇ।

***ਦੇਖਿ ਪਰਾਈਆ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ।***

ਦੂਸਰੀ ਔਰਤ ਦੀ ਇਜ਼ਤ ਕਰਦੇ ਨੇ। ਇਹ ਬਹੁਤ ਚੰਗੇ ਬੰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਨਵਾਬ ਕਹਿਣ ਲੱਗਿਆ, ਇਹ ਗੱਲ

ਗਲਤ ਹੈ, ਛੱਡ ਦਿਤਾ ਗਿਆ ਉਸ ਨੂੰ ਤੇ ਏਧਰ ਜੋ ਨਵਾਬ ਹੈ ਲਾਹੌਰ ਵਾਲਾ, ਉਹ ਕਹਿੰਦਾ ਮੈਂ ਨਹੀਂ ਇਹ ਗੱਲ ਮੰਨ ਸਕਦਾ ਕਿ ਭਾਈ ਛੱਜੂ ਨੇ ਅਮਾਨਤ ਦੱਬ ਲਈ ਹੋਵੇ। ਗੁਰੂ ਦਾ ਸਿੱਖ ਇਹ ਗੱਲ ਕਰ ਹੀ ਨਹੀਂ ਸਕਦਾ ਕਦੇ। ਇਹ ਮੈਨੂੰ ਅੰਦਰੋਂ ਆਵਾਜ਼ ਆਉਂਦੀ ਹੈ। ਉਸ ਵੇਲੇ ਜਮਾਲ ਕਹਿੰਦੈ ਹੈ ਬਾਰ-ਬਾਰ ਕਿ ਮਹਾਰਾਜ ਮੈਂ ਆਪਣੇ ਹੱਥ ਨਾਲ ਇਹਦੇ ਕੋਲ ਰੱਖ ਕੇ ਗਿਆ ਹਾਂ। ਫੈਸਲਾ ਕੋਈ ਨਜ਼ਰ ਨਹੀਂ ਆਉਂਦਾ ਕਿ ਕੀ ਕੀਤਾ ਜਾਵੇ।

ਉਸ ਵੇਲੇ ਕੁਦਰਤ ਤੋਂ ਫੈਸਲਾ ਕਰਾਇਆ ਕਰਦੇ ਸੀ। ਕਹਿਣ ਲੱਗੇ, ਚੰਗਾ, ਪਰਸੋਂ ਨੂੰ ਸਾਰੀ ਪਬਲਿਕ ਦੇ ਸਾਮ੍ਹਣੇ ਕੜਾਹੀ 'ਚ ਪਾ ਕੇ ਤੇਲ ਉਬਾਲਿਆ ਜਾਵੇਗਾ, ਦੋ ਰੁਪਏ ਉਹਦੇ ਵਿਚ ਸੁੱਟੇ ਜਾਣਗੇ ਤੇ ਉਬਲਦੇ ਤੇਲ ਵਿਚੋਂ ਕੱਢਣੇ ਨੇ। ਜਿਹਦਾ ਹੱਥ ਸੜ ਗਿਆ, ਉਹ ਝੂਠਾ, ਜਿਹਦਾ ਹੱਥ ਨਾ ਸੜਿਆ, ਉਹ ਸੱਚਾ।

ਉਹ ਸੱਚਾ ਸੀ ਜਮਾਲ। ਭਾਈ ਛੱਜੂ ਸੋਚਦੈ ਕਿ ਮੇਰੇ ਜਦ ਕਿਤੇ ਲਿਖਿਆ ਹੀ ਨਹੀਂ ਹੋਇਆ, ਇਹ ਗਲ ਗਲਤ ਹੈ, ਮੈਂ ਕੋਈ ਜਾਣ ਕੇ ਥੋੜ੍ਹਾ ਰਖਦਾਂ ਅਮਾਨਤ। ਹੋ ਸਕਦੈ ਇਹਨੂੰ ਭੁਲੇਖਾ ਲਗ ਗਿਆ ਹੋਵੇ। ਆਪਣੀ ਥਾਂ ਦੋਵੇਂ ਸੱਚੇ ਸੀ।

ਸਾਰੇ ਸਾਧੂਆਂ ਨੂੰ ਬੁਲਾ ਲਿਆ, ਸੂਫੀ ਆ ਗਏ, ਹਿੰਦੂ ਸੰਤ ਸਾਰੇ ਆ ਗਏ। ਸਾਡੇ ਸ਼ਹਿਰ ਦੇ ਚੌਧਰੀ ਆ ਗਏ, ਆਮ ਜਨਤਾ ਨੂੰ ਕਹਿ ਦਿਤਾ ਕਿ ਦੂਰ ਘੇਰਾ ਬਣਾ ਕੇ ਦੇਖੋ। ਕੁਦਰਤ ਕੀ ਇਨਸਾਫ ਕਰਦੀ ਹੈ। ਉਸ ਵੇਲੇ ਦੋਹਾਂ ਨੂੰ ਹੁਕਮ ਹੁੰਦੈ ਕਿ ਐਨੇ ਵਜੇ ਤੁਸੀਂ ਹਾਜ਼ਰ ਹੋਵੋ। ਏਧਰ ਭਾਈ ਛੱਜੂ ਜੀ, ਆਪਣੀ ਗੁਰੂ ਮਹਾਰਾਜ ਦੇ ਚਰਨਾਂ 'ਚ ਲਿਆਉਂਦੇ ਨੇ। ਗੁਰੂ ਪੰਜਵੇਂ ਪਾਤਸ਼ਾਹ ਦਾ ਧਿਆਨ ਧਰ ਕੇ ਆਪ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਤੁਸੀਂ ਤਾਂ ਜਾਣਦੇ ਹੋਂ। ਇਸ ਵੇਲੇ ਮੇਰਾ ਕੋਈ ਨਹੀਂ, ਜੇ ਮੈਂ ਝੂਠਾ ਹਾਂ ਤਾਂ ਵੀ ਮੇਰੀ ਰੱਖਿਆ ਕਰੋ। ਜੇ ਮੈਂ ਸੱਚਾ ਹਾਂ ਤਾਂ ਵੀ ਤੁਸੀਂ ਮੇਰੀ ਰੱਖਿਆ ਕਰੋ ਤੇ ਇਸ ਇਮਤਿਹਾਨ 'ਚੋਂ ਮੈਨੂੰ ਸਫਲਤਾ ਪ੍ਰਾਪਤ ਕਰਾ ਦਿਓ।

***ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,***
***ਤੇਰੀ ਆਸ ਰੱਖੀ ਮਾਲਕਾ।***

***ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥***

***ਅੰਗ- 624***

ਇਕ ਚਿੱਤ, ਇਕ ਮਨ ਹੋ ਕੇ ਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੈ ਗੁਰਸਿੱਖ। ਓਧਰ ਉਹਨੇ ਵੀ ਅੱਖਾਂ ਮੀਚੀਆਂ ਹੋਈਆਂ ਨੇ, ਸਿਜਦਾ ਕਰਦਾ ਹੈ। ਸਮਾਂ ਹੋ ਗਿਆ, ਹੁਕਮ ਹੋਇਆ ਕਿ ਦੋਵੇਂ ਜਣੇ ਕੜਾਹੇ ਦੇ ਨੇੜੇ ਆਓ। ਵੱਡੀ ਕੜਾਹੀ ਦੇ ਨੇੜੇ ਦੋਵੇਂ ਜਣੇ ਆ ਗਏ। ਇਕ ਰੁਪਿਆ ਏਧਰੋਂ ਪਾਇਆ ਗਿਆ, ਇਕ ਉਧਰੋਂ ਪਾਇਆ ਗਿਆ। ਹੁਕਮ ਹੋਇਆ ਕਿ ਇਹਨਾਂ ਨੂੰ ਕੱਢੋ ਬਾਹਰ। ਜਿਸ ਦਾ ਹੱਥ ਜਲ ਜਾਏਗਾ ਉਹ ਝੂਠਾ,

ਜਿਸਦਾ ਹੱਥ ਨਾ ਜਲਿਆ ਉਹ ਸੱਚਾ। ਉਸ ਵੇਲੇ ਗੁਰੂ ਅਰਜਨ ਪਾਤਸ਼ਾਹ ਦਾ ਧਿਆਨ ਧਰ ਕੇ, ਭਾਈ ਛੱਜੂ ਜੀ ਨੇ ਹੱਥ ਪਾਇਆ ਤੇ ਰੁਪਿਆ ਇਸ ਤਰ੍ਹਾਂ ਕੱਢ ਲਿਆ ਜਿਵੇਂ ਠੰਢੇ ਬਰਫ਼ ਵਰਗੇ ਪਾਣੀ ਵਿਚੋਂ ਕੋਈ ਚੀਜ਼ ਕੱਢ ਲਈ ਜਾਂਦੀ ਹੈ। ਓਧਰ ਉਹਨੇ ਹੱਥ ਪਾਇਆ, ਇਕ ਦਮ ਹੱਥ ਪਾਉਂਦੇ ਸਾਰ ਚੀਕ ਮਾਰੀ। ਹੱਥ 'ਤੇ ਛਾਲੇ ਪੈ ਗਏ ਮਾਸ ਜਲ ਗਿਆ। ਉੱਚੀ ਦੇ ਕੇ ਬੋਲਿਆ, ਓ ਖ਼ੁਦਾ! ਤੂੰ ਚੰਗਾ ਨਹੀਂ ਕਰਿਆ, ਮਾੜਾ ਕਰਿਆ। ਤੂੰ ਸੱਚੇ ਨੂੰ ਝੂਠਾ ਬਣਾ ਦਿਤਾ ਤੇ ਝੂਠੇ ਨੂੰ ਤੂੰ ਸੱਚਾ ਬਣਾ ਦਿਤਾ। ਬਹੁਤ ਰੋਇਆ, ਬੜਾ ਅਫਸੋਸ ਕਰਿਆ ਕਿ ਮੇਰੀ ਨਾ ਸੁਣੀ ਗਈ। ਪਤਾ ਨਹੀਂ ਕਿਉਂ ਖ਼ੁਦਾ ਕਾਫ਼ਰਾਂ ਦਾ ਪੱਖ ਕਰਨ ਲੱਗ ਗਿਆ। ਇਹ ਵੀ ਪੱਖਵਾਦ ਹੋ ਗਿਆ। ਉਸ ਤੋਂ ਬਾਅਦ ਬੜੀ ਇੱਜ਼ਤ ਹੋਈ ਭਾਈ ਛੱਜੂ ਦੀ। ਦੁਨੀਆਂ ਆਉਂਦੀ ਹੈ ਬੇਅੰਤ, ਪਰ ਉਹਦੇ ਕੋਲ ਇਕ ਢੇਰ ਲਾਇਆ ਹੋਇਐ ਮਿੱਟੀ ਦਾ। ਜਦੋਂ ਕੋਈ ਗੱਲ ਕਰਦੈ, ਭਾਈ ਦੇਖੋ, ਤੇਰੀ ਕਿੱਡੀ ਵੱਡੀ ਇੱਜ਼ਤ ਰਹਿ ਗਈ। ਇਕ ਚੁਟਕੀ ਭਰਦੈ ਤੇ ਸੁੱਟ ਦਿੰਦੈ ਦੂਜੇ ਪਾਸੇ। ਕਿਸੇ ਨੂੰ ਇਹ ਗੱਲ ਸਮਝ 'ਚ ਨਹੀਂ ਆਈ।

ਅਖੀਰ ਚਾਰ ਦਿਨ ਲੰਘਣ ਤੋਂ ਬਾਅਦ ਆਮ ਚੈਕਿੰਗ ਕਰਨੀ ਸੀ। ਸਾਰੀ ਚੈਕਿੰਗ ਕਰਦੇ-ਕਰਦੇ ਇਕ ਥਾਂ ਸਾਧਾਰਣ ਜਿਹੇ ਥਾਂ ਤੋਂ ਉਹਦਾ ਪਰਸ ਨਿਕਲ ਆਇਆ। ਗਿਣਿਆ ਤਾਂ 125 ਮੋਹਰ।

ਕਹਿਣ ਲੱਗੇ, ਇਹ ਤਾਂ ਉਹਦੀ ਹੈ। ਬਹੁਤ ਹੈਰਾਨੀ ਹੋਈ। ਉਸੇ ਵੇਲੇ ਲੈ ਕੇ ਤੁਰ ਪਿਆ। ਜਦੋਂ ਉਹਦੇ ਘਰ ਗਿਆ ਤਾਂ ਹਾਏ-ਹਾਏ ਦੀ ਆਵਾਜ਼ ਆਉਂਦੀ ਹੈ, ਹੱਥ ਬੰਨ੍ਹਿਆ ਹੋਇਐ। ਆਵਾਜ਼ਾਂ ਦਿੰਦੈ ਇਹ ਕਿ ਭਾਈ ਜਮਾਲ! ਭਾਈ ਜਮਾਲ। ਦਰਵਾਜ਼ਾ ਖੁਲ੍ਹਿਆ, ਨੀਵੀਂ ਪਾਈ ਹੋਈ ਹੈ, ਕਹਿਣ ਲੱਗੇ, ਭਾਈ ਜਮਾਲ! ਆਹ ਗਲਤੀ ਦੇ ਨਾਲ, ਤੇਰਾ ਜਿਹੜਾ ਬਟੂਆ ਸੀ, ਇਹ ਫਲਾਣੇ ਥਾਂ ਰੱਖ ਹੋ ਗਿਆ ਤੇ ਅੱਜ ਸਫਾਈ ਕਰੀ ਹੈ, ਦੀਵਾਲੀ ਵਾਸਤੇ ਸਫੇਦੀ ਕਰਾਉਣੀ ਹੈ, ਸਮਾਨ ਸਾਰਾ ਬਾਹਰ ਕੱਢਿਆ ਹੈ, ਉਹਦੇ ਵਿਚੋਂ ਨਿਕਲ ਆਇਆ। ਇਹ ਆਪਣਾ ਸਾਂਭ।

ਉਹ ਕਹਿਣ ਲੱਗਿਆ, ਭਾਈ ਛੱਜੂ! ਹੁਣ ਮੈਂ ਕੀ ਸਾਂਭਣੈ? ਜਦੋਂ ਖ਼ੁਦਾ ਨੇ ਹੀ ਤੇਰਾ ਬਣਾ ਦਿਤਾ। ਹੁਣ ਮੇਰੇ ਸਾਂਭਣ ਦਾ ਕੋਈ ਫਾਇਦਾ ਨਹੀਂ। ਪਰ ਇਕ ਗੱਲ ਹੈ ਮੈਂ ਤੇਰੇ ਗੁਰੂ ਕੋਲ ਜਾਣਾ ਚਾਹੁੰਦਾ ਹਾਂ, ਮੈਨੂੰ ਉਥੇ ਲੈ ਚੱਲ।

ਗੁਰੂ ਮਹਾਰਾਜ ਦੇ ਚਰਨ ਸ਼ਰਨ ਆ ਕੇ ਦੋਹਾਂ ਨੇ ਨਮਸ਼ਕਾਰ ਕਰੀ।

ਕਹਿਣ ਲੱਗਿਆ, ਪੀਰ ਜੀ! ਮੈਂ ਇਕ ਸਵਾਲ ਕਰਨਾ ਹੈ, ਰੱਬ ਇਕ ਹੈ ਕਿ ਦੋ ਨੇ?

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਜਮਾਲ! ਰੱਬ ਤਾਂ ਇੱਕੋ ਹੀ ਹੈ। ਓਹੀ ਹਿੰਦੂ ਦਾ ਹੈ, ਓਹੀ ਮੁਸਲਮਾਨ ਦਾ ਹੈ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫੇਰ ਮੇਰਾ ਹੱਥ ਕਿਉਂ ਜਲਿਆ?

ਤੇ ਇਹਦਾ ਕਿਉਂ ਨਾ ਜਲਿਆ?

ਕਹਿਣ ਲੱਗੇ, ਭਾਈ ਜਮਾਲ! ਇਹਦਾ ਹੱਥ ਇਸ ਤਰ੍ਹਾਂ ਨਹੀਂ ਜਲਿਆ ਕਿ ਇਸ ਨੇ ਗੁਰੂ ਦੀ ਸ਼ਰਨ ਲਈ, ਦੇਗ ਸੁੱਖੀ, ਗੁਰੂ ਇਹਦੀ ਪਿੱਠ 'ਤੇ ਹੋ ਗਿਆ, ਗੁਰੂ ਨੂੰ ਪਤਾ ਸੀ ਕਿ ਇਸ ਬੰਦੇ ਦੇ ਯਾਦ ਨਹੀਂ ਹੈ। ਇਹਨੇ ਬੇਈਮਾਨੀ ਨਹੀਂ ਕਰਨੀ। ਜੇ ਇਹ ਬੇਈਮਾਨ ਹੁੰਦਾ ਤਾਂ ਤੈਨੂੰ ਹੁਣ ਕਿਉਂ ਦੇਣ ਜਾਂਦਾ। ਫੇਰ ਤਾਂ ਰੱਖ ਹੀ ਲੈਣਾ ਸੀ, ਜਦੋਂ ਫੈਸਲਾ ਇਹਦੇ ਹੱਕ 'ਚ ਹੋ ਗਿਆ। ਇਹ ਭੁੱਲ ਗਿਆ ਸੀ। ਭੁੱਲੇ ਦਾ ਭਰੋਸਾ ਸੀ ਕਿ ਮੇਰਾ ਗੁਰੂ ਮੇਰੀ ਰਾਖੀ ਕਰੇਗਾ। ਸੋ ਗੁਰੂ ਦਾ ਫਰਜ਼ ਹੈ ਕਿ ਜੋ ਭਰੋਸਾ ਰੱਖਦੈ ਉਹਦੀ ਰਾਖੀ ਕਰਨੀ ਹੀ ਕਰਨੀ ਹੈ ਗੁਰੂ ਨੇ ਤੇ ਪਿਆਰਿਆ! ਤੂੰ ਕੀਹਦੀ ਅਰਦਾਸ ਕਰਦਾ ਸੀ, ਪਤੈ ਤੈਨੂੰ? ਦੋ ਸਕਿੰਟ ਇਕ ਪੀਰ ਦੀ, ਦੂਜੇ ਸਕਿੰਟ ਦੂਜੇ ਦੀ, ਤੀਜੇ ਦੀ, ਚੌਥੇ, ਪੰਜਵੇਂ ਦੀ, ਛੇਵੇਂ ਦੀ। ਤੂੰ ਤਾਂ ਟਿਕਿਆ ਹੀ ਨਹੀਂ ਕਿਤੇ। ਤੇਰੇ ਮਨ 'ਚ ਭਰੋਸਾ ਨਹੀਂ ਸੀ ਬੱਝ ਰਿਹਾ। ਇਸ ਕਰਕੇ ਤੇਰੀ ਰਾਖੀ ਕਿਸੇ ਨੇ ਵੀ ਨਾ ਕਰੀ। ਤੇਲ ਨੇ ਤਾਂ ਜਾਲਣਾ ਹੀ ਜਾਲਣੈ। ਜਿਸ ਵਕਤ ਸੁਪਰ ਸ਼ਕਤੀਆਂ ਨੇ, ਜਦੋਂ ਉਨ੍ਹਾਂ ਨੂੰ ਧਿਆਉਂਦੈ, ਉਸ ਵੇਲੇ ਉਹ ਸਾਰਾ ਕਸ਼ਟ ਨਿਵਾਰ ਦਿੰਦੀਆਂ ਨੇ। ਸੋ ਪਰਤੀਤ ਤੋਂ ਬਗੈਰ ਰਸਤਾ ਨਹੀਂ ਤਹਿ ਹੋਇਆ ਕਰਦਾ-

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- 283***

ਜਿਹਦੇ ਹਿਰਦੇ 'ਚ ਪਰਤੀਤ ਆ ਗਈ, ਮਹਾਰਾਜ ਕਹਿੰਦੇ, ਉਨ੍ਹਾਂ ਦੀ ਪਦਵੀ ਉੱਚੀ ਹੋ ਗਈ। ਛੋਟੀ ਨਹੀਂ ਰਹੀ। ਉਨ੍ਹਾਂ ਨੂੰ ਸੰਸਾਰ ਪੂਜਦੈ, ਜਿਨ੍ਹਾਂ ਦੇ ਹਿਰਦੇ 'ਚ ਪਰਤੀਤ ਪੈਦਾ ਹੋ ਗਈ -

***ਪਰਤੀਤਿ ਹੀਐ ਆਈ ਜਿਨ ਜਨ ਕੈ***
***ਤਿਨ੍ ਕਉ ਪਦਵੀ ਉਚ ਭਈ ॥***
***ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ***
***ਕਾਮ ਕ੍ਰੋਧ ਕੀ ਬ੍ਰਿਥਾ ਗਈ ॥ ਅੰਗ- 1402***

ਜਿਸਦੇ ਮਨ ਵਿਚ ਵੀ ਪਰਤੀਤ ਹੈ, ਉਹਦੀ ਪਦਵੀ ਉੱਚੀ ਹੁੰਦੀ ਹੈ। ਭਰੋਸੇ ਨੂੰ ਫਲ ਲੱਗਿਆ ਕਰਦੈ। ਭਰੋਸੇ ਤੋਂ ਹੀਣਾ, ਜਿੰਨਾ ਜੀਅ ਕਰਦੈ, ਪਾਠ ਕਰੀ ਜਾਵੇ, ਕਿੰਨੇ ਨੇਕ ਕੰਮ ਕਰੀ ਜਾਵੇ, ਨਹੀਂ ਲੇਖੇ 'ਚ ਪੈਂਦੇ, ਕਿਉਂਕਿ ਅੰਦਰ ਪਰਤੀਤ ਹੀ ਨਹੀਂ ਹੈ। ਪਰਤੀਤ ਨਾ ਹੋਣ ਕਰਕੇ ਗੱਲ ਬਣਦੀ ਨਹੀਂ ਹੈ। ਜਿਹਦੇ ਹਿਰਦੇ 'ਚ ਪਰਤੀਤ ਹੈ, ਪ੍ਰਮੇਸ਼ਰ ਤਾਂ ਹਾਜ਼ਰ ਨਾਜ਼ਰ ਹੈ, ਸਭ ਦੇ ਨਾਲ ਹੈ। ਪਰ ਕੋਈ ਮੰਨਦੈ ਕਿ ਮੇਰੇ ਨਾਲ ਵਾਹਿਗੁਰੂ ਹੈ? ਕਿੰਨੇ ਕੁ ਬੰਦੇ ਨੇ ਜਿਨ੍ਹਾਂ ਨੂੰ ਇਹ ਯਾਦ ਰਹਿੰਦੈ। ਕਿੰਨੇ ਕੁ ਨੇ ਜਿਹੜੇ ਗੁਰੂ ਦੇ ਬਚਨ 'ਤੇ ਵਿਸ਼ਵਾਸ਼ ਕਰਦੇ ਨੇ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥***

*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ- 677*

ਕਿੰਨੇ ਕੁ ਨੇ ਜਿਹੜੇ ਇਸ ਗੱਲ 'ਤੇ ਵਿਸ਼ਵਾਸ਼ ਰਖਦੇ ਨੇ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- 293*

ਕਾਰਨ ਕੀ ਹੈ? ਪਰਤੀਤ ਨਹੀਂ ਹੈ। ਸੁਣਨ-ਸੁਣਨ ਦੇ ਵਿਚ ਫਰਕ ਹੋਇਆ ਕਰਦੈ। ਇਕ ਸੁਣਨਾ ਉਹ ਜਿਹੜਾ ਸੁਣ ਕੇ –

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ- 2*

ਇਕ ਸੁਣਨਾ ਉਹ ਹੈ ਜਿਹੜਾ ਅਸੀਂ ਸੁਣਦੇ ਹਾਂ। ਉਮਰਾਂ ਹੀ ਲੰਘ ਗਈਆਂ ਸਾਡੀਆਂ ਸੁਣਦਿਆਂ-ਸੁਣਦਿਆਂ ਦੀਆਂ।

ਪ੍ਰੋਗਰਾਮਾਂ ਤੋਂ ਬਾਅਦ ਮੈਂ ਕਈ ਵਾਰ ਕਿਹੈ ਕਿ ਮੈਂ ਦੋ-ਤਿੰਨ ਘੰਟੇ ਬੋਲਦਾ ਰਿਹਾਂ। ਕੋਈ ਪ੍ਰੇਮੀ ਉੱਠ ਕੇ ਪੰਜ ਮਿੰਟ ਦੱਸੋ ਕਿ ਕੀ ਕਿਹੈ? ਨਹੀਂ ਕਹਿ ਸਕਦੇ, ਕਿਉਂਕਿ ਸੁਣਨ ਦੀ ਜਿਹੜੀ ਡਿਗਰੀ ਹੈ, ਉਹ ਬੋਲਿਆਂ ਵਰਗੀ ਹੈ। ਸੁਣ ਨਹੀਂ ਰਿਹਾ। 100% ਗੱਲ ਜਿਹੜੀ ਸੁਣ ਲੈਂਦੇ, ਉਹ ਸਾਰੀ ਸਮਝ 'ਚ ਪੈ ਜਾਂਦੀ ਹੈ। ਸਾਡੀ ਸੁਣਨ ਦੀ ਡਿਗਰੀ ਬੜੀ ਘੱਟ ਹੈ ਤੇ ਅਗਾਂਹਾਂ ਜਿਹੜਾ ਹੈ, ਉਹ ਉਪਰ-ਉਪਰ ਰਹਿ ਜਾਂਦੈ, ਅੰਦਰ ਨਹੀਂ ਕਾਟ ਕਰਦਾ। ਅੰਦਰ ਕਾਟ ਕਰਦੈ। ਇਕ ਅਣਜਾਣ ਬੱਚਾ ਰਾਜਸਥਾਨ ਦਾ, ਉਹ ਸਾਧੂਆਂ-ਸੰਤਾਂ ਦੀ ਸੰਗਤ ਕਰਦੈ। ਜਦੋਂ ਵੀ ਕੋਈ ਮੰਡਲੀ ਆਉਂਦੀ ਹੈ ਤੇ ਆਪਣਾ ਕਾਰੋਬਾਰ ਕਰਕੇ, ਪਸ਼ੂ ਸੰਭਾਲ ਕੇ, ਉਹ ਸਮਾਂ ਜਿਸ ਵਕਤ ਰੱਖਿਆ ਹੁੰਦੈ ਕਿ ਰਾਤ ਨੂੰ ਸਤਿਸੰਗ ਹੋਏਗਾ। ਉਸ ਨੇ ਜ਼ਰੂਰ ਜਾਣਾ ਤੇ ਸਾਧੂਆਂ ਦੀ ਸੇਵਾ ਕਰਨੀ। ਜਲ ਪਾਣੀ ਦੀ ਸੇਵਾ ਕਰਨੀ। ਬਰਤਨ ਮਾਂਜਣੇ, ਹੋਰ ਸਾਧੂਆਂ ਦੇ ਬਰਤਨ ਵਗੈਰਾ ਧੋਣੇ ਤੇ ਬੜਾ ਪਿਆਰ ਕਰਨਾ ਤੇ ਮਹਾਂਪੁਰਸ਼ ਜਿਹੜੇ ਸੀ, ਉਹ ਆਪਣੇ ਬਚਨ ਕਰਦੇ ਰਹਿੰਦੇ ਸੀ ਤੇ ਉਹਨਾਂ ਨੇ ਕਿਹਾ ਕਿ ਜੋ ਪ੍ਰਮੇਸ਼ਰ ਦੀ ਭਗਤੀ ਕਰਦੈ, ਪ੍ਰਮੇਸ਼ਰ ਉਹਨੂੰ ਮਿਲਦੈ। ਕਲਜੁਗ ਦੇ ਅੰਦਰ ਸਾਰਿਆਂ ਨਾਲੋਂ ਪ੍ਰਵਾਨ ਜਿਹੜੀ ਚੀਜ਼ ਹੈ, ਉਹ ਭਗਤੀ ਹੈ ਤੇ ਨਾਲ ਮਿਸਾਲਾਂ ਦਿੰਦੇ ਨੇ ਕਿ ਜਿਹੜੇ ਛੋਟੇ-ਛੋਟੇ ਬੰਦੇ ਸੀ, ਉਹ ਵੀ ਬਹੁਤ ਵੱਡੇ-ਵੱਡੇ ਹੋ ਗਏ। ਜਿਸ ਵਕਤ ਉਹਨਾਂ ਨੇ ਪ੍ਰਮੇਸ਼ਰ ਨੂੰ ਆਪਣੇ ਹਿਰਦੇ 'ਚ ਵਸਾਇਆ। ਇਸ ਤਰ੍ਹਾਂ ਦੇ ਨਾਲ ਸੁਣਦੈ, ਪੜ੍ਹੋ ਪਿਆਰ ਨਾਲ –

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ।*

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥***

***ਅੰਗ- 487***

ਕਹਿੰਦੇ ਜਦੋਂ ਲੀਨ ਹੋ ਗਿਆ ਨਾ ਉਹਦਾ ਮਨ ਪ੍ਰਮੇਸ਼ਰ ਦੇ ਨਾਲ, ਤਦ ਰੂਪ ਹੋ ਗਿਆ, ਆਪਣੀ ਮੈਂ ਮਿਟ ਗਈ ਉਹਦੇ ਵਿਚੋਂ।

*ਧਾਰਨਾ - ਰੋਮ ਰੋਮ ਹਰਿ ਧਿਆਵੈ ਗੁਰਮੁਖ ਪਿਆਰੇ ਦਾ।*

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- 941***

ਸਾਢੇ ਤਿੰਨ ਕਰੋੜ ਰੋਮ 'ਚ (ਥਰਾਹਟ) vibration ਹੁੰਦੀ ਹੈ, ਸਾਰੇ ਸਰੀਰ 'ਚ। ਬੰਦਗੀ ਕਰਨ ਵਾਲੇ ਜਦੋਂ advance stages ਉੱਚੀਆਂ ਮੰਜ਼ਲਾਂ 'ਚ ਪਹੁੰਚ ਜਾਂਦੇ ਨੇ, ਉਨ੍ਹਾਂ ਨੂੰ ਇਹ ਚੀਜ਼ ਅਨੁਭਵ ਹੋਇਆ ਕਰਦੀ ਹੈ। ਬਾਕੀਆਂ ਨੂੰ ਤਾਂ ਸੁਣਨ ਸੁਣਾਉਣ ਦੀ ਬਾਤ ਹੀ ਹੈ। ਸੋ ਇਸ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਅਚਰਜ ਨੂੰ ਅਚਰਜ ਮਿਲੇ। ਉਹ ਜੋ ਵਾਹਿਗੁਰੂ ਹੈ ਕਬੀਰ ਸਾਹਿਬ ਦੀ ਸੁਰਤੀ ਨਾਲ ਮਿਲ ਗਈ ਜਾ ਕੇ ਤੇ ਝਰਨਾ ਝਰਨ ਲਗ ਗਿਆ ਅੰਮ੍ਰਿਤ ਦਾ, ਅਨਹਦ ਨਾਦ ਉਸੇ ਵੇਲੇ ਵੱਜ ਪਏ। ਐਨੀ ਮਸਤੀ ਆਈ ਕਿ ਫੇਰ ਪ੍ਰਮੇਸ਼ਰ ਦੇ ਨਾਮ ਤੋਂ ਪਿੱਛੇ ਨਹੀਂ ਹਟੇ। ਦਿਨ ਰਾਤ ਨਾਮ ਜਪਦੇ ਨੇ। ਆਪ ਉਪਦੇਸ਼ ਦਿੰਦੇ ਨੇ ਅਨੁਭਵ ਦਾ। ਕੋਈ ਵੇਦ ਸ਼ਾਸਤਰ ਪੜ੍ਹੇ ਨਹੀਂ ਸੀਗੇ ਆਪ ਨੇ। ਕਿਸੇ ਸਕੂਲ 'ਚ ਨਹੀਂ ਸੀ ਗਏ। ਸਾਰੀ ਵਿਦਿਆ ਆਦਮੀ ਦੇ ਅੰਦਰ ਹੈ। ਬਾਹਰੋਂ ਨਹੀਂ ਆਉਂਦੀ। ਬਾਹਰੋਂ ਤਾਂ ਲਿਮਟਿਡ ਵਿਦਿਆ ਹੋਇਆ ਕਰਦੀ ਹੈ। ਅਸਲ ਵਿਦਿਆ ਉਹ ਹੈ ਜਿਹੜੀ ਆਦਮੀ ਦੇ ਅਨੁਭਵ 'ਚੋਂ ਬਾਹਰ ਆਵੇ। ਦੇਖੋ ਅਨੁਭਵ ਕੋਈ ਅੰਨ੍ਹੀ ਚੀਜ਼ ਨਹੀਂ ਹੁੰਦੀ, ਉਥੇ ਪ੍ਰਕਾਸ਼ ਹੁੰਦੈ। ਬੋਲਣ ਵਾਲੇ ਨੂੰ ਨਾਲ ਦੀ ਨਾਲ ਜਿਵੇਂ ਫਿਲਮ ਹੁੰਦੀ ਹੈ, ਇਸ ਤਰ੍ਹਾਂ ਸਤਿ ਬਾਤ ਆਉਂਦੀ ਹੈ। ਗਲਤ ਬਾਤ ਉਥੇ ਚੱਲ ਨਹੀਂ ਸਕਦੀ ਕਿਉਂਕਿ ਸਤਿ ਦਾ ਮੰਡਲ ਹੈ ਉਹ। ਸਤਿ ਦੇ ਮੰਡਲ ਦੇ ਵਿਚੋਂ ਸਤਿ ਦੇ ਬਚਨ ਆਉਂਦੇ ਨੇ। ਉਨ੍ਹਾਂ ਦੀ ਬਾਣੀ ਸਮਝ 'ਚ ਨਹੀਂ ਆਉਂਦੀ। ਕਿੰਨੇ ਵਿਦਵਾਨ ਤਾਂ ਉਤਲੇ-ਉਤਲੇ ਹੀ ਹੁੰਦੇ ਨੇ, ਇਹ ਤਾਂ ਬੁੱਧੀ ਮੰਡਲ ਤੋਂ ਉਤੇ ਜਾਣਦੇ ਹੀ ਨਹੀਂ ਕੁਝ, ਤਾਂ ਹੀ ਇਨ੍ਹਾਂ ਨੂੰ ਬੁੱਧੀਜੀਵੀ ਕਹਿੰਦੇ ਨੇ। ਕੋਈ ਆਤਮਕ ਜੀਵੀ ਵੀ ਕਹਿੰਦੈ ਇਹਨਾਂ ਨੂੰ? ਬੁੱਧੀਜੀਵੀ ਕਹਿੰਦੇ ਨੇ। ਬੁੱਧੀ ਜਿਹੜੀ ਹੈ ਪਦਾਰਥ (matter) ਹੈ, ਇਹਦੀ ਸੀਮਾ ਹੈ, ਸੀਮਾ ਤੋਂ ਬਾਹਰ ਇਹ ਜਾ ਨਹੀਂ ਸਕਦੀ। ਜਿੰਨਾਂ ਪੜ੍ਹਿਆ ਹੈ, ਜਿੰਨਾਂ ਸੁਣਿਆ ਹੈ ਉਸ ਤੋਂ ਅੱਗੇ ਦਾ ਉਨ੍ਹਾਂ ਨੂੰ ਕੁਛ ਨਹੀਂ ਪਤਾ। ਇਹਨਾਂ ਨੂੰ ਫੇਰ ਬੁੱਧੀਜੀਵੀ ਕਹਿ ਦਿੰਦੇ ਨੇ। ਕਿਉਂਕਿ ਬੁੱਧ ਦੀ ਰੋਸ਼ਨੀ ਵਿਚ ਚੱਲਣ ਵਾਲੇ, ਬੁੱਧ ਦੀ ਰੋਸ਼ਨੀ ਹਨ੍ਹੇਰੇ ਵਾਲੀ ਹੁੰਦੀ ਹੈ, ਜਿਹੜੀ ਆਤਮਕ ਰੋਸ਼ਨੀ ਹੈ ਉਹ ਨਿਰਾ ਹੀ ਪ੍ਰਕਾਸ਼ ਹੁੰਦੈ। ਅਨੁਭਵ ਹੁੰਦੈ ਉਸ ਥਾਂ ਦੇ ਉਤੇ। ਉਹਦੇ ਨਾਲ ਹੀ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥ ਅੰਗ- 339***

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ- 8***

ਉਸ ਮੰਡਲ 'ਚ ਪਹੁੰਚਾ ਦਿਤੀ। ਉਪਦੇਸ਼ ਦਿੰਦੇ ਨੇ।

ਕਾਸ਼ੀ ਬ੍ਰਾਹਮਣਾਂ ਦਾ ਗੜ੍ਹ ਸੀਗਾ। ਕੱਟੜ ਬੰਦੇ ਕਦੇ ਗੱਲ ਹੋਣ ਦਿੰਦੇ ਨੇ ਕਿਸੇ ਦੀ। ਬਿਲਕੁਲ ਨਹੀਂ, ਉਹ ਤਾਂ ਅੰਨ੍ਹੇ ਹੁੰਦੇ ਨੇ। ਜਿੰਨਾਂ ਉਨ੍ਹਾਂ ਨੇ ਜਾਣਿਆ ਹੈ, ਉਸ ਤੋਂ ਅਗਾਂਹਾਂ ਨਾ ਕਿਸੇ ਨੂੰ ਲੰਘਣ ਦੇਣ, ਨਾ ਗੱਲ ਕਰਨ ਦੇਣ। ਘੇਰ ਹੁੰਦੈ ਇਕ ਉਸ ਵਿਚ ਆਪ ਕੈਦ ਹੁੰਦੇ ਨੇ ਤੇ ਦੂਸਰੇ ਨੂੰ ਕੈਦ ਕਰਦੇ ਨੇ। ਮਹਾਂਪੁਰਸ਼ ਜੇ ਉੱਚੀਆਂ ਗੱਲਾਂ ਕਰਦੇ ਨੇ ਤਾਂ ਉਨ੍ਹਾਂ ਦੀ, ਕਿਸੇ ਦੀ ਖੱਲ੍ਹ ਲਹਾ ਦਿਤੀ, ਕਿਸੇ ਨੂੰ ਸੂਲੀ 'ਤੇ ਚੜ੍ਹਾ ਦਿਤਾ, ਕਿਸੇ ਨੂੰ ਕੁਛ, ਕਿਸੇ ਨੂੰ ਕੁਛ। ਕਿਉਂਕਿ ਉਹ ਕਹਿੰਦੇ, ਇਸ ਤੋਂ ਅੱਗੇ ਨਹੀਂ ਹੈ ਕੁਛ ਵੀ।

ਇਕ ਵਾਰੀ ਮਾਨ ਸਰੋਵਰ ਤੋਂ ਹੰਸ ਆ ਗਿਆ, ਉਹ ਕਿਸੇ ਖੂਹ ਦੀ ਮੌਣ 'ਤੇ ਬੈਠ ਕੇ ਹੇਠਾਂ ਨੂੰ ਦੇਖਣ ਲੱਗ ਗਿਆ। ਡੱਡੂ ਨੇ ਪੁੱਛਿਆ ਕਿ ਤੂੰ ਕੌਣ ਹੈਂ? ਕਹਿੰਦਾ ਮੈਂ ਹੰਸ ਹਾਂ, ਮਾਣ ਸਰੋਵਰ ਤੋਂ ਆਇਆ ਹਾਂ। ਕਹਿੰਦਾ, ਕਿੱਡਾ ਕੁ ਵੱਡਾ ਹੈ ਉਹ? ਕਹਿੰਦਾ, ਬਹੁਤ ਵੱਡਾ ਹੈ, ਪਾਣੀ ਹੈ ਉਹ।

ਡੱਡੂ ਨੇ ਛਾਲ ਮਾਰੀ, ਚੌਥਾ ਹਿੱਸਾ ਖੂਹ ਦਾ ਟੱਪ ਕੇ, ਕਹਿੰਦਾ ਐਡਾ ਕੁ?

ਉਹ ਕਹਿੰਦਾ ਨਹੀਂ।

ਉਥੋਂ ਫੇਰ ਅਗਾਹਾਂ ਮਾਰੀ, ਅੱਧ 'ਚ ਪਹੁੰਚ ਗਿਆ, ਕਹਿੰਦਾ ਐਡਾ ਕੁ?

ਕਹਿੰਦਾ ਨਹੀਂ।

ਉਥੋਂ ਫੇਰ ਮਾਰੀ, ਪੌਣੇ ਹਿੱਸੇ 'ਚ ਚਲਿਆ ਗਿਆ।

ਹੰਸ ਕਹਿੰਦਾ, ਇਸ ਤੋਂ ਤਾਂ ਬਹੁਤ ਵੱਡਾ ਹੈ।

ਅਗਾਂਹਾਂ ਗਿਆ ਮੌਣ ਨਾਲ ਲੱਗ ਗਿਆ, ਕਹਿੰਦਾ ਐਡਾ?

ਕਹਿੰਦਾ, ਨਹੀਂ ਇਸ ਤੋਂ ਵੀ ਵੱਡਾ ਹੈ।

ਉਹਨੇ ਖੂਹ ਦੀ ਗੋਲਾਈ ਦੇ ਵਿਚ ਗੇੜਾ ਦੇ ਦਿਤਾ ਸਾਰਾ, ਕਹਿੰਦਾ ਫੇਰ ਐਡਾ ਹੋਣੈ?

ਉਹ ਕਹਿੰਦਾ, ਨਹੀਂ ਭਾਈ ਇਹੋ ਜਿਹੇ ਤਾਂ ਕਰੋੜਾਂ ਖੂਹ ਉਹਦੇ ਵਿਚ ਆ ਜਾਣ।

ਕਹਿੰਦਾ, ਜਾਹ ਓਏ ਝੂਠਿਆ! ਇਸ ਤੋਂ ਬਾਅਦ ਤਾਂ ਕੋਈ ਗੱਲ ਹੀ ਨਹੀਂ ਹੁੰਦੀ।

ਇਹ ਸੀਮਤ ਗਿਆਨ ਹੁੰਦਾ ਹੈ। ਇਹ ਕਿਤਾਬੀ ਗਿਆਨ ਹੁੰਦੈ। ਕਿਉਂਕਿ ਜਿੰਨੀਆਂ ਕੁ ਪੜ੍ਹੀਆਂ ਨੇ ਓਨਾਂ ਕੁ ਕਹਿ ਦਿੰਦੈ ਕਿ ਐਨਾ ਕੁ ਹੈ? ਅਗਾਹਾਂ ਨਹੀਂ ਉਹਨੂੰ ਪਤਾ ਹੁੰਦਾ। ਅਨੁਭਵ ਇਕ ਵਿਸ਼ਾਲ ਚੀਜ਼ ਹੁੰਦੀ ਹੈ। ਵਾਹਿਗੁਰੂ ਨਿਰਾ ਗਿਆਨ ਹੈ, ਗਿਆਨ ਵਿਚੋਂ ਆਈ ਜਾਂਦੈ। ਉਹ ਮਹਾਂਪੁਰਸ਼ਾਂ ਦੀ ਸਤਿ ਬਾਣੀ ਹੁੰਦੀ ਹੈ, ਕਿਉਂਕਿ ਸਤਿ ਨਾਲ ਜੁੜੇ ਹੋਏ ਹੁੰਦੇ ਨੇ।

ਸੋ ਇਹ ਗੱਲ ਬਰਦਾਸ਼ਤ ਨਾ ਕਰੀ ਬ੍ਰਾਹਮਣਾਂ ਨੇ ਤੇ ਕੋਸ਼ਿਸ਼ ਕਰੀ ਕਿ ਇਹਨੂੰ ਬਦਨਾਮ ਕਰਕੇ ਇਥੋਂ ਨਠਾ ਦੇਈਏ। ਮੀਟਿੰਗ ਕਰੀ, ਉਹਦੇ ਵਿਚ ਬੜੀ ਉਲਟੀ ਸਲਾਹ ਕਰੀ। ਕਹਿੰਦੇ, ਸਾਰੇ ਸਾਧੂ, ਮਹਾਂਪੁਰਸ਼, ਸਾਰੇ ਲੋਕਾਂ ਨੂੰ ਇਹਦੇ ਘਰ ਦੇ ਦੁਆਲੇ ਇਕੱਠੇ ਕਰ ਦੇਈਏ ਤੇ ਚਿੱਠੀਆਂ ਲਿਖ ਦਿਤੀਆਂ ਕਿ ਕਬੀਰ ਸਾਹਿਬ ਇਕ ਬਹੁਤ ਵੱਡਾ ਭੰਡਾਰਾ ਕਰ ਰਹੇ ਨੇ ਤੇ ਨਾਲ ਇਹ ਵੀ ਕਰ ਰਹੇ ਨੇ ਕਿ ਇਕ-ਇਕ ਸੋਨੇ ਦੀ ਮੋਹਰ ਵੀ ਇਕ-ਇਕ ਬ੍ਰਾਹਮਣ ਨੂੰ ਦੇਣਗੇ, ਨਾਲ ਵਸਤਰ ਵੀ ਦੇਣਗੇ। ਉਸ ਤੋਂ ਬਾਅਦ ਤਰੀਕ ਬੰਨ੍ਹ ਦਿਤੀ। ਸਾਧੂ ਆਉਣੇ ਸ਼ੁਰੂ ਹੋ ਗਏ, ਪਹਿਲੀ ਪਾਰਟੀ ਆ ਗਈ। ਆ ਕੇ ਕਬੀਰ ਸਾਹਿਬ ਨੂੰ ਪੁਛਦੇ ਨੇ ਕਿ ਯੱਗ ਕਿੱਥੇ ਹੋ ਰਿਹਾ ਹੈ। ਉਹ ਕਹਿਣ ਲੱਗੇ, ਯੱਗ 'ਚ ਆਏ ਹੋਂ? ਤਾੜ ਗਏ ਗੱਲ, ਕੋਈ ਗੜਬੜ ਹੈ। ਕਹਿੰਦੇ, ਹਾਂ ਜੀ, ਆਹ ਚਿੱਠੀਆਂ ਗਈਆਂ ਨੇ ਸਾਡੇ ਕੋਲ। ਇਹ ਤਾਂ ਰਸਤੇ ਭਰੇ ਹੋਏ ਆ ਰਹੇ ਨੇ ਸਾਧੂ ਮਹਾਂਪੁਰਸ਼ਾਂ ਦੇ, ਬ੍ਰਾਹਮਣਾਂ ਦੇ। ਬੜਾ ਭਾਰਾ ਇਕੱਠ ਹੁਣੇ ਹੀ ਹੋ ਜਾਣਾ ਹੈ ਤੇ ਸਮਾਂ ਦਿਤਾ ਹੋਇਐ ਕਿ ਐਨੇ ਸਮੇਂ 'ਤੇ ਯੱਗ ਚੱਲੇਗਾ।

ਕਬੀਰ ਸਾਹਿਬ ਕਹਿਣ ਲੱਗੇ ਕਿ ਕੋਈ ਨਾ ਦਸਦੇ ਹਾਂ ਤੁਹਾਨੂੰ, ਪਿਛਲੇ ਪਾਸੇ ਦੀ ਮੱਲਕ ਦੇ ਕੇ ਨਿਕਲ ਕੇ ਬਾਹਰ ਚਲੇ ਗਏ। ਬਾਹਰ ਗਏ ਤਾਂ ਪ੍ਰਭੂ ਵਿਚ ਲੀਨ ਹੋ ਗਏ। ਸੁਰਤ ਲੀਨ ਕਰੀ, ਫੁਰਨਾ ਨਹੀਂ ਕਰ ਰਹੇ ਕਿ ਕੀ ਹੋਏਗਾ ਤੇ ਕੀ ਨਹੀਂ ਹੋਏਗਾ। ਬੈਠ ਗਏ ਸਮਾਧੀ ਲਾ ਕੇ ਤੇ ਉਧਰਲੇ ਪਾਸੇ ਕਬੀਰ ਸਾਹਿਬ ਨੇ ਲੋਈ ਦਾ ਤੇ ਕਬੀਰ ਸਾਹਿਬ ਦਾ ਵੱਖਰਾ ਰੂਪ ਧਾਰ ਕੇ, ਬੇਅੰਤ ਹੀ ਵੰਡਣ ਵਾਲੇ, ਸਮਾਨ ਫੜਾਉਣ ਵਾਲੇ, ਬੇਅੰਤ ਪੱਕੀਆਂ ਪਕਾਈਆਂ ਚੀਜ਼ਾਂ ਖੁਲ੍ਹੇ ਮੈਦਾਨ 'ਚ ਐਲਾਨ ਕਰ ਦਿਤਾ ਕਿ ਇਥੇ ਆਓ। ਸਵੇਰੇ ਤੋਂ ਸ਼ਾਮ ਹੋ ਗਈ, ਸਭ ਨੂੰ ਵਸਤਰ ਮਿਲਦੇ ਨੇ, ਸਭ ਨੂੰ ਸੋਨੇ ਦੀਆਂ ਮੋਹਰਾਂ ਮਿਲਦੀਆਂ ਨੇ। ਧੰਨ-ਧੰਨ ਹੁੰਦੀ ਜਾਂਦੀ ਹੈ, ਧੰਨ ਕਬੀਰ-ਧੰਨ ਕਬੀਰ। ਇਕ ਸਾਧੂਆਂ ਦੀ ਜਮਾਤ ਜਾ ਰਹੀ ਹੈ, ਗੱਲ ਕਰਦੇ ਨੇ ਕਿ ਐਨਾ ਧਨ ਕਿੱਥੋਂ ਆ ਗਿਆ ਕਬੀਰ ਸਾਹਿਬ ਕੋਲ। ਉਹ ਕਹਿੰਦੇ ਪ੍ਰਮੇਸ਼ਰ ਦੇ ਪਿਆਰਿਆਂ ਦੇ ਕੋਲ ਕੋਈ ਘਾਟਾ ਨਹੀਂ। ਉਹਨਾਂ ਦੇ ਕੋਲ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***

***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ- 649***

ਜਿਹੜੇ ਪ੍ਰਮੇਸ਼ਰ ਨੂੰ ਹਿਰਦੇ 'ਚ ਵਸਾਉਂਦੇ ਨੇ ਉਨ੍ਹਾਂ ਕੋਲ ਕੋਈ ਘਾਟ ਨਹੀਂ ਹੁੰਦੀ। ਸਾਰਾ ਧਨ, ਸਾਰੀ ਮਾਇਆ ਉਨ੍ਹਾਂ ਦੇ ਚਰਨਾਂ 'ਤੇ ਆਪੇ ਹੀ ਆਉਂਦੀ ਹੈ ਕਿ ਮੈਨੂੰ ਸਫਲੀ ਕਰ ਦਿਓ।

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***
***ਅੰਗ-707***

ਕਹਿਣ ਲੱਗੇ ਕਿ ਉਹ ਤਾਂ ਬਾਦਸ਼ਾਹਾਂ ਦੇ ਬਾਦਸ਼ਾਹ ਨੇ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ- 5***

***ਨਾਨਕ ਹੋਰਿ ਪਤਿਸਾਹੀਆ ਕੂੜੀਆ***
***ਨਾਮਿ ਰਤੇ ਪਾਤਿਸਾਹ॥*** ***ਅੰਗ- 1413***

ਨਾਮ ਰੱਤਿਆ ਹੋਇਆ ਪਾਤਸ਼ਾਹ ਹੁੰਦੈ। ਸਾਰੀ ਸ੍ਰਿਸ਼ਟੀ ਦੀ ਦੌਲਤ ਉਹਦੇ ਇਸ਼ਾਰਿਆਂ 'ਤੇ ਨਚਦੀ ਹੈ। ਜਿਹੜਾ ਸਹੀ ਸਾਧੂ ਹੈ ਉਹ ਕਦੇ ਨਹੀਂ ਕਿਸੇ ਤੋਂ ਮੰਗਦਾ। ਕਦੇ ਫੁਰਨਾ ਤਕ ਨਹੀਂ ਕਰਦਾ ਕਿ ਮੈਨੂੰ ਆਹ ਮਿਲ ਜਾਏ, ਉਹ ਮਿਲ ਜਾਏ। ਉਹਨੂੰ ਲੋੜ ਹੀ ਨਹੀਂ, ਮਾਇਆ ਆਪ ਦੌੜੀ ਫਿਰਦੀ ਹੈ ਪਿੱਛੇ-ਪਿੱਛੇ। ਸਗੋਂ ਔਖੇ ਹੁੰਦੇ ਨੇ ਕਿ ਇਹਨੂੰ ਕਿਤੇ ਖਰਚਣਾ ਪੈਣੈ, ਲਾਉਣਾ ਪੈਣੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਕਿਸ਼ਨ ਚੰਦ ਨੇ ਕਿਹਾ ਕਿ ਮੇਰੇ ਘਰ ਚਰਨ ਪਾ ਦਿਓ ਤੇ ਨਾਲੇ ਪ੍ਰਸ਼ਾਦਾ ਛਕਾਉਣਾ ਹੈ। ਉਹ ਕਹਿੰਦੇ, ਕਿਸ਼ਨ ਚੰਦ! ਸਾਡੇ ਨਾਲ ਸੰਗਤ ਬਹੁਤ ਹੋ ਜਾਣੀ ਹੈ ਸ਼ਹਿਰ ਦੀ। ਰਹਿਣ ਦੇ ਤੂੰ। ਅਖੀਰ ਜਦੋਂ ਬਹੁਤ ਹੀ ਉਸ ਨੇ ਕਿਹਾ, ਬਾਬਾ ਜੀ ਨੇ ਤਾਰੀਖ ਦਸ ਦਿਤੀ। ਅਸੀਂ 10 ਵਜੇ ਆਵਾਂਗੇ। ਪ੍ਰਸ਼ਾਦਾ ਖੁਲ੍ਹਾ ਤਿਆਰ ਕਰੀਂ। ਉਹਨੇ ਕਿਹਾ ਕਿ ਕਿੰਨੇ ਕੁ ਹੋਣਗੇ। 20 ਸੇਰ ਆਟਾ ਗੁੰਨ ਲਿਆ। ਡੇਢ-ਦੋ ਸੇਰ ਦਾਲ ਧਰ ਦਿਤੀ। ਬਾਹਰ ਨਿਕਲ ਕੇ ਦੇਖਣ ਲੱਗ ਗਿਆ ਕਿ ਬਾਬਾ ਜੀ ਆਉਂਦੇ ਨੇ। ਕੀ ਦੇਖਦੈ ਬਜ਼ਾਰ ਭਰਿਆ ਹੋਇਆ ਆ ਰਿਹੈ। ਕਹਿੰਦਾ, ਲੈ ਬਈ ਅੱਜ ਤਾਂ ਫਸ ਗਏ। ਤਾਲਾ ਲਾਇਆ, ਚਾਬੀ ਲਈ, ਘਰਵਾਲਿਆਂ ਨੂੰ ਨਾਲ ਲੈ ਕੇ ਆਪ ਨੱਠ ਗਏ, ਖਾਲੀ ਕਰ ਗਏ ਘਰ। ਬਾਬਾ ਜੀ ਆਏ, ਉਨ੍ਹਾਂ ਨੇ ਕਿਹਾ ਕਿ ਘਰ ਕਿੱਥੇ ਹੈ? ਗੁਆਂਢੀਆਂ ਨੇ ਕਿਹਾ, ਆਹੀ ਹੈ, ਹੁਣੇ ਹੀ ਤਾਲਾ ਲਾ ਕੇ ਚਲਿਆ ਗਿਆ ਕਿਧਰੇ। ਸੰਗਤ ਨੂੰ ਕਿਹਾ ਆਪ ਨੇ ਕਿ ਡਰ ਗਿਆ

ਇਹ। ਚਲੋ ਤੋੜੋ ਤਾਲਾ, ਸੰਗਤਾਂ ਨੂੰ ਲੰਗਰ ਦਾ ਕਿਹਾ, ਆਪਾਂ ਛਕਾਵਾਂਗੇ। ਜਦੋਂ ਅੰਦਰ ਗਏ, ਸਿੰਘਾਂ ਨੂੰ ਕਿਹਾ ਕਿ ਦੇਖੋ ਭਾਈ, ਕਿੰਨਾ ਕੁ ਰਾਸ਼ਨ ਹੈ।

ਕਹਿੰਦੇ, ਮਹਾਰਾਜ! ਆਟਾ ਗੁੰਨਿਆ ਪਿਐ, ਵੀਹ ਸੇਰ ਹੋਣੈ। ਦਾਲਾ ਪਿਆ ਹੈ। ਕਹਿੰਦੇ, ਚਲੋ ਇਹ ਤਾਂ ਛੱਡੋ, ਕੋਈ ਚੌਲ ਵਗੈਰਾ ਦੇਖੋ। ਚੌਲ ਹੈ ਨਹੀਂ ਸੀ, ਜੌਆਂ ਦੀ ਬੋਰੀ ਪਈ ਸੀ। ਬਾਬਾ ਜੀ ਕਹਿੰਦੇ, ਆਹ ਬਾਸਮਤੀ ਹੀ ਬਣਾ ਲਓ ਫੇਰ। ਕੜਾਹੇ ਲੈ ਆਂਦੇ 'ਤੇ ਜੌਂ ਧਰ ਦਿਤੇ। ਬਣੇ ਜੌਂ ਨੇ ਲੇਕਿਨ ਵਰਤਾ ਕੀ ਰਹੇ ਨੇ ਬਾਸਮਤੀ।

ਕਈ ਪ੍ਰੇਮੀਆਂ ਨੂੰ ਖਿਆਲ ਆਉਂਦੇ ਨੇ ਕਿ ਹੋ ਸਕਦੀਆਂ ਨੇ ਕੀ ਇਹ ਗੱਲਾਂ? ਸੁਣਦੇ ਤਾਂ ਹਨ ਸਾਧੂ, ਸੰਤਾਂ ਦੀਆਂ, ਮਹਾਂਪੁਰਸ਼ਾਂ ਦੀਆਂ, ਹੈ ਵੀ ਐਸੀਆਂ ਬਾਤਾਂ। ਇਹ ਬਿਲਕੁਲ ਠੀਕ ਨੇ। ਡਾ. ਸਵਾਮੀ ਜੀ ਨੇ ਬਹੁਤ ਸੋਹਣੀਆਂ ਐਸੀਆਂ ਮਿਸਾਲਾਂ ਦਿਤੀਆਂ ਨੇ। 'ਹਿਮਾਲੀਆ ਦੇ ਸੰਤਾਂ ਸੰਗ ਨਿਵਾਸ' ਪੁਸਤਕ 'ਚ। 14 ਕਰੋੜ ਉਨ੍ਹਾਂ ਦੀ ਪੁਸਤਕ ਵਿਕੀ ਹੈ ਉਹ ਦੁਨੀਆਂ 'ਚ। ਐਸਾ ਮੈਨੂੰ ਦੱਸਿਆ ਗਿਐ। ਉਹਦੇ ਵਿਚ ਲਿਖਿਆ ਹੋਇਐ ਇਕ ਥਾਂ ਦੇ ਉਤੇ ਕਿ ਇਕ ਸਾਧੂ ਨੂੰ ਅਸੀਂ ਮਿਲਣ ਚਲੇ ਗਏ। ਉਹ ਬੜਾ ਕਰੂਰ ਬਿਰਤੀ ਦਾ ਸੀ, ਸਖਤ। ਉਹਦੇ ਨੇੜੇ ਕੋਈ ਜਾਂਦਾ ਨਹੀਂ ਸੀ। ਮੇਰੇ ਨਾਲ ਜਿਹੜਾ ਬ੍ਰਾਹਮਣ ਗਿਐ ਦੱਸਣ ਵਾਸਤੇ। ਕਹਿੰਦੇ ਉਹ ਕਹਿਣ ਲੱਗਿਆ ਕਿ ਤੁਸੀਂ ਕਾਹਨੂੰ ਉਥੇ ਜਾਂਦੇ ਹੋਂ, ਉਹ ਤਾਂ ਬਿਲਕੁਲ ਉਜੱਡ ਸਾਧ ਹੈ। ਮਾਰਦਾ ਹੈ, ਡੰਡੇ ਮਾਰੀ ਜਾਊਗਾ, ਇੱਟਾਂ ਮਾਰੀ ਜਾਂਦਾ ਹੈ। ਉਥੇ ਤਾਂ ਕੋਈ ਜਾਂਦਾ ਨਹੀਂ।

ਸਵਾਮੀ ਰਾਮ ਜੀ ਕਹਿਣ ਲੱਗੇ, ਨਹੀਂ ਅਸੀਂ ਜਾਣੈ ਉਥੇ। ਚਲੇ ਗਏ, ਜਦੋਂ ਜਾ ਕੇ ਨਮਸ਼ਕਾਰ ਕਰਨ ਲੱਗਿਆ ਬ੍ਰਾਹਮਣ। ਤਾਂ ਉਹ ਕਹਿੰਦਾ, ਰਾਹ 'ਚ ਤਾਂ ਤੂੰ ਮੈਨੂੰ ਗਾਲ੍ਹਾਂ ਕੱਢਦਾ ਆਇਐਂ। ਹੁਣ ਆ ਕੇ ਤੂੰ ਮੱਥਾ ਟੇਕਦੈਂ। ਕਹਿੰਦੇ, ਜਾਹ, ਜਾ ਕੇ ਪਾਣੀ ਲੈ ਕੇ ਆ। ਹੇਠਾਂ ਪਹਾੜ ਦੇ ਲਾਹ ਦਿਤਾ, ਗੰਗਾ ਚਲਦੀ ਸੀ, ਪਾਣੀ ਲੈ ਆਇਆ, ਉਤੇ ਆ ਗਿਆ ਤਾਂ ਉਹ ਇਕ ਛੁਰੀ ਤਿੱਖੀ ਕਰੀ ਜਾਂਦੇ ਨੇ। ਉਹਨੂੰ ਕਹਿੰਦੇ ਕਿ ਜਾਹ ਉਥੇ ਬਹਿ ਜਾ, ਇਕ ਮੁਰਦਾ ਆਉਂਦੈ ਰੁੜਦਾ। ਉਹਦਾ ਦੋ ਸੇਰ ਮਾਸ ਕੱਟ ਕੇ ਲਿਆ। ਤੁਹਾਨੂੰ ਖਿਲਾਉਣਾ ਵੀ ਹੈ ਕੁਛ, ਤੁਸੀਂ ਆਏ ਹੋ ਐਡੀ ਦੂਰੋਂ।

ਬ੍ਰਾਹਮਣ ਕਹਿਣ ਲੱਗਿਆ ਕਿ ਸਰ, ਮੈਂ ਤਾਂ ਕਦੇ ਐਸਾ ਕੰਮ ਕਰਿਆ ਨਹੀਂ।

ਕਹਿੰਦੇ, ਫੇਰ ਤੇਰਾ ਕੱਟ ਲੈਂਦੇ ਹਾਂ।

ਉਹ ਚਲਿਆ ਗਿਆ। ਬੈਠਾ ਉਡੀਕਦਾ ਹੈ। ਐਨੇ ਨੂੰ ਉਹ ਮੁਰਦਾ ਰੁੜ੍ਹਦਾ-ਰੁੜ੍ਹਦਾ ਆ ਗਿਆ ਤੇ ਇਹਨੇ ਜਦ ਕੱਟਿਆ। ਕੱਟਦੇ-ਕੱਟਦੇ ਇਹਦੀਆਂ ਦੋ ਉਂਗਲਾਂ ਕੱਟੀਆਂ ਗਈਆਂ। ਖੂਨ ਚੱਲੀ ਜਾਵੇ। ਹਾਏ-ਹਾਏ ਕਰਦਾ ਆਉਂਦਾ ਹੈ।

ਕਹਿੰਦੇ, ਲੈ ਆਇਆ।

ਹਾਏ-ਹਾਏ ਕਰੀ ਜਾਂਦਾ ਹੈ।

ਕਹਿੰਦੇ ਕੀ ਹੋ ਗਿਆ ਤੈਨੂੰ, ਉਰ੍ਹੇ ਆ।

ਨੇੜੇ ਆਇਆ ਤਾਂ ਪੰਜਾ ਹੱਥ 'ਚ ਲਿਆ, ਉਸ ਤੋਂ ਬਾਅਦ ਛੱਡ ਦਿਤਾ। ਕਹਿੰਦੇ, ਕਿੱਥੇ ਨੇ ਤੇਰੀਆਂ ਉਂਗਲੀਆਂ, ਸਵਾਮੀ ਜੀ ਲਿਖਦੇ ਨੇ ਕਿ ਖ਼ੂਨ ਵੀ ਬੰਦ ਹੋ ਗਿਆ, ਤੇ ਉਂਗਲੀਆਂ ਉਸੇ ਤਰ੍ਹਾਂ ਜਿਵੇਂ ਪਹਿਲੀਆਂ ਸੀ ਹੋ ਗਈਆਂ।

ਉਸ ਤੋਂ ਬਾਅਦ ਕਹਿੰਦਾ ਕੱਟ ਇਹਨੂੰ।

ਕੱਟ ਕੇ ਬਰਤਨ 'ਚ ਪਾ ਕੇ ਕਹਿੰਦਾ ਅੱਗ ਜਾਲ।

ਬ੍ਰਾਹਮਣ ਮੈਨੂੰ ਕਹਿਣ ਲੱਗਿਆ, ਸਵਾਮੀ ਜੀ! ਤੁਸੀਂ ਅੱਜ ਮੈਨੂੰ ਫਸਾ ਦਿਤਾ।

ਕਹਿੰਦੇ, ਅਜੇ ਤਾਂ ਕਾਫੀ ਸਮਾਂ ਹੈ। ਜਦੋਂ ਇਹ ਕਹੇਗਾ ਫੇਰ ਦੇਖਾਂਗੇ, ਖਬਰੇ ਅੱਗੇ ਕੀ ਗੱਲ ਕਰਦੈ।

ਕਹਿੰਦਾ, ਮੈਂ ਤਾਂ ਫੇਰ ਇਥੇ ਹੀ ਮਰ ਜਾਣੈ, ਗੰਗਾ 'ਚ ਛਾਲ ਮਾਰਨੀ ਹੈ, ਮੈਂ ਨਹੀਂ ਵਾਪਸ ਜਾਣਾ।

ਉਸ ਤੋਂ ਬਾਅਦ ਰਿੰਨ ਲਿਆ। ਕਹਿੰਦਾ, ਪੱਤੇ ਲਿਆ। ਪੱਤੇ ਲਿਆਇਆ ਤੋੜ ਕੇ, ਵੱਡੇ ਪੱਤੇ। ਕਹਿੰਦਾ ਪਾ ਇਹਨਾਂ 'ਚ।

ਫੇਰ ਸਵਾਮੀ ਜੀ ਕਹਿਣ ਲੱਗੇ ਕਿ ਮੈਂ ਕਿਹਾ ਕਿ ਅਸੀਂ ਤਾਂ ਸਰ, vegetarian (ਸ਼ਾਕਾਹਾਰੀ) ਹਾਂ। ਉਹ ਕਹਿਣ ਲੱਗਿਆ ਮੈਂ ਤੁਹਾਨੂੰ vegetarian ਤੋਂ ਬਿਨ੍ਹਾਂ ਹੋਰ ਖਲਾਉਣਾ ਕੀ ਹੈ।

ਕਹਿੰਦੇ, ਜਦੋਂ ਉਹ ਪੰਡਤ ਪਾਉਣ ਲੱਗਿਆ, ਉਹ ਤਾਂ ਰਸਗੁੱਲੇ ਸੀ ਸਾਰੇ ਹੀ। ਤੇ ਮੇਰੇ ਵਲ ਦੇਖ ਕੇ ਕਹਿਣ ਲੱਗੇ, ਮਿਸਟਰ ਸਵਾਮੀ! ਤੂੰ ਰਾਹ 'ਚ ਰਸਗੁੱਲੇ ਮੰਗਦਾ ਆਉਂਦਾ ਸੀ ਨਾ, ਇਸ ਕਰਕੇ ਮੈਂ ਰਸਗੁੱਲੇ ਬਣਾਏ ਨੇ।

ਕਹਿੰਦਾ, ਮੈਂ ਬ੍ਰਾਹਮਣ ਨੂੰ ਕਿਹਾ ਕਿ ਆਪਾਂ ਨੂੰ ਜਾਦੂ (ਹਿਪਨੋਟਾਈਜ਼) ਕਰ ਦਿਤਾ ਇਹਨੇ। ਹੈਗਾ ਮਾਸ ਹੀ, ਪਰ ਲਗਦੇ ਰਸਗੁੱਲੇ ਨੇ।

ਕਹਿੰਦੇ, ਜਦੋਂ ਮੈਂ ਖਾਧੇ ਓਹੋ ਜਿਹੇ ਹੀ ਜੋ ਮੈਂ ਖਾਂਦਾ ਹੁੰਦਾ ਸੀ। ਬ੍ਰਾਹਮਣ ਨੂੰ ਦੇ ਦਿਤਾ ਪੱਲਾ ਭਰ ਕੇ ਆਹ ਵੰਡ ਦੇਈਂ ਪਿੰਡ 'ਚ ਜਾ ਕੇ। ਕਹਿੰਦੇ, ਉਹ ਲੈ ਗਿਆ।

ਮੈਂ ਸਾਰੀ ਰਾਤ ਉਹਦੇ ਨਾਲ ਗੱਲਾਂ ਕਰੀ ਗਿਆ। ਬਹੁਤ ਹੀ ਵਿਦਵਾਨ, ਸੰਸਕ੍ਰਿਤ ਦਾ ਸਕਾਲਰ। ਮੈਂ ਕਿਹਾ, ਸੰਤ ਜੀ! ਇਹ ਵਿਦਿਆ ਕੀ ਹੈ? ਕਹਿੰਦਾ, ਮੈਂ ਇਹ ਅਥਰਵਣਵੇਦ 'ਚ ਪੜ੍ਹੀ ਸੀ। ਵੀਹ ਸਾਲ

ਮੇਰੇ ਲੱਗੇ ਨੇ ਇਸ ਗੱਲ ਨੂੰ ਸਿੱਧ ਕਰਨ ਵਾਸਤੇ ਕਿ ਮੁੱਢਲੇ ਤੱਤ ਸਾਰੀ ਪ੍ਰਕ੍ਰਿਤੀ ਦੇ ਚੇਤਨ ਸ਼ਕਤੀ ਵਿਚ ਨੇ। ਚੇਤਨ ਸ਼ਕਤੀ ਤੱਕ ਪਹੁੰਚ ਕੇ ਜਿਹੜਾ ਫੁਰਨਾ ਕਰ ਦਿਓ, ਓਹੀ ਚੀਜ਼ ਬਣ ਜਾਂਦੀ ਹੈ। ਸੋ ਮੈਂ ਕਾਮਯਾਬ ਹੋ ਗਿਆ ਇਹਦੇ ਵਿਚ। ਜੇ ਤੂੰ ਸਿੱਖਣੀ ਹੈ ਮੈਂ ਤੈਨੂੰ ਸਿਖਾ ਦਿੰਦਾ ਹਾਂ। ਮੈਂ ਕਿਹਾ, ਮੇਰੇ ਕੋਲ ਵੀਹ ਸਾਲ ਦਾ ਸਮਾਂ ਨਹੀਂ ਹੈ।

ਇਹ ਬਚਨ ਸਹਿ ਸੁਭਾਅ ਸਵਾਮੀ ਜੀ ਨੇ ਲਿਖੇ ਹੋਏ ਨੇ। ਸਾਡੇ ਪ੍ਰਸ਼ਨ ਹੱਲ ਹੁੰਦੇ ਨੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਰਕਸ਼ੇਤਰ ਦੇ ਵਿਚ ਹਿਰਨ ਰਿੱਝਣਾ ਧਰ ਦਿਤਾ। ਚਲਦਾ ਰਿਹਾ ਮਾਸ ਦਾ ਪ੍ਰਚੰਡ। ਉਸ ਤੋਂ ਬਾਅਦ ਜਦੋਂ ਵਰਤਾਂਦੇ ਨੇ, ਹਾਰ ਗਏ ਉਹ। ਮਹਾਰਾਜ ਕੀ ਵਰਤਾ ਰਹੇ ਨੇ, ਖੀਰ ਚਲ ਰਹੀ ਹੈ। ਸਾਰਾ ਹੀ ਮੇਲਾ ਖਾਣ ਨੂੰ ਆਉਂਦੈ। ਇਕ ਪਤੀਲਾ ਨਹੀਂ ਮੁੱਕਿਆ ਕਿਸੇ ਤੋਂ।

ਉਹ ਮਸਲਾ ਹੱਲ ਹੋ ਗਿਆ, ਜਿੱਥੇ ਡਰਦੇ ਨੇ ਸਾਡੇ ਬੰਦੇ ਕਿ ਹੈਂ ਇਹ ਕਿਵੇਂ ਤਬਦੀਲ ਹੋ ਗਿਆ? ਕਿਸੇ ਚੀਜ਼ 'ਚੋਂ, ਸੰਤ ਕਹਿਣ ਲੱਗਿਆ, ਚਾਹੇ ਰੋੜੇ ਬਣਾ ਲਓ, ਜਿਹੜਾ ਕੁਛ ਕਹੋਗੇ ਉਹੀ ਬਣ ਜਾਏਗਾ। ਆਹ ਰੋੜੇ ਚੁੱਕ ਲਓ, ਮੈਂ ਇਹਨ੍ਹਾਂ ਨੂੰ ਹੁਣੇ ਹੀ ਸੋਨਾ ਬਣਾ ਦਿੰਦਾ ਹਾਂ। ਕਿਉਂਕਿ ਇਹ ਇਕ ਸਾਇੰਟੇਫਿਕ ਵਿਦਿਆ ਹੈ, ਇਹਨੂੰ ਭੁੱਲ ਗਿਆ ਹਿੰਦੁਸਤਾਨ। ਅਸੀਂ ਥੋੜ੍ਹੇ ਜਿਹੇ ਬੰਦੇ ਹਾਂ ਜਿਹੜੇ ਜਾਣਦੇ ਹਨ ਇਸ ਵਿਦਿਆ ਨੂੰ। ਸਾਰੇ ਨਹੀਂ ਜਾਣਦੇ।

ਸੰਤ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਜੀ ਪਾਸ ਗੁਜਰਵਾਲ ਦਾ ਸੌ ਬੰਦਾ ਆ ਗਿਆ। ਮਹਾਰਾਜ ਜੀ ਕਹਿਣ ਲੱਗੇ ਕਿ ਲੰਗਰ ਛਕੋ ਤੁਸੀਂ। ਪ੍ਰਸ਼ਾਦ ਬਣਾਇਐ, ਕੜਾਹ ਪ੍ਰਸ਼ਾਦ। ਦੇਗ ਛਕੋ ਤੁਸੀਂ। ਉਹ ਪੰਗਤ ਲਾ ਕੇ ਬਹਿ ਗਏ, ਸ੍ਰੀ ਮਾਨ ਮਹਾਰਾਜ ਕੋਲ ਆਇਆ। ਕਹਿਣ ਲੱਗਿਆ, ਮਹਾਰਾਜ! ਜਿਹੜਾ ਪ੍ਰਸ਼ਾਦ ਹੈ ਉਹ ਤਾਂ ਚੌਥਾ ਹਿੱਸਾ ਵੀ ਨਹੀਂ ਹੈ ਬਾਟੇ ਦਾ ਤੇ ਬੰਦਾ 100 ਹੈ। ਇਕ ਬੰਦਾ ਵੀ ਨਹੀਂ ਰੱਜਣਾ ਉਹਦੇ ਨਾਲ।

ਕਹਿੰਦੇ, ਛੋਟੇ ਸੰਤਾਂ ਕੋਲ ਜਾਓ। ਛੋਟਿਆਂ ਕੋਲ ਗਏ ਉਹ ਕਹਿੰਦੇ ਵੱਡਿਆਂ ਕੋਲ ਜਾਓ। ਕਹਿਣ ਲੱਗੇ, ਉਹ ਲੰਗਰ ਦੇ ਇੰਚਾਰਜ ਨੇ ਉਨ੍ਹਾਂ ਕੋਲ ਜਾਓ। ਉਹ ਕਹਿੰਦੇ, ਲਾਂਗਰੀ ਸਿੰਘਾ! ਇਸ ਤਰ੍ਹਾਂ ਕਰ। ਆਹ ਸਾਡਾ ਰੁਮਾਲ ਪਾ ਦੇ ਇਹਦੇ ਵਿਚ। ਚੁੱਕ ਕੇ ਦੇਖੀਂ ਨਾ ਤੇ ਹੱਥ ਪਾ ਕੇ ਕੱਢੀ ਜਾਈਂ ਜਿੰਨਾਂ ਕੱਢਣੈ।

ਉਹ ਸੌ ਬੰਦਾ ਜਿਹੜਾ ਆਇਆ ਸੀ ਗੁਜਰਵਾਲ ਦਾ, ਸਾਰਿਆਂ ਨੂੰ ਰੱਜਵਾਂ ਪ੍ਰਸ਼ਾਦ ਛਕਾਇਆ। ਕਹਿਣ ਲੱਗੇ, ਹੋਰ ਨਹੀਂ ਛਕ ਹੁੰਦਾ ਹੁਣ। ਰੱਜ ਗਏ, ਅਨੰਦ ਹੋ ਗਏ। ਉਸ ਤੋਂ ਬਾਅਦ ਬੱਚਿਆਂ ਨੂੰ ਪਤਾ ਲੱਗਿਆ, ਡੰਗਰ ਚਾਰਨ ਵਾਲਿਆਂ ਨੂੰ ਸਾਰੇ ਆਈ ਜਾਂਦੇ ਨੇ, ਸ਼ਾਮ ਤੱਕ ਪ੍ਰਸ਼ਾਦ

ਛਕੀ ਜਾਂਦੇ ਨੇ ਤੇ ਉਸ ਤੋਂ ਬਾਅਦ ਕਹਿਣ ਲੱਗੇ ਕਿ ਕਿਉਂ ਭਾਈ, ਤੂੰ ਡੋਲਦਾ ਸੀ, ਗੁਰੂ ਦੇ ਲੰਗਰ 'ਚ ਵੀ ਕਦੇ ਤੋਟ ਆਉਂਦੀ ਹੁੰਦੀ ਹੈ। ਜਦੋਂ ਰੁਮਾਲ ਚੁੱਕ ਕੇ ਦੇਖਿਆ, ਜਿੰਨਾਂ ਪਹਿਲਾਂ ਪ੍ਰਸ਼ਾਦ ਪਿਆ ਸੀ, ਓਨਾਂ ਹੀ ਪਿਆ ਹੈ।

*ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ ॥*

*ਅੰਗ - 1426*

ਬਾਬਾ ਜੀ ਨੇ ਜੌਂ ਧਰ ਦਿਤੇ। ਰਿੱਜਦੇ ਜੌਂ ਨੇ ਵਰਤਦੀ ਹੈ ਬਾਸਮਤੀ। ਸਵੇਰੇ 10 ਵਜੇ ਤੋਂ ਲੰਗਰ ਚੱਲ ਕੇ 4 ਵੱਜ ਗਏ। ਕਿਸੇ ਨੇ ਜਾ ਕੇ ਦੱਸਿਆ ਕਿ ਕਿਸ਼ਨ ਚੰਦਾ! ਤੂੰ ਤਾਂ ਐਵੇਂ ਨੱਠ ਗਿਆ। ਤੇਰੇ ਘਰ ਤਾਂ ਅਤੁੱਟ ਲੰਗਰ ਚੱਲ ਰਿਹੈ। ਸਾਰਾ ਸ਼ਹਿਰ ਖਾ ਆਇਆ ਉਥੇ, ਉਹ ਤਾਂ ਅਜੇ ਵੀ ਮੁੱਕਣ 'ਚ ਨਹੀਂ ਆਉਂਦਾ।

ਇਹਨਾਂ ਕੋਲ ਰੂਹਾਨੀ ਬਾਦਸ਼ਾਹੀ ਹੋਇਆ ਕਰਦੀ ਹੈ।

ਕਬੀਰ ਸਾਹਿਬ ਦੀ ਉਪਮਾ ਹੁੰਦੀ ਜਾ ਰਹੀ ਹੈ। ਕਬੀਰ ਸਾਹਿਬ ਨੇ ਵੀ ਸੁਣੀ ਤੇ ਕਿਹਾ ਕਿੱਥੇ ਹੋ ਰਿਹੈ?

ਕਹਿੰਦੇ, ਕਬੀਰ ਸਾਹਿਬ ਦੇ ਬੜਾ ਭਾਰੀ ਯੱਗ ਹੋ ਰਿਹੈ, ਤੂੰ ਵੀ ਜਾਹ। ਉਥੇ ਆਉਂਦੇ ਨੇ, ਕੀ ਦੇਖਦੇ ਨੇ ਕਿ ਪ੍ਰਭੂ ਵਰਤਾ ਰਹੇ ਨੇ। ਆਪ ਖੜ੍ਹੇ ਨੇ ਤੇ ਸੇਵਾਦਾਰਾਂ ਨੂੰ ਦੇ ਰਹੇ ਨੇ ਕਿ ਜਾਓ ਵੰਡੋ। ਮੋਹਰਾਂ ਵੀ ਦੇ ਰਹੇ ਨੇ, ਨਾਲ ਰੇਸ਼ਮੀ ਕੱਪੜੇ ਵੀ ਦੇ ਰਹੇ ਨੇ।

ਪ੍ਰਮੇਸ਼ਰ ਦੇ ਭਗਤਾਂ ਦੇ ਨਾਲ ਜੋ ਲੀਲਾ ਚਲਦੀ ਹੈ ਇਹ ਕੋਈ ਅਤਿਕਥਨੀ ਬਾਤ ਨਹੀਂ, ਇਹ ਬਿਲਕੁਲ ਸਹੀ ਬਾਤ ਹੈ। ਵਾਹਿਗੁਰੂ ਕੋਈ ਐਸਾ ਨਹੀਂ ਹੈ ਜਿਹੜਾ ਹੱਥ ਹੀ ਨਾ ਆਵੇ, ਇਹ ਭਾਵਨਾ ਦੇ ਵਸ ਹੈ –

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥* *ਅੰਗ- 962*

ਸੋ ਇਸ ਤਰ੍ਹਾਂ ਦੀਆਂ ਕਥਾਵਾਂ, ਮਹਾਰਾਜ ਕਹਿੰਦੇ, ਸੁਣਦੈ ਧੰਨਾ। ਰਵੀਦਾਸ ਜੀ ਦੀ ਸੁਣੀ –

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*

*ਅੰਗ - 488*

ਸੈਣ ਜੀ ਦੀ ਸੁਣੀ, ਸੈਣ ਜੀ ਦੇ ਘਰ –

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥*

*ਅੰਗ- 488*

ਤੇ ਵੱਡਾ ਭਗਤ ਗਿਣਿਆ ਗਿਆ। ਵਾਹਿਗੁਰੂ ਨੇ ਆਪ ਸੈਣ ਰੂਪ ਹੋ ਕੇ ਰਾਣੇ ਨੂੰ ਠੀਕ ਕੀਤਾ –

*ਸੈਣੁ ਰੂਪਿ ਹਰਿ ਜਾਇਕੈ ਆਇਆ ਰਾਣੇ ਨੋ ਰੀਝਾਈ।*
*ਭਾਈ ਗੁਰਦਾਸ ਜੀ, ਵਾਰ 10/16*

ਉਹਦਾ ਫੋੜਾ ਵੀ ਠੀਕ ਕਰ ਦਿਤਾ ਤੇ ਹੱਥ ਕੀ ਲਾਇਆ, ਮਹਾਂ ਅਨੰਦ ਦੇ ਵਿਚ ਪਹੁੰਚਾ ਦਿਤਾ। ਪ੍ਰਮੇਸ਼ਰ ਦਾ ਹੱਥ ਲਗ ਜਾਵੇ ਕਿਸੇ ਦੇ ਸਰੀਰ ਨੂੰ, ਫੇਰ ਉਹਦੇ 'ਚ ਰੋਗ ਰਹਿ ਜਾਂਦੇ ਨੇ ਕੀ?

ਤੇ ਉਹ ਰਾਣਾ ਕਹਿੰਦੈ ਕਿ ਤੂੰ ਮੈਨੂੰ ਅੱਜ ਵਸ ਕਰ ਲਿਆ। ਉੱਚੀ-ਉੱਚੀ ਕਹਿੰਦੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਧੰਨੇ ਨੇ ਬਚਨ ਸੁਣੇ, ਉਸ ਵੇਲੇ ਇਹਦੇ ਮਨ ਵਿਚ ਸ਼ੌਂਕ ਜਾਗ ਪਿਆ। ਕਿਉਂਕਿ ਸੁਣਨ ਦੀ ਡਿਗਰੀ ਹੋਇਆ ਕਰਦੀ ਹੈ। ਸਾਡੀ ਜਿਹੜੀ ਸੁਣਨ ਸ਼ਕਤੀ ਹੈ 1% ਜਾਂ 2% ਹੈ, 98% ਅਸੀਂ ਬੰਦ ਹਾਂ। ਅਸੀਂ ਨਹੀਂ ਸੁਣਦੇ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- 313*

ਅੰਦਰ ਸ਼ਬਦ ਦੀ ਧੁਨ ਹਰ ਵਕਤ ਚਲਦੀ ਹੈ। ਦੇਖੋ, ਤਾਂ ਸੁਣ ਕੇ ਸੁਣਦੀ ਹੈ ਕਿ ਨਹੀਂ। ਨਾਮ ਦੀ ਧੁਨ ਚਲਦੀ ਹੈ।

ਮੈਨੂੰ ਟੈਲੀਫ਼ੋਨ ਆਇਆ ਸੀ ਅਮਰੀਕਾ ਤੋਂ, ਆਹ ਸ. ਸੋਹਣ ਸਿੰਘ ਉਹਨੇ ਬੈਠੇ ਨੇ ਇਨ੍ਹਾਂ ਦੇ ਮਿੱਤਰ। ਉਹ ਕਹਿਣ ਲੱਗਿਆ, ਮੈਂ ਉਸ ਦਿਨ ਤੋਂ ਜਿਸ ਦਿਨ ਤੋਂ ਤੁਸੀਂ ਦੱਸਿਆ ਹੈ, ਮੈਂ ਨਾਮ ਜਪਣ ਲੱਗ ਗਿਆ।

ਕਹਿੰਦਾ, ਮੈਂ ਇਕ ਗੱਲ ਦੇਖੀ, ਮੈਂ ਜੇ ਨਾਂ ਵੀ ਜਪਦਾ ਹੋਵਾਂ, ਕਹਿੰਦਾ ਇਕ ਧੁਨ ਮੇਰੇ ਅੰਦਰ ਹਰ ਵਕਤ ਚੱਲੀ ਜਾਂਦੀ ਹੈ। ਮੈਂ ਸੁਣੀ ਜਾਂਦਾ, ਨਾਮ ਧੁਨ ਚਲਦੀ ਹੈ ਤੇ ਸਾਹ ਦਾ ਕੋਈ ਹਿਸਾਬ ਨਹੀਂ।

ਮੈਂ ਕਿਹਾ, ਬੇਟਾ! ਤੇਰੇ ਪਿਛਲੇ ਸੰਸਕਾਰ ਪ੍ਰਬਲ ਨੇ। ਐਨੀ ਛੇਤੀ ਤੂੰ ਇਸ ਸੁੰਨ ਦੀ ਅਵਸਥਾ 'ਚ ਪਹੁੰਚ ਗਿਆ। ਸੋ ਸੁਣਨ ਵਿਚ ਫਰਕ ਹੈ। ਸੁਣਨ ਦੀ ਡਿਗਰੀ ਸਾਡੀ ਬਹੁਤ ਘੱਟ ਹੈ।

ਦੂਸਰਾ ਵਿਸ਼ਵਾਸ਼ ਵਾਲਾ ਖਾਨਾ ਪੂਰੀ ਤਰ੍ਹਾਂ ਨਾਲ ਬੰਦ ਹੋਇਆ ਪਿਆ ਹੈ। ਸਾਡੇ ਅੰਦਰ ਅਕਲ ਬਹੁਤ ਹੈ, ਅਕਲ ਖਰਾਬ ਬਹੁਤ ਕਰਦੀ ਹੈ। ਅਕਲ ਨੂੰ ਲੋਕ ਚੰਗਾ ਸਮਝਦੇ ਨੇ, ਲੇਕਿਨ ਇਨ੍ਹਾਂ ਅਕਲਾਂ ਨੂੰ ਮਹਾਰਾਜ ਨੇ ਮੰਨਿਆ ਨਹੀਂ ਹੈ। ਅਕਲਾਂ ਦੀ ਥਾਂ 'ਤੇ ਭੋਲੇ ਪਨ ਨੂੰ ਮੰਨਿਆ ਹੈ। ਸੋ ਇਹ ਜੋ ਬੱਚਾ ਹੈ 100% ਇਹਦੇ ਮਨ ਵਿਚ, ਵਿਸ਼ਵਾਸ਼ ਆ ਗਿਆ ਤੇ ਹੁਣ ਕੋਸ਼ਿਸ਼ ਕਰਦਾ ਹੈ ਕਿ ਮੈਨੂੰ ਵੀ ਰਾਹ ਲੱਭ ਜਾਵੇ ਤੇ ਉਸੇ ਪਿੰਡ ਦੇ ਵਿਚ ਸੰਤ ਬਹੁਤ ਆਇਆ ਕਰਦੇ ਸੀ ਤੇ ਕਥਾ ਸੁਣਦਾ ਸੀ ਤੇ ਉਹਦੇ ਵਿਚ ਇਕ ਚੰਗਾ ਪੁਰਸ਼ ਕਰਮਕਾਂਡੀ ਜਿਸ ਦਾ ਨਾਮ ਤ੍ਰਿਲੋਚਨ ਸੀ। ਉਹ ਨਦੀ ਦੇ ਕਿਨਾਰੇ ਰੋਜ਼ ਜਾ ਕੇ ਆਪ ਇਸ਼ਨਾਨ ਕਰਨਾ ਤੇ ਉਸ ਤੋਂ ਬਾਅਦ ਉਪਾਸ਼ਨਾ ਕਰਨੀ। ਚਾਰ ਦਰਜੇ ਹੁੰਦੇ ਨੇ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ। ਤਿੰਨ ਮੈਲਾਂ ਸਾਡੇ ਲੱਗੀਆਂ ਹੋਈਆਂ ਨੇ। ਇਕ

ਮਲ ਹੈ, ਇਕ ਵਿਖਸ਼ੇਪਤਾ ਹੈ, ਇਕ ਆਵਰਨ ਹੈ। ਇਹ ਸਾਨੂੰ ਅੰਦਰ ਆਪਣਾ ਸਰੂਪ ਨਹੀਂ ਦੇਖਣ ਦਿੰਦੀਆਂ। ਅਸੀਂ ਕੌਣ ਹਾਂ ਸਾਨੂੰ ਨਹੀਂ ਪਤਾ ਲਗਦਾ–

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥***

***ਅੰਗ– 999***

ਸਾਨੂੰ ਤਾਂ ਆਪਣਾ ਗਿਆਨ ਹੀ ਨਹੀਂ ਹੈ–

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***

***ਅੰਗ– 441***

ਅਸੀਂ ਕਹਿੰਦੇ ਹਾਂ, ਅਸੀਂ ਤਾਂ ਫਲਾਣਾ ਸਿੰਘ ਹਾਂ। ਗੁਰੂ ਦੀ ਗੱਲ ਵੀ ਨਹੀਂ ਮੰਨਦੇ ਅਸੀਂ ਤਾਂ। ਨਹੀਂ ਛੱਡਦੇ ਅਸੀਂ ਆਪਣੀ ਮੱਤ। ਜਦੋਂ ਤੱਕ ਗੁਰੂ ਦੀ ਮੱਤ ਨਹੀਂ ਧਾਰਨ ਕਰਦੇ ਓਨੀਂ ਦੇਰ ਤੱਕ ਗੱਲ ਨਹੀਂ ਬਣਦੀ। ਗੁਰੂ ਕਹਿੰਦਾ ਹੈ ਤੂੰ ਜੋਤ ਹੈਂ। ਤੂੰ ਸਰੀਰ ਨਹੀਂ ਹੈ, ਤੂੰ ਪੰਜ ਪ੍ਰਾਣ ਨਹੀਂ ਹੈਂ, ਤੂੰ ਪੰਜ ਗਿਆਨ ਇੰਦਰੇ ਨਹੀਂ ਹੈਂ, ਤੂੰ ਪੰਜ ਕਰਮ ਇੰਦਰੇ ਨਹੀਂ ਹੈਂ। ਤੂੰ ਤਿੰਨ ਤੱਤਾਂ ਦੇ ਵਿਚੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚੋਂ ਕੁਛ ਵੀ ਨਹੀਂ। ਤੂੰ ਤਿੰਨ ਸਰੀਰ ਨਹੀਂ ਹੈਂ। ਨਾ ਸਥੂਲ ਸਰੀਰ ਹੈਂ, ਨਾ ਸੂਖਸ਼ਮ ਹੈਂ, ਤੂੰ ਮਨ ਨਹੀਂ ਹੈਂ, ਤੂੰ ਬੁੱਧੀ ਨਹੀਂ ਹੈਂ, ਚਿੱਤ ਨਹੀਂ ਹੈ; ਤੇ ਜਿਹੜਾ ਤੂੰ ਕਹਿੰਦਾ ਹੈਂ ਕਿ ਮੈਂ ਹਾਂ, ਇਹ ਮੈਂ ਜਿਹੜਾ ਹੈ ਇਹ ਪਰਛਾਵਾਂ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ – 550***

ਇਹਦੀ ਉਤਲੀ ਜਿਹੜੀ ਚੇਤਨ ਸ਼ਕਤੀ ਹੈ, ਉਹ ਨਾ ਕਿਤੇ ਆਉਂਦੈ, ਨਾ ਕੋਈ ਕਰਮ ਕਰਦੈ, ਸਿਰਫ ਸੱਤਾ ਦਿੰਦੈ। ਸੱਤਾ ਦਿੰਦੈ ਝੂਠੀ ਮੈਂ ਨੂੰ, ਝੂਠੀ ਮੈਂ ਜਿਹੜੀ ਹੈ ਉਹ ਕਹਿੰਦੀ ਹੈ ਮੈਂ ਕਰਦਾਂ। ਮੈਂ ਆਹ ਕਰਮ ਕਰਿਆ, ਮੈਂ ਐਨਾ ਦਾਨ ਕਰਿਆ। ਮੈਂ ਐਨਾ ਭਜਨ ਕਰਦਾਂ, ਮੈਂ ਐਨਾ ਜਾਗਦਾ। ਮੈਂ ਨੂੰ ਫੜ ਲੈਂਦੇ ਨੇ ਕਰਮ। ਫੇਰ ਉਹ ਚੱਕਰ 'ਚ ਘੁੰਮਦੀ ਕਰੋੜਾਂ ਅਰਬਾਂ ਸਾਲ ਤੋਂ ਇਹਦਾ ਛੁਟਕਾਰਾ ਨਹੀਂ ਹੁੰਦਾ। ਸੋ ਮਹਾਰਾਜ ਕਹਿੰਦੇ ਤੂੰ ਇਹ ਵੀ ਨਹੀਂ ਹੈਂ। ਤੂੰ ਨਿਰੋਲ ਜੋਤ ਹੈਂ। ਤੂੰ ਵਾਹਿਗੁਰੂ ਦੀ ਅੰਸ ਹੈਂ –

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥*** ***ਅੰਗ– 871***

ਪਰ ਜੇ ਇਹ ਕਹਿ ਦੇਈਏ ਕਿ ਤੂੰ ਹੈ ਹੀ ਨਹੀਂ, ਇਥੇ ਵਾਹਿਗੁਰੂ ਹੀ ਹੈ, ਹੋਰ ਕੋਈ ਹੈ ਨਹੀਂ, ਆਹ ਸਰੀਰ ਦੇ ਅੰਦਰ ਵਸਦਾ। ਉਹ ਪ੍ਰਮੇਸ਼ਰ ਹੀ ਵਸਦੈ –

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***

***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥***
***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ 2 ॥***
***ਭੀਤਰਿ ਕੋਟ ਗੁਫਾ ਘਰ ਜਾਈ ॥ ਅੰਗ- 1033***

ਜਦੋਂ ਸਾਧਨਾ ਦੇ ਨਾਲ ਅੰਦਰ ਜਾਂਦੈ, ਨਾਮ ਦੇ ਬਲ ਨਾਲ –

***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***
***ਅੰਗ- 1033***

ਇਹ ਤਾਂ ਖੇਲੁ ਪ੍ਰਮੇਸ਼ਰ ਆਪੇ ਹੀ ਕਰ ਰਿਹੈ, ਇਥੇ ਦੂਜਾ ਹੈ ਨਹੀਂ –

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- 1291***

ਦੂਜਾ ਹੈ ਨਹੀਂ। ਭਰਮ ਪਿਆ ਹੋਇਆ ਹੈ। ਭਰਮ ਪਾਇਆ ਹੋਇਆ ਹੈ ਪ੍ਰਮੇਸ਼ਰ ਨੇ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***
***ਅੰਗ- 999***

ਸੋ ਅਸੀਂ ਸਮਝਦੇ ਨਹੀਂ, ਨਾ ਅਸੀਂ ਗੁਰੂ ਦੀ ਮੱਤ ਮੰਨੀਏ। ਜੇ ਇਕ ਗੱਲ ਮੰਨ ਲਈਏ।

***ਇਲਮੋਂ ਬਸ ਕਰੀ ਹੁਣ ਯਾਰ।***
***ਇਕੋ ਅਲਫ਼ ਤੈਨੂੰ ਦਰਕਾਰ।***

ਬਹੁਤ ਹੈ ਅਲਫ਼ ਜੇ ਤੈਨੂੰ ਸਮਝ 'ਚ ਆ ਜਾਵੇ। ਜੇ 'ੴ' ਸਮਝ 'ਚ ਆ ਜਾਵੇ। ਇਸ ਤੋਂ ਅੱਗੇ ਦੀ ਕੋਈ ਗੱਲ ਹੀ ਨਹੀਂ ਹੈ। ਕਿਸੇ ਕਿਤਾਬ ਦੀ ਲੋੜ ਨਹੀਂ, ਲਾਇਬ੍ਰੇਰੀਆਂ ਨੂੰ ਛੱਡ ਦਿਓ। ਕਿਸੇ ਕੰਮ ਦੀਆਂ ਨਹੀਂ, ਇਹ ਜੰਗਲ ਹੈ, ਭੁਲਾ ਦਿੰਦੀਆਂ ਨੇ ਬੰਦੇ ਨੂੰ। ਜੇ ਪੜ੍ਹਨੀ ਹੈ ਤਾਂ ਕਿਸੇ ਤੱਤ ਬੇਤੇ ਮਹਾਂਪੁਰਸ਼ ਦਾ ਲਿਖਿਆ ਪੜ੍ਹ ਲਓ। ਜਿਹੜੇ ਅਕਲ ਦੇ ਅਕਲੀਏ ਨੇ, ਇਹ ਤੈਨੂੰ ਭੁੱਲ ਭੁਲਾਈਆਂ 'ਚ ਪਾ ਦੇਣਗੇ, ਆਪ ਭੁੱਲੇ ਹੋਏ ਨੇ, ਤੈਨੂੰ ਵੀ ਭੁਲਾ ਦੇਣਗੇ। ਜੇ ਸਤਿ ਹੈ ਤਾਂ ਗੁਰੂ ਦੀ ਬਾਣੀ ਪੜ੍ਹ ਲੈ, ਇਸ ਤੋਂ ਅਗਾਂਹਾਂ ਕੋਈ ਪੜ੍ਹਾਈ ਦੀ ਲੋੜ ਹੀ ਨਹੀਂ ਹੈ। ਸਾਰੀਆਂ ਪੜ੍ਹਾਈਆਂ ਇਹਦੇ 'ਚ ਆ ਕੇ ਮੁੱਕ ਜਾਂਦੀਆਂ ਨੇ।

ਸੋ ਇਹ ਜੋ ਬੱਚਾ ਹੈ ਧੰਨਾ, ਇਹਦੇ ਮਨ ਵਿਚ 100% ਵਿਸ਼ਵਾਸ਼ ਆ ਗਿਆ ਕਿ ਮੈਂ ਵੀ ਵਾਹਿਗੁਰੂ ਨੂੰ ਮਿਲਾਂ, ਜੇ ਇਹ ਮਿਲ ਸਕਦੇ ਨੇ ਤਾਂ ਮੈਂ ਵੀ ਮਿਲ ਸਕਦਾ ਹਾਂ। ਇਹ ਜਿਹੜਾ ਤ੍ਰਿਲੋਚਨ ਹੈ ਉਹ ਰੋਜ਼ ਜਾਇਆ ਕਰਦਾ ਹੈ, ਨਦੀ 'ਚ ਇਸ਼ਨਾਨ ਕਰਦੈ, ਉਸ ਤੋਂ ਬਾਅਦ ਉਪਾਸ਼ਨਾ ਕਰਦੈ। ਜਿਹੜੀ ਸਾਡੇ ਅੰਦਰ ਮਲ ਹੈ ਇਹਨੂੰ ਤਾਂ ਕਰਮ ਦੂਰ ਕਰਦੇ ਨੇ, ਜਿਹੜੀ ਸਾਡੇ ਅੰਦਰ ਵਿਖਸ਼ੇਪਤਾ ਹੈ, ਉਹਨੂੰ ਉਪਾਸ਼ਨਾ ਦੂਰ ਕਰਦੀ ਹੈ।

ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਅੰਤਰੰਗ ਇਕ ਬਹਿਰੰਗ। ਜੇ ਸ਼ੌਂਕ ਹੈ ਪੁੱਛ ਲਓ ਕਿਸੇ ਨੂੰ ਜਿਹੜੇ ਜਾਣਦੇ ਨੇ ਕਿ ਉਪਾਸ਼ਨਾ ਕੀ ਹੁੰਦੀ ਹੈ। ਉਸ ਤੋਂ ਬਾਅਦ ਜਿਹੜਾ ਆਵਰਨ ਦਾ ਪੜਦਾ ਹੈ, ਅਗਿਆਨ, ਭੁੱਲ ਦਾ, ਉਹਨੂੰ ਗਿਆਨ ਦੂਰ ਕਰਦਾ ਹੈ। ਗਿਆਨ ਗੱਲਾਂ ਨਾਲ ਨਹੀਂ ਹੁੰਦਾ –

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥***

***ਅੰਗ- 465***

ਸਾਧਨਾ ਸੰਪੰਨ ਪੁਰਸ਼ ਦੇ ਅੰਦਰ ਆਪੇ ਹੀ ਪ੍ਰਕਾਸ਼ ਹੁੰਦੈ। ਉਥੇ ਫੇਰ ਸਵਾਲ ਜਵਾਬ ਵਿਵੇਕ ਮੰਡਲ 'ਚ ਚਲਦੇ ਨੇ। ਉਥੇ ਜਾ ਕੇ ਗਿਆਨ ਦੀ ਵਾਰੀ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹਦੇ 'ਚ ਮਦਦ ਕਰਦੇ ਨੇ। ਫੇਰ ਜਾ ਕੇ ਭਰਮ ਦਾ ਪੜਦਾ ਟੁੱਟਦੈ। ਛੋਟੇ-ਛੋਟੇ ਭਰਮ ਹੁੰਦੇ ਨੇ। ਫੇਰ ਉਹ ਆਪ ਨਹੀਂ ਰਹਿੰਦਾ-

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***

***ਅੰਗ- 657***

ਫੇਰ ਰਹਿ ਕੀ ਗਿਆ, ਪ੍ਰਮੇਸ਼ਰ ਹੀ ਰਹਿ ਗਿਆ। ਸੋ ਇਹ ਚੌਥਾ ਦਰਜਾ ਹੁੰਦੈ, ਜਿਹਨੂੰ ਵਿਗਿਆਨ ਕਹਿੰਦੇ ਨੇ। ਦਰਜਾ-ਬ-ਦਰਜਾ ਭਗਤੀ ਹੁੰਦੀ ਹੈ। ਐਵੇਂ ਨੀਂ ਕਿਤਾਬ ਪੜ੍ਹੀ ਤੇ ਉਪਰਲੀ ਗੱਲ ਕਰਨ ਲੱਗ ਗਿਆ। ਇਹ ਨਹੀਂ ਗੱਲ ਹੋਇਆ ਕਰਦੀ।

ਇਹ ਟੋਲ੍ਹਦਾ ਹੈ। ਸੋ ਉਹ ਉਪਾਸ਼ਨਾ ਕਰਨ ਵਾਲਾ ਬੰਦਾ ਹੈ। ਉਹਨੇ ਮੂਰਤੀਆਂ ਰੱਖੀਆਂ ਹੋਈਆਂ ਨੇ, ਬਾਹਰ ਨਿਕਲ ਆਉਂਦੈ। ਕੱਪੜਾ ਵਿਛਾ ਲੈਂਦੈ। ਉਸ ਤੋਂ ਬਾਅਦ ਦੁੱਧ ਲਿਆਉਂਦੈ ਥੋੜ੍ਹਾ ਜਿਹਾ ਪਾਇਆ ਹੋਇਆ ਤੇ ਉਹਨੂੰ ਦੁੱਧ ਵੀ ਪਿਲਾਉਂਦੈ। ਤਿਲਕ ਲਾਉਂਦੈ ਤੇ ਸਾਰਾ ਕੁਛ ਕਰਦੈ। ਇਹ ਰੋਜ਼ ਦੇਖਦੈ ਕਿ ਕੀ ਕਰਦੈ ਇਹ। ਅੱਜ ਇਹਦੇ ਮਨ ਵਿਚ ਆਇਆ ਕਿ ਮੈਂ ਵੀ ਭਗਤੀ ਕਰਨ ਦਾ ਤਰੀਕਾ ਪੁੱਛ ਲਵਾਂ। ਸੋ ਸੰਗਦਾ-ਸੰਗਦਾ ਉਹਦੇ ਕੋਲ ਜਾਂਦੈ।

***ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।***
***ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਉਸ ਨੇ ਦੱਸਿਆ ਕਿ ਮੈਂ ਉਪਾਸ਼ਨਾ ਕਰਦਾ ਹਾਂ, ਤੂੰ ਜੱਟਾਂ ਦਾ ਮੁੰਡਾ ਹੈਂ ਤੈਨੂੰ ਨਹੀਂ ਇਹ ਗੱਲਾਂ ਸਮਝ ਆਉਣੀਆਂ, ਤੂੰ ਮੇਰਾ ਸਮਾਂ ਖਰਾਬ ਨਾ ਕਰ।

ਇਹਨੇ ਕਿਹਾ, ਦਾਦਾ ਜੀ! ਇਹ ਕੀ ਦਿੰਦੈ?

ਕਹਿੰਦੇ, ਧੰਨਿਆ! ਦੇਣ ਲੈਣ ਦਾ ਤਾਂ ਸਵਾਲ ਹੀ ਨਹੀਂ ਹੈ। ਜਿੰਨਾਂ ਮੰਗ ਲੈ ਇਸ ਤੋਂ, ਜੋ ਚੀਜ਼ ਮੰਗ ਲੈ ਓਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਕਿਉਂਕਿ ਇਨ੍ਹਾਂ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਜੋ ਮੰਗੇ ਉਹ ਮਿਲ ਜਾਂਦੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ - ਸੇਵ ਹਰਿ ਕੇ ਚਰਣ ਰਸਾਇਣ ਜੀ,*
*ਜੋ ਜੋ ਮਾਂਗੈ ਸੋਈ ਸੋਈ ਪਾਵੈ।*

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥* *ਅੰਗ - 714*

*ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।*
*ਭਾਈ ਗੁਰਦਾਸ ਜੀ, ਵਾਰ 10/11*

ਕਹਿਣ ਲੱਗਿਆ, ਦਾਦਾ ਜੀ! ਮੈਨੂੰ ਵੀ ਜੁਗਤ ਦਸ ਦਿਓ, ਮੈਂ ਵੀ ਭਜਨ ਕਰਿਆ ਕਰਾਂ ਤੇ ਇਕ ਮੈਨੂੰ ਵੀ ਦੇ ਦਿਓ -

*ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।*
*ਭਾਈ ਗੁਰਦਾਸ ਜੀ, ਵਾਰ 10/11*

ਮੈਨੂੰ ਦੇ ਦਿਓ ਜੇ ਤੁਹਾਨੂੰ ਭਾਉਂਦੈ।

ਕਹਿੰਦੇ, ਧੰਨਿਆ! ਤੁਹਾਨੂੰ ਲੋਕਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ। ਸ਼ਾਸਤਰ ਦਾ ਨਿਯਮ ਜੋ ਹੈ ਉਹ ਇਸ ਤਰ੍ਹਾਂ ਨਾਲ ਹੈ -

*ਧਾਰਨਾ - ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ।*

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ- 1365*

ਕਹਿਣ ਲੱਗੇ, ਧੰਨਿਆਂ! ਬੜੀ ਤੂੰ ਗੱਲ ਉੱਚੀ ਯਾਦ ਕੀਤੀ। ਤੂੰ ਤਾਂ ਗਾਹਕ ਨਹੀਂ ਹੈਂ, ਗਾਹਕ ਤੋਂ ਬਗੈਰ ਨਾਮ ਦੀ ਗੱਠੜੀ ਖੋਲ੍ਹੋ। ਇਹ ਤਾਂ ਇਸ ਤਰ੍ਹਾਂ ਜਾਂਦੀ ਹੈ ਕਿ ਕੋਈ ਹੀਰੇ ਨੂੰ ਕੱਚ ਸਮਝ ਲਵੇ -

*ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥*
*ਅੰਗ- 1372*

ਕਹਿੰਦੇ, ਇਹਦੇ ਵਾਸਤੇ ਤਾਂ ਬੜੀ ਕੀਮਤ ਦੇਣੀ ਪੈਂਦੀ ਹੈ। ਬੜੇ ਗੁਣ ਹੋਣੇ ਚਾਹੀਦੇ ਨੇ, ਫੇਰ ਇਹ ਚੀਜ਼ ਦਿਤੀ ਜਾਂਦੀ ਹੈ। ਪਹਿਲਾਂ ਤਾਂ ਪ੍ਰਤੀਤ ਹੋਵੇ। ਗੁਰੂ 'ਤੇ ਪ੍ਰਤੀਤ, ਉਸ ਤੋਂ ਬਾਅਦ ਵਾਹਿਗੁਰੂ 'ਤੇ ਪ੍ਰਤੀਤ। ਤੀਸਰੀ ਪ੍ਰਤੀਤ ਹੈ ਕਿ ਜਿਹੜਾ ਨਾਮ ਮਿਲ ਗਿਆ ਉਸੇ ਨੇ ਮੈਨੂੰ ਪਾਰ ਲੰਘਾ ਦੇਣਾ ਹੈ, ਉਸ ਦੇ ਉਤੇ ਪ੍ਰਤੀਤ। ਉਸ ਤੋਂ ਬਾਅਦ ਦ੍ਰਿੜ੍ਹਤਾ ਦੀ ਲੋੜ ਹੈ। ਵੈਰਾਗ ਦੀ ਲੋੜ ਹੈ। ਲਗਨ ਦੀ ਲੋੜ ਹੈ। ਫੇਰ ਉਹਦੇ ਵਿਚ ਕੋਈ ਰੌਲਾ ਰੱਪਾ ਨਾ ਹੋਵੇ। ਪਾਖੰਡ ਉਹ ਨਾ ਕਰਦਾ ਹੋਵੇ, ਦਿਖਾਵਾ ਉਹ ਨਾ ਕਰਦਾ ਹੋਵੇ, ਪੈਸੇ ਵਾਸਤੇ ਉਹ ਨਾ ਇਹ ਕੰਮ ਕਰਦਾ ਹੋਵੇ, ਨਿੰਦਿਆ ਨਾ ਕਰੇ ਕਿਸੇ ਦੀ, ਈਰਖਾ ਕਿਸੇ ਨਾਲ ਨਾ ਕਰੇ, ਚੁਗਲੀ ਕਿਸੇ ਦੀ ਨਾ ਕਰੇ, ਆਸਾ ਤੋਂ ਅੰਦੇਸ਼ਾ ਤੋਂ, ਝੂਠ ਤੋਂ, ਪਾਖੰਡ ਤੋਂ, ਕਹਿੰਦਾ ਧੰਨਿਆ!

ਇਕ ਗੱਲ ਨਹੀਂ ਇਹ ਤਾਂ ਸੈਂਕੜੇ ਗੱਲਾਂ ਨੇ। ਇਹ ਜਿੰਨਾਂ ਚਿਰ ਨਹੀਂ ਆਉਂਦੇ ਓਨਾਂ ਚਿਰ ਗਾਹਕ ਨਹੀਂ ਹੋਇਆ ਕਰਦਾ। ਗਾਹਕ ਜਦ ਹੁੰਦੈ, ਜਦੋਂ ਮਰਨਾ ਕਬੂਲ ਕਰ ਲਵੇ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***

***ਅੰਗ- 1102***

ਮਰਨਾ ਕੀ ਹੈ, ਅਸੀਂ ਕਹਿੰਦੇ ਹਾਂ ਮਾਰ ਦਿਓ। ਇਹਦੇ ਨਾਲ ਤਾਂ ਅਸੀਂ ਮਰਦੇ ਨਹੀਂ, ਅਸੀਂ ਫੇਰ ਜੰਮ ਪਵਾਂਗੇ। ਮਰਨਾ ਇਹ ਕਬੂਲ ਹੈ, ਜਿਹੜੀ 'ਮੈਂ' ਹੈ ਨਾ ਮੇਰੇ ਵਿਚ ਇਹ ਮਰ ਜਾਏ। ਇਹ ਅਸੀਂ ਛੱਡਣ ਨੂੰ ਤਿਆਰ ਨਹੀਂ। ਨਾ ਗੁਰੂ ਦੇ ਘਰ ਆ ਕੇ ਛੱਡਣ ਨੂੰ ਤਿਆਰ ਹਾਂ, ਕਿਸੇ ਤਰ੍ਹਾਂ ਵੀ ਨਹੀਂ ਛੱਡਦੇ। ਕਹਿੰਦੇ ਹਾਂ, ਮੇਰੇ ਬਾਲ-ਬੱਚੇ, ਮੇਰਾ ਘਰ, ਮੇਰੀ ਜਾਇਦਾਦ। ਜੇ ਮੈਂ ਮਰ ਗਿਆ, ਤੁਸੀਂ ਹੁਣੇ ਹੀ ਕਹਿਣਾ ਹੈ ਕਿ ਸਭ ਛੱਡ ਕੇ ਮੇਰੇ ਨਾਲ ਚੱਲ। ਇਹ ਤਾਂ ਬੜੀ ਮੁਸ਼ਕਲ ਬਾਤ ਹੈ, ਇਹ ਨਹੀਂ ਮਹਾਰਾਜ ਸਾਡੇ ਤੋਂ ਮੰਨੀ ਜਾਂਦੀ ਗੱਲ। ਅਸੀਂ ਵੀ ਰਹੀਏ ਤੇ ਪਹੁੰਚਾ ਵੀ ਦੇਵੇ। ਮਹਾਰਾਜ ਕਹਿੰਦੇ, ਇਹ ਦੋ ਗੱਲਾਂ ਹੋਣੀਆਂ ਹੀ ਨਹੀਂ। ਉਥੇ ਇਕ ਦਾ ਵਾਸਾ ਹੈ। ਦੋ ਨਹੀਂ ਹਨ ਉਥੇ, ਇਕੋ ਹੀ ਚਲਦਾ ਹੈ। ਜਦੋਂ ਤੱਕ ਤੇਰੇ ਅੰਦਰ 'ਮੈਂ' ਭਾਵਨਾ ਹੈ। ਹੰਗਤਾ ਤੇਰੇ ਅੰਦਰ ਹੈ, ਮਮਤਾ ਤੇਰੇ ਅੰਦਰ ਹੈ। ਨਹੀਂ ਲੰਘ ਸਕਦਾ। ਜਿੰਨਾਂ ਚਿਰ ਹੰਗਤਾ ਹੈ, ਓਨਾਂ ਚਿਰ ਵੈਰੀ ਮਿੱਤਰ ਨੇ।

***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥***
***ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥***

***ਅੰਗ- 278***

ਇਹ ਤਾਂ ਸਾਰੀਆਂ ਚੀਜ਼ਾਂ ਛੱਡਣੀਆਂ ਪੈਣੀਆਂ ਨੇ, ਜਿਹੜਾ ਤੇਰਾ ਅਭਿਆਸ ਮੈਂ ਦਾ ਪੱਕ ਗਿਆ। ਇਹ ਗੁਰੂ ਦੀ ਭੇਟਾ ਕਰਨਾ ਪੈਣਾ ਹੈ, ਤਨ, ਮਨ, ਧਨ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥*** ***ਅੰਗ- 918***

ਤਿੰਨੋ ਚੀਜ਼ਾਂ ਨੇ, ਆਪਣਾ ਆਪ ਵੇਚ ਦੇ ਗੁਰੂ ਨੂੰ-

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥*** ***ਅੰਗ- 286***

ਇਹੀ ਝਗੜੇ ਦੀ ਚੀਜ਼ ਹੈ ਜਿਹੜੀ ਸਾਨੂੰ ਜਨਮਾਂ-ਜਨਮਾਂਤਰਾਂ 'ਚ ਲਈ ਫਿਰਦੀ ਹੈ। ਪੂਰਾ ਤਾਂ ਹੈ ਨਹੀਂ ਸੀ, ਪਰ ਗੱਲ ਸਮਝਾਉਣ ਨੂੰ ਸਭ ਕੁਛ ਜਾਣਦਾ ਸੀ। ਧੰਨੇ ਨੇ ਉਸ ਵੇਲੇ ਇਕ ਗਊ ਭੇਟਾ ਕਰ ਦਿਤੀ।

ਕਹਿੰਦਾ, ਦਾਦਾ ਜੀ! ਇਹ ਗਊ ਤੁਹਾਡੀ ਤੇ ਮੈਂ ਹੀ ਸਾਂਭਿਆ ਕਰੂੰਗਾ। ਦੁੱਧ ਚੋ ਕੇ ਤੁਹਾਨੂੰ ਦੇ ਆਇਆ ਕਰੂੰਗਾ। ਮਾਂ-ਬਾਪ ਮੇਰੇ ਕੁਛ ਨਹੀਂ ਕਹਿੰਦੇ। ਉਸ ਵੇਲੇ ਉਹਨੇ ਕਿਹਾ ਕਿ ਅਧਿਕਾਰੀ ਤਾਂ ਹੈ ਨਹੀਂ। ਚਲੋ ਹੁਣ ਜੇ ਇਹ ਖਹਿੜੇ ਪਿਆ ਹੋਇਐ -

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਧੰਨਾ ਆ ਗਿਆ, ਬੜੀ ਖੁਸ਼ੀ ਹੈ ਮਨ ਦੇ ਅੰਦਰ। ਉਸ ਵੇਲੇ -

***ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਲੱਸੀ ਲੈ ਲਈ, ਪ੍ਰਸ਼ਾਦਾ ਲੈ ਲਿਆ ਮਿੱਸਾ, ਮੱਖਣ ਰੱਖ ਲਿਆ, ਲਿਆ ਕੇ ਕਹਿਣ ਲੱਗਿਆ, ਛਕੋ ਮਹਾਰਾਜ। ਪੜਦਾ ਤਾਣ ਦਿਤਾ। ਉਥੇ ਕੋਈ ਰੌਲਾ ਗੌਲਾ ਨਹੀਂ। ਕੋਈ ਖੜਕਾ ਨਹੀਂ। ਸਮਾਂ ਲੰਘ ਗਿਆ। ਖਿਆਲ ਆਇਆ ਕਿ ਪ੍ਰਸ਼ਾਦੇ ਠੰਢੇ ਹੋ ਗਏ। ਮੁੜ ਕੇ ਫੇਰ ਪਕਾ ਲਿਆਇਆ। ਫੇਰ ਠੰਢੇ ਹੋ ਗਏ, ਫੇਰ ਪਕਾ ਲਿਆਇਆ। ਕੋਈ ਜ਼ੋਰ ਤਾਂ ਹੁੰਦਾ ਨਹੀਂ ਗਰੀਬ ਦਾ। ਉਹਦੇ ਕੋਲ ਹੰਝੂਆਂ ਦਾ ਹੀ ਜ਼ੋਰ ਹੁੰਦੈ, ਰੋਣਾ ਸ਼ੁਰੂ ਕਰ ਦਿਤਾ। ਬਹੁਤ ਰੋਂਦੈ। ਦਿਨ ਢਲਣ ਵਾਲਾ ਹੋ ਗਿਆ, ਉਧਰ ਜਿਹੜੇ ਪਸ਼ੂ ਨੇ ਉਹ ਖੁਲ੍ਹਣ ਵਾਸਤੇ ਗੇੜੇ ਕੱਢਦੇ ਨੇ। ਕਹਿਣ ਲੱਗਿਆ, ਹੇ ਪ੍ਰਭੂ! ਤੁਸੀਂ ਕਿਸੇ ਤਰੀਕੇ ਨਾਲ ਮੰਨ ਵੀ ਸਕਦੇ ਹੋਂ। ਮੈਂ ਤਾਂ ਗਰੀਬ ਹਾਂ, ਮੈਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੈ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਪੈਰੀਂ ਪੈ-ਪੈ ਕੇ ਬਹੁਤ ਮਨਾਵੇ,***
***ਹੱਥ ਜੋੜ ਕਰੇ ਮਿੰਨਤਾਂ।***

***ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਕਹਿਣ ਲੱਗਿਆ, ਹੇ ਪਾਤਸ਼ਾਹ! ਜੇ ਤੂੰ ਨਹੀਂ ਖਾਣਾ ਤਾਂ ਅੱਜ ਤੋਂ ਬਾਅਦ ਮੈਂ ਵੀ ਨਹੀਂ ਖਾਣਾ।

***ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਤੂੰ ਰੁੱਸ ਗਿਆ ਮੇਰੇ ਨਾਲ ਪਾਤਸ਼ਾਹ, ਮੈਨੂੰ ਚੰਗਾ ਲਗਦੈ ਕਿਤੇ?

ਅਖੀਰ ਜਦੋਂ ਦੇਖਿਆ ਪੂਰਾ ਪਿਆਰ ਉਸਦਾ, ਵਾਹਿਗੁਰੂ ਨੇ ਕਿਤੋਂ ਆਉਣਾ ਸੀ? ਉਥੋਂ ਹੀ ਪ੍ਰਗਟ ਹੋ ਗਏ।

ਕਹਿੰਦੇ, ਲਿਆ ਬਈ, ਧੰਨਿਆ! ਪ੍ਰਸ਼ਾਦਾ ਛਕ ਲਈਏ। ਮੈਂ ਵੀ ਭੁੱਖਾ ਹਾਂ। ਪ੍ਰਸ਼ਾਦਾ ਛਕੀ ਜਾਂਦੇ ਨੇ।

ਬੜੀ ਖੁਸ਼ੀ ਹੋਈ ਧੰਨੇ ਦੇ ਮਨ ਵਿਚ। ਕਿੰਨੀ ਖੁਸ਼ੀ ਉਸ ਬੱਚੇ ਨੂੰ ਹੋਈ ਹੋਣੀ ਹੈ, ਅੰਦਾਜ਼ੇ ਤੋਂ ਬਾਹਰਲੀ ਬਾਤ ਹੈ। ਕਿੰਨਾ ਅਨੰਦ ਉਹਨੂੰ ਹੋਇਆ ਹੋਣੈ, ਪ੍ਰਮੇਸ਼ਰ ਦੇ ਦਰਸ਼ਨ ਦੇਖ ਕੇ। ਉਸ ਤੋਂ ਬਾਅਦ ਪ੍ਰਸ਼ਾਦਾ ਛਕਿਆ। ਕਹਿਣ ਲੱਗਿਆ, ਮਹਾਰਾਜ! ਥੋੜ੍ਹਾ ਜਿਹਾ ਮੇਰੇ ਲਈ ਵੀ ਛੱਡ ਦਿਓ। ਮੈਂ ਵੀ ਭੁੱਖਾ ਹਾਂ। ਪ੍ਰਸ਼ਾਦਾ ਛਕਾ ਦਿਤਾ।

ਕਹਿਣ ਲੱਗੇ, ਧੰਨਿਆ! ਮੈਂ ਰੋਟੀ ਖਾ ਕੇ ਕੰਮ ਵੀ ਕਰਦਾ ਹੁੰਦਾ ਹਾਂ। ਚੱਲ ਤੂੰ ਛੇਤੀ-ਛੇਤੀ ਡੰਗਰ ਖੋਲ੍ਹ, ਮੈਂ ਚਾਰਾ ਵੱਢ ਕੇ ਕੁਤਰਾ ਕਰਦਾਂ। ਪਾਣੀ ਪਿਲਾ ਡੰਗਰਾਂ ਨੂੰ।

ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ਅੰਗ- 488***

ਇਹ ਗੱਲਾਂ ਸੁਣ ਕੇ ਭਗਤੀ ਨੂੰ ਲਗ ਗਿਆ। ਨਾਮ ਜਪਣ ਲਗ ਗਿਆ, ਪ੍ਰੇਮਾ ਭਗਤੀ 'ਚ ਆ ਗਿਆ। ਹੋਇਆ ਕੀ -

***ਧਾਰਨਾ - ਵਾਹਵਾ ਵਾਹਵਾ ਬਈ ਰੱਬ ਪ੍ਰਤੱਖ ਮਿਲਿਆ,***
***ਰੋਟੀ ਖਾ ਲਈ ਧੰਨੇ ਦੀ ਆ ਕੇ।***

***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭੋਲਾ ਭਾਉ ਗੋਬਿੰਦ ਮਿਲਾਵੈ।***

***ਭਾਈ ਗੁਰਦਾਸ ਜੀ, ਵਾਰ 10/11***

ਅਖੀਰ ਜੋ ਨਤੀਜਾ ਹੈ ਇਸ ਦਾ, ਉਹਦੇ ਅੰਦਰ ਚਲਾਕੀ ਨਹੀਂ ਸੀ ਕੋਈ 1% ਵੀ। ਉਹਦਾ ਵਿਸ਼ਵਾਸ਼ ਐਨਾ ਜ਼ਿਆਦਾ ਸੀ ਕਿ ਜੋ ਗੱਲ ਸੁਣ ਲਈ, ਕਹਿੰਦਾ ਇਹੀ ਠੀਕ ਹੈ। ਜੋ ਸੰਤਾਂ ਨੇ ਦਸ ਦਿਤਾ, ਕਬੀਰ ਸਾਹਿਬ ਬਾਰੇ, ਨਾਮਦੇਵ ਜੀ ਬਾਰੇ, ਰਵਿਦਾਸ ਜੀ ਬਾਰੇ, ਸੈਣ ਜੀ ਬਾਰੇ, ਹੋਰ ਸੰਤਾਂ ਦੇ ਬਾਰੇ ਉਸ ਉਪਰ ਉਸ ਨੇ ਕਿੰਤੂ ਨਹੀਂ ਕਰਿਆ ਕਿ ਖਬਰੇ ਮੈਂ ਕਿਹੜਾ ਅੱਖਾਂ ਨਾਲ ਦੇਖਿਆ ਹੈ।

ਉਹਨੇ ਸੁਣਿਆ। ਜੋ ਸੁਣਿਐ ਦੀ ਅਵਸਥਾ ਹੈ 100% ਭਰੋਸੇ ਨਾਲ ਸੁਣਿਆ। ਨਤੀਜਾ ਕੀ ਸੀ? ਉਹਦੇ ਅੰਦਰ ਚਲਾਕੀ ਨਹੀਂ ਸੀ। ਚਲਾਕੀ ਦੇ ਨਾਲ ਪ੍ਰਮੇਸ਼ਰ ਨਹੀਂ ਮਿਲਦਾ ਕਦੇ ਵੀ। ਚਲਾਕ ਬੰਦੇ ਨਾਲ ਸਬੰਧ ਹੀ ਨਹੀਂ ਹੈ। ਐਸਾ ਫੁਰਮਾਨ ਆਉਂਦੈ -

***ਧਾਰਨਾ - ਚਤੁਰ ਰਹਿ ਗਏ ਚਤੁਰਾਈਆਂ ਕਰਦੇ,***
***ਭੋਲਿਆਂ ਨੂੰ ਰੱਬ ਮਿਲਿਆ।***

***ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ - 324***

***ਚਤੁਰਾਈ ਨ ਚਤੁਰਭੁਜੁ ਪਾਈਐ ॥ ਅੰਗ - 324***

ਵਿਸ਼ਵਾਸ਼ ਦੀ ਮੈਂ ਗੱਲ ਕਰੀ ਸੀ। ਵਿਸ਼ਵਾਸ਼ ਹਮੇਸ਼ਾ ਸਿੱਧੇ ਬੰਦੇ 'ਚ ਹੋਇਆ ਕਰਦੈ। ਜਿਹੜੇ ਬੰਦੇ ਦਾ ਕੂੜ-ਕੁਬਾੜ ਨਾਲ ਮਗਜ਼ ਭਰਿਆ ਪਿਆ ਹੈ। ਤਰਕਾਂ-ਬਤਰਕਾਂ ਨਾਲ, ਉਹ ਤਾਂ ਵਿਸ਼ਵਾਸ਼ ਦੇ ਨੇੜੇ ਤੇੜੇ ਵੀ ਨਹੀਂ ਹੋਇਆ ਕਰਦਾ। ਉਤੋਂ ਸ਼ਕਲ ਕਿਹੋ ਜਿਹੀ ਵੀ ਬਣਾ ਲਵੇ, ਕਿੰਨੀਆਂ ਗੱਲਾਂ ਮਾਰੇ, ਗੱਲਾਂ ਹੀ ਗੱਲਾਂ।

***ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥***

***ਅੰਗ- 528***

ਗੱਲਾਂ ਮਾਰ ਲੈ ਜਿੰਨੀਆਂ ਮਾਰਨੀਆਂ ਨੇ ਲੇਕਿਨ ਦਰਗਾਹ 'ਚ ਭ੍ਰਿਸ਼ਟਿਆ ਹੋਇਆ ਬੰਦਾ ਹੈ। ਨਹੀਂ ਲੰਘ ਸਕਦਾ।

ਇਸ ਕਰਕੇ ਜੋ ਆਪਾਂ ਬੇਨਤੀ ਕਰੀ ਸੀ -

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*** ***ਅੰਗ- 283***

ਪ੍ਰਤੀਤ ਵਾਲਾ ਬੰਦਾ ਮਿਲ ਸਕਦਾ ਹੈ, ਦੂਸਰਾ ਨਹੀਂ ਮਿਲਿਆ ਕਰਦਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤ ਕਰਦੇ ਹਾਂ।

ਅਨੰਦ ਸਾਹਿਬ, ਗੁਰ ਸਤੋਤਰ,

ਅਰਦਾਸ, ਹੁਕਮਨਾਮਾ।

# ਭਾਈ ਰੂਪਾ, ਕ੍ਰਿਸ਼ਨ ਮਹਾਰਾਜ ਤੇ ਦੁਰਯੋਧਨ

ਸ਼ਾਨ..........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਪ੍ਰੀਤਮ ਮੇਰਾ ਪਿਆਰਾ, ਕੋਈ ਆਣ ਕੇ ਮਿਲਾਵੇ।*

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ 1 ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ 1 ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥ ਅੰਗ - 757*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਇਕ ਬੇਨਤੀ ਹੈ ਖੁਲ੍ਹੀ ਕਿਸੇ ਨੂੰ ਖਾਸ ਸੰਬੋਧਨ ਕਰਕੇ ਨਹੀਂ ਕੀਤੀ ਗਈ ਕਿ ਆਮ ਬੇਨਤੀ ਹੈ ਕਿ ਕੋਈ ਹੈ ਸੰਸਾਰ ਦੇ ਅੰਦਰ ਐਸਾ ਜਿਹੜਾ ਮੇਰਾ ਪ੍ਰੀਤਮ ਪਿਆਰਾ ਮਿਲਾ ਦੇਵੇ। ਤੜਫ ਹੈ ਕਿਸੇ, ਬਿਰਹੇ ਕੁੱਠੇ ਹਿਰਦੇ ਦੀ ਤੇ ਆਪ ਫੁਰਮਾਨ ਕਰਦੇ ਨੇ ਕਿ ਜੇ ਕੋਈ ਮਿਲਾ ਦੇਵੇ ਮੈਂ ਕੀਮਤ ਦੇਣ ਨੂੰ ਤਿਆਰ ਹਾਂ। ਪਹਿਲਾਂ ਤਾਂ ਲਗਨ ਜ਼ਰੂਰੀ ਹੈ, ਫੇਰ ਲਗਨ ਦੀ ਕੀਮਤ ਕਿੰਨੀ ਹੈ, ਕਹਿੰਦੇ ਮੈਂ ਆਪਣਾ ਆਪ ਉਸਨੂੰ ਵੇਚ ਦੇਵਾਂ, ਮੈਂ ਕੁਛ ਵੀ ਨਾ ਰਹਾਂ। ਜਦੋਂ ਮੈਂ ਆਪਣਾ ਆਪ ਵੇਚ ਦਿੱਤਾ, ਫੇਰ ਤਾਂ ਮੈਂ ਕੁਛ ਵੀ ਨਾ ਰਿਹਾ ਨਾ। ਇਹ ਜਿਹੜੀ ਮੈਂ ਹੈ ਇਹੀ ਰੁਕਾਵਟ ਪਾਉਂਦੀ ਹੈ। ਕਹਿੰਦੇ ਇਹ ਵੇਚ ਦੇਈਏ ਕੁਛ ਵੀ ਨਹੀਂ। ਕਿਉਂਕਿ ਮੈਨੂੰ ਦਰਸ਼ਨ ਦੇਖਣ ਦੀ ਆਸ ਹੈ, ਫੇਰ ਆਪ ਫੁਰਮਾਨ ਕਰਦੇ ਨੇ ਕਿ ਪੂਰਾ ਸਤਿਗੁਰੂ! ਹੇ ਪ੍ਰਭੂ! ਕ੍ਰਿਪਾ ਕਰ। ਸਤਿਗੁਰੂ ਮੇਲ ਦੇ, ਉਸ ਤੋਂ ਮੈਂ 'ਨਾਮ' ਲੈ ਕੇ ਪ੍ਰਮੇਸ਼ਰ ਦਾ ਦਿਨ-ਰਾਤ ਧਿਆਵਾਂ, ਦਿਨ ਰਾਤ ਉਹਦਾ ਧਿਆਨ ਰੱਖਾਂ ਹਿਰਦੇ 'ਚ ਤੇ ਉਹ ਨਾਮ ਜਪਾਂ। ਬਾਹਰਲੀ ਦੁਨੀਆਂ ਦੀ ਕੋਈ ਪਰਵਾਹ ਨਹੀਂ। ਜੇ ਸੁੱਖ ਦਿੰਦਾ ਹੈ ਤਾਂ ਵੀ ਮੈਂ ਤੇਰੀ ਆਰਾਧਨਾ

ਕਰਾਂਗਾ, ਹੇ ਪ੍ਰਭੂ! ਜੇ ਤੂੰ ਦੁੱਖ ਦਿੰਦਾ ਹੈਂ ਤਾਂ ਵੀ ਮੈਂ ਤੈਨੂੰ ਧਿਆਵਾਂਗਾ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥***

***ਅੰਗ - 757***

ਜੇ ਤੂੰ ਭੁੱਖ ਦਿੰਦਾ ਹੈਂ ਤਾਂ ਵੀ ਮੈਂ ਤੇਰੇ ਨਾਲ ਜੁੜਿਆ ਰਹਾਂਗਾ, ਜੇ ਦੁੱਖ ਹੈ ਤਾਂ ਮੈਂ ਦੁੱਖ ਨੂੰ ਦੁੱਖ ਕਰਕੇ ਨਹੀਂ ਜਾਣਾਗਾ। ਉਹਨੂੰ ਮੈਂ ਸੁੱਖ ਕਰਕੇ ਮਨਾਵਾਂਗਾ। ਬਹੁਤ ਵੱਡੀ ਕੁਰਬਾਨੀ ਹੈ ਸਾਧਸੰਗਤ ਜੀ। ਤਨ ਤੇ ਮਨ ਇਹ ਮੈਂ ਅਰਪਣ ਕਰ ਦੇਵਾਂ। ਕੱਟ-ਕੱਟ ਕੇ ਅਰਪਨ ਕਰ ਦੇਵਾਂ, ਟੁਕੜਾ-ਟੁਕੜਾ ਕਰਕੇ ਇਸਦਾ। ਫੇਰ ਮਿਲਣ ਵਾਲਾ ਤਾਂ ਕੋਈ ਨਾ ਰਿਹਾ ਜੇ ਤਨ ਦੇ ਟੁਕੜੇ ਕਰ ਦਿੱਤੇ। ਅੱਗ ਦੇ ਵਿੱਚ ਜੇ ਜਲਾ ਦਿੱਤਾ ਤਾਂ ਫੇਰ ਮਿਲਣ ਵਾਲਾ ਕੌਣ ਰਿਹਾ ਸਾਧਸੰਗਤ ਜੀ। ਇਹਦੇ ਵਿੱਚ ਜ਼ਰੂਰ ਭੇਦ ਹੈ, ਇਸ ਅਰਥ ਦੇ ਅੰਦਰ। ਉਹ ਇਹ ਹੈ ਕਿ ਤਨ ਦੇ ਅੰਦਰ ਬੇਅੰਤ ਚੀਜ਼ਾਂ ਨੇ ਚੌਦਾਂ ਖਰਬ ਸੈੱਲ ਲੱਗੇ ਹੋਏ ਨੇ। ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, 25 ਪ੍ਰਾਕ੍ਰਿਤੀਆਂ ਦੇ ਪੰਜ ਗਿਆਨ ਇੰਦਰੇ ਬਣੇ ਹੋਏ ਨੇ, ਇਸੇ ਤਰ੍ਹਾਂ 25 ਪ੍ਰਾਕ੍ਰਿਤੀਆ ਦੇ ਪੰਜ ਕਰਮ ਇੰਦਰੇ ਬਣੇ ਹੋਏ ਨੇ। ਫੇਰ ਇਹਦੇ ਅੰਦਰ ਪੰਜ ਪ੍ਰਾਣ ਨੇ, ਫੇਰ ਮਨ ਹੈ, ਬੁੱਧੀ ਹੈ, ਫੇਰ ਚਿੱਤ ਹੈ, ਫੇਰ ਮੈਂ ਹੈ। ਐਸ ਤਰ੍ਹਾਂ ਟੁਕੜੇ-ਟੁਕੜੇ ਕਰਕੇ ਮੈਂ ਤੇਰੇ ਤੋਂ ਕੁਰਬਾਨ ਕਰ ਦੇਵਾਂ। ਇੱਕਲੀ-ਇਕੱਲੀ ਚੀਜ਼ ਅਰਪਣ ਕਰ ਦੇਵਾਂ। ਪੰਜੋ ਤੱਤ ਤੇਰੇ ਨੇ, ਤੈਨੂੰ ਦੇ ਦੇਵਾਂ, ਪੱਚੀ ਪ੍ਰਾਕ੍ਰਿਤੀਆਂ ਦੇ ਗਿਆਨ ਇੰਦਰੇ ਇਹ ਵੀ ਤੇਰੇ ਨੇ। ਪੱਚੀ ਪ੍ਰਾਕ੍ਰਿਤੀਆਂ ਦੇ ਕਰਮ ਇੰਦਰੇ ਇਹ ਵੀ ਤੇਰੇ, ਪੰਜ ਪ੍ਰਾਣ ਵੀ ਤੇ ਮਨ ਵੀ ਤੇਰੇ ਅਰਪਣ ਕਰ ਦੇਵਾਂ, ਮਨ, ਬੁੱਧੀ ਚਿੱਤ ਵੀ ਕਰ ਦੇਵਾਂ ਤੇ ਮੈਂ ਆਪਣਾ ਆਪ ਵੀ ਕਰ ਦੇਵਾਂ। ਪਰ ਮੈਨੂੰ ਮਿਲਾ ਦੇ ਕਿਸੇ ਤਰੀਕੇ ਦੇ ਨਾਲ। ਬਹੁਤ ਵੱਡੀ ਤਾਂਗ ਹੈ ਇਹਦੇ ਅੰਦਰ। ਤੇ ਫੇਰ ਮੈਂ ਤੈਨੂੰ ਦਿੱਤੇ ਹੋਏ ਸਰੀਰ ਦੇ ਨਾਲ ਤੇਰਾ ਕੰਮ ਕਰਦਾ ਰਹਾਂ ਇਹ ਨਹੀਂ ਕਿ ਆਲਸੀ ਹੋ ਜਾਏ ਸਰੀਰ। ਪੱਖਾ ਫੇਰਾਂ, ਪਾਣੀ ਵੀ ਢੋਵਾਂ। ਜੋ ਮਿਲ ਜਾਵੇ ਉਹ ਖਾ ਲਵਾਂ। ਕਦੇ ਵੀ ਸ਼ਿਕਾਇਤ ਨਾ ਕਰਾਂ ਕਿ ਰੁੱਖੀ ਮਿਲ ਰਹੀ ਹੈ, ਛੋਲੇ ਮਿਲ ਰਹੇ ਨੇ, ਜਾਂ ਭੁਖੇ ਹੀ ਪਏ ਰਹੇ ਹਾਂ। ਹੇ ਪ੍ਰਭੂ! ਮੈਂ ਤਾਂ ਤੇਰੇ ਦੁਆਰੇ ਢਹਿ ਪਿਆ, ਤੂੰ ਕ੍ਰਿਪਾ ਕਰ ਮੈਨੂੰ ਮੇਲ ਲੈ ਇਹ ਤੇਰੀ ਵਡਿਆਈ ਹੈ। ਇਹ ਇੱਕ ਬੇਨਤੀ ਹੈ ਸਾਧਸੰਗਤ ਜੀ! ਜਗਿਆਸੂ ਦੀ, ਜਿਹਦੇ ਅੰਦਰ ਲੋਚਾ ਹੈ ਲਗਨ ਹੈ, ਸਮਝਣਾ ਚਾਹੀਦਾ ਹੈ ਸਾਨੂੰ ਕਿ ਕਿੰਨੀ ਲੋਚਾ ਹੈ, ਪ੍ਰਮੇਸ਼ਰ ਦੇ ਮਿਲਣ ਦੀ। ਜਾਨਣ ਦਾ ਯਤਨ ਕਰਦਾ ਹੈ ਜਗਿਆਸੂ ਕਿ ਕਿਹੜਾ ਗੁਣ ਧਾਰਨ ਕਰਾਂ ਜਿਹਦੇ ਨਾਲ ਮੈਨੂੰ ਮਿਲ ਜਾਵੇ -

***ਧਾਰਨਾ - ਕਿਹੜੇ ਗੁਣੀਂ ਓ ਰਾਮ ਮਿਲਦਾ।***
***ਮੈਨੂੰ ਦੱਸਿਓ ਸੁਹਾਗਣ ਸਈਓ।***

ਜਿਨ੍ਹਾਂ ਨੂੰ ਮਿਲਿਆ ਹੋਇਆ ਹੈ ਉਨ੍ਹਾਂ ਦੇ ਪਾਸ ਜਾ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਤੁਹਾਨੂੰ ਕਿਵੇਂ ਮਿਲ ਗਿਆ ਤੁਸੀਂ ਕਿਹੜੇ-ਕਿਹੜੇ ਗੁਣ ਧਾਰਨ ਕਰੇ ਸੀ। ਕਿਹੋ ਜਿਹਾ ਭੇਖ ਬਣਾਇਆ ਸੀ। ਕਿਹੋ ਜਿਹਾ

ਤੁਸੀਂ ਆਪਣੇ ਆਪ ਨੂੰ ਬਣਾਇਆ। ਉਹ ਕਹਿਣ ਲੱਗੇ, ਪਿਆਰਿਆ! ਭੇਖਾਂ ਦੇ ਨਾਲ ਤਾਂ ਨਹੀਂ ਮਿਲਣਾ ਹੈ ਪ੍ਰਮੇਸ਼ਰ। ਪਰ ਇੱਕ ਭੇਖ ਹੈ ਜੇ ਬਣਾਂ ਸਕੇ ਤੂੰ, ਤਾਂ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ। ਉਹਦੇ ਵਾਸਤੇ ਤਿਆਰ ਕਰ ਆਪਣੇ ਆਪ ਨੂੰ। ਹੋਰ ਕਿਸੇ ਭੇਖ ਦੇ ਉਤੇ ਨਹੀਂ ਰੀਝਦਾ।

*ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥*
*ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥ ਅੰਗ - 785*

ਨਹੀਂ ਭੇਖਾਂ ਦੇ ਨਾਲ ਮਿਲਦਾ। ਭੇਖ ਜਗਤ ਨੂੰ ਦਿਖਾਉਣ ਵਾਸਤੇ ਹੋਇਆ ਕਰਦਾ ਹੈ।

*ਭੇਖ ਦਿਖਾਇਓ ਜਗਤ ਕਉ ਲੋਗਨ ਕਉ ਵਸ ਕੀਨ ॥*
*ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ॥*

*ਦਸਮ ਗ੍ਰੰਥ*

ਬਾਹਰਲੇ ਭੇਖ ਨਾਲ ਨਹੀਂ ਮਿਲਦਾ, ਲੇਕਿਨ ਅੰਦਰ ਇਕ ਐਸਾ ਭੇਖ ਹੈ ਜੇ ਧਾਰਨ ਕਰ ਲਵੇਂ ਜੇ ਤੂੰ ਓਹੋ ਜਿਹਾ ਭੇਖ ਕਰ ਲਵੇਂ ਤਾਂ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ। ਐਸਾ ਫੁਰਮਾਨ ਹੈ -

*ਧਾਰਨਾ - ਭੈ ਤੇ ਪਿਆਰ ਦਾ ਸ਼ਿੰਗਾਰ ਬਣਾ ਲੈ,*
*ਮਿਲਣੈ ਜੇ ਤੂੰ ਰਾਮ ਪਿਆਰੇ ਨੂੰ।*

ਪੁੱਛ ਕੀਤੀ ਗਈ ਕਿ ਮੈਂ ਪਿਆਰੇ ਨੂੰ ਮਿਲਣਾ ਹੈ, ਵਾਹਿਗੁਰੂ ਨੂੰ ਮਿਲਣਾ ਹੈ, ਪੁੱਛਿਆ ਉਨ੍ਹਾਂ ਤੋਂ ਜਿਹੜੀਆਂ ਸੁਹਾਗਣਾਂ ਸੀ, ਜਿਹੜੀਆਂ ਮਿਲੀਆਂ ਹੋਈਆਂ ਸੀ ਕਿ ਤੁਸੀਂ ਕਿਹੜੇ ਤਰੀਕੇ ਦੇ ਨਾਲ ਉਨ੍ਹਾਂ ਨੂੰ ਮਿਲੇ ਓਂ ਕਿਉਂਕਿ ਮੈਨੂੰ ਬਾਰ-ਬਾਰ ਮੇਰਾ ਗੁਰੂ ਕਹਿੰਦਾ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - 12*

ਬਾਰ-ਬਾਰ ਐਸ ਤਰ੍ਹਾਂ ਦੇ ਫੁਰਮਾਨ ਆਉਂਦੇ ਨੇ -

*ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - 156*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ - 631*

ਬਾਰ-ਬਾਰ ਸਮਝਾਉਣਾ ਕੀਤਾ ਜਾਂਦਾ ਹੈ ਕਿ ਪ੍ਰੇਮੀਆਂ! ਮਨੁੱਖ ਦਾ ਜਾਮਾ ਮਿਲ ਗਿਆ ਤੈਨੂੰ, ਤੇਰੀ ਵਾਰੀ ਆ ਗਈ ਗਈ ਪ੍ਰਮੇਸ਼ਰ ਨੂੰ ਮਿਲਣ ਦੀ। ਜੇ ਨਾ ਮਿਲਿਆ -

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥***
***ਅੰਗ - 1075***

ਸਵਾਲ ਤਾਂ ਬੜਾ ਛੋਟਾ ਜਿਹਾ ਸਮਝ 'ਚ ਆਉਣ ਵਾਲਾ ਹੈ। ਬਈ ਪ੍ਰਮੇਸ਼ਰ ਨੂੰ ਮਿਲ ਲੈ ਜੇ ਨਾ ਮਿਲਿਆ ਫੇਰ ਭਟਕਦਾ ਫਿਰੇਂਗਾ। ਕੋਈ ਪਤਾ ਨਹੀਂ ਕਿਹੜੀ ਜੂਨੀ 'ਚ ਜਾਣਾ ਪੈ ਜਾਵੇ। ਪਤਾ ਨਹੀਂ ਕਿਹੋ ਜਿਹੇ ਕਰਮ ਹੋ ਜਾਣ। ਨਖਿੱਧ ਜੂਨੀਆਂ 'ਚ ਜਾਣਾ ਪੈ ਜਾਵੇ, ਕਦੋਂ ਵਾਰੀ ਆ ਜਾਵੇ। ਕਦੋਂ ਫੇਰ ਸਤਿਸੰਗ ਪ੍ਰਾਪਤ ਹੋਵੇ। ਫੇਰ ਕਦੋਂ ਦੇਹ ਵਿੱਚ ਆਵਾਜ਼ ਪਵੇ, ਕਦੋਂ ਅੰਦਰਲਾ ਮਨ ਮੰਨੇ। ਸੋ ਹੁਣ ਤੇਰੀ ਵਾਰੀ ਆ ਗਈ, ਸਮਝ ਸੋਚ, ਜੋ ਬਚਨ ਕੀਤੇ ਜਾਂਦੇ ਨੇ, ਉਹਨੂੰ ਮਿਲਣ ਦਾ ਯਤਨ ਕਰ। ਪੁੱਛ ਜਾ ਕੇ ਜੋ ਮਿਲੇ ਨੇ ਉਸਨੂੰ ਉਹ ਕਿੱਥੇ ਰਹਿੰਦਾ ਹੈ, ਕਿਸ ਤਰੀਕੇ ਦੇ ਨਾਲ ਮਿਲਦਾ ਹੈ। ਤਾਂ ਜਾ ਕੇ ਸਵਾਲ ਕੀਤਾ ਜਾਂਦਾ ਹੈ -

***ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥***
***ਅੰਗ - 722***

ਕਿਹੜੀਆਂ ਗੱਲਾਂ ਕਰੀਆਂ ਨੇ ਜਿਹਦੇ ਕਰਕੇ ਤੁਹਾਨੂੰ ਪ੍ਰਾਪਤ ਹੋ ਗਿਆ ਕਿਉਂਕਿ ਜਿੰਨੀ ਦੇਰ ਤੱਕ ਲਗਨ ਨਹੀਂ ਲਗਦੀ। ਮਾੜੀ ਮੋਟੀ ਲਗਨ ਨਹੀਂ, ਬਹੁਤ ਉੱਚੀ ਲਗਨ। ਐਸੀ ਲਗਨ ਨਹੀਂ ਜਿੰਨੀ ਦੇਰ ਤੱਕ ਨਹੀਂ ਲਗਦੀ। ਓਨੀਂ ਦੇਰ ਤੱਕ ਗੱਲ ਬਣਿਆ ਨਹੀਂ ਕਰਦੀ -

***ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ, ਮੇਰਾ ਮਨ ਲੋਚਦੈ।***

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥***
***ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ॥***
***ਚਿਰੁ ਹੋਆ ਦੇਖੇ ਸਾਰਿੰਗਪਾਣੀ।***
***ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥***
***ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥***
***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥***
***ਸ਼ਬਦ ਹਜ਼ਾਰੇ***

ਜਦੋਂ ਤਕ ਹਿਰਦੇ ਦੇ ਅੰਦਰ ਤੀਬਰ ਲਗਨ ਪੈਦਾ ਨਹੀਂ ਹੁੰਦੀ, ਓਨੀਂ ਦੇਰ ਤੱਕ ਪ੍ਰਮੇਸ਼ਰ ਦਾ ਮਿਲਾਪ ਬੜਾ ਮੁਸ਼ਕਲ ਹੈ ਕਿਉਂਕਿ ਲੋਚਾ ਨਹੀਂ ਹੈ। ਲੋਚਾ ਦੇ ਬਾਰੇ ਐਸਾ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ –

*ਧਾਰਨਾ – ਨਾ ਜੀਵੇ ਕੋਈ ਰਾਮ ਦਾ ਵਿਜੋਗੀ।*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*

*ਅੰਗ – 1368*

ਜਿਸ ਦੇ ਹਿਰਦੇ ਦੇ ਅੰਦਰ ਖਿੱਚ ਪੈ ਗਈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਜਿਨ੍ਹਾਂ ਦੇ ਅੰਦਰ ਲੱਗ ਗਈ, ਬਿਰਹੋਂ ਜਾਗ ਪਿਆ ਜਿਨ੍ਹਾਂ ਦਾ –

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥*

*ਅੰਗ – 1379*

ਜਿੱਥੇ ਕਿਤੇ ਪ੍ਰਭੂ ਦੀ ਯਾਦ ਵਿੱਚ ਆ ਕੇ ਮਿਲਾਪ ਵਾਸਤੇ ਹੰਝੂ ਗਿਰੇ, ਕਹਿੰਦੇ ਉਹ ਤਾਂ ਜਲਿਆ ਹੋਇਆ ਹਿਰਦਾ ਹੈ, ਮਸਾਣਾਂ ਵਰਗਾ ਹਿਰਦਾ ਹੈ, ਫੂਕ ਦਿੱਤਾ ਮਾਇਆ ਨੇ। ਉਹਦੇ ਵਿੱਚ ਅੰਸ ਨਹੀਂ ਹੈ ਪਿਆਰ ਦੀ। ਸੋ ਜਿਸਨੂੰ ਵਿਯੋਗ ਲੱਗ ਗਿਆ ਉਹ ਪੁੱਛਦਾ ਫਿਰਦਾ ਹੈ ਥਾਂ-ਥਾਂ 'ਤੇ। ਉਹ ਨਹੀਂ ਦੇਖਦਾ ਕਿਸੇ ਨੂੰ ਕਿ ਕੌਣ ਹੈ ਕੌਣ ਨਹੀਂ ਹੈ। ਉਹ ਤਾਂ ਇੱਕੋ ਲਗਨ ਹੈ ਕਿ ਮੈਨੂੰ ਮਿਲ ਜਾਵੇ ਪਿਆਰਾ। ਪਿਆਰੇ ਤੋਂ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਦਾ।

ਪਿਆਰ ਦੀ ਇੱਕ ਮਿਸਾਲ ਹੈ ਸ੍ਰੀ ਰਾਮ ਚੰਦਰ ਜੀ ਮਹਾਰਾਜ ਆਪ ਮੱਧ ਪ੍ਰਦੇਸ਼ ਦੇ ਅੰਦਰ, ਬਿਲਾਸਪੁਰ ਜ਼ਿਲਾ ਹੈ ਇੱਕ ਉਥੇ ਜਾ ਕੇ ਆਪ ਨੇ ਪੰਚਵਟੀ ਦੇ ਵਿੱਚ ਰਹਿਣਾ ਸ਼ੁਰੂ ਕੀਤਾ। ਰਾਵਣ ਦਾ ਸੁਤੰਤਰ ਰਾਜ ਸੀ ਉਸਦੀ ਭੈਣ ਫਿਰਦੀ-ਫਿਰਦੀ, ਇੱਥੇ ਆ ਜਾਂਦੀ ਹੈ, ਰਾਜਕੁਮਾਰਾਂ ਨੂੰ ਦੇਖ ਕੇ ਉਹਦੇ ਮਨ ਵਿੱਚ ਖਿਆਲ ਆਇਆ ਕਿ ਇਨ੍ਹਾਂ ਨਾਲ ਮੈਂ ਸ਼ਾਦੀ ਕਰਾਵਾਂ। ਕਿਉਂਕਿ ਦੋ ਸਭਿਅਤਾ ਸੀ ਇੱਥੇ। ਇੱਕ ਆਰੀਅਨ ਸਭਿਅਤਾ ਸੀ, ਇੱਕ ਅਨਾਰੀਅਨ ਸੀ। ਆਰੀਅਨ ਤੇ ਅਨਾਰੀਅਨ ਆਪਸ ਵਿੱਚ ਵਿਆਹ-ਸ਼ਾਦੀਆਂ ਨਹੀਂ ਸੀ ਕਰਾਉਂਦੇ, ਨਾ ਆਪਸ ਵਿੱਚ ਮਿਲਦੇ ਸੀ, ਨਾ ਮਿਤਰਤਾ ਕਰਦੇ ਸੀ। ਨਸਲਾਂ ਦਾ ਝਗੜਾ ਸੀ, culture ਦਾ ਝਗੜਾ ਸੀ ਆਪਸ ਵਿੱਚ ਬਹੁਤ ਜ਼ਬਰਦਸਤ। ਉਹ ਆ ਕੇ ਵਿਆਹ ਵਾਸਤੇ ਕਹਿੰਦੀ ਹੈ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ। ਕਿਉਂਕਿ ਉਨ੍ਹਾਂ ਦਿਨਾਂ 'ਚ ਰਾਜਿਆਂ ਦੇ ਕਈ-ਕਈ ਵਿਆਹ ਹੁੰਦੇ। ਚਾਰ-ਚਾਰ, ਪੰਜ-

ਪੰਜ, ਦੱਸ-ਦੱਸ, ਕੋਈ ਰੋਕ ਨਹੀਂ ਸੀ ਹੁੰਦੀ। ਰਾਮ ਚੰਦਰ ਜੀ ਨੇ ਕਿਹਾ ਕਿ ਮੈਂ ਤਾਂ ਵਿਆਹ ਕਰਾਉਣਾ ਸੀ ਕਰਾ ਲਿਆ ਤੇ ਮੈਂ ਹੋਰ ਨਹੀਂ ਕਰਾਉਣਾ। ਲਛਮਣ ਜੀ ਦੇ ਪਾਸ ਜਾਂਦੀ ਹੈ, ਐਸੇ ਬਚਨ ਹੋਏ ਜਿਹਦੇ ਨਾਲ ਆਪਸ ਵਿੱਚ ਤਕਰਾਰ ਹੋ ਗਿਆ ਤੇ ਇਨ੍ਹਾਂ ਨੇ ਉਹਦਾ ਨੱਕ ਕੱਟ ਦਿੱਤਾ। ਬੜੀ ਵੱਡੀ ਬਾਤ ਸੀ। ਇੱਕ ਰਾਜਾ ਹੈ ਉਹਦੀ ਭੈਣ ਦਾ ਨੱਕ ਕੱਟਿਆ ਜਾਵੇ ਤੇ ਫੇਰ ਜੰਗਲਾਂ 'ਚ ਰਹਿੰਦੇ ਹੋਣ, ਕੋਈ protection (ਸੁਰੱਖਸ਼ਾ) ਨਾ ਹੋਵੇ, ਕੋਈ ਫੌਜ ਨਾ ਹੋਵੇ, ਕੋਈ security (ਸੁਰੱਖਸ਼ਾ) ਨਾ ਹੋਵੇ, ਰਾਵਣ ਨੇ ਵੀ ਦੇਖ ਲਿਆ ਕਿ ਉਹ ਤਾਂ spiritual (ਅਧਿਆਤਮ) ਹੈ ਉਥੇ power (ਸ਼ਕਤੀ) ਹੈ ਉਥੇ ਐਵੇਂ ਬਾਤ ਨਹੀਂ ਹੈ ਜਾਣਾ, ਕੋਈ ਛਲ ਖੇਡਿਆ ਜਾਵੇ ਤਾਂ ਮੈਂ ਕੋਈ ਐਸਾ ਕੰਮ ਕਰਾਂ ਜਿਹਦੇ ਨਾਲ ਬਦਲਾ ਹੋ ਜਾਵੇ। ਸੀਤਾ ਹਰਨ ਦਾ ਉਹਦੇ ਮਨ ਵਿੱਚ ਫੁਰਨਾ ਆਇਆ। ਇੱਕ ਮਾਇਆ ਦਾ ਹਰਨ ਬਣਾਇਆ, ਜਿਸਦਾ ਰੰਗ ਸੋਨੇ ਦਾ ਸੀ। ਉਹ ਕੋਲ ਦੀ ਘੁੰਮਦਾ ਲੰਘਦਾ ਹੈ। ਸੀਤਾ ਜੀ ਨੇ ਰਾਮਚੰਦਰ ਜੀ ਨੂੰ ਕਿਹਾ ਕਿ ਇਹ ਹਰਨ ਫੜ ਕੇ ਲਿਆਓ, ਆਪਾਂ ਰੱਖਾਂਗੇ, ਬਹੁਤ ਹੀ ਸੁੰਦਰ ਲਗਦਾ ਹੈ। ਬੜਾ ਸਮਝਾਇਆ ਕਿ ਇਹ ਹਰਨ ਤਾਂ ਮਾਇਆ ਦਾ ਹਰਨ ਹੈ। ਐਸੇ ਹਰਨ ਨਹੀਂ ਹੋਇਆ ਕਰਦੇ, ਨਾ ਐਨੀ ਚਮਕ ਹੁੰਦੀ ਹੈ ਨਾ ਐਨੀ ਦਿ'ਖ ਹੁੰਦੀ ਹੈ ਉਨ੍ਹਾਂ ਦੇ ਅੰਦਰ। ਇਹ ਤਾਂ ਕੋਈ ਮਾਇਆ ਦਾ ਖੇਲ੍ਹ ਹੋ ਰਿਹਾ ਹੈ। ਤੂੰ ਏਸ ਤਰ੍ਹਾਂ ਨਾ ਕਰ। ਬਾਰ-ਬਾਰ ਕਿਹਾ, ਆਪ ਲਛਮਣ ਜੀ ਦੇ ਸਪੁਰਦ ਕੀਤਾ ਉਨ੍ਹਾਂ ਨੂੰ ਕਿ ਤੁਸੀਂ ਰਾਖੀ ਕਰਿਓ, ਮੈਂ ਜਾਂਦਾ ਹਾਂ, ਇਕ'ਲਾ ਨਹੀਂ ਛੱਡਣਾ ਸੀਤਾ ਜੀ ਨੂੰ ਕਿਸੇ ਹਾਲਤ ਵਿ'ਚ। ਉਹ ਜਦੋਂ ਦੂਰ ਲੈ ਗਿਆ ਤਾਂ ਹਰਨ ਨੇ ਆਵਾਜ਼ ਦਿੱਤੀ ਸ੍ਰੀ ਰਾਮ ਚੰਦਰ ਜੀ ਦੀ ਬਣਾ ਕੇ ਕਿ ਹਾਏ! ਲਛਮਣ ਛੇਤੀ ਆ, ਛੇਤੀ ਆ। ਮੈਂ ਬੜੇ ਸੰਕਟ 'ਚ ਫਸ ਗਿਆ। ਉਸ ਵੇਲੇ ਸੀਤਾ ਜੀ ਸੁਣਦੀ ਹੈ ਤੇ ਲਛਮਣ ਨੂੰ ਉਸ ਨੇ ਕਿਹਾ ਕਿ ਆਪਣੇ ਭਰਾ ਦੀ ਮਦਦ ਲਈ ਜਾਹ। ਉਹ ਕਹਿੰਦਾ ਕਿ ਮੈਨੂੰ ਤਾਂ ਹੁਕਮ ਹੋਇਆ ਹੈ ਮੈਂ ਛੱਡ ਨਹੀਂ ਸਕਦਾ। ਅਖੀਰ ਜਦੋਂ ਬਹੁਤ ਗ'ਲ ਹੋਈ ਤਾਂ ਰਾਮ ਕਾਰ, ਰਾਮ ਦਾ ਨਾਮ ਲੈ ਕੇ ਕਾਰ ਕੱਢ ਦਿੱਤੀ -

***ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥ 1***

***ਅੰਗ - 819***

ਕਿਹਾ ਕਿ ਇਸ ਤੋਂ ਬਾਹਰ ਨਹੀਂ ਆਉਣਾ। ਆਪ ਤਲਾਸ਼ ਵਿੱਚ ਚਲਿਆ ਜਾਂਦਾ ਹੈ। ਪਿੱਛੋਂ ਰਾਵਣ ਜੋ ਮੌਕਾ ਤੱਕਦਾ ਸੀ ਆ ਕੇ, ਭਿਖਾਰੀ ਬਣ ਕੇ, ਕਹਿਣ ਲੱਗਿਆ, ਮੈਨੂੰ ਕੁਛ ਦਿਓ ਨਹੀਂ ਤਾਂ ਮੈਂ ਸ਼ਰਾਪ ਦੇਵਾਂਗਾ। ਕੁਛ ਦੇਣ ਵਾਸਤੇ ਲਾਈਨ ਨਹੀਂ ਟੱਪਦੀ, ਉਹ ਲਾਈਨ ਦੇ ਅੰਦਰ ਨਹੀਂ ਜਾਂਦਾ। ਅਖੀਰ ਪੈਰ ਬਾਹਰ ਰੱਖਿਆ ਉਸ ਨੇ ਉਸੇ ਵੇਲੇ ਉਸਦਾ ਹਰਨ ਕਰ ਲਿਆ ਤੇ ਲੰਕਾ ਵਿੱਚ ਲੈ ਕੇ ਚਲਾ ਗਿਆ। ਰਾਮਚੰਦਰ ਜੀ ਆਏ, ਬਾਅਦ ਵਿੱਚ ਬੜੀ ਤਲਾਸ਼ ਹੋਈ। ਸਮਾਂ ਲੰਘਦਾ ਚਲਿਆ ਗਿਆ, ਆਪ ਨੂੰ ਵੱਡੇ-ਵੱਡੇ ਯੋਧਾ ਮਿਲੇ, ਸੁਗਰੀਵ ਵਗੈਰਾ ਮਿਲੇ ਕਿਉਂਕਿ ਪਤਾ ਲ'ਗ ਗਿਆ ਸੀ ਕਿ ਰਾਵਣ ਲੈ ਗਿਆ, ਦੱਖਣ ਵੱਲ ਨੂੰ ਤਿਆਰੀ ਕਰੀ ਆਪ

ਨੇ। ਉਥੇ ਹਨੂੰਮਾਨ ਦਾ ਆਪ ਨਾਲ ਮੇਲ ਹੋਇਆ, ਜਿਸਨੂੰ ਪਵਨ ਪੁੱਤਰ ਕਹਿੰਦੇ ਨੇ। ਹਨੂੰਮਾਨ ਜੀ ਦੇ ਜ਼ਿੰਮੇ ਡਿਊਟੀ ਲਾਈ ਕਿ ਤੁਸੀਂ ਜਾਓ ਜਾ ਕੇ ਲੰਕਾ ਦੇ ਵਿੱਚ ਪ੍ਰਵੇਸ਼ ਕਰੋ ਤੇ ਭੇਤ ਲਿਆਓ, ਸੀਤਾ ਜੀ ਦਾ ਕੀ ਹਾਲ ਹੈ? ਉਸ ਵੇਲੇ ਜਾਂਦਾ ਹੈ ਜਾ ਕੇ ਸਾਰਾ ਹਾਲ ਲਿਆ ਕੇ ਰਾਮਚੰਦਰ ਜੀ ਨੂੰ ਦਸਦਾ ਹੈ। ਪਹਿਲੇ ਜ਼ਮਾਨਿਆਂ ਦੇ ਅੰਦਰ ਗੁਰਦੁਆਰਿਆਂ ਦੇ ਵਿੱਚ ਹਨੂੰਮਾਨ ਨਾਟਕ ਪੜ੍ਹਾਇਆ ਜਾਂਦਾ ਸੀ। ਉਹਦੇ ਵਿੱਚ ਅਰਥ ਐਸੇ ਸੀ ਕਿ ਗੁਰੂ ਗ੍ਰੰਥ ਸਾਹਿਬ ਬਹੁਤ ਛੇਤੀ ਸਮਝ 'ਚ ਆ ਜਾਇਆ ਕਰਦਾ ਸੀ। ਅਲੰਕਾਰ ਐਸੇ ਸੀ ਜਿਹੜੇ ਮਿਲਦੇ ਜੁਲਦੇ ਸੀ। ਸੋ ਆਮ ਗੁਰਦਵਾਰਿਆਂ ਦੇ ਅੰਦਰ ਪਹਿਲਾਂ ਪਾਠ ਕਰਾਇਆ ਜਾਂਦਾ ਤੇ ਫੇਰ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਸਮਝਣ ਦੀ ਸੁਖਾਲ ਹੋ ਜਾਇਆ ਕਰਦੀ ਸੀ।

ਇਸ ਤਰ੍ਹਾਂ ਜਦੋਂ ਵਾਪਸ ਆਏ, ਜਦੋਂ ਸਾਮ੍ਹਣੇ ਆਏ ਰਾਮ ਚੰਦਰ ਜੀ ਦੇ? ਤਾਂ ਆਪ ਨੇ ਫੁਰਮਾਨ ਕਰਿਆ –

***''ਔਹ ਹਨੂਮਾਨ! ਕਹਿਓ ਰਘੁਬੀਰ!***
***ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?''***

ਆਹ ਦੁਨੀਆਂ ਦੇ ਅੰਦਰ ਤੈਨੂੰ ਪਤਾ ਲੱਗਿਆ ਹੈ, ਇਸ ਇਲਾਕੇ ਦੇ ਅੰਦਰ, ਲੰਕਾ ਦੇ ਅੰਦਰ ਕਿ ਸੀਤਾ ਕਿ'ਥੇ ਹੈ? ਜਵਾਬ ਦਿ'ਤਾ –

***''ਹੈ ਪ੍ਰਭ, ਲੰਕ ਕਲੰਕ ਬਿਨਾ***
***ਬਸਹਿ ਤਰ ਰਾਵਣ ਬਾਗ ਕੇ ਮਾਹੀ।''***

ਮਹਾਰਾਜ! ਕਲੰਕ ਤੋਂ ਬਗੈਰ ਹੈ ਅਜੇ ਤ'ਕ। ਉਹਦੇ ਬਾਗ ਦੇ ਵਿ'ਚ ਰਹਿੰਦੀ ਹੈ, ਦਰਖਤਾਂ ਦੇ ਵਿ'ਚ ਝੌਂਪੜੀ ਬਣਾ ਕੇ। ਸਵਾਲ ਕਰਿਆ –

***''ਜੀਵਤ ਹੈ?''***

ਬੜਾ ਗਹਿਰਾ ਸਵਾਲ ਹੈ ਸਾਧਸੰਗਤ ਜੀ, ਸਮਝਣ ਨਾਲ ਸਮਰ'ਥਾ ਰ'ਖਦਾ ਹੈ ਕਿਉਂਕਿ ਪਿਆਰ ਐਨਾ ਸੀ ਕਿ ਜੀਉਣਾ ਉਸ ਦੇ ਵਾਸਤੇ ਮੁਸ਼ਕਲ ਸੀ।

**ਜਵਾਬ ਦਿੱਤਾ –**

***''ਕਹਿਬੇ ਹੀ ਕੋ ਨਾਥ।''***

ਸਿਰਫ ਕਹਿਣ ਵਾਸਤੇ ਹੈ ਕਿ ਉਹ ਜੀਉਂਦੀ ਹੈ।

***''ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।''***

ਸਾਡੇ ਵਿਛੜਨ ਦੇ ਨਾਲ ਉਹ ਕਿਸ ਤਰ੍ਹਾਂ ਦੇ ਨਾਲ ਜੀਉਂਦੀ ਹੈ, ਮਰੀ ਕਿਉਂ ਨਾ, ਕਿਉਂਕਿ ਪਿਆਰ ਜਿਹੜਾ ਹੈ ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***

***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ - 708***

ਕਹਿਣ ਲੱਗੇ, ਹਨੂੰਮਾਨ! ਪਿਆਰ ਤੋਂ ਬਗੈਰ ਕਿਵੇਂ ਜੀਉਂਦੀ ਰਹੀ –

***'ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।''***

ਸਵਾਲ ਕਰ ਦਿੱਤਾ ਕਿ ਉਹ ਤਾਂ ਮੈਨੂੰ ਐਨਾ ਪਿਆਰ ਕਰਦੀ ਸੀ ਕਿ ਮੇਰੇ ਬਗੈਰ ਜੀਉਂਦੀ ਕਿਵੇਂ ਰਹਿ ਗਈ? ਕਹਿਣ ਲੱਗਿਆ ਮਹਾਰਾਜ! ਉਹਦੇ ਜਿਹੜੇ ਪ੍ਰਾਣ ਨੇ ਉਹਦੇ ਸਰੀਰ ਵਿ'ਚ ਨਹੀਂ ਹੈਗੇ –

***'ਪ੍ਰਾਨ ਬਸੈ ਪਗ ਪੰਕਜ ਮਹਿ,***
***ਜਮ ਆਵਤ ਹੈ ਪਰ ਪਾਵਤ ਨਾਹੀ।'***

ਕਾਲ ਤਾਂ ਆਉਂਦਾ ਹੈ ਲੈਣ ਵਾਸਤੇ। ਜਦੋਂ ਪ੍ਰਾਣ ਹੀ ਨਹੀਂ ਲੱਭਦੇ, ਫੇਰ ਉਹ ਕਰੇ ਕੀ?

ਪਿਆਰ ਦੀ ਬਾਤ ਹੈ ਸਾਧਸੰਗਤ ਜੀ! ਗੁਰੂ ਦੇ ਨਾਲ ਜੋ ਸਿੱਖ ਦਾ ਪਿਆਰ ਹੈ, ਉਹਦੇ ਬਾਰੇ ਮਹਾਰਾਜ ਜੀ ਦਾ ਫੁਰਮਾਨ ਕਰਦੇ ਨੇ ਕਿ ਪਿਆਰਿਓ! ਪਿਆਰ ਦਾ ਰਿਸ਼ਤਾ ਗੁਰੂ ਨਾਲ ਹੋਇਆ ਕਰਦਾ ਹੈ। ਭਰੋਸੇ ਦਾ ਤੇ ਪਿਆਰ ਦਾ। ਜੇ ਭਰੋਸਾ ਨਾ ਰਹੇ, ਪਿਆਰ ਨਾ ਰਹੇ। ਨਾ ਫੇਰ ਸਿੱਖ, ਸਿੱਖ ਰਹਿੰਦਾ ਹੈ, ਨਾ ਉਹਦੇ ਵਾਸਤੇ ਗੁਰੂ ਗੁਰੂ ਰਹਿੰਦਾ ਹੈ। ਭਰੋਸੇ ਦਾ, ਸ਼ਰਧਾ ਦਾ ਤੇ ਪਿਆਰ ਦਾ ਰਿਸ਼ਤਾ ਗੁਰੂ ਨਾਲ ਹੋਇਆ ਕਰਦਾ ਹੈ ਸਿੱਖ ਦਾ। ਜੇ ਹਿਰਦੇ ਵਿੱਚ ਪਿਆਰ ਹੀ ਨਹੀਂ ਹੈ ਮਹਾਰਾਜ! ਕਹਿੰਦੇ ਉਹਨੂੰ ਜੀਉਂਦਿਆਂ 'ਚ ਨਾ ਗਿਣੋ।

ਮਹਾਰਾਜ! ਜੇ ਬਹੁਤ ਵੱਡਾ ਬੰਦਾ ਹੋਵੇ?

ਮਹਾਰਾਜ ਕਹਿੰਦੇ, ਚਾਹੇ ਕੋਈ ਹੋਵੇ। ਜਿਹਦੇ ਹਿਰਦੇ 'ਚ ਪਿਆਰ ਨਹੀਂ ਉਹ ਜੀਉਂਦਿਆਂ 'ਚ ਨਹੀਂ ਹੋਇਆ ਕਰਦਾ, ਉਹ ਤਾਂ –

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥***

***ਅੰਗ - 1379***

***ਧਾਰਨਾ - ਮਿਰਤਕ ਕਹੀਏ ਨਾਨਕਾ,***
***ਇਹ ਪ੍ਰੀਤ ਨਹੀਂ ਭਗਵੰਤ।***

ਦੁਨੀਆਂ ਦੇ ਅੰਦਰ, ਦੁਨੀਆਂ ਦੇ ਗਜ਼ ਨਾਲ ਨਾਪਿਆਂ, ਸਖਸ਼ੀਅਤ ਹੋਰ ਤਰ੍ਹਾਂ ਨਾਲ ਨਿਕਲਦੀ ਹੈ। ਜਦੋਂ ਰੂਹਾਨੀ ਗਜ਼ ਦੇ ਨਾਲ, ਦਰਗਾਹੀ ਗਜ਼ ਦੇ ਨਾਲ ਨਾਪੀ ਜਾਂਦੀ ਹੈ ਤਾਂ ਬਿਲਕੁਲ ਉਲਟਾ ਉਹਦਾ ਮੁੱਲ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ, ਦੁਨੀਆਂ ਦੇ ਅੰਦਰ ਜੋ ਅਤਿ ਸੁੰਦਰ ਹੈ, ਸੰਸਾਰ ਵਿੱਚ ਸਭ ਤੋਂ ਸੁੰਦਰ, ਬੜਾ ਸਤਿਕਾਰ ਹੈ, ਬੜੇ ਜਲੂਸ ਨਿਕਲਦੇ ਨੇ, ਬੜੀਆਂ ਅਖਬਾਰਾਂ 'ਚ ਨਾਮ ਆਉਂਦੇ ਨੇ, ਦੁਨੀਆਂ ਨੱਠ-ਨੱਠ ਜਾਂਦੀ

ਹੈ ਦੇਖਣ ਵਾਸਤੇ, ਫੇਰ ਸਾਰੀ ਸ੍ਰਿਸ਼ਟੀ ਦਾ ਸੋਹਣਾ ਬੰਦਾ, ਸੋਹਣੀ ਬੀਬੀ ਅੱਜ ਸਾਡੇ ਆਈ ਹੋਈ ਹੈ, ਉਸ ਲਈ ਕੰਮ ਛੱਡ-ਛੱਡ ਕੇ ਜਾਂਦੇ ਨੇ, ਕਿਉਂਕਿ ਇਹ ਗਜ਼ ਹੋਰ ਹੈ। ਇਹਦੀ ਮਿਣਤੀ ਗਿਣਤੀ ਹੋਰ ਹੈ। ਕਹਿੰਦੇ ਇਕੱਲੀ ਨਹੀਂ, ਨਾਲ ਕੁਲੀਨ ਵੀ ਹੋਵੇ। ਚਤੁਰ ਵੀ ਹੋਵੇ, ਮੂੰਹ ਦਾ ਗਿਆਨੀ ਵੀ ਹੋਵੇ, ਧਨੀ ਵੀ ਹੋਵੇ, ਮੂੰਹ ਦਾ ਗਿਆਨੀ ਵੀ ਹੋਵੇ, ਧਨ ਵੀ ਹੋਵੇ, ਅਤੀ ਹੋਵੇ ਸਾਰੀਆਂ ਚੀਜ਼ਾਂ ਨਾਲ, ਆਖਰੀ ਹੱਦ ਤੱਕ, ਇੱਕੋ ਬੰਦੇ 'ਚ ਪੰਜ ਖਾਸੀਅਤਾਂ ਹੋਣ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 253***

ਦੋ ਤਰ੍ਹਾਂ ਦੇ ਹੁੰਦੇ ਹਨ ਇੱਕ ਅਨੁਭਵੀ ਹੁੰਦੇ ਨੇ ਜਿਨ੍ਹਾਂ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਜਿਨ੍ਹਾਂ ਨੂੰ ਬ੍ਰਹਮਗਿਆਨੀ ਆਖਿਆ ਜਾਂਦਾ ਹੈ, ਇੱਕ ਉਹ ਹੁੰਦੇ ਨੇ ਜਿਹੜੇ ਪੁਸਤਕਾਂ ਪੜ੍ਹ-ਪੜ੍ਹ ਕੇ, ਗੱਡੇ ਲੱਦ-ਲੱਦ ਕੇ ਬਹੁਤ ਦਿਮਾਗ ਦੇ ਅੰਦਰ ਕੂੜ-ਕੁਬਾੜ ਭਰ ਲੈਂਦੇ ਨੇ ਉਨ੍ਹਾਂ ਨੂੰ ਮੁੱਖ-ਗਿਆਨੀ ਕਿਹਾ ਜਾਂਦਾ ਹੈ, ਉਨ੍ਹਾਂ ਦੇ ਅੰਦਰ ਪਿਆਰ ਦਾ ਜਜ਼ਬਾ ਨਹੀਂ ਹੁੰਦਾ। ਅੰਦਰ ਪ੍ਰਕਾਸ਼ ਨਹੀਂ ਆਉਂਦਾ ਹਨ੍ਹੇਰਾ ਰਹਿੰਦਾ ਹੈ। ਵਿਦਿਆ ਦਾ ਹੀ ਹਨ੍ਹੇਰਾ ਹੋ ਜਾਂਦਾ ਹੈ। ਧਨ ਕਿੰਨਾ ਹੈ, ਬੇਅੰਤ ਧਨ। ਸਭ ਦੁਨੀਆਂ ਤੋਂ ਜ਼ਿਆਦਾ। ਕਹਿੰਦੇ -

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 253***

ਉਹ ਜੀਉਂਦਿਆਂ 'ਚ ਨਹੀਂ ਹੁੰਦਾ, ਉਹ ਰੂਹਾਨੀਅਤ ਦੇ ਗਜ਼ ਨਾਲ ਨਾਪਿਆ ਜਾਂਦਾ ਹੈ। ਐਡਾ ਵੱਡਾ ਸੰਸਾਰ ਜਿਹਨੂੰ ਆਦਰ ਦਿੰਦਾ ਨਹੀਂ ਥੱਕਦਾ ਤੇ ਦਰਗਾਹ ਦੇ ਵਿੱਚ ਉਹ ਮੁਰਦੇ ਦੇ ਸਮਾਨ ਹੋਇਆ ਕਰਦਾ ਹੈ। ਜੀਵਨ ਕੁਛ ਹੋਰ ਹੈ ਜਿਹਦੀ ਅਸੀਂ ਰੋਜ਼ ਅਰਦਾਸ ਕਰਦੇ ਹਾਂ। ਪੁਰਾਣਿਆਂ ਜ਼ਮਾਨਿਆਂ 'ਚ ਸਾਰੇ ਗੁਰਸਿੱਖ ਅਰਦਾਸ ਕਰਿਆ ਕਰਦੇ ਸੀ। ਹੇ ਪ੍ਰਭੂ! ਮੈਨੂੰ ਜੀਵਨ ਬਖਸ਼। ਮੈਨੂੰ ਜੀਵਨ ਬਖਸ਼ ਕਿਉਂਕਿ ਉਨ੍ਹਾਂ ਦੇ ਅੰਦਰ ਸੋਝੀ ਸੀ ਕਿ ਆਹ ਜਿਹੜਾ ਜੀਵਨ ਅਸੀਂ chemical ਜੀਵਨ ਜੀਉਂਦੇ ਹਾਂ, ਇਹ ਜੀਵਨ ਨਹੀਂ ਹੈ। ਜੀਵਨ ਕੋਈ ਹੋਰ ਚੀਜ਼ ਹੈ, ਹੁਲਾਰੇ ਦਿੰਦਾ, ਖੁਸ਼ੀਆਂ-ਖੇੜੇ ਵੰਡਦਾ। ਨੱਚਦਾ-ਟੱਪਦਾ ਪ੍ਰਮੇਸ਼ਰ ਦੇ ਪਿਆਰ ਵਿੱਚ ਲੀਨ ਸਾਰੇ ਸੰਸਾਰ ਨਾਲ ਪਿਆਰ ਕਰਨ ਵਾਲਾ। ਚੜ੍ਹਦੀ ਕਲਾ ਦਾ ਜੀਵਨ। ਜਿਹਦੇ 'ਚ ਕਦੇ ਉਦਾਸੀ ਨਾ ਆਵੇ। ਕਦੇ ਗਿਰਾਵਟ ਨਾ ਆਵੇ, ਜਿਹਦੇ ਅੰਦਰ ਕਦੇ ਕ੍ਰੋਧ ਨਾ ਆਵੇ, ਕਦੇ ਕੋਈ ਵੀ ਘਿਨਾਉਣੀ ਚੀਜ਼ ਨਾ ਉਹਦੇ ਅੰਦਰ ਆਵੇ, ਉਹ ਜੀਵਨ ਹੈ। ਜਿਹਦੇ ਨਾਲ ਮਿਲ ਜਾਵੇ, ਉਹਨੂੰ ਵੀ ਜੀਉਂਦਾ ਕਰ ਦਿੰਦਾ ਹੈ। ਇਸ ਕਰਕੇ ਹੀ ਅਰਦਾਸ ਕੀਤੀ ਜਾਂਦੀ ਹੈ ਹੇ ਪ੍ਰਭੂ! ਉਨ੍ਹਾਂ ਦੇ ਦਰਸ਼ਨ ਕਰਾ, ਜੋ ਤੇਰੇ ਨਾਲ ਜੁੜੇ ਹੋਏ ਨੇ। ਜੋ ਤੇਰੇ ਨਾਲ ਬਣੇ ਹੋਏ ਨੇ ਗੁਰਮੁਖ ਜਿਨ੍ਹਾਂ ਨੂੰ ਕਹਿੰਦੇ ਨੇ। ਉਨ੍ਹਾਂ ਦੇ ਦਰਸ਼ਨ ਕਰਾ ਜਿਹੜੇ ਟੁੱਟੇ ਹੋਏ ਨੇ, ਹੇ ਪ੍ਰਭੂ! ਸਾਨੂੰ ਨਹੀਂ ਪਤਾ ਤੂੰ ਆਪ ਹੀ

ਦੂਰ ਰੱਖ ਕਿਉਂਕਿ ਦੋਹਾਂ ਦੀ ਸੰਗਤ ਦਾ ਫਰਕ ਹੈ। ਉਨ੍ਹਾਂ ਦੀ ਜਿਹੜੀ ਸੰਗਤ ਹੈ ਉਹਦੇ ਬਾਰੇ ਫੁਰਮਾਨ ਆਉਂਦਾ ਹੈ –

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ਅੰਗ – 1371*

ਨਾਸਤਕ ਬੰਦਾ ਪ੍ਰਮੇਸ਼ਰ ਦੇ ਵਿੱਚ ਵਿਸ਼ਵਾਸ਼ ਨਾ ਰੱਖਣ ਵਾਲਾ, ਕਹਿੰਦੇ ਉਹਦੇ ਨੇੜੇ ਨਾ ਜਾ ਪਿਆਰਿਆ, ਭੇਦਵਾਦੀ ਦੇ ਬਚਨ ਨਾ ਸੁਣ। ਭੇਦਵਾਦੀ ਤੈਨੂੰ ਅਗਿਆਨ 'ਚ ਸੁੱਟ ਦੇਵੇਗਾ। ਤੂੰ ਸਤਿ ਬਚਨ ਸਰਵਣ ਕਰ, ਸਤਿਪੁਰਸ਼ਾਂ ਦੇ ਦਰਸ਼ਨ ਦੀ ਮੰਗ ਕਰ। ਕੁਸੰਗ ਤੋਂ ਭੱਜ ਜਾਓ ਕਿਉਂਕਿ ਉਹਦਾ ਅਸਰ ਹੋਣਾ ਹੀ ਹੋਣਾ ਹੈ –

*ਧਾਰਨਾ – ਪਿਆਰੇ ਜੀ, ਮਾਰੀ ਮੈਂ ਕੁਸੰਗ ਦੀ ਮਰਾਂ।*
*ਪਿਆਰੇ ਕੇਲੇ ਨਿਕਟ ਜਿਉਂ ਬੇਰ।*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ਅੰਗ –1369*

ਟੁੱਟਿਆਂ ਹੋਇਆਂ ਦੀ, ਮਰਿਆ ਹੋਇਆਂ ਦੀ ਵਾਹਿਗੁਰੂ ਸੰਗਤ ਨਾ ਕਰਾਈਂ, ਜੀਉਂਦਿਆਂ ਦੇ ਦਰਸ਼ਨ ਕਰਾਈਂ, ਜਿਨ੍ਹਾਂ ਦੇ ਅੰਦਰ ਜ਼ਿੰਦਗੀ ਰੁਮਕਦੀ ਹੈ, ਜਿਨ੍ਹਾਂ ਨੂੰ ਦੇਖਦੇ ਸਾਰ ਤੇਰਾ ਧਿਆਨ ਆ ਜਾਵੇ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ ਅੰਗ– 520*

ਇਸ ਤਰ੍ਹਾਂ ਦੇ ਨਾਲ ਉਹ ਜੀਉਂਦਾ ਨਹੀਂ ਹੈ, ਸੰਸਾਰ ਮਹਾਰਾਜ ਕਹਿੰਦੇ ਮਰਿਆ ਹੋਇਆ ਤੇ ਸੁੱਤਾ ਪਿਆ ਹੈ –

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ – 920*

ਏਧਰ ਪਿਆਰ ਜਿਹੜਾ ਹੈ ਹਿਰਦੇ ਦੇ ਵਿੱਚ ਬਹੁਤ ਹੀ ਉੱਤਮ ਦਾਤ ਹੈ ਪ੍ਰਭੂ ਦੀ ਕਿਉਂਕਿ ਵਾਹਿਗੁਰੂ ਆਪ ਪਿਆਰ ਹੈ ਨਿਰਾ ਹੀ ਪਿਆਰ। ਗੁਰੂ ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਨੇ ਕਿ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਉਹ ਤਾਂ ਇੱਕ ਐਸੀ ਜੋਤ ਹੈ ਪਿਆਰ ਵਾਲੀ, ਸਾਡੇ ਆਲੇ-ਦੁਆਲੇ ਚਾਰੇ ਪਾਸੇ, ਹਰ ਪਾਸੇ। ਜਿਹੜਾ ਪਿਆਰ ਹੈ ਉਹਨੂੰ ਪਿਆਰ ਹੀ ਮੇਲਦਾ ਹੈ। ਨਫਰਤ ਵਾਲਾ ਹੈ ਉਹਨੂੰ ਨਫਰਤ ਮਿਲਦੀ ਹੈ ਜਾ ਕੇ। ਸੋ ਪ੍ਰਮੇਸ਼ਰ ਨਿਰਾ ਹੀ ਪਿਆਰ ਸਰੂਪ ਹੈ। ਪਿਆਰ ਕਰਦਾ ਹੈ। ਸੋ ਉਹਨੂੰ ਮਿਲਣ ਵਾਸਤੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! ਵਾਹਿਗੁਰੂ ਨੂੰ ਮਿਲਣਾ ਹੈ ਤੂੰ ਤਾਂ ਤੂੰ ਭੈਅ ਦੀਆਂ, ਅਦਬ ਦੀਆਂ ਸਿਲਾਈਆਂ ਪਾ, ਤੇ ਪਿਆਰ ਦਾ ਸ਼ਿੰਗਾਰ ਕਰ –

*ਇਆਨੜੀਏ ਮਾਨੜਾ ਕਾਇ ਕਰੇਹਿ ॥*

*ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥*
*ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥*
*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥*
*ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥*

*ਅੰਗ - 722*

ਅਦਬ ਦੀਆਂ ਸਿਲਾਈਆਂ ਦੇ ਨੈਣਾਂ ਦੇ ਅੰਦਰ। ਹਾਜ਼ਰ ਸਮਝ ਉਹਨੂੰ। ਹਜ਼ੂਰ ਸਮਝ ਕੇ ਉਹਦਾ ਅਦਬ ਕਰ। ਮਹਾਰਾਜ ਐਸੀ ਭੈ ਨਹੀਂ ਕਹਿੰਦੇ ਹਨ ਜਿਹੜੀ ਭੂਤਾਂ-ਪ੍ਰੇਤਾਂ ਰਾਕਸ਼ਸ਼ਾਂ ਤੋਂ ਜਾਂ ਮਾੜੇ ਬੰਦਿਆਂ, ਡਾਕੂਆਂ ਤੋਂ, ਚੋਰਾਂ ਤੋਂ ਆਉਂਦੀ ਹੈ। ਕਹਿੰਦੇ, ਨਹੀਂ, ਪ੍ਰਮੇਸ਼ਰ ਦੀ ਭੈ ਅਦਬ ਸਤਿਕਾਰ ਹੈ। ਪਿਆਰ ਵਾਲਾ ਜਿਹੜਾ ਹੁੰਦਾ ਹੈ ਉਹਦਾ ਅਦਬ ਕੁਦਰਤੀ ਤੌਰ 'ਤੇ ਹਿਰਦੇ 'ਚ ਹੋਇਆ ਕਰਦਾ ਹੈ, ਅਦਬ ਕਰਨਾ।

ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਆਪ ਗਵਾ ਲੈ ਤਾਂ ਪ੍ਰਮੇਸ਼ਰ ਮਿਲ ਜਾਏਗਾ।

*ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥*

*ਅੰਗ - 722*

*ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ*
*ਹਿਕਮਤਿ ਹੁਕਮੁ ਚੁਕਾਈਐ ॥*
*ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥*
*ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥*

*ਅੰਗ - 722*

ਐਹੋ ਜਿਹਾ ਸ਼ਿੰਗਾਰ ਇਹੋ ਜਿਹੀ ਖੁਸ਼ਬੂ ਲਾ -

*ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥*
*ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥*

*ਅੰਗ - 722*

ਸੋ ਜਦੋਂ ਆਪ ਗਵਾਉਂਦਾ ਹੈ ਪਿਆਰ ਦੇ ਵਿੱਚ, ਦੋ ਨਹੀਂ ਰਿਹਾ ਕਰਦੇ, ਪਿਆਰ ਵਿੱਚ ਇੱਕ ਰਿਹਾ ਕਰਦਾ ਹੈ। ਪਿਆਰ ਦੇ ਵਿੱਚ ਕੋਈ ਮਾਣ ਨਹੀਂ ਹੋਇਆ ਕਰਦਾ। ਕੋਈ ਹਨੌਰਾ ਨਹੀਂ ਹੋਇਆ ਕਰਦਾ, ਕੋਈ ਉਲਾਂਭਾ ਨਹੀਂ ਹੋਇਆ ਕਰਦਾ। ਕੇਵਲ ਕੁਰਬਾਨੀ ਹੋਇਆ ਕਰਦੀ ਹੈ। ਦੂਸਰੇ ਦੇ ਉਤੋਂ ਕੁਰਬਾਨ ਹੋਣ ਦਾ ਜਜ਼ਬਾ ਹੋਇਆ ਕਰਦਾ ਹੈ। ਜਦੋਂ ਇਹ ਜਜ਼ਬਾ ਆ ਜਾਵੇ, ਮਹਾਰਾਜ ਕਹਿੰਦੇ, ਫੇਰ ਪ੍ਰਮੇਸ਼ਰ ਆ ਜਾਂਦਾ ਹੈ। ਮਹਾਰਾਜ ਕਹਿੰਦੇ, ਪ੍ਰਮੇਸ਼ਰ ਵੀ ਜਿਹੜਾ ਹੈ ਉਹ ਕੋਈ ਐਵੇਂ ਸੁੰਨ-ਮੁੰਨ ਚੀਜ਼ ਨਹੀਂ, ਆਕਾਸ਼ ਵਰਗੀ ਨਹੀਂ ਬਈ ਉਹਨੂੰ ਪਤਾ ਹੀ ਨਹੀਂ। ਗੁਰਮਤਿ ਦੇ ਅੰਦਰ ਜੋ ਪ੍ਰਮੇਸ਼ਰ ਹੈ, ਵਾਹਿਗੁਰੂ ਹੈ, ਉਹ ਥੋੜ੍ਹਾ ਫਰਕ ਹੈ ਦੂਸਰਿਆਂ ਨਾਲੋਂ, ਇੱਥੇ ਸਮਝਣ ਦੀ ਬਾਤ ਹੈ, ਇਸਲਾਮ ਵਾਲਿਆਂ ਨਾਲ ਬਹੁਤੀ ਰਲਦੀ ਹੈ, ਗਿਆਨੀਆਂ ਨਾਲ ਨਹੀਂ ਰਲਦੀ। ਗਿਆਨੀ ਇੱਥੇ ਅਸਾਥੋਂ ਲਾਂਭੇ ਹੋ ਜਾਂਦੇ ਨੇ। ਵੇਦਾਂਤ ਲਾਂਭੇ ਹੋ ਜਾਂਦੀ ਹੈ, ਇਸਲਾਮ ਸਾਡੇ ਨਾਲ ਚਲਦਾ ਹੈ। ਉਹ ਇਹ ਹੈ ਵਾਹਿਗੁਰੂ ਜੀ ਪਿਆਰ ਕਰਦੇ ਨੇ। ਉਹ ਸਾਨੂੰ

ਦੁਖੀ ਦੇਖ ਕੇ ਦੁਖ ਮੰਨਦੇ ਨੇ, ਸਾਨੂੰ ਸੁਖੀ ਦੇਖ ਕੇ ਪ੍ਰਸੰਨ ਹੁੰਦੇ ਨੇ। ਹਰੇਕ ਦੇ ਅੰਦਰਲੀ ਬਾਤ ਜਾਣਦੇ ਨੇ, ਵਾਹਿਗੁਰੂ ਇਹੋ ਜਿਹਾ ਅਲੱਗ-ਥਲੱਗ ਨਹੀਂ ਹੈ ਕਿ ਸੁੰਨ-ਮੁੰਨ ਬੈਠਾ ਹੈ ਉਹਨੂੰ ਕੋਈ ਦਖਲ ਹੀ ਨਹੀਂ ਹੈ। ਕਿਉਂਕਿ ਐਸੇ ਜਦ ਅਸੀਂ ਵਿਚਾਰ ਕਰਦੇ ਹਾਂ, ਸ਼ਾਸਤਰਾਂ ਦੀ ਵਿਚਾਰ ਕਰਦੇ ਹਾਂ, ਬਹੁਤ ਸਾਰੇ ਮੱਤਾਂ ਦੀ ਵਿਚਾਰ ਕਰਦੇ ਹਾਂ, ਉਹ ਕਹਿੰਦੇ ਉਹ ਤਾਂ ਸੰਗ ਹੈ, ਨਿਰਲੇਪ ਹੈ, ਉਹਨੂੰ ਹੈ ਹੀ ਨਹੀਂ ਕੁਛ, ਉਨ੍ਹਾਂ ਵਾਸਤੇ ਉਹ ਰੱਬ ਠੀਕ ਹੈ, ਸਾਡੇ ਵਾਸਤੇ ਤਾਂ ਉਹ ਪ੍ਰਮੇਸ਼ਰ ਹੈ ਜਿਹੜਾ ਸਾਡੀਆਂ ਸੁਣਦਾ ਹੈ, ਸਾਨੂੰ ਪਿਆਰ ਕਰਦਾ ਹੈ, ਸਾਡੇ ਨਾਲ ਗੱਲਾਂ ਕਰਦਾ ਹੈ ਅਸੀਂ ਉਹਨੂੰ ਖਿੱਚਣਾ ਚਾਹੁੰਦੇ ਹਾਂ। ਉਹ ਸਾਨੂੰ ਖਿੱਚਦਾ ਹੈ। ਉਹਨੂੰ ਜੇ ਕੋਈ ਦੁਨੀਆਂ ਦੇ ਅੰਦਰ ਭੁੱਖ ਹੈ, ਉਹ ਨਾ ਤਾਂ ਪਦਾਰਥਾਂ ਦੀ ਹੈ। ਸਾਰੀ ਦੁਨੀਆਂ ਦੇ ਪਦਾਰਥ ਇਕੱਠੇ ਕਰਕੇ ਰੱਖ ਦਿਓ, ਉਹ ਕਹਿੰਦਾ ਇਹ ਤਾਂ ਮੇਰੇ ਹੀ ਨੇ, ਤੁਸੀਂ ਕੀ ਕਰਿਆ ਹੈ। ਇਹ ਤੁਹਾਡੀ ਚੀਜ਼ ਨਹੀਂ ਹੈ ਇਹ ਤਾਂ ਮੇਰੀ ਚੀਜ਼ ਹੈ। ਮੇਰੀ ਮੈਨੂੰ ਕੀ ਅਰਪ ਕੇ ਤੁਸੀਂ ਲੈਣਾ ਚਾਹੁੰਦੇ ਓਂ। ਗੱਲ ਸਮਝਣ ਵਾਲੀ ਹੈ, ਬਈ ਤੇਰੇ ਕੋਲ ਜਿਹੜੀ ਚੀਜ਼ ਹੈ ਪਿਆਰਿਆ! ਤੇਰੇ ਅੰਦਰੋਂ ਪੈਦਾ ਹੋਈ ਹੈ, ਉਹ ਚੀਜ਼ ਦਾ ਮੈਂ ਭੁੱਖਾ ਹਾਂ ਜਿਸਦੇ ਬਾਰੇ ਐਸਾ ਫੁਰਮਾਨ ਹੈ -

***ਧਾਰਨਾ - ਭਾਉ ਭਗਤ ਦਾ ਭੁੱਖਾ,***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਜੇ ਮੈਨੂੰ ਦੇਣਾ ਹੈ ਮੇਰੇ ਅਰਪਣ ਕੁਛ ਕਰਨਾ ਹੈ ਪਿਆਰਿਆ! ਤਾਂ ਮੈਨੂੰ ਤੇਰੇ ਕੋਲ ਪਿਆਰ ਹੈ ਪਿਆਰ ਅਰਪਣ ਕਰ। ਮੈਂ ਪਿਆਰ ਦਾ ਭੁੱਖਾ ਹਾਂ, ਦੁਨੀਆਂ ਨੂੰ ਮੈਂ ਸਹਿਜ ਸੁਭਾਅ ਬਿਨਾਂ ਮੰਗਿਆਂ ਦਿੰਦਾ ਹੀ ਦਿੰਦਾ ਚਲਿਆ ਜਾ ਰਿਹਾ ਹਾਂ -

***ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥***
***ਅੰਗ - 2***

ਜਦੋਂ ਤੋਂ ਮੈਂ ਸੰਸਾਰ ਪੈਦਾ ਕੀਤਾ ਹੈ, ਉਸ ਵੇਲੇ ਤੋਂ ਮੇਰੇ ਕੰਨਾਂ 'ਚ ਇੱਕੋ ਆਵਾਜ਼ ਆ ਰਹੀ ਹੈ, ਦੇ, ਦੇ, ਦੇ, ਦੇ -

***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਅੰਗ - 2***

ਮੈਂ ਦਾਤਾਂ ਦਿੰਦਾ ਚਲਿਆ ਜਾਂਦਾ ਹਾਂ ਪਰ ਇਹ ਜੀਵ ਐਸਾ ਹੈ ਇਹ ਪਰਤਵਾਂ ਮੈਨੂੰ ਪਿਆਰ ਨਹੀਂ ਦਿੰਦਾ ਹੈ ਤੇ ਮੇਰੇ ਵਲ ਨੂੰ ਰੁਖ ਨਹੀਂ ਕਰਦਾ, ਦਾਤਾਂ ਵਲ ਨੂੰ ਰੁਖ ਕਰਦਾ ਹੈ -

***ਧਾਰਨਾ - ਮਨਮੁਖਾਂ ਨੇ ਵਿਸਾਰ ਦਿੱਤਾ ਦਾਤਾ,***
***ਦਾਤ ਨੂੰ ਪਿਆਰੀ ਜਾਣ ਕੇ।***

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676***
***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ - 251***

ਦੇਣਹਾਰ ਨੂੰ ਭੁੱਲ ਗਿਆ। ਪ੍ਰਮੇਸ਼ਰ ਕਹਿੰਦਾ ਹੈ ਕਿ ਇਹ ਜੋ ਮੰਗਦਾ ਹੈ ਮੈਂ ਦਿੰਦਾ ਹਾਂ। ਜੋ ਵੀ ਮੰਗਦਾ ਹੈ ਮੈਂ ਇਹ ਨਹੀਂ ਦੇਖਦਾ ਕਿ ਇਹ

ਪਿਆਰ ਮੈਨੂੰ ਕਰਦਾ ਹੈ ਕਿ ਨਹੀਂ ਕਰਦਾ। ਮੰਗ ਚਾਹੀਦੀ ਹੈ-

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਅੰਗ - 681***

ਪਰ ਮੇਰੇ ਨਾਲ ਤਾਂ ਨਹੀਂ ਪਿਆਰ ਕਰਦਾ ਦੇਣ ਵਾਲੇ ਨਾਲ। ਇਹ ਤਾਂ ਜਿਹੜੀਆਂ ਚੀਜ਼ਾਂ ਮੈਂ ਦੇ ਦਿੰਦਾ ਹਾਂ ਉਨ੍ਹਾਂ ਨਾਲ ਪਿਆਰ ਕਰਦਾ ਹਾਂ। ਪਿਆਰ ਦੇ ਵਿੱਚ ਐਨਾ ਜ਼ਿਆਦਾ ਡੁੱਬ ਜਾਂਦਾ ਹੈ ਕਿ ਮੈਨੂੰ ਬਿਲਕੁਲ ਭੁੱਲ ਜਾਂਦਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਦਾਤਾਂ ਨਹੀਂ ਮਾੜੀਆਂ ਹੁੰਦੀਆਂ। ਤੇਰੇ ਮਨ ਦੀ ਜਿਹੜੀ ਸੋਚ ਹੈ ਉਹ ਮਾੜੀ ਹੈ। ਦਾਤਾਂ ਦਿੰਦਾ ਹੈ ਪ੍ਰਮੇਸ਼ਰ, ਸੁੱਖ ਦਿੰਦਾ ਹੈ, ਮਾਣ ਤੂੰ ਸੁੱਖ, ਸਵਾਰੀਆਂ ਦਿੰਦਾ ਹੈ ਸੋਹਣੀਆਂ, ਚੜ੍ਹ ਉਨ੍ਹਾਂ ਦੇ ਉਤੇ। ਕੱਪੜੇ ਲੀੜੇ ਪਹਿਨਣ ਵਾਸਤੇ ਸੋਹਣੇ ਦਿੰਦਾ ਹੈ, ਕੋਠੀਆਂ ਸੋਹਣੀਆਂ ਰਹਿਣ ਵਾਸਤੇ ਦਿੰਦਾ ਹੈ। ਪਰ ਇੱਕ ਗੱਲ ਵਿੱਚ ਧਿਆਨ ਰੱਖ, ਦੇਵਣਹਾਰੇ ਨੂੰ ਪਹਿਲੇ ਨੰਬਰ ਤੇ ਰੱਖ, ਦਿੱਤੀਆਂ ਚੀਜ਼ਾਂ ਨੂੰ ਦੂਜੇ ਨੰਬਰ 'ਤੇ ਰੱਖ ਦੇਖੀਂ ਕਿਤੇ ਦਿੱਤੀਆਂ ਹੋਈਆਂ ਚੀਜ਼ਾਂ ਦੇ ਵਿੱਚ ਪਰਚ ਕੇ, ਦੇਣਹਾਰੇ ਨੂੰ ਨਾ ਕਿਤੇ ਭੁੱਲ ਜਾਈਂ। ਐਸ ਤਰ੍ਹਾਂ ਵਾਰਨਿੰਗ ਦਿੰਦੇ ਨੇ ਮਹਾਰਾਜ -

***ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ।***
***ਮੋਤੀਆਂ ਦੇ ਮੰਦਰ ਵੇਖ ਕੇ।***
***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਅੰਗ - 14***

ਦੇਖੀਂ ਦਾਤਾ ਜੋ ਦਾਤਾਂ ਦੇ ਰਿਹਾ ਹੈ ਦਾਤੇ ਨਾਲ ਪਿਆਰ ਕਰ। ਦਿੱਤੀਆਂ ਵਸਤਾਂ 'ਚ ਨਾ ਪੈ। ਪ੍ਰਮੇਸ਼ਰ ਕਹਿੰਦਾ ਮੇਰੇ ਤੋਂ ਮੰਗਦੀ ਹੈ ਦੁਨੀਆਂ ਮੈਂ ਦੇਈ ਜਾਂਦਾ ਹਾਂ। ਦੁੱਧ ਮੰਗਦੀ ਹੈ ਦੁੱਧ ਦਿੰਦਾ ਹਾਂ, ਪੁੱਤ ਮੰਗਦਾ ਹੈ ਪੁੱਤ ਦਿੰਦਾ ਹਾਂ। ਜਾਇਦਾਦ ਮੰਗਦੇ ਨੇ ਜਾਇਦਾਦ ਦਿੰਦਾ ਹਾਂ ਪਰ ਅਫਸੋਸ! ਇਹ ਇਨਸਾਨ ਐਨਾ ਅਕ੍ਰਿਤਘਣ ਹੈ ਕਿ ਮੇਰੇ ਨਾਲ ਭੁੱਲ ਕੇ ਵੀ ਪਿਆਰ ਨਹੀਂ ਕਰਦਾ। "ਨੈਂ ਲੰਘੀਂ ਖੁਆਜਾ ਵਿਸਰਿਆ।'

ਮਿਸਾਲ ਹੈ ਇੱਕ, ਕੋਈ ਬੰਦਾ ਖਜੂਰ ਦੇ ਉਤੇ ਚੜ੍ਹ ਗਿਆ। ਉਤੇ ਗਿਆ ਤਾਂ ਹੱਥ ਵੀ ਕੰਬਣ ਲੱਗ ਗਏ ਤੇ ਲੱਤਾਂ ਵੀ ਕੰਬਣ ਲੱਗ ਗਈਆਂ। ਹੇਠਾਂ ਨੂੰ ਦੇਖਿਆ ਤਾਂ ਕਹਿਣ ਲੱਗਿਆ ਕਿ ਇਹ ਤਾਂ ਬੜਾ ਮੁਸ਼ਕਲ ਹੋ ਗਿਆ। ਹੁਣ ਤਾਂ ਮੇਰੇ ਤੋਂ ਉਤਰ ਨਹੀਂ ਹੋਣਾ, ਹੱਥ ਕੰਬਦੇ ਨੇ। ਲੱਤਾਂ ਕੰਬਦੀਆਂ ਨੇ, ਪੈਰ ਸਾਥ ਨਹੀਂ ਦਿੰਦੇ, ਜੇ ਮੈਂ ਤਿਲ੍ਹਕ ਗਿਆ ਤਾਂ ਮੈਂ ਤਾਂ ਬਚਣਾ ਹੀ ਨਹੀਂ। ਹੁਣ ਮਦਦ ਮੰਗੋ ਕਿਸੇ ਦੀ। ਉਸ ਵੇਲੇ ਸੁੱਖਣਾ ਸੁੱਖੀ, ਦੇਵਤੇ ਦੀ, ਦੇਵੀ ਦੀ ਸੁੱਖਣਾ ਸੁੱਖੀ ਕਹਿੰਦਾ ਹੇ ਦੇਵੀ ਮਾਤਾ! ਜੇ ਮੈਂ ਸਹੀ ਸਲਾਮਤ ਥੱਲੇ ਉਤਰ ਜਾਵਾਂ ਤਾਂ ਮੈਂ ਪੱਚੀ ਰੁਪਏ ਦਾ ਪ੍ਰਸ਼ਾਦ ਕਰਾਵਾਂ। ਭਲੇ ਵੇਲੇ ਸੀ, ਸਵਾ ਰੁਪਏ ਦਾ ਪ੍ਰਸ਼ਾਦ ਕੜਾਹੀ ਭਰ ਜਾਂਦੀ ਹੁੰਦੀ ਸੀ। ਸੁੱਖਦਾ-ਸੁੱਖਦਾ ਥੱਲੇ ਆ ਗਿਆ, ਜਦੋਂ ਅੱਧ 'ਚ ਪਹੁੰਚਿਆ ਕਹਿਣ ਲੱਗਿਆ, ਅੱਜ ਤੱਕ ਤਾਂ ਕਿਸੇ ਨੇ 25 ਦਾ ਪ੍ਰਸ਼ਾਦ ਕਰਾਇਆ ਨਹੀਂ।

ਐਨਾ ਕੀ ਖਾਣਾ ਹੈ ਕਿਸੇ ਨੇ, 12 ਦਾ ਥੋੜ੍ਹਾ ਹੈ ਸਾਢੇ ਬਾਰ੍ਹਾਂ ਦਾ। ਕਹਿੰਦਾ ਦੇਵੀ ਮਾਤਾ! ਅੱਧ ਤਾਂ ਮੈਂ ਉਤਰ ਆਇਆ, ਹੁਣ ਤਾਂ ਸਾਢੇ ਬਾਰ੍ਹਾਂ ਦਾ ਪ੍ਰਸ਼ਾਦ ਕਰਾਊਂ। ਹੋਰ ਉਤਰ ਆਇਆ, ਚੌਥਾ ਹਿ'ਸਾ ਰਹਿ ਗਿਆ, ਕਹਿੰਦਾ, ਐਨਾ ਪ੍ਰਸ਼ਾਦ ਤਾਂ ਕਦੇ ਕਿਸੇ ਨੇ ਕਰਾਇਆ ਹੀ ਨਹੀਂ ਸਵਾ ਛੇ ਰੁਪਏ ਦਾ ਕਰਾਊਂ, ਹੋਰ ਥੱਲੇ ਉਤਰ ਆਇਆ, ਦਿੱਸਣ ਲੱਗ ਗਿਆ ਕਿ ਹੁਣ ਮੈਂ ਉਤਰ ਜਾਵਾਂਗਾ, ਹੁਣ ਮੇਰੇ ਪੈਰ, ਲੱਤਾਂ ਚਾਹੇ ਕੰਬੀ ਜਾਣ ਤਾਂ ਵੀ ਮੈਂ ਉਤਰ ਜਾਵਾਂਗਾ। ਕਹਿੰਦਾ, ਦੇਵੀ ਮਾਤਾ! ਐਨਾ ਪ੍ਰਸ਼ਾਦ ਕੀ ਕਰਾਉਣਾ ਹੈ, ਸਵਾ ਤਿੰਨ ਦਾ ਥੋੜ੍ਹਾ ਹੈ ਤੈਨੂੰ? ਹੇਠਾਂ ਆ ਗਿਆ, ਜਦੋਂ ਰਹਿ ਗਿਆ ਪੰਜ ਚਾਰ ਗਜ਼, ਦੱਸ ਪੰਦਰਾਂ ਫੁੱਟ ਸੋਚਣ ਲੱਗ ਗਿਆ ਕਿ ਸਵਾ ਤਿੰਨ ਰੁਪਏ ਦਾ ਪ੍ਰਸ਼ਾਦ, ਐਨਾ ਪ੍ਰਸ਼ਾਦ ਤਾਂ ਕੋਈ ਕਰਾਉਂਦਾ ਹੀ ਨਹੀਂ, ਸਵਾ ਰੁਪਏ ਦਾ ਕਰਾਉਂਦੇ ਨੇ। ਉਹ ਹੇਠਾਂ ਆ ਗਿਆ, ਕਹਿੰਦਾ ਸਵਾ ਦਾ ਕਰਾਉਂਗਾ, ਸਵਾ ਦਾ ਹੀ ਦੁਨੀਆਂ ਕਰਾਉਂਦੀ ਹੈ। ਜਦੋਂ ਇੱਕ ਡਿੰਗ ਰਹਿ ਗਈ ਕਿ ਹੁਣ ਧਰਤੀ 'ਤੇ ਹੀ ਪੈਰ ਧਰਨਾ ਹੈ, ਇੱਕ ਵਿਚਾਲੇ ਧਰਨਾ ਹੈ ਤੇ ਦੂਜਾ ਧਰਤੀ 'ਤੇ ਲੱਗ ਜਾਣਾ ਹੈ, ਉਥੋਂ ਹੀ ਛਾਲ ਮਾਰ ਦਿੱਤੀ। ਕਹਿੰਦਾ ਲੈ ਦੇਵੀ ਮਾਤਾ! ਨਾ ਮੁੜ ਕੇ ਖਜੂਰ 'ਤੇ ਚੜ੍ਹੀਏ, ਨਾ ਤੇਰਾ ਪ੍ਰਸ਼ਾਦ ਕਰਾਈਏ।

ਮਹਾਰਾਜ ਕਹਿੰਦੇ, ਐਸਾ ਹੈ ਬੰਦਾ। ਵਕਤ ਪਏ 'ਤੇ ਤਾਂ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ, ਜਦੋਂ ਵਕਤ ਲੰਘ ਜਾਂਦਾ ਹੈ ਫੇਰ ਮੁਕਰ ਜਾਂਦਾ ਹੈ ਉਸੇ ਵੇਲੇ। ਕਹਿੰਦੇ ਦਾਤਾਂ ਦਿੰਦਾ ਹਾਂ ਮੈਂ ਜੋ ਮੰਗਦਾ ਹੈ ਦਿੰਦਾ ਹਾਂ। ਇਹਨੂੰ ਪਤਾ ਹੀ ਨਹੀਂ ਹੈ ਕਿ ਮੈਂ ਕਿੰਨਾ ਕੁਛ ਦੇ ਰਿਹਾ ਹਾਂ। ਮੈਗਨੇਟ ਧਰਤੀ ਦੇ ਉਤੇ ਸੁੱਟ ਰਿਹਾ ਹਾਂ ਤਾਂ ਕਿ ਧਰਤੀ ਉਪਜਾਊ ਰਹੇ। ਰੋਜ਼ ਸੂਰਜ ਦੇ ਮੰਡਲ ਤੋਂ ਮੈਗਨੇਟ ਧਰਤੀ ਦੇ ਧੁਰਿਆਂ ਦੇ ਉਤੇ, ਬੇਅੰਤ ਮੈਗਨੇਟ ਮੈਂ ਬਾਰਿਸ਼ ਕਰਦਾ ਹਾਂ। ਤਾਂ ਕਿ ਧਰਤੀ ਆਬਾਦ ਰਹੇ। ਆਕਸੀਜਨ ਥੋੜ੍ਹੀ ਜਿਹੀ ਬਣਾਉਣ ਵਾਸਤੇ ਕਰੋੜਾਂ ਰੁਪਏ ਲੱਗ ਜਾਂਦੇ ਨੇ ਤੇ ਮੈਂ ਕਿੰਨੀ ਬਹੁ ਮੁੱਲੀ ਆਕਸੀਜਨ ਇਹਨੂੰ ਫਰੀ ਦਿੰਦਾ ਹਾਂ, ਪਾਣੀ ਪੀਣ ਵਾਸਤੇ ਦਿੰਦਾ ਹਾਂ। ਹੋਰ ਅਨੇਕਾਂ ਜੀਵਨ ਦੀਆਂ ਸਹੂਲਤਾਂ ਦਿੰਦਾ ਹਾਂ। ਕਹਿੰਦੇ ਕਦੇ ਭੁੱਲ ਕੇ ਵੀ ਯਾਦ ਨਹੀਂ ਕਰਦਾ। ਦਾਤਾਂ ਦੇ ਵਿੱਚ ਪਰਚਿਆ ਰਹਿੰਦਾ ਹੈ। ਸੋ ਪ੍ਰਭੂ ਕਹਿੰਦਾ ਹੈ ਮੈਨੂੰ ਜੇ ਭੁੱਖ ਹੈ ਪਿਆਰਿਆ, ਮੈਂ ਤੇਰੇ ਤੋਂ ਲੈਂਦਾ ਕੁਛ ਨਹੀਂ ਇੱਕ ਜਜ਼ਬਾ ਹੈ ਤੂੰ ਮੇਰੇ ਵੱਲ ਪਿਆਰ ਨਾਲ ਤਾਂ ਵੱਧ। ਜੇ ਤੂੰ ਭੌਰਾ ਕੁ ਵਧੇਂ-

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤਰ,***
***ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।***
***ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,***
***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***
***ਸਤਿਗੁਰੁ ਦਯਾ ਨਿਧਿ, ਮਹਿਮਾ ਅਗਾਧਿ ਬੋਧ,***

***ਨਮੋ ਨਮੋ ਨਮੋ ਨਮੋ ਨੌਤ ਨੇਤਿ ਨੇਤਿ ਹੈ।***

***ਕਬਿੱਤ, ਭਾਈ ਗੁਰਦਾਸ ਜੀ***

ਕਉਡੀ ਲਿਆ ਕੇ ਰੱਖ ਦੇ ਮੇਰੇ ਮੂਹਰੇ, ਤੇਰੀ ਮੈਂ ਭਾਵਨਾ ਦੇਖਾਂਗਾ, ਤੇਰੀ ਸ਼ਰਧਾ ਦੇਖਾਂਗਾ ਤੇ ਤੈਨੂੰ ਮੈਂ ਨਉਨਿਧੀਆਂ ਦੇ ਖਜ਼ਾਨੇ ਦੀ ਚਾਬੀ ਦੇ ਦੇਵਾਂਗਾ। ਸੋ ਪਿਆਰ ਨਹੀਂ ਕਰਦਾ ਇਹ ਦਿੱਤੀਆਂ ਹੋਈਆਂ ਚੀਜ਼ਾਂ ਦੇ ਨਾਲ ਪਰਚ ਜਾਂਦਾ ਹੈ। ਦੇਣ ਵਾਲੇ ਦਾਤੇ ਨੂੰ ਨਹੀਂ ਪਿਆਰ ਕਰਦਾ। ਦਾਤਾ ਕਹਿੰਦਾ ਹੈ ਕਿ ਮੈਨੂੰ ਕੋਈ ਦੁਨੀਆਂ ਦੀ ਚੀਜ਼ ਨਹੀਂ ਰਿਝਾ ਸਕਦੀ। ਜੇ ਮੈਂ ਰੀਝਦਾ ਹਾਂ ਤਾਂ ਪਿਆਰ ਤੋਂ ਰੀਝਦਾ ਹਾਂ।

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਭਾਈ ਗੁਰਦਾਸ ਜੀ ਇੱਕ ਮਿਸਾਲ ਦਿੰਦੇ ਨੇ ਕਿ ਦੁਆਪਰ ਯੁੱਗ ਦੇ ਅੰਦਰ ਕੌਰਵਾਂ ਤੇ ਪਾਂਡਵਾਂ ਦਾ ਐਨਾ ਵਿਰੋਧ ਹੋ ਗਿਆ ਕਿ ਕੋਈ ਤਰੀਕਾ ਨਹੀਂ ਸੀ ਕਿ ਹੁਣ ਤਾਂ ਜੰਗ ਹੋਣਾ ਹੀ ਹੋਣਾ ਹੈ, ਅਵੱਸ਼ ਦੁਨੀਆਂ ਮਰੇਗੀ। ਬਹੁਤ ਵੱਡਾ ਭਾਰਤ ਵਰਸ਼ ਵਿੱਚ ਨੁਕਸਾਨ ਹੋਏਗਾ। ਸਿਆਣੇ ਬੰਦੇ ਚਾਹੁੰਦੇ ਨੇ ਕਿ ਇਹ ਕਿਸੇ ਤਰ੍ਹਾਂ ਕਲੇਸ਼ ਮੁੱਕ ਜਾਵੇ, ਆਪਣੇ ਤੌਰ ‘ਤੇ ਵੀ ਪੰਚਾਇਤੀ ਤੌਰ ‘ਤੇ ਵੀ serious (ਗੰਭੀਰ) ਹੁੰਦਾ ਨੇ ਕਿ ਨਾ ਕਲੇਸ਼ ਪਵੇ। ਨੁਕਸਾਨ ਬੜਾ ਹੋ ਜਾਏਗਾ। ਸੋ ਕ੍ਰਿਸ਼ਨ ਮਹਾਰਾਜ ਦੋਹਾਂ ਨੂੰ ਸੁਨੇਹਾ ਭੇਜਦੇ ਨੇ, ਪਾਂਡਵਾਂ ਨੂੰ ਵੀ ਭੇਜਦੇ ਨੇ ਤੇ ਉਨ੍ਹਾਂ ਨੂੰ ਵੀ ਭੇਜਦੇ ਨੇ ਕਿ ਗ‘ਲ ਨਜਿੱਠ ਲਓ। ਗੱਲ ਨਿਬੜ ਜਾਵੇ ਤਾਂ ਚੰਗਾ ਹੈ। ਲੜਾਈ ਨਾ ਹੋਵੇ, ਲੜਾਈ ਦੇ ਵਿੱਚ ਬੜੇ ਨੁਕਸ ਨੇ। ਤਬਾਹ ਹੋ ਜਾਂਦਾ ਹੈ ਦੇਸ਼, ਬਰਨ ਸ਼ੰਕਰ ਓਲਾਦ ਹੋ ਜਾਂਦੀ ਹੈ। ਵਿਧਵਾਵਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਰਹਿੰਦਾ, ਯਤੀਮਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਰਹਿੰਦਾ। ਚਰਿੱਤਰ ਭ੍ਰਿਸ਼ਟ ਹੋ ਜਾਂਦਾ ਹੈ ਤੇ ਦੇਸ਼ ਵਿੱਚ ਦੁੱਖ ਹੀ ਦੁੱਖ ਪੈਦਾ ਹੋ ਜਾਂਦੇ ਨੇ ਸੋ ਆਪ ਚਾਰ ਹਜ਼ਾਰ ਫੌਜ ਲੈ ਕੇ ਦੁਰਯੋਧਨ ਨੂੰ ਸੁਨੇਹਾ ਭੇਜਿਆ ਕਿ ਮੈਂ ਤੇਰੇ ਨਾਲ ਗੱਲਬਾਤ ਕਰਨੀ ਹੈ। ਉਹ ਕੋਈ ਬਹੁਤਾ ਰੁਖ ਨਹੀਂ ਦਿਖਾ ਰਿਹਾ ਗੱਲਬਾਤ ਵਾਸਤੇ। ਕਹਿੰਦਾ, ਆ ਜਾਵੇ ਜਿਸ ਦਿਨ ਆਉਣਾ ਹੈ, ਗ‘ਲ ਤਾਂ ਮੈਨੂੰ ਪਤਾ ਹੈ, ਉਹਨੇ ਪਾਂਡਵਾਂ ਦੇ ਪੱਖ ਦੀ ਕਰਨੀ ਹੈ ਜਦੋਂ ਗ‘ਲ ਕਰਨੀ ਹੈ। ਚਲੋ ਫੇਰ ਵੀ ਆ ਜਾਵੇ। ਉਸ ਵੇਲੇ ਕ੍ਰਿਸ਼ਨ ਮਹਾਰਾਜ ਫੌਜ ਸਮੇਤ ਆਉਂਦੇ ਨੇ, ਫੌਜ ਨੂੰ ਤਾਂ ਜਿੱਥੇ ਪ੍ਰਬੰਧ ਹੋਇਆ ਸੀ, ਉਧਰ ਭੇਜ ਦਿੱਤਾ ਤੇ ਆਪ ਦੇ ਅੰਦਰ ਇੱਕ ਐਸੀ ਖਿੱਚ ਪੈਦਾ ਹੋਈ ਕਿ ਆਪ ਫੌਜ ਨਾਲੋਂ ਨਿਕਲ ਕੇ ਜਾ ਰਹੇ ਨੇ ਕਿੱਥੇ ਇੱਕ ਝੌਂਪੜੀ ਵੱਲ। ਉਹਦੇ ਵਿੱਚ ਪਿਆਰ ਵਾਲਾ ਬੈਠਾ ਹੈ। ਉਸ ਥਾਂ ਜਦੋਂ ਜਾਂਦੇ ਨੇ ਐਨਾ ਪਿਆਰ, ਜਦੋਂ ਆਪ ਨੇ ਆਵਾਜ਼ ਦਿੱਤੀ ਤਾਂ ਬਿਦਰ ਬਾਹਰ ਗਿਆ ਹੋਇਆ ਹੈ ਤਾਂ ਬੀਬੀ ਘਰ ਹੈ, ਐਸਾ ਕਹਿੰਦੇ ਨੇ ਕਿ ਜਦੋਂ ਆਵਾਜ਼ ਸੁਣੀ, ਤਾਂ ਉਸਨੇ ਕ੍ਰਿਸ਼ਨ ਮਹਾਰਾਜ ਦੀ ਇਸ਼ਨਾਨ ਕਰ ਰਹੀ ਸੀ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਭੁੱਲ ਗਈ ਆਪਣੇ ਆਪ ਨੂੰ, ਸਰੀਰ ਨੂੰ ਭੁੱਲ ਗਈ, ਉਸੇ ਤਰ੍ਹਾਂ ਉੱਠ ਕੇ ਆ ਗਈ। ਕ੍ਰਿਸ਼ਨ ਮਹਾਰਾਜ ਨੇ ਆਪਣਾ ਵਸਤਰ ਉਪਰ ਦਿੱਤਾ, ਜਾਣ ਲਿਆ ਕਿ ਇਹ ਤਾਂ ਪਿਆਰ ਦੀ extreme 'ਤੇ ਪਹੁੰਚੀ ਹੋਈ ਹੈ। ਆਗਤ ਭਾਗਤ ਕਰਿਆ, ਖਾਣ ਨੂੰ ਦਿੰਦੀ ਹੈ, ਕੇਲੇ ਦਾ ਗੁ'ਦਾ ਸੁ'ਟੀ ਜਾਂਦੀ ਹੈ, ਛਿਲਕਾ ਫੜਾਈ ਜਾਂਦੀ ਹੈ, ਉਹ ਵੀ ਪਿਆਰ ਵਿ'ਚ ਐਨੇ ਮਸਤ ਨੇ ਛਿਲਕਾ ਹੀ ਖਾਈ ਜਾਂਦੀ ਹੈ ਐਨੇ ਨੂੰ ਬਿਦਰ ਜੀ ਆ ਗਏ, ਕਹਿਣ ਲੱਗੇ, ਆ ਕੀ ਹੋ ਰਿਹਾ ਹੈ ਘਰ ਦੇ ਅੰਦਰ। ਜਦੋਂ ਸਿ'ਟਣ ਲ'ਗੀ ਗੁ'ਦਾ! ਫੜ ਲਿਆ ਹ'ਥ ਨਾਲ। ਜਦੋਂ ਕ੍ਰਿਸ਼ਨ ਮਹਾਰਾਜ ਨੂੰ ਦਿ'ਤਾ ਇ'ਕ ਦਮ ਸਾਵਧਾਨ ਹੋ ਕੇ ਕਹਿਣ ਲ'ਗੀ ਕਿ ਬਿਦਰ! ਜਿਹੜਾ ਮੈਨੂੰ ਉਹ ਲਗਦਾ ਸੀ ਮਿ'ਠਾ ਆਹ ਨਹੀਂ ਲਗਦਾ। ਉਹ ਉਹਦੇ ਵਿ'ਚ ਕੋਈ ਅਜੀਬ ਰਸ ਸੀ। ਪਿਰਮ ਰਸ ਜਿਸਨੂੰ ਆਖਦੇ ਨੇ ਉਹ ਉਹਦੇ ਵਿੱਚ ਸਮਾਇਆ ਹੋਇਆ ਸੀ। ਤੈਨੂੰ ਉਹ ਛਿਲਕੇ ਦਿਸਦੇ ਨੇ ਪਰ ਮੈਨੂੰ ਤਾਂ ਉਹ ਪਿਆਰ ਦੇ ਰਸ ਨਾਲ ਭਰੀ ਹੋਈ ਚੀਜ਼ ਨਜ਼ਰ ਆਉਂਦੀ ਹੈ। ਰਾਤ ਨੂੰ ਭੁਰਜੀ ਬਣਾਈ। ਅਲੂਣੀ ਹੀ ਖਿਲਾ ਦਿੱਤੀ। ਕੋਈ ਪਤਾ ਨਹੀਂ ਹੈ ਜਦੋਂ ਬਿਦਰ ਜੀ ਨੇ ਦੇਖਿਆ ਕਹਿਣ ਲੱਗੇ ਕਿ ਤੂੰ ਇਹ ਕੀ ਕਰਿਆ, ਕਹਿੰਦੀ ਮੈਨੂੰ ਤਾਂ ਪਤਾ ਹੀ ਨਹੀਂ ਹੁਣ ਕਾਸੇ ਦਾ, ਆਪਣੇ ਆਪ ਤਾਂ ਪਤਾ ਨਹੀਂ। ਦੂਸਰੇ ਦਿਨ ਜਿਸ ਵਕਤ ਆਪ ਜਾਂਦੇ ਨੇ ਦਰਬਾਰ ਵਿ'ਚ ਗ'ਲ ਕਰਨ ਵਾਸਤੇ ਤੇ ਉਸ ਵੇਲੇ ਦੁਰਯੋਧਨ ਨੇ ਬਹੁਤ ਦੁ'ਖ ਮੰਨਿਆ –

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***
***ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਭੀਸ਼ਮ ਪਿਤਾਮਾ ਵਰਗੇ, ਦਰੋਣਾਚਾਰੀਆ ਵਰਗੇ, ਕਰਣ ਵਰਗੇ ਦਾਨੀ ਤੇ ਕ੍ਰਿਪਾ ਸਾਗਰ ਵਰਗੇ ਗੁਰੂ ਇਨ੍ਹਾਂ ਨੂੰ ਛ'ਡ ਕੇ ਉਹ ਗੋਲੇ ਦੇ ਘਰ ਜਾ ਕੇ ਪੈ ਗਿਆ।

***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਉਥੇ ਜਾ ਕੇ ਚਲਿਆ ਗਿਆ। ਸਾਨੂੰ ਤਾਂ ਸਾਰੀ ਰਾਤ ਧੁੱਖ-ਧੁਖੀ ਲੱਗੀ ਰਹੀ ਤੇਰੀ ਅਕਲ ਨੂੰ ਦੇਖ ਕੇ। ਫੇਰ ਓਹੀ ਰਿਹਾ ਗੋਕਲ ਵਾਲਾ ਹੀ, ਗਵਾਲਿਆਂ ਦੇ ਵਿੱਚ ਰਹਿਣ ਵਾਲਾ। ਰਾਜ ਮਰਿਆਦਾ ਦਾ ਤੈਨੂੰ ਪਤਾ ਹੀ ਨਹੀਂ ਲੱਗਿਆ ਕਿ ਕੀ ਹੁੰਦੀ ਹੈ? ਉਸ ਵੇਲੇ ਕ੍ਰਿਸ਼ਨ ਮਹਾਰਾਜ ਕਹਿਣ ਲ'ਗੇ ਕਿ ਦੇਖ ਦੁਰਯੋਧਨ! ਮੈਂ ਜੋ ਕੰਮ ਆਇਆ ਹਾਂ, ਉਹ ਕੰਮ ਆਇਆ ਹੀ ਹਾਂ। ਪਰ ਜੋ ਤੇਰੀ ਇਹ ਸ਼ਿਕਾਇਤ ਹੈ ਇਹਦਾ ਮੈਂ ਜਵਾਬ ਤੈਨੂੰ ਦਿੰਦਾ ਹਾਂ ਤੇ ਉਸ ਵੇਲੇ ਆਪ ਫੁਰਮਾਨ ਕਰਨ ਲੱਗੇ, ਪੜ੍ਹੋ ਪਿਆਰ ਨਾਲ-

***ਧਾਰਨਾ - ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,***
***ਸਾਨੂੰ ਬਿਦਰ ਜੀ ਪਿਆਰੇ।***

***ਰਾਜਨ ਕਉਨੁ ਤੁਮਾਰੈ ਆਵੈ ॥***
***ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥***
***ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥***

***ਅੰਗ - 1105***

ਮੇਰਾ ਆਉਣਾ ਸੁਣ ਕੇ ਪਤਾ ਹੈ ਤਊਂ ਕੀ ਕਹਿੰਦਾ ਸੀ। ਆਪਣੇ ਦਰਬਾਰੀਆਂ ਨੂੰ ਕਹਿੰਦਾ ਸੀ ਕਿ ਜੇ ਕ੍ਰਿਸ਼ਨ ਦਰਬਾਰ ਵਿੱਚ ਆਇਆ ਉਹਦੀ ਖਾਤਰ ਵਾਸਤੇ ਸਾਰੇ ਉੱਠਣਗੇ ਤੇ ਨਾਲ ਮੈਨੂੰ ਵੀ ਉੱਠਣਾ ਪੈਣਾ ਹੈ ਤੇ ਮੈਨੂੰ ਖਬਰ ਕਰ ਦਿਓ, ਮੈਂ ਘੋੜਿਆਂ ਦੇ ਤਬੇਲੇ ਵਿੱਚ ਹੋਵਾਂਗਾ ਉਥੇ ਕ੍ਰਿਸ਼ਨ ਨੂੰ ਲੈ ਕੇ ਆਇਓ। ਮੈਂ ਵੀ ਉਥੇ ਖੜ੍ਹਾ ਹੋਵਾਂਗਾ, ਉਹ ਵੀ ਖੜ੍ਹਾ ਹੋਏਗਾ। ਕਿੱਡਾ ਮਾਣ ਸੀ ਤੇਰੇ ਅੰਦਰ। ਅਤਿੱਥੀ ਸੇਵਾ ਦੇ ਜਿਹੜੇ ਅਸੂਲ ਨੇ ਤੇਰੇ ਅੰਦਰ ਤਾਂ ਉਹ ਵੀ ਨਹੀਂ ਸੀਗੇ। ਬਾਕੀ ਜਿਹੜੇ ਤੂੰ ਮੈਨੂੰ ਉਲਾਂਭੇ ਦਿੰਦਾ ਹੈਂ ਕਿ ਰੁੱਖੀਆਂ ਰੋਟੀਆਂ ਖਾਧੀਆਂ, ਕੀ ਖਾਧਾ ਹੈ ਜੇ ਤੂੰ ਦੁੱਧ ਦਾ ਕਹਿੰਦਾ ਹੈ ਤਾਂ -

***ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰੁ ਮੈ ਮਾਨਿਆ ॥***

***ਅੰਗ - 1105***

ਉਹ ਪਿਆਰ ਦਾ ਪਾਣੀ ਮੈਨੂੰ ਤੇਰੇ ਦੁ'ਧ ਤੋਂ ਚੰਗਾ ਲੱਗਿਆ। ਕਹਿਣ ਲੱਗੇ, ਬਾਕੀ ਜਿਹੜਾ ਤੂੰ ਕਹਿੰਦਾ ਹੈਂ ਕਿ ਉਥੇ ਕੀ ਤੈਨੂੰ ਆਰਾਮ ਹੋਇਆ ਉਥੇ ਮੰਜੇ ਨੇ ਕੀ ਉਹਦੇ ਕੋਲ? ਉਹ ਤਾਂ ਇੱਕ ਸਫ ਦੇ ਉਤੇ ਪੈਂਦੇ ਨੇ ਦੋਵੇਂ। ਖਾਣ ਨੂੰ ਕੀ ਮਿਲਿਆ, ਕਹਿੰਦੇ-

***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥***
***ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥***

***ਅੰਗ - 1105***

ਕਹਿੰਦੇ ਗੱਲ ਸੁਣ ਮੇਰੀ ਧਿਆਨ ਨਾਲ। ਸਾਡਾ ਘਰ ਛੱਡ ਕੇ ਤੈਨੂੰ ਕੀ ਸੁੱਖ ਮਿਲਿਆ ਜਾ ਕੇ। ਤਾਂ ਉਸ ਵੇਲੇ ਬੜਾ ਕ੍ਰੋਧ ਦੇ ਨਾਲ, ਮੋਢਾ ਕਰਕੇ ਬੋਲਦਾ ਹੈ ਭਗਵਾਨ ਵ'ਲ। ਉਹ ਹੱਸਦੇ ਨੇ -

***ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਏਧਰ ਨੂੰ ਮੂੰਹ ਫੇਰ, ਮੇਰੇ ਵਲ ਨਿਗ੍ਹਾ ਕਰ ਤੇ ਮੈਨੂੰ ਕੋਈ ਅਪਦਾ ਪਈ ਹੋਈ ਸੀ।

***ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਮੈਂ ਕੋਈ ਅਰਜ਼ੀ, ਰਿਪੋਰਟ ਲੈ ਕੇ ਆਇਆ ਸੀ ਤੇਰੇ ਕੋਲ ਕਿ ਤੇਰੇ ਤੋਂ ਮੈਂ ਕੁਛ ਲੈਣਾ ਹੈ? ਇੱਕ ਪਰਿਵਾਰ ਦੇ ਬੰਦੇ ਲੜਾਈ ਕਰਦੇ ਓਂ, ਆਪਸ ਵਿੱਚ, ਮੈਂ ਤਾਂ ਤੁਹਾਡਾ ਘਰ ਬਚਾਉਣ ਆਇਆ ਹਾਂ, ਮੈਨੂੰ ਕੋਈ ਦੁੱਖ ਪਿਆ ਹੋਇਆ ਸੀ?

ਤੇਰੇ ਘਰ ਦੇ ਅੰਦਰ ਤਾਂ ਕੋਈ ਪਿਆਰ ਹੀ ਨਹੀਂ।

***ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।***
***ਗੋਬਿੰਦ ਭਾਉ ਭਗਤਿ ਦਾ ਭੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਕਹਿਣ ਲੱਗੇ, ਅਹੰਕਾਰ ਜਿਹੜਾ ਹੈ ਉਹ ਪ੍ਰਮੇਸ਼ਰ ਨੂੰ ਨਹੀਂ ਭਾਇਆ ਕਰਦਾ। ਅਭਿਮਾਨ ਜਿੱਥੇ ਹੁੰਦਾ ਹੈ ਉਥੇ ਪ੍ਰਮੇਸ਼ਰ ਨਾਲ ਨਹੀਂ ਬਣਦੀ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***

***ਅੰਗ - 1089***

***ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***

***ਅੰਗ - 1383***

ਵਡੱਤਣ ਹੈ ਜਿਹਦੇ ਮਨ ਵਿੱਚ, ਜ਼ਿਆਦਾ ਪੈਸੇ ਵਾਲਾ, ਮੇਰਾ ਬਹੁਤ ਦਬਦਬਾ ਹੈ, ਮੇਰੇ ਕੋਲ ਰਾਜਸੀ ਤਾਕਤ ਹੈ, ਮੇਰੇ ਕੋਲ ਬੇਅੰਤ ਪੈਸਾ ਹੈ, ਕਹਿੰਦੇ ਰੱਖ ਆਪਣੇ ਕੋਲ ਇਹਦੇ ਨਾਲ ਕੀ ਹੁੰਦਾ ਹੈ ਖਾਲੀ ਜਾਏਂਗਾ ਦੁਨੀਆਂ ਤੋਂ। ਚਾਹੇ ਕਰੋੜਾਂ ਦਾ ਮਾਲਕ ਹੈ।

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - 1365***

ਹੰਕਾਰ ਅੱਛੀ ਚੀਜ਼ ਨਹੀਂ ਹੁੰਦੀ ਰਾਜਨ! -

***ਲੈਣੇ ਕਉ ਸਤਿਨਾਮ ਹੈ, ਦੇਣੇ ਕਉ ਅੰਨ ਦਾਨ।***
***ਤਰਨੇ ਕਉ ਹੈ ਦੀਨਤਾ, ਡੂਬਣ ਕਉ ਅਭਿਮਾਨ।***

**ਜਿਹਨੇ ਡੁੱਬਣਾ ਹੋਵੇ ਉਹ ਅਭਿਮਾਨ ਕਰ ਲਵੇ।**

***ਵੱਡਾ ਹੂਆ ਤੋ ਕਿਆ ਹੂਆ ਜੈਸੇ ਬੜੀ ਖਜੂਰ।***
***ਪੰਥੀ ਕਉ ਛਾਇਆ ਨਹੀਂ ਪਰ ਲਾਗੈ ਅਤਿ ਦੂਰ।***
***ਊਚੇ ਪਾਣੀ ਨਾ ਟਿਕੇ ਨੀਚੇ ਹੀ ਠਹਿਰਾਇ।***
***ਨੀਚਾ ਹੋਇ ਸੁ ਭਰ ਪੀਏ, ਊਚਾ ਪਿਆਸਾ ਜਾਇ।***

ਕਹਿੰਦੇ ਇਹਦੇ ਨਾਲ ਤਾਂ ਉੱਚਤਾ ਦਾ ਸਬੰਧ ਨਹੀਂ। ਤੇਰੀ ਵਡਿਆਈ ਮੈਨੂੰ ਕੀ ਕਹਿ ਸਕਦੀ ਹੈ। ਮੈਂ ਤਾਂ ਪਿਆਰ ਦਾ ਭੁੱਖਾ ਸੀ, ਤੇਰੀਆਂ ਕੋਠੀਆਂ ਦਾ ਭੁੱਖਾ ਨਹੀਂ ਸੀ, ਤੇਰੇ ਸਨਮਾਨ ਦਾ ਭੁੱਖਾ ਨਹੀਂ ਸੀ।

ਸੋ ਪਿਆਰ ਹੈ ਜਿਹੜਾ ਰੀਝਾਉਂਦਾ ਹੈ ਪ੍ਰਭੂ ਨੂੰ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਅੱਜ ਡਰੋਲੀ ਦੇ ਅੰਦਰ, ਮਾਲਵੇ ਦੇ ਵਿੱਚ ਗਏ ਹੋਏ ਨੇ ਤੇ ਨੇੜੇ ਹੀ ਇੱਕ ਪਿੰਡ ਹੈ, ਜਿਸਦਾ ਨਾਉਂ ਵੱਡਾ ਗਾਉਂ ਹੈ ਤੇ ਭਾਈ ਆਦਲ ਗੁਰੂ ਚੌਥੇ ਪਾਤਸ਼ਾਹ ਤੋਂ ਆਪ ਨੇ ਸਿੱਖੀ ਧਾਰਨ ਕਰੀ। ਸਿੱਖੀ ਦੀ ਕਮਾਈ ਕਰੀ। ਘਰ ਦੇ ਅੰਦਰ ਸਿੱਖੀ ਲਿਆਂਦੀ ਤੇ ਪ੍ਰੈਕਟੀਕਲੀ ਸਿੱਖ ਜੀਵਨ ਧਾਰਨ ਕਰਿਆ। ਹਰ ਵਕਤ ਗੁਰੂ ਦੇ ਧਿਆਨ 'ਚ ਰਹਿੰਦੇ ਨੇ, ਇੱਕ ਲੜਕੀ ਸੀ ਆਪ ਦੇ, ਉਹਨੂੰ ਵੀ ਗੁਰੂ ਦਾ ਹਰ ਵਕਤ ਪਿਆਰ ਰਹਿੰਦਾ ਹੈ। ਬੱਚਿਆਂ ਦੇ ਮਨ ਵਿੱਚ ਬੜਾ

ਪਿਆਰ ਹੁੰਦਾ ਹੈ ਮਾਂ-ਬਾਪ ਨੂੰ ਕਹਿੰਦੇ ਹੀ ਰਹਿੰਦੇ ਨੇ। ਗੁਰੂ ਮਹਾਰਾਜ ਦੇ ਬਚਨ ਕਰਦੀ ਰਹਿੰਦੀ ਹੈ ਤੇ ਅੱਜ ਸੱਤ ਸਾਲ ਦੀ ਹੋ ਗਈ, ਉਨ੍ਹਾਂ ਦਿਨਾਂ ਦੇ ਰਿਵਾਜ ਦੇ ਮੁਤਾਬਿਕ ਲਾਗੀ ਭੇਜੇ ਕਿ ਜਾਓ ਕੋਈ ਯੋਗ ਵਰ ਦੇਖੋ ਤੇ ਇਸ ਲੜਕੀ ਦਾ ਰੁਪਈਆ ਫੜਾ ਆਓ। ਅੱਜ ਦਾ ਜ਼ਮਾਨਾ ਨਹੀਂ ਸੀਗਾ, ਜ਼ਮਾਨਾ ਬਹੁਤ ਹੋਰ ਤਰ੍ਹਾਂ ਦਾ ਸੀ। ਸੋ ਲਾਗੀ ਗਏ ਉਨ੍ਹਾਂ ਨੇ ਜਾ ਕੇ ਹੁਸ਼ਿਆਰ ਹੁੰਦੇ, ਗੱਲਬਾਤ ਜਾਣਦੇ ਹੁੰਦੇ। ਇੱਕ ਤੁਗਲਾਣੀ ਪਿੰਡ ਦਾ ਲੜਕਾ ਦੇਖਿਆ, ਸਾਧੂ ਜਿਸਦਾ ਨਾਮ ਹੈ, ਹਾਣ ਪ੍ਰਮਾਣ ਦੇਖ ਕੇ ਰੁਪਈਆ ਪਕੜਾ ਆਏ। ਉਸ ਤੋਂ ਬਾਅਦ ਜਦੋਂ ਵਾਪਸ ਆਉਂਦੇ ਨੇ ਆ ਕੇ ਵਧਾਈਆਂ ਦਿੱਤੀਆਂ। ਕਹਿੰਦੇ, ਭਾਈ ਆਦਲ! ਰਿਸ਼ਤਾ ਹੋ ਗਿਆ। ਕਹਿਣ ਲੱਗਿਆ, ਪਿਆਰਿਓ! ਮੈਨੂੰ ਇੱਕ ਗੱਲ ਦੱਸੋ ਜਿਹੜੀ ਮੈਂ ਤੁਹਾਨੂੰ ਰੁਪਈਆਂ ਫੜਾਉਣ ਵੇਲੇ ਦੱਸਣੀ ਭੁੱਲ ਗਿਆ। ਜਿਸ ਘਰ ਦੇ ਅੰਦਰ ਲੜਕੀ ਦਾ ਸ਼ਗਨ ਕਰਕੇ ਆਏ ਓਂ ਉਹ ਗੁਰਸਿੱਖ ਵੀ ਹੈਗੇ? ਕਹਿੰਦੇ, ਨਹੀਂ। ਨਾ ਸਾਨੂੰ ਖਿਆਲ ਰਿਹਾ ਹੈ। ਉਹ ਤਾਂ ਸਰਵਰੀਏ ਨੇ ਉਨ੍ਹਾਂ ਦੇ ਘਰ ਤਾਂ ਮੁਕਾਮ ਹੈ, ਵੀਰਵਾਰ ਨੂੰ ਮੇਲਾ ਲਗਦਾ ਹੈ ਘਰ ਦੇ ਅੰਦਰ। ਕਹਿੰਦੇ, ਬੜਾ ਮਾੜਾ ਕੰਮ ਹੋਇਆ। ਮੇਰੀ ਲੜਕੀ ਤਾਂ ਗੁਰੂ ਦੇ ਪਿਆਰ ਵਿੱਚ ਜੀਉਂਦੀ ਹੈ। ਗੁਰੂ ਦੀਆਂ ਗੱਲਾਂ ਕਰਦੀ ਹੈ। ਕੀ ਬਣੇਗਾ ਜਦੋਂ ਉਥੇ ਜਾ ਕੇ ਕਬਰ ਨੂੰ ਮੱਥਾ ਟੇਕਣਾ ਪੈਣਾ ਹੈ। ਬੜਾ ਹੀ ਮੁਸ਼ਕਲ ਹੋ ਜਾਏਗਾ, ਇਹ ਤਾਂ ਰਹਿਣਾ ਹੀ ਔਖਾ ਹੋ ਜਾਏਗਾ। ਚੰਗਾ! ਜੋ ਹੋ ਗਿਆ, ਉਹ ਹੋ ਗਿਆ।

ਅੱਜ ਵਰਗਾ ਨਹੀਂ ਸੀ ਜ਼ਮਾਨਾ ਕਿ ਜਵਾਬ ਭੇਜ ਦਿਓ। ਬਚਨ ਕਰ ਲਿਆ, ਪੱਕੇ ਰਹਿੰਦੇ ਸੀ -

***ਬਚਨ ਕਰੇ ਤੇ ਖਿਸਕ ਜਾਏ ਬੋਲੇ ਨਰ ਕਚਾ।***

ਬਚਨ ਦਾ ਪਹਿਰਾ ਦਿੰਦੇ ਸੀ। ਜੋ ਹੋ ਗਿਆ ਸੋ ਹੋ ਗਿਆ। ਸੋ ਉਸ ਵੇਲੇ ਇੱਕੋ ਚੀਜ਼ ਰਹਿ ਗਈ ਕਿ ਗੁਰੂ ਕੋਲ ਅਰਦਾਸ। ਰੋਜ਼ ਨਿਤਨੇਮ ਕਰਨ ਤੋਂ ਬਾਅਦ ਅਰਦਾਸ ਕਰਦਾ ਹੈ ਹੇ ਪ੍ਰਭੂ! ਲੜਕੀ ਦਾ ਸੰਜੋਗ ਸਰਵੱਰੀਆਂ ਦੇ ਘਰ ਹੋ ਗਿਆ। ਸਾਡੇ ਹਿਰਦੇ ਵਿੱਚ ਪਿਆਰ ਹੈ ਤੇਰਾ, ਰੋਮ-ਰੋਮ ਦੇ ਵਿੱਚ ਤੇਰਾ ਪਿਆਰ ਸਮਾਇਆ ਹੋਇਆ ਹੈ ਤੇਰਾ। ਕ੍ਰਿਪਾ ਕਰ ਉਨ੍ਹਾਂ ਦੇ ਉਤੇ। ਉਨ੍ਹਾਂ ਦੇ ਪਾਪਾਂ ਨੂੰ ਬਖਸ਼, ਉਨ੍ਹਾਂ ਨੂੰ ਗੁਰਸਿੱਖੀ ਬਖਸ਼ ਦੇ। ਭਲਾ ਚਾਹੁੰਦਾ ਹੈ ਉਨ੍ਹਾਂ ਦਾ ਵੀ। ਰੋਜ਼ ਦੋ ਵੇਲੇ ਅਰਦਾਸ ਕਰਦਾ ਹੈ ਨਿਤਨੇਮ ਕਰਨ ਤੋਂ ਬਾਅਦ। ਹੌਲੀ-ਹੌਲੀ ਲੜਕੀ ਚੌਦਾਂ-ਪੰਦਰਾਂ ਸਾਲ ਦੀ ਹੋ ਗਈ ਤੇ ਉਸ ਤੋਂ ਬਾਅਦ ਵਿਆਹ ਦੀ ਤਿਆਰੀ ਹੋ ਗਈ। ਬਰਾਤ ਚੜ੍ਹਦੀ ਹੈ ਤੇ ਉਸ ਵੇਲੇ ਮੁਕਾਮ ਨੂੰ ਮੱਥਾ ਟੇਕ ਕੇ ਰੋਟ ਵਗੈਰਾ ਬਣਾ ਕੇ, ਸਾਰਿਆਂ ਨੂੰ ਵੰਡ ਕੇ, ਫੇਰ ਤੁਰਦੇ ਨੇ।

ਏਧਰ ਆਉਂਦੇ ਨੇ, ਤਿੰਨ ਦਿਨ ਬਰਾਤ ਰਹਿੰਦੀ ਹੈ। ਸ਼ਾਦੀ ਹੋ ਜਾਂਦੀ ਹੈ ਤੇ ਅੱਜ ਡੋਲੀ ਚਲੀ ਜਾ ਰਹੀ ਹੈ। ਬੀਬੀ ਜੋ ਉਹਦੇ ਮਨ ਵਿੱਚ ਬਾਰ-ਬਾਰ ਖਿਆਲ ਆਉਂਦਾ ਹੈ ਕਿ ਕੀ ਬਣੇਗਾ? ਮੈਨੂੰ ਜਾਂਦੀ ਨੂੰ ਮੱਥਾ ਟਿਕਾਉਣਾ ਹੈ ਉਨ੍ਹਾਂ ਨੇ ਤੇ ਮੈਂ ਟੇਕਣਾ ਨਹੀਂ। ਬੜਾ ਸੰਕਟ ਖੜ੍ਹਾ ਹੋ

ਜਾਏਗਾ, ਹੇ ਪ੍ਰਭੂ! ਬਖਸ਼ਣਵਾਲਾ ਹੋਰ ਕੋਈ ਨਹੀਂ, ਜੋ ਮੈਨੂੰ ਹੁਣ ਬਖਸ਼ ਦੇਵੇ ਤੇ ਮੇਰੀ ਮਦਦ ਕਰੇ। ਐਸ ਵੇਲੇ ਮੇਰੀ ਜੋ ਹਾਲਤ ਹੈ ਇਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਪ੍ਰਹਿਲਾਦ ਦੀ ਹਾਲਤ ਸੀ, ਕ੍ਰਿਪਾ ਕਰ ਮੇਰੇ ਉਤੇ ਰਹਿਮ ਕਰ। ਅੱਗੇ ਜਦੋਂ ਬਡਾਲੀ ਲੰਘਦੇ ਨੇ ਆਪ, ਡਰੌਲੀ ਦੇ ਕੋਲ ਦੀ। ਅੰਮ੍ਰਿਤ ਵੇਲਾ ਹੈ ਕਿਉਂਕਿ ਰਾਤ ਨੂੰ ਬਰਾਤ ਤੁਰਦੀ ਹੈ ਅੱਧੀ ਰਾਤ ਤੋਂ ਬਾਅਦ, ਗਰਮੀ ਦੇ ਦਿਨ ਸੀ ਕਿ ਸਾਝਰੇ ਚਲੇ ਜਾਵਾਂਗੇ।

ਸੋ ਜਦੋਂ ਡਰੌਲੀ ਆਈ, ਉਥੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਆਵਾਜ਼ ਕੰਨ ਵਿੱਚ ਪੈਂਦੀ ਹੈ। ਉਸ ਵੇਲੇ ਬੀਬੀ ਦੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਮੈਂ ਗੁਰੂ ਮਹਾਰਾਜ ਦੇ ਦਰਸ਼ਨ ਕਰਾਂ ਤੇ ਮਹਾਰਾਜ ਕੋਲ ਅਰਦਾਸ ਕਰਾਂ। ਡੋਲੀ ਵਾਲਿਆਂ ਨੂੰ ਸਮਝਾਇਆ, ਪਿੰਡ ਦੇ ਹੀ ਸੀ ਨੇੜੇ ਦੇ। ਕਹਿਣ ਲੱਗੀ, ਵੀਰੋ! ਮੈਨੂੰ ਪਤਾ ਨਹੀਂ ਮੁੜ ਕੇ ਗੁਰੂ ਦੇ ਦਰਸ਼ਨ ਕਰਨ ਦਾ ਮੌਕਾ ਮਿਲੇ ਜਾਂ ਨਾ ਮਿਲੇ। ਬੇਗਾਨੇ ਵਸ ਮੈਂ ਪੈ ਜਾਣਾ ਹੈ, ਕ੍ਰਿਪਾ ਕਰੋ ਮੇਰੇ ਉਤੇ। ਆਹ ਮੇਰੇ ਸਤਿਗੁਰੂ ਦੇ ਦਰਬਾਰ ਦੇ ਵਿੱਚੋਂ ਸ਼ਬਦ ਦੀ ਆਵਾਜ਼ ਆ ਰਹੀ ਹੈ। ਇਸ ਆਵਾਜ਼ ਦੀ ਸੇਧ ਵਿੱਚ ਮੇਰੀ ਡੋਲੀ ਲੈ ਜਾਓ। ਜੋ ਕੁਛ ਕਹੋਂਗੇ ਮੈਂ ਤੁਹਾਨੂੰ ਇਨਾਮ-ਕਰਾਮ ਦੇਵਾਂਗੀ। ਉਸ ਤੋਂ ਬਾਅਦ ਉਹਨੇ ਆਪਣੇ ਕੰਗਣ ਲਾਹੇ, ਲਾਹ ਕੇ ਡੋਲੀ ਵਾਲਿਆਂ ਨੂੰ ਦੇ ਦਿੱਤੇ ਤੇ ਡੋਲੀ ਵਾਲੇ ਉਧਰ ਨੂੰ ਤੁਰ ਪਏ ਜਿਵੇਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦਰਬਾਰ 'ਚ ਬੈਠੇ ਨੇ। ਆਸਾ ਜੀ ਦੀ ਵਾਰ ਦਾ ਦੀਵਾਨ ਸਜਿਆ ਹੋਇਆ ਹੈ ਤੇ ਸ਼ਬਦ ਪੜ੍ਹੇ ਜਾ ਰਹੇ। ਮਟਕ ਚਾਨਣਾ ਹੋ ਆਇਆ, ਪਹੁ ਫਟ ਗਈ, ਦੂਰੋਂ ਮਹਾਰਾਜ ਦੀ ਨਿਗ੍ਹਾ ਪੈਂਦੀ ਹੈ ਕਿ ਡੋਲੀ ਆ ਰਹੀ ਹੈ। ਕਹਾਰਾਂ ਨੇ ਦੀਵਾਨ ਦੇ ਨੇੜੇ ਲਿਆ ਕੇ ਡੋਲੀ ਰਖ ਦਿ'ਤੀ ਧਰਤੀ 'ਤੇ। ਵਿਚੋਂ ਬੀਬੀ ਨਿਕਲੀ ਤੇ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਨਮਸ਼ਕਾਰ ਕਰੀ। ਇਸ਼ਾਰਾ ਹੋ ਗਿਆ, ਨੇੜੇ ਬੈਠ ਗਈ।

ਸਮਾਪਤੀ ਹੋਈ ਦੀਵਾਨ ਦੀ ਉਸ ਵੇਲੇ ਮਹਾਰਾਜ ਨੇ ਆਵਾਜ਼ ਦਿੱਤੀ, ਬੇਟਾ! ਨਾਲ ਤੇਰੇ ਕੋਈ ਨਹੀਂ ਹੈ। ਡੋਲੀ ਹੈ, ਕੀ ਕਾਰਨ ਹੈ? ਸਾਡੇ ਪਾਸ ਤੂੰ ਪਹੁੰਚੀਂ ਹੈਂ? ਉਸ ਵੇਲੇ ਉੱਠ ਕੇ ਨਮਸ਼ਕਾਰ ਕੀਤੀ, ਕਹਿਣ ਲੱਗੀ, ਪਾਤਸ਼ਾਹ! ਆਪ

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ।***

ਪਾਤਸ਼ਾਹ! ਜਿੱਥੇ ਮੇਰੀ ਸ਼ਾਦੀ ਹੋ ਗਈ ਉਹ ਸਰਵਰੀਆਂ ਦਾ ਘਰ ਹੈ। ਉਥੇ ਗੁਰਸਿੱਖੀ ਨਹੀਂ ਹੈ ਕ੍ਰਿਪਾ ਕਰੋ। ਤੁਹਾਡੇ ਬਗੈਰ ਮੇਰਾ ਦੁਨੀਆਂ 'ਚ ਹੋਰ ਕੋਈ ਨਹੀਂ ਹੈ ਜਿਹੜਾ ਮੇਰਾ ਦੁੱਖ ਕੱਟ ਦੇਵੇ -

***ਧਾਰਨਾ - ਤੇਰੇ ਬਿਨਾਂ ਨਾ ਜਗਤ ਉਤੇ ਕੋਈ,***
***ਜਿਹੜਾ ਮੇਰਾ ਦੁੱਖ ਕੱਟ ਦੇ।***

ਪਾਤਸ਼ਾਹ! ਸੰਸਾਰ ਤੇ ਹੋਰ ਨਹੀਂ ਹੈ ਕੋਈ। ਕੀਹਦੀ ਸ਼ਰਨ ਲਵਾਂ ਤੈਨੂੰ ਛੱਡ ਕੇ ਪਾਤਸ਼ਾਹ। ਉਸ ਵੇਲੇ ਗੁਰੂ ਮਹਾਰਾਜ! ਪਤੀਜ ਦੇ ਘਰ

ਵਿੱਚ ਆਏ, ਸਿਰ ਦੇ ਉਤੇ ਹੱਥ ਰੱਖਿਆ। ਕਹਿਣ ਲੱਗੇ, ਬੇਟੀ! ਤੇਰੇ ਮਸਤਕ ਦੇ ਵਿੱਚ ਲੇਖ ਲਿਖਿਆ ਹੋਇਆ ਸੀ ਤੇ ਤੂੰ ਸਰਵਰੀਆ ਦੇ ਘਰ ਵਿਆਹੇ ਜਾਣਾ ਹੀ ਸੀ। ਕੋਈ ਗੱਲ ਨਹੀਂ ਹੈ, ਗੁਰੂ ਦਰਬਾਰ ਵਿੱਚ ਆ ਗਈ, ਸੰਗਤ ਦੇ ਦਰਸ਼ਨ ਹੋ ਗਏ ਤੇ ਲਿਖਿਆ ਹੋਇਆ ਲੇਖ ਜਿਹਦੇ ਬਾਰੇ ਗੁਰੂ ਮਹਾਰਾਜ ਦੇ ਵਿੱਚ ਫੁਰਮਾਨ ਹੈ –

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ – 937***

ਜਾਹ, ਸੰਗਤ ਦੇ ਦਰਸ਼ਨ ਕਰਕੇ ਤੇਰਾ ਲੇਖ, ਤੇਰਾ ਹੀ ਨਹੀਂ ਕੱਟ ਹੋਇਆ, ਤੇਰੇ ਸਹੁਰਿਆਂ ਦਾ ਵੀ ਕੱਟਿਆ ਗਿਆ। ਐਨਾ ਬਚਨ ਹਾਲੇ ਕਰਦੇ ਨੇ।

ਉਧਰਲੇ ਪਾਸੇ ਉਨ੍ਹਾਂ ਨੇ ਦੇਖਿਆ ਕਿ ਡੋਲੀ ਕਿੱਥੇ ਰਹਿ ਗਈ, ਭਾਈ ਸੱਧੂ ਨੂੰ ਭੇਜਿਆ ਕਿ ਜਾਹ, ਤੂੰ ਘੋੜੇ ‘ਤੇ ਸਵਾਰ ਹੋ ਕੇ। ਉਹਨੂੰ ਪਿੱਛੇ ਕਿਉਂ ਛੱਡ ਆਇਆ। ਆ ਕੇ ਪਿੰਡ ਵਿੱਚ ਪਤਾ ਲਗਦਾ ਹੈ ਗੁਰੂ ਦਰਬਾਰ ਹੈ, ਉਥੇ ਆ ਕੇ ਘੋੜਾ ਬੰਨ੍ਹਦਾ ਹੈ, ਜਿਸ ਵਕਤ ਗੁਰੂ ਮਹਾਰਾਜ ਦੇ ਪਵਿੱਤਰ ਦਰਸ਼ਨ ਕੀਤੇ, ਦਰਸ਼ਨਾਂ ਦਾ ਐਸਾ ਝਲਕਾਰਾ ਵੱਜਿਆ, ਜਨਮਾਂ-ਜਨਮਾਂਤਰਾਂ ਦੇ ਲੱਗੇ ਹੋਏ ਪਾਪ, ਵਿਘਨ ਸਾਰੇ ਹੀ ਧੋਤੇ ਗਏ, ਸ਼ਰਨ ਵਿੱਚ ਆ ਗਿਆ, ਚਰਨਾਂ ‘ਤੇ ਢਹਿ ਪਿਆ, ਮਹਾਰਾਜ! ਮੈਂ ਤੇਰਾ ਹਾਂ, ਮੈਨੂੰ ਆਪਣਾ ਬਣਾ ਲਓ। ਉਸੇ ਵੇਲੇ ਮਹਾਰਾਜ ਜੀ ਨੇ ਜਲ ਮੰਗਾਇਆ, ਜਲ ਮੰਗਾ ਕੇ ਚਰਨਾਮ੍ਰਿਤ ਦੇ ਕੇ ਅੰਦਰਲੀ ਸੋਝੀ ਬਖਸ਼ ਦਿੱਤੀ, ਨਾਮ ਬਖਸ਼ ਦਿ‘ਤਾ। ਕਹਿੰਦੇ, ਜਾਓ ਤੁਹਾਡਾ ਗੁਰੂ ਘਰ ਨਾਲ ਹਰ ਵਕਤ ਪਿਆਰ ਬਣਿਆ ਰਹੇਗਾ। ਇੱਕ ਪੁਸ਼ਤ ਨਹੀਂ, ਪੁਸ਼ਤ-ਦਰ-ਪੁਸ਼ਤ ਤੁਸੀਂ ਗੁਰੂ ਦੇ ਘਰ ਦੇ ਬਹੁਤ ਮਾਨਯੋਗ ਹੋਵੋਂਗੇ। ਤੁਹਾਡੀ ਸਦਾ ਹੀ ਗੁਰੂ ਨਾਲ ਬਣ ਆਏਗੀ। ਤੁਹਾਡੇ ਘਰ ਇ‘ਕ ਬਹੁਤ ਹੀ ਸੁੰਦਰ ਤੇ ਗੁਰੂ ਦੇ ਪਿਆਰ ਵਾਲਾ ਪੁ‘ਤਰ ਆਏਗਾ।

ਸੋ ਇਸ ਤਰ੍ਹਾਂ ਦੇ ਨਾਲ ਵਰ ਲਏ, ਸਿੱਖੀ ਦਾ ਅਸਰ ਹੋ ਗਿਆ। ਖਿਆਲ ਸਾਰੇ ਬਦਲ ਗਏ। ਅਸਰ ਹੀ ਨਹੀਂ ਇਕੱਲਾ ਹੋਇਆ, ਗੁਰੂ ਦਾ ਪਿਆਰ ਹਿਰਦੇ ਵਿੱਚ ਲਹਿ ਗਿਆ। ਗੁਰੂ ਦਾ ਬਣ ਗਿਆ ਭਾਈ ਸੱਧੂ। ਘਰ ਜਾਂਦਾ ਹੈ ਜਾ ਕੇ ਜਦੋਂ ਡੋਲੀ ਉਤਾਰੀ, ਬੀਬੀਆਂ ਆ ਗਈਆਂ ਗਾਣੇ ਗਾਉਂਦੀਆਂ ਨੇ, ਗੀਤ ਗਾਉਂਦੀਆਂ ਨੇ, ਬੜਾ ਕੁਝ ਹੱਥਾਂ ‘ਚ ਲਿਆ ਹੋਇਆ ਹੈ, ਉਹ ਕਬਰ ਵੱਲ ਨੂੰ ਚੱਲ ਪਈਆਂ। ਉਸ ਵੇਲੇ ਬੀਬੀ ਅਰਦਾਸ ਕਰਦੀ ਹੈ ਕਿ ਹੇ ਪ੍ਰਭੂ! ਹੁਣ ਮੇਰੀ ਲਾਜ ਰਹਿ ਜਾਏ। ਕ੍ਰਿਪਾ ਕਰ ਮੇਰਾ ਸੀਸ ਤੈਨੂੰ ਝੁਕਿਆ ਹੈ, ਹੁਣ ਨਾ ਕਬਰਾਂ ਨੂੰ ਝੁਕੇ। ਉਸ ਵੇਲੇ ਭਾਈ ਸੱਧੂ ਕਹੀ ਚੁੱਕ ਲਿਆਇਆ, ਲਿਆ ਕੇ ਢਾਹੁੰਣਾ ਸ਼ੁਰੂ ਕਰ ਦਿੱਤਾ। ਉਹ ਕਹਿੰਦੇ, ਕੀ ਕਰਦਾ ਹੈਂ ਤੂੰ ਇਹ? ਕਹਿਣ ਲੱਗਿਆ, ਮੈਨੂੰ ਲੋੜ ਨਹੀਂ ਹੈ। ਮੈਨੂੰ ਮਿਲ ਗਿਆ, ਜਿਹਨੂੰ ਮੈਂ ਮਿਲਣਾ ਸੀ। ਮੈਨੂੰ ਜੀਵਨ ਮਿਲ ਗਿਆ। ਮਰੇ ਹੋਏ ਦੇ ਅੰਦਰ ਮੇਰੇ ਪ੍ਰਕਾਸ਼ ਹੋ ਗਿਆ, ਮੈਂ ਹੁਣ ਜੀਉਂਦਿਆਂ ‘ਚ ਹੋ ਗਿਆ।

ਕਹਿਣ ਲੱਗੇ, ਓਏ! ਇਹਦੇ ਉੱਤੇ ਅਸਰ ਪੈ ਗਿਆ ਪੀਰ ਦਾ ਤੇ ਪਾਗਲ ਹੋ ਗਿਆ ਇਹ। ਸਾਰੀ ਕਬਰ ਢਾਹ ਦਿੱਤੀ। ਕਹਿੰਦਾ, ਅਸੀਂ ਨਹੀਂ ਮੱਥਾ ਟੇਕਣਾ, ਉਨ੍ਹਾਂ ਨੇ ਇਕੱਠੇ ਹੋ ਫੇਰ ਬਣਾ ਲਈ, ਇਹਨੇ ਰਾਤ ਨੂੰ ਫੇਰ ਢਾਹ ਦਿੱਤੀ। ਉਹ ਬਣਾ ਲਿਆ ਕਰਨ, ਇਹ ਢਾਹ ਦਿਆ ਕਰੇ। ਅਖੀਰ ਮਾਂ-ਬਾਪ ਨੂੰ ਕਹਿਣ ਲੱਗਿਆ ਕਿ ਦੇਖੋ! ਇਨ੍ਹਾਂ ਗੱਲਾਂ 'ਚ ਕੁਛ ਨਹੀਂ ਪਿਆ, ਤੁਸੀਂ ਗੁਰੂ ਦੀ ਸਿੱਖੀ ਧਾਰਨ ਕਰੋ, ਐਵੇਂ ਜਨਮ ਬਰਬਾਦ ਨਾ ਕਰੋ। ਜੂਠਾ ਖਾਂਦੇ ਓਂ ਤੁਸੀਂ ਤੁਰਕ ਦਾ, ਰੋਟ ਲਾਹੁੰਦੇ ਓਂ, ਇ'ਕ ਪਾਸੇ ਭਰਾਈ ਆ ਕੇ ਚ'ਕ ਮਾਰਦਾ ਹੈ, ਜੂਠਾ ਕਰ ਦਿੰਦਾ, ਫੇਰ ਤੁਸੀਂ ਉਹਦਾ ਜੂਠਾ ਖਾਂਦੇ ਓ, ਕੀ ਮਿਲਿਆ ਤੁਹਾਨੂੰ ਅੱਜ ਤਾਈਂ? ਜਿਹੜਾ ਜੀਵਨ ਗੁਰੂ ਕੋਲ ਹੈ, ਰੌ ਰੁਮਕਦੀ ਹੈ ਆਦਮੀ ਦੇ ਅੰਦਰ, ਉਹ ਜੀਵਨ ਨੂੰ ਪ੍ਰਾਪਤ ਕਰੋ। ਸੋ ਉਸ ਵੇਲੇ ਉਹ ਵੀ ਨਾਲ ਰਲ ਗਏ। ਮਹਾਰਾਜ ਕਹਿੰਦੇ, ਜੇ ਕ੍ਰਿਪਾ ਹੋ ਜਾਵੇ ਪੁੱਠੀਆਂ ਗੱਲਾਂ ਸਿੱਧੀਆਂ ਹੋ ਜਾਂਦੀਆਂ ਨੇ -

***ਧਾਰਨਾ - ਪੁੱਠੀ ਬਾਤ ਤੋਂ ਸਿੱਧੀ ਹੋ ਜਾਵੇ,***
***ਕ੍ਰਿਪਾ ਹੋ ਜਾਏ ਤੇਰੀ ਮਾਲਕਾ।***

***ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥***
***ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ 1 ॥***
***ਜਉ ਕਿਰਪਾ ਗੋਬਿੰਦ ਭਈ ॥***
***ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥***
***ਅੰਗ - 402***

ਬਦਲ ਗਿਆ ਘਰ ਦਾ ਹਿਸਾਬ ਕਿਤਾਬ। ਸਿੱਖੀ ਆ ਗਈ, ਪਾਠ ਹੋਣਾ ਸ਼ੁਰੂ ਹੋ ਗਿਆ, ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਹੈ, ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ। ਜਪੁਜੀ ਸਾਹਿਬ ਦਾ ਪਾਠ, ਭਜਨ ਬੰਦਗੀ ਹੁੰਦੀ ਹੈ, ਨਾਮ ਦੀ ਕਮਾਈ ਹੋ ਰਹੀ। ਹਰ ਛਿਮਾਹੀ ਤੋਂ ਬਾਅਦ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਜਾਂਦੇ ਨੇ। ਸਮਾਂ ਬੀਤਦਾ ਗਿਆ, ਮਹਾਰਾਜ ਦੀ ਕ੍ਰਿਪਾ ਹੋਈ ਇੱਕ ਸੁੰਦਰ ਪੁੱਤਰ ਦੀ ਦਾਤ ਮਿਲ ਗਈ।

ਕਹਿਣ ਲੱਗੇ, ਪਾਤਸ਼ਾਹ! ਆਪ ਨਾਮ ਰੱਖੋ।

ਮਹਾਰਾਜ ਨੇ ਦੇਖਿਆ, ਆਪ ਕਹਿਣ ਲੱਗੇ, ਪੁੱਤਰ ਬੜਾ ਸੁੰਦਰ ਹੈ ਤੇ ਅਸੀਂ ਇਹਦਾ ਨਾਮ ਰੂਪਾ ਰੱਖਦੇ ਹਾਂ ਤੇ ਭਾਈ ਰੂਪਾ ਕਰਕੇ ਜਗਤ ਵਿੱਚ ਪ੍ਰਸਿੱਧ ਹੋਵੇਗਾ। ਹੌਲੀ-ਹੌਲੀ ਪੁੱਤਰ ਜਿਹੜਾ ਸੀ ਉਹ ਵੀ ਮਾਤਾ ਤੇ ਪਿਤਾ ਦੀ ਚਾਲ 'ਤੇ ਚਲਦਾ ਹੈ। ਗੁਰੂ ਦੇ ਦਰਸ਼ਨ ਕਰਦਾ ਹੈ, ਘਰ ਵਿੱਚ ਹਰ ਵਕਤ ਦੀਆਂ ਗੱਲਾਂ ਚਲਦੀਆਂ ਨੇ, ਗੁਰੂ ਦੀਆਂ ਬਾਤਾਂ ਹੁੰਦੀਆਂ ਨੇ। ਗੁਰੂ ਦਾ ਧਿਆਨ ਹਰ ਵਕਤ ਰਹਿੰਦਾ ਹੈ।

ਆਪ ਹੌਲੀ-ਹੌਲੀ ਵੱਡਾ ਹੋ ਗਿਆ। 17 ਸਾਲ ਦਾ ਹੋ ਗਿਆ। ਪਿਤਾ ਦੇ ਨਾਲ ਕੰਮ ਕਰਨ ਲੱਗ ਗਿਆ। ਪਿਤਾ ਤੇ ਪੁੱਤਰ ਹਰ ਵਕਤ ਗੁਰੂ ਦਾ ਧਿਆਨ ਕਰਦੇ ਨੇ। ਬਾਹਰੋਂ ਵੀ ਬਚਨ ਕਰਦੇ ਨੇ ਅੰਦਰੋਂ ਵੀ ਜਦੋਂ ਬੈਠਦੇ ਨੇ ਬੰਦਗੀ ਕਰਨ ਵਾਸਤੇ ਤਾਂ ਗੁਰੂ ਮਹਾਰਾਜ ਦੀ ਮੂਰਤ

ਹਿਰਦੇ 'ਚ ਵਸਾਉਂਦੇ ਨੇ। ਜਿਸਦੇ ਬਾਰੇ ਐਸਾ ਫੁਰਮਾਨ ਹੈ –

*ਧਾਰਨਾ – ਧਰਦੇ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।*

ਹਰ ਵਕਤ ਗੁਰੂ ਮਹਾਰਾਜ ਦਾ ਧਿਆਨ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ – 864*

ਬੜੇ ਬਖੇੜੇ ਨੇ ਇਸ ਗੱਲ ਦੇ ਉਤੇ, ਕੋਈ ਕਹਿੰਦਾ ਹੈ ਕਿ ਇਹ ਬੁ'ਤ ਪ੍ਰਸਤੀ ਹੈ। ਗੁਰੂ ਹਿਰਦੇ 'ਚ ਵਸਿਆ ਹੋਵੇ, ਗੁਰੂ ਦਾ ਵਜੂਦ ਹਿਰਦੇ 'ਚ ਵਸਿਆ ਹੋਵੇ, ਇਹਨੂੰ ਬੁੱਤ ਪ੍ਰਸਤੀ ਕਹਿੰਦੇ ਨੇ, ਮੁਬਾਰਕ ਹੈ ਸਾਨੂੰ। ਜਿਹਦੇ ਨਾਲ ਪਿਆਰ ਹੁੰਦਾ ਹੈ ਉਹ ਅਭੁੱਲ ਹੈ, ਅੱਖਾਂ ਤੋਂ ਓਹਲੇ ਹੁੰਦਾ ਹੈ ਕਦੇ! ਉਹ ਗਿਆਨ ਨਹੀਂ ਸਾਨੂੰ ਚਾਹੀਦਾ। ਉਹ ਖੁਸ਼ਕ ਫਿਲਾਸਫੀ ਨਹੀਂ ਚਾਹੀਦੀ। ਜਿਸ ਵਕਤ ਗੋਪੀਆਂ ਕੋਲ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਿ ਇਨ੍ਹਾਂ ਨੂੰ ਜਾ ਕੇ ਗਿਆਨ ਦੀ ਬਾਤ ਦ'ਸ। ਉਹ ਗਿਆਨ ਦੀਆਂ ਗੱਲਾਂ ਕਰੀ ਗਿਆ, ਘੰਟੇ ਲੰਘ ਗਏ। ਉਹ ਕਹਿੰਦੀਆਂ, ਊਧੋ! ਕਿਉਂ ਸਿਰ ਖਪਾਉਂਦਾ ਹੈਂ ਸਾਨੂੰ ਤੇਰੇ ਗਿਆਨ ਦੀ ਲੋੜ ਨਹੀਂ। ਸਾਨੂੰ ਤਾਂ ਉਸ ਕ੍ਰਿਸ਼ਨ ਦੀ ਲੋੜ ਹੈ ਜਿਹੜਾ ਸਾਡੇ ਨਾਲ ਪਿਆਰ ਕਰਦਾ ਹੈ, ਸਾਡੇ ਹਿਰਦੇ 'ਚ ਵਸ ਗਿਆ। ਰੋਮ-ਰੋਮ 'ਚ ਵਸਿਆ ਹੋਇਆ ਹੈ, ਨਿਕਲ ਨਹੀਂ ਰਿਹਾ ਅੰਦਰੋਂ। ਅਸੀਂ ਕੀ ਕਰਨਾ ਹੈ ਤੇਰਾ ਗਿਆਨ ਧਿਆ ਕੇ, ਅਸੀਂ ਇੱਥੇ ਹੀ ਸੰਤੁਸ਼ਟ ਹਾਂ। ਗੁਰੂ ਜੇ ਅੰਦਰ ਵਸ ਜਾਵੇ। ਜਿਹੜਾ ਪਿਆਰ ਵਾਲਾ ਵਸ ਜਾਂਦਾ ਹੈ ਉਹਦੀ ਮੂਰਤ ਕਦੇ ਭੁੱਲਿਆ ਨਹੀਂ ਕਰਦੀ, ਅੰਦਰ ਹੀ ਰਹਿੰਦੀ ਹੈ। ਜਿਹਦੇ ਅੰਦਰ ਗੁਰੂ ਦਾ ਵਾਸਾ ਹੋ ਗਿਆ। ਉਹਨੂੰ ਚਾਹੀਦਾ ਕੀ ਹੈ, ਉਹ ਤਾਂ ਗਿਆਨ ਦੀਆਂ ਬਾਤਾਂ ਨੇ ਕਿ ਪਿਆਰਿਓ! ਧਿਆਨ ਚਾਰ ਕਿਸਮ ਦੇ ਹੁੰਦੇ ਨੇ। ਇ'ਕ ਤਾਂ ਹੁੰਦਾ ਹੈ ਜਿਹੜਾ ਮੈਂ ਹੁਣ ਬੇਨਤੀ ਕਰਦਾ ਹਾਂ, ਦੂਸਰਾ ਹੁੰਦਾ ਹੈ ਸ਼ਬਦ ਦਾ ਧਿਆਨ–

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* *ਅੰਗ – 879*

ਤੀਸਰਾ ਹੁੰਦਾ ਹੈ ਗੁਰੂ ਨੂੰ ਜੋਤੀ ਸਰੂਪ ਸਮਝ ਕੇ, ਜੋਤੀ ਦਾ ਧਿਆਨ ਕਰਨਾ। ਤੀਸਰਾ ਹੁੰਦਾ ਹੈ ਗੁਰੂ ਨੂੰ ਪ੍ਰਮੇਸ਼ਰ ਸਮਝ ਕੇ, ਉਹਦਾ ਸਰਬਤ੍ਰ ਧਿਆਨ ਕਰਨਾ। ਉਹ ਆਪਣੀਆਂ-ਆਪਣੀਆਂ ਅਵਸਥਾ ਨੇ ਲੇਕਿਨ ਪਿਆਰ ਵਾਲਿਆਂ ਦਾ ਧਿਆਨ ਜਿਹੜਾ ਹੈ, ਉਹ ਇਸੇ ਤਰ੍ਹਾਂ ਨਾਲ ਹੁੰਦਾ ਹੈ ਜਿਵੇਂ ਚੰਦ ਤੇ ਚਕੋਰ ਦਾ ਹੋਇਆ ਕਰਦਾ ਹੈ –

*ਧਾਰਨਾ – ਜਿਵੇਂ ਚੰਦ ਤੇ ਚਕੋਰ ਦੀ ਪ੍ਰੀਤੀ,*
*ਇਵੇਂ ਸਤਿਗੁਰ ਪਿਆਰਾ ਸਿ'ਖ ਨੂੰ।*

*ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰੁ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*

***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।***

***ਭਾਈ ਗੁਰਦਾਸ ਜੀ, ਵਾਰ 27/4***

ਐਸਾ ਪਿਆਰ, ਇੱਕ ਸਕਿੰਟ ਵਾਸਤੇ ਵੀ ਗੁਰੁ ਮਹਾਰਾਜ ਨੂੰ ਨਹੀਂ ਭੁੱਲਦੇ। ਕਿਉਂਕਿ ਗੁਰੂ ਮਹਾਰਾਜ ਨਿਰਾ ਹੀ ਪਿਆਰ ਸੀ। ਸੰਗਤ ਪਿਆਰ ਕਰਦੀ ਸੀ, ਸੋ ਆਪ ਹਰ ਵਕਤ ਪਿਆਰ ਵਿ'ਚ ਲੀਨ ਰਹਿੰਦੇ ਨੇ।

ਅੱਜ ਜੇਠ ਦਾ ਮਹੀਨਾ ਹੈ, ਗੁਰੂ ਮਹਾਰਾਜ ਜੀ ਡਰੌਲੀ ਗਏ ਹੋਏ ਨੇ। ਇਧਰਲੇ ਪਾਸੇ ਇਹ ਦੋਵੇਂ ਜਣੇ ਪਿਉ ਪੁੱਤ ਲੱਕੜਾਂ ਕੱਟਣ ਵਾਸਤੇ ਸਾਝਰੇ ਹੀ ਚੱਲ ਪੈਂਦੇ ਨੇ। ਪਿਤਾ ਨੇ ਭਾਈ ਰੂਪੇ ਨੂੰ ਕਿਹਾ ਕਿ ਬੇਟਾ! ਜੰਗਲ ਦਾ ਕੰਮ ਹੈ, ਪਾਣੀ ਕਿਸੇ ਥਾਂ ਮਿਲਣਾ ਨਹੀਂ ਉਥੇ। ਚੰਗਾ ਇਹ ਹੈ ਕਿ ਜੇ ਬੜਾ ਕੁੰਨਾ ਭਰ ਕੇ ਤੂੰ ਲੈ ਚੱਲੇਂ ਪਾਣੀ ਦਾ। ਕੁੰਨਾ ਭਰ ਲਿਆ ਗਿਆ ਤੇ ਪ੍ਰਸ਼ਾਦ ਪਾਣੀ ਛਕ ਕੇ ਗਏ ਨੇ। ਕੁੰਨਾ ਦਰਖਤ ਦੇ ਨਾਲ ਟੰਗ ਦਿੱਤਾ। ਸਮਾਂ ਬੀਤ ਗਿਆ ਲੱਕੜਾਂ ਵੱਢਦਿਆਂ ਨੂੰ ਤੇ ਪਾਣੀ ਪੀਣ ਵਾਸਤੇ ਪਿਤਾ ਨੇ ਪੁੱਤਰ ਨੂੰ ਕਿਹਾ ਕਿ ਬੇਟਾ! ਪਾਣੀ ਦੀ ਬੜੀ ਪਿਆਸ ਲੱਗ ਆਈ ਤੇ ਤੂੰ ਪਾਣੀ ਲੈ ਕੇ ਆ। ਉਸ ਵੇਲੇ ਭਾਈ ਰੂਪਾ ਜਾਂਦਾ ਹੈ, ਜਾ ਕੇ ਹੱਥ ਲਾ ਕੇ ਦੇਖਦਾ ਹੈ, ਪਾਣੀ ਐਨਾ ਠੰਢਾ ਹੈ, ਵਾਪਸ ਆ ਗਿਆ। ਕਹਿਣ ਲੱਗੇ, ਬੇਟਾ! ਪਾਣੀ ਨਹੀਂ ਲਿਆਇਆ। ਕਹਿੰਦੇ, ਪਿਤਾ ਜੀ! ਪਾਣੀ ਤਾਂ ਬਹੁਤ ਜ਼ਿਆਦਾ ਠੰਢਾ ਹੈ ਤੇ ਤੁਸੀਂ ਹੀ ਮੈਨੂੰ ਕਹਿੰਦੇ ਹੁੰਦੇ ਓਂ ਕਿ ਜਿਹੜੀ ਸਭ ਤੋਂ ਕੀਮਤੀ ਚੀਜ਼ ਆਪਣੇ ਕੋਲ ਹੋਵੇ ਉਹ ਗੁਰੂ ਨੂੰ ਅਰਪਣ ਕਰੀਦੀ ਹੈ ਤੇ ਮੈਨੂੰ ਤਾਂ ਉਹ ਬਹੁਤ ਕੀਮਤੀ ਲੱਗੀ ਹੈ ਚੀਜ਼। ਹੁਣ ਤਾਂ ਇਹ ਗੁਰੂ ਦੇ ਅਰਪਣ ਆਪਾਂ ਕਰਦੇ ਹਾਂ। ਕਿਉਂਕਿ ਸਦਾ ਹੀ ਗੱਲ ਕਰਦੇ ਸੀ ਗੁਰੂ ਮਹਾਰਾਜ ਦੀ। ਜਦੋਂ ਵੀ ਕੋਈ ਗੱਲ ਕਰਨੀ ਹੈ ਗੁਰੂ ਦੀ ਹੀ ਕਰਨੀ ਹੈ।

ਜਿਨ੍ਹਾਂ ਦਾ ਪਿਆਰ ਹੁੰਦਾ ਹੈ ਗੁਰੂ ਨਾਲ, ਉਹ ਇਨ੍ਹਾਂ ਗੱਲਾਂ ਨੂੰ ਜਾਣਦੇ ਨੇ, ਦੂਸਰਿਆਂ ਨੂੰ ਨਹੀਂ ਪਤਾ ਹੁੰਦਾ। ਸਾਡੇ ਘਰ ਵਿੱਚ ਮਹਿਮਾਨ ਆ ਜਾਣੇ, ਮਿੱਤਰ ਦੋਸਤ ਆ ਜਾਣੇ, ਇੱਕ ਗੱਲ ਰਹਿੰਦੀ ਸੀ ਸੰਤ ਮਹਾਰਾਜ ਜੀ ਦੀ ਹੋਰ ਅਸੀਂ ਗੱਲ ਹੀ ਨਹੀਂ ਸੀ ਕਰਦੇ। ਨਾ ਸਾਨੂੰ ਆਉਂਦੀ ਸੀ, ਨਾ ਸਾਨੂੰ ਚੰਗੀ ਲਗਦੀ ਸੀ। ਜਦੋਂ ਬਚਨ ਕਰਨਾ ਹੈ ਉਨ੍ਹਾਂ ਦਾ ਕਰਨਾ ਹੈ। ਸਾਰਾ ਦਿਨ ਕਰੀ ਜਾਓ, ਇੱਕ ਨੂੰ ਚਾਹੇ ਪੰਜਾਹ ਵਾਰੀ ਸੁਣ ਲਈਏ ਤਾਂ ਉਹ ਪੁਰਾਣੀ ਨਹੀਂ ਸੀ ਹੁੰਦੀ। ਉਹ ਪਿਆਰ ਦੀ ਖੇਡ ਹੋਰ ਹੋਇਆ ਕਰਦੀ ਹੈ। ਸੋ ਉਸ ਵੇਲੇ ਕਹਿਣ ਲੱਗਿਆ ਪਿਤਾ ਜੀ! ਹੁਣ ਤਾਂ ਜਲ ਜਿਹੜਾ ਹੈ ਇਹ ਗੁਰੂ ਮਹਾਰਾਜ ਦੇ ਪੀਣ ਵਾਲਾ ਹੈ, ਆਪਣੇ ਪੀਣ ਵਾਲਾ ਨਹੀਂ ਕਿਉਂਕਿ ਐਨਾ ਠੰਢਾ ਮੈਂ ਅੱਜ ਤੱਕ ਦੇਖਿਆ ਨਹੀਂ ਹੈ। ਜੇ ਬਰਫ ਵੀ ਪਾਈਏ ਵਿੱਚ, ਸੋਰਾ ਪਾ ਕੇ ਵੀ ਜਮਾਈਏ ਤਾਂ ਵੀ ਐਨਾ ਠੰਢਾ ਨਹੀਂ ਹੁੰਦਾ। ਪਤਾ ਨਹੀਂ ਕੁਦਰਤ ਨੇ ਕੀ ਕਰ ਦਿ'ਤਾ ਹ'ਥ ਨਹੀਂ ਲਗਦਾ ਜਲ ਨੂੰ।

ਪਿਤਾ ਨੇ ਜਾ ਕੇ ਦੇਖਿਆ, ਪਾਣੀ ਬਿਲਕੁਲ ਠੰਢਾ ਹੈ, ਕਹਿਣ ਲੱਗੇ, ਬੇਟਾ! ਇਹ ਤਾਂ ਪਾਣੀ ਬਹੁਤ ਠੰਢਾ ਹੈ। ਉਸ ਵੇਲੇ ਫੇਰ ਕਟਾਈ ਸ਼ੁਰੂ

ਕਰ ਦਿੱਤੀ, ਲੋਅ ਚਲਦੀ ਹੈ, ਗਲ ਸੁੱਕ ਗਿਆ, ਦੋਹਾਂ ਤੋਂ ਇੱਕ ਦੂਜੇ ਨਾਲ ਗੱਲ ਨਹੀਂ ਹੁੰਦੀ। ਜੀਭ ਪਿੱਛੇ ਨੂੰ ਮੁੜਦੀ ਜਾਂਦੀ ਹੈ। ਇੱਕ ਧੁਨ ਹੈ ਕਿ ਪਾਤਸ਼ਾਹ! ਤੁਸੀਂ ਜਲ ਪੀ ਲਓ। ਪਤਾ ਹੈ ਕਿ ਇੱਥੋਂ ਤੀਹ ਕੋਹ ਦਾ ਥਾਂ, ਤੀਹ ਕੋਹ ਦਾ ਮਤਲਬ ਜੇ ਹੁਣ ਕਢੋ ਤਾਂ 45 ਮੀਲ ਹੋ ਜਾਂਦੇ ਨੇ ਤੀਹ ਕੋਹ ਦੇ। 45 ਮੀਲਾਂ ਦੇ 72 ਕਿਲੋਮੀਟਰ ਹੋ ਜਾਂਦੇ ਨੇ। 72 ਕਿਲੋਮੀਟਰ 'ਤੇ ਗੁਰੂ ਮਹਾਰਾਜ ਡਰੌਲੀ ਵਿੱਚ ਦੁਪਿਹਰ ਦਾ ਮੌਕਾ ਹੈ ਤੇ ਥਾਉਂ ਛਿੜਕ-ਛਿੜਕ ਕੇ, ਆਲੇ-ਦੁਆਲੇ ਪਾਣੀ ਛਿੜਕ-ਛਿੜਕ ਕੇ ਐਨਾ ਠੰਢਾ ਬਣਾਇਆ ਹੋਇਆ ਹੈ ਜਿਵੇਂ ਪਹਾੜ ਦੇ ਉਤੇ ਕੋਈ ਰਹਿੰਦਾ ਹੈ। ਬਾਰ੍ਹਾਂ ਵੱਜ ਗਏ ਤੇ ਇਧਰਲੇ ਪਾਸੇ ਦੋਵੇਂ ਬੇਹੋਸ਼ ਹੋ ਕੇ ਗਿਰ ਗਏ। ਉਸ ਵੇਲੇ ਅੰਦਰਲੀ ਖਿੱਚ ਜਿਹੜੀ ਸੀ, ਅੰਦਰਲੀ ਤਾਰ ਗੁਰੂ ਮਹਾਰਾਜ ਕੋਲ ਜਾਂਦੀ ਹੈ -

***ਕਰੀ ਪ੍ਰੇਮ ਨੇ ਖੈਂਚ ਬਡੇਰੀ।***
***ਸਭਿ ਕਿਛ ਤਯਾਗ ਦੀਨਿ ਤਿਸ ਬੇਰੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਗੁਰੂ ਮਹਾਰਾਜ ਨੇ ਉਹ ਜਿਹੜਾ ਠੰਢਾ ਥਾਂ ਸੀ ਉਹ ਤਿਆਗ ਦਿੱਤਾ, ਠੰਢਾ ਪਲੰਘ ਤਿਆਗ ਦਿੱਤਾ। ਇੱਕ ਦਮ ਤਿਆਗ ਕੇ ਬਾਹਰ ਆ ਗਏ, ਕਹਿੰਦੇ ਛੇਤੀ ਲਿਆਓ ਸਾਡਾ ਘੋੜਾ ਉਤੇ ਕਾਠੀ ਪਾਓ -

***ਕਹਤਿ ਸ਼ੀਘ੍ਰ ਹੀ ਜ਼ੀਨ ਪਵਾਯੋ।***
***ਚਢਿਬੇ ਹੇਤੁ ਤੁਰੰਗ ਮੰਗਾਯੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਹੈਰਾਨ ਨੇ ਸਿੱਖ ਕਿ ਧੁੱਪ ਪੈਂਦੀ ਹੈ, ਲੋਅ ਚਲਦੀ ਹੈ ਜੰਗਲ ਦਾ ਇਲਾਕਾ ਤੇ ਥੱਲੇ ਧਰਤੀ ਤਪੀ ਪਈ ਤੇ ਕਿੱਧਰ ਨੂੰ ਜਾ ਰਹੇ ਨੇ ਗੁਰੂ ਮਹਾਰਾਜ।

ਉਧਰਲੇ ਪਾਸੇ ਉਹ ਬੇਹੋਸ਼ ਹੋਣੇ ਸ਼ੁਰੂ ਹੋ ਗਏ। ਸੁੱਧ-ਬੁੱਧ ਭੁੱਲ ਰਹੇ ਨੇ ਕਿ ਪਾਤਸ਼ਾਹ! ਇਹ ਪਾਣੀ ਤੇਰੇ ਪੀਣ ਜੋਗਾ ਹੈ। ਉਸ ਵੇਲੇ ਗੁਰੂ ਮਹਾਰਾਜ ਘੋੜੇ 'ਤੇ ਸਵਾਰ ਹੁੰਦੇ ਨੇ, ਪਿਆਰ ਦੇ ਬੰਨ੍ਹੇ ਹੋਏ ਪਰਵਾਹ ਨਹੀਂ ਕਿਸੇ ਦੀ ਕਰਦੇ ਕਿਉਂਕਿ ਪਿਆਰ ਦੇ ਵਸ ਵਿ'ਚ ਹੋਇਆ ਕਰਦਾ ਹੈ ਗੁਰੂ ਪ੍ਰਮੇਸ਼ਰ -

***ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,***
***ਪਾ ਕੇ ਤੇ ਪ੍ਰੇਮ ਡੋਰੀਆਂ।***
***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - 962***

ਵਸ ਹੋ ਗਏ, ਸਾਰਾ ਸੁੱਖ ਤਿਆਗ ਦਿੱਤਾ। ਬਹੁਤ ਵਧੀਆ ਠੰਢਾ ਥਾਉਂ ਤਿਆਗ ਦਿੱਤਾ, ਬਾਹਰ ਲੂ ਚੱਲ ਰਹੀ ਹੈ, ਗਰਮੀ ਹੈ ਬਹੁਤ, ਜੰਗਲ ਹੀ ਜੰਗਲ ਪਿਆ, ਟਿੱਬੇ ਹੀ ਟਿੱਬੇ ਦਿਖਾਈ ਦੇ ਰਹੇ ਨੇ। ਉਸ ਨੇ ਗਰਮੀ ਬਹੁਤ ਕਰਾਈ ਹੋਈ ਹੈ।

ਮਹਾਰਾਜ ਘੋੜਾ ਮੰਗਾਉਂਦੇ ਨੇ ਪਲਾਕੀ ਮਾਰੀ, ਘੋੜੇ ਨੂੰ ਉਸੇ ਵੇਲੇ

ਗੈਲਪ ਪਾ ਲਿਆ। ਹੌਲੀ-ਹੌਲੀ ਨਹੀਂ ਚਲਦੇ, ਪੂਰੀ ਚਾਲ ਦੇ ਨਾਲ, ਹੈਰਾਨ ਹੋ ਗਏ ਸੇਵਕ ਕਿ ਕਿਹੜੀ ਕਾਹਲੀ ਸੀ ਗੁਰੂ ਮਹਾਰਾਜ ਨੂੰ ਕਿ ਐਨੀ ਤੇਜ਼ੀ ਦੇ ਨਾਲ ਘੋੜਾ ਨਠਾਇਆ ਕਿ ਥੋੜ੍ਹੀ ਦੇਰ ਤੋਂ ਬਾਅਦ ਸਾਨੂੰ ਦਿ'ਸਣ ਤੋਂ ਹੀ ਹਟ ਗਿਆ। ਪਤਾ ਹੀ ਨਹੀਂ ਲਗਦਾ ਕਿ ਘੋੜਾ ਕਿਧਰ ਗਿਆ, ਨਾ ਗਰਦ ਦਿਸਦੀ ਹੈ ਨਾ ਕੋਈ ਹੋਰ ਚੀਜ਼ ਦਿਸਦੀ ਹੈ। ਕਿਉਂਕਿ ਉਸ ਵੇਲੇ ਕਾਰਜ ਹੀ ਐਸਾ ਸੀ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸ਼ਨ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ।***

***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥***
***ਅੰਗ - 403***

ਜੰਗਲ ਦੇ ਵਿੱਚ ਆ ਕੇ ਆਵਾਜ਼ਾਂ ਦੇ ਰਹੇ ਨੇ।

***ਤੀਸ ਕੋਸ ਪਹੁੰਚੇ ਛਿਨ ਮਾਂਹੀ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

70-72 ਕਿਲੋਮੀਟਰ 'ਤੇ ਇੱਕ ਛਿਨ ਦੇ ਵਿੱਚ ਆ ਗਏ, ਉਧਰੋਂ ਘੋੜਾ ਚਲਿਆ ਹੈ ਤੇ ਏਧਰ ਆ ਕੇ ਜੰਗਲ ਦੇ ਵਿੱਚ ਆਵਾਜ਼ਾਂ ਦੇ ਰਹੇ ਨੇ -

***ਬਾਰ ਬਾਰ ਬਚ ਬਚਨ ਬਖਾਨੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3132***

ਪਿਆਰਿਓ! ਬਹੁਤ ਸਾਨੂੰ ਪਿਆਸ ਲੱਗੀ ਹੋਈ ਹੈ-

***ਹਮ ਕੋ ਲਾਗੀ ਤ੍ਰਿਖਾ ਮਹਾਨੈ।***

ਅਸਾਥੋਂ ਪਿਆਸ ਸਹੀ ਨਹੀਂ ਜਾਂਦੀ, ਐਨੀ ਸਾਨੂੰ ਪਿਆਸ ਲ'ਗੀ ਹੋਈ ਹੈ।

***ਖੋਜ ਰਹੇ ਜਲ ਕਤਹੁੰ ਨ ਪਾਯੋ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3133***

ਆਹ, ਜੰਗਲ ਦੇ ਵਿੱਚ ਅਸੀਨ ਢੂੰਡਦੇ ਫਿਰਦੇ ਹਾਂ, ਕੋਈ ਸਾਡੀ ਆਵਾਜ਼ ਸੁਣਦਾ ਹੋਵੇ, ਸਾਨੂੰ ਦੱਸੇ ਇੱਥੇ ਪਾਣੀ ਹੈ ਕਿਤੇ। ਅਸੀਂ ਖੋਜਦੇ ਫਿਰਦੇ ਹਾਂ ਪਾਣੀ ਨਹੀਂ ਮਿਲਿਆ -

***ਜੇਠ ਦੁਪਹਿਰੇ ਬਹੁ ਤਪਤਾਯੋ। ਗਏ ਸਮੀਪ ਦੌਨ ਪਗ ਪਰੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3133***

ਜੇਠ ਦਾ ਦੁਪਹਿਰਾ ਹੈ ਤੇ ਹੱਦ ਤੋਂ ਜ਼ਿਆਦਾ ਸਾਨੂੰ ਪਿਆਸ ਲੱਗੀ ਹੋਈ ਹੈ। ਉਸ ਵੇਲੇ ਆਵਾਜ਼ ਸੁਣੀ ਇੱਕ ਦਮ ਚੁਕੰਨੇ ਹੋਏ ਪਿਤਾ ਨੇ ਜ਼ੁਬਾਨ ਮੁੜੀ ਹੋਈ ਹੈ, ਹੱਥ ਨਾਲ ਹਿਲਾਇਆ ਪੁੱਤਰ ਨੂੰ। ਨੇਤਰ ਖੋਲ੍ਹ, ਗੁਰੂ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਜਾਨ ਪੈ ਗਈ, ਉਸੇ ਵੇਲੇ ਉੱਠ

ਕੇ ਬਹਿ ਗਏ ਤੇ ਗੁਰੂ ਮਹਾਰਾਜ ਨੂੰ ਇਸ਼ਾਰਾ ਕਰਦੇ ਨੇ, ਬੋਲ ਨਹੀਂ ਹੁੰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਕੋਲ ਆ ਜਾਂਦੇ ਨੇ, ਕਹਿੰਦੇ ਕਿ ਸਾਨੂੰ ਤਾਂ ਹੱਦ ਤੋਂ ਜ਼ਿਆਦਾ ਪਿਆਸ ਲੱਗੀ ਹੋਈ ਹੈ, ਭਾਈ! ਪਾਣੀ ਦਿਓ ਸਾਨੂੰ। ਜ਼ੁਬਾਨ ਮੁੜਦੀ ਜਾਂਦੀ ਹੈ ਸਾਡੀ, ਕੋਈ ਪਾਣੀ ਪਿਲਾਓ।

ਓਸ ਵੇਲੇ ਭਾਈ ਰੂਪਾ ਦਰਖਤ ਤੋਂ ਖੋਲ੍ਹ ਕੇ ਲਿਆਇਆ ਕੁੰਨਾ, ਮਹਾਰਾਜ ਜੀ ਨੂੰ ਜਲ ਛਕਾਇਆ, ਜਲ ਛਕਣ ਵਾਸਤੇ ਪੱਤੇ ਦਾ ਡੂੰਨਾ ਬਣਾਇਆ। ਡੂੰਨੇ 'ਚ ਪੀ ਰਿਹਾ ਹੈ ਮੇਰਾ ਸਤਿਗੁਰੂ ਪਾਣੀ। ਪਾਣੀ ਪੀਈ ਜਾਂਦਾ ਹੈ, ਕਹਿੰਦੇ ਐਨਾ ਠੰਢਾ ਪਾਣੀ, ਐਸਾ ਜਲ ਤਾਂ ਅੱਜ ਤੱਕ ਅਸੀਂ ਪੀਤਾ ਹੀ ਨਹੀਂ ਹੈ।

***ਜਲ ਐਸੋ ਕਬਿ ਪੀਯੋ ਨ ਆਗੇ।***
***ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3133***

ਨਾ ਸਾਨੂੰ ਕਿਸੇ ਪਿਆਰ ਵਾਲੇ ਨੇ ਅੱਜ ਤੱਕ ਪਿਲਾਇਆ ਹੈ, ਇਹ ਕਿਹੋ ਜਿਹਾ ਜਲ ਹੈ ਤੁਸੀਂ ਕਿੰਨਾ ਠੰਢਾ ਕਰ ਲਿਆ ਇਹ ਤਾਂ ਬਰਫ ਨੂੰ ਵੀ ਮਾਤ ਕਰਦਾ ਜਾਂਦਾ ਹੈ। ਪਿਆਰ ਦੇ ਬਚਨ ਕਰਦੇ ਨੇ, ਆਪ ਜਲ ਪੀਤਾ ਤੇ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਉਨ੍ਹਾਂ ਨੂੰ ਪਾਣੀ ਪਿਲਾਇਆ, ਸਿਰ ਉਤੇ ਹੱਥ ਰੱਖਿਆ ਹੈ। ਸੁਰਜੀਤੀ ਦਿੱਤੀ, ਇਸ ਤਰ੍ਹਾਂ ਬੈਠੇ ਦਰਖਤ ਦੇ ਥੱਲੇ ਬੈਠੇ ਬਚਨ ਕਰੀ ਜਾਂਦੇ ਨੇ ਪਿਆਰ ਦੇ। ਸਮਾਂ ਬੀਤਦਾ ਗਿਆ, ਸ਼ਾਮ ਹੋ ਗਈ, ਸੂਰਜ ਛਿਪਣ ਦੇ ਨੇੜੇ ਆ ਗਿਆ। ਜਾਂ ਗੁਰੂ ਮਹਾਰਾਜ ਨੇ ਜਾਂ ਉਹ ਦੋਵੇਂ ਪਿਉ ਪੁੱਤਰ ਨੇ। ਬਹੁਤ ਪਿਆਰ ਜੀਅ ਭਰ ਕੇ ਕਰਿਆ। ਕਹਿੰਦੇ, ਅੱਜ ਮੈਂ ਐਨਾ ਖੁਸ਼ ਹਾਂ, ਬਾਰ-ਬਾਰ ਇੱਕ ਗੱਲ ਕਹਿੰਦੇ ਨੇ ਐਨਾ ਠੰਢਾ ਪਾਣੀ ਮੈਨੂੰ ਅੱਜ ਤੱਕ ਕਿਸੇ ਨੇ ਪੀਣ ਨੂੰ ਦਿੱਤਾ ਹੀ ਨਹੀਂ।

ਓਧਰ ਉਨ੍ਹਾਂ ਦੋਹਾਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ ਪਾਤਸ਼ਾਹ! ਐਸੀ ਤਪਸ਼ ਦੇ ਵਿੱਚ ਤੁਸੀਂ ਕਿੱਡੀ ਦੂਰ ਤੋਂ ਪਹੁੰਚੇ ਓਂ।

ਐਨੇ ਨੂੰ ਭਾਈ ਬਿਧੀ ਚੰਦ ਜੀ ਰੂਹਾਨੀ ਸੇਧ ਦੇ ਨਾਲ, ਉਸੇ ਜੰਗਲ ਦੇ ਵਿੱਚ ਪਹੁੰਚਦੇ ਨੇ। ਉਥੇ ਆ ਕੇ ਮਹਾਰਾਜ ਜੀ ਦੇ ਪਾਸ ਬੇਨਤੀ ਕਰਦੇ ਕਿ ਪਾਤਸ਼ਾਹ! ਤੁਸੀਂ ਐਨੀ ਛੇਤੀ, ਐਨੀ ਧੁੱਪ 'ਚ ਕਿਉਂ ਆ ਗਏ। ਮਹਾਰਾਜ ਕਹਿੰਦੇ, ਬਿੱਧੀ ਚੰਦਾ! ਜੇ ਸਾਨੂੰ ਥੋੜ੍ਹਾ ਜਿਹਾ ਚਿਰ ਹੋਰ ਲਗ ਜਾਂਦਾ, ਇਨ੍ਹਾਂ ਦੇ ਪ੍ਰਾਣ ਪੰਖੇਰੂ ਉਡ ਜਾਣੇ ਸੀ। ਉਸ ਵੇਲੇ ਸਾਡਾ ਬਿਰਦ ਸੀ ਕਿ ਆਪਣੇ ਸਿੱਖ ਦੇ ਪਿਆਰ ਦੇ ਬੰਨ੍ਹੇ ਹੋਏ, ਅਸੀਂ ਆ ਕੇ ਉਹਨੂੰ ਪਾਣੀ ਪਿਲਾਈਏ।

ਸੋ ਤਿੰਨੋ ਜਣੇ ਨੇ, ਭਾਈ ਬਿਧੀ ਚੰਦ ਵੀ ਆ ਗਏ, ਚਾਰ ਹੋ ਗਏ ਤੇ ਗੁਰੂ ਮਹਾਰਜ ਵੀ ਕਹਿਣ ਲੱਗੇ, ਚਲੋ ਹੁਣ ਚੱਲੀਏ। ਅੱਗੇ ਜਾਂਦੇ ਨੇ ਅੱਗੇ ਜਾ ਕੇ ਗੁਰੂ ਮਹਾਰਾਜ ਨੇ ਆਪਣੇ ਸ਼ਸਤਰ ਕਹਿਣ ਲੱਗੇ, ਲੈ ਭਾਈ ਸੱਧੇ! ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਤੈਨੂੰ ਆਪਣੀ ਪ੍ਰਸੰਨਤਾ ਦੇ ਅਨੁਸਾਰ

ਅਸੀਂ ਸ਼ਸਤਰ ਦਿੰਦੇ ਹਾਂ ਉਹ ਕਹਿਣ ਲੱਗੇ, ਮਹਾਰਾਜ! ਇਹ ਤੁਸੀਂ ਰੂਪੇ ਨੂੰ ਦੇ ਦਿਓ, ਇਹ ਮੇਰੇ ਤੋਂ ਜ਼ਿਆਦਾ ਤੁਹਾਨੂੰ ਪਿਆਰ ਕਰਦਾ ਹੈ। ਮੈਂ ਘੱਟ ਕਰਦਾ ਹਾਂ, ਇਹ ਤਾਂ ਨਿਰੀ ਹੀ ਪਿਆਰ ਦੀ ਮੂਰਤ ਹੈ। ਗੁਰੂ ਮਹਾਰਾਜ ਨੇ ਉਸ ਨੂੰ ਸ਼ਸਤਰ ਦੇ ਦਿ'ਤੇ। ਸ਼ਸਤਰ ਸਿਰ ਤੇ ਚੁੱਕੀਂ ਜਾਂਦਾ ਹੈ, ਪਹਿਨੇ ਨਹੀਂ ਹਨ। ਕਾਫੀ ਦੂਰ ਲੰਘ ਗਏ ਮਹਾਰਾਜ ਨੂੰ ਕਹਿਣ ਲ'ਗਿਆ, ਭਾਈ ਬਿਧੀ ਚੰਦ ਕਿ ਸ਼ਸਤਰ ਨਹੀਂ ਪਹਿਨੇ ਇਹ ਤਾਂ ਸੀਸ 'ਤੇ ਚੁ'ਕੀ ਆਉਂਦਾ ਹੈ। ਮਹਾਰਾਜ ਕਹਿੰਦੇ ਕਿ ਕਿਉਂ ਭਾਈ ਰੂਪੇ ਤੈਨੂੰ ਅਸੀਂ ਸ਼ਸਤਰ ਪਹਿਨਣ ਵਾਸਤੇ ਦਿ'ਤੇ ਸੀ, ਤੂੰ ਸੀਸ 'ਤੇ ਚੁ'ਕੀਂ ਜਾਂਦਾ ਹੈ।

ਪਾਤਸ਼ਾਹ! ਇਹ ਮਹਾਨ ਪਵਿੱਤਰ-ਪਵਿੱਤਰ ਸਰੀਰ ਦੇ ਲੱਗੇ ਹੋਏ ਸ਼ਸਤਰ ਮੇਰੀ ਪੂਜਾ ਕਰਨ ਅਧਿਕਾਰ ਰੱਖਦੇ ਨੇ ਕਿ ਮੈਂ ਪਹਿਨ ਕੇ ਇਨ੍ਹਾਂ ਦੀ ਬੇਅਦਬੀ ਨਾ ਕਰਾਂ। ਪਾਤਸ਼ਾਹ! ਮੈਂ ਕਿਵੇਂ ਪਹਿਨਾਂ। ਇਹ ਮੇਰੇ ਸੀਸ ਉਤੇ ਹੀ ਸੋਭਾ ਦਿੰਦੇ ਨੇ। ਮਹਾਰਾਜ ਕਹਿੰਦੇ, ਚੰਗਾ ਭਾਈ ਰੂਪੇ! ਤੈਨੂੰ ਸ਼ਸਤਰ ਦੀ ਲੋੜ ਨਹੀਂ ਹੈ, ਤੁਹਾਡੀ ਕੁਲ ਨੂੰ ਸ਼ਸਤਰ ਦੀ ਲੋੜ ਨਹੀਂ ਹੈ। ਤੁਹਾਡਾ ਬਚਨ ਤਲਵਾਰ ਦਾ ਕੰਮ ਕਰੇਗਾ। ਬਚਨ ਕਰੋਂਗੇ ਉਸੇ ਵੇਲੇ ਤੁਹਾਡਾ ਬਚਨ ਸਤਿ ਹੋ ਜਾਏਗਾ। ਸੋ ਇਸ ਤਰ੍ਹਾਂ ਅੱਗੇ ਜਾ ਕੇ ਰਾਤ ਪੈ ਗਈ। ਮਹਾਰਾਜ ਕਹਿਣ ਲੱਗੇ, ਘਰਵਾਲੀ ਬੀਬੀ ਨੂੰ ਵੀ ਲੈ ਆਓ। ਉਹਨੂੰ ਵੀ ਲੈ ਆਂਦਾ, ਕਹਿਣ ਲੱਗੇ ਹੁਣ ਅਸੀਂ ਤੁਹਾਨੂੰ ਬਖਸ਼ਿਸ਼ਾਂ ਦੇ ਦਿੱਤੀਆਂ। ਰਿੱਧੀਆਂ-ਸਿੱਧੀਆਂ ਭਜਨ ਬੰਦਗੀ ਦਾ ਤਰੀਕਾ ਤੇ ਮਹਾਂ ਉਤਮ ਚੀਜ਼ ਗਿਆਨ ਤੁਹਾਡੇ ਹਿਰਦੇ 'ਚ ਪ੍ਰਵੇਸ਼ ਕਰ ਗਿਆ ਤੇ ਪ੍ਰਤੱਖ ਹੋ ਗਿਆ ਵਾਹਿਗੁਰੂ। ਕੀ ਦੇਖਦੇ ਨੇ ਗੁਰੂ ਵੀ ਓਹੀ ਹੈ ਤੇ ਵਾਹਿਗੁਰੂ ਵੀ ਓਹੀ ਹੈ।

ਆਹ ਜਿਹੜਾ ਸਾਨੂੰ ਅੜਿੱਕਾ ਪਿਆ ਹੋਇਆ ਹੈ ਕਿ ਇੱਕ ਗੁਰੂ ਹੈ, ਇੱਕ ਰੱਬ ਹੈ ਇਹ ਅਣਜਾਣਾਂ ਵਾਸਤੇ ਹੈ। ਇੱਕ ਮੈਂ ਹੋ ਜਾਂਦਾ ਹੈ, ਇੱਕ ਗੁਰੂ ਹੋ ਜਾਂਦਾ ਹੈ, ਇੱਕ ਰੱਬ ਹੋ ਜਾਂਦਾ ਹੈ, ਪਿਆਰ ਕੀਹਦੇ ਨਾਲ ਕਰੀਏ। ਪਿਆਰ ਤਾਂ ਇੱਕ ਨਾਲ ਹੁੰਦਾ ਹੈ ਦੋਹਾਂ ਨਾਲ ਤਾਂ ਹੁੰਦਾ ਸਹੀ ਨਹੀਂ। ਆਪੇ ਹੀ ਦੇਖ ਲਓ ਦੋ ਨਾਲ ਵੀ ਕਦੇ ਕਿਸੇ ਨੇ ਪਿਆਰ ਕਰਿਆ ਹੈ? ਦੋ ਦਾ ਪਿਆਰ ਨਹੀਂ ਹੁੰਦਾ, ਪਿਆਰ ਹਮੇਸ਼ਾ ਇ'ਕ ਨਾਲ ਹੁੰਦਾ ਹੈ। ਉਹ ਜਿਹੜਾ ਗੁਰੂ ਹੈ ਉਹ ਸਰਗੁਣ ਸਰੂਪ ਹੈ ਪ੍ਰਮੇਸ਼ਰ ਦਾ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਜਿਹਦੀ ਗੁਰੂ ਨਾਲ ਬਣ ਜਾਵੇ, ਉਹਨੂੰ ਹੋਰ ਕਿਸੇ ਰੱਬ ਦੀ ਲੋੜ ਨਹੀਂ। ਰੱਬ ਗੁਰੂ ਹੀ ਹੁੰਦਾ ਹੈ। ਗੁਰੂ ਜਿਹਨੇ ਮਨਾ ਲਿਆ ਤਾਂ ਪ੍ਰਮੇਸ਼ਰ ਮੰਨ ਗਿਆ, ਪ੍ਰਮੇਸ਼ਰ ਹੋਰ ਨਹੀਂ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ

ਨਾਲ ਬਖਸ਼ਿਸ਼ਾਂ ਕਰਦੇ ਨੇ, ਕਹਿਣ ਲੱਗੇ, ਭਾਈ! ਰੂਪਾ, ਭਾਈ ਸੱਧੂ! ਆਹ ਪਿੰਡ ਵਿੱਚ ਨਹੀਂ ਤੁਸੀਂ ਹੁਣ ਜਾਣਾ। ਨਵਾਂ ਪਿੰਡ ਵਸਾਓ, ਨਾਲ ਦੇਗ ਚਲਾਓ। ਤੁਹਾਨੂੰ ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਬਖਸ਼ ਦਿੱਤੇ ਨੇ, ਮਾਇਆ ਤੁਹਾਡੇ ਪਿੱਛੇ ਲੱਗੀ ਫਿਰੇਗੀ ਤੇ ਤੁਸੀਂ ਇਸ ਮਾਲਵੇ ਦੇ ਇਲਾਕੇ ਦੇ ਵਿ'ਚ ਸਿ'ਖੀ ਦਾ ਪ੍ਰਚਾਰ ਕਰੋ। ਇਹ ਜਿਹੜਾ ਹੈ ਪਿੰਡ ਹੈ ਇਹ ਤੁਹਾਡੇ ਨਾਲ ਦੁਸ਼ਟਤਾਈ ਕਰੇਗਾ ਤੇ ਥੋੜ੍ਹੀ ਦੇਰ ਤੋਂ ਬਾਅਦ ਇਸ ਪਿੰਡ ਨੇ ਉੱਜੜ ਜਾਣਾ ਹੈ। ਤੁਸੀਂ ਨਵਾਂ ਪਿੰਡ ਵਸਾਓ।

ਗੁਰੂ ਮਹਾਰਾਜ ਨੇ ਆਪਣੇ ਪਿੰਡ ਦੇ ਨਾਲ ਮੋਹੜੀ ਗੱਡੀ। ਐਨੇ ਨੂੰ ਸਾਰੇ ਹੀ ਆ ਗਏ ਦੂਜੇ ਦਿਨ। ਪੈਂਧੇ ਖਾਂ ਵੀ ਆ ਗਿਆ, ਫੌਜ ਵੀ ਸਾਰੀ ਆ ਗਈ। ਉਸ ਵੇਲੇ ਮਹਾਰਾਜ ਕਹਿਣ ਲ'ਗੇ ਕਿ ਪਿਆਰਿਓ! ਅਰਦਾਸ ਕਰੀਏ। ਅਰਦਾਸ ਕਰੀ, ਮਹਾਰਾਜ ਨੇ ਆਪਣੇ ਦਸਤ-ਏ-ਮੁਬਾਰਕ ਨਾਲ ਮੋਹੜੀ ਗ'ਡੀ ਤੇ ਨਾਮ ਧਰਿਆ ਭਾਈ ਰੂਪਾ। ਇਸ ਤਰ੍ਹਾਂ ਦੇ ਨਾਲ -

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਪਿਆਰ ਦੀ ਵਾਰਤਾ ਹੈ, ਇਤਿਹਾਸ ਦੇ ਅੰਦਰ ਸਾਨੂੰ ਰਸਤਾ ਦਿਖਾਉਂਦੀ ਹੈ। ਧੰਨ ਹੈ ਗੁਰੂ ਮਹਾਰਾਜ ਜਿਨ੍ਹਾਂ ਦਾ ਸਿੱਖਾਂ ਦੇ ਨਾਲ ਐਨਾ ਪਿਆਰ, ਕਿੱਡੀ ਦੂਰ ਤੋਂ ਇੱਕ ਪਾਣੀ ਪੀਣ ਵਾਸਤੇ ਸਿੱਖ ਦਾ ਜੋ ਫੁਰਨਾ ਸੀ, ਜੋ ਇੱਛਿਆ ਸੀ ਉਹਨੂੰ ਪੂਰੀ ਕਰਨ ਵਾਸਤੇ ਆਪ ਆਏ। ਆ ਕੇ ਤਿੰਨ ਦਿਨ, ਤਿੰਨ ਰਾਤਾਂ ਉਥੇ ਰਹਿੰਦੇ ਨੇ, ਉਸ ਤੋਂ ਬਾਅਦ ਗੁਰੂ ਮਹਾਰਾਜ ਆਪਣੇ ਅਸਥਾਨ 'ਤੇ ਵਾਪਸ ਆਉਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਮਹਿਮਾ ਕੋਈ ਜਾਣ ਨਹੀਂ ਸਕਦਾ, ਪੜ੍ਹੋ ਪਿਆਰ ਨਾਲ -

*ਧਾਰਨਾ - ਵਾਹਵਾ-ਵਾਹਵਾ ਬਈ ਮਹਿਮਾ ਮੇਰੇ ਸਤਿਗੁਰ ਦੀ,*
*ਬ੍ਰਹਮਾ ਬਿਸ਼ਨ ਮਹੇਸ਼ ਨਾ ਜਾਣੇ।*

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ 1 ॥*
*ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥*
*ਅੰਗ - 894*

ਸੋ ਐਸਾ ਸਤਿਗੁਰੂ ਜਿਨ੍ਹਾਂ ਦਾ ਅਵਤਾਰ ਦਿਹਾੜਾ ਬਹੁਤ ਨੇੜੇ ਆ ਰਿਹਾ। ਸੋ ਨਿਰਾ ਹੀ ਪਿਆਰ ਸੀ, ਉਨ੍ਹਾਂ ਦੀਆਂ ਕਿੰਨੀਆਂ ਕੁ ਸਾਖੀਆਂ ਕਹੀਏ, ਪਿਆਰ ਨਾਲ ਭਰੀਆਂ ਹੋਈਆਂ ਨੇ। ਸਮਝ ਨਹੀਂ ਸਕਿਆ ਕੋਈ ਉਨ੍ਹਾਂ ਨੂੰ।

ਸੋ ਇਸ ਕਰਕੇ ਜੋ ਮੈਂ ਬੇਨਤੀ ਕੀਤੀ ਸੀ ਕਿ -

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***

***ਅੰਗ - 722***

ਪਿਆਰ ਦਾ ਜੇ ਸ਼ਿੰਗਾਰ ਕਰ ਲਵੇਂ ਤੈਨੂੰ ਪ੍ਰਮੇਸ਼ਰ ਮਿਲ ਸਕਦਾ ਹੈ। ਹੋਰ ਕੋਈ ਤਰੀਕਾ ਐਨਾ ਸੁਖਾਲਾ ਨਹੀਂ ਹੈ। ਬਾਕੀ ਤਾਂ ਉਮਰਾਂ ਲੰਘ ਜਾਂਦੀਆ ਨੇ ਗਿਆਨ knowledge ਦਾ ਕੰਮ ਹੈ, ਹਿਰਦੇ ਦਾ ਕੰਮ ਨਹੀਂ ਹੈ, ਹਿਰਦੇ ਦਾ ਕੰਮ ਹੈ ਪਿਆਰ। ਪਿਆਰ, ਹਿਰਦੇ ਨਾਲ ਸਾਂਝ ਵਾਹਿਗੁਰੂ ਦੀ ਹੁੰਦੀ ਹੈ, ਦਿਮਾਗ ਨਾਲ ਨਹੀਂ ਬਿਲਕੁਲ ਹੀ ਸਾਂਝ। ਦਿਮਾਗ ਨੂੰ ਤਾਂ ਵਾਹਿਗੁਰੂ ਜਾਣਦਾ ਹੀ ਨਹੀਂ ਕਿ ਇਹ ਫਜ਼ੂਲ ਚੀਜ਼ ਲਈਂ ਫਿਰਦਾ ਹੈ। ਹਿਰਦੇ ਦੇ ਅੰਦਰ ਖਿੱਚ ਹੁੰਦੀ ਹੈ, ਉਹ ਖਿੱਚ ਪੈਂਦੀ ਹੈ, ਖਿੱਚ ਨਾਲ ਜੁੜਿਆ ਰਹਿੰਦਾ ਹੈ। ਜਿਹਦੇ ਨਾਲ ਪਿਆਰ ਹੁੰਦਾ ਹੈ ਉਹਦੇ ਨਾਲ ਹਰ ਵਕਤ ਜੁੜਿਆ ਰਹਿੰਦਾ ਹੈ। ਉਹਦਾ ਨਾਮ, ਉਹਦਾ ਪਿਆਰ ਹਰ ਵਕਤ ਹਿਰਦੇ ਦੇ ਵਿੱਚ ਟੁਣਕਾਰਾਂ ਦਿੰਦਾ ਰਹਿੰਦਾ ਹੈ। ਸੋ ਇਸ ਕਰਕੇ ਪਿਆਰ ਦੀ ਮਹੱਤਤਾ ਨੂੰ ਸਮਝਣ ਦਾ ਯਤਨ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇੱਥੇ ਹੀ ਸਮਾਪਤੀ ਹੈ।

**ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।**

**(————)**

# ਭਾਈ ਲਾਲੂ, ਭਾਈ ਦੁਰਗਾ ਅਤੇ ਭਾਈ ਜਵੰਦਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਵਾਹਿਗੁਰੂ ਜਗਤ ਜਲੰਦਾ ਰੱਖ ਲੈ,*
*ਪਿਆਰੇ ਆਪਣੀ ਕ੍ਰਿਪਾ ਧਾਰਿ।*

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
*ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥*
*ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥*
*ਅੰਗ - 853*
*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥*
*ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥*
*ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥*
*ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥ ਅੰਗ - 1251*

*ਧਾਂਰਨਾ - ਤੇਰੀ ਮਹਿਮਾ ਨੂੰ ਕੋਈ ਨਾ ਜਾਣਦਾ,*
*ਬਾਝ ਪੂਰੇ ਸਤਿਗੁਰ ਤੋਂ।*

*ਸੁਣਿ ਮਨ ਮੇਰੇ ਤਤੁ ਗਿਆਨੁ ॥*
*ਦੇਵਣ ਵਾਲਾ ਸਭ ਬਿਧਿ ਜਾਣੈ*
*ਗੁਰਮੁਖਿ ਪਾਈਐ ਨਾਮੁ ਨਿਧਾਨੁ ॥ 1 ॥ ਰਹਾਉ ॥*
*ਸਤਿਗੁਰ ਭੇਟੇ ਕੀ ਵਡਿਆਈ ॥*
*ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥*
*ਸਹਜੇ ਮਾਤਾ ਹਰਿ ਗੁਣ ਗਾਈ ॥ 2 ॥*
*ਵਿਣੁ ਗੁਰ ਪੂਰੇ ਕੋਇ ਨ ਜਾਣੀ ॥*
*ਮਾਇਆ ਮੋਹਿ ਦੂਜੈ ਲੋਭਾਣੀ ॥*
*ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥ ਅੰਗ - 423*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮ ਸ੍ਰੀ ਵਾਹਿਗੁਰੂ। ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਰਸਨਾ ਦੇ ਨਾਲ ਗੁਰੂ ਸ਼ਬਦ ਦੇ ਅੰਦਰ ਬੋਲੋ ਗੱਜ ਵੱਜ ਕੇ, ਬੁੱਧੀ ਦੇ ਨਾਲ ਵਿਚਾਰ ਕਰੋ, ਹਿਰਦੇ ਦੇ ਵਿਚ ਵਿਸ਼ਵਾਸ਼ ਲਿਆ ਕੇ ਗੁਰੂ ਦੀ ਬਾਣੀ ਨੂੰ ਮੰਨਣ ਦਾ ਯਤਨ ਕਰੋ, ਕਮਾਉਣ ਦਾ ਯਤਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਬਾਣੀ

ਪੜ੍ਹਾਂਗੇ, ਸੁਣਾਂਗੇ, ਵਿਚਾਰਾਂਗੇ, ਮੰਨਾਂਗੇ ਤੇ ਕਮਾਵਾਂਗੇ, ਫਲ ਹੋਏਗਾ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ – 546***

ਸੋ ਇਸ ਤਰ੍ਹਾਂ ਦੇ ਨਾਲ ਆਪ ਇੱਕ ਸਹਿਜ ਤਪ ਦੇ ਵਿਚ ਸ਼ਾਮਲ ਹੋਏ, ਹੋਏ ਓਂ। ਜੇ ਕੋਈ ਬੰਦਾ ਗਰਮੀ ਵਿਚ ਬੈਠਾ ਹੈ, ਦੇਖਣ ਵਾਲੇ ਉਸ ਨੂੰ ਆਉਂਦੇ ਨੇ, ਬਹੁਤ ਗਰਮੀ ਹੈ, ਹਵਾ ਕੋਈ ਨਹੀਂ ਤੇ ਤਪ ਕਰ ਰਿਹਾ ਹੈ। ਉਹਦੀ ਮਹਿਮਾ ਐਨੀ ਵੱਡੀ ਨਹੀਂ ਹੈ ਜਿੰਨੀ ਅਸੀਂ ਸਮਝਦੇ ਹਾਂ ਪਰ ਸਤਿਸੰਗ ਦੇ ਵਿੱਚ, ਹਰੀ ਜਸ ਵਿੱਚ ਬੈਠਣ ਵਾਲੇ ਦੀ ਮਹਿਮਾ ਦੇ ਬਾਰੇ ਕੋਈ ਜਾਣ ਨਹੀਂ ਸਕਦਾ, ਕਿਉਂਕਿ ਸਤਿਸੰਗ ਦੇ ਵਿੱਚ ਆ ਕੇ ਪ੍ਰਮੇਸ਼ਰ ਦੇ ਨਾਲ ਜੁੜਨ ਦਾ, ਉਸ ਦੇ ਗਿਆਨ ਦਾ ਸਾਨੂੰ ਅਵਸਰ ਪ੍ਰਾਪਤ ਹੁੰਦਾ ਹੈ। ਸੋ ਜਿਸ ਵਾਸਤੇ ਆਪ ਖੇਚਲ ਕਰਕੇ, ਆਪ ਦੂਰ-ਦਰਾਜ਼ ਤੋਂ ਇਸ ਵੱਡੇ ਯੱਗ ਦੇ ਵਿੱਚ ਸ਼ਾਮਲ ਹੋਣ ਦੇ ਵਾਸਤੇ ਆਪ ਆਉਂਦੇ ਓਂ। ਜਦੋਂ ਗੁਰੂ ਮਹਾਰਾਜ ਦੇ ਨਾਲ ਜੁੜਾਂਗੇ, ਬਾਣੀ ਦੀ ਵਿਚਾਰ ਕਰਾਂਗੇ ਉਸ ਵੇਲੇ ਸਾਨੂੰ ਵੀ ਓਹੀ ਰਸਤਾ ਮਿਲ ਜਾਂਦਾ ਹੈ, ਜਿਨ੍ਹਾਂ 'ਤੇ ਚੱਲ ਕੇ, ਜਿਹੜੀ ਪਉੜੀ 'ਤੇ ਚੱਲ ਕੇ, ਪਹਿਲੇ ਗੁਰਸਿੱਖ ਉਪਰ ਚੜ੍ਹੇ ਨੇ ਇਹ ਹੋ ਨਹੀਂ ਸਕਦਾ ਕਿ ਹੁਣ ਉਹ ਪਉੜੀ ਬੰਦ ਹੋ ਗਈ। ਇਹ ਜੁਗਾਂ-ਜੁਗਾਂਤਰਾਂ ਤੱਕ ਪਉੜੀ ਰਹਿਣੀ ਹੈ। ਡੰਡੇ ਫੜੋ, ਚੜ੍ਹਦੇ ਚਲੋ, ਆਹਿਸਤਾ-ਆਹਿਸਤਾ ਮੰਜ਼ਲ ਆ ਜਾਏਗੀ, ਜਿੱਥੇ ਅਸੀਂ ਪਹੁੰਚਣਾ ਹੈ। ਸੋ ਉਹਦੇ ਬਾਰੇ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।' ਜਦੋਂ ਅਸੀਂ ਆਪਣੇ ਪੂਰਨ ਮਹਾਂਪੁਰਸ਼ਾਂ ਦੀਆਂ, ਗੁਰਮੁਖਾਂ ਦੀਆਂ ਕਥਾਵਾਂ ਸਰਵਣ ਕਰਦੇ ਹਾਂ ਤੇ ਇਹ ਜਾਨਣ ਦਾ ਯਤਨ ਕਰਦੇ ਹਾਂ ਕਿ ਉਨ੍ਹਾਂ ਨੇ ਕਿਹੜਾ ਕੰਮ ਕਰਿਆ ਸੀ, ਕਿਹੜੇ ਸਾਧਨ ਕਰੇ ਸੀ ਜਿਹੜੇ ਕਰਕੇ ਉਹ ਪ੍ਰਵਾਨ ਹੋ ਗਏ ਤੇ ਸਦਾ ਵਾਸਤੇ ਅਮਰ ਅਵਸਥਾ ਨੂੰ ਪ੍ਰਾਪਤ ਹੋ ਗਏ। ਸੋ ਸ਼ੌਂਕ ਵਾਲੇ ਬੰਦੇ, ਜਿਨ੍ਹਾਂ ਦੇ ਅੰਦਰ ਚਾਓ ਹੈ, ਜਿਨ੍ਹਾਂ ਦੇ ਅੰਦਰ ਜਗਿਆਸਾ ਹੈ ਉਹ ਉਸੇ ਵੇਲੇ ਤੁਰਨਾ ਸ਼ੁਰੂ ਕਰ ਦਿੰਦੇ ਨੇ। ਇੱਕ ਸਾਧਾਰਨ ਅਵਸਥਾ ਦੇ ਤਿੰਨ ਚਾਰ ਸਿੱਖ, ਭਾਈ ਲਾਲੂ ਹੈ ਇੱਕ ਦਾ ਨਾਉਂ, ਦੂਜੇ ਦਾ ਨਾਉਂ ਭਾਈ ਦੁਰਗਾ ਹੈ, ਤੀਸਰੇ ਦਾ ਭਾਈ ਜਵੰਦਾ ਹੈ, ਕਾਰੋਬਾਰੀ ਗੁਰਸਿੱਖ ਨੇ; ਇੱਕੋ ਪਿੰਡ ਦੇ ਰਹਿਣ ਵਾਲੇ ਨੇ, ਤਿੰਨੋਂ ਸਾਧੂਆਂ ਦੀ ਸੰਗਤ ਕਰਦੇ ਨੇ, ਪਹਿਲਾਂ ਤੋਂ ਹੀ ਸੰਗਤ ਕਰਦੇ ਨੇ, ਸਾਧੂਆਂ ਦੀਆਂ ਕਥਾਵਾਂ ਸੁਣਦੇ ਨੇ; ਪਹਿਲੇ ਜ਼ਮਾਨਿਆਂ ਦੇ ਅੰਦਰ ਜੋ ਸਾਧੂ ਹੋਇਆ ਕਰਦੇ ਸੀ ਉਨ੍ਹਾਂ ਦੀਆਂ ਲੋੜਾਂ ਬਹੁਤ ਘੱਟ ਹੁੰਦੀਆਂ ਸੀ। ਪੈਦਲ ਚਲਦੇ, ਵਸਤਰ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ ਸੀ ਹੁੰਦੀ, ਇੱਕ ਅੱਧਾ ਉਪਰ ਕਪੀਨ ਪਾ ਕੇ ਬੁੱਕਲ ਮਾਰ ਲੈਣੀ। ਤਪੀਏ ਬਹੁਤ ਹੁੰਦੇ, ਕਿਸੇ ਆਰਾਮ ਵਾਲੀ ਜਗ੍ਹਾਂ ਦੀ ਲੋੜ ਹੀ ਨਹੀਂ ਸੀ। ਜਿੱਥੇ ਥਾਂ ਮਿਲ ਗਿਆ ਉਥੇ ਹੀ ਉਥੇ ਹੀ ਪੈ ਛੱਡਦੇ ਸੀ। ਖਾਣ ਪੀਣ 'ਤੇ ਕੰਟਰੋਲ ਕਰਿਆ ਹੋਇਆ ਸੀ, ਸਾਧਨਾ ਸਾਧੀ ਹੋਈ ਸੀ, ਨੀਂਦ ਨੂੰ ਸਾਧਿਆ ਹੋਇਆ ਸੀ। ਸੋ ਸਹਿਜ ਤਪ ਦੇ ਅੰਦਰ ਜੰਗਮ ਤੀਰਥ ਬਣੇ, ਥਾਂ-ਥਾਂ 'ਤੇ ਜਾ ਕੇ ਜਗਿਆਸੂਆਂ ਨੂੰ ਸੰਭਾਲਦੇ ਸੀ, ਉਪਦੇਸ਼ ਦਿੰਦੇ ਸੀ। ਉਸੇ

ਉਪਦੇਸ਼ ਦੇ ਸਦਕੇ ਕਿ ਧੰਨੇ ਵਰਗਾ ਡੰਗਰ ਚਾਰਨ ਵਾਲਾ, ਖੇਤੀ ਕਰਨ ਵਾਲਾ, ਬੰਦਾ ਕਿਸ ਪਦਵੀ 'ਤੇ ਪਹੁੰਚਿਆ –

***ਮਿਲੇ ਪਰਤਖਿ ਗੁਸਾਈਆ ਧੰਨਾ ਵਡਭਾਗਾ।***

ਇੱਕ ਸਾਧਾਰਣ ਬੱਚਾ, ਨਾਮਦੇਵ ਵਰਗਾ, ਕੀਰਤੀ ਬੰਦਾ। ਕਿਸ ਅਵਸਥਾ ਤੇ ਪਹੁੰਚਦਾ ਹੈ? ਰਵਿਦਾਸ ਜੀ ਵਰਗਾ, ਚਮੜਾ ਕੱਟ ਕੇ, ਕਹਿੰਦੇ ਸਾਡੀ ਜਿਹੜੀ ਕੁਲ ਸੀ ਮਰੇ ਹੋਏ ਡੰਗਰਾਂ ਨੂੰ ਚੁੱਕ ਕੇ ਬਾਹਰ ਸੁੱਟ ਕੇ ਆਉਂਦੀ ਹੁੰਦੀ ਸੀ। ਉਹਦਾ ਚਮੜਾ ਲਾਹ ਲੈਣਾ ਤੇ ਫੇਰ ਅਸੀਂ ਜੋੜੇ ਗੰਢਦੇ ਸੀ ਤੇ ਨਵੇਂ ਜੋੜੇ ਬਣਾਉਂਦੇ ਸੀ। ਕਿਸੇ ਯੂਨੀਵਰਸਿਟੀ 'ਚ ਨਹੀਂ ਗਏ, ਕੋਈ ਵਿਦਿਆ ਗ੍ਰਹਿਣ ਕਰਨ ਵਾਸਤੇ ਕਿਸੇ ਪੰਡਤਾਂ ਦੇ ਪਾਸ ਨਹੀਂ ਗਏ। ਕੇਵਲ ਸਤਿਸੰਗ ਸੁਣ ਕੇ ਜੋ ਅਸਲੀ ਵਿਦਿਆ ਜਿਹਨੂੰ ਬ੍ਰਹਮ ਵਿਦਿਆ ਕਹਿੰਦੇ ਸੀ, ਜੋ ਸਾਰੀਆਂ ਵਿਦਿਆਵਾਂ ਤੋਂ ਸ੍ਰੇਸ਼ਟ ਵਿਦਿਆ ਹੈ ਉਹਦੀ ਜਗਿਆਸਾ ਜਾਗੀ। ਭਜਨ ਕੀਤਾ, ਕਿੱਡੀ ਵੱਡੀ ਪਦਵੀ ਅੱਜ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਤਿਗੁਰੂ ਦਾ ਰੂਪ ਧਾਰ ਕੇ ਬੈਠੇ ਨੇ, ਸਾਰੇ ਅਸੀਂ ਸੀਸ ਨਿਵਾਉਂਦੇ ਹਾਂ ਉਨ੍ਹਾਂ ਦੇ ਬਚਨਾਂ ਨੂੰ। ਸ਼ਬਦ ਗੁਰੂ ਨੂੰ ਸੀਸ ਨਿਵਾਉਂਦੇ ਹਾਂ। ਸੋ ਇਸੇ ਤਰ੍ਹਾਂ ਇਹ ਵੀ ਤਿੰਨੇ ਹੀ ਗ੍ਰਹਿਸਤੀ ਇਕੱਠੇ ਹੁੰਦੇ ਸੀ। ਕਾਰੋਬਾਰ ਤੋਂ ਵਿਹਲੇ ਹੋਣ ਤੋਂ ਬਾਅਦ ਕੁਛ ਵਿਚਾਰ ਮਨ 'ਚ ਆਉਂਦੀ ਸੀ। ਸੁਣਦੇ ਸੀ ਕਿ ਫਲਾਣੇ ਪਿੰਡ ਸਤਿਸੰਗ ਹੈ, ਫਲਾਣੇ ਨਗਰਾਂ 'ਚ ਸਤਿਸੰਗ ਹੈ। ਚੱਲ ਕੇ ਵੀ ਜਾਂਦੇ ਸੀ, ਕੁਛ ਨਿਸ਼ਾ ਵੀ ਹੁੰਦੀ ਸੀ, ਕੁਛ ਮਨ ਵੀ ਟਿਕਦਾ ਸੀ, ਕੁਛ ਸੇਵਾ ਭਾਵਨਾ ਵੀ ਜਾਗਦੀ ਸੀ। ਕੁਛ ਦਾਨ ਕਰਨ ਦਾ ਉਤਸ਼ਾਹ ਵੀ ਆਉਂਦਾ ਸੀ, ਲੇਕਿਨ ਅਜੇ ਤੱਕ ਉਹ ਚੀਜ਼ ਨਹੀਂ ਸੀ ਪ੍ਰਾਪਤ ਹੋਈ, ਜਿਹਦੇ ਨਾਲ ਮਨ ਸ਼ਾਂਤ ਹੋ ਜਾਵੇ। ਉਸਦੀ ਤਲਾਸ਼ ਦੇ ਅੰਦਰ ਫਿਰਦੇ-ਫਿਰਦੇ, ਗੁਰੂ ਅਮਰਦਾਸ ਮਹਾਰਾਜ ਜੀ ਦੀ ਸੋਅ ਸੁਣੀ ਕੰਨਾਂ 'ਚ ਤੇ ਆਪ ਤਿੰਨੋ ਜਣੇ ਇਕੱਠੇ ਹੋ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਪਹੁੰਚਦੇ ਨੇ ਜਾ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਅਸੀਂ ਕਿਰਤੀ ਬੰਦੇ ਹਾਂ, ਸਾਧਾਰਣ ਬੰਦੇ, ਪੜ੍ਹੇ ਲਿਖੇ ਅਸੀਂ ਨਹੀਂ ਹੈਗੇ, ਕੋਈ ਵੇਸ ਸਾਸ਼ਤਰ ਅਸੀਂ ਨਹੀਂ ਜਾਣਦੇ। ਕੋਈ ਕਰਮ ਧਰਮ ਦੀ ਸਾਨੂੰ ਸੋਝੀ ਨਹੀਂ, ਜੇ ਸੋਝੀ ਹੈ ਤਾਂ ਕੇਵਲ ਇਹ ਹੈ ਕਿ ਮਾੜੇ ਕੰਮ ਨਾ ਕਰੋ।

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ – 918***

ਜਿਹੜਾ ਕੰਮ ਕਰਨ ਤੋਂ ਬਾਅਦ ਪਛਤਾਵਾ ਪੈਦਾ ਕਰੇ ਕੰਮ, ਉਹ ਕੰਮ ਨਹੀਂ ਕਰਨਾ ਚਾਹੀਦਾ। ਇੱਥੇ ਵੀ ਪਛਤਾਵਾ ਹੁੰਦਾ ਹੈ ਤੇ ਦਰਗਾਹ ਵਿੱਚ ਜਾ ਕੇ ਵੀ ਪਛਤਾਉਣਾ ਪੈਂਦਾ ਹੈ, ਉਥੇ ਵੀ ਜਦੋਂ ਜਵਾਬ ਤਲਵੀ ਹੁੰਦੀ ਹੈ, ਫੇਰ ਆਦਮੀ ਨੂੰ ਪਛਤਾਉਣਾ ਪੈਂਦਾ ਹੈ, ਰੋਣਾ ਪੈਂਦਾ ਹੈ ਫੇਰ ਮਹਾਰਾਜ ਕਹਿੰਦੇ ਫੇਰ ਤਾਂ ਕੁਛ ਵੀ ਨਹੀਂ ਬਣਦਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***

***ਅੰਗ – 1428***

ਸਮਾਂ ਲੰਘ ਗਿਆ ਤੇ ਹੁਣ ਕਾਹਨੂੰ ਪਛਤਾਉਂਦਾ ਹੈਂ, ਸਮਾਂ ਤਾਂ ਲੰਘ ਗਿਆ ਸਾਰਾ। ਜਮਦੂਤਾਂ ਨੇ ਆ ਕੇ ਬਾਂਹ ਫੜ ਲਈ। ਕੋਈ ਮਾਰੂ ਬਿਮਾਰੀ ਲੱਗ ਗਈ, ਡਾਕਟਰਾਂ ਨੇ ਕਹਿ ਦਿੱਤਾ ਕਿ ਤੂੰ ਨਹੀਂ ਹੁਣ ਬਚਦਾ, ਉਸ ਵੇਲੇ ਤਾਂ ਕੋਈ ਜਪ ਤਪ ਨਹੀਂ ਹੋ ਸਕਦਾ, ਫੇਰ ਆਦਮੀ ਪਛਤਾਉਂਦਾ ਹੈ ਕਿ ਮੈਂ ਐਵੇਂ ਜ਼ਿੰਦਗੀ ਬਰਬਾਦ ਕਰ ਲਈ। ਕੁਛ ਕਰਿਆ ਨਾ ਮੈਂ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਐਸਾ ਕੋਈ ਕੰਮ ਨਹੀਂ ਕਰਦੇ, ਜਿਹਦੇ ਕਰਨ ਦੇ ਨਾਲ ਸਾਨੂੰ ਇੱਥੇ ਵੀ ਪਛਤਾਉਣਾ ਪਵੇ ਤੇ ਦਰਗਾਹ ਦੇ ਵਿੱਚ ਜਾ ਕੇ ਵੀ ਪਛਤਾਉਣਾ ਪਵੇ। ਸੰਤਾਂ ਦੀ ਸੰਗਤ ਕਰ-ਕਰ ਕੇ ਸਾਨੂੰ ਦ੍ਰਿੜ੍ਹ ਹੋ ਚੁੱਕਿਆ ਹੈ ਕਿ ਕਿਸੇ ਦੀ ਨਿੰਦਿਆ ਨਹੀਂ ਕਰਨੀ, ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਕਪਟ ਨਹੀਂ ਕਰਨਾ, ਛਲ ਨਹੀਂ ਕਰਨਾ, ਮਾੜੇ ਕੰਮ ਨਹੀਂ ਕਰਨੇ, ਧਾਰਮਿਕ ਮਰਿਆਦਾ ਸਮਾਜ ਦੀ ਉਲੰਘਣ ਨਹੀਂ ਕਰਨੀ। ਅਸੀਂ ਯਤਨ ਕਰਦੇ ਹਾਂ ਕਿ ਜੋ ਅੰਦਰਲੇ ਪੰਜ ਚੋਰ ਨੇ ਇਨ੍ਹਾਂ ਤੋਂ ਵੀ ਬਚਿਆ ਜਾਵੇ ਪਰ ਫੇਰ ਵੀ ਸੱਚੇ ਪਾਤਸ਼ਾਹ! ਕੋਈ ਰਾਹ ਨਹੀਂ ਲੱਭ ਰਿਹਾ ਸਾਨੂੰ ਤੇ ਆਪ ਦੀ ਚਰਨ ਸ਼ਰਨ ਅਸੀਂ ਆਏ ਹਾਂ, ਆਪ ਕ੍ਰਿਪਾ ਕਰਕੇ ਕੋਈ ਐਸਾ ਸੁਖਾਲਾ ਜਿਹਾ ਤਰੀਕਾ ਦੱਸੋ, ਐਨਾ ਕੋਈ ਸਹਿਜ ਜਿਹਾ ਰਸਤਾ ਦੱਸੋ ਕਿ ਅਸੀਂ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਵੀ ਨਿਭਾ ਲਈਏ ਤੇ ਨਾਲ ਸਾਡਾ ਛੁਟਕਾਰਾ ਵੀ ਹੋ ਜਾਏ। ਕ੍ਰਿਪਾ ਕਰਕੇ ਆਪ ਸਾਨੂੰ ਸਮਝਾਉਣਾ ਕਰੋ।

ਮਹਾਰਾਜ ਜੀ ਦਇਆ ਦੇ ਘਰ 'ਚ ਆਏ, ਕਹਿਣ ਲੱਗੇ, "ਗੁਰਮੁਖੋ! ਕੋਈ-ਕੋਈ ਭਾਗਾਂ ਵਾਲਾ ਹੁੰਦਾ ਹੈ, ਜਿਹਦੇ ਮਨ 'ਚ ਇਹ ਜਗਿਆਸਾ ਉਠਿਆ ਕਰਦੀ ਹੈ।" ਸਾਰੇ ਸੰਤਾਂ ਨੂੰ, ਗੁਰੂਆਂ ਨੂੰ, ਸਾਰੇ ਬੰਦੇ ਨਹੀਂ ਮਿਲਦੇ ਜਗਿਆਸਾ ਵਾਲੇ। ਭੀੜਾਂ ਬੇਅੰਤ ਹੋਣਗੀਆਂ ਉਨ੍ਹਾਂ ਦੇ ਦੁਆਲੇ ਦੁਨੀਆਂ ਦੇ ਇਕੱਠ ਬਹੁਤ ਹੋਣਗੇ, ਕੋਈ ਦੁਨੀਆਂ ਦੇ ਵਾਸਤੇ ਉਥੇ ਆਉਂਦੇ ਨੇ, ਕੋਈ ਸੁਖਣਾ ਵਾਸਤੇ ਆਉਂਦੇ ਨੇ। ਕੋਈ ਹੋਰ ਕਿਸੇ ਵਾਸਤੇ ਆਉਂਦੇ ਨੇ, ਜਗਿਆਸਾ ਲੈ ਕੇ ਕੋਈ ਵਿਰਲਾ ਪੁਰਸ਼ ਆਉਂਦਾ ਹੈ। ਲੱਖਾਂ ਬੰਦਿਆਂ 'ਚੋਂ ਇੱਕ ਬੰਦਾ ਹੋਣਾ ਹੈ, ਜਿਹੜਾ ਜਗਿਆਸਾ ਲੈਂਦਾ ਹੈ। ਏਸੇ ਕਰਕੇ ਮਹਾਰਾਜ ਜੀ ਕਹਿੰਦੇ ਨੇ -

***ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥***

***ਅੰਗ - 1376***

ਕੋਈ ਨਾ, ਇੰਤਜ਼ਾਰ ਕਰੋ, ਕਦੇ ਤਾਂ ਕੋਈ ਗਾਹਕ ਆ ਕੇ ਮਿਲੇਗਾ, ਪਰ ਉਹ ਫੇਰ ਲਏਗਾ ਕੀ, ਮਹਿੰਗੇ ਤੋਂ ਮਹਿੰਗਾ ਮੁੱਲ ਦਏਗਾ। ਪਹਿਲਾਂ ਸੌਦਾ ਜੋ ਮਹਾਰਾਜ ਕਰਦੇ ਨੇ, ਉਹ ਇਹ ਕਹਿੰਦੇ ਨੇ ਕਿ ਜੇ ਇਹ ਚੀਜ਼ ਲੈਣੀ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ - 1102***

ਪਹਿਲਾਂ ਮਰਨਾ ਕਬੂਲ। ਮਹਾਰਾਜ! ਜੇ ਮੈਂ ਮਰਨਾ ਕਬੂਲ ਕਰ ਲਿਆ, ਫੇਰ ਮੈਂ ਪ੍ਰਾਪਤੀ ਕਿਵੇਂ ਕਰਾਂਗੇ? ਮਹਾਰਾਜ ਕਹਿੰਦੇ, ਸਰੀਰ ਤੋਂ ਅਸੀਂ ਨਹੀਂ ਮਾਰਦੇ, ਇਹ ਜੋ ਤੇਰੇ ਅੰਦਰ ਜੀਵਤ ਭਾਵ ਹੰਗਤਾ ਤੇ ਮਮਤਾ ਦਾ, ਮੈਂ ਬਣਿਆ ਹੋਇਆ ਹੈ ਤੂੰ, ਇਹਨੂੰ ਮਾਰਨਾ ਮਨਜ਼ੂਰ ਕਰ ਲੈ। ਕਿਉਂਕਿ ਮੈਂ ਰਹਿਣੀ ਨਹੀਂ ਜੇ ਮੇਰੇ ਨਾਲ ਰਲਣਾ ਹੈ ਤਾਂ ਤੂੰ ਹੀ ਤੂੰ ਹੁੰਦੀ ਹੈ, ਮੈਂ ਨਹੀਂ ਉਥੇ ਹੁੰਦੀ ਜਾਂ ਮੈਂ-ਮੈਂ ਹੁੰਦੀ ਹੈ, ਤੂੰ ਨਹੀਂ ਹੁੰਦੀ। ਪਛਾਣ ਹਟ ਜਾਂਦੀ ਹੈ-

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥***

***ਅੰਗ - 969***

ਗਾਹਕੁ ਮਹਿੰਗਾ ਮੁੱਲ ਦਿੰਦਾ ਹੈ। ਜਿਨ੍ਹਾਂ ਨੂੰ ਵੀ ਦਿੱਤਾ ਹੈ ਪਰਖ-ਪਰਖ ਕੇ, ਪੂਰਾ ਭਾਅ ਲਿਆ। ਕਿਉਂਕਿ ਚੀਜ਼ ਹੀ ਪੂਰੇ ਭਾਅ ਦੀ ਹੈ ਘੱਟ ਨਹੀਂ ਹੈ। ਸੋ ਮਹਾਰਾਜ ਕਹਿੰਦੇ ਚੰਗਾ ਹੈ ਕਿ ਪ੍ਰਮੇਸ਼ਰ ਨੇ ਤੁਹਾਡੇ ਅੰਦਰ ਇਹ ਜਗਿਆਸਾ ਪੈਦਾ ਕੀਤੀ ਹੈ ਸੋ ਹੁਣ ਤੁਸੀਂ ਧਿਆਨ ਦੇ ਨਾਲ ਸੁਣਿਓ ਰਸਤਾ ਬੜਾ ਸੁਖਾਲਾ ਹੈ, ਬਹੁਤ ਔਖਾ ਨਹੀਂ ਹੈਗਾ। ਇਹਨੂੰ ਉਲਝਣ ਬਾਜ਼ੀ 'ਚ ਜਿੰਨਾਂ ਜੀਅ ਕਰਦਾ ਹੈ, ਪਾ ਲਓ। ਜਿੰਨਾਂ ਉਲਝਾਉਣਾ ਹੈ ਉਲਝਾ ਲਓ। ਪਰ ਰਸਤਾ ਬਿਲਕੁਲ ਹੀ ਸਿੱਧਾ ਹੈ, ਇਹਦੇ 'ਚੋਂ ਸਾਰੇ ਹੀ ਲੰਘ ਸਕਦੇ ਨੇ। ਸਾਰੇ ਧਰਮਾਂ ਦੇ ਲੋਕ ਲੰਘ ਸਕਦੇ ਨੇ, ਪਰ ਜੇ ਸਰਲ ਰਸਤਾ ਅਖਤਿਆਰ ਕੀਤਾ ਜਾਏ। ਆਪਣੇ ਆਪ ਹੀ ਆਪੇ ਬੰਦਾ ਬੰਨ੍ਹ ਲੈਂਦਾ ਹੈ ਵਹਿਮ ਪ੍ਰਸਤੀ, ਵਹਿਮ ਪਾ ਪਾ ਕੇ, ਆਪਣੇ ਹੀ ਆਪਣੇ ਦੁਆਲੇ ਕੁੰਡਲ ਪਾਉਣੇ ਸ਼ੁਰੂ ਕਰ ਦਿੰਦਾ ਹੈ। ਸ਼ਕਲਾਂ ਬਣਾ ਲੈਂਦੇ ਨੇ, ਭੇਖ ਬਣਾ ਲੈਂਦੇ ਨੇ, ਕਿਰਿਆਕ੍ਰਮ ਬੇਅੰਤ ਕੱਢ ਲੈਂਦੇ ਨੇ, ਫੋਕਟ ਕਰਮਾਂ ਦੇ ਵਿੱਚ ਪ੍ਰਵਿਰਤ ਹੋ ਜਾਂਦੇ ਨੇ। ਮਹਾਰਾਜ ਕਹਿੰਦੇ ਗੁਰਮੁਖੋ! ਬਹੁਤ ਸਿੱਧਾ ਰਸਤਾ ਹੈ, ਸੋ ਆਪ ਪਹਿਲਾਂ ਸੰਗਤ ਦੇ ਵਿੱਚ ਆ ਕੇ ਸੇਵਾ ਨੂੰ ਸਮਝੋ ਕਿਉਂਕਿ ਪਹਿਲਾ ਜਿਹੜਾ ਡੰਡਾ ਹੈ ਉਹ ਸੇਵਾ ਹੈ, ਸੇਵਾ ਤੋਂ ਅੱਗੇ ਸ਼ੁਰੂ ਹੋਣਾ ਹੈ। ਸੋ ਸੇਵਾ ਕਰੋ। ਸੇਵਾ ਸਭ ਤੋਂ ਸ੍ਰੇਸ਼ਟ ਗੁਰੂ ਦੀ ਹੁੰਦੀ ਹੈ। ਸੰਗਤ ਦੀ ਸੇਵਾ ਹੁੰਦੀ ਹੈ, ਦੇਸ਼ ਦੀ ਸੇਵਾ ਹੁੰਦੀ ਹੈ, ਕਮਿਊਨਟੀ ਦੀ ਸੇਵਾ ਹੁੰਦੀ ਹੈ, ਸੇਵਾ ਦਾ ਯਤਨ ਕਰੋ। ਜੋ ਸੇਵਾ ਕਰਦਾ ਹੈ, ਉਹਦੇ ਨਾਲ ਪ੍ਰਾਪਤੀ ਹੁੰਦੀ ਹੈ, ਪਰ ਜੋ ਸਤਿਗੁਰੂ ਦੀ ਸੇਵਾ ਕਰਦਾ ਹੈ। ਉਹ ਸਫਲ ਹੁੰਦੀ ਹੈ -

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥***

***ਅੰਗ - 644***

ਐਵੇਂ ਹਫੜਾ-ਦਫੜੀ 'ਚ ਨਹੀਂ, ਮਨ ਦੇ ਅੰਦਰ ਸ਼ੌਂਕ ਜਾਗਿਆ ਹੋਵੇ ਕਿ ਮੈਂ ਸੇਵਾ ਕਰਾਂ। ਜਿਹੜਾ ਆਪਣੀ ego ਨੂੰ ਗਵਾ ਕੇ ਸੇਵਾ ਕਰਦਾ ਹੈ, ਮਹਾਰਾਜ ਕਹਿੰਦੇ ਉਹਨੂੰ ਸਾਰੀਆਂ ਚੀਜ਼ਾਂ ਮਨਇੱਛਤ ਮਿਲ ਜਾਂਦੀਆਂ ਨੇ, ਜਦੋਂ ਅਸੀਂ ਇਹ ਗੱਲ ਕਹਿੰਦੇ ਹਾਂ ਉਸ ਵੇਲੇ ਦੁਨੀਆਂ ਸਾਡੇ ਮੂਹਰੇ ਫੇਰ ਆ ਜਾਂਦੀ ਹੈ ਕਿ ਮੈਨੂੰ ਆਹ ਚੀਜ਼ ਮਿਲ ਜਾਏ ਮੈਂ ਸੇਵਾ ਕਰ ਰਿਹਾ। ਮਿਲਦਾ ਹੈ ਸਭ ਕੁਛ। ਕਿੰਨੀਆਂ ਮਿਸਾਲਾਂ ਨੇ ਆਪ

ਦੇ ਪਾਸ। ਬਿਮਾਰ ਜਾਂਦੇ ਨੇ ਉਥੇ ਰਤਵਾੜਾ ਸਾਹਿਬ, ਸੇਵਾ ਕਰਦੇ ਨੇ, ਥੋੜ੍ਹੇ ਦਿਨਾਂ ਤੋਂ ਬਾਅਦ ਕਹਿੰਦੇ ਜੀ, ਮੈਂ ਰਾਜ਼ੀ ਹੋ ਗਿਆ, ਕਿਉਂਕਿ ਮੰਗਦੇ ਓਹੀ ਚੀਜ਼ ਨੇ, ਉਹ ਮਿਲ ਜਾਂਦੀ ਹੈ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***

***ਅੰਗ - 681***

ਕੋਈ ਕਹਿੰਦਾ ਹੈ ਜੀ ਮੈਨੂੰ ਨੌਕਰੀ ਮਿਲ ਜਾਏ ਜੀ। ਜਾ ਕੇ ਸੇਵਾ ਕਰਦਾ ਹੈ, ਥੋੜ੍ਹੇ ਦਿਨਾਂ ਵਿੱਚ ਆ ਕੇ ਮੈਨੂੰ ਕਹਿ ਦਿੰਦੇ ਨੇ ਜੀ ਮੈਨੂੰ ਮਿਲ ਗਈ ਨੌਕਰੀ। ਮੈਂ ਤਾਂ ਹੈਰਾਨ ਹੁੰਦਾ ਹਾਂ ਕਿ ਮਹਾਰਾਜ ਕਿੰਨੇ ਪ੍ਰਸੰਨ ਹੋ ਜਾਂਦੇ ਨੇ। ਕਿੰਨੀ ਛੇਤੀ ਮੰਨ ਜਾਂਦੇ ਨੇ। ਉਹ ਮੰਨਦੇ ਤਾਂ ਨੇ ਜੇ ਅੰਦਰ ਸੇਵਾ ਦਾ ਸ਼ੌਂਕ ਹੋਵੇ। ਜੇ ਬਾਬਾ ਜੀ ਕਹਿਣ ਹਾਕ ਮਾਰ ਕੇ ਕਿ ਭਾਈ, ਤੂੰ ਇਧਰ ਤੁਰਿਆ ਫਿਰਦਾ ਹੈਂ, ਸੇਵਾ ਕਰ। ਸੇਵਾ ਕਿਉਂ ਨਹੀਂ ਕਰਦਾ? ਫੇਰ ਨਹੀਂ ਹੁੰਦਾ ਕੁਛ ਵੀ। ਫੇਰ ਚਾਹੇ ਸਾਲ, ਦੋ ਸਾਲ, ਪੰਜ ਸਾਲ ਕਰੀ ਜਾਈਏ। ਕਿਉਂਕਿ ਅੰਦਰ ਰੁਚੀ ਨਹੀਂ ਹੈ, ਅੰਦਰ ਤਾਰ ਨਹੀਂ ਜੁੜਦੀ। ਨਾ ਜੁੜਨ ਕਰਕੇ ਐਨਰਜੀ ਆਉਂਦੀ ਨਹੀਂ ਉਹਦੇ ਵਿਚ। ਜਿਹੜਾ ਆਪ ਹੀ ਚਾਉ ਦੇ ਨਾਲ ਦੌੜ-ਦੌੜ ਕੇ ਸੇਵਾ ਕਰਦਾ ਹੈ, ਉਹਦੇ 'ਤੇ ਗੁਰੂ ਪ੍ਰਸੰਨ ਹੁੰਦਾ ਹੈ ਤੇ ਗੁਰੂ ਦੀ ਪ੍ਰਸੰਨਤਾ ਦੇ ਨਾਲ ਕੀ ਹੁੰਦਾ ਹੈ, ਇਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਤਿੰਨਾਂ ਲੋਕਾਂ ਦੀ ਸੋਝੀ ਹੋ ਜਾਵੇ,***
***ਸੇਵਾ ਕਰਕੇ ਸਤਿਗੁਰ ਦੀ।***

ਕਹਿਣ ਲੱਗੇ, ਪ੍ਰੇਮੀਓ! ਜੀਵ ਦੀ ਕਲਿਆਣ ਵਾਸਤੇ, ਗਿਆਨ ਦੀ ਪ੍ਰਾਪਤੀ ਵਾਸਤੇ, ਸਤਿਗੁਰੂ ਦੀ ਜੋ ਸੇਵਾ ਹੈ ਉਹ ਸਭ ਤੋਂ ਸ੍ਰੇਸ਼ਟ ਸੇਵਾ ਹੈ। ਇਹਦੇ ਨਾਲ ਆਪ ਵੀ ਤਰਦਾ ਹੈ ਤੇ ਸੰਸਾਰ ਨੂੰ ਵੀ ਤਾਰਦਾ ਹੈ, ਤਿੰਨਾਂ ਲੋਕਾਂ ਦੀ; ਭੂਤ ਦੀ, ਭਵਿੱਖਤ ਦੀ, ਵਰਤਮਾਨ ਦੀ, ਤਿੰਨਾਂ ਕਾਲਾਂ ਦੀ, ਤਿੰਨਾਂ ਲੋਕਾਂ ਦੀ ਸੋਝੀ ਹੋ ਜਾਇਆ ਕਰਦੀ ਹੈ।

***ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਅੰਗ - 423***

ਸਾਰੇ ਤਪਾਂ ਦਾ ਸ਼੍ਰੋਮਣੀ ਤਪ ਗੁਰੂ ਦੀ ਸੇਵਾ ਹੈ -

***ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥***

***ਅੰਗ - 423***

ਹੁਣ ਫਲ ਦਸਦੇ ਨੇ ਇਹਦੇ ਕੀ ਨੇ। ਉਹ ਇਹ ਹੈ ਕਿ ਵਾਹਿਗੁਰੂ ਜੀ ਮਨ ਵਿਚ ਵਸ ਜਾਂਦੇ ਨੇ ਤੇ ਇਹ ਸੇਵਾ ਸਾਰੇ ਦੁੱਖਾਂ ਨੂੰ ਭੁਲਾ ਦਿੰਦੀ ਹੈ, ਕੋਈ ਦੁੱਖ ਰਹਿੰਦਾ ਹੀ ਨਹੀਂ ਤੇ ਦਰਗਾਹ ਵਿੱਚ ਜਾ ਕੇ -

***ਦਰਿ ਸਾਚੈ ਦੀਸੈ ਸਚਿਆਰੁ ॥ ਅੰਗ - 423***

ਦਰਗਾਹ ਦੇ ਵਿੱਚ ਜਾਂਦਾ ਹੈ ਤੇ ਸਚਿਆਰ ਦੇ ਦਰਸ਼ਨ ਕਰਦਾ ਹੈ -

***ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ ਅੰਗ - 423***

ਤਿੰਨਾਂ ਭਵਣਾਂ ਦੀ ਸੋਝੀ ਹੋ ਜਾਂਦੀ ਹੈ, ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ –

***ਆਪੁ ਪਛਾਣਿ ਹਰਿ ਪਾਵੈ ਸੋਇ ॥ ਅੰਗ – 423***

ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਤੇ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ –

***ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥ ਅੰਗ – 423***

ਜੋ ਸੱਚਾ ਸ਼ਬਦ ਵਰਤ ਰਿਹਾ ਹੈ ਉਹਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਇਸ ਕਰਕੇ ਸੇਵਾ ਦਾ ਮਹਾਤਮ ਮਹਾਰਾਜ ਕਹਿਣ ਲੱਗੇ, ਬਹੁਤ ਵੱਡਾ ਹੈ। ਇਹ ਸੇਵਾ ਕਰਨ ਵਾਲਾ ਜਿਹੜਾ ਹੈ –

***ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਅੰਗ – 423***

ਸਾਰੀਆਂ ਕੁਲਾਂ ਦਾ ਉਧਾਰ ਗੁਰੂ ਦੀ ਸੇਵਾ ਕਰਨ ਵਾਲਾ ਕਰਦਾ ਹੈ –

***ਨਿਰਮਲ ਨਾਮੁ ਰਖੈ ਉਰਿ ਧਾਰੇ ॥ ਅੰਗ – 423***

ਹਿਰਦੇ ਵਿੱਚ ਨਿਰਮਲ ਨਾਮ ਧਾਰਨ ਕਰਕੇ ਰਖਦਾ ਹੈ –

***ਸਾਚੀ ਸੋਭਾ ਸਾਚਿ ਦੁਆਰੇ ॥ ਅੰਗ – 423***

ਸੱਚੇ ਦੁਆਰੇ ਜਾ ਕੇ ਫੇਰ ਉਹਦੀ ਸੋਭਾ ਹੁੰਦੀ ਹੈ, ਉਹਨੂੰ ਕੋਈ ਨਹੀਂ ਕਹਿੰਦਾ –

***ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥***
***ਅੰਗ – 252***

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਭਾਈ ਦਇਆ ਸਿੰਘ ਜੀ, ਪੰਜ ਪਿਆਰਿਆਂ ਦੇ ਸ਼੍ਰੋਮਣੀ ਜਥੇਦਾਰ, ਉਨ੍ਹਾਂ ਦੇ ਬਾਅਦ ਬਾਬਾ ਸੋਭਾ ਸਿੰਘ ਜੀ, ਓਹੀ ਗਿਆਨ ਜੋ ਗੁਰੂ ਦਸ਼ਮੇਸ਼ ਪਿਤਾ ਤੋਂ ਭਾਈ ਦਇਆ ਸਿੰਘ ਜੀ ਨੇ ਪ੍ਰਾਪਤ ਕਰਿਆ ਸੀ, ਬਾਬਾ ਸੋਭਾ ਸਿੰਘ ਜੀ ਦੇ ਰਾਹੀਂ ਉਹ ਜੋ ਗਿਆਨ ਇੱਥੇ ਬਾਬਾ ਜੀ ਦੇ ਪਾਸ ਬਾਬਾ ਸਾਹਿਬ ਜੀ ਦੇ ਰਾਹੀਂ ਪ੍ਰਾਪਤ ਹੋ ਕੇ ਸੰਸਾਰ ਦਾ ਉਧਾਰ ਹੋ ਰਿਹਾ ਹੈ ਤੇ ਉਨ੍ਹਾਂ ਦੀ ਸੇਵਾ ਦੇ ਅੰਦਰ ਭਾਗ ਸਿੰਘ ਨਾਮ ਕਰਕੇ ਇੱਕ ਲਾਂਗਰੀ ਸੀ। ਉਹਦੀ ਮਾਤਾ ਜੀ ਚੜ੍ਹਾਈ ਕਰ ਗਈ, ਬਾਬਾ ਜੀ ਨੂੰ ਖਬਰ ਦਿੱਤੀ ਕਿ ਲਾਂਗਰੀ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਈ। ਸੇਵਾ ਕਰਿਆ ਕਰਦੀ ਸੀ ਆ ਕੇ ਗੁਰੂ ਘਰ ਦੇ ਅੰਦਰ, ਜਲ ਭਰਨਾ, ਝਾੜੂ ਦੇਣਾ, ਬਰਤਨ ਮਾਂਜਣੇ। ਹੋਰ ਅਨੇਕਾਂ ਕਾਰਜ, ਵਸਤਰ ਧੋਣੇ; ਐਸੀ ਸੇਵਾ ਕਰਕੇ ਜਦੋਂ ਸੰਸਾਰ ਦੀ ਯਾਤਰਾ ਖਤਮ ਕਰਕੇ ਗਏ, ਬਾਬਾ ਜੀ ਕਹਿਣ ਲੱਗੇ, ਕੋਈ ਨਾ ਭਾਈ, ਕਿਉਂਕਿ ਤਿੰਨਾਂ ਭਵਣਾਂ ਦੀ ਸੋਝੀ ਸੀ। ਅਨੁਭਵ ਨਾਲ ਦੇਖਿਆ ਕਹਿੰਦੇ, ਕੋਈ ਨਾ ਉਹਨੇ ਆ ਜਾਣਾ ਹੈ, ਕਿਤੇ ਨਹੀਂ ਜਾਂਦੀ ਉਹ। ਸਸਕਾਰ ਨਾ ਕਰਿਓ, ਮ੍ਰਿਤਕ ਸਰੀਰ ਰੱਖ ਛੱਡਿਆ, ਕੁਝ ਸਮਾਂ ਬੀਤਿਆ ਤੇ ਉਸ ਤੋਂ ਬਾਅਦ ਮਾਤਾ ਸਰੀਰ ਵਿੱਚ ਪ੍ਰਵੇਸ਼ ਕਰ ਗਈ ਤੇ ਸਰੀਰ ਦੁਬਾਰਾ ਜੀਉਂਦਾ ਹੋ ਗਿਆ। ਵਾਹਿਗੁਰੂ-ਵਾਹਿਗੁਰੂ ਕਰਦੀ ਉਠ ਕੇ ਬੈਠ ਗਈ। ਕਹਿੰਦੀ, ਬਾਬਾ

ਜੀ ਦੇ ਦਰਸ਼ਨ ਕਰਨੇ ਨੇ। ਬਹੁਤ ਸਾਰਾ ਇਕੱਠ ਹੋ ਗਿਆ ਤੇ ਬਾਬਾ ਜੀ ਦੇ ਚਰਨਾਂ 'ਚ ਹਾਜ਼ਰ ਹੋਏ। ਕਹਿਣ ਲੱਗੇ, ਸੁਣਾ ਬੀਬੀ ਕਿਵੇਂ ਆਈ? ਕਹਿੰਦੀ ਬਾਬਾ ਜੀ! ਚੜ੍ਹਾਈ ਕਰ ਗਈ ਸੀ। ਫੇਰ ਕਹਿੰਦੇ, ਕੀ ਹੋਇਆ? ਕਹਿੰਦੀ ਮਹਾਰਾਜ ਜੀ! ਮੈਨੂੰ ਧਰਮਰਾਜ ਦੇ ਦੂਤ ਲੈਣ ਵਾਸਤੇ ਆਏ। ਇੱਕ ਤਾਂ ਦੂਤ ਹੁੰਦੇ ਨੇ, ਇੱਕ ਜਮਦੂਤ ਹੁੰਦੇ ਨੇ। ਜਮਦੂਤ ਤਾਂ ਉਹਦੇ ਵਾਸਤੇ ਆਉਂਦੇ ਨੇ ਜਿਹੜੇ ਇੱਥੇ ਆ ਕੇ ਪਾਪ ਕਰਦੇ ਨੇ। ਮਾੜੇ ਕੰਮ ਕਰਦੇ ਨੇ, ਉਨ੍ਹਾਂ ਨੂੰ ਮਾਰਦੇ ਕੁੱਟਦੇ ਲੈ ਜਾਂਦੇ ਨੇ।

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥***

***ਅੰਗ - 520***

***ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥***

***ਅੰਗ - 513***

ਉਥੇ ਬੰਨ੍ਹ ਕੇ ਉਨ੍ਹਾਂ ਨੂੰ ਮਾਰਿਆ ਜਾਂਦਾ ਹੈ।

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਕਹਿੰਦੇ ਫੇਰ? ਕਹਿੰਦੀ ਬਾਬਾ ਜੀ! ਮੈਨੂੰ ਧਰਮਰਾਜ ਦੇ ਪੇਸ਼ ਕਰ ਦਿੱਤਾ। ਚਿਤ੍ਰਗੁਪਤਾ ਨੂੰ ਹੁਕਮ ਹੋਇਆ ਕਿ ਇਹਦਾ ਹਿਸਾਬ-ਕਿਤਾਬ ਦੱਸੋ? ਹੈਰਾਨ ਹੋ ਗਏ, ਧਰਮਰਾਜ ਨੂੰ ਕਹਿਣ ਲੱਗੇ ਕਿ ਮਹਾਰਾਜ! ਏਸ ਬੀਬੀ ਦਾ ਤਾਂ ਨਾਉਂ ਹੀ ਨਹੀਂ ਸਾਡੇ ਰਜਿਸਟਰ 'ਚ।

ਕਿਉਂਕਿ ਧਰਮਰਾਜ ਦੇ ਪਾਸ ਸਾਰੇ ਨਹੀਂ ਜਾਂਦੇ ਸਾਧਸੰਗਤ ਜੀ, ਇਹ ਖਿਆਲ ਕੱਢ ਦਿਓ ਕਿਤੇ ਸਾਰੇ ਹੀ ਕਹੀ ਜਾਣ। ਧਰਮਰਾਜ ਦੇ ਕੋਲ ਸਿਰਫ ਉਹ ਜਾਂਦੇ ਨੇ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***

***ਅੰਗ - 38***

ਕਿਉਂਕਿ ਧਰਮਰਾਜ ਦੇ ਕੋਲ ਦੋ ਚੀਜ਼ਾਂ ਨੇ, ਇੱਕ ਸਵਰਗ ਹੈ, ਇੱਕ ਨਰਕ ਹੈ। ਸਵਰਗ ਦੀ ਲੋਚਾ ਵਾਲੇ ਬੰਦੇ ਧਰਮਰਾਜ ਕੋਲ ਜਾਂਦੇ ਨੇ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ - 1414***

ਮਹਾਰਾਜ ਕਹਿੰਦੇ, ਜਿਹੜੇ ਪੁੰਨ ਦਾਨ ਬੀਜ ਕੇ ਉਹਦਾ ਬਦਲਾ ਚਾਹੁੰਦੇ ਨੇ ਕਿ ਸਾਨੂੰ ਦਰਗਾਹ 'ਚ ਜਾ ਕੇ ਮਿਲੇ, ਆਹ ਬੀਜਦੇ ਹਾਂ ਤੇ ਆਹ ਮਿਲੇ। ਕਹਿੰਦੇ ਉਹ ਫੇਰ ਸੈਂਕੜੇ ਗੁਣਾਂ, ਹਜ਼ਾਰਾਂ ਗੁਣਾਂ ਹੋਇਆ-ਹੋਇਆ ਭੋਗਣ ਵਾਸਤੇ ਦਰਗਾਹ 'ਚ ਜਾਂਦੇ ਨੇ। ਉਨ੍ਹਾਂ ਨੂੰ ਜਾਣਾ ਪਵੇਗਾ। ਧਰਮਰਾਜ ਦਾ ਅਖਤਿਆਰ ਜਿਹੜਾ ਹੈ, ਚੌਰਾਸੀ ਨਰਕਾਂ ਦੇ ਉਤੇ ਜਾਂ ਅਠਾਰ੍ਹਾਂ ਨਰਕਾਂ ਦੇ ਉਤੇ, ਭੂਤ ਲੋਕ ਜਿਹੜੇ ਨੇ ਹੈਗੇ ਏਥੇ ਹੀ ਧਰਤੀ ਦੇ ਉਤੇ,

ਦੁੱਖ ਭੋਗਦੀਆਂ ਰੂਹਾਂ ਫਿਰਦੀਆਂ ਨੇ, ਉਨ੍ਹਾਂ ਉਤੇ। ਤੀਸਰਾ ਹੈ ਸਵਰਗ ਲੋਕਾਂ ਦੇ ਉਤੇ। ਗੰਧਰਬ ਲੋਕ ਹੈ, ਦੇਵ ਗੰਧਰਬ ਲੋਕ ਹੈ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਪਰਜਾਪਤ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਤੇ ਬੈਕੁੰਠ ਧਾਮ, ਇੱਥੇ ਤੱਕ ਜਿਹੜਾ ਕੈਂਪ ਹੈ ਧਰਮਰਾਜ ਦਾ। ਉਹ ਰੂਹਾਂ ਉਪਰ ਨੂੰ ਵੀ ਭੇਜਦਾ ਹੈ, ਹੇਠਾਂ ਨੂੰ ਵੀ ਭੇਜਦਾ ਹੈ ਅਤੇ ਇਸ ਧਰਤੀ 'ਤੇ ਵੀ ਸੁੱਟਦਾ ਹੈ। ਬਹੁਤਿਆਂ ਨੂੰ ਜਿਨ੍ਹਾਂ ਨੇ ਪਾਪ ਕਰੇ ਹੁੰਦੇ ਨੇ, ਉਨ੍ਹਾਂ ਦੇ ਫਲ ਲੈਣ ਵਾਲੇ ਛੇਤੀ-ਛੇਤੀ ਆ ਰਹੇ ਹੁੰਦੇ ਨੇ, ਉਨ੍ਹਾਂ ਨੂੰ ਛੇਤੀ-ਛੇਤੀ ਭੇਜ ਦਿੰਦੇ ਨੇ, ਕਿਸੇ ਨੂੰ ਮੁਰਗਾ ਬਣਾ ਦਿੱਤਾ, ਕਿਸੇ ਨੂੰ ਕੁੱਤਾ ਬਣਾ ਦਿੱਤਾ, ਕਿਸੇ ਨੂੰ ਬਲਦ ਬਣਾ ਦਿੱਤਾ, ਕਿਸੇ ਨੂੰ ਸੱਪ ਬਣਾ ਦਿੱਤਾ; ਉਹ ਜਲਦੀ ਭੇਜ ਦਿੰਦਾ ਹੈ। ਉਹ ਸਾਰੀ ਜਿਹੜੀ ਐਸੀ ਦੁਨੀਆਂ ਹੈ, ਤਮੋਗੁਣੀ ਤੇ ਰਜੋਗੁਣੀ ਦੁਨੀਆਂ ਇਹ ਧਰਮਰਾਜ ਕੋਲ ਜਾਂਦੀ ਹੈ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ ਅੰਗ - 38***

ਤੇਰੇ ਕੋਲ ਸਿਰਫ ਉਹ ਆਉਣਗੇ, ਜਿਹੜੇ ਦਵੈਤ ਵਿੱਚ ਮਨਮੁਖ ਹੋ ਕੇ ਜੀਵਨ ਬਤੀਤ ਕਰਦੇ ਨੇ। ਜਿਹੜੇ ਗੁਰੂ ਦੇ ਦੱਸੇ ਹੋਏ ਅਸੂਲਾਂ ਦੇ ਮੁਤਾਬਿਕ ਜੀਵਨ ਨਹੀਂ ਬਿਤਾਉਂਦੇ, ਆਪਣੇ ਮਨ ਦੇ ਪਿੱਛੇ ਲਗ ਕੇ ਆਪਣੀ ਮੰਤਕ ਬਣਾ ਕੇ, ਆਪਣੀ ਮਨ ਦੀ ਹੁਸ਼ਿਆਰੀ ਦੇ ਨਾਲ ਜਿਹੜੇ ਦੁਨੀਆਂ ਦੇ ਅੰਦਰ ਜੀਉਂਦੇ ਨੇ, ਉਹ ਸਾਰੇ ਧਰਮਰਾਜ ਕੋਲ ਜਾਣਗੇ। ਜਾਂ ਉਹ ਜਾਣਗੇ ਜਿਹੜੇ ਪੁੰਨ-ਦਾਨ ਤਾਂ ਕਰਦੇ ਨੇ, ਪਰ ਬਦਲਾ ਚਾਹੁੰਦੇ ਨੇ। ਹੁਣ ਇਹ ਬੀਬੀ ਪੁੰਨ ਦਾਨ ਕਰਦੀ ਸੀ, ਸੇਵਾ ਕਰਦੀ ਸੀ ਗੁਰੂ ਦੀ, ਸੇਵਾ ਕਰਨ ਤੋਂ ਬਾਅਦ ਅਸੀਂ ਕਹਿੰਦੇ ਕੀ ਹਾਂ, ਰੋਜ਼ ਜਦੋਂ ਅਰਦਾਸ ਕਰਦਾ ਹੈ ਸਿੱਖ, ਨਿੱਤ ਕਰਦਾ ਹੈ ਇੱਕ ਅਵੇਸਲੀ ਚੇਤਨਤਾ ਦੇ ਨਾਲ ਕਰਦਾ ਹੈ, ਇੱਕ ਪੂਰੀ ਚੇਤਨਤਾ ਦੇ ਨਾਲ ਕਰਦਾ ਹੈ। ਪੂਰੀ ਚੇਤਨਾ ਦੇ ਨਾਲ ਕਹਿੰਦਾ ਹੈ ਕਿ ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਆਪ ਦੀ ਕ੍ਰਿਪਾ ਦੇ ਨਾਲ ਬਾਣੀ ਪੜ੍ਹ ਹੋਈ ਹੈ, ਜੋ ਸ਼ੁੱਭ ਕਰਮ ਹੋਏ ਨੇ, ਇਹ ਸਾਰਿਆਂ ਨੂੰ ਆਪਣੇ ਖਜ਼ਾਨੇ 'ਚ ਦਾਖਲ ਕਰ ਲੈ, ਖਜ਼ਾਨੇ 'ਚ ਦਾਖਲ ਕਰਾ ਦਿੱਤੇ ਅਸੀਂ। ਸਤਿਗੁਰੂ ਦੇ ਖਾਤੇ 'ਚ ਜਮ੍ਹਾਂ ਕਰਾ ਦਿੱਤੇ। ਆਪਣਾ ਖਾਤਾ ਨਹੀਂ ਸਾਡਾ ਕਿ ਮੇਰੇ ਖਾਤੇ 'ਚ ਇੱਥੇ ਜਮ੍ਹਾਂ ਕਰ ਲੈ। ਉਹ ਜਿਹੜੇ ਉਨ੍ਹਾਂ ਦੇ ਫਲ ਨੇ ਗੁਰੂ ਦੇ ਕੋਲ ਚਲੇ ਜਾਂਦੇ ਨੇ, ਗੁਰੂ ਫੇਰ ਆਪਣੇ ਹਿਸਾਬ ਨਾਲ ਉਹਨੂੰ ਫਲ ਦਿੰਦਾ ਹੈ ਕਿ ਇਹਨੂੰ ਕੀ ਦੇਈਏ, ਇਹਦੇ ਐਨੇ ਪੁੰਨ ਜਮ੍ਹਾਂ ਹੋ ਗਏ। ਜੇ ਤਾਂ ਸੁਚੇਤ ਹੋ ਸਿੱਖ ਅਰਦਾਸ ਕਰਦਾ ਹੈ, ਫੇਰ ਤਾਂ ਚੰਗੇ ਕਰਮ ਜਿਹੜੇ ਨੇ ਉਹ ਸਾਰੇ ਗੁਰੂ ਕੋਲ ਜਾਂਦੇ ਨੇ, ਜਿਹੜੇ ਮਾੜੇ ਕਰਮ ਹੋ ਜਾਂਦੇ ਨੇ ਉਨ੍ਹਾਂ ਦੀ ਮਾਫੀ ਮੰਗਦਾ ਹੈ ਹਰ ਵਕਤ ਹੀ। ਹਰ ਵਕਤ ਹੀ ਕਹਿੰਦੇ ਹੈ ਕ੍ਰਿਪਾ ਕਰ ਮੈਨੂੰ ਬਖਸ਼ ਲੈ। ਸੋ ਉਹ ਓਧਰ ਨਹੀਂ ਜਾਂਦਾ ਹੈ ਕਿਉਂਕਿ ਕਰਮ ਬੀਜਦਾ ਨਹੀਂ ਹੈ, ਉਹ ਫੇਰ ਗੁਰੂ ਦੇ ਕੋਲ ਜਾਂਦੇ ਨੇ।

ਸੋ ਕਹਿਣ ਲੱਗੀ, ਬਾਬਾ ਜੀ! ਉਥੇ ਮੇਰਾ ਨਾਉਂ ਨਾ ਨਿਕਲਿਆ।

ਉਨ੍ਹਾਂ ਨੇ ਕਿਹਾ ਕਿ ਇੱਥੇ ਤਾਂ ਨਾਉਂ ਹੈ ਨਹੀਂ ਇਸ ਬੀਬੀ ਦਾ। ਧਰਮਰਾਜ ਨੇ ਕਿਹਾ ਕਿ ਇਹ ਤਾਂ ਸਾਡੇ ਲੋਕ 'ਚ ਆਉਣ ਵਾਲੀ ਹੀ ਨਹੀਂ ਬੀਬੀ, ਇਹਨੇ ਤਾਂ ਗੁਰੂ ਨਾਨਕ ਦੇਵ ਦੇ ਲੋਕ 'ਚ ਜਾਣਾ ਹੈ ਇਸਨੇ। ਜਿੱਥੇ ਗੁਰੂ ਦੀ ਦਰਗਾਹ ਹੈ, 'ਵਾਰ-ਏ ਗਾਹ' ਖੁਦਾ, ਦਰਗਾਹੇ ਖਾਸ; ਬੈਕੁੰਠ ਧਾਮ ਤੋਂ ਉਤੇ, ਉਥੇ ਦਾ ਹੈ ਇਹ ਜੀਵ। ਇਹਤਾਂ ਗੁਰੂ ਦੀ ਸਿੱਖੀ ਧਾਰਨ ਕਰਨ ਵਾਲੀ ਹੈ ਆਤਮਾ। ਇਸ ਕਰਕੇ ਏਸਨੂੰ ਵਾਪਸ ਕਰੋ। ਕਹਿਣ ਲੱਗੀ, ਉਨ੍ਹਾਂ ਨੇ ਮੇਰੀ ਬੜੀ ਸੇਵਾ ਕਰੀ, ਬੜਾ ਆਦਰ ਕਰਿਆ। ਕਿਉਂਕਿ ਉਸਨੇ ਸੇਵਾ ਕਰੀ ਸੀ, ਸੇਵਾ ਕਰਨ ਦੇ ਨਾਲ ਦਰਗਾਹ 'ਚ ਮਾਣ ਮਿਲਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ - 26***

ਉਥੇ ਜਾ ਕੇ ਮੋਢੇ ਨਹੀਂ ਸਿੰਗੋੜ ਕੇ ਤੁਰਦਾ, ਛਾਤੀ ਕੱਢ ਕੇ ਤੁਰਦਾ ਹੈ ਸੇਵਾ ਕਰੀ ਹੈ ਗੁਰੂ ਦੀ ਤੇ ਉਹਦਾ ਫਲ ਲੈਣ ਦਾ ਮੌਕਾ ਆ ਗਿਆ। ਮੈਂ ਕਿਹਾ ਕਿ ਮੈਨੂੰ ਦਰਗਾਹ ਤਾਂ ਦਿਖਾ ਦਿਓ। ਕਹਿੰਦੇ, ਸਰੀਰ ਤੇਰਾ ਅਗਨ ਭੇਟ ਨਾ ਹੋ ਜਾਵੇ, ਦੇਖਿਆ ਸਾਰਾ ਹਾਲ, ਕਹਿੰਦੀ ਮੈਨੂੰ ਦਿਖਾ ਦਿੱਤੀ ਦਰਗਾਹ, ਉਹ ਕਹਿਣ ਲੱਗੇ ਕਿ ਅਜੇ ਤਾਂ ਅੱਠ ਸਾਲ ਰਹਿੰਦੇ ਨੇ ਇਹਦੇ। ਵਾਪਸ ਕਰੋ, ਫੇਰ ਆਏਗੀ ਇਹ। ਜੋ ਗੁਰੂ ਦੇ ਬਣ ਜਾਂਦੇ ਨੇ, ਗੁਰੂ ਦੀ ਸੇਵਾ ਕਰਦੇ ਨੇ, ਗੁਰੂ ਦੇ ਉਪਦੇਸ਼ਾਂ ਦੇ ਮੁਤਾਬਿਕ ਆਪਣਾ ਜੀਵਨ ਧਾਰਨ ਕਰਦੇ ਨੇ। ਉਨ੍ਹਾਂ ਦਾ ਲੇਖਾ-ਪੱਤਾ ਗੁਰੂ ਨਾਨਕ ਦੀ ਦਰਗਾਹ 'ਚ ਹੋਇਆ ਕਰਦਾ ਹੈ। ਜੋ ਸੱਚਾ ਸਿੱਖ ਹੈ ਬਾਣੀ ਦੇ ਨਾਲ ਚੱਲਣ ਵਾਲਾ, ਉਹ ਸਤਿਗੁਰੂ ਦੇ ਦੇਸ਼ ਜਾਇਆ ਕਰਦਾ ਹੈ, ਧਰਮਰਾਜ ਦੇ ਦੇਸ਼ ਨਹੀਂ ਜਾਇਆ ਕਰਦਾ। ਮਹਾਂਪੁਰਸ਼ਾਂ ਨੂੰ ਮਿਲਦਾ ਹੈ ਜਿਨ੍ਹਾਂ ਨਾਲ ਪਿਆਰ ਹੁੰਦਾ ਹੈ, ਪਰ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਭਾਈ ਲਾਲੂ, ਭਾਈ ਦੁਰਗਾ, ਭਾਈ ਜਵੰਦਾ ਜੀ! ਇਹ ਜਿਹੜੀ ਸੇਵਾ ਹੈ ਇਹ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦੀ। ਇੱਕ ਤਾਂ ਸਤਿਸੰਗ ਨਹੀਂ ਭਾਗਾਂ ਤੋਂ ਬਿਨਾਂ ਮਿਲਦਾ।

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥***
***ਅੰਗ - 95***

ਇੱਕ ਗੁਰੂ ਦੀ ਸੇਵਾ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ, ਜਿਹਨੂੰ ਹੋ ਜਾਂਦੀ ਹੈ, ਉਹ ਭਾਗਾਂ ਵਾਲੇ ਪੁਰਸ਼ ਹੁੰਦੇ ਨੇ -

***ਧਾਰਨਾ - ਵੱਡਿਆਂ ਭਾਗਾਂ ਵਾਲੇ,***
***ਜਿਹੜੇ ਕਰਦੇ ਗੁਰਾਂ ਦੀ ਸੇਵਾ।***

ਨਿਸ਼ਕਾਮ ਸੇਵਾ, ਕੋਈ ਫਲ ਨਾ ਮੰਗਣ ਵਾਲੀ ਸੇਵਾ -

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ - 286***

ਕਿੱਡੀ ਵੱਡੀ ਪਦਵੀ ਹੈ ਜਿਹੜਾ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ।

ਮਹਾਰਾਜ ਕਹਿੰਦੇ, ਭਾਗਾਂ ਵਾਲਿਆਂ ਨੂੰ ਮਿਲਦੀ ੈ –

*ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥*
*ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥*
*ਨਾਮੇ ਉਧਰੇ ਕੁਲ ਸਬਾਏ ॥ ਅੰਗ – 423*

ਆਪ ਵੀ ਤਰਦੇ ਨੇ ਤੇ ਕੁਲਾਂ ਨੂੰ ਵੀ ਤਾਰ ਦਿੰਦੇ ਨੇ।

*ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਅੰਗ – 423*

ਤੇ ਪਦਵੀ ਕਿੱਡੀ ਹੁੰਦੀ ਹੈ –

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ – 1076*

ਵਾਹਿਗੁਰੂ 'ਚ ਲੀਨ ਹੋ ਜਾਂਦਾ ਹੈ ਸੇਵਾ ਕਰਨ ਵਾਲਾ। ਸਿਮਰਨ ਤੇ ਸੇਵਾ ਦੋ ਚੀਜ਼ਾਂ ਗੁਰੂ ਘਰ ਦੇ ਅੰਦਰ ਪ੍ਰਧਾਨ ਚੀਜ਼ਾਂ ਨੇ, ਜਹਾਜ਼ ਦੇ ਦੋ ਫੰਘ ਨੇ, ਜਾਂ ਦੋ ਪਹੀਏ ਨੇ, ਜਿਹੜੇ ਅਸਮਾਨ ਵਿੱਚ ਉਡਾ ਕੇ ਇਹਨੂੰ ਲੈ ਜਾਂਦੇ ਨੇ। ਸੋ ਸੇਵਾ ਕਰਨ ਵਾਲੇ ਨੂੰ ਨਹੀਂ ਪਤਾ ਹੁੰਦਾ ਕਿ ਇਹਦਾ ਫਲ ਕੀ ਹੋਏਗਾ।

ਥੋੜ੍ਹੀ ਦੇਰ ਪਹਿਲਾਂ ਇੱਥੋਂ ਰਤਵਾੜਾ ਸਾਹਿਬ ਸੰਗਤ ਗਈ, ਜਾ ਕੇ ਸੇਵਾ ਕਰੀ, ਸੇਵਾ ਵੀ ਕੀ ਕਰੀ, ਗਿੱਲਾ ਗੋਹਾ ਸਿਰ 'ਤੇ ਚੁੱਕ-ਚੁੱਕ ਕੇ ਖੇਤਾਂ 'ਚ ਸੁੱਟਿਆ। ਬੀਬੀਆਂ ਸੁੱਟ ਰਹੀਆਂ ਨੇ, ਜਿਨ੍ਹਾਂ ਦੇ ਕਿੰਨੇ-ਕਿੰਨੇ ਕੀਮਤੀ ਕੱਪੜੇ ਪਾਏ ਹੋਏ, ਭਾਈ ਸੁੱਟ ਰਹੇ ਨੇ ਪੜ੍ਹੇ ਲਿਖੇ। ਸਿੱਟ ਕੇ ਆ ਕੇ ਇਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਇਹਦਾ ਫਲ ਕੀ ਹੋਏਗਾ।

ਭਾਗਾਂ ਦੀ ਚੀਜ਼ ਹੋਇਆ ਕਰਦੀ ਹੈ ਸਾਧਸੰਗਤ ਜੀ! ਇਹ ਵਧਦੀ ਹੀ ਤੁਰੀ ਜਾਂਦੀ ਹੈ, ਅੱਗੇ-ਅੱਗੇ ਤੁਰੀ ਜਾਂਦੀ ਹੈ ਵਧਦੀ। ਮਹਾਰਾਜ ਕਹਿੰਦੇ, ਜੋ ਇਸ ਤਰ੍ਹਾਂ ਦੇ ਨਾਲ ਸੇਵਾ ਕਰਦਾ ਹੈ ਗੁਰਮੁਖੋ! ਭਾਈ ਲਾਲੂ, ਭਾਈ ਦੁਰਗਾ ਜੀ, ਭਾਈ ਜਵੰਦਾ ਜੀ! ਐਸ ਤਰ੍ਹਾਂ ਦੀ ਨਿਸ਼ਕਾਮ ਸੇਵਾ ਕਰਿਆ ਕਰੋ। ਇਹਦੇ 'ਚ ਤੁਸੀਂ ਕਾਰੋਬਾਰ ਵੀ ਕਰ ਸਕਦੇ ਓਂ ਤੇ ਸੇਵਾ ਵੀ ਕਰ ਸਕਦੇ ਓਂ।

ਹੁਣ ਦੂਸਰਾ ਜਿਹੜਾ ਸਾਡਾ ਉਪਦੇਸ਼ ਹੈ ਉਹਨੂੰ ਵੀ ਤੁਸੀਂ ਹਿਰਦੇ 'ਚ ਵਸਾਓ। ਉਹ ਇਹ ਹੈ ਕਿ ਜਦੋਂ ਬਾਣੀ ਪੜ੍ਹਨੀ ਹੈ, ਹਰੀ ਦਾ ਜਸ ਕਰਨਾ ਹੈ, ਉਸ ਵੇਲੇ ਇੱਕ ਚੀਜ਼ ਦੀ ਬੜੀ ਜ਼ਬਰਦਸਤ ਲੋੜ ਹੈ। ਜਿਹਦੇ ਨਾਲ ਫੇਰ ਬਾਣੀ ਥਾਂ ਪੈਂਦੀ ਹੈ। ਪੜ੍ਹੀ ਹੋਈ ਵੀ, ਸੁਣੀ ਹੋਈ ਵੀ, ਵਿਚਾਰੀ ਹੋਈ ਵੀ। ਕਹਿਣ ਲੱਗੇ, ਪਾਤਸ਼ਾਹ! ਉਹ ਕਿਹੜਾ ਸਾਧਨ ਹੈ, ਜਿਹਦੇ ਨਾਲ ਅਸੀਂ ਬਾਣੀ ਪੜ੍ਹੀਏ ਤੇ ਸਾਡੀ ਸਾਰੀ ਬਾਣੀ ਥਾਂ ਪੈ ਜਾਵੇ। ਹਰੀ ਦਾ ਜਸ ਕਰੀਏ ਤੇ ਹਰੀ ਦਾ ਜਸ ਸਾਡਾ ਥਾਂ ਪੈ ਜਾਵੇ। ਤੇ ਲੇਖੇ ਪੈ ਜਾਵੇ –

*ਧਾਰਨਾ - ਜਸ ਕਰੋ ਵਾਹਿਗੁਰੂ ਦਾ ਪਿਆਰਿਓ*
*ਚਿੱਤ ਨੂੰ ਇਕਾਗਰ ਕਰਕੇ।*

ਕਹਿਣ ਲੱਗੇ, ਬਾਣੀ ਪੜ੍ਹਨੀ ਹੈ। ਜਪੁਜੀ ਸਾਹਿਬ ਪੜ੍ਹਨਾ ਹੈ, ਹੋਰ ਬਾਣੀਆਂ ਪੜ੍ਹਨੀਆ ਨੇ। ਬਾਣੀ ਦਾ ਕੀਰਤਨ ਕਰਨਾ ਹੈ, ਲੇਕਿਨ ਸਾਰਿਆਂ ਦੀ ਇੱਕ ਮੁੱਢਲੀ ਸ਼ਰਤ ਹੈ ਕਿ ਚਿੱਤ ਦੀ ਇਕਾਗਰਤਾ ਹੋਵੇ, ਫੁਰਨਾ ਕੋਈ ਨਾ ਆਵੇ, ਮਨ ਨੱਠੇ ਨਾ ਕਿਸੇ ਪਾਸੇ, ਔਰ ਸਾਵਧਾਨ ਰਹੇ।

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ - 295*

ਦੋ ਗੱਲਾਂ ਮਹਾਰਾਜ ਨੇ ਕਹੀਆਂ ਨੇ, ਇੱਕ ਤਾਂ ਸਾਵਧਾਨਤਾ ਹੋਵੇ। ਊਂਘਦਾ ਨਾ ਹੋਵੇ, ਸੁਸਤ ਨਾ ਬੈਠਾ ਹੋਵੇ, ਸਾਵਧਾਨ, ਫੌਜੀ ਕਾਸ਼ਨ ਹੈ 'ਸਾਵਧਾਨ'। ਜਦੋਂ ਫੌਜ ਦਾ ਕਮਾਂਡਰ ਸਾਵਧਾਨ ਕਹਿ ਦਿੰਦਾ ਹੈ, ਉਸ ਵੇਲੇ ਸਾਰੇ ਜਵਾਨ ਦੋਵੇਂ ਅੱਡੀਆਂ ਜੋੜ ਲੈਂਦੇ ਨੇ ਤੇ ਪੰਜੇ ਖੋਲ ਲੈਂਦੇ ਨੇ, ਹੱਥ ਪੱਟਾਂ ਦੇ ਨਾਲ ਲੱਗ ਜਾਂਦੇ ਨੇ। ਨਿਗ੍ਹਾਂ ਜਿਹੜੀ ਹੈ ਉਹ ਤਿੰਨ ਸੌ ਗਜ਼ 'ਤੇ ਦੇਖਣਾ ਸ਼ੁਰੂ ਕਰ ਦਿੰਦੀ ਹੈ। ਠੋਡੀ ਸਿੱਧੀ ਹੋ ਜਾਂਦੀ ਹੈ, ਨਾ ਏਧਰ ਦੇਖਦੇ ਨੇ, ਨਾ ਓਧਰ ਦੇਖਦੇ ਨੇ। ਮਹਾਰਾਜ ਕਹਿੰਦੇ, ਇਹ ਗੱਲ ਤਾਂ ਠੀਕ ਹੈ, ਇਹ ਗੱਲ ਸਾਨੂੰ ਵੀ ਚਾਹੀਦੀ ਹੈ 'ਸਾਵਧਾਨਤਾ' ਲੇਕਿਨ ਇਸ ਤੋਂ ਅੱਗੇ ਗੱਲ ਹੋਰ ਹੈ, ਜੇ ਸਾਵਧਾਨ ਹੋ ਗਿਆ, ਸਾਵਧਾਨ ਦੇ ਵਿੱਚ ਰਹਿਣ ਵਾਲਾ ਨੱਠ ਗਿਆ, ਫੇਰ ਸਾਵਧਾਨਤਾ ਕੀ ਕਰੇਗੀ। ਉਹ ਵੀ ਜ਼ਰੂਰੀ ਹੈ। ਚਿੱਤ ਵੀ ਇਕਾਗਰ ਹੋਵੇ। ਜਿੰਨਾਂ ਚਿਰ ਚਿੱਤ ਨਹੀਂ ਇਕਾਗਰ ਹੁੰਦਾ, ਓਨਾਂ ਚਿਰ ਲੇਖੇ 'ਚ ਨਹੀਂ ਗੱਲ ਪੈਂਦੀ।

ਗੁਰੂ ਨਾਨਕ ਪਾਤਸ਼ਾਹ ਨੇ ਇਹ ਗੱਲ ਸਾਨੂੰ ਪ੍ਰੈਕਟੀਕਲੀ ਸਭ ਤੋਂ ਪਹਿਲਾਂ ਸਮਝਾਈ ਹੈ। ਜਦੋਂ ਆਪ ਨੇ ਪਹਿਲੀ ਉਦਾਸੀ ਵਾਸਤੇ ਕਦਮ ਪੁੱਟਿਆ ਘਰ ਤੋਂ ਬਾਹਰ, ਪਹਿਲੀ ਗੱਲ ਸਾਨੂੰ ਆਹੀ ਸਮਝਾਈ ਹੈ, ਜੇ ਅਸੀਂ ਪਹਿਲਾ ਸਬਕ ਹੀ ਸਮਝ ਜਾਈਏ ਫੇਰ ਤਾਂ ਗੱਲ ਅਸੀਂ ਛੇਤੀ ਦੇ ਕੇ ਹੀ ਫੜ੍ਹ ਲਵਾਂਗੇ। ਕਿਉਂਕਿ ਆਪ ਨੂੰ ਪਤਾ ਸੀ ਕਿ ਪਹਿਲਾ ਸਬਕ ਕਿਸੇ ਕਿਤਾਬ ਦੇ ਵਿਚ ਹੁੰਦਾ ਹੈ, ਕ੍ਰੋਧ ਮਤ ਕਰੋ। ਪਹਿਲਾ ਸਬਕ ਹੋ ਗਿਆ ਕਿ ਕ੍ਰੋਧ ਨਹੀਂ ਕਰਨਾ। ਕਈਆਂ 'ਚ ਹੁੰਦਾ ਹੈ, ਝੂਠ ਮਤ ਬੋਲੋ। ਝੂਠ ਦੀ ਗੱਲ ਚੱਲ ਪਈ ਕਿ ਝੂਠ ਨਹੀਂ ਬੋਲਣਾ। ਏਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਪਹਿਲਾਂ ਸਬਕ ਜਦੋਂ ਸੰਸਾਰ ਨੂੰ ਉਪਦੇਸ਼ ਦੇਣ ਗਏ ਨੇ, ਦਿੱਤਾ ਹੈ, ਮਨ ਦੀ ਇਕਾਗਰਤਾ। ਦੂਸਰਾ ਸਬਕ ਦਿੱਤਾ, ਅਗਲੇ ਕਰਮ 'ਤੇ ਪੈਰ ਰੱਖ ਕੇ ਕਿ ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛੱਕਣਾ। ਗੁਰੂ ਨਾਨਕ ਪਾਤਸ਼ਾਹ ਦੀਆਂ ਉਦਾਸੀਆਂ ਸਾਰੀਆਂ ਤੁਸੀਂ ਵਿਚਾਰ ਲਓ, ਇੱਕ-ਇੱਕ ਉਦਾਸੀ ਜਿੱਥੇ ਇੱਕ ਕਦਮ ਪੁੱਟਿਆ ਉਥੇ ਨਾਲ ਦੀ ਨਾਲ ਉਪਦੇਸ਼ ਹੈ। ਕੋਈ ਇਕੱਠਾ ਕਰ ਲਵੇ ਜੇ ਉਨ੍ਹਾਂ ਨੂੰ ਸਾਮ੍ਹਣੇ ਲਿਆ ਦੇਵੇ। ਬੜੀ ਵੱਡੀ ਗੱਲ ਹੋ ਜਾਵੇ, ਸਾਨੂੰ ਰਸਤਾ ਮਿਲ ਜਾਵੇ। ਸਾਖੀਆਂ ਪੜ੍ਹਨ ਦੀ ਥਾਂ 'ਤੇ ਅਸੀਂ ਅਸਲੀ ਵਿਚਾਰ 'ਚ ਪੈ ਜਾਈਏ ਕਿ ਆਹ ਸੀ ਗੁਰੂ ਸਾਹਿਬ ਦਾ ਸਿਧਾਂਤ। ਇਹ ਤਾਂ ਇੱਥੋਂ ਚੱਲ ਕੇ ਫਲਾਣੇ-ਫਲਾਣੇ ਥਾਂ ਚੱਲ ਕੇ ਗਏ। ਪਰ ਐਨਾ ਸਮਾਂ ਹੋਵੇ ਕਿਸੇ ਕੋਲ ਤਾਂ ਉਹ ਵਿਚਾਰੇ

ਇਸਨੂੰ।

ਗੁਰੂ ਨਾਨਕ ਪਾਤਸ਼ਾਹ, ਜਦੋਂ ਦਰਗਾਹ ਵਿਚ ਗਏ, ਵੇਈਂ ਨਦੀ 'ਚ ਚੁੱਭੀ ਲਾਈ। ਤਿੰਨ ਦਿਨ ਤੋਂ ਬਾਅਦ ਸ਼ਮਸ਼ਾਨ ਭੂਮੀ 'ਚ ਬੈਠੇ, ਇੱਕ ਬਚਨ ਕਰਦੇ ਨੇ -

***ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥***

***ਅੰਗ - 1136***

ਸਭ ਸੁਣੀ ਜਾਂਦੇ ਨੇ ਕਿ ਇਹ ਕਹੀ ਜਾਂਦਾ ਹੈ। ਵਸਤਰ ਕੇਵਲ ਤੇੜ ਇੱਕ ਕਪੀਨ ਹੈ। ਇੱਕ ਪਰਨਾ ਸੀਸ ਦੇ ਉਤੇ ਸਜਾਇਆ ਹੋਇਆ ਹੈ। ਹੋਰ ਕੋਈ ਵਸਤਰ ਨਹੀਂ। ਦਿਗੰਬਰ ਬੈਠੇ ਨੇ, ਵਸਤਰ ਕੋਈ ਨਹੀਂ ਪਹਿਨਿਆ ਹੋਇਆ। ਕਿਸੇ ਨਾਲ ਬੋਲਦੇ ਨਹੀਂ, ਕਿਸੇ ਨਾਲ ਕੋਈ ਗੱਲ ਨਹੀਂ ਕਰਦੇ। ਦੁਨੀਆਂ ਆਉਂਦੀ ਹੈ, ਦੇਖ-ਦੇਖ ਕੇ ਲੰਘੀ ਜਾਂਦੀ ਹੈ ਕਿ ਨਾਨਕ ਨਿਕਲ ਆਇਆ, ਨਾਨਕ ਨਿਕਲ ਆਇਆ। ਝੁੰਡਾਂ ਦੇ ਝੁੰਡ ਆਉਂਦੇ ਨੇ, ਦੇਖਦੇ ਨੇ, ਕਈ ਕਹਿੰਦੇ ਨੇ ਇਕ ਇਹਦੇ ਦਿਮਾਗ 'ਚ ਪਾਣੀ ਪੈ ਗਿਆ, ਦੇਖੋ ਹੈਰਾਨੀ ਦੀ ਗੱਲ ਹੈ ਤਿੰਨ ਦਿਨ ਬਾਅਦ ਫੇਰ ਜੀਉਂਦਾ ਨਿਕਲ ਆਇਆ। ਨਿਕਲਿਆ ਵੀ ਕਿੱਧਰ ਉਪਰਲੇ ਪਾਸੇ। ਕਈ ਕਹਿੰਦੇ ਨੇ ਕਿ ਮੱਛ ਫੜ ਕੇ ਲੈ ਗਿਆ ਹੋਣਾ ਹੈ ਇੱਥੇ ਛੁੱਟ ਗਿਆ ਮੱਛ ਤੋਂ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ। ਕੋਈ ਕਹਿੰਦਾ ਹੈ ਕਿ ਨਹੀਂ ਇਹਨੂੰ ਕੋਈ ਭੂਤਨਾ ਲਗ ਗਿਆ ਹੋਣਾ, ਕੋਈ ਓਪਰੀ ਹਵਾ ਲੈ ਗਈ ਇਹਨੂੰ। ਆਪਣੇ-ਆਪਣੇ ਖਿਆਲ, ਕਿਉਂਕਿ ਉਨ੍ਹਾਂ ਦੀ ਵਡੱਤਣ ਨੂੰ ਸੰਸਾਰ ਨੇ ਅਜੇ ਜਾਣਿਆ ਨਹੀਂ ਸੀ। ਸੰਸਾਰ ਹਮੇਸ਼ਾਂ ਮਹਾਂਪੁਰਸ਼ਾਂ ਨੂੰ ਉਦੋਂ ਜਾਣਦਾ ਹੈ ਜਦੋਂ ਉਹ ਸਰੀਰ ਛੱਡ ਕੇ ਅਲੋਪ ਹੋ ਜਾਣ। ਜੀਉਂਦੇ-ਜੀਉਂਦੇ ਕੋਈ ਨਹੀਂ ਜਾਣਦਾ। ਜੀਉਂਦਿਆਂ ਨੂੰ ਉਹ ਇੱਕ ਸਾਧਾਰਣ ਮਨੁੱਖ ਲੱਗਿਆ ਕਰਦੇ ਨੇ, ਜਦੋਂ ਗੁਰੂ ਮਹਾਰਾਜ ਸੰਸਾਰ 'ਤੇ ਸੀ, ਤਾਂ ਸਾਧਾਰਣ ਮਨੁੱਖ ਹੀ ਨਹੀਂ ਸੀ ਲਗਦੇ, ਗਲਤ ਮਨੁੱਖ ਲਗਦੇ ਸੀ, ਕੁਰਾਹੀਏ ਲਗਦੇ ਸੀ। ਬੇਤਾਲੇ ਲਗਦੇ ਸੀ। ਇਸ ਤਰ੍ਹਾਂ ਦੇ ਨਾਲ ਜਾਂਦੇ ਨੇ, ਦੇਖਦੇ ਨੇ। ਸੋਹਣੀ ਖਬਰ ਹੋ ਗਈ ਉਨ੍ਹਾਂ ਲਈ, ਕਿ ਨਿਕਲ ਆਇਆ ਨਾਨਕ ਪਾਣੀ 'ਚੋਂ। ਨਵਾਬ ਨੂੰ ਪਤਾ ਲੱਗਿਆ, ਨਵਾਬ ਨੇ ਕਿਹਾ ਕਿ ਇਹ ਘਾਟਾ ਪਾ ਗਿਆ, ਇਹ ਦਰਿਆ 'ਚ ਜਾਣ ਕੇ ਡੁੱਬਿਆ ਹੈ। ਹਿਸਾਬ-ਕਿਤਾਬ ਕੀਤਾ, ਸੱਤ ਸੌ ਦੇ ਕਰੀਬ ਵਾਧਾ ਨਿਕਲਿਆ। ਸੱਤ ਸੌ ਰੁਪਿਆ ਉਨ੍ਹਾਂ ਦਿਨਾਂ ਦਾ ਇੱਕ ਰੁਪਿਆ ਹੁਣ ਦੇ ਚਾਰ ਸੌ ਜਾਂ ਪੰਜ ਸੌ ਰੁਪਏ ਜਿੰਨਾਂ ਮੁੱਲ ਰੱਖਦਾ ਸੀ। ਐਨਾ ਰੁਪਿਆ ਵਾਧਾ ਨਿਕਲ ਆਇਆ ਤੇ ਮੂਲ ਚੰਦ ਨੂੰ ਪਤਾ ਲੱਗਿਆ ਕਿ ਹਿਸਾਬ ਹੋ ਗਿਆ ਤੇ ਵੇਈਂ ਨਦੀ 'ਚੋਂ ਨਾਨਕ ਬਾਹਰ ਆ ਗਿਆ। ਪਰ ਹੁਣ ਘਰ ਨਹੀਂ ਜਾ ਰਿਹਾ, ਪੈਸਾ ਬਹੁਤ ਨਿਕਲ ਆਇਆ। ਜੇ ਨਵਾਬ ਨੇ ਪੁੱਛਿਆ ਤਾਂ ਉਹਨੇ ਇਹ ਕਹਿ ਦਿੱਤਾ ਕਿ ਸਾਧੂਆਂ ਨੂੰ ਲੁਟਾ ਦਿਓ। ਕਿਸੇ ਗੱਲ ਦਾ ਜਵਾਬ ਨਹੀਂ ਦਿੰਦਾ, ਘਰ ਨਹੀਂ ਜਾਂਦਾ, ਕਿਸੇ

ਨਾਲ ਬੋਲ ਨਹੀਂ ਰਿਹਾ। ਇੱਕੋ ਗੱਲ ਕਹਿ ਦਿੰਦਾ ਹੈ, ਜਦੋਂ ਕੋਈ ਕੋਲ ਆਉਂਦਾ ਹੈ -

*ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥*
*ਅੰਗ - 1136*

ਉਸ ਵੇਲੇ ਇਹਨੇ ਆ ਕੇ ਕੇਸ ਕਰ ਦਿੱਤਾ ਗੁਰੂ ਨਾਨਕ ਪਾਤਸ਼ਾਹ 'ਤੇ ਕਿ ਗੁਰੂ ਨਾਨਕ ਨੇ ਜੋ ਬਰਵਲ ਵਸੀਅਤ ਕਰੀ ਹੈ ਕਿ ਮੇਰਾ ਜੋ ਵਾਧਾ ਨਿਕਲਿਆ ਹੈ ਉਹ ਸੰਤਾਂ ਨੂੰ ਛਕਾ ਦਿਓ। ਇਹ ਗਲਤ ਹੈ, ਉਹਦੇ ਵਿੱਚ ਇਹਦੇ ਪੁੱਤਰਾਂ ਦਾ ਹੱਕ ਹੈ, ਘਰਵਾਲੀ ਦਾ ਹੱਕ ਹੈ, ਮੇਰੀ ਲੜਕੀ ਦਾ ਹੱਕ ਹੈ। ਇਹ ਸਾਰਾ ਪੈਸਾ ਮੈਨੂੰ ਦਿੱਤਾ ਜਾਵੇ।

ਮੁਕੱਦਮਾ ਪੇਸ਼ ਹੋ ਗਿਆ, ਪੇਸ਼ੀ ਆ ਗਈ ਤੇ ਨਵਾਬ ਨੇ ਸਾਰੀ ਗੱਲ ਵਿਚਾਰੀ ਤੇ ਕਾਜ਼ੀ ਨੂੰ ਕਹਿਣ ਲੱਗੇ, ਕਾਜ਼ੀ ਸਾਹਿਬ! ਗੱਲ ਇਸ ਦੀ ਵੀ ਜਾਇਜ਼ ਹੈ, ਬਾਕੀ ਜੋ ਨਾਨਕ ਜੀ ਕਹਿ ਗਏ ਨੇ ਉਹ ਪੈਸੇ ਦੇ ਮਾਲਕ ਨੇ, ਉਹ ਚਾਹੇ ਕੁਛ ਕਹਿ ਜਾਣ, ਫੇਰ ਸਾਨੂੰ ਉਹ ਵੀ ਮੰਨਣੀ ਪੈਂਦੀ ਹੈ, ਹੁਣ ਮੈਂ ਕਿਵੇਂ ਕਰਾਂ ਫੈਸਲਾ। ਗੁਰੂ ਨਾਨਕ ਨੂੰ ਤਲਬ ਕਰਿਆ ਸੀ, ਉਹ ਗੱਲ ਹੀ ਨਹੀਂ ਸੁਣਦਾ ਕਿਸੇ ਦੀ। ਹਿਲਦਾ ਹੀ ਨਹੀਂ, ਚੁੱਪ ਕਰਿਆ ਬੈਠਾ ਹੈ, ਮੋਢੇ ਹਿਲਾ-ਹਿਲਾ ਕੇ ਦੇਖ ਲਏ ਸਾਰਿਆਂ ਨੇ, ਤਾਂ ਵੀ ਨਹੀਂ ਉਹ ਹਿਲਦਾ। ਹੁਣ ਗੱਲ ਕੀਹਦੇ ਨਾਲ ਕਰੀਏ।

ਨਵਾਬ ਨੇ ਕਿਹਾ ਕਿ ਮੈਂ ਇੱਕ ਤਰਫਾ ਫੈਸਲਾ ਨਹੀਂ ਕਰਨਾ ਚਾਹੁੰਦਾ, ਉਹ ਵੀ ਕਚਹਿਰੀ ਵਿੱਚ ਹੋਣ, ਇਹ ਵੀ ਕਚਹਿਰੀ ਵਿੱਚ ਹੋਣ, ਜਿਹੜਾ ਕੁਛ ਕਹੇਗਾ ਮੈਂ ਉਹਦੇ ਮੁਤਾਬਿਕ ਕਰਾਂਗਾ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਨਾਨਕ ਨੂੰ ਕੁਛ ਨਹੀਂ ਹੋਇਆ-ਹੋਇਆ, ਭੂਤਨੇ ਚਿੰਬੜੇ ਹੋਏ ਨੇ, ਭੂਤ ਲੱਗੇ ਹੋਏ ਨੇ, ਉਨ੍ਹਾਂ ਨੇ ਦੀਵਾਨਾ ਕਰ ਦਿੱਤਾ, ਅਕਲ ਉਹਦੀ ਜਾਂਦੀ ਰਹੀ। ਇਸ ਕਰਕੇ ਜਦੋਂ ਆਦਮੀ ਦੀ ਅਕਲ ਨਾ ਥਿਰ ਰਹੇ ਤਾਂ ਇੱਕ ਤਰਫਾ ਹੀ ਫੈਸਲਾ ਹੋਣਾ ਚਾਹੀਦਾ ਹੈ, ਦੋ ਤਰਫਾਂ ਨਹੀਂ ਹੋਣਾ ਚਾਹੀਦਾ। ਸਾਰੇ ਲੋਕਾਂ ਦੀ ਇਹ ਰਾਏ ਹੈ, ਮੇਰੀ ਇਕੱਲੇ ਦੀ ਨਹੀਂ ਹੈ। ਮੇਰੀ ਲੜਕੀ ਰੋ ਰਹੀ ਹੈ ਕਿ ਹੋ ਕੀ ਗਿਆ, ਮੈਂ ਵੀ ਮਿਲ ਕੇ ਆਇਆ ਹਾਂ, ਕੋਈ ਨਾ ਮੈਨੂੰ ਪਛਾਣਦਾ ਹੈ, ਨਾ ਮੇਰੇ ਨਾਲ ਗੱਲ ਕਰਦਾ ਹੈ। ਉਸ ਵੇਲੇ ਫੈਸਲਾ ਕੀਤਾ ਗਿਆ, ਜਿਹੜਾ ਉਸ ਵੇਲੇ ਦਾ ਸਾਰਿਆਂ ਤੋਂ ਵੱਡਾ ਮੁੱਲਾਂ ਸੀ ਉਸਨੂੰ ਸੱਦਿਆ ਗਿਆ। ਕਹਿਣ ਲੱਗੇ, ਮੁੱਲਾਂ ਜੀ! ਤੁਹਾਡੇ ਕੋਲ ਜਿਹੜਾ ਗੈਬ ਦਾ ਕਾਲਾ ਇਲਮ ਹੈ, ਉਹ ਤੁਸੀਂ ਕਿਹੜੀ-ਕਿਹੜੀ ਰੂਹ ਨੂੰ ਵਸ ਕਰਨ ਜਾਣਦੇ ਓਂ, ਉਹ ਕਹਿੰਦਾ ਮੈਂ ਕੋਈ ਵੀ ਨਹੀਂ ਛੱਡਦਾ, ਸਾਰੀਆਂ ਨੂੰ ਜਾਣਦਾ ਹਾਂ। ਜੱਖਾਂ ਨੂੰ ਵੀ, ਜਿੰਨਾਂ ਨੂੰ ਵੀ, ਭੂਤਾਂ ਨੂੰ ਪ੍ਰੇਤਾਂ ਨੂੰ, ਸਾਰਿਆਂ ਨੂੰ ਮੈਂ ਵਸ ਕਰਨ ਦੀ ਜਾਂਚ ਜਾਣਦਾ ਹਾਂ। ਕਹਿੰਦੇ, ਨਾਨਕ ਜੀ ਦਾ ਇਹ ਹਾਲ ਹੈ। ਕਹਿੰਦਾ, ਮਾਮੂਲੀ ਗੱਲ ਹੈ, ਮੈਂ ਜਾ ਕੇ ਭੂਤ ਕੱਢ ਦਿੰਦਾ ਹਾਂ ਉਹਦੇ। ਭੂਤ ਕੱਢਣ ਵਾਸਤੇ ਮੁੱਲਾਂ ਤੁਰਿਆ ਜਾ ਰਿਹਾ ਹੈ। ਨਾਲ ਬੇਅੰਤ ਦੁਨੀਆਂ ਹੈ, ਸੁਲਤਾਨਪੁਰ 'ਚ ਖਬਰ ਹੋ

ਗਈ ਕਿ ਨਾਨਕ ਜੀ ਦਾ ਭੂਤ ਕੱਢਣ ਆਏ ਨੇ। ਉਥੇ ਜਾ ਕੇ ਮੁੱਲਾਂ ਸਾਮ੍ਹਣੇ ਬੈਠ ਜਾਂਦਾ ਹੈ ਤੇ ਉੱਚੀ-ਉੱਚੀ ਬੋਲਦਾ ਹੈ, ਮੰਤਰ ਪੜ੍ਹਦਾ ਹੈ, ਮੰਤਰ ਪੜ੍ਹ ਕੇ ਫੂਕ ਮਾਰਦਾ ਹੈ, ਕਹਿੰਦਾ ਬੋਲ ਕੌਣ ਹੈ? ਕੋਈ ਆਵਾਜ਼ ਨਹੀਂ ਆਉਂਦੀ, ਮੋਢੇ ਹਿਲਾਉਂਦਾ ਹੈ, ਕੋਈ ਆਵਾਜ਼ ਨਹੀਂ ਆਉਂਦੀ। ਫੇਰ ਮੰਤਰ ਪੜ੍ਹਦਾ ਹੈ, ਕਹਿੰਦਾ ਇਹ ਨਹੀਂ, ਆਹ ਮੰਤਰ ਨਾਲ ਠੀਕ ਹੋਏਗਾ। ਧੂਫ ਦਿੰਦਾ ਹੈ, ਅੱਗ ਦੇ ਵਿੱਚ ਕੁਛ ਪਾਉਂਦਾ ਹੈ, ਫੇਰ ਉਸ ਤੋਂ ਬਾਅਦ ਕਹਿੰਦਾ ਹੈ ਕਿ ਤੂੰ ਬੋਲਦਾ ਕਿਉਂ ਨਹੀਂ, ਦੱਸ ਕਿਹੜੀ ਜਾਤ ਹੈ ਤੇਰੀ, ਕੌਣ ਹੈਂ, ਕਿੱਥੋਂ ਚਿੰਬੜਿਆ ਹੈਂ? ਜਦੋਂ ਸਾਰੇ ਤਰੀਕੇ ਫੇਲ੍ਹ ਹੋ ਗਏ। ਉਸ ਵੇਲੇ ਉਹਨੇ ਇੱਕ ਬੜੇ ਜ਼ਹਿਰੀਲੇ ਧੂੰਏਂ ਦੀ ਬੱਤੀ ਬਣਾਈ ਤੇ ਉਹ ਧੂੰਆਂ ਬਣਾ ਕੇ ਮਹਾਰਾਜ ਜੀ ਦੇ ਨੱਕ 'ਚ ਦੇ ਦਿੱਤੀ ਬੱਤੀ। ਜਦੋਂ ਅੰਦਰ ਧੂੰਆਂ ਗਿਆ, ਦਸਵੇਂ ਦੁਆਰ ਵਿੱਚ ਜਾ ਕੇ ਹਿੱਲ-ਜੁੱਲ ਹੋਈ, ਮਹਾਰਾਜ ਜੀ ਨੇ ਨੇਤਰ ਖੋਲ੍ਹ ਲਏ। ਨੇਤਰ ਖੋਲ੍ਹੇ ਤਾਂ ਸਾਰੇ ਕਹਿਣ ਲੱਗੇ ਕਿ ਲੈ ਬਈ, ਭੂਤ ਹਿੱਲ ਗਿਆ, ਹੁਣ ਬੋਲੇਗਾ। ਉਸ ਵੇਲੇ ਮਹਾਰਾਜ ਜੀ ਨੇ ਮੁੱਲਾਂ ਨੂੰ ਸਾਮ੍ਹਣੇ ਦੇਖਿਆ। ਦੇਖ ਕੇ ਕੋਈ ਉਨ੍ਹਾਂ ਨੇ ਸਰਾਪ ਨਹੀਂ ਦਿੱਤਾ। ਸਮਾਧੀ 'ਚੋਂ ਮਹਾਤਮਾ ਨੂੰ ਹਿਲਾ ਦੇਣਾ, disturb ਕਰ ਦੇਣਾ, ਇਹ ਸਾਰਿਆਂ ਨਾਲੋਂ ਵੱਡਾ ਗੁਨਾਹ ਹੈ। ਜਿਹਨੂੰ ਮਹਾਤਮਾ ਮਾਫ ਨਹੀਂ ਕਰਿਆ ਕਰਦੇ। ਹੋਰ ਸਭ ਕੁਛ ਮਾਫ ਕਰ ਦਿੰਦੇ ਨੇ, ਗਾਲ੍ਹਾਂ ਕੱਢੀਆਂ, ਪ੍ਰਮੇਸ਼ਰ ਨਾਲ ਜੁੜੇ ਨੂੰ ਜਿਹੜਾ ਤੋੜ ਦਿੰਦਾ ਹੈ, ਉਹਨੂੰ ਨੂੰ ਨਹੀਂ ਮਾਫ ਕਰਦੇ।

ਬਾਬਾ ਫਰੀਦ ਜੀ ਦਾ ਜੋ ਦਾਮਾਦ ਸੀ, ਮਖਦੂਮ ਸੀ ਉਹਦਾ ਨਾਮ। ਉਹ ਮਰਕੱਬੇ 'ਚ ਬਹੁਤ ਬੈਠਦਾ ਸੀ, ਵੱਡੀਆਂ ਲੰਮੀਆਂ ਸਮਾਧੀਆਂ ਲਾਉਂਦਾ ਸੀ। ਇੱਕ ਵਾਰੀ ਉਹ ਸਮਾਧੀ ਲਾਈ ਬੈਠਾ ਸੀ, ਬਾਬਾ ਫਰੀਦ ਜੀ ਦਾ ਛੋਟਾ ਲੜਕਾ ਜਾ ਕੇ ਦਰਵਾਜ਼ਾ ਖੜਕਾਉਣ ਲੱਗ ਗਿਆ। ਬੱਚਾ ਸੀ ਛੋਟਾ। ਕੁੰਡਾ ਖੜਕਾਈ ਗਿਆ, ਰੌਲਾ ਪਾਈ ਗਿਆ ਕੋਲ। ਝੀਥਾਂ ਥਾਈਂ ਦੇਖਣਾ ਸ਼ੁਰੂ ਕਰ ਦਿੱਤਾ। ਮਖਦੂਮ ਦੀ ਸਮਾਧੀ ਖੁਲ੍ਹ ਗਈ। ਸਮਾਧੀ ਖੁਲ੍ਹਦੇ ਸਾਰ ਉਹਨੇ ਦਰਵਾਜ਼ਾ ਖੋਲ੍ਹ ਕੇ ਦੇਖਿਆ ਕਿ ਕੌਣ ਹੈ, ਜਿਹੜਾ ਮੈਨੂੰ ਅੱਲਾਹ ਤਾਲਾਹ ਨਾਲ ਜੁੜਨ ਨਹੀਂ ਦਿੰਦਾ। ਜਦੋਂ ਦਰਵਾਜ਼ਾ ਖੋਲ੍ਹ ਕੇ ਕ੍ਰੋਪ ਦੀ ਦ੍ਰਿਸ਼ਟੀ ਨਾਲ ਦੇਖਿਆ ਤਾਂ ਉਹ ਬਿਲਕੁਲ ਭਸਮ ਦੀ ਢੇਰੀ ਬਣਾ ਦਿੱਤਾ, ਦੇਖਦੇ ਸਾਰ ਉਹਨੇ। ਉਥੇ ਹੀ ਖਤਮ ਕਰ ਦਿੱਤਾ। ਬਾਬਾ ਫਰੀਦ ਜੀ ਨੂੰ ਦੱਸਿਆ ਕਿ ਤੁਹਾਡਾ ਛੋਟਾ ਲੜਕਾ ਤਾਂ ਸੁਆਹ ਦੀ ਢੇਰੀ ਬਣਾ ਦਿੱਤਾ ਮਖਦੂਮ ਨੇ। ਕਹਿੰਦੇ, ਭਾਈ! ਉਥੇ ਜਾਣਾ ਨਹੀਂ ਸੀ ਚਾਹੀਦਾ ਉਹਨੂੰ।

ਏਸੇ ਤਰ੍ਹਾਂ ਭੈਣ ਇਨ੍ਹਾਂ ਦੀ ਈਰਾਨ ਗਈ ਹੋਈ ਸੀ, ਦੱਸ ਸਾਲ ਬਾਅਦ ਵਾਪਸ ਆਉਂਦੀ ਹੈ। ਆ ਕੇ ਬਾਬੇ ਫਰੀਦ ਨੂੰ ਕਹਿਣ ਲੱਗੀ ਕਿ ਤੁਸੀਂ ਆਪਣੀ ਲੜਕੀ ਦਾ ਰਿਸ਼ਤਾ ਮਖਦੂਮ ਨਾਲ ਕਰ ਦਿਓ, ਕਹਿੰਦੇ ਇਹ ਰਿਸ਼ਤਾ ਕਰਾਉਣ ਵਾਲਾ ਨਹੀਂ ਹੈ, ਇਹਦਾ ਜਲਾਲ ਬਹੁਤ ਜ਼ਬਰਦਸਤ ਹੈ। ਮੇਰੀ ਲੜਕੀ ਨੇ ਕਿੰਨੇ ਦਿਨ ਕੱਟਣੇ ਨੇ, ਜਿਸ ਦਿਨ ਗੁੱਸੇ ਹੋ ਗਿਆ, ਉਸ ਦਿਨ ਇਹਨੇ ਭਸਮ ਬਣਾ ਦੇਣਾ ਹੈ ਇਹਨੂੰ। ਜ਼ੋਰ ਪਾਇਆ ਤੇ ਨਿਕਾਹ ਹੋ ਗਿਆ। ਉਹ ਆਪਣਾ ਜਿਥੇ ਸਮਾਧੀ ਲਾਉਂਦਾ ਸੀ ਉਥੇ ਬੈਠ

ਗਿਆ। ਮਾਂ ਨੇ ਕਿਹਾ ਕਿ ਤੂੰ ਜਾਹ ਉਹਦੇ ਕੋਲ, ਕੁਛ ਪੀਣ ਵਾਸਤੇ ਦੇ ਕੇ ਹੱਥ ਵਿੱਚ ਭੇਜ ਦਿੱਤਾ, ਦੁੱਧ ਵਗੈਰਾ। ਇਹ ਸਾਰੀ ਰਾਤ ਸਾਮ੍ਹਣੇ ਖੜ੍ਹੀ ਰਹੀ। ਮਾੜਾ ਜਿਹਾ ਖੜਕਾ ਹੋ ਗਿਆ ਅੰਮ੍ਰਿਤ ਵੇਲੇ, ਉਹਦੀ ਸਮਾਧੀ ਖੁਲ੍ਹ ਗਈ ਜਦੋਂ ਉਹਨੇ ਦੇਖਿਆ ਤਾਂ ਕਹਿੰਦਾ ਤੈਨੂੰ ਕਿਸਨੇ ਭੇਜਿਆ ਹੈ? ਤੂੰ ਇੱਥੇ ਕਿਉਂ ਆਈਂ ਹੈਂ? ਜਲਾਲ ਦੇ ਨਾਲ ਦੇਖਿਆ, ਸੁਆਹ ਦੀ ਢੇਰੀ ਬਣਾ ਦਿੱਤੀ। ਬਾਬਾ ਫਰੀਦ ਜੀ ਨੂੰ ਖਬਰ ਹੋ ਗਈ ਕਿ ਬਾਬਾ ਜੀ! ਲੜਕੀ ਵੀ ਸੁਆਹ ਦੀ ਢੇਰੀ ਬਣਾ ਦਿੱਤੀ।

ਗੁਰੂ ਨਾਨਕ ਪਾਤਸ਼ਾਹ ਜਦੋਂ ਜਾ ਕੇ ਮਿਲਦੇ ਨੇ ਭਰਥਰੀ ਨੂੰ ਉਸ ਵੇਲੇ ਮਰਦਾਨੇ ਨੇ ਕੋਈ ਬਚਨ ਕਹਿ ਦਿੱਤਾ। ਜੋ ਭਰਥਰੀ ਨੂੰ ਚੁੱਭ ਗਿਆ ਸੁਣਦੇ ਸਾਰ। ਉਸ ਵੇਲੇ ਜਦੋਂ ਉਹ ਨੇਤਰ ਕਰਕੇ ਮਰਦਾਨੇ ਵਲ ਦੇਖਣ ਲੱਗਿਆ, ਗੁਰੂ ਮਹਾਰਾਜ ਨੇ ਆਪਣਾ ਹੱਥ ਮੂਹਰੇ ਕਰ ਦਿੱਤਾ। ਲੇਕਿਨ ਮਰਦਾਨੇ ਦਾ ਰੰਗ ਕਾਲਾ ਹੋ ਗਿਆ। ਕਹਿੰਦਾ, ਸੱਚੇ ਪਾਤਸ਼ਾਹ! ਆਹ ਕੀ ਹੋ ਗਿਆ, ਮੇਰਾ ਰੰਗ ਕਾਲਾ ਹੋ ਗਿਆ? ਕਹਿੰਦੇ, ਮਰਦਾਨਿਆਂ! ਸ਼ੁੱਕਰ ਕਰ, ਅਸੀਂ ਹੱਥ ਮੂਹਰੇ ਕਰ ਦਿੱਤਾ ਸੀ। ਜੇ ਕਿਤੇ ਦੇਖ ਲੈਂਦਾ ਉਹ ਤਾਂ ਭਸਮ ਬਣਾ ਦਿੰਦਾ ਤੈਨੂੰ।

ਬੇਨਤੀ ਕਰਨ ਦਾ ਮਤਲਬ ਇਹ ਹੈ ਕਿ ਜਦੋਂ ਮਹਾਂਪੁਰਸ਼ ਸਮਾਧੀ 'ਚ ਹੁੰਦਾ ਹੈ, ਵਾਹਿਗੁਰੂ ਨਾਲ ਜੁੜਿਆ ਹੁੰਦਾ ਹੈ, ਉਹ ਸਹਿ ਨਹੀਂ ਸਕਦਾ ਜੇ ਉਹਦੀ ਸਮਾਧੀ ਕੋਈ ਤੋੜ ਦੇਵੇ। ਸੋ ਗੁਰੂ ਨਾਨਕ ਪਾਤਸ਼ਾਹ ਦੀ ਜੋ ਸਮਾਧੀ ਸੀ ਦਸਵੇਂ ਦੁਆਰ 'ਚ ਸਵਾਸ ਚੜ੍ਹੇ ਹੋਏ, ਕਿੰਨੇ ਗਲਤ ਤਰੀਕੇ ਨਾਲ disturb ਕੀਤਾ ਮਹਾਰਾਜ ਨੂੰ ਕਿ ਨੱਕ ਦੇ ਵਿੱਚ ਜ਼ਹਿਰੀਲਾ ਧੂੰਆਂ ਦੇ ਦਿੱਤਾ। ਜਦੋਂ ਅੰਦਰ ਗਿਆ, ਖਾਂਸੀ ਉਹਨੇ ਪੈਦਾ ਕਰਨੀ ਹੀ ਸੀ, ਸਾਹ ਦੇ ਨਾਲ ਲੱਗਣਾ ਸੀ ਦਸਵੇਂ ਦੁਆਰ ਤੱਕ ਹਿਲਜੁਲ ਹੋ ਗਈ, ਮਹਾਰਾਜ ਨੇ ਨੇਤਰ ਖੋਲ੍ਹ ਕੇ, ਸਾਰਿਆਂ ਵਲ ਦੇਖਿਆ, ਤਮਾਸ਼ਾ ਲੱਗਿਆ ਹੋਇਆ, ਭੀੜ ਲੱਗੀ ਹੋਈ। ਸਾਰੇ ਕਹਿੰਦੇ ਕਿ ਲੈ ਬਈ ਭੂਤ ਨੇ ਅੱਖਾਂ ਖੋਲ੍ਹ ਲਈਆਂ। ਹੁਣ ਬੋਲੂ ਭੂਤ, ਦੇਖੋ ਕੀ ਕਹਿੰਦਾ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਸੁਭਾਵਿਕ ਬਚਨ ਕੀਤਾ –

***ਧਾਰਨਾ – ਲਿਖ ਲਿਖ ਵੇਚਹਿ ਨਾਉ,***
***ਧ੍ਰਿਗ ਜੀਉਣਾ ਉਨ੍ਹਾਂ ਦਾ।***

***ਧ੍ਰਿਗੁ ਤਿਨਾ ਕਾ ਜੀਵਿਆ***
***ਜਿ ਲਿਖਿ ਲਿਖਿ ਵੇਚਹਿ ਨਾਉ ॥***
***ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥***

***ਅੰਗ – 1245***

ਟਕੋਰ ਮਾਰੀ ਬੜੀ ਜ਼ਬਰਦਸਤ, ਕਹਿੰਦੇ ਜਿਹੜੇ ਲਿਖ-ਲਿਖ ਕੇ ਮੰਤਰ-ਜੰਤਰ ਵੇਚਦੇ ਨੇ, ਧਿਰਕਾਰ ਹੈ ਉਨ੍ਹਾਂ ਨੂੰ। ਜੀਉਣਾ ਹੀ ਧਿਰਕਾਰ ਹੈ। ਉਨ੍ਹਾਂ ਨੇ ਤਾਂ ਖੇਤੀ ਉਜਾੜ ਲਈ ਇਥੇ, ਹੁਣ ਖਲਵਾੜਾ ਕਾਹਦੇ ਵਾਸਤੇ ਸੰਵਾਰਨ ਲੱਗੇ ਹਾਂ, ਉਥੇ ਕਿਹੜੀ ਫਸਲ ਜਾਏਗੀ। ਉਹਦੀ ਕੋਈ

ਸਹਾਇਤਾ ਨਹੀਂ ਕਰਿਆ ਕਰਦਾ, ਜਿਹੜੇ ਭੂਤਾਂ-ਪ੍ਰੇਤਾਂ ਦੇ ਮੰਤਰ ਲਿਖਦੇ ਨੇ ਤੇ ਦੁਨੀਆਂ ਤੋਂ ਪੈਸੇ ਬਟੋਰਦੇ ਨੇ। ਕੋਈ ਵੀ ਮੰਤਰ ਲਿਖ ਕੇ ਵੇਚ ਦੇਣਾ, ਪੜ੍ਹ ਕੇ ਵੇਚ ਦੇਣਾ, ਬਰਾਬਰ ਹੀ ਹੈ ਸਾਧਸੰਗਤ ਜੀ। ਬੜਾ ਮੁਸ਼ਕਲ ਹੈ ਇਨ੍ਹਾਂ ਗੱਲਾਂ 'ਤੇ ਚੱਲਣਾ। ਅਖੰਡਪਾਠ ਕਰਦੇ ਨੇ, ਵੇਚ ਦਿੰਦੇ ਨੇ ਪੜ੍ਹ ਕੇ। ਖੇਤੀ ਉਜਾੜ ਲਈ, ਆਪਣੇ ਕੋਲ ਤਾਂ ਕੁਛ ਵੀ ਨਾ ਰੱਖਿਆ। ਕਈ ਕਹਿੰਦੇ ਨੇ ਕਿ ਗੁਜ਼ਾਰਾ ਫੇਰ ਕਿਵੇਂ ਚੱਲੇ? ਆਹ ਵੀ ਸਵਾਲ ਆ ਜਾਂਦਾ ਹੈ ਕਿ ਗੁਜ਼ਾਰਾ ਕਿਵੇਂ ਚੱਲੇ? ਕਿਉਂਕਿ ਅਸੀਂ ਪੇਸ਼ਾ ਬਣਾ ਦਿੱਤਾ ਇਹ। ਪਾਠ ਕਰਨ ਦਾ ਪੇਸ਼ਾ ਬਣ ਗਿਆ। ਉਨ੍ਹਾਂ ਦਾ ਕੰਮ ਹੀ ਇਹੀ ਹੈ ਪਾਠ ਤੁਸੀਂ ਕਰਾਉਣੇ ਨੇ, ਉਨ੍ਹਾਂ ਨੇ ਕਰਨੇ ਨੇ। ਉਨ੍ਹਾਂ ਨੇ ਆਪਣਾ ਰੇਟ ਬੰਨ੍ਹਿਆ ਹੋਇਆ ਹੈ, ਤੁਸੀਂ ਆਪਣਾ ਰੇਟ ਰਖਦੇ ਓਂ ਕਿ ਘੱਟ ਹੀ ਮਿਲ ਜਾਵੇ ਥੋੜ੍ਹਾ ਜਿਹਾ ਪੈਸਾ, ਕਿਹੜਾ ਪਾਠੀ ਹੈ ਜਿਹੜਾ ਘੱਟ ਪੇਸੇ ਲੈਂਦਾ ਹੈ। ਦੋਵੇਂ ਪਾਸੇ ਰੌਲਾ ਪੈ ਗਿਆ। ਗੱਲ ਬਹੁਤ ਦੂਰ ਚਲੀ ਗਈ।

ਇਹ ਜੋ ਬਚਨ ਉਸ ਨੇ ਸੁਣਿਆ, ਮੁੱਲਾਂ ਦੀਆਂ ਤਾਂ ਅੱਖਾਂ ਖੁੱਲ੍ਹ ਗਈਆਂ ਕਿ ਹੈਂ? ਮੈਂ ਤਾਂ ਸਮਝਦਾ ਸੀ ਕਿ ਭੂਤ-ਪ੍ਰੇਤ ਹੈ। ਜਦੋਂ ਗੁਰੂ ਮਹਾਰਾਜ ਨੇ ਦ੍ਰਿਸ਼ਟੀ ਕਰੀ, ਦਇਆ ਦ੍ਰਿਸ਼ਟੀ ਨਾਲ ਮੁੱਲਾਂ ਵਲ ਦੇਖਿਆ, ਮੁੱਲਾਂ ਦਾ ਜਿਹੜਾ ਪਾਪ ਦਾ ਭਰਿਆ ਹੋਇਆ ਹਿਰਦਾ ਸੀ, ਸਾਰਾ ਹੀ ਉਡਣਾ ਸ਼ੁਰੂ ਹੋ ਗਿਆ, ਚਾਨਣ ਹੋ ਗਿਆ ਤੇ ਮੁੱਲਾਂ ਨੇ ਨਮਸ਼ਕਾਰ ਕਰ ਦਿੱਤੀ। ਲੋਕਾਂ ਨੂੰ ਨਾ ਸਮਝ ਪਈ, ਕਿਉਂਕਿ ਉਹ ਦੂਰ ਖੜ੍ਹੇ ਸੀ। ਕਹਿਣ ਲੱਗੇ, ਲੈ ਬਈ! ਕੋਈ ਬਹੁਤ ਵੱਡਾ ਭੂਤ ਹੈ, ਮੁੱਲਾਂ ਵੀ ਨਿਵ ਗਿਆ ਇਹਦੇ ਮੂਹਰੇ। ਬੇਤਾਲ ਹੈ ਕੋਈ ਵੱਡਾ। ਮੁੱਲਾਂ ਨੇ ਕੀ ਨਿਵਣਾ ਸੀ। ਇਕ ਦੂਜੇ ਨੂੰ ਪੁੱਛਦੇ ਨੇ ਕਿ ਤੂੰ ਸੁਣਿਆ ਕੀ ਕਿਹਾ, ਤੂੰ ਸੁਣਿਆ ਕੀ ਕਿਹਾ। ਉਹ ਕਹਿੰਦਾ, ਕਿਹਾ ਜ਼ਰੂਰ ਹੈ ਪਰ ਮੁੱਲਾਂ ਤਾਂ ਮੱਥੇ ਟੇਕਦਾ ਹੈ, ਦੋਵੇਂ ਹੱਥ ਜੋੜ ਕੇ ਬੈਠਾ ਹੈ ਸਾਮ੍ਹਣੇ। ਗੁਰੂ ਮਹਾਰਾਜ ਨੇ ਜਦੋਂ ਜਨਤਾ ਦਾ ਰੁਖ ਦੇਖਿਆ ਤਾਂ ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਤੁਹਾਨੂੰ ਕਿਉਂ ਭਰਮ ਪੈ ਗਿਆ, ਅਸਲੀ ਗੱਲ ਨਹੀਂ ਤੁਸੀਂ ਸਮਝਦੇ।

***ਧਾਰਨਾ - ਹਰਿ ਦਰਸ਼ਨ ਕੇ ਤਾਈਂ ਭਇਆ ਦੀਵਾਨਾ।***

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥***
***ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ 1 ॥***
***ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਅੰਗ - 991***

ਕਹਿਣ ਲੱਗੇ, ਪ੍ਰੇਮੀਓਂ! ਨਾ ਕੋਈ ਭੂਤ ਹੈ, ਨਾ ਕੋਈ ਬੇਤਾਲ ਹੈ, ਅਸੀਂ ਤਾਂ ਵਾਹਿਗੁਰੂ ਦੇ ਦਰਸ਼ਨ ਦੀ ਮਸਤੀ ਵਿੱਚ ਮਸਤ ਹੋਏ ਹੋਏ ਹਾਂ। ਕਿਉਂ ਤੁਹਾਨੂੰ ਵਹਿਮ ਹੋ ਗਿਆ।

***ਹਉ ਹਰਿ ਬਿਨੁ ਅਵਰੁ ਨ ਜਾਨਾ ॥ 1 ॥ ਰਹਾਉ ॥***
***ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਅੰਗ - 991***

ਜੇ ਵਾਹਿਗੁਰੂ ਦੇ ਭੈ ਦੇ ਵਿੱਚ ਆਦਮੀ ਦੀਵਾਨਾ ਹੋਵੇ, ਉਹ ਅਸਲੀ ਦੀਵਾਨਾ ਹੁੰਦਾ ਹੈ।

***ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥***

***ਅੰਗ - 991***

ਸਾਰਿਆਂ ਦੇ ਵਿਚ, ਘਟ-ਘਟ ਦੇ ਵਿੱਚ ਵਿਆਪਕ, ਇਕੋ ਪ੍ਰਮੇਸ਼ਰ ਦੇ ਦਰਸ਼ਨ ਕਰੇ।

***ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥***

***ਅੰਗ - 991***

ਕਹਿੰਦੇ, ਤਾਂ ਵੀ ਦੀਵਾਨਾ ਕਿਹਾ ਜਾਂਦਾ ਹੈ, ਮਸਤਾਨਾ ਕਿਹਾ ਜਾਂਦਾ ਹੈ ਜੇ ਇੱਕੋ ਵਾਹਿਗੁਰੂ ਦੀ ਕਾਰ ਕਰਦਾ ਹੈ। ਹਰ ਵਕਤ ਵਾਹਿਗੁਰੂ-ਵਾਹਿਗੁਰੂ ਕਰਦਾ ਹੈ ਤੇ ਨਾਲ -

***ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥***

***ਅੰਗ - 991***

ਵਾਹਿਗੁਰੂ ਦੇ ਹੁਕਮ ਵਿਚ ਚੱਲੇ। ਸਭ ਦੇ ਨਾਲ ਹੁਕਮ ਚੱਲ ਰਿਹਾ ਹੈ। ਸੰਗਤ 'ਚ ਆਉਂਦੇ ਓਂ, ਹੁਕਮ ਦੀ ਕਾਰ ਹੋ ਰਹੀ ਹੈ। ਦੁੱਖ ਆਉਂਦਾ ਹੈ ਹੁਕਮ ਦੀ ਕਾਰ ਹੁੰਦੀ ਹੈ -

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - 5***

ਵਾਹਿਗੁਰੂ ਵਲੋਂ ਮਿਲ ਰਹੀ ਹੁੰਦੀ ਹੈ, ਕੀ ਪਤਾ ਕੀ ਕਰਨਾ ਹੈ ਵਾਹਿਗੁਰੂ ਜੀ ਨੇ, ਉਸ ਰੂਹ ਨੂੰ ਕਿੰਨਾ ਕੁ ਉੱਚਾ ਚੁੱਕਣਾ ਹੈ। ਦੁੱਖਾਂ ਦੇ ਵਿਚ ਜ਼ਿੰਦੜੀ ਪਾ ਦਿੱਤੀ। ਇਸ ਤਰ੍ਹਾਂ ਮਹਾਰਾਜ ਕਹਿੰਦੇ-

***ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥***

***ਅੰਗ - 991***

ਕਹਿੰਦੇ ਉਹਨੂੰ ਮਸਤਾਨਾ ਕਹਿੰਦੇ ਨੇ, ਜਿਹੜਾ ਵਾਹਿਗੁਰੂ ਦੇ ਨਾਲ ਪਿਆਰ ਵਿੱਚ ਮਸਤ ਹੋ ਗਿਆ।

***ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥ ਅੰਗ - 991***

ਉਹ ਆਪਣੇ ਆਪ ਨੂੰ ਸਾਰਿਆਂ ਨਾਲੋਂ ਕਹਿੰਦਾ ਹੈ ਕਿ ਮੈਂ ਮੰਦਾ ਹਾਂ ਤੇ ਇਹ ਸਾਰਾ ਸੰਸਾਰ ਭਲਾ ਹੈ। ਜਿਹੜਾ ਕਹਿੰਦਾ ਹੈ ਕਿ ਮੈਂ ਚੰਗਾ ਹਾਂ ਇਹ ਲੋਕ ਬੜੇ ਮਾੜੇ ਨੇ। ਕਹਿੰਦੇ ਤਾਂ ਬਿਲਕੁਲ ਅਣਜਾਣ ਬੰਦਾ ਹੈ। ਉਹਦੀ ਸਾਡੇ ਨਾਲ ਕੋਈ ਸਾਂਝ ਨਹੀਂ। ਸਾਡੇ ਨਾਲ ਸਾਂਝ ਉਹਦੀ ਹੈ। ਜਿਹੜਾ ਇਹ ਜਾਣਦਾ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਸੋ ਮੁੱਲਾਂ ਜਿਹੜਾ ਸੀ ਉਠਿਆ, ਉਠ ਕੇ ਜਾ ਕੇ ਨਵਾਬ ਦੇ ਪਾਸ ਪਹੁੰਚਿਆ। ਗੁਰੂ ਨਾਨਕ ਤੋਂ ਬਖਸ਼ਿਸ਼ ਪ੍ਰਾਪਤ ਕਰਕੇ। ਮਸਤ ਹੋਇਆ ਤੁਰਿਆ ਜਾਂਦਾ ਹੈ ਤੇ ਨਵਾਬ ਦੇ ਕੋਲ ਜਾ ਕੇ ਸਲਾਮ ਕੀਤੀ। ਅਦਬ ਤਾਜ਼ੀਮ ਕੀਤੀ, ਨਵਾਬ ਕਹਿਣ ਲੱਗਿਆ, ਸੁਣਾਓ ਮੁੱਲਾਂ ਜੀ! ਭੂਤਨਾ ਨਿਕਲ

ਗਿਆ। ਕਹਿੰਦੇ ਨਾ ਨਵਾਬ ਸਾਹਿਬ! ਨਾਨਕ ਤਾਂ ਵਲੀ ਅੱਲਾਹ ਹੈ, ਜਿਹਦੇ ਵਲ ਨਿਗ੍ਹਾ ਕਰਕੇ ਵੀ ਦੇਖ ਲਵੇ, ਉਹਨੂੰ ਵੀ ਅੱਲਾਹ ਦੇ ਨਾਲ ਜੋੜਨ ਦੀ ਤਾਕਤ ਰਖਦਾ ਹੈ। ਮੈਂ ਤਾਂ ਉਹਦਾ ਮੁਰੀਦ ਹੋ ਕੇ ਆਇਆ ਹਾਂ। ਮੈਂ ਉਸ ਤੋਂ ਬਖਸ਼ਿਸ਼ ਪ੍ਰਾਪਤ ਕਰਕੇ ਆਇਆ ਹਾਂ। ਆਹ ਗੱਲ ਨਾਨਕ ਬਾਰੇ ਨਾ ਸੋਚੋ ਤੇ ਮੂਲਾਂ ਕਹਿਣ ਲੱਗਿਆ ਕਿ ਨਵਾਬ ਸਾਹਿਬ! ਇਹ ਮੁੱਲਾਂ ਨੇ ਵੀ ਨਾਨਕ ਨਾਲ ਕੋਈ ਹਿੱਸਾ ਪੱਤੀ ਕਰ ਲਈ ਹੈ ਤੇ ਗੱਲ ਸਹੀ ਨਹੀਂ ਕਹਿ ਰਿਹਾ। ਤੁਸੀਂ ਨਾਨਕ ਨੂੰ ਕੋਰਟ ਵਿੱਚ ਬੁਲਾ ਕੇ ਪੁੱਛੋ। ਪਿਆਦਾ ਭੇਜ ਦਿੱਤਾ। ਕਹਿੰਦੇ, ਨਾਨਕ ਹੁਣ ਹੋਸ਼ ਵਿਚ ਹੈ, ਕਹਿੰਦੇ ਹਾਂ ਜੀ। ਬੋਲਦੇ-ਚਾਲਦੇ ਨੇ। ਪਰ ਇੱਕੋ ਬਚਨ ਕਰੀ ਜਾਂਦੇ ਨੇ -

***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥*** ***ਅੰਗ - 1136***

ਨਵਾਬ ਨੇ ਜਦੋਂ ਉਥੇ ਸਿਪਾਹੀ ਭੇਜੇ, ਕਹਿਣ ਲੱਗੇ, ਤੁਹਾਨੂੰ ਉਥੇ ਨਵਾਬ ਸਾਹਿਬ ਯਾਦ ਕਰਦੇ ਨੇ। ਕਹਿਣ ਲੱਗੇ, ਦੇਖੋ! ਜਦ ਤੱਕ ਨਵਾਬ ਦੇ ਚਾਕਰ ਸੀ, ਨਵਾਬ ਬੁਲਾਉਂਦਾ ਸੀ, ਅਸੀਂ ਇੱਕ ਵਾਰੀ ਬੁਲਾਏ 'ਤੇ ਦਸ ਵਾਰੀ ਜਾਂਦੇ ਸੀ। ਹੁਣ ਸਾਡਾ ਤੇ ਨਵਾਬ ਦਾ ਕੋਈ ਸਬੰਧ ਹੀ ਨਹੀਂ, ਮੈਂ ਨਹੀਂ ਜਾਣਾ। ਵਾਪਸ ਆ ਗਏ, ਜਦੋਂ ਦੌਲਤ ਖਾਂ ਨੂੰ ਸਾਰੀ ਹਕੀਕਤ ਦੱਸੀ, ਕ੍ਰੋਧ ਚੜ੍ਹ ਗਿਆ ਉਹਨੂੰ। ਕਹਿੰਦਾ ਹੈਂ, ਨਾਨਕ ਦੀ ਇਹ ਜ਼ੁਰਅਤ ਕਿ ਮੇਰੇ ਹੁਕਮ ਦੀ ਤਾਮੀਲ ਨਾ ਕਰੇ। ਜਾਓ ਕਹਿੰਦੇ, ਗ੍ਰਿਫਤਾਰ ਕਰਕੇ ਲਿਆਓ, ਫੌਰਨ ਮੇਰੇ ਪੇਸ਼ ਕਰੋ। ਫੇਰ ਚਲੇ ਗਏ ਸਿਪਾਹੀ, ਜਾ ਕੇ ਕਹਿਣ ਲੱਗੇ ਕਿ ਮਹਾਰਾਜ! ਹੁਕਮ ਆਹ ਹੈ। ਕਹਿੰਦੇ, ਚਲੋ, ਤੁਹਾਨੂੰ ਸੰਕਟ ਨਾ ਹੋਵੇ ਕੋਈ, ਚਲਦੇ ਹਾਂ।

ਗੁਰੂ ਨਾਨਕ ਪਾਤਸ਼ਾਹ ਨਵਾਬ ਦੇ ਸਾਮ੍ਹਣੇ ਆ ਗਏ, ਉਹ ਜੋ ਸਲਾਮ ਕਰਨ ਦਾ ਤਰੀਕਾ ਸੀ, ਪਹਿਲਾਂ ਤਾਂ ਝੁਕਦੇ ਹੁੰਦੇ ਅੱਧਾ, ਅੱਧਾ ਝੁਕ ਕੇ ਸਿਰ ਉਪਰ ਨੂੰ ਚੁੱਕ ਕੇ, ਨੇਤਰ ਓਧਰ ਹੁੰਦੇ ਸੀ ਤੇ ਆਦਮੀ ਅੱਧਾ ਝੁਕਿਆ ਹੁੰਦਾ।, ਸੱਤ ਵਾਰੀ ਮੱਥੇ ਨੂੰ ਹੱਥ ਲਾਉਂਦੇ ਸੀ। ਇਹ ਕੋਰਟ ਦਾ ਰਿਵਾਜ ਸੀ। ਗੁਰੂ ਨਾਨਕ ਪਾਤਸਾਹ ਨੇ ਕੋਈ ਅਸੂਲ ਨਾ ਮੰਨਿਆ, ਸਿੱਧੇ ਹੀ ਜਾ ਕੇ ਖੜ੍ਹੇ ਹੋ ਗਏ, ਚੁੱਪ ਕਰਕੇ, ਨਾ ਸਲਾਮ ਨਾ ਕੋਈ ਦੁਆ। ਨਵਾਬ ਦਾ ਪਾਰਾ ਗਰਮ ਹੋ ਗਿਆ, ਦੇਖਦੇ ਸਾਰ। ਕਹਿਣ ਲੱਗਿਆ ਨਾਨਕ! ਤੈਨੂੰ ਪਤਾ ਨਹੀਂ ਹੈ ਕਿ ਕੋਰਟ ਵਿੱਚ ਕਿਵੇਂ ਆਈਦਾ ਹੁੰਦਾ ਹੈ, ਪਹਿਲਾਂ ਤਾਂ ਇੱਥੋਂ ਹੀ ਗਿਆ ਹੈਂ ਤੇ ਮੇਰੇ ਹੁਕਮ ਨਾਲ ਬੁਲਾਇਆ ਹੋਇਆ ਕਿਉਂ ਨਹੀਂ ਆਇਆ? ਮੈਂ ਤੈਨੂੰ ਸਖਤ ਸਜ਼ਾ ਦੇਣੀ ਚਾਹੁੰਦਾ ਹਾਂ। ਕਹਿੰਦੇ, ਜਦੋਂ ਤੱਕ ਤੇਰੇ ਚਾਕਰ ਸੀ, ਇੱਕ ਵਾਰੀ ਬੁਲਾਏ ਤੇ ਦੱਸ ਵਾਰੀ ਆਉਂਦੇ ਸੀ। ਹੁਣ ਅਸੀਂ ਉਸ ਸਾਹਿਬ ਦੀ ਚਾਕਰੀ ਕਰ ਲਈ ਹੈ। ਜਿਹੜੇ ਸਾਹਿਬ ਨੇ ਤੇਰੇ ਵਰਗੇ ਕਰੋੜਾਂ ਨਵਾਬ ਬਣਾਏ ਨੇ। ਹੁਣ ਉਹਦਾ ਹੁਕਮ ਮੰਨਣਾ ਹੈ ਕਿ ਤੇਰਾ ਮੰਨੀਏ। ਜਿਹਦੇ ਅਸੀਂ ਚਾਕਰ ਹਾਂ, ਉਹਦਾ ਹੁਕਮ ਮੰਨਦੇ ਹਾਂ। ਬੁਲ੍ਹ ਲੈ ਲਿਆ ਦੰਦਾਂ 'ਚ, ਗੱਲ ਨਹੀਂ ਆਉਂਦੀ। ਖੁਦਾ ਵਾਲਾ ਸੀ, ਸੋਚਦਾ ਹੈ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਇਹਨੂੰ ਠਿੱਠ

ਕਰਾਂ, ਕਿਵੇਂ ਬੇ-ਦਲੀਲ ਕਰਾਂ। ਉਸੇ ਵੇਲੇ ਸੋਚ ਆ ਗਈ ਕਿ ਮੈਂ ਨਾਨਕ ਨੂੰ ਇਸਲਾਮ ਦੇ ਵਿਚ ਲੈ ਆਵਾਂ। ਆਪੇ ਹੀ ਸਾਰੇ ਝਗੜੇ ਮੁੱਕ ਜਾਣਗੇ। ਇਸਲਾਮ 'ਚ ਆ ਜਾਏਗਾ ਤੇ ਜਿਹੜੇ ਇਹਦੇ ਸ਼ਰਧਾਲੂ ਨੇ ਉਹ ਸਾਰੇ ਹੈਰਾਨ ਹੋ ਜਾਣਗੇ, ਆਪੇ ਹੀ ਇਹਦੇ ਮਗਰ। ਕਹਿਣ ਲੱਗਿਆ, ਨਾਨਕ! ਹਿੰਦੂ ਤੇ ਮੁਸਲਮਾਨ ਕੋਈ ਨਹੀਂ ਹੈ, ਕਹਿੰਦੇ ਨਾ। ਕਹਿੰਦੇ ਫੇਰ ਹੈਗੇ ਕਿਉਂ, ਕਹਿੰਦੇ ਇਹ ਤਾਂ ਬੁੱਤ ਤੁਰੇ ਫਿਰਦੇ ਨੇ, ਜੋ ਹਿੰਦੂਅਤ ਦਾ ਅਸੂਲ ਹੈ ਉਹ ਕਿਸੇ 'ਚ ਨਹੀਂ ਰਿਹਾ। ਜੋ ਇਸਲਾਮ ਦਾ ਅਸੂਲ ਹੈ ਉਹ ਕਿਸੇ 'ਚ ਨਹੀਂ ਰਿਹਾ। ਪੂਜਾ ਤੇ ਨਾਮ ਪਿੱਛੇ ਝਗੜੇ ਕਰਦੇ ਨੇ। ਮਸਜਿਦ ਤੇ ਮੰਦਰ ਪਿੱਛੇ ਲੜਦੇ ਫਿਰਦੇ ਨੇ ਤੇ ਇਨ੍ਹਾਂ ਨੂੰ ਤਾਂ ਭੁੱਲ ਹੀ ਗਿਆ ਪ੍ਰਮੇਸ਼ਰ। ਸੋ ਇਸ ਕਰਕੇ ਜਦੋਂ ਇਹ ਗੱਲ ਨੂੰ ਨਹੀਂ ਸਮਝਦੇ ਤਾਂ ਕੇਵਲ ਮਨੁੱਖ ਆਪਣੇ ਆਪ ਨੂੰ ਗਲਤ ਕਹਿ ਰਹੇ ਨੇ ਕਿ ਮੈਂ ਮੁਸਲਮਾਨ ਹਾਂ। ਜੇ ਮੋਮ ਦਿਲ ਹੋਵੇ ਤਾਂ ਮੁਸਲਮਾਨ ਕਹਾਉਂਦਾ ਹੈ। ਨਮਾਜ਼ ਪੜ੍ਹਨ ਦੀ ਜਾਂਚ ਇਹਨੂੰ ਨਹੀਂ ਹੈ। ਕਹਿਣ ਲੱਗੇ, ਨਾਨਕ! ਜੁੰਮੇ ਦੀ ਨਮਾਜ਼ ਆ ਰਹੀ ਹੈ, ਅਸੀਂ ਨਮਾਜ਼ ਪੜ੍ਹਨ ਵਾਸਤੇ ਜਾਂਦੇ ਹਾਂ। ਤੇਰੀ ਨਿਗ੍ਹਾ 'ਚ ਦੋ ਕੋਈ ਨਹੀਂ, ਚੱਲ ਸਾਡੇ ਨਾਲ ਨਮਾਜ਼ ਪੜ੍ਹ। ਮਹਾਰਾਜ ਕਹਿੰਦੇ ਚਲੋ। ਨਮਾਜ਼ ਪੜ੍ਹਨ ਵਾਸਤੇ ਚਲੇ ਜਾਂਦੇ ਨੇ, ਸ਼ਹਿਰ 'ਚ ਸਾਰੇ ਹੋ ਗਿਆ ਕਿ ਗੁਰੂ ਨਾਨਕ ਮੁਸਲਮਾਨ ਬਣਨ ਵਾਸਤੇ ਜਾ ਰਿਹਾ ਹੈ। ਸਾਰੇ ਹਾਹਾਕਾਰ ਮਚ ਗਈ। ਦੁਕਾਨਾਂ ਬੰਦ ਹੋ ਗਈਆਂ। ਰੋਟੀ ਪੱਕਣੀ ਬੰਦ ਹੋ ਗਈ ਕਿ ਹੈਂ ਆਹ ਕੀ ਹੋ ਗਿਆ। ਭਾਈਆ ਜੈ ਰਾਮ ਬਹੁਤ ਕਾਹਲੀ-ਕਾਹਲੀ ਬੇਬੇ ਨਾਨਕੀ ਜੀ ਕੋਲ ਆਏ, ਕਹਿੰਦੇ, ਤੇਰਾ ਭਰਾ ਤਾਂ ਮੁਸਲਮਾਨ ਬਣਨ ਜਾ ਰਿਹਾ ਹੈ, ਕੀ ਕਰਾਂਗੇ ਆਪਾਂ, ਆਪਣਾ ਤਾਂ ਖਾਨਦਾਨ ਹੀ ਜਾਂਦਾ ਰਿਹਾ ਸਾਰਾ। ਬਣੂੰ ਕੀ ਹੁਣ। ਹੈ ਤਾਂ ਗੱਲ ਕੁਛ ਵੀ ਨਹੀਂ ਸਾਧਸੰਗਤ ਜੀ! ਲੇਕਿਨ ਵੰਡ ਐਨੀ ਜ਼ਬਰਦਸਤ ਸੀ ਕਿ ਆਦਮੀ ਉਹਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਬੇਬੇ ਨਾਨਕੀ ਜੀ ਕਹਿਣ ਲੱਗੇ, ਮੇਰਾ ਵੀਰ! ਤੁਸੀਂ ਕਿਉਂ ਬਾਰ-ਬਾਰ ਭੁਲੇਖਿਆਂ 'ਚ ਪੈਂਦੇ ਓਂ, ਅੱਗੇ ਤਿੰਨ ਦਿਨ ਬਾਅਦ ਨਦੀ 'ਚੋਂ ਬਾਹਰ ਆਏ ਨੇ, ਤੁਹਾਨੂੰ ਅਜੇ ਵੀ ਯਕੀਨ ਨਹੀਂ ਆਉਂਦਾ। ਉਹ ਤਾਂ ਕੋਈ ਸਿਖਿਆ ਦੇਣ ਜਾ ਰਹੇ ਨੇ। ਉਨ੍ਹਾਂ ਨੂੰ ਕੌਣ ਹੈ ਦੁਨੀਆਂ ਦੇ ਅੰਦਰ ਜਿਹੜਾ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਕੁਛ ਕਰ ਸਕੇ। ਤੁਸੀਂ ਦੇਖੋ ਕੌਤਕ।

ਉਸ ਵੇਲੇ ਟੁੱਟੇ ਦਿਲ ਨਾਲ ਆਪਣੇ ਸੇਵਕ ਨਿੱਧੇ ਨੂੰ ਬੁਲਾਇਆ, ਬ੍ਰਾਹਮਣ ਨੂੰ, ਕਹਿਣ ਲੱਗੇ, ਜਾਹ ਮਸਜਿਦ ਦੇ ਅੰਦਰ, ਤੇ ਜਾ ਕੇ ਸਾਰੀ ਗੱਲਬਾਤ ਦੇਖ ਕੇ ਆ ਕੇ ਦੱਸ। ਇਹ ਨਿਧਾ ਬ੍ਰਾਹਮਣ, ਭੀੜ ਨੂੰ ਚੀਰਦਾ ਹੋਇਆ, ਮਸਜਿਦ ਦੇ ਵਿਚ ਚਲਿਆ ਕਿਉਂਕਿ ਜਦੋਂ ਸੁਣਿਆ ਨਾਨਕ ਨੇ ਇਸਲਾਮ ਧਾਰਨ ਕਰਨਾ ਹੈ, ਸਾਰਾ ਹੀ ਸ਼ਹਿਰ ਉਲਟ ਕੇ ਪੈ ਗਿਆ ਉਥੇ। ਭੀੜ ਹੋ ਗਈ ਮਸਜਿਦ ਦੇ ਅੰਦਰ, ਥਾਉਂ ਨਹੀਂ ਮਿਲਦਾ ਤਿਲ ਧਰਨ ਜੋਗਾ ਤੇ ਜਿਹੜੇ ਦੇਖਣ ਵਾਲੇ ਸੀ ਉਨ੍ਹਾਂ ਨੇ ਗੋਲ ਚੱਕਰ ਲਾ ਲਏ, ਬਹੁਤ ਜ਼ਿਆਦਾ ਭੀੜ ਪਈ ਹੋਈ ਹੈ, ਉਹ ਭੀੜ ਨੂੰ ਚੀਰ ਕੇ ਮੂਹਰਲੀ ਲਾਈਨ 'ਚ ਆ ਗਿਆ। ਓਧਰਲੇ ਪਾਸੇ ਨਮਾਜ਼ ਸ਼ੁਰੂ ਹੋ ਗਈ, ਨਵਾਬ

ਵੀ ਪੜ੍ਹਦਾ ਹੈ, ਕਾਜ਼ੀ ਵੀ ਪੜ੍ਹਦਾ ਹੈ ਤੇ ਹੋਰ ਵੀ ਪੜ੍ਹਦੇ ਨੇ ਤੇ ਗੁਰੂ ਨਾਨਕ ਪਾਤਸ਼ਾਹ ਇੱਕ ਪਾਸੇ ਹੋ ਕੇ ਬਹਿ ਗਏ। ਨਵਾਬ ਨੂੰ ਬੜਾ ਗੁੱਸਾ ਆਇਆ ਕਿ ਮੇਰੇ ਨਾਲ ਨਮਾਜ਼ ਪੜ੍ਹਨ ਆਇਆ ਹੈ ਤੇ ਨਮਾਜ਼ ਪੜ੍ਹੀ ਨਹੀਂ ਤੇ ਮੈਂ ਹੁਣ ਚੰਗੀ ਤਰ੍ਹਾਂ ਹੀ ਇਹਨੂੰ ਚਾਰਜ ਕਰਾਂਗਾ। ਸਜ਼ਾ ਦੇਵਾਂਗਾ, ਸਖਤ ਤੋਂ ਸਖਤ। ਉਸ ਵੇਲੇ ਬੜੇ ਕ੍ਰੋਧ ਨਾਲ ਬੋਲਿਆ, ਕਹਿਣ ਲੱਗਿਆ, ਨਾਨਕ! ਤੂੰ ਨਮਾਜ਼ ਪੜ੍ਹਨ ਵਾਸਤੇ ਆਇਆ ਸੀ ਤੂੰ ਕਿਉਂ ਨਹੀਂ ਨਮਾਜ਼ ਪੜ੍ਹੀ? ਸਹਿਜ ਸੁਭਾਅ ਪਾਤਸ਼ਾਹ ਬੋਲੇ ਕਹਿੰਦੇ ਮੈਂ ਕੀਹਦੇ ਨਾਲ ਨਮਾਜ਼ ਪੜ੍ਹਦਾ। ਨਮਾਜ਼ ਪੜ੍ਹਨ ਵਾਲਾ ਇਥੇ ਹੁੰਦਾ ਤਾਂ ਮੈਂ ਨਮਾਜ਼ ਪੜ੍ਹਦਾ। ਮੈਂ ਤਾਂ ਹਰ ਵਕਤ ਪੜ੍ਹਦਾ ਹਾਂ, ਚੌਵੀ ਘੰਟੇ। ਤੁਸੀਂ ਪੰਜ ਵਾਰੀ ਪੜ੍ਹਦੇ ਓਂ। ਮੈਂ ਤਾਂ ਹਰ ਵਕਤ ਨਮਾਜ਼ 'ਚ ਰਹਿੰਦਾ ਹਾਂ। ਭਾਵੇਂ ਅਖਰ ਬਦਲ ਨੇ, ਤੁਹਾਡੇ ਵਾਲੇ ਅਰਬੀ ਵਾਲੇ ਅੱਖਰ ਨਹੀਂ ਹਨ। ਲੇਕਿਨ ਮੈਂ ਵੀ ਓਹੀ ਨਮਾਜ਼ ਦਿਨ ਰਾਤ ਪੜ੍ਹਦਾ ਹਾਂ। ਕਹਿਣ ਲੱਗਿਆ, ਹੈਰਾਨੀ ਦੀ ਗੱਲ ਹੈ, ਮੈਂ ਖੜ੍ਹਾ ਹਾਂ, ਕਾਜ਼ੀ ਖੜ੍ਹਾ ਹਾਂ। ਕਹਿੰਦੇ, ਤੁਸੀਂ ਤਾਂ ਇੱਥੇ ਹੈ ਨਹੀਂ ਸੀ, ਤੁਹਾਡਾ ਸਰੀਰ ਖੜ੍ਹਾ ਸੀ, ਜਿਹਨੇ ਨਮਾਜ਼ ਪੜ੍ਹਨੀ ਸੀ ਉਹ ਕੰਧਾਰ ਦੇ ਅੰਦਰ ਘੋੜੇ ਖਰੀਦਣ ਗਿਆ ਹੋਇਆ ਸੀ। ਇੱਥੇ ਤੁਸੀਂ ਕਦ ਆਏ ਹੋਂ, ਜਦੋਂ ਹਟੀ ਹੈ ਨਮਾਜ਼ ਜਦ ਆਏ ਓਂ। ਹੈਰਾਨ ਹੋ ਗਿਆ ਕਿ ਮੇਰੇ ਅੰਦਰਲੀ ਗੱਲ ਸਾਰੀ ਜਾਣ ਲਈ, ਵਲੀ ਅੱਲਾਹ ਸੱਚੀਓਂ ਨਾ ਹੋਵੇ, ਜੋ ਕੁਛ ਮੁੱਲਾਂ ਕਹਿੰਦਾ ਹੈ ਓਵੇਂ ਹੀ ਨਾ ਹੋਵੇ। ਡਰ ਗਿਆ, ਕੁਛ ਸ਼ਰਧਾ 'ਚ ਆ ਗਿਆ। ਕਹਿਣ ਲੱਗਿਆ, ਨਾਨਕ! ਗੱਲ ਤੇਰੀ ਠੀਕ ਹੈ, ਸੱਚਮੁੱਚ ਮੈਂ ਹਾਜ਼ਰ ਨਹੀਂ ਸੀ, ਕਹਿੰਦੇ, ਜਿਹੜਾ ਖੁਦਾ ਦੇ ਨਾਲ ਧੋਖਾ ਕਰੇ ਉਹ ਕਾਫਰ ਹੁੰਦਾ ਹੈ ਕਿ ਮੋਮਨ ਹੁੰਦਾ ਹੈ? ਤੂੰ ਤਾਂ ਕੁਫਰ ਕਰ ਰਿਹਾ ਸੀ ਇੱਥੇ ਮਸਜਿਦ 'ਚ ਖੜ੍ਹਾ। ਕੁਫਰ ਕਮਾ ਰਿਹਾ ਸੀ। ਉਸ ਵੇਲੇ ਡਰ ਗਿਆ, ਫੇਰ ਕਹਿੰਦੇ ਕਾਜ਼ੀ ਨਾਲ ਪੜ੍ਹ ਲੈਂਦੇ? ਕਹਿੰਦੇ ਕਾਜ਼ੀ ਵੀ ਇੱਥੇ ਨਹੀਂ ਸੀ ਮਹਾਰਾਜ! ਕਾਜ਼ੀ ਆਪਣੇ ਘਰ ਦੇ ਅੰਦਰ ਵਛੇਰੀ ਮੋੜਦਾ ਸੀ, ਖੂਹ 'ਚ ਗਿਰਨ ਤੋਂ ਰੋਕਦਾ ਸੀ। ਕਹਿੰਦੇ ਕਿਉਂ ਕਾਜ਼ੀ ਸਾਹਿਬ? ਕਹਿੰਦਾ ਬਿਲਕੁਲ ਠੀਕ। ਕਹਿੰਦੇ, ਫੇਰ ਤਾਂ ਨਾਨਕ ਵਲੀ ਅੱਲਾਹ ਹੈ। ਮਹਾਰਾਜ ਕਹਿੰਦੇ, ਤੁਸੀਂ ਕੀ ਸਮਝਦੇ ਓਂ ਪ੍ਰਮੇਸ਼ਰ ਨੂੰ? ਇਸ ਤਰ੍ਹਾਂ ਪੜ੍ਹੋ –

***ਧਾਰਨਾ – ਜਾਣਿਆ ਲੋਕੋ ਤੁਸੀਂ ਰਾਮ ਨੂੰ ਖਿਲੌਣਾ।***

***ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥***
***ਲੋਗਨ ਰਾਮੁ ਖਿਲਉਨਾ ਜਾਨਾਂ ॥ ਅੰਗ – 1158***

ਅੱਲਾਹ ਹੋਵੇ, ਰਾਮ ਹੋਵੇ, ਵਾਹਿਗੁਰੂ ਹੋਵੇ; ਅਸੀਂ ਡਰਦੇ ਹਾਂ ਰਾਮ ਕਹਿੰਦੇ ਵੀ ਡਰਦੇ ਹਾਂ, ਵਾਹਿਗੁਰੂ ਕਹਿਣ ਵਾਲੇ ਰਾਮ ਨਹੀਂ ਕਹਿੰਦੇ, ਗੁਰਦੁਆਰੇ 'ਚ ਕਹਾ ਕੇ ਦੇਖ ਲਓ ਹਰੇ ਰਾਮ-ਰਾਮ ਜੇ ਕੋਈ ਕਹਿ ਜਾਏ। ਸਾਰੇ ਉਠ ਕੇ ਉਹਨੂੰ ਮਾਰਨ ਲੱਗ ਜਾਣਗੇ ਕਿ ਇਹ ਮੰਦਰ ਹੈ ਕਿ ਇੱਥੇ ਹਰੇ ਰਾਮ-ਹਰੇ ਰਾਮ ਕਰਨ ਲੱਗ ਗਿਆ? ਮੰਦਰਾਂ 'ਚ ਵਾਹਿਗੁਰੂ-ਵਾਹਿਗੁਰੂ ਕਹਿ ਕੇ ਦੇਖ ਲਓ, ਕੋਈ ਨਹੀਂ ਬੋਲੇਗਾ। ਉਹ ਭੁਲੇਖੇ ਐਸੇ ਪੈ ਚੁੱਕੇ ਨੇ।

ਜਦੋਂ ਮੈਂ ਛੋਟਾ ਜਿਹਾ ਸੀ, ਜੇ ਕਿਤੇ ਮੂੰਹ 'ਚੋਂ ਨਿਕਲ ਜਾਵੇ ਨਾ, ਅੱਲਾਹ! ਕਹਿੰਦੇ ਹੁਣ ਤੂੰ ਅੱਠ ਪਹਿਰ ਮੁਸਲਮਾਨ ਬਣਿਆ ਰਹੇਂਗਾ।

ਇਕ ਵਾਰ ਬਾਬੇ ਆਏ ਸਾਡੇ ਮਸਤੂਆਣੇ ਵਾਲੇ, ਉਨ੍ਹਾਂ ਵਹਿਮਾਂ ਨੂੰ ਦੂਰ ਕਰਨ ਵਾਸਤੇ ਉਨ੍ਹਾਂ ਨੇ ਇੱਕ ਐਸ ਤਰ੍ਹਾਂ ਦਾ ਸ਼ਬਦ ਪੜ੍ਹਿਆ ਸੀ –

***ਧਾਰਨਾ – ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ***
***ਭਰਮਾਂ ਵਿੱਚ ਪੈ ਗਈ ਦੁਨੀਆਂ।***

ਮਹਾਂਪੁਰਸ਼ਾਂ ਵਾਸਤੇ –

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ਅੰਗ – 1168***

ਇੱਥੇ ਅੱਲਾਹ ਹੂ–ਅੱਲਾਹ ਹੂ ਕਹਾਉਣ ਲੱਗ ਜਾਓ, ਸਾਰੇ ਡੰਡੇ ਮਾਰਨ ਲੱਗ ਜਾਣਗੇ। ਭਰਮ ਪੈ ਗਏ ਸਾਡੇ ਅੰਦਰ, ਪ੍ਰਮੇਸ਼ਰ ਦੇ ਨਾਮ ਦੇ ਪਿੱਛੇ ਵੀ। ਮਹਾਰਾਜ ਕਹਿੰਦੇ, ਖਿਲੌਣਾ ਜਾਣਿਆ ਹੈ ਤੁਸੀਂ। ਰੱਬ ਦੇ ਨਾਲ ਤੁਸੀਂ ਕੀ ਮਖੌਲ ਕਰਦੇ ਓਂ। ਜਪੁਜੀ ਸਾਹਿਬ ਪੜ੍ਹਦੇ ਓਂ, ਸੁਰਤ ਕਿਤੇ ਹੈ, ਬੋਲਦਾ ਕਿਤੇ ਹੈ, ਕੀ ਮਜ਼ਾਲ ਹੈ ਕਦੇ ਮਨ ਲੱਗ ਜਾਵੇ ਉਹਦੇ ਨਾਲ। ਦੁਲੱਤੇ ਮਾਰਦਾ, ਛਾਲਾਂ ਮਾਰਦਾ ਫਿਰਦਾ ਹੈ ਮਨ। ਗਾਇਤ੍ਰੀ ਪੜ੍ਹਦਾ ਹੈ, ਸੰਧਿਆ ਕਰਦਾ ਹੈ, ਮਨ ਕਿੱਥੇ ਦੌੜਿਆ ਫਿਰਦਾ ਹੈ? ਨਮਾਜ਼ ਪੜ੍ਹਦਾ ਹੈ ਪਰ ਮਨ ਕਿੱਥੇ ਦੌੜਿਆ ਫਿਰਦਾ ਹੈ? ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਕਿ ਰੱਬ ਖਿਲੌਣਾ ਨਹੀਂ ਪਿਆਰਿਓ, ਉਹਨੂੰ ਰੱਬ ਕਰਕੇ ਮੰਨੋ। ਸਮਝਾਉਣ ਲੱਗੇ ਨੇ ਮਹਾਰਾਜ, ਕਹਿੰਦੇ –

***ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ ਅੰਗ – 1158***

ਮਨ ਨੂੰ ਤਾਂ ਬਣਾ ਲੈ ਮੱਕਾ, ਜਿਹੜੀ ਉਹਦੇ ਅੰਦਰ ਜਿਹਦੇ ਵਲ ਮੂੰਹ ਕਰਕੇ ਨਮਾਜ਼ ਪੜ੍ਹਦਾ ਹੈਂ, ਉਹ ਤੇਰੀ ਦੇਹੀ ਹੈ।

***ਬੋਲਨਹਾਰੁ ਪਰਮ ਗੁਰੁ ਏਹੀ ॥ ਅੰਗ – 1158***

ਜਿਹੜਾ ਤੇਰੇ ਅੰਦਰ ਬੋਲਦਾ ਹੈ ਇਹੀ ਵਾਹਿਗੁਰੂ ਹੈ –

***ਕਹੁ ਰੇ ਮੁਲਾਂ ਬਾਂਗ ਨਿਵਾਜ ॥ ਅੰਗ – 1158***

ਫੇਰ ਤੂੰ ਅੰਦਰ ਬਾਂਗ ਦੇ। ਬਾਂਗ ਦੇਣ ਦੀ ਜਾਂਚ ਸਮਝਾਉਂਦੇ ਨੇ। ਬਾਂਗੇ ਦੇ ਅੰਦਰ –

ਵਾ..............ਹਿ..........ਗੁ................ਰੂ।

ਵਾ..............ਹਿ..........ਗੁ................ਰੂ।

ਵਾ..............ਹਿ..........ਗੁ................ਰੂ।

ਵਾ..............ਹਿ..........ਗੁ................ਰੂ।

ਕਬੀਰ ਸਾਹਿਬ ਨੇ ਦੇਖਿਆ ਕਿ ਉਤੇ ਖੜ੍ਹਾ ਹੋਇਆ ਮੁਨਾਰੇ ਦੇ, ਉੱਚੀ-ਉੱਚੀ ਆਵਾਜ਼ਾਂ ਦਿੰਦਾ ਹੈ, ਬੋਲ ਬੜਾ ਤੇਜ਼ ਹੈ, ਹੁਣ ਤਾਂ ਲਾਊਡ ਸਪੀਕਰ ਲਾਉਣ ਲੱਗ ਗਏ। ਸਵਾਲ ਕਰਿਆ ਕਿ ਮੁੱਲਾਂ –

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥*

*ਅੰਗ - 1374*

ਬੋਲਾ ਹੈ ਤੇਰਾ ਰੱਬ? ਜਿਹਨੂੰ ਉੱਚੀ-ਉੱਚੀ ਬਾਗਾਂ ਦੇ ਕੇ ਸਮਝਾਉਂਦਾ ਹੈਂ। ਤੇਰੇ ਅੰਦਰ ਬੈਠਾ ਹੈ, ਤੂੰ ਅੰਦਰ ਬਾਂਗਾਂ ਕਿਉਂ ਨਹੀਂ ਦਿੰਦਾ। ਬਾਹਰ ਕਿਉਂ ਦਿੰਦਾ ਹੈਂ -

*ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥*

*ਅੰਗ - 1158*

ਅੰਦਰ ਹੀ ਨਮਾਜ਼ ਕਰ ਤੇ ਅੰਦਰ ਹੀ ਤੂੰ ਬਾਂਗ ਦੇਹ। ਆਹ ਤੇਰੀ ਮਸਜਿਦ ਹੈ ਸਰੀਰ ਇਹਦੇ ਦਸ ਦਰਵਾਜ਼ੇ ਨੇ -

*ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥*
*ਭਾਖਿ ਲੇ ਪੰਚੈ ਹੋਇ ਸਬੂਰੀ ॥* *ਅੰਗ - 1158*

ਆਹ ਜਿਹੜੇ ਪੰਜੇ ਚੋਰ ਨੇ ਭਰਮ ਪਿਆ ਹੋਇਆ ਹੈ ਤੇ ਦੁਸ਼ਮਣੀ ਪਈ ਹੋਈ ਹੈ। ਇਨ੍ਹਾਂ ਨੂੰ ਬਿਸਮਿਲ ਕਰ ਦੇ, ਮਾਰ ਦੇ ਇਨ੍ਹਾਂ ਨੂੰ।

ਇਨ੍ਹਾਂ ਪੰਜਾਂ ਚੋਰਾਂ ਨੂੰ ਖਤਮ ਕਰ ਦੇ ਤੇ ਸਬਰ ਸਿਦਕ ਦੇ ਅੰਦਰ ਆ ਜਾ।

*ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥*

*ਅੰਗ - 1158*

ਹਿੰਦੂ ਦਾ ਵੀ ਰਾਮ ਓਹੀ ਹੈ, ਅੱਲਾ ਓਹੀ ਤੇ ਮੁਸਲਮਾਨ ਦਾ ਵੀ ਰਾਮ ਓਹੀ ਹੈ। ਨਾ ਮੁਸਲਮਾਨ ਰਾਮ ਕਹੇ ਤੇ ਨਾ ਹੀ ਹਿੰਦੂ ਅੱਲਾਹ ਕਹੇ। ਨਾ ਅਸੀਂ ਕਹੀਏ, ਕਹਿ ਕੇ ਦੇਖ ਲਓ।

ਇੱਕ ਸੰਤ ਸੀਗੇ ਮੇਰੇ ਮਿਲਣ ਵਾਲੇ। ਉਹ ਇੱਥੇ 23 ਸੈਕਟਰ ਮੰਦਰ 'ਚ ਚਲੇ ਗਏ। ਉਹ ਆਪ ਦੇ ਆਸ਼ਰਮ 'ਚ ਤਾਂ ਹਰੇ ਰਾਮ-ਹਰੇ ਰਾਮ ਕਹਿੰਦੇ ਹੁੰਦੇ ਸੀ। ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ। ਉਹ ਮੰਦਰ ਵਾਲਿਆਂ ਨੇ ਬੁਲਾ ਲਏ ਕਿ ਇਹ ਬੜੇ ਚੰਗੇ ਸੰਤ ਨੇ, ਸਿੱਖ ਹੈਗੇ ਤੇ ਹਰੇ ਰਾਮ ਕਹਿ ਰਹੇ ਨੇ। ਸੰਤ ਤਾਂ ਸਾਰਿਆਂ ਦੇ ਇੱਕੋ ਹੀ ਹੁੰਦੇ ਨੇ। ਜਦੋਂ ਉਹ ਉਥੇ ਗਏ, ਉਨ੍ਹਾਂ ਨੇ ਘੜਿਆਲ ਲੈ ਲਈ ਹੱਥ ਵਿਚ, ਪੰਜ ਮਿੰਟ ਤਾਂ ਉਹ ਹਰੇ ਰਾਮ-ਹਰੇ ਰਾਮ, ਹਰੇ ਕ੍ਰਿਸ਼ਨਾ-ਹਰੇ ਕ੍ਰਿਸ਼ਨਾ ਕਹਾਉਂਦੇ ਰਹੇ। ਉਸ ਤੋਂ ਬਾਅਦ ਅਚਾਨਕ ਹੀ ਬਦਲ ਗਏ, ਬੋਲੋ ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ। ਸਾਰੇ ਚੁੱਪ ਕਰ ਗਏ, ਕੋਈ ਨਾ ਬੋਲੇ। ਇਕੱਲਾ ਹੀ ਰਹਿ ਗਿਆ।

ਮੈਂ ਕਿਹਾ ਜੇ ਇਹ ਸੰਤ ਸਾਡੇ ਗੁਰਦੁਆਰੇ ਆ ਕੇ ਹਰੇ ਰਾਮ-ਹਰੇ ਰਾਮ ਕਰਨ ਲਗ ਜਾਣ, ਸਾਡੇ ਸਿੱਖ ਵੀ ਸਭ ਚੁੱਪ ਕਰ ਜਾਣ, ਕੋਈ ਨਾ ਬੋਲੇ। ਕਿਉਂਕਿ ਭਰਮ ਪੈ ਗਏ ਸਾਡੇ ਅੰਦਰ। ਭਰਮ ਪੈਣ ਦੇ ਨਾਲ ਅਸੀਂ ਬਹੁਤ ਦੂਰ ਚਲੇ ਗਏ। ਨਾ ਹੀ ਹਟਦਾ ਹੈ ਉਹ ਭਰਮ। ਸੋ ਮਹਾਰਾਜ

ਕਹਿਣ ਲੱਗੇ -

***ਕਹਿ ਕਬੀਰ ਹਉ ਭਇਆ ਦਿਵਾਨਾ ॥***
***ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥*** ***ਅੰਗ - 1158***

ਸੋ ਜਦੋਂ ਉਪਦੇਸ਼ ਦਿੱਤਾ, ਨਮਾਜ਼ਾਂ ਦਾ, ਮਸਜਿਦ ਦਾ, ਅਹੁਦਿਆਂ ਦਾ। ਨਵਾਬ ਨੇ ਸਿਜਦਾ ਕਰ ਦਿੱਤਾ। ਆਕੜ ਵਗੈਰਾ ਕਿਧਰੇ ਗਈ ਉਹਦੀ। ਕਹਿਣ ਲੱਗਿਆ, ਹੇ ਨਾਨਕ! ਮੈਂ ਵੀ ਸਹੀ ਕਰ ਲਿਆ ਮੁੱਲਾਂ ਵਾਂਗਣ। ਤੂੰ ਅੱਲਾਹ ਦੀ ਖਾਸ ਜਾਤ ਹੈਂ। ਤੂੰ ਹੁਣ ਮੈਨੂੰ ਇਕ ਸਬਕ ਦੇ ਕੇ ਜਾਹ ਕਿ ਮਨ ਕਿਉਂ ਨਹੀਂ ਟਿਕਦਾ। ਮਨ ਦਾ ਵੀ ਕੋਈ ਸਾਧਨ ਹੈ? ਇਹ ਕਿਉਂ ਨਹੀਂ ਟਿਕਦਾ? ਮਹਾਰਾਜ ਕਹਿੰਦੇ, ਮਨ ਜਿਹੜਾ ਹੈ ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਹੈ। ਜਦੋਂ ਮਨ ਵਾਸ਼ਨਾ ਵਿਚ ਹੈ ਓਨੀ ਦੇਰ ਤੱਕ ਇਹਦਾ ਰੁਖ ਇਹਦੀ ਸੂਈ ਜਿਹੜੀ ਹੈ ਵਾਸ਼ਨਾ ਵਲ ਹੀ ਰਹੇਗੀ। ਰੱਬ ਵਲ ਨਹੀਂ ਆਉਂਦੀ ਕਿਉਂਕਿ ਰੱਬੀ ਮਨ ਨਹੀਂ ਬਣ ਸਕਿਆ, ਦੁਨੀਆਵੀ ਮਨ ਹੈ। ਇਹਨੇ ਜਦੋਂ ਸੋਚਣੀ ਹੈ ਦੁਨੀਆਂ ਦੀ ਗੱਲ ਸੋਚਣੀ ਹੈ, ਰੱਬ ਦੀ ਗੱਲ ਤਾਂ ਨੇੜੇ ਤੇੜੇ ਨਹੀਂ ਹੈ ਇਹਦੇ, ਕਿਉਂਕਿ ਰੱਬੀ ਮਨ ਨਹੀਂ ਦੁਨਿਆਵੀ ਮਨ ਹੈ। ਉਹਦੀ ਜੇ ਸੂਈ ਇੱਕ ਹੋਵੇ ਤਾਂ ਵੀ ਠੀਕ ਹੈ, ਇੱਥੇ ਵਾਸ਼ਨਾਵਾਂ ਦਾ ਹੀ ਕੋਈ ਅੰਤ ਨਹੀਂ। ਹਜ਼ਾਰਾਂ-ਲੱਖਾਂ ਵਾਸ਼ਨਾ ਨੇ, ਇੱਕ ਘੜੀ 'ਚ ਮਨ ਕੁਛ ਸੋਚਦਾ ਹੈ, ਦੂਜੀ ਘੜੀ ਕੁਛ ਸੋਚਦਾ ਹੈ, ਤੀਜੀ 'ਚ ਕੁਛ ਸੋਚਦਾ ਹੈ, ਪਲ-ਪਲ ਦੇ ਉੱਤੇ ਛਲਾਂਗਾ ਮਾਰਦਾ ਤੁਰਿਆ ਜਾਂਦਾ ਹੈ। ਬੇਅੰਤ ਵਾਸ਼ਨਾਵਾਂ ਨੇ ਮਨ ਦੇ ਅੰਦਰ, ਜਿੰਨਾਂ ਚਿਰ ਮਨ ਵਾਸ਼ਨਾਵਾਂ ਤੋਂ ਉੱਚਾ ਨਹੀਂ ਹੁੰਦਾ ਓਨੀਂ ਦੇਰ ਤੱਕ ਮਨ ਟਿਕਿਆ ਨਹੀਂ ਕਰਦਾ, ਕਿਉਂਕਿ ਇਹਦਾ ਸੁਭਾਅ ਨਹੀਂ ਹੈ ਟਿਕਣ ਵਾਲਾ। ਪਾਰਾ ਉਂਗਲੀ ਦੇ ਥੱਲੇ ਲਿਆਉਣ ਦੀ ਕੋਸ਼ਿਸ਼ ਕਰੋ, ਕਦੇ ਨਹੀਂ ਆਏਗਾ। ਜਿੰਨਾਂ ਚਿਰ ਦਵਾਈ ਦੇ ਨਾਲ ਪਾਰਾ ਮਾਰਿਆ ਨਹੀਂ ਜਾਂਦਾ, ਓਨਾਂ ਚਿਰ ਇਹ ਹਿਲਦਾ ਰਹੇਗਾ। ਇਸੇ ਤਰ੍ਹਾਂ ਜਿਹੜਾ ਮਨ ਹੈ ਇਹ ਅੜੀਅਲ ਘੋੜਾ ਹੈ, ਅੜੀਅਲ ਘੋੜੇ ਨੂੰ ਜੇ ਤੁਸੀਂ ਵਸ ਕਰਨਾ ਖੱਬੀ ਨਹੀਂ ਵਸ ਕਰ ਸਕਦੀ, ਜੇ ਤੁਸੀਂ ਖੱਬੀ ਲਾ ਦਿਓ। ਸਾਧਾਰਨ ਲਗਾਮ ਪਾ ਦਿਓ, ਨਹੀਂ ਹੁੰਦਾ, ਜਿੰਨਾਂ ਚਿਰ ਤੱਕ ਤੁਸੀਂ ਕੰਡਿਆਲਾ ਨਹੀਂ ਨਾ ਪਾਉਂਦੇ, ਉਹਦੇ ਉਤਲੇ ਪਾਸੇ ਨੂੰ ਨਿਕਲੇ ਹੋਏ ਤਿੱਖੇ-ਤਿੱਖੇ, ਜਦੋਂ ਖਿੱਚਦੇ ਨੇ ਮੂੰਹ ਵਿੱਚ ਲਗਦੇ ਨੇ ਜ਼ੋਰ ਨਾ, ਉਥੇ ਹੀ ਘੋੜਾ ਠੀਕ ਹੋ ਜਾਂਦਾ ਹੈ। ਜਦੋਂ ਤੱਕ ਗੁਰੂ ਦੇ ਸ਼ਬਦ ਦਾ ਕੰਡਿਆਲਾ ਨਹੀਂ ਉਹਦੇ ਮੂੰਹ ਵਿੱਚ ਪੈਂਦਾ ਤੇ ਪ੍ਰੇਮ ਦਾ ਚਾਬੁਕ ਨਹੀਂ ਵੱਜਾ, ਮਰਨ ਰੂਪੀ ਘੋੜੇ ਦੇ, ਓਨਾਂ ਚਿਰ ਮਨ ਨਹੀਂ ਟਿਕਿਆ ਕਰਦਾ। ਮਨ ਨੱਠਦਾ ਹੈ, ਕਿਉਂਕਿ ਵਾਸ਼ਨਾ ਨੇ, ਪੁੱਤਰ ਵਾਸ਼ਨਾ ਹੈ। ਜਿਹਦੇ ਪੁੱਤਰ ਨਹੀਂ ਹੋਇਆ ਦੇਖ ਕਿੰਨੀ ਵਾਸ਼ਨਾ ਹੈ ਕੁਛ ਕਰਾ ਲਓ ਉਸ ਤੋਂ। ਸਭ ਕੁਛ ਕਰਨ ਨੂੰ ਤਿਆਰ ਹੈ, ਦੂਜਿਆਂ ਦੇ ਪੁੱਤਰ ਮਾਰ ਕੇ, ਖ਼ੂਨ 'ਚ ਨਾਹੁੰਣ ਨੂੰ ਤਿਆਰ ਹੈ। ਪੁੱਤਰ ਵਾਸ਼ਨਾ ਆ ਗਈ। ਜਦੋਂ ਪੁੱਤਰ ਆ ਜਾਂਦਾ ਹੈ ਫੇਰ ਨਾਲ ਦੀ ਨਾਲ ਕਰੋੜਾਂ ਮੁਸ਼ਕਲਾਂ ਵੀ ਨਾਲ ਹੀ ਲੈ ਆਉਂਦਾ ਹੈ, ਰੱਬ ਨੂੰ ਜਪੇਂਗਾ ਕਿ ਪੁੱਤਰ ਵਲ ਧਿਆਨ ਦਏਗਾ। ਧਨ ਵਾਸ਼ਨਾ ਹੈ - ਧਨ ਦੇ

ਵਾਸਤੇ ਆਦਮੀ ਦੌੜਿਆ ਫਿਰਦਾ ਹੈ ਹਰ ਤਾਂ, ਦੇਸਾਂ-ਪ੍ਰਦੇਸ਼ਾਂ 'ਚ ਛਾਲਾਂ ਮਾਰਦਾ ਹੈ। ਉਹ ਮਨ ਨੂੰ ਕਿਵੇਂ ਟਿਕਣ ਦੇ ਦਏਗਾ, ਧਨ ਵਾਸ਼ਨਾ। ਲੋਕ ਵਾਸ਼ਨਾ ਹੈ – ਲੋਕਾਂ ਦੇ ਵਿੱਚ ਚੰਗਾ ਹੋਣਾ ਚਾਹੁੰਦਾ ਹੈ ਕਿ ਮੈਨੂੰ ਲੋਕ ਸਾਰੇ ਚੰਗਾ ਕਹਿਣ। ਅੱਜ ਤੱਕ ਤਾਂ ਲੋਕਾਂ ਨੇ ਕਿਸੇ ਨੂੰ ਚੰਗਾ ਨਹੀਂ ਕਿਹਾ, ਸਾਰਿਆਂ ਨੂੰ ਮਾੜਾ ਨਹੀਂ ਕਿਹਾ, ਮਾੜੇ ਤੋਂ ਮਾੜੇ ਬੰਦੇ ਨੂੰ ਵੀ ਚੰਗਾ ਕਹਿਣ ਵਾਲੇ ਹੁੰਦੇ ਨੇ, ਚੰਗੇ ਨੂੰ ਕਹਿਣ ਵਾਲੇ ਲੱਖਾਂ ਹੀ ਮਾੜਾ ਕਹਿਣ ਵਾਲੇ ਹੁੰਦੇ ਨੇ। ਚੌਥੀ ਹੋਇਆ ਕਰਦੀ ਹੈ ਦੇ ਵਾਸ਼ਨਾ – ਹਰ ਵਕਤ ਦੇਹ ਦਾ ਸ਼ਿੰਗਾਰ ਕਰਦੇ ਰਹਿਣਾ। ਸ਼ੀਸ਼ੇ ਦੇ ਸਾਮ੍ਹਣੇ ਖੜ੍ਹ ਕੇ ਸਮਾਂ ਲੰਘਾਉਣਾ ਕਿ ਮੈਂ ਇਸ ਤਰ੍ਹਾਂ ਸੋਹਣਾ ਲਗਦਾ ਹਾਂ, ਇਸ ਤਰ੍ਹਾਂ ਲਗਦਾ ਹਾਂ। ਮਾੜੀ ਜਿਹੀ ਗੱਲ ਹੋ ਜਾਏ ਉਥੋਂ ਹੀ ਆਪਣੇ ਆਪ ਨੂੰ ਕੱਟਣਾ ਵੱਢਣਾ ਸ਼ੁਰੂ ਕਰ ਦਿੰਦਾ ਹੈ। ਕੈਂਚੀ ਲੈ ਕੇ ਖੜ੍ਹ ਜਾਂਦੇ ਨੇ ਸ਼ੀਸ਼ਿਆਂ ਮੂਹਰੇ। ਨਾਈਂ ਬਾਲ ਬਣਾਉਂਦਾ ਹੈ ਤੇ ਉਹਦੇ ਮੂਹਰੇ ਬੈਠੇ ਹੁੰਦੇ ਨੇ। ਐਧਰੋਂ ਨਹੀਂ ਅਜੇ ਸਜਿਆ, ਇਧਰੋਂ ਨਹੀਂ ਸਜਿਆ ਕਿਉਂਕਿ ਦੇਹ ਵਾਸ਼ਨਾ ਹੈ, ਕੱਪੜਿਆਂ ਦੀ ਦੇਹ ਵਾਸ਼ਨਾ ਹੈ। ਕੱਪੜੇ ਸਜਾਉਂਦਾ ਹੈ। ਸੋ ਇਸ ਤਰ੍ਹਾਂ ਵਾਸ਼ਨਾਵਾਂ ਨੇ ਆਦਮੀ ਦੇ ਅੰਦਰ, ਸ਼ਾਸਤਰ ਵਾਸ਼ਨਾ, ਅੰਗਸਠਾਨ ਵਾਸ਼ਨਾ, ਬੇਅੰਤ ਵਾਸ਼ਨਾ ਨੇ ਜਿੰਨਾਂ ਚਿਰ ਵਾਸ਼ਨਾਵਾਂ ਨੇ ਮਨ ਨਹੀਂ ਟਿਕਦਾ। ਉਹ ਬਿਲਕੁਲ ਨਹੀਂ ਟਿਕਦਾ, ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪਿਆਰਿਓ, ਲੋਭੀ ਜੀਅੜਾ ਥਿਰ ਨਾ ਰਹੇ,***
***ਮਨ ਉਡ ਉਡ ਦਹਦਿਸ ਜਾਵੇ।***

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥***

***ਅੰਗ – 876***

ਅਸਮਾਨਾਂ ਦੇ ਵਿੱਚ ਉਡਾਰੀਆਂ ਮਾਰਦਾ ਹੈ, ਵੱਡੇ-ਵੱਡੇ ਗ੍ਰੰਥਾਂ ਦੀ ਵਿਚਾਰ ਕਰਦਾ ਹੈ। ਬੜੇ ਕੀਰਤਨ ਸੁਣ ਕੇ ਝੂੰਮਦਾ ਹੈ, ਕਦੇ ਐਨਾ ਹੇਠਾਂ ਗਿਰ ਜਾਂਦਾ ਹੈ ਜਿਹਦਾ ਹਿਸਾਬ-ਕਿਤਾਬ ਹੀ ਕੋਈ ਨਹੀਂ। ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਹੋ ਜਾਂਦਾ ਹੈ।

ਚਾਰੇ ਪਾਸਿਆਂ ਨੂੰ ਦੌੜਦਾ ਫਿਰਦਾ ਹੈ, ਆਪਣਾ ਮਕਸਦ ਹੱਲ ਕਰਨ ਵਾਸਤੇ। ਫੇਰ ਇਹ ਪ੍ਰਮੇਸ਼ਰ ਦਾ ਨਾਮ ਕਿਵੇਂ ਜਪ ਲਏਗਾ?

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ ਅੰਗ – 66***

ਆਹ ਦੇਹੀ ਦੇ ਉਤੇ ਮਨ ਰੂਪ ਪੰਖੀ ਬੈਠਾ ਜੀਵ ਆਤਮਾ ਨੂੰ ਲੈ ਕੇ ਉਡਾਰੀਆਂ ਮਾਰ ਰਿਹਾ ਹੈ ਦੱਸਾਂ ਦੇਸ਼ਾਂ ਦੇ ਅੰਦਰ, ਪਰ ਜਿੰਨਾਂ ਉਡਦਾ ਹੈ –

***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥***

***ਅੰਗ – 66***

ਜਿੰਨੀਆਂ ਉਡਾਰੀਆਂ ਮਾਰਦਾ ਹੈ, ਓਨੇ ਇਹਨੂੰ ਦੁੱਖ ਪੈਦਾ ਹੁੰਦੇ ਨੇ। ਫੇਰ ਕਲਪਦਾ ਹੈ ਤੇ ਵਿਰਲਾਪ ਕਰਦਾ ਹੈ।

*ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥*
*ਅੰਗ - 565*

ਜਿਹੜਾ ਮਨ ਦਸਾਂ ਦੇਸ਼ਾਂ 'ਚ ਨੱਠਿਆ ਫਿਰਦਾ ਹੈ -

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ਅੰਗ - 1369*

ਜਿਹੜੇ ਦਰਖਤ 'ਤੇ ਜਾ ਕੇ ਬੈਠ ਗਿਆ ਉਹਦਾ ਫਲ ਉਹਨੂੰ ਮਿਲਣਾ ਹੈ, ਕਿਤੇ ਕੌੜੇ ਮਿਲਣੇ ਨੇ ਕਿਤੇ ਮਿੱਠੇ ਮਿਲਣੇ ਨੇ ਕਿਉਂਕਿ ਉਡਾਰੀਆਂ ਮਾਰਦਾ ਫਿਰਦਾ ਹੈ, ਥਿਰ ਨਹੀਂ ਹੈ। ਉਹ ਹਰੀ ਦਾ ਗੁਣ, ਭਜਨ ਕਿਵੇਂ ਕਰ ਲਏਗਾ, ਪਾਠ ਕਿਵੇਂ ਕਰ ਲਏਗਾ, ਉਹ ਛਾਲਾਂ ਮਾਰਦਾ ਹੈ, ਚਾਰੇ ਪਾਸੇ।

*ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥*
*ਅੰਗ - 565*

ਪੰਜੇ ਗਿਆਨ ਇੰਦ੍ਰੀਆਂ, ਪੰਜੇ ਕਰਮ ਇੰਦ੍ਰੀਆਂ; ਇਹ ਉਡਾਰੀਆਂ ਦਾ ਰਸਤਾ ਹੈ ਇਹਦਾ। ਦੌੜਿਆ ਫਿਰਦਾ ਹੈ ਅੱਖਾਂ ਰਾਹੀਂ ਅੱਡ ਦੌੜਦਾ ਹੈ, ਕੰਨਾਂ ਰਾਹੀਂ ਅੱਡ ਦੌੜਦਾ ਹੈ, ਨਾਸਿਕਾ ਰਾਹੀਂ ਅੱਡ ਦੌੜਦਾ ਹੈ, ਇੰਦ੍ਰੀਆਂ ਰਾਹੀਂ ਅੱਡ ਦੌੜਦਾ ਹੈ, ਮੂੰਹ ਰਾਹੀਂ ਅੱਡ ਦੌੜਦਾ ਹੈ, ਕਹਿੰਦੇ ਉਹ ਟਿਕੇਗਾ ਕਿਵੇਂ। ਉਹ ਫੇਰ ਜਿਥੇ ਜਾ ਕੇ ਬਹਿ ਗਿਆ, ਕਾਮ ਦੇ ਦਰਖਤ ਤੇ ਜਾ ਕੇ ਬਹਿ ਗਿਆ, ਉਹ ਸੰਤਾਪ ਕਰਨ ਲਗ ਜਾਂਦਾ ਹੈ; ਕ੍ਰੋਧ 'ਤੇ ਬਹਿ ਗਿਆ ਸਰੀਰ ਜਲਣ ਲਗ ਜਾਂਦਾ ਹੈ; ਲੋਭ 'ਤੇ ਬਹਿ ਗਿਆ ਸਾਰਾ ਕਰਮ ਧਰਮ ਭ੍ਰਿਸ਼ਟ ਕਰ ਲੈਂਦਾ ਹੈ। ਮੋਹ 'ਤੇ ਬਹਿ ਗਿਆ ਜਮਾਂ ਦੀ ਫਾਹੀ ਆਪਣੇ ਗਲ 'ਚ ਪਾ ਲੈਂਦਾ ਹੈ। ਅਭਿਮਾਨ 'ਚ ਬਹਿ ਗਿਆ ਸਭ ਕਰਮ ਧਰਮ ਕੀਤੇ ਹੋਏ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*
*ਅੰਗ - 1428*

ਸਭ ਖਤਮ ਕਰ ਲੈਂਦਾ ਹੈ -

*ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥*
*ਅੰਗ - 599*

'ਖੁਆਇਆ' ਕਹਿੰਦੇ ਖਰਾਬ ਹੋ ਗਿਆ ਇਹ, ਗਲ ਗਿਆ ਇਹ। ਨੱਠਿਆ ਫਿਰਦਾ ਹੈ।

*ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥*
*ਅੰਗ - 600*

ਕਹਿੰਦੇ, ਸਾਰਾ ਜਨਮ ਹੀ ਬਿਰਥਾ ਜਾਂਦਾ ਰਿਹਾ ਨਵਾਬ ਸਾਹਿਬ। ਜਦੋਂ ਤੱਕ ਮਨ ਦੀ ਮਤ ਨਹੀਂ ਆਦਮੀ ਛੱਡਦਾ, ਜਦ ਤੱਕ ਗੁਰੂ ਦੀ ਮੱਤ ਨਹੀਂ ਧਾਰਨ ਕਰਦਾ, ਓਨੀਂ ਦੇਰ ਤੱਕ ਗੱਲ ਨਹੀਂ ਚੱਲਿਆ ਕਰਦੀ। ਤੁਸੀਂ ਸਵਾਲ ਕੀਤਾ ਹੈ ਨਾ ਕਿ ਮਨ ਕਿਵੇਂ ਟਿਕੇ। ਪਹਿਲਾਂ ਤਾਂ ਆਪਣੇ

ਮਨ ਦੀ ਮੱਤ ਛੱਡੋ, ਗੁਰੂ ਦੀ ਮੱਤ ਧਾਰਨ ਕਰੋ। ਜਦੋਂ ਮਨ ਦੀ ਮੱਤ ਛੱਡ ਕੇ ਗੁਰੂ ਦੀ ਮੱਤ ਧਾਰਨ ਕਰਾਂਗੇ, ਫੇਰ ਕੁਛ ਸਾਡੇ ਪੱਲੇ ਪੈਣਾ ਸ਼ੁਰੂ ਹੋ ਜਾਏਗਾ। ਪਰ ਮਹਾਰਾਜ ਕਹਿੰਦੇ ਇਹ ਗੱਲ ਸਾਰਿਆਂ ਨਾਲੋਂ ਔਖੀ ਹੈ।

***ਧਾਰਨਾ – ਮਨ ਕੀ ਮਤ ਤਿਆਗੋ ਹਰਿ ਜਨ,***
***ਇਹੋ ਬਾਤ ਕਠੈਨੀ ਹੈ।***

ਸਭ ਤੋਂ ਔਖੀ ਬਾਤ ਦੁਨੀਆਂ ਦੇ ਅੰਦਰ ਆਪਣੇ ਮਨ ਦੀ ਮਤ ਤਿਆਗਣਾ ਹੁੰਦਾ ਹੈ। ਜੇ ਅਸੀਂ ਗੁਰੂ ਦੀ ਮਤ ਧਾਰਨ ਕਰ ਲਈਏ, ਫੇਰ ਕੋਈ ਤਾਕਤ ਨਹੀਂ ਜਿਹੜੀ ਸਾਨੂੰ ਜੰਮਣ ਮਰਨ ਦੇ ਚੱਕਰ 'ਚ ਪਾ ਸਕੇ। ਜੰਮਣ ਮਰਨ ਦੇ ਚੱਕਰ 'ਚ ਸਾਡੀ ਅਹੰ ਬਿਰਤੀ ਪਾਉਂਦੀ ਹੈ। ਕਿਉਂਕਿ ਅਸੀਂ ਮਨ ਦੀ ਮਨ ਪਿੱਛੇ ਚਲਦੇ ਹਾਂ, ਅਹੰ ਬਿਰਤੀ ਸਾਡੀ ਸਾਨੂੰ ਹਉਮੈ ਦੇ ਜਾਲ ਦੇ ਵਿਚੋਂ ਨਿਕਲਣ ਨਹੀਂ ਦਿੰਦੀ। ਸੋ ਕਹਿੰਦੇ ਸਾਰਿਆਂ ਨਾਲੋਂ ਔਖੀ ਹੈ–

***ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥***
***ਅਨਦਿਨੁ ਹਰਿ ਹਰਿ ਨਾਮੁ ਧਿਆਵਹੁ***
***ਗੁਰ ਸਤਿਗੁਰ ਕੀ ਮਤਿ ਲੈਨੀ ॥*** ***ਅੰਗ – 800***

ਫੇਰ ਕਹਿੰਦੇ ਧਿਆਉਂਦੇ ਹੋਏ ਕੀ ਕਰੋ, 'ਗੁਰ ਸਤਿਗੁਰ ਕੀ ਮਤਿ ਲੈਨੀ ॥' 1430 ਪੰਨਿਆਂ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਦੀ ਮਤ ਹੈ। ਇਹ ਮਤ ਲੈਣ ਦਾ ਯਤਨ ਕਰੋ। ਕਾਇਆਂ ਬ੍ਰਿਛ 'ਤੇ ਮਨ ਪੰਛੀ ਬੈਠਾ ਹੈ। ਇੱਕ ਇਹਦੇ ਉਤੇ ਸ੍ਰੇਸ਼ਟ ਪੰਛੀ ਬੈਠਾ ਹੈ, ਦੋ ਰਹਿੰਦੇ ਨੇ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*** ***ਅੰਗ – 550***

ਇਹ ਮਨ ਪੰਖੀ ਜੇ ਤਾਂ ਦੂਸਰੇ ਵਲ ਪਿੱਠ ਕਰਕੇ ਦੌੜਦਾ ਭੱਜਦਾ ਹੈ, ਫੇਰ ਤਾਂ ਇਹ ਫਸ ਜਾਂਦਾ ਹੈ, ਜੇ ਉਹਦੇ ਨਾਲ ਮਿਲ ਕੇ ਭੋਗ ਭੋਗਦਾ ਹੈ, ਫੇਰ ਅੰਮ੍ਰਿਤ ਰਸ ਦੇ ਭੋਗ ਭੋਗਦਾ ਹੈ। ਫੇਰ ਇਹਨੂੰ ਸੁਖ ਨਹੀਂ ਹੋਇਆ ਕਰਦਾ ਜੇ ਪਿੱਠ ਕਰ ਲੈਂਦਾ ਹੈ ਉਹਦੇ ਵਲ। ਹੁਣ ਮਨ ਕੀ ਕਰਦਾ ਹੈ ਦ੍ਰਿਸ਼ਟਮਾਨ ਵਲ ਨੂੰ ਉਡਾਰੀ ਮਾਰਦਾ ਹੈ, ਜਿਹੜਾ ਕੁਛ ਅੱਖਾਂ ਨਾਲ ਦਿਸਦਾ ਹੈ, ਕੰਨਾਂ ਨਾਲ ਸੁਣਦਾ ਹੈ, ਬੁੱਧੀ ਨਾਲ ਸੋਚਦਾ ਹੈ, ਉਹਦੇ ਵਲ ਨੂੰ ਦੌੜਿਆ ਫਿਰਦਾ ਹੈ ਮਨ। ਜਿਹੜਾ ਇਸ ਤੋਂ ਉਪਰਲੇ ਪਾਸੇ ਹੈ, ਜਿਹਨੂੰ ਉਨਮਨ ਕਹਿੰਦੇ ਨੇ, ਆਤਮਕ ਅਵਸਥਾ ਉਹਦੇ ਵਲ ਇਹ ਝਾਕਦਾ ਹੀ ਨਹੀਂ ਹੈ। ਮਹਾਰਾਜ ਕਹਿੰਦੇ –

***ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥***
***ਅੰਗ – 934***

ਆਹ ਜਿਹੜਾ ਸਾਡਾ ਸਰੀਰ ਹੈ ਇਹ ਤਾਂ ਹੈਗਾ ਭਾਈ ਇੱਕ ਦਰਖਤ, ਇਹਦੇ ਉਤੇ ਇੱਕ ਪੰਖੀ ਬੈਠਾ ਹੈ ਜਿਹਨੂੰ ਮਨ ਕਹਿੰਦੇ ਨੇ, ਇਹਦੇ ਉਤੇ ਇੱਕ ਸ੍ਰੇਸ਼ਟ ਪੰਖੀ ਹੋਰ ਬੈਠਾ ਹੈ, ਇਸੇ ਤਰਵਰ ਦੇ ਉਤੇ ਇੱਕ ਬਹੁਤ ਹੀ

ਸੁੰਦਰ ਉਪਮਾ ਤੋਂ ਰਹਿਤ ਪੰਛੀ ਰਹਿੰਦਾ ਹੈ। ਜੇ ਤਾਂ ਉਹਦੇ ਨਾਲ ਮਿਲ ਕੇ ਚਲਦਾ ਹੈ -

***ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥***

***ਅੰਗ- 934***

ਜੇ ਉਹਦੇ ਨਾਲ ਮਿਲ ਕੇ ਭੋਗ ਭੋਗਦਾ ਹੈ, ਤੱਤ ਚੁਗਦਾ ਹੈ, ਆਤਮ ਵਸਤੂ ਦਾ ਤੱਤ ਚੁਗਦਾ ਹੈ, ਉਹ ਬਿਲਕੁਲ ਨਹੀਂ ਫਸਦਾ ਕਿਸੇ 'ਚ। ਪਰ ਜੇ ਪਿੱਠ ਕਰਦਾ ਹੈ -

***ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ ਅੰਗ - 934***

ਜੇ ਪਿੱਠ ਦੇ ਕੇ ਉਡਾਰੀਆਂ ਮਾਰਦਾ ਹੈ, ਦਸਾਂ ਦਿਸ਼ਾਵਾਂ ਨੂੰ, ਤਾਂ ਥਾਂ-ਥਾਂ ਦੇ ਉਤੇ ਭੋਗਾਂ ਦੇ ਚੋਗ ਪਏ ਹੋਏ ਖਾਣ ਦਾ ਯਤਨ ਕਰਦਾ ਹੈ। ਫੇਰ ਕੀ ਹੋਏਗਾ?

***ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥ ਅੰਗ - 934***

ਫੰਘ ਟੁੱਟ ਜਾਣਗੇ ਇਹਦੇ ਤੇ ਫਾਹੀ ਗਲ 'ਚ ਪੈ ਜਾਏਗੀ। ਜਿਹੜੇ ਅਉਗਣ ਕੀਤੇ ਨੇ ਉਹਦੀ ਫੇਰ ਭੀੜ ਬਣ ਜਾਏਗੀ। ਮਹਾਰਾਜ ਜੀ ਨੇ ਬਹੁਤ ਤਰੀਕਿਆਂ ਦੇ ਨਾਲ ਉਹਨੂੰ ਸਮਝਾਉਣਾ ਕੀਤਾ।

ਕਹਿਣ ਲੱਗੇ, ਹੇ ਨਾਨਕ! ਇੱਕ ਗੱਲ ਤੱਤ ਦੀ ਦਸ ਦੇ ਕਿ ਮਨ ਵਸ ਕਿਵੇਂ ਆਉਂਦਾ ਹੈ? ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਮਨ ਵਸ ਆਵੇ ਨਾਨਕਾ,***
***ਜੇ ਪੂਰਨ ਕ੍ਰਿਪਾ ਹੋਵੇ।***

***ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ ॥***
***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥***

***ਅੰਗ - 298***

ਕਹਿਣ ਲੱਗੇ, ਨਵਾਬ ਸਾਹਿਬ! ਜਦੋਂ ਤਕ ਪੂਰਾ ਸਤਿਗੁਰੂ ਨਹੀਂ ਮਿਲਦਾ, ਜਦੋਂ ਤੱਕ ਪੂਰਾ ਸਤਿਗੁਰੂ ਆਪਣਾ ਸ਼ਬਦ ਨਹੀਂ ਦਿੰਦਾ ਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਨਹੀਂ ਕਰਦਾ, ਓਨੀਂ ਦੇਰ ਤੱਕ ਮਨ ਨੂੰ ਵਸ ਕਰਨ ਵਾਲਾ ਕੋਈ ਸੂਰਮਾ ਸੰਸਾਰ ਦੇ ਅੰਦਰ ਅੱਜ ਤੱਕ ਤਾਂ ਪੈਦਾ ਨਹੀਂ ਹੋਇਆ। ਜਿਹੜਾ ਆਪਣੇ ਆਪ ਮਨ ਨੂੰ ਵਸ ਕਰ ਲਵੇ। ਜੇ ਮਨ ਵਸ ਆ ਜਾਵੇ -

***ਮਨ ਜੀਤੈ ਜਗ ਜੀਤ।***

ਸਾਰਾ ਸੰਸਾਰ ਜਿੱਤ ਲਿਆ ਜਿਹਨੇ ਮਨ ਨੂੰ ਜਿੱਤ ਲਿਆ, ਜਿਹਦਾ ਮਨ ਜੀਉਂਦਾ ਹੈ ਦੁਸ਼ਮਣ -

***ਮਨ ਰਿਪੁ ਜੀਤੇ ਰਿਪ ਜੀਤੇ।***

ਉਹਦੇ ਸਭ ਦੁਸ਼ਮਣ ਜੀਉਂਦੇ ਨੇ। ਜਦੋਂ ਮਨ ਦੁਸ਼ਮਣ ਨੂੰ ਜਿੱਤ ਲਿਆ, ਸਾਰੇ ਦੁਸ਼ਮਣ ਜਿੱਤ ਲਏ।

***ਮਨ ਰਿਪੁ ਜਿੱਤੇ ਸਭ ਰਿਪੁ ਜਿੱਤੇ।***

ਸਾਰੇ ਦੁਸ਼ਮਣ ਜਿੱਤ ਲਏ।

ਇੱਕ ਰਾਜਾ ਹੋਇਆ ਹੈ, ਪਾਰਸਨਾਥ ਸਤਿਜੁਗ ਦੇ ਅੰਦਰ। ਉਹ ਜਮਾਂਦਰੂ, ਜਟਾਂ ਸਹਿਤ ਉਸਨੇ ਜਨਮ ਲਿਆ ਸੀ ਤੇ ਕੰਨ ਦੇ ਵਿੱਚ ਉਹਦੇ ਮੁੰਦਰ ਸੀ। ਸ਼ਿਵ ਜੀ ਮਹਾਰਾਜ ਦਾ ਉਹਨੂੰ ਅਵਤਾਰ ਕਹਿੰਦੇ ਸੀ। ਦੱਸ ਹਜ਼ਾਰ ਸਾਲ ਉਸ ਨੇ ਰਾਜ ਕਰਿਆ, ਉਹ ਸ਼ਸਤਰ ਤੇ ਸ਼ਾਸਤਰ ਦਾ ਦੋਹਾਂ ਦਾ ਧਨੀ ਸੀ, ਨਾ ਉਹਨੇ ਸ਼ਸਤਰ ਦੇ ਵਿਚ ਕਿਸੇ ਨੂੰ ਅੜਨ ਦਿੱਤਾ ਨਾ ਸ਼ਾਸਤਰ 'ਚ। ਸਭ ਜਿੱਤ ਲਏ, ਜਿੰਨੇ ਕਰਮ ਧਰਮ ਉਸ ਵੇਲੇ ਦੇ ਚਲਦੇ ਸੀ, ਸਾਰਿਆਂ ਦੇ ਵਿਚ ਇਨਕਲਾਬ ਲਿਆ ਦਿੱਤਾ। ਬਦਲ ਦਿੱਤਾ ਸਭ ਨੂੰ। ਕੋਈ ਨਹੀਂ ਸੀ ਸ਼ਾਸਤਰ ਵਾਲਾ ਜਿਹੜਾ ਉਹਦੇ ਸਾਮ੍ਹਣੇ ਆ ਕੇ ਬਚਨ ਕਰੇ। ਦੂਸਰੇ ਪਾਸੇ ਉਹ ਰਾਜਾ ਸੀ ਉਸਨੇ ਸਾਰੀ ਧਰਤੀ ਦਾ ਜਿੰਨਾਂ ਰਾਜ ਹੈ, ਇੱਕ ਲੱਖ ਰਾਜਾ ਕੈਦ ਵਿੱਚ ਸੀ ਉਸ ਦੀ। ਉਸ ਵੇਲੇ ਉਹਦੇ ਮਨ 'ਚ ਖਿਆਲ ਆਇਆ ਕਿ ਮੈਂ ਹੁਣ ਰਾਜਮੇਧ ਯੱਗ ਕਰਾਂ। ਰਾਜੇ ਨੂੰ ਮਾਰ ਕੇ ਯੱਗ ਕਰਦੇ ਸੀ, ਜਦੋਂ ਯੱਗ ਸੰਪੂਰਨ ਹੁੰਦਾ ਸੀ, ਉਹਦੇ ਫਲ ਨਾਲ ਉਹਨੂੰ ਜੀਉਂਦਾ ਕਰ ਲੈਂਦੇ ਸੀ ਤਾਂ ਬ੍ਰਾਹਮਣਾਂ ਨੂੰ ਕਿਹਾ ਗਿਆ, ਬ੍ਰਾਹਮਣ ਤਿਆਰੀ ਕਰਨ ਲੱਗ ਗਏ। ਲੇਕਿਨ ਉਹਦਾ ਜੋ ਪ੍ਰਧਾਨ ਮੰਤਰੀ ਸੀ ਉਹ ਬੜਾ ਸਿਆਣਾ ਸੀ, ਉਹ ਕਹਿਣ ਲੱਗਿਆ ਕਿ ਮਹਾਰਾਜ! ਇੱਕ ਰਾਜਾ ਹੈ ਜਿੰਨਾਂ ਚਿਰ ਉਹ ਨਹੀਂ ਜਿੱਤਿਆ ਜਾਂਦਾ, ਓਨਾਂ ਚਿਰ ਤੁਸੀਂ ਯੱਗ ਕਰਨ ਦਾ ਅਧਿਕਾਰ ਨਹੀਂ ਰੱਖਦੇ। ਕਹਿਣ ਲੱਗਿਆ, ਕੌਣ ਰਾਜਾ ਹੈ? ਕੀ ਫੌਜ ਹੈ ਉਹਦੇ ਕੋਲ। ਕਹਿੰਦਾ, ਫੌਜ ਤਾਂ ਤਾਂ ਉਹਦੀ ਬਹੁਤ ਵੱਡੀ ਹੈ, ਤੁਹਾਡਾ ਕੋਈ ਜਰਨੈਲ ਨਹੀਂ ਜਿੱਤ ਸਕਦਾ। ਦੁਨੀਆਂ 'ਤੇ ਕੋਈ ਬੰਦਾ ਨਹੀਂ ਜਿਹੜਾ ਉਹਦੀ ਫੌਜ ਨੂੰ ਜਿੱਤ ਸਕੇ। ਉਹ ਘਾਤ ਲਾ ਕੇ ਵਾਰ ਕਰਦੇ ਨੇ, ਕੋਈ ਪਤਾ ਨਹੀਂ ਕਿਹੜੇ ਵੇਲੇ ਕਿਹਦੇ 'ਤੇ ਵਾਰ ਹੋ ਜਾਵੇ। ਜਦੋਂ ਪਤਾ ਹੀ ਨਹੀਂ ਦੁਸ਼ਮਣ ਦਾ, ਫੇਰ ਤਾਂ ਆਦਮੀ ਹਰ ਵਕਤ ਹੀ ਡਰਦਾ ਹੈ ਕਿ ਹੁਣ ਮਰੇ ਕਿ ਹੁਣ ਮਰੇ, ਕਹਿੰਦੇ ਉਹਦੇ ਦੁਸ਼ਮਣ ਘਾਤ ਲਾ ਕੇ ਵਾਰ ਕਰਦੇ ਨੇ।

ਇੱਕ ਮਹਾਤਮਾ ਸੀ, ਬਿਰਧ ਅਵਸਥਾ ਸੀ, ਦਾਹੜਾ ਬਹੁਤ ਵਧੀਆ ਸੀ ਉਨ੍ਹਾਂ ਦਾ। ਜਦੋਂ ਲੰਘਦੇ ਨੇ, ਵੇਸਵਾ ਕੁੱਤਾ ਲੈ ਕੇ ਸਾਮ੍ਹਣੇ ਆ ਕੇ ਨਮਸ਼ਕਾਰ ਕਰਦੀ ਹੈ, ਨਾਲ ਕਹਿੰਦੀ ਹੈ ਬਾਬਾ ਜੀ! ਆਹ ਮੇਰੇ ਕੁੱਤੇ ਦੀ ਵੀ ਪੂੰਛ ਤੁਹਾਡੇ ਦਾਹੜੇ ਵਰਗੀ ਚਿੱਟੀ ਹੈ ਤੇ ਤੁਹਾਡਾ ਦਾਹੜਾ ਵੀ ਚਿੱਟਾ ਹੈ, ਦੋਹਾਂ 'ਚੋਂ ਦੱਸੋ ਕਿ ਵਧੀਆ ਕਿਹੜਾ ਹੈ? ਮਹਾਤਮਾ ਚੁੱਪ ਕਰ ਜਾਂਦੇ ਨੇ ਕਹਿੰਦੇ ਨੇ ਦੱਸਾਂਗੇ ਬੇਟਾ! ਸਮਾਂ ਲੰਘਦਾ ਗਿਆ, ਉਹ ਸਵਾਲ ਕਰਨ ਤੋਂ ਨਾ ਹਟੀ। ਆਖਰੀ ਸਮਾਂ ਆ ਗਿਆ, ਕਹਿੰਦੇ ਵੇਸਵਾ ਨੂੰ ਬੁਲਾਓ। ਕੁੱਤਾ ਲੈ ਕੇ ਆ ਗਈ। ਓਸ ਵੇਲੇ ਕੁੱਤਾ ਲੈ ਕੇ ਹਾਜ਼ਰ ਹੋਈ। ਕਹਿਣ ਲੱਗੇ, ਬੇਟਾ! ਹੁਣ ਸਵਾਲ ਕਰ। ਕਹਿੰਦੀ, ਮਹਾਰਾਜ! ਮੈਂ ਤਾਂ ਏਵੇਂ ਚੰਚਲ ਬਿਰਤੀ ਦੇ ਨਾਲ, ਚੰਚਲ ਬਾਤ ਕਰਿਆ ਕਰਦੀ ਸੀ, ਕਹਿੰਦੇ ਨਾ, ਸਵਾਲ ਕਰ ਸਾਰੇ ਬੈਠੇ ਨੇ। ਸਵਾਲ ਦੁਹਰਾਅ ਦਿੱਤਾ ਉਹਨੇ। ਕਹਿੰਦੇ, ਲੈ ਬੀਬਾ!

ਤੇਰੇ ਕੁੱਤੇ ਦੀ ਪੂੰਛ ਨਾਲੋਂ ਮੇਰਾ ਦਾਹੜਾ ਜਿਹੜਾ ਹੈ ਨਾ ਇਹ ਲੱਖਾਂ-ਕਰੋੜਾਂ ਗੁਣਾਂ ਚੰਗਾ ਹੈ। ਕਿਉਂਕਿ ਮੈਂ ਸੁੱਚੀ ਦਾਹੜੀ ਲੈ ਕੇ ਦਰਗਾਹ ਨੂੰ ਜਾ ਰਿਹਾ ਹਾਂ। ਮੇਰੇ ਕੁਛ ਸਵਾਸ ਰਹਿੰਦੇ ਨੇ। ਕਹਿੰਦੀ, ਬਾਬਾ ਜੀ! ਇਹ ਜਵਾਬ ਤੁਸੀਂ ਪਹਿਲਾਂ ਕਿਉਂ ਨਾ ਦਿੱਤਾ? ਕਹਿੰਦੇ, ਇਸ ਵਾਸਤੇ ਨਹੀਂ ਸੀ ਦਿੱਤਾ, ਘਾਤ ਲਾ ਕੇ ਇਹ ਦੁਸ਼ਮਣ ਰਹਿੰਦੇ ਨੇ, ਕਾਮ ਵੀ, ਕ੍ਰੋਧ ਵੀ, ਲੋਭ ਵੀ, ਮੋਹ, ਅਭਿਮਾਨ, ਆਸਾ, ਤ੍ਰਿਸ਼ਨਾ, ਹਉਮੈ ਵੀ ਸਭ ਘਾਤ ਲਾ ਕੇ ਬੈਠੇ ਨੇ, ਕੀ ਪਤਾ ਹੈ ਬੇਟਾ! ਪਹਿਲਾਂ ਕਿਹੜਾ ਵਾਰ ਕਰ ਦੇਵੇ। ਉਹਦਾ ਵਾਰ ਮੈਂ ਸੰਭਲ ਕੇ, ਸੁਚੇਤ ਹੋ ਕੇ ਰੋਕ ਵੀ ਸਕਾਂ ਕਿ ਮੈਂ ਇੱਥੇ ਅੜਿੱਕੇ ਆ ਜਾਵਾਂਗੇ ਉਹਦੇ? ਪਿੱਛੋਂ ਪਤਾ ਲੱਗੇ ਕਿ ਆਹ ਕੀ ਭਾਣਾ ਵਰਤ ਗਿਆ। ਇਸ ਕਰਕੇ ਮੈਂ ਤੈਨੂੰ ਜਵਾਬ ਨਹੀਂ ਸੀ ਦਿੱਤਾ, ਕਿਉਂਕਿ ਇਹ ਦੁਸ਼ਮਣ ਸਭ ਤੋਂ ਵੱਡਾ ਤਕੜਾ ਹੈ। ਇਹਦੇ ਸਾਮ੍ਹਣੇ ਕੋਈ ਅੜ ਨਹੀਂ ਸਕਦਾ। ਸੋ ਜਵਾਬ ਦੇ ਦਿੱਤਾ, ਉਸ ਤੋਂ ਬਾਅਦ ਸਵਾਸ ਛੱਡ ਦਿੱਤੇ।

ਸੋ ਪਾਰਸਨਾਥ ਕਿਹਾ ਕਿ ਇੱਕ ਦੁਸ਼ਮਣ ਐਸਾ ਹੈ ਕਿ ਜਿਹਦੇ ਜਰਨੈਲ ਘਾਤ ਲਾ ਕੇ ਵਾਰ ਕਰਦੇ ਨੇ। ਉਨ੍ਹਾਂ ਦੇ ਸਾਮ੍ਹਣੇ ਕੋਈ ਟਿਕ ਨਹੀਂ ਸਕਦਾ, ਕਹਿੰਦੇ ਉਹ ਕੌਣ ਹੈ, ਕਹਿੰਦੇ ਤੁਹਾਡੇ ਅੰਦਰ ਰਹਿੰਦਾ ਹੈ ਤੁਹਾਡਾ ਮਨ। ਜਦੋਂ ਤੁਸੀਂ ਮਨ ਨੂੰ still ਕਰ ਲਓਂਗੇ ਓਸ ਵੇਲੇ ਤੁਸੀਂ ਅਧਿਕਾਰੀ ਹੋਵੋਂਗੇ। ਉਸਨੇ ਸਾਧਨ ਕਰਨੇ ਸ਼ੁਰੂ ਕਰੇ, ਪ੍ਰਾਣਾਯਾਮ ਕਰਿਆ, ਸਮਾਧੀਆਂ ਲਾਈਆਂ; ਜਦ ਜਾਗੇ ਮਨ ਫੇਰ ਦੌੜੇ। ਰਾਜਸੀ ਕੰਮਾਂ 'ਚ ਦੌੜਿਆ ਫਿਰੇ, ਰਾਜ ਪ੍ਰਬੰਧ 'ਚ ਦੌੜਿਆ ਫਿਰੇ, ਇੱਕ ਸਕਿੰਟ ਵਾਸਤੇ ਨਾ ਟਿਕੇ। ਅਖੀਰ ਉਹਨੇ ਪ੍ਰਣ ਕਰ ਲਿਆ ਕਿ ਜੇ ਛੇ ਮਹੀਨੇ ਦੇ ਅੰਦਰ-ਅੰਦਰ ਨਾ ਮੈਂ ਇਹਨੂੰ ਵਸ ਕਰ ਸਕਿਆ, ਤਾਂ ਮੈਂ ਜੀਉਂਦਾ ਚਿਤਾ ਜਾਲ ਕੇ ਵਿੱਚ ਜਲ ਜਾਵਾਂਗੇ। ਇਤਿਹਾਸ ਵਿੱਚ ਲਿਖਿਆ ਹੈ ਐਸਾ, ਗੁਰੂ ਦਸਵੇਂ ਪਾਤਸ਼ਾਹ ਨੇ ਕਥਾ ਲਿਖੀ ਹੈ, ਆਪ ਫੁਰਮਾਉਂਦੇ ਨੇ ਕਿ ਛੇ ਮਹੀਨੇ ਤੋਂ ਬਾਅਦ ਸਾਰੇ ਸੰਸਾਰ ਨੂੰ ਬੁਲਾ ਕੇ, ਸਭ ਦੇ ਸਾਮ੍ਹਣੇ ਉਹਨੇ ਚਿਖਾ ਚਿਣ ਲਈ ਤੇ ਕਹਿਣ ਲੱਗਿਆ ਪ੍ਰੇਮੀਓ! ਮੈਂ ਮਨ ਤੋਂ ਹਾਰ ਗਿਆ। ਮੈਂ ਮਨ ਨੂੰ ਜਿੱਤ ਨਹੀਂ ਸਕਿਆ। ਏਸ ਕਰਕੇ ਮੈਂ ਆਪਣੇ ਬਚਨ ਦੇ ਮੁਤਾਬਿਕ ਜਲਣਾ ਚਾਹੁੰਦਾ ਹਾਂ। ਕਹਿੰਦੇ, ਐਡਾ ਵੱਡਾ ਚੱਕਰਵਰਤੀ ਬਾਦਸ਼ਾਹ ਸਾਰੀ ਦੁਨੀਆਂ ਦਾ, ਇੱਕ ਲੱਖ ਰਾਜੇ ਦਾ ਰਾਜ ਜਿਹਨੇ ਖੋਇਆ ਸੀ। ਉਹ ਜੀਉਂਦਾ ਜਲਿਆ, ਮਨ ਦੇ ਸਾਮ੍ਹਣੇ ਹਾਰ ਮੰਨ ਕੇ, ਗੋਡੇ ਟੇਕ ਦਿੱਤੇ।

ਸੋ ਮਹਾਰਾਜ ਕਹਿੰਦੇ, ਨਵਾਬ ਸਾਹਿਬ! ਮਨ ਵਸ ਤਾਂ ਆਉਂਦਾ ਹੈ -

***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥***

***ਅੰਗ - 298***

ਇਹ ਮਨ ਪਰਬੋਧਿਆ ਜਾਂਦਾ ਹੈ -

***ਮਨੁ ਪਰਬੋਧਹੁ ਹਰਿ ਕੈ ਨਾਇ ॥*** ***ਅੰਗ - 288***

ਪ੍ਰਮੇਸ਼ਰ ਦੇ ਸ਼ਬਦ ਦੇ ਨਾਲ ਇਹ ਪਰਬੋਧ ਹੁੰਦਾ ਹੈ।

***ਦਹ ਦਿਸਿ ਧਾਵਤ ਆਵੈ ਠਾਇ ॥*** ***ਅੰਗ - 288***

ਫੇਰ ਇਹ ਆ ਜਾਂਦਾ ਹੈ ਥਾਉਂ ਦੇ ਉਤੇ। ਜਦੋਂ ਮਨ ਮਰ ਗਿਆ, ਜਦੋਂ ਮਨ ਅ-ਮਨ ਹੋ ਗਿਆ; ਇਹ ਪੰਜਵੀਂ ਭੂਮਿਕਾ ਹੁੰਦੀ ਹੈ ਜਿਥੇ ਮਨ ਦਾ ਨਾਸ਼ ਹੋ ਜਾਂਦਾ ਹੈ, ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ੍ਵ ਗਿਆਨ। ਤੱਤ ਗਿਆਨ ਪ੍ਰਗਟ ਹੋ ਕੇ ਸਾਰੇ ਪ੍ਰਮੇਸ਼ਰ ਦਿਸਣ ਲੱਗ ਜਾਂਦਾ ਹੈ, ਦੂਜਾ ਨਜ਼ਰ ਨਹੀਂ ਆਉਂਦਾ। ਓਸ ਵੇਲੇ ਮਨ ਦਾ ਨਾਸ਼ ਹੁੰਦਾ ਹੈ। ਕਹਿੰਦੇ ਜਦੋਂ ਮਨ ਦਾ ਨਾਸ਼ ਹੋ ਗਿਆ-

***ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥***
***ਅੰਗ - 159***

ਫੇਰ ਇਹਦਾ ਧਾਵਣਾ ਕਿੱਥੇ ਰਹਿ ਗਿਆ, ਜਦੋਂ ਮਰ ਹੀ ਗਿਆ। ਜਿੰਨਾਂ ਚਿਰ ਮਨ ਜੀਉਂਦਾ ਹੈ ਰੱਬ ਨਹੀਂ ਮਿਲਦਾ।

***ਮਨੁ ਮਰੈ ਦਾਰੂ ਜਾਣੈ ਕੋਇ ॥*** ***ਅੰਗ - 159***

ਕਹਿੰਦੇ, ਇਸ ਮਨ ਨੂੰ ਮਾਰਨ ਦੀ ਦਾਰੂ ਜਿਹੜੀ ਹੈ, ਕੋਈ-ਕੋਈ ਬੰਦਾ ਜਾਣਦਾ ਹੈ, ਇਹ ਗੁਰੂ ਦੇ ਕੋਲ ਦਾਰੂ ਹੈ। ਕਿਹੜੀ ਦਾਰੂ ਹੈ।

***ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥*** ***ਅੰਗ - 159***

ਇਹ ਸੱਚੇ ਸ਼ਬਦ ਨਾਲ, ਗੁਰੂ ਦੇ ਸ਼ਬਦ ਨਾਲ ਇਹ ਮਨ ਮਰਦਾ ਹੈ, ਹੋਰ ਕੋਈ ਤਰੀਕਾ ਨਹੀਂ। ਸੋ ਇਸ ਤਰ੍ਹਾਂ ਕਹਿਣ ਲੱਗਿਆ ਹੇ ਨਾਨਕ! ਮੈਨੂੰ ਉਹ ਸ਼ਬਦ ਦੇ ਜਿਹਦੇ ਨਾਲ ਮੇਰਾ ਮਨ ਮਰ ਜਾਏ। ਮਹਾਰਾਜ ਨੇ ਕ੍ਰਿਪਾ ਕੀਤੀ ਤੇ ਸ਼ਬਦ ਦੀ ਦਾਤ ਦੇ ਦਿੱਤੀ, ਪਹਿਲਾ ਸਿੱਖ ਨਵਾਬ ਦੌਲਤ ਖਾਨ ਹੋਇਆ ਹੈ। ਜਿਹਨੇ ਵਿਧੀਪੂਰਵਕ ਨਾਮ ਲਿਆ, ਦੂਸਰੀ ਕੌਮ ਦੇ ਨੇ।

ਇਹਦੇ ਵਿਚ ਇਹ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਹਰ ਵਕਤ ਕਾਰੋਬਾਰ ਕਰਦੇ ਹੋਏ, ਪ੍ਰਮੇਸ਼ਰ ਦੇ ਨਾਲ ਆਪਣੇ ਚਿੱਤ ਦੀ ਡੋਰੀ ਲਾ ਕੇ ਰੱਖੋ। ਪਿਆਰ ਦੀ ਡੋਰੀ ਲਾਓ ਪ੍ਰਮੇਸ਼ਰ ਦੇ ਨਾਲ। ਜਦੋਂ ਪਿਆਰ ਦੇ ਨਾਲ ਤੁਸੀਂ ਪ੍ਰਮੇਸ਼ਰ ਨੂੰ ਯਾਦ ਕਰੋਂਗੇ। ਓਸ ਵੇਲੇ ਵਸ ਆਇਆ ਹੋਇਆ ਮਨ ਸਿਮਰਨ ਦੇ ਵਿਚ, ਯਾਦ ਦੇ ਵਿਚ ਭਿੱਜ ਜਾਵੇਗਾ ਤੇ ਸਿਮਰਨ ਕਰਨਾ ਹੈ, ਜਿਵੇਂ ਕੂੰਜ ਆਪਣੇ ਬੱਚੇ ਪਿੱਛੇ ਛੱਡ ਆਉਂਦੀ ਹੈ ਤੇ ਇੱਕ ਸਕਿੰਟ ਵਾਸਤੇ ਨਹੀਂ ਭੁੱਲਦੀ -

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ***
***ਮਨ ਮਹਿ ਸਿਮਰਨੁ ਕਰਿਆ ॥*** ***ਅੰਗ - 10***

ਹਰ ਵਕਤ ਯਾਦ ਕਰਦੀ ਹੈ, ਯਾਦ ਸ਼ਕਤੀ ਦੇ ਨਾਲ ਬੱਚਿਆਂ ਨੂੰ ਪਾਲਦੀ ਹੈ, ਰੀਮੋਟ ਕੰਟਰੋਲ ਦੇ ਨਾਲ। ਚੋਗਾ ਚੁਗਦੀ ਹੈ ਹਜ਼ਾਰ ਮੀਲ 'ਤੇ, ਤੇ ਆਪਣੀ ਯਾਦ ਸ਼ਕਤੀ ਦੇ ਨਾਲ ਬੱਚੇ ਦੇ ਮੂੰਹ 'ਚ ਪਾਉਂਦੀ ਹੈ।

ਇਹਨੂੰ ਵਾਤਸਲ ਪਿਆਰ ਦੀ ਸ਼ਕਤੀ ਕਹਿੰਦੇ ਨੇ, ਇਹ ਸ਼ਕਤੀ ਹੈ ਇੱਕ, ਰੀਮੋਟ ਕੰਟਰੋਲ ਜਿਹੜਾ ਹੈ ਕਿੱਥੇ ਬੈਠਾ, ਕਿੱਡੀ ਦੂਰ ਕੰਟਰੋਲ ਕਰ ਦਿੰਦਾ ਹੈ। ਆਹ ਤਾਰਿਆਂ ਉਤੇ ਜਿਹੜੇ ਸਾਡੇ ਰਾਕਟ ਘੁੰਮਦੇ ਫਿਰਦੇ ਨੇ ਗਏ ਹੋਏ ਨੇ। ਆਹ ਇੱਥੇ ਰੀਮੋਟ ਕੰਟਰੋਲ ਹੈ, ਬਟਨ ਦੱਬ ਕੇ ਠੀਕ ਕਰ ਦਿੰਦੇ ਨੇ। ਉਹ ਵੀ ਕੋਈ ਸਾਇੰਸ ਹੈ ਆਹ ਵੀ ਸਾਇੰਸ ਹੈ, ਇਹ ਸਾਇੰਸ ਜਦੋਂ ਯਾਦ ਪੱਕ ਜਾਂਦੀ ਹੈ ਉਸ ਵੇਲੇ ਮਹਾਰਾਜ ਕਹਿੰਦੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ –

***ਧਾਰਨਾ – ਸਿਮਰਉ ਪਿਆਰੇ ਨੂੰ,***
***ਸਿਮਰੋ ਸਿਮਰਿ ਸਿਮਰਿ ਸੁਖ ਪਾਵਉ।***

ਪੰਜੇ ਕਲੇਸ਼ਾਂ ਦਾ ਨਾਸ਼, ਸਾਰੀਆਂ ਕਲਾਂ ਦਾ ਨਾਸ਼ ਕਹਿੰਦੇ ਵਾਹਿਗੁਰੂ ਜਦੋਂ ਯਾਦ ਆ ਗਿਆ। ਉਸ ਵੇਲੇ ਇਹਦਾ ਖਾਤਮਾ ਹੋਏਗਾ, ਲੇਕਿਨ ਵਾਹਿਗੁਰੂ ਨੂੰ ਯਾਦ, ਜਿਸ ਤਰ੍ਹਾਂ ਦੇ ਨਾਲ ਤੁਹਾਨੂੰ ਵਿਚਾਰ ਕਰਕੇ ਦੱਸਿਆ ਗਿਆ ਹੈ ਇਸ ਤਰ੍ਹਾਂ ਕਰਨੀ ਹੈ। ਚਿੱਤ ਦੀ ਇਕਾਗਰਤਾ ਹੋਵੇ ਫੇਰ ਪਿਆਰ ਹੋਵੇ, ਪਿਆਰ ਦੇ ਨਾਲੋਂ ਉਹਨੂੰ ਯਾਦ ਕਰੋ। ਉਹ ਯਾਦ ਸ਼ਕਤੀ ਵਾਹਿਗੁਰੂ ਦੇ ਨਾਲ ਜੋੜ ਦਿੰਦੀ ਹੈ।

ਨਾਮਦੇਵ ਜੀ ਦੇ ਪਾਸ ਤ੍ਰਿਲੋਚਨ ਭਗਤ ਆਇਆ, 72 ਵਾਰੀ ਦਰਸ਼ਨ ਹੋਣੇ ਸੁਣੇ ਕਿ ਪ੍ਰਭੂ ਨੇ 72 ਵਾਰੀ ਦਰਸ਼ਨ ਦਿੱਤੇ ਨੇ ਨਾਮਦੇਵ ਨੂੰ। ਉਹਦੀ ਭਗਤੀ ਦਾ ਕੀ ਢੰਗ ਹੈ, ਇਹ ਜਾਨਣ ਵਾਸਤੇ ਜਦੋਂ ਆਉਂਦਾ ਹੈ ਨਾਮਦੇਵ ਜੀ ਦੇ ਪਾਸ, ਨਾਮਦੇਵ ਜੀ ਚੰਦੇ ਛਾਪਣ ਲੱਗੇ ਹੋਏ ਨੇ। ਦੇਖਿਆ ਉਹਨੇ ਕਿ ਇਹ ਤਾਂ ਭਜਨ ਨਹੀਂ ਕਰਦਾ, ਮਾਲਾ ਨਹੀਂ ਫੇਰਦਾ, ਕੋਈ ਸਮਾਧੀ ਲਾਈ ਨਹੀਂ ਬੈਠਾ, ਇਹ ਤਾਂ ਠੱਪ-ਠੱਪ ਕਰੀ ਜਾਂਦਾ ਹੈ, ਚੰਦਿਆਂ ਦੇ ਉਤੇ। ਮਿਹਣਾ ਮਾਰਿਆ, ਤਰਕ ਕੀਤੀ –

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ਅੰਗ – 1375***

ਆਹ ਸਾਰਾ ਦਿਨ ਸਵੇਰ ਤੋਂ ਠੱਪ-ਠੱਪ ਕਰਦਾ ਹੈਂ, ਰਾਤ ਤੱਕ, ਤੂੰ ਰਾਮ ਦੇ ਨਾਲ ਚਿੱਤ ਕਿਉਂ ਨਹੀਂ ਲਾਉਂਦਾ। ਨਾਮਦੇਵ ਜੀ ਹੱਸ ਪਏ ਕਹਿਣ ਲੱਗੇ –

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥***
***ਅੰਗ – 1376***

ਕਹਿੰਦੇ, ਚਿੱਤ ਰੱਖ ਤੂੰ ਨਿਰੰਜਨ ਨਾਲ। ਕਹਿੰਦਾ, ਨਾਮਦੇਵ! ਚਿੱਤ ਇੱਕ ਹੈ ਕਿ ਦੋ ਨੇ। ਕਹਿੰਦੇ, ਇੱਕ ਹੀ ਹੈ। ਫੇਰ ਕਹਿੰਦੇ, ਚਿੱਤ ਤੇਰਾ ਠੱਪਿਆ 'ਚ ਹੋਏਗਾ ਕਿ ਰੱਬ ਨਾਲ ਹੋਏਗਾ। ਕਹਿੰਦੇ, ਇਹ ਨਹੀਂ ਗੱਲ, ਚਿੱਤ ਦੇ ਵਿਚ ਜਿਹੜੀ ਡੂੰਘੀ ਚੀਜ਼ ਚਲੀ ਜਾਂਦੀ ਹੈ ਨਾ, ਉਹਦੀ ਯਾਦ ਨਹੀਂ ਭੁੱਲਦੀ। ਕਿਸੇ ਮਾਂ ਦਾ ਪੁੱਤ ਕਿਸੇ ਬਿਪਤਾ 'ਚ ਪਿਆ ਹੋਵੇ, ਉਹ ਖਾਏਗਾ ਪੀਏਗਾ, ਕੰਮ ਕਰੇਗਾ, ਲੇਕਿਨ ਉਹਦੀ ਯਾਦ ਤੋਂ ਇੱਕ ਸਕਿੰਟ

ਵਾਸਤੇ ਵੀ ਬੱਚਾ ਨਹੀਂ ਭੁੱਲੇਗਾ। ਕਿਉਂਕਿ ਉਹਦਾ ਚਿੱਤ ਬੱਚੇ ਦੇ ਵਿਚ ਚਲਿਆ ਗਿਆ। ਕਿਸੇ ਦੇ ਦੁਸ਼ਮਣ ਹੋਵੇ ਸਿਰ ਦੇ ਉਤੇ ਚੜ੍ਹਿਆ ਹੋਇਆ, ਖਤਰਾ ਹੋਵੇ ਆਪਣੀ ਜਾਨ ਦਾ। ਖਾਵੇਗਾ, ਪੀਵੇਗਾ, ਕੰਮ ਕਰੇਗਾ, ਬੋਲੇਗਾ, ਚੱਲੇਗਾ; ਚਿੱਤ ਕਿੱਥੇ ਰਹੇਗਾ? ਆਲੇ-ਦੁਆਲੇ ਦੇਖੇਗਾ ਕਿ ਹੁਣ ਆ ਕੇ ਨਾ ਗੋਲੀ ਮਾਰ ਦਏ। ਕਹਿੰਦੇ, ਇਸੇ ਤਰ੍ਹਾਂ ਤ੍ਰਿਲੋਚਨ ਜੀ ਅਸੀਂ ਆਪਣੇ ਮਨ ਨੂੰ ਪਿਆਰ ਦੀ ਡੋਰੀ ਦੇ ਨਾਲ ਪ੍ਰਮੇਸ਼ਰ ਨਾਲ ਬੰਨ੍ਹ ਦਿੱਤਾ। ਹੁਣ ਕਹਿੰਦੇ, ਮਨ ਤੋਂ ਅਸੀਂ ਕੰਮ ਲੈਂਦੇ ਹਾਂ ਸੰਸਾਰ ਦਾ। ਕਿਉਂਕਿ ਕੰਮ ਵੀ ਕਰਨਾ ਹੈ, ਇਹ ਵੀ ਜ਼ਰੂਰ ਕਰਨਾ ਹੈ। ਸੰਸਾਰ ਅਸੀਂ ਜ਼ਰੂਰ ਰਹਿੰਦੇ ਹਾਂ, ਲੇਕਿਨ ਅਸੀਂ ਰਹਿੰਦੇ ਹੋਏ, ਫੇਰ ਵੀ ਚਿੱਤ ਜਿਹੜਾ ਹੈ ਉਹ ਪ੍ਰਮੇਸ਼ਰ ਦੇ ਨਾਲ ਰੱਖਦੇ ਹਾਂ। ਕਹਿੰਦੇ, ਇਹ ਕਿਵੇਂ ਹੋ ਸਕਦਾ ਹੈ? ਕਹਿੰਦੇ, ਤੁਹਾਨੂੰ ਕੁਛ ਮਿਸਾਲਾਂ ਦੇ ਕੇ ਦਸਦੇ ਹਾਂ ਕਿ ਇੱਕ ਬੱਚਾ ਕਾਗਜ਼ ਲਿਆਉਂਦਾ ਹੈ, ਲਿਆ ਕੇ ਇੱਕ ਗੁੱਡੀ (ਪਤੰਗ) ਬਣਾ ਲੈਂਦਾ ਹੈ। ਅਕਾਸ਼ ਦੇ ਵਿੱਚ ਧਾਗਾ ਹੱਥ ਵਿੱਚ ਫੜ ਕੇ ਚੜ੍ਹਾਉਂਦਾ ਹੈ, ਉਹਦੇ ਪੰਜ ਸੱਤ ਦੋਸਤ ਨੇ ਤੇ ਦੋਸਤ ਆ ਕੇ ਉਹਦੇ ਨਾਲ ਗੱਲਾਂ ਕਰਦੇ ਨੇ, ਪਰਲੇ ਪਾਸੇ ਇੱਕ ਗੁੱਡੀ ਹੋਰ ਹੁੰਦੀ ਹੈ। ਉਹ ਗੁੱਡੀ ਉਡਦੀ ਹੈ ਉਹਨੂੰ ਬਚਾਉਂਦਾ ਹੈ ਕਿ ਕਿਤੇ ਪੇਚਾ ਨਾ ਪਾ ਲਵੇ। ਕਿਤੇ ਮੇਰੀ ਗੁੱਡੀ ਜਿਹੜੀ ਹੈ ਗੋਤਾ ਨਾ ਖਾ ਜਾਵੇ। ਗੱਲਾਂ ਵੀ ਕਰੀ ਜਾਂਦਾ ਹੈ ਤੇ ਤੁਣਕੇ ਵੀ ਮਾਰੀ ਜਾਂਦਾ ਹੈ ਐਸ ਤਰ੍ਹਾਂ ਦੇ ਨਾਲ ਕਹਿੰਦਾ ਹੈ –

***ਧਾਰਨਾ – ਮਨ ਮੇਰਾ ਓ ਗੁੱਡੀਆ ਬਨੇ,***
***ਇਹਨੂੰ ਬੰਨ੍ਹਿਆਂ ਪ੍ਰੇਮ ਵਾਲੀ ਡੋਰੀ।***

ਕਹਿਣ ਲੱਗੇ, ਭਗਤ ਜੀ! ਵਿਹਲੇ ਬੈਠ ਕੇ ਨਹੀਂ ਭਗਤੀ ਹੋਇਆ ਕਰਦੀ, ਭਗਤੀ ਕੰਮ ਹੈ ਮਨ ਦਾ। ਅੱਖਾਂ ਮੀਚ ਕੇ ਬੈਠ ਜਾਓ, ਮਨ ਉਡਾਰੀਆਂ ਮਾਰੀ ਜਾਂਦਾ ਹੈ, ਕਾਹਦੀ ਭਗਤੀ ਹੈ, ਕਾਹਦਾ ਨਾਮ ਹੈ। ਕਹਿਣ ਲੱਗੇ, ਹੋਰ ਕਿਵੇਂ ਹੁੰਦਾ ਹੈ? ਕਹਿੰਦੇ ਤ੍ਰਿਲੋਚਨ ਜੀ! ਹੱਥਾਂ ਨਾਲ ਕੰਮ ਕਰੋ, ਚਿੱਤ ਨੇ ਨਾਮ ਜਪਣਾ ਹੈ, ਚਿੱਤ ਨੂੰ ਪ੍ਰਮੇਸ਼ਰ ਵਲ ਲਾਓ। ਦੇਖੋ, ਮਿਸਾਲ ਹੈ। ਇੱਕ ਬੱਚਾ ਪਤੰਗ ਲਿਆਉਂਦਾ ਹੈ –

***ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥***
***ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥***
***ਅੰਗ – 972***

ਚਿੱਤ 'ਚ ਉਹਦੇ ਡੋਰੀ ਰਹਿੰਦੀ ਹੈ, ਉਧਰੋਂ ਤਾਂ ਬੇਖਬਰ ਨਹੀਂ ਹੁੰਦਾ। ਏਸੇ ਤਰ੍ਹਾਂ ਜਿਹਦਾ ਮਨ ਵਿੰਨ੍ਹਿਆ ਗਿਆ ਰਾਮ ਦੇ ਨਾਮ ਨਾਲ –

***ਮਨੁ ਰਾਮ ਨਾਮਾ ਬੇਧੀਅਲੇ ॥ ਅੰਗ – 972***

ਇੱਕ ਤਾਂ ਹੁੰਦਾ ਹੈ ਐਵੇਂ ਹੀ, ਵਿੰਨ੍ਹਿਆਂ ਤਾਂ ਅਜੇ ਹੈ ਨਹੀਂ। ਜਿਨ੍ਹਾਂ ਦਾ ਵਿੰਨ੍ਹਿਆਂ ਗਿਆ ਉਨ੍ਹਾਂ ਦੀ ਅਵਸਥਾ ਹੋਰ ਹੁੰਦੀ ਹੈ, ਐਸ ਤਰ੍ਹਾਂ ਕਹਿੰਦੇ ਨੇ ਉਹ –

***ਧਾਰਨਾ – ਗੁਰਾਂ ਨੇ ਮੇਰੇ ਓ ਬਾਣ ਮਾਰਿਆ – 2***
***ਮੇਰੇ ਪੈ ਗਿਆ ਕਲੇਜੇ ਛੇਕ।***

*ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥*
*ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥*
*ਅੰਗ - 1372*

ਪੂਰੇ ਸਤਿਗੁਰੂ ਦਾ ਸ਼ਬਦ ਰੂਪੀ ਬਾਣ ਲੱਗਿਆ। ਲੱਗਦੇ ਸਾਰ ਕਹਿੰਦੇ ਕਲੇਜੇ ਵਿੱਚ ਛੇਕ ਪੈ ਗਿਆ, ਇੱਕੋ ਸ਼ਬਦ ਸੁਣਿਆ ਹੈ ਕਬੀਰ ਸਾਹਿਬ ਨੇ, ਲੰਮਾ ਪਿਆ ਹੈ, ਰਾਮਾਨੰਦ ਜੀ ਦਾ ਪੈਰ ਲੱਗਿਆ, ਠੋਕਰ ਲੱਗੀ, ਮੋਢੇ ਤੋਂ ਫੜ ਕੇ ਉਠਾ ਲਿਆ, ਕਹਿੰਦੇ 'ਉਠ ਰਾਮ ਕੇ ਕਹੁ ਰਾਮ।' ਇੱਕੋ ਵਾਰੀ ਕਿਹਾ, ਇੱਕੋ ਵਾਰੀ ਕਹਿਣ ਨਾਲ ਕੀ ਹੋਇਆ? ਕਹਿੰਦੇ ਮੇਰੇ ਤਾਂ ਛੇਕ ਪੈ ਗਿਆ। ਹੁਣ ਰਾਮ-ਰਾਮ ਕਹਿਣ ਤੋਂ ਨਹੀਂ ਮੈਂ ਹਟਦਾ। ਨਾਮਦੇਵ ਜੀ ਕਹਿਣ ਲੱਗੇ, ਭਗਤ ਜੀ! ਤ੍ਰਿਲੋਚਨ ਜੀ ਮਨ ਵਿੰਨ੍ਹ ਹੋ ਜਾਣਾ ਚਾਹੀਦਾ ਹੈ ਨਾਮ ਦੇ ਨਾਲ। ਜਿਹਦਾ ਮਨ ਵਿੰਨ੍ਹਿਆ ਗਿਆ ਉਹਦੀ ਅਵਸਥਾ ਤੈਨੂੰ ਦਸਦੇ ਹਾਂ।

*ਮਨੁ ਰਾਮ ਨਾਮਾ ਬੇਧੀਅਲੇ ॥ ਅੰਗ - 972*

ਫੇਰ ਦੇਖੋ ਕਹਿੰਦੇ, ਇੱਕ ਗਹਿਣੇ ਵਾਲਾ ਗਹਿਣੇ ਬਣਾ ਰਿਹਾ ਹੈ। ਉਹਦੇ ਨਾਲ ਬੀਬੀਆਂ ਆ ਕੇ ਗੱਲਾਂ ਕਰਦੀਆਂ ਨੇ, ਭਾਈ ਗੱਲਾਂ ਕਰ ਰਿਹਾ ਹਾਂ ਕਿ ਐਹੋ ਜਿਹਾ ਬਣਾ ਰਿਹਾ ਹੈ, ਐਹੋ ਜਿਹਾ ਬਣਾਉਣਾ ਹੈ, ਆਹ ਡਿਜ਼ਾਇਨ ਬਣਾਉਣਾ ਹੈ। ਅੱਖ ਚੁੱਕ ਕੇ ਵੀ ਦੇਖ ਲੈਂਦਾ ਹੈ ਲੇਕਿਨ ਹੱਥ ਜਿਹੜੇ ਨੇ ਉਹ ਠੱਕ-ਠੱਕ ਕਰੀ ਜਾਂਦੇ ਨੇ। ਸੋ -

*ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ਅੰਗ - 972*

ਜਿਹੜਾ ਗਹਿਣੇ ਬਣਾਉਂਦਾ ਹੈ ਉਹਦੇ ਚਿੱਤ ਦੇ ਵਿਚ ਉਹ ਗਹਿਣਾ ਸਮਾਇਆ ਹੋਇਆ ਹੈ। ਗੱਲਾਂਬਾਤਾਂ ਵੀ ਕਰਦਾ ਹੈ। ਤੀਸਰਾ ਕਹਿੰਦੇ -

*ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥*
*ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥*
*ਅੰਗ - 972*

ਬੀਬੀਆਂ ਪਾਣੀ ਲੈਣ ਵਾਸਤੇ ਚਲੀਆਂ ਗਈਆਂ। ਸ਼ਹਿਰ ਦੇ ਸਰੋਵਰ ਦੇ ਵਿਚੋਂ ਪਾਣੀ ਭਰ ਲਿਆ, ਘੜੇ ਭਰ ਲਏ, ਖੂਹ ਤੋਂ ਭਰ ਲਿਆ ਤੇ ਇੱਕ ਘੜਾ ਸਿਰ ਉਤੇ ਹੈ, ਦੂਜਾ ਉਸ ਤੋਂ ਉਤੇ ਹੈ, ਇੱਕ ਹੱਥ ਵਿਚ ਹੈ ਤੇ ਇੱਕ ਕੱਛ ਵਿਚ ਹੈ। ਚਾਰ ਘੜੇ ਚੁੱਕੀਂ ਆਉਂਦੀ ਹੈ ਤੇ ਉਪਰਲੇ ਘੜੇ ਵੀ ਨੇ, ਨਾਲ ਦੀਆਂ ਸਹੇਲੀਆਂ ਨਾਲ ਹੱਸ-ਹੱਸ ਕੇ ਗੱਲਾਂ ਵੀ ਕਰਦੀ ਆਉਂਦੀ ਹੈ ਤੇ ਚਿੱਤ ਕਿੱਥੇ ਹੈ? ਕਿ ਕਿਤੇ ਗਰਦਨ ਹਿੱਲ ਕੇ ਘੜਾ ਨਾ ਗਿਰ ਜਾਵੇ।ਹੋਇਆ ਨਾ ਫੇਰ ਚਿੱਤ ਉਸ ਥਾਂ? ਕਹਿੰਦੇ ਹਾਂ। ਕਹਿੰਦੇ ਇਸੇ ਤਰ੍ਹਾਂ ਇੱਕ ਮਾਤਾ ਹੈ, ਬੱਚਾ ਉਹਨੇ ਘਰ ਵਿਚ ਪਾਇਆ ਹੋਇਆ ਹੈ, ਕੰਮ ਵੀ ਕਰਦੀ ਹੈ ਅੰਦਰ ਬਾਹਰ, ਉਸ ਤੋਂ ਬਾਅਦ ਉਹਨੂੰ ਆ ਕੇ ਝੂਟਾ ਵੀ ਦੇ ਜਾਂਦੀ ਹੈ। ਪਸ਼ੂ ਹੈ ਬਾਹਰ ਛੱਡਿਆ ਹੋਇਆ, ਗਊ ਬਾਹਰ ਛੱਡੀ ਹੋਈ ਹੈ, ਦੂਰ ਜੰਗਲ 'ਚ ਗਈ ਹੋਈ ਹੈ, ਬਛੜਾ ਘਰ ਰਹਿ ਗਿਆ, ਚੁਗਦੀ-ਚੁਗਦੀ ਫੇਰ ਰੰਭਦੀ ਹੈ, ਤੇ ਪਿੰਡ ਵਲ ਨੂੰ ਮੂੰਹ ਕਰਕੇ ਰੰਭਦੀ ਹੈ, ਕਹਿੰਦੇ, ਉਹਦੇ ਵਿੱਚ ਉਹਦੀ ਯਾਦ ਹੈ ਭੁੱਲੀ ਨਹੀਂ ਹੈ।

*ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥*
*ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥*
*ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥*
*ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥*

*ਅੰਗ - 972*

ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਕਿਰਤ ਵੀ ਕਰਨੀ ਹੈ, ਕਾਰੋਬਾਰ ਵੀ ਕਰਨਾ ਹੈ, ਉਹਨੂੰ ਵੀ ਬੜੀ ਈਮਾਨਦਾਰੀ ਨਾਲ ਕਰਨਾ ਹੈ। ਇਹ ਨਹੀਂ ਕਿ ਢਿੱਲਾ-ਢਿੱਲਾ ਕਰਨਾ ਹੈ, ਪੂਰਾ ਕਰਨਾ ਹੈ, ਚਿੱਤ ਦੇ ਵਿੱਚ ਪ੍ਰਮੇਸ਼ਰ ਰੱਖਣਾ ਹੈ, ਹਰ ਥਾਂ ਦੇ ਉਤੇ; ਕਹਿੰਦੇ, ਇਸ ਤੋਂ ਬਾਅਦ ਵਾਹਿਗੁਰੂ ਨੂੰ ਘਟ-ਘਟ ਦੇ ਵਿੱਚ ਵਿਆਪਕ ਜਾਣ ਕੇ, ਆਪਣੇ ਅੰਦਰ ਵੀ ਵਿਆਪਕ ਜਾਣਨਾ ਕਿ ਮੇਰੇ ਰੋਮ-ਰੋਮ ਦੇ ਅੰਦਰ ਉਹ ਸਮਾਇਆ ਹੋਇਆ ਹੈ ਫੇਰ ਉਸਦਾ ਧਿਆਨ ਪਰਪੱਕ ਕਰਕੇ ਆਪਣੇ ਅੰਦਰ, ਪਰਪੱਕ ਕਰਨ ਦਾ ਯਤਨ ਕਰਨਾ।

*ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

*ਗੁਰ ਕੀ ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ - 864*

ਕਹਿੰਦੇ, ਗੁਰੂ ਦੀ ਜੋ ਮੂਰਤ ਹੁੰਦੀ ਹੈ ਉਹਨੂੰ ਹਿਰਦੇ 'ਚ ਵਸਾ ਲਓ ਤੇ ਗੁਰੂ ਦੀ ਮੂਰਤ ਤੇ ਪ੍ਰਮੇਸ਼ਰ ਦੀ ਮੂਰਤ ਵਿੱਚ ਕੋਈ ਫਰਕ ਨਹੀਂ ਹੁੰਦਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - 442*

ਸਾਕਾਰ ਮੂਰਤ ਪ੍ਰਮੇਸ਼ਰ ਦੀ ਗੁਰੂ ਹੋਇਆ ਕਰਦਾ ਹੈ, ਨਿਰਾਕਾਰ ਮੂਰਤ ਪ੍ਰਮੇਸ਼ਰ ਦੀ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਜੇ ਤਾਂ ਕਿਸੇ ਦਾ ਧਿਆਨ ਇਸ ਪਰੀਪੂਰਨ ਪ੍ਰਮੇਸ਼ਰ ਦੇ ਉਤੇ ਪਿਆਰ ਪੂਰਵਕ ਲੱਗ ਜਾਵੇ ਤੇ ਖਿੱਚ ਹਿਰਦੇ 'ਚ ਪੈਦਾ ਹੋ ਜਾਵੇ ਉਹਦੀ, ਉਹ ਤਾਂ ਭਾਗਾਂ ਵਾਲਾ ਬੰਦਾ ਹੈ। ਨਹੀਂ ਤਾਂ ਇਸ ਅਵਸਥਾ ਨੂੰ ਪਹੁੰਚਣ ਵਾਸਤੇ ਪਹਿਲਾਂ ਸਾਕਾਰ ਦਾ ਧਿਆਨ ਧਰਨਾ ਪੈਂਦਾ ਹੈ, ਕਈ ਕਹਿੰਦੇ ਨੇ ਜੀ ਸਾਕਾਰ ਦੇ ਧਿਆਨ 'ਚੋਂ ਨਿਕਲਣਾ ਔਖਾ ਹੈ। ਕਰਕੇ ਨਹੀਂ ਦੇਖਿਆ, ਜੇ ਕੋਈ ਕਰਕੇ ਦੇਖੇ, ਜਿਹਦਾ ਧਿਆਨ ਧਰਦਾ ਹੈ ਉਹ ਆਪੇ ਹੀ ਬਣ ਜਾਂਦਾ ਹੈ, ਆਪ ਹੀ ਜਾਂਦਾ ਹੈ। ਉਹਨੂੰ ਪਤਾ ਹੀ ਨਹੀਂ ਰਹਿੰਦਾ ਕਿ ਮੈਂ ਕੌਣ ਹਾਂ ਤੇ ਉਹ ਕੌਣ ਹੈ। ਮਿਲ ਜਾਂਦਾ ਹੈ ਉਹਦੇ ਵਿਚ ਹੀ, ਸਮਾਪਤ ਹੋ ਜਾਂਦਾ ਹੈ। ਫਿਨਾਹ-ਫਿਲਾ ਹੋ ਜਾਂਦਾ ਹੈ। ਫਿਨਾਹ-ਫਿਲਾ ਹੋਣ ਦੇ

ਨਾਲ ਉਹਦੀ ਅਵਸਥਾ ਆਪਣੇ ਆਪ ਹੀ ਉਤੇ ਚੜ੍ਹ ਜਾਂਦੀ ਹੈ। ਜਿਧਰ ਦੇਖਦਾ ਹੈ, ਗੁਰੂ ਹੀ ਨਜ਼ਰ ਆਉਂਦਾ ਹੈ -

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥*
*ਅੰਗ - 407*

ਦੂਸਰਾ ਨਜ਼ਰ ਨਹੀਂ ਆਇਆ ਕਰਦਾ ਉਹਨੂੰ। ਸੋ ਮਹਾਰਾਜ ਕਹਿਣ ਲੱਗੇ ਕਿ ਇਹ ਸਾਧਨ ਕਰਦੇ-ਕਰਦੇ ਪ੍ਰਮੇਸ਼ਰ ਦਾ ਨਾਮ ਜੋ ਗੁਰੂ ਨੇ ਮੰਤਰ ਦਿੱਤਾ ਹੈ, ਉਸਨੂੰ ਜਪਦੇ ਜਾਣਾ ਹੈ, ਉਹਦੇ ਜਪਣ ਨਾਲ ਕੀ ਹੋਏਗਾ? ਆਦਮੀ ਦੇ ਅੰਦਰ ਇਕ ਅਹੰਭਾਵ ਹੈ, ਮੈਂ ਦਾ ਭਾਵ, ਇਹ ਮੈਂ ਦਾ ਭਾਵ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦਾ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥ ਅੰਗ - 1263*

ਇਹ ਕਰਾਰੀ ਕੰਧ ਬਣੀ ਹੋਈ ਹੈ ਮੈਂ ਦੀ, ਇਹ ਟੁੱਟਦੀ ਨਹੀਂ -

*ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥*
*ਅੰਗ - 1263*

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ਅੰਗ - 624*

ਦੂਰ ਲਗਦਾ ਹੈ, ਰੱਬ ਅੰਦਰ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ - 293*

ਪਰ ਹਉਮੈ ਦੀ ਕੰਧ ਨਹੀਂ ਟੁੱਟਦੀ, ਜਿੰਨਾਂ ਚਿਰ ਕੰਧ ਨਹੀਂ ਟੁੱਟਦੀ, ਓਨੀਂ ਦੇਰ ਤੱਕ ਦਰਸ਼ਨ ਨਹੀਂ ਹੁੰਦੇ। ਹੁਣ ਏਸ ਕੰਧ ਨੂੰ ਤੋੜਨ ਵਾਸਤੇ ਗੁਰੂ ਨੇ ਮੰਤਰ ਦੇ ਦਿੱਤਾ। ਉਸ ਮੰਤਰ ਦਾ ਜਿੰਨਾਂ ਅਸੀਂ ਜਾਪ ਕਰੀ ਜਾਵਾਂਗੇ। ਉਸ ਕੰਧ ਨੇ ਟੁੱਟਦੀ ਜਾਣਾ ਹੈ -

*ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤਰ ਜਪ ਕੇ।*

ਕਹਿੰਦੇ ਇਸ ਮੰਤਰ ਨੇ ਹਉਮੈ ਦਾ ਨਾਸ਼ ਕਰਨਾ ਹੈ, ਜਦੋਂ ਅੰਦਰੋਂ ਨਾਮ ਪ੍ਰਗਟ ਹੋ ਗਿਆ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥ ਅੰਗ - 293*

ਹਉਮੈ ਦਾ ਪੜਦਾ ਦੂਰ ਹੋ ਗਿਆ ਤੇ ਅਗਲੇ ਪਾਸੇ ਕੀ ਪਿਆ ਹੈ, ਨਾਮ ਪਿਆ ਹੈ। ਨਾਮ ਦੀ ਪ੍ਰਾਪਤੀ ਹੋ ਗਈ। ਕ੍ਰਿਪਾ ਹੋ ਜਾਏ, ਹਉਮੈ ਦਾ ਨਾਸ਼ ਹੋ ਜਾਏ। ਕਿਉਂਕਿ ਵਾਹਿਗੁਰੂ ਮੰਤਰ ਦੇ ਨਾਲ ਸਾਡਾ ਜਾਪ

ਜਿਹੜਾ ਹੈ ਉਹ ਨਾਮ ਨਾਲ ਹੈ। ਕਈਆਂ ਦਾ ਭਰਮ ਹੁੰਦਾ ਹੈ ਕਿ ਵਾਹਿਗੁਰੂ ਨਹੀਂ ਨਾਮ ਹੈ? ਵਾਹਿਗੁਰੂ ਨਾਮ ਤੱਕ ਪਹੁੰਚਾਉਣ ਵਾਸਤੇ ਮੰਤਰ ਹੈ, ਉਹ ਮੰਤਰ ਵਾਹਿਗੁਰੂ ਦਾ ਜਿਹੜਾ ਨਾਮ ਹੈ, ਉਹ ਆਪੇ ਹੀ ਪਲਟ ਕੇ ਵਾਹਿਗੁਰੂ ਬਣ ਜਾਂਦਾ ਹੈ। ਵਿਸਮਾਦ ਹੋ ਜਾਂਦਾ ਹੈ, ਪ੍ਰੈਕਟੀਕਲ 'ਚ ਆ ਜਾਂਦਾ ਹੈ। ਵਿਸਮਾਦ ਅਵਸਥਾ 'ਚ ਪਹੁੰਚ ਜਾਂਦਾ ਹੈ, ਵਾਹ-ਵਾਹ 'ਚ ਪਹੁੰਚ ਜਾਂਦਾ ਹੈ।

***ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥***

***ਅੰਗ - 514***

ਟੋਲ੍ਹ ਲਈ ਬਾਣੀ ਜਿਥੇ ਵਾਹੁ-ਵਾਹੁ ਰਹਿੰਦੀ ਹੈ। ਸੋ ਇਹ ਮੰਤਰ ਜਪ ਕੇ ਜਦੋਂ ਅੰਦਰੋਂ ਨਾਮ ਪ੍ਰਗਟ ਹੋ ਗਿਆ। ਫੇਰ ਹਉਮੈ ਦਾ ਨਾਸ਼ ਹੋ ਗਿਆ -

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***

***ਅੰਗ - 560***

ਜਾਂ ਹਉਮੈ ਹੋਏਗੀ ਜਾਂ ਨਾਮ ਹੋਏਗਾ।

***ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥***
***ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥***

***ਅੰਗ - 560***

ਤੂੰ ਗੁਰੂ ਦੇ ਸ਼ਬਦ ਦੀ ਕਮਾਈ ਕਰ ਪ੍ਰੇਮੀਆਂ! -

***ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥***

***ਅੰਗ - 560***

ਇਕੱਲੇ-ਇਕੱਲੇ ਸ਼ਬਦ ਦੇ ਅੰਦਰ ਨੁਸਖੇ ਨੇ, ਇੱਕ-ਇੱਕ ਅੱਖਰ ਦੇ ਅੰਦਰ। ਕਹਿੰਦੇ ਹੁਕਮ ਨੂੰ ਮੰਨ ਵਾਹਿਗੁਰੂ ਦੇ ਨੂੰ। ਫੇਰ ਕੀ ਹੋਏਗਾ, ਹੁਕਮ ਮੰਨਣ 'ਤੇ। ਕਹਿੰਦੇ ਵਾਹਿਗੁਰੂ ਮਿਲ ਜਾਏਗਾ? ਜਦੋਂ ਵਾਹਿਗੁਰੂ ਮਿਲ ਗਿਆ, ਤੂੰ ਖਤਮ ਹੋ ਗਿਆ, ਵਾਹਿਗੁਰੂ ਹੀ ਰਹਿ ਗਿਆ, ਤੂੰ ਹੀ ਵਾਹਿਗੁਰੂ ਬਣ ਜਾਏਂਗਾ?

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***

***ਅੰਗ - 1375***

ਕਿਉਂਕਿ ਆਪਾ ਮਿਟ ਗਿਆ, ਜਿਹੜੀ ਵਾਧੂ ਚੀਜ਼ ਲਈ ਫਿਰਦੇ ਹਾਂ ਸਰੀਰ 'ਚ, ਇਹ ਖਤਮ ਹੋ ਜਾਂਦੀ ਹੈ। ਜਦੋਂ ਤੂੰ ਆ ਜਾਂਦੀ ਹੈ, ਫੇਰ ਤੂੰ ਹੀ ਹੋ ਜਾਂਦਾ ਹੈ। ਸਾਰੇ ਤੂੰ ਹੀ ਨਜ਼ਰ ਆਉਂਦਾ ਹੈ। ਸਾਰੇ ਵਾਹਿਗੁਰੂ ਨਜ਼ਰ ਆਉਂਦਾ, ਜਦੋਂ ਵਾਹਿਗੁਰੂ ਨਜ਼ਰ ਆਉਂਦਾ ਹੈ ਫੇਰ ਆਪਣੇ ਵਿੱਚ ਵੀ ਨਜ਼ਰ ਆਉਂਦਾ ਹੈ, ਜਦੋਂ ਆਪਣੇ ਵਿੱਚ ਨਜ਼ਰ ਆਉਂਦਾ ਹੈ, ਫੇਰ ਇਹਦੇ ਵਿੱਚ ਵੀ ਵਾਹਿਗੁਰੂ ਤੇ ਬਾਹਰ ਵੀ ਵਾਹਿਗੁਰੂ, ਸਾਰੇ ਪ੍ਰਮੇਸ਼ਰ ਹੀ ਹੈ, ਹੋਰ ਹੈ ਹੀ ਨਹੀਂ ਕੋਈ। ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ।

***ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥***

***ਅੰਗ - 560***

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਅੰਗ - 560***

ਜਿੰਨੀ ਉਤਪਤੀ ਸੰਸਾਰ ਦੀ ਹੋਈ ਹੈ, ਜਿੰਨੇ ਸਾਰੇ ਸਰੀਰ ਨਜ਼ਰ ਆਉਂਦੇ ਨੇ। ਅੱਖਾਂ ਦੇ ਨਾਲ ਸਰੀਰ ਨਜ਼ਰ ਆਉਂਦੇ ਨੇ, ਰੂਪ ਨਜ਼ਰ ਆਉਂਦੇ ਨੇ ਕਹਿੰਦੇ ਸਾਰੇ ਹਉਮੈ 'ਚੋਂ ਪੈਦਾ ਹੋਏ ਨੇ।

***ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥***
***ਅੰਗ - 946***

ਹਉਮੈ 'ਚ ਸੰਸਾਰ ਦੀ ਉਤਪਤੀ ਹੋਈ ਹੈ, ਸਭ ਸਰੀਰ ਹਉਮੈ ਤੋਂ ਹੋਏ ਨੇ। ਹਉਮੈ ਹਨ੍ਹੇਰਾ ਹੈ ਵਾਹਿਗੁਰੂ ਨੂੰ ਭੁਲਾਉਣ ਵਾਲਾ -

***ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥***
***ਅੰਗ - 560***

ਜਿੰਨਾਂ ਚਿਰ ਹਉਮੈ ਹੈ ਓਨਾਂ ਚਿਰ ਨਾਲ ਰਹਿੰਦੇ ਪ੍ਰਮੇਸ਼ਰ ਨੂੰ ਨਹੀਂ ਅਸੀਂ ਬੁੱਝ ਸਕਦੇ। ਗੁਰੂ ਸਾਹਿਬ ਕਹੀ ਜਾਂਦੇ ਨੇ ਇੱਕ ਗੱਲ ਤਾਂ ਮੰਨ ਲੈ ਸਾਡੀ। ਸਿੱਖ ਬਣਿਆ ਫਿਰਦਾ ਹੈ ਇੱਕ ਤਾਂ ਮੰਨ ਲੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ਅੰਗ - 677***

ਐਉਂ ਮੰਨ ਲਓ ਕਿ ਜਿਧਰ ਵੀ ਮੈਂ ਦੇਖਦਾ ਹਾਂ, ਮੇਰੇ ਨਾਲ ਹੈ ਵਾਹਿਗੁਰੂ। ਜਿਧਰ ਦੇਖਦਾ ਹਾਂ, ਨਾਲ ਹੈ। ਰਾਤ ਹੈ ਦਿਨ ਹੈ, ਉਜਾੜ ਹੈ ਬੀਆਬਾਨ ਹੈ, ਸ਼ਹਿਰ ਦੀ ਬਸਤੀ ਹੈ ਉਹ ਮੇਰੇ ਨਾਲ ਹੈ। ਆਹ ਇੱਕ ਗੱਲ ਕਹਿੰਦੇ ਤੁਸੀਂ ਮੰਨ ਲਓ। ਜੇ ਇਹ ਮੰਨਣ ਦੀ ਤਾਕਤ ਪੈਦਾ ਹੋ ਜਾਵੇ ਤਾਂ ਗੁਬਾਰ ਦੂਰ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਗੁਬਾਰ ਜਾਂਦਾ ਨਹੀਂ ਜਦੋਂ ਤੱਕ ਪੂਰੇ ਸਾਧਨਾਂ ਵਿਚੋਂ ਨਹੀਂ ਲੰਘਦਾ। ਨਾਲ ਰਹਿੰਦੇ ਪ੍ਰਮੇਸ਼ਰ ਨੂੰ ਨਹੀਂ ਅਸੀਂ ਬੁੱਝ ਸਕਦੇ। ਹਾਕਾਂ ਮਾਰੀ ਜਾਂਦੇ ਹਾਂ ਕਿ ਰੱਬਾ! ਬਹੁੜ। ਰੱਬ ਨੇ ਕਿੱਤੋਂ ਬਹੁੜਨਾ ਹੈ, ਰੱਬ ਤਾਂ ਤੇਰੇ ਅੰਦਰ ਹੈ। ਅੰਦਰ ਹਾਕ ਮਾਰ।

***ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥***
***ਅੰਗ - 560***

ਨਾ ਨਾਮ ਜਪਿਆ ਜਾਂਦਾ ਹੈ। ਨਾ ਪ੍ਰਮੇਸ਼ਰ ਦੇ ਹੁਕਮ ਦੀ ਸੋਝੀ ਪੈਂਦੀ ਹੈ।

***ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥***
***ਅੰਗ - 560***

ਇਹ ਬੰਨ੍ਹਿਆ ਹੋਇਆ ਹੈ ਕਰਮਾਂ ਨੇ ਹਉਮੈ ਦੇ ਅੰਦਰ ਤੇ ਜੰਮਦਾ ਮਰਦਾ ਹੈ ਤੇ ਦੂਜਾ ਇਹ ਹੈ ਕਿ ਓਨਾਂ ਚਿਰ ਨਾਮ ਹਿਰਦੇ 'ਚ ਨਹੀਂ ਵਸਦਾ।

***ਨਾਨਕ ਸਤਗੁਰਿ ਮਿਲਿਐ ਹਉਮੈ ਗਈ***
***ਤਾ ਸਚੁ ਵਸਿਆ ਮਨਿ ਆਇ ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ਅੰਗ - 560***

ਜਦੋਂ ਸਤਿਗੁਰੂ ਮਿਲ ਗਿਆ, ਓਸ ਵੇਲੇ ਉਹਨੇ ਮੰਤਰ ਦੇ ਦਿੱਤਾ। ਮੰਤਰ ਦਾ ਜਾਪ ਕਰਕੇ ਸਾਡੀ ਹਉਮੈ ਦਾ ਨਾਸ਼ ਹੋ ਗਿਆ। ਫੇਰ ਸੱਚ ਦੀ ਕਮਾਈ ਕਰਦਾ ਹੈ ਤੇ ਵਾਹਿਗੁਰੂ 'ਚ ਹੀ ਰਹਿੰਦਾ ਹੈ ਹਰ ਵਕਤ। ਉਹਦੀ ਸੇਵਾ ਕਰਕੇ ਉਹਦੇ 'ਚ ਹੀ ਸਮਾਅ ਜਾਂਦਾ ਹੈ।

ਗੁਰੂ ਤੀਸਰੇ ਪਾਤਸ਼ਾਹ ਕਹਿਣ ਲੱਗੇ, ਭਾਈ ਜਵੰਦਾ, ਭਾਈ ਲਾਲੂ ਤੁਹਾਨੂੰ ਤਿੰਨ ਰਹਿਤਾਂ ਤਾਂ ਇਹ ਦੱਸ ਦਿੱਤੀਆਂ। ਪਹਿਲੀ ਸੇਵਾ ਦੀ ਦੱਸੀ ਹੈ, ਦੂਜੀ ਚਿੱਤ ਦੀ ਇਕਾਗਰਤਾ ਦੀ ਦੱਸੀ ਹੈ, ਤੀਸਰੀ ਤੁਹਾਨੂੰ ਦੱਸੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੁਸੀਂ ਪ੍ਰਮੇਸ਼ਰ ਦੀ ਯਾਦ ਦੇ ਵਿਚ ਰਹਿਣਾ ਹੈ। ਚੌਥਾ ਤੁਹਾਨੂੰ ਨਾਲ ਜੁਗਤ ਦੱਸੀ ਹੈ ਕਿ ਹਉਮੈ ਰਹਿਤ ਹੋ ਕੇ ਕੰਮ ਕਰਨਾ ਹੈ ਤੇ ਹੁਣ ਪੰਜਵਾਂ ਜੋ ਉਪਦੇਸ਼ ਹੈ ਉਹ ਇਹ ਹੈ ਕਿ ਹਉਮੈ ਰਹਿਤ ਹੋ ਕੇ ਪਰਉਪਕਾਰ ਕਰੋ, ਕਿਉਂਕਿ ਜਦੋਂ ਗੁਰਮੁਖ ਅਵਸਥਾ ਆਉਂਦੀ ਹੈ ਤਾਂ ਉਹ ਆਪਣੇ ਵਾਸਤੇ ਨਹੀਂ ਜੀਉਂਦਾ, ਫੇਰ ਉਹ ਸੰਸਾਰ ਵਾਸਤੇ ਜੀਉਂਦਾ ਹੈ –

***ਧਾਰਨਾ – ਕਰਦਾ ਪਰਉਪਕਾਰ***
***ਗੁਰਮੁਖ ਪਿਆਰਾ–ਗੁਰਮੁਖ ਪਿਆਰਾ।***

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ – 273***

ਚਸ਼ਮਾ ਚੱਲ ਪੈਂਦਾ ਹੈ, ਬ੍ਰਹਮਗਿਆਨੀ ਦੇ ਕਰਤੱਬਾਂ ਦੇ ਵਿਚ ਪਰਉਪਕਾਰ ਦਾ। ਦੂਸਰਿਆਂ ਦਾ ਭਲਾ ਕਰਨਾ। ਮਹਾਰਾਜ ਕਹਿੰਦੇ, ਪਰਉਪਕਾਰ ਬਹੁਤ ਕਿਸਮ ਦਾ ਹੈ। ਪਹਿਲਾਂ ਤਾਂ ਇਹ ਹੈ ਕਿ ਆਪਣੀ ਕਮਾਈ ਕਰਕੇ, ਉਹਦੇ ਵਿਚੋਂ ਹਿੱਸਾ ਕੱਢਣਾ। ਬੀਮਾਰ ਨੇ, ਦੁਖੀ ਨੇ, ਭੁੱਖੇ ਨੇ, ਭੁੱਖਿਆਂ ਨੂੰ ਅੰਨ੍ਹ ਦੇਣਾ। ਨੰਗਿਆਂ ਨੂੰ ਵਸਤਰ ਦੇਣੇ, ਬੀਮਾਰਾਂ ਨੂੰ ਦਵਾਈ ਦੇਣੀ। ਇਹ ਕਹਿੰਦੇ ਧਨ ਦਾ ਪਰਉਪਕਾਰ ਹੈ। ਵਿਦਿਆਲੇ ਖੋਲ੍ਹਣੇ, ਮੱਤ ਦੇਣੀ, ਦੂਰ-ਦੂਰ ਜਾ ਕੇ ਹਰੀ ਦਾ ਜਸ ਸਰਵਣ ਕਰਾਉਣਾ, ਇਸੇ ਤਰ੍ਹਾਂ ਦੂਸਰਾ ਪਰਉਪਕਾਰ ਹੋਇਆ ਕਰਦਾ ਹੈ ਮਨ ਦਾ। ਮਨ ਦਾ ਪਰਉਪਕਾਰ ਬਿਲਕੁਲ ਸਾਵਧਾਨ ਹੋ ਕੇ ਕਰਨਾ ਹੈ ਤੇ ਹਮੇਸ਼ਾ ਸੰਸਾਰ ਦਾ ਭਲਾ ਮੰਗਣਾ ਹੈ। ਰੋਜ਼ ਕਹਿਣਾ ਹੈ ਕਿ –

***ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।***

ਜੇ ਅਸੀਂ ਸਾਰੇ ਕਹਿ ਦੇਈਏ ਨਾ ਕਿ ਜਿੰਨੇ ਅਰਦਾਸ 'ਚ ਆਉਂਦੇ ਹਾਂ, ਆਹ ਰੌਲੇ-ਗੌਲੇ ਸਾਰੇ ਵਾਹਿਗੁਰੂ ਖਤਮ ਕਰ ਦੇਵੇ। ਅਸੀਂ ਕਹਿੰਦੇ ਨਹੀਂ ਹੈਗੇ, ਐਵੇਂ ਹੀ ਕਹਿ ਦਿੰਦੇ ਹਾਂ ਉਤੋਂ-ਉਤੋਂ। ਸੱਚਮੁਚ ਨਹੀਂ ਕਹਿੰਦੇ, ਜੇ ਕਿਤੇ ਸੱਚਮੁੱਚ ਮਨ ਦੇ ਨਾਲ, ਅਸੀਂ ਤਾਕਤ ਦੇ ਨਾਲ ਇਕਾਗਰ ਚਿੱਤ ਹੋ ਕੇ ਕਹੀਏ, ਵਾਹਿਗੁਰੂ ਬੋਲਾ ਤਾਂ ਨਹੀਂ ਹੈ। ਮੇਰੇ ਪਿਆਰੇ ਮੈਨੂੰ ਕਹਿੰਦੇ ਨੇ ਸਭ ਦਾ ਭਲਾ ਕਰ। ਸੋ ਮਨ ਦੇ ਨਾਲ ਭਲਾ ਕਰਨਾ। ਮਨ ਦੇ ਨਾਲ ਦੂਜੇ ਦੀ ਅਛਿਆਈ ਲੋਚਣੀ, ਚੜ੍ਹਦੀ ਕਲਾ ਨੂੰ ਸੋਚਣਾ। ਗਿਰਾਵਟ ਨਹੀਂ ਕਰਨੀ ਕਿ ਇਹਦਾ ਬੇੜਾ ਬਹਿ ਜਾਵੇ, ਮਰ ਜਾਣ ਇਹਦੇ ਫਲਾਣੇ। ਇਹਦੇ ਵਰਗਾ ਪਾਪ ਕੋਈ ਨਹੀਂ। ਉਹਦਾ ਭਲਾ ਲੋਚਣਾ, ਮਨ ਨੇ ਕਰਨਾ ਤਾਂ

ਕੁਛ ਨਹੀਂ ਇੱਕ ਖਿਆਲ ਹੀ ਪੈਦਾ ਕਰਨਾ ਹੈ, ਉਹ ਖਿਆਲ ਵੀ ਪਰਉਪਕਾਰ ਹੈ। ਬੁੱਧੀ ਦਾ ਪਰਉਪਕਾਰ ਹੁੰਦਾ ਹੈ। ਆਪਣੀ ਬੁੱਧੀ ਦੇ ਨਾਲ ਜੇ ਤੂੰ ਕੁਛ ਜਾਣਦਾ ਹੈਂ –

***ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥ ਅੰਗ – 766***

ਉਨ੍ਹਾਂ ਨੂੰ ਲਕੋ ਕੇ ਨਾ ਬੈਠੀਂ, ਸਾਂਝ ਕਰ ਲੈ ਸਾਰਿਆਂ ਨਾਲ। ਸਾਂਝ ਕਰਕੇ ਆਪਣਾ ਜੋ ਤੇਰੇ ਅੰਦਰ ਹੈਗਾ, ਉਹ ਦੱਸ ਦੇ ਦੂਜਿਆਂ ਨੂੰ। ਜੇ ਤੂੰ ਕੁਛ ਜਾਣਦਾ ਹੈਂ ਤਾਂ ਸਮਝਾ ਦੇ ਕਿ ਪ੍ਰੇਮੀਆਂ! ਗਲਤੀ ਖਾਵੋਂਗੇ, ਆਹ ਕੰਮ ਨਾ ਕਰੋ ਇਹ ਤੁਹਾਨੂੰ ਘਾਟੇ 'ਚ ਲਿਜਾਏਗਾ। ਇਹ ਬੁੱਧੀ ਦਾ ਦਾਨ ਹੋਇਆ ਕਰਦਾ ਹੈ। ਅਨਪੜ੍ਹ ਨੂੰ ਪੜ੍ਹਾ ਦੇਣਾ, ਰੂਹਾਨੀ ਵਿਦਿਆ ਦੀ ਜਾਚ ਸਿਖਾ ਦੇਣੀ।

ਤੀਸਰਾ ਹੋਇਆ ਕਰਦਾ ਹੈ – ਚਿੱਤ ਦਾ ਪਰਉਪਕਾਰ। ਦੂਜਿਆਂ ਸਾਰਿਆਂ ਨੂੰ ਖੁਸ਼ੀ ਵਿੱਚ ਲੈ ਕੇ ਜਾਣਾ। ਖੁਸ਼ੀ ਦੇਣੀ। ਐਸੇ ਬਚਨ ਬੋਲਣੇ, ਜਿਹਬਾ ਦਾ ਪਰਉਪਕਾਰ ਬਚਨ ਦਾ ਕਿ ਦੂਜੇ ਦਾ ਟੁੱਟਦਾ-ਟੁੱਟਦਾ ਦਿਲ ਖੜ੍ਹ ਜਾਏ। ਇਹ ਨਹੀਂ ਕਿ ਉਹਨੂੰ ਥੱਲੇ ਕਰ ਦਿਓ, ਫਿਕਰ 'ਚ ਪਾ ਦਿਓ। ਫਿਕਰ ਦੀ ਜੇ ਗੱਲ ਵੀ ਦੱਸਣੀ ਹੈ ਤਾਂ ਕਿਸੇ ਹਿਸਾਬ ਨਾਲ ਦੱਸਣੀ ਚਾਹੀਦੀ ਹੈ ਕਿ ਕਿਤੇ ਇਹਦਾ ਮਨ ਫਿਕਰ 'ਚ ਨਾ ਪੈ ਜਾਏ, ਮੇਰੀ ਗੱਲ ਸੁਣ ਕੇ। ਇਹ ਵੀ ਉਪਕਾਰ ਹੈ। ਇਸ ਤੋਂ ਅੱਗੇ ਸਾਰਿਆਂ ਨਾਲੋਂ ਵੱਡੇ ਮਹਾਰਾਜ ਨੇ ਉਪਕਾਰ ਕਹੇ ਨੇ ਕਿ ਅੰਨ੍ਹ ਦਾਨ, ਭੁੱਖੇ ਨੂੰ ਪ੍ਰਸ਼ਾਦਾ ਛਕਾ ਦੇਣਾ, ਵੇਲੇ-ਕੁਵੇਲੇ ਵੀ ਪ੍ਰਸ਼ਾਦਾ ਛਕਾ ਦੇਣਾ। ਉਹ ਬਹੁਤ ਭਾਰੀ ਉਪਕਾਰ ਹੈ। ਉਹਦੇ ਵਾਸਤੇ ਗੁਰੂ ਕੇ ਲੰਗਰ ਦਿਨ ਰਾਤ ਚਲਦੇ ਨੇ, ਉਥੇ ਤੁਸੀਂ ਇਕੱਠਾ ਕਰਕੇ ਦਿੰਦੇ ਓਂ, ਕੋਈ ਕੁਛ ਦਿੰਦਾ ਹੈ, ਕੋਈ ਕੁਛ ਦਿੰਦਾ ਹੈ। ਕੌਣ ਛਕਦਾ ਹੈ ਪ੍ਰਸ਼ਾਦੇ ਆ ਕੇ, ਲੋੜਵੰਦ ਆਉਂਦੇ ਨੇ, ਉਨ੍ਹਾਂ ਨੂੰ ਪਤਾ ਹੈ ਕਿ ਗੁਰੂ ਨਾਨਕ ਦਾ ਘਰ ਸਭ ਵਾਸਤੇ ਖੁਲ੍ਹਾ ਹੈ, ਜਦੋਂ ਜੀਅ ਕਰਦਾ ਹੈ ਇਸ ਤਰ੍ਹਾਂ ਆ ਕੇ ਛਕ ਲੈਂਦੇ ਨੇ, ਜਿਵੇਂ ਆਪਣਾ ਹੀ ਘਰ ਹੁੰਦਾ ਹੈ। ਹੋਟਲ ਨਹੀਂ ਹੈ ਕੋਈ ਕਿ ਆਰਡਰ ਦੇਣਾ ਪੈਣਾ ਹੈ। ਜਿੰਨੇ ਆਉਂਦੇ ਨੇ ਓਨਾਂ ਹੀ ਪ੍ਰਸ਼ਾਦਾ ਤਿਆਰ ਹੋ ਕੇ ਆ ਜਾਂਦਾ ਹੈ। ਸੋ ਦੂਸਰਾ ਮਹਾਰਾਜ ਕਹਿੰਦੇ ਜਿਹੜਾ ਸਾਰਿਆਂ ਨਾਲੋਂ ਸ਼੍ਰੋਮਣੀ ਪਰਉਪਕਾਰ ਹੈ ਉਹ ਹੈ ਕਿ ਕਿਸੇ ਭੁੱਲੇ ਹੋਏ ਨੂੰ ਪ੍ਰਮੇਸ਼ਰ ਦਾ ਰਾਹ ਦੱਸ ਦੇਣਾ ਤੇ ਆਪਣੀ ਸ਼ਕਤੀ ਦੇ ਨਾਲ, ਆਪਣੀ ਭਾਵਨਾ ਦੇ ਨਾਲ ਆਪਣਾ ਸਮਾਂ ਖਰਚ ਕੇ ਵੀ ਉਹਨੂੰ ਸਿੱਧੇ ਰਾਹ 'ਤੇ ਲਿਆ ਕੇ ਸ਼ਾਂਤੀ ਦਾ ਮਾਰਗ, ਪ੍ਰਮੇਸ਼ਰ ਦਾ ਨਾਲ ਜਪਣ ਲਾ ਦੇਣਾ। ਕਹਿੰਦੇ, ਉਹ ਜਿਹੜਾ ਪਰਉਪਕਾਰ ਕਰਦੇ ਨੇ, ਉਹ ਬਖਸ਼ੀਆਂ ਹੋਈਆਂ ਰੂਹਾਂ ਕਰ ਸਕਦੀਆਂ ਨੇ। ਦੂਜਿਆਂ ਦੇ ਵਸ ਵਿੱਚ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਵਿੱਚ ਸ਼ਕਤੀ ਹੁੰਦੀ ਹੈ ਜਿਹਨੂੰ ਜੀਅ ਦਾਨ ਕਹਿੰਦੇ ਨੇ। ਉਹ ਆਉਂਦੇ ਨੇ ਸੰਸਾਰ ਉਤੇ ਨਿੱਤ ਅਵਤਾਰ ਹੋ ਕੇ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***
***ਅੰਗ – 749***

ਸੋ ਮਹਾਰਾਜ ਕਹਿੰਦੇ ਜਿਹੜਾ ਪਰਉਪਕਾਰ ਕਰਨਾ ਹੈ ਇਹ ਜੀਵਨ ਦੀ ਸਫਲਤਾ ਹੈ। ਜਿਹੜਾ ਪਰਉਪਕਾਰ ਨਹੀਂ ਕਰਦਾ, ਉਹ ਜੀਉਂਦਾ ਨਹੀਂ ਹੇ ਬੰਦਾ, ਮਰਿਆ ਹੋਇਆ ਬੰਦਾ ਹੈ –

***ਧਾਰਨਾ – ਮਿਰਤਕ ਕਹੀਏ ਨਾਨਕਾ,***
***ਜਿਹ ਪ੍ਰੀਤ ਨਹੀਂ ਭਗਵੰਤ।***
***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ – 253***

ਜਿਹਦੇ ਮਨ 'ਚ ਰੱਬ ਦਾ ਪਿਆਰ ਨਹੀਂ, ਉਹ ਦੂਸਰੇ ਦਾ ਭਲਾ ਨਹੀਂ ਕਰ ਸਕਿਆ ਕਰਦਾ। ਪਰਉਪਕਾਰ ਕਰ ਹੀ ਨਹੀਂ ਸਕਦਾ। ਪਰਉਪਕਾਰ ਓਹੀ ਕਰਦਾ ਹੈ, ਜਿਹਦੇ ਹਿਰਦੇ ਦੇ ਅੰਦਰ ਪ੍ਰਮੇਸ਼ਰ ਦਾ ਪਿਆਰ ਪੈਦਾ ਹੋਵੇ। ਉਹ ਆਪਣਾ ਸਮਾਂ ਦੂਸਰਿਆਂ ਵਾਸਤੇ ਦਿੰਦਾ। ਆਪਣੀ ਖੇਚਲ, ਆਪਣੀ ਮਿਹਨਤ, ਆਪਣਾ ਧਨ, ਆਪਣੀ ਅਕਲ ਦੂਸਰਿਆਂ ਵਾਸਤੇ ਦਿੰਦਾ ਹੈ। ਕਿਉਂਕਿ ਉਹਦੇ ਅੰਦਰ ਪਿਆਰ ਹੈ ਸੰਸਾਰ ਦਾ, ਵਾਹਿਗੁਰੂ ਦਾ ਪਿਆਰ ਹੈ। ਵਾਹਿਗੁਰੂ ਘਟ-ਘਟ 'ਚ ਵਿਆਪਕ ਹੈ, ਸਭ ਦੇ ਅੰਦਰ ਹੈ। ਸੋ ਮਹਾਰਾਜ ਕਹਿੰਦੇ ਜਿਹਦੇ ਅੰਦਰ ਇਹ ਨਹੀਂ ਹੈ –

***ਮਿਥਿਆ ਤਨ ਨਹੀ ਪਰਉਪਕਾਰਾ ॥ ਅੰਗ – 269***

ਉਹਦਾ ਤਾਂ ਤਨ ਮਿਥਿਆ ਜਾਣੋ, ਕਿਸੇ ਕੰਮ ਦਾ ਨਹੀਂ। ਇਸ ਤਰ੍ਹਾਂ ਦੇ ਨਾਲ ਆਪ ਨੇ ਉਪਦੇਸ਼ ਦਿੱਤੇ। ਅਖੀਰ ਦੇ ਵਿਚ ਮਹਾਰਾਜ ਨੇ ਕਿਹਾ ਦੇਖੋ, ਭਾਈ ਲਾਲੂ ਇੱਕ ਤੁਹਾਨੂੰ ਬਾਤ ਦਸਦੇ ਹਾਂ, ਕਿਰਤ ਕਰੋ, ਜੇ ਤਾਂ ਗੁਰੂ ਦੇ ਦਰਸ਼ਨ ਰੋਜ਼ ਕਰ ਸਕਦਾ ਹੈ ਆਦਮੀ, ਰੋਜ਼ ਕਰੋ। ਜੇ ਨਹੀਂ ਰੋਜ਼ ਕਰ ਸਕਦਾ, ਤੀਸਰੇ ਦਿਨ ਕਰੋ। ਤੀਸਰੇ ਦਿਨ ਨਹੀਂ ਕਰ ਸਕਦਾ, ਸੱਤਵੇਂ ਦਿਨ ਜ਼ਰੂਰ ਮਹਾਤਮਾ ਕੋਲ ਜਾਣਾ ਚਾਹੀਦਾ ਹੈ। ਜੇ ਸੱਤਵੇਂ ਦਿਨ ਨਹੀਂ ਜਾ ਸਕਦਾ ਤਾਂ ਪੰਦਰਾਂ ਦਿਨ ਬਾਅਦ ਦਰਸ਼ਨ ਕਰੋ, 15 ਦਿਨਾਂ ਬਾਅਦ ਨਹੀਂ ਜਾ ਸਕਦਾ, ਫੇਰ ਮਹੀਨੇ ਬਾਅਦ ਜ਼ਰੂਰ ਕਰੋ, ਜੇ ਮਹੀਨੇ ਬਾਅਦ ਨਹੀਂ ਹੁੰਦਾ ਫੇਰ ਤੀਸਰੇ ਮਹੀਨੇ ਕਰੋ, ਤੀਸਰੇ ਮਹੀਨੇ ਵੀ ਨਹੀਂ ਹੁੰਦਾ ਛਿਮਾਹੀ 'ਚ ਜ਼ਰੂਰ ਕਰੋ, ਕਿੰਨਾ ਹੀ ਦੂਰ ਹੋਵੇ ਛਿਮਾਹੀ ਦੇ ਅੰਦਰ ਸਮਾਂ ਕੱਢ ਕੇ ਆਓ, ਕਿਉਂਕਿ ਉਹਦੀ ਸੂਈ ਲੱਗੀ ਰਹਿਣੀ ਹੈ ਹਰ ਵਕਤ ਗੁਰੂ ਨਾਲ। ਜੇ ਇਹ ਵੀ ਨਹੀਂ ਹੁੰਦਾ ਫੇਰ ਸਾਲਾਨਾ ਜਿਹੜੇ ਜੋੜ ਮੇਲੇ ਕਰਦੇ ਉਨ੍ਹਾਂ ਦੇ ਉਤੇ ਜ਼ਰੂਰ ਪਹੁੰਚਣਾ ਚਾਹੀਦਾ ਹੈ। ਜੇ ਭਾਈ ਇਹ ਵੀ ਨਹੀਂ ਹੁੰਦਾ, ਦੋ ਤਿੰਨ ਸਾਲ ਨਹੀਂ ਪਹੁੰਚ ਸਕਿਆ, ਫੇਰ ਕਹਿੰਦੇ ਉਹਦਾ ਜਿਹੜਾ ਰੂਹਾਨੀਅਤ ਦਾ ਜਗਦਾ ਲੈਂਪ ਹੈ ਨਾ ਅੰਦਰ, ਜੋਤ ਹੈ ਜਿਹੜੀ ਜਗਦੀ ਫੇਰ ਕਹਿੰਦੇ ਉਹਦੇ ਦੁਆਲੇ ਕਾਈ ਆ ਜਾਂਦੀ ਹੈ, ਫੇਰ ਹੌਲੀ-ਹੌਲੀ ਬੁੱਝ ਜਾਂਦੀ ਹੈ, ਫੇਰ ਨਹੀਂ ਉਹ ਚੱਲਿਆ ਕਰਦੀ। ਇਸ ਵਾਸਤੇ ਸਤਿਸੰਗ ਬੜਾ ਜ਼ਰੂਰੀ ਹੈ। ਸੋ ਤੁਸੀਂ ਕਿਰਤ ਵੀ ਕਰੋ, ਸਤਿਸੰਗ ਵੀ ਕਰੋ। ਸੋ ਇਸ ਤਰ੍ਹਾਂ ਮਹਾਰਾਜ ਜੀ ਦੇ ਚਰਨਾਂ ਤੇ ਮਸਤਕ ਨਿਵਾਇਆ,

ਕ੍ਰਿਤ-ਕ੍ਰਿਤ ਹੋ ਗਏ, ਰੋਮ-ਰੋਮ ਦੇ ਅੰਦਰੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਚਲ ਰਹੀ ਹੈ। ਮਹਾਰਾਜ ਜੀ ਨੇ ਸਭ ਜੁਗਤਾਂ ਦੱਸ ਦਿੱਤੀਆਂ ਕਿ ਕਿਸ ਤਰ੍ਹਾਂ ਦੇ ਨਾਲ ਤੁਹਾਡੇ ਮਨ ਦੇ ਅੰਦਰ ਤਰੱਕੀ ਹੋਏਗੀ। ਕਿਸ ਤਰ੍ਹਾਂ ਨਾਮ ਨੇ ਪ੍ਰਵੇਸ਼ ਕਰਨਾ ਹੈ, ਕਿਸ ਤਰ੍ਹਾਂ ਨਾਮ ਨੇ ਉਡਾਰੀ ਅੰਦਰ ਮਾਰਨੀ ਹੈ। ਸੋ ਜਾਓ ਹੁਣ ਮਿਹਨਤ ਕਰੋ, ਕਿਰਤ ਵੀ ਕਰ ਤੇ ਪਰਉਪਕਾਰ ਵੀ ਕਰੋ। ਜੋ ਅਸੀਂ ਰਹਿਤਾਂ ਦੱਸੀਆਂ ਨੇ, ਉਨ੍ਹਾਂ ਦੇ ਉਤੇ ਤੁਸੀਂ ਚੱਲੋ। ਇਹ ਰੂਹਾਨੀ ਰਹਿਤਾਂ ਨੇ, ਜਿਹੜੀਆਂ ਤੁਹਾਨੂੰ ਪ੍ਰਮੇਸ਼ਰ ਦੇ ਨਾਲ ਇਕਮਿਕ ਕਰਨਗੀਆਂ। ਸੋ ਇਸ ਤਰ੍ਹਾਂ ਦੇ ਨਾਲ ਆਪ ਕਾਰੋਬਾਰ ਕਰਦੇ ਹੋਏ ਸਮੇਂ-ਸਮੇਂ ਸਿਰ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਨੇ। ਖੇਚਲ ਝੱਲ ਕੇ ਵੀ ਆਉਂਦੇ ਨੇ ਤੇ ਅਵਸਥਾ ਕਿੰਨੀ ਰੂੜ੍ਹ ਹੋ ਗਈ ਕਿ ਨਾਮ ਜਪਦੇ-ਜਪਦੇ ਪਰਮ ਪਦਵੀ ਦੀ ਪ੍ਰਾਪਤੀ ਹੋ ਗਈ ਤੇ ਬ੍ਰਹਮਗਿਆਨ ਦੇ ਵਿੱਚ ਬਿਰਤੀ ਪਹੁੰਚ ਗਈ ਤੇ ਸਦਾ ਵਾਸਤੇ ਅਮਰ ਹੋਏ।

ਇਹ ਤਿੰਨੋ ਪਰਉਪਕਾਰੀ ਮਸ਼ਹੂਰ ਸੀਗੇ। ਕਿਸੇ ਦਾ ਕੋਈ ਕੰਮ ਪੈ ਜਾਏ ਦੌੜ ਕੇ ਜਾਂਦੇ ਸੀ। ਉਹਦੇ ਨਾਲ ਕੀ ਹੋਇਆ ਨਾਲੇ ਤਾਂ ਆਪ ਤਰੇ ਤੇ ਨਾਲੇ ਅਨੇਕਾਂ ਦਾ ਉਧਾਰ ਕਰਕੇ ਗੁਰੂ ਦੀ ਚਰਨ ਸ਼ਰਨ ਪਰੇਰ-ਪਰੇਰ ਕੇ ਲਿਆਉਂਦੇ ਰਹੇ ਤੇ ਉਨ੍ਹਾਂ ਸਾਰਿਆਂ ਦਾ ਉਧਾਰ ਕਰਿਆ। ਗੁਰੂ ਮਹਾਰਾਜ ਨੇ ਕਿਹਾ ਕਿ ਪ੍ਰੇਮੀਓਂ! ਹੁਣ ਤੁਸੀਂ ਆਪਣੀ ਸੰਗਤ ਬਣਾਓ। ਸੰਗਤ ਕਰਿਆ ਕਰੋ, ਉਥੇ ਜੋੜਿਆ ਕਰੋ ਹੁਣ ਸੰਗਤ ਨੂੰ ਕਿਸੇ ਤਿਥ ਤਿਉਹਾਰ ਤੇ ਇੱਥੇ ਲੈ ਕੇ ਆਇਆ ਕਰੋ ਕਿਉਂਕਿ ਗੁਰੂ ਦੀ ਜੋਤ ਉਨ੍ਹਾਂ ਦੇ ਵਿਚ ਜਗਮਗ-ਜਗਮਗ ਕਰਨ ਲੱਗ ਗਈ ਸੀ। ਸੋ ਤਿੰਨੋ ਤਿੰਨੋ ਪਰਉਪਕਾਰੀ ਆਪਣਾ ਕਾਰੋਬਾਰ ਵੀ ਕਰਦੇ ਰਹੇ ਤੇ ਗੁਰੂ ਦਾ ਜੋ ਉਪਦੇਸ਼ ਸੀ, ਦੱਸੀਆਂ ਹੋਈਆਂ ਰਹਿਤਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਕਮਾ ਕੇ ਸਦਾ ਵਾਸਤੇ ਅਮਰ ਹੋ ਕੇ ਅੱਜ ਗੁਰਸਿੱਖੀ ਦੇ ਮੰਡਲ ਦੇ ਅੰਦਰ ਸੂਰਜ ਵਾਂਗੂੰ ਚਮਕ ਰਹੇ ਨੇ। ਸੋ ਆਪ ਤਰੇ, ਅਤੇ ਦੂਸਰਿਆਂ ਨੂੰ ਵੀ ਤਾਰਦੇ ਨੇ। ਸੰਸਾਰ ਦੇ ਉਤੇ ਉਨ੍ਹਾਂ ਦਾ ਆਉਣਾ ਧੰਨ ਹੈ। ਜਿਹੜੇ ਦੂਸਰੇ ਨੇ ਮਹਾਰਾਜ ਕਹਿੰਦੇ ਉਹ ਕਾਹਤੋਂ ਆਏ ਨੇ -

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥*** ***ਅੰਗ - 450***

ਉਨ੍ਹਾਂ ਦੇ ਆਉਣ ਦਾ ਕੀ ਫਾਇਦਾ ਸੀ। ਉਹ ਤਾਂ ਨਾ ਹੀ ਆਉਂਦੇ ਚੰਗਾ ਸੀ।

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ 1 ॥***
***ਜਿਹ ਨਰ ਰਾਮ ਭਗਤਿ ਨਹਿ ਸਾਧੀ ॥***
***ਜਨਮਤ ਕਸ ਨ ਮੁਓ ਅਪਰਾਧੀ ॥*** ***ਅੰਗ - 328***

ਕਹਿੰਦੇ, ਜੀਉਂਦਾ ਹੀ ਮਰ ਜਾਂਦਾ ਤੇਰੇ ਜੀਵਨ ਦਾ ਕੀ ਫਾਇਦਾ ਸੀ। ਫਾਇਦਾ ਉਨ੍ਹਾਂ ਦਾ ਹੁੰਦਾ ਹੈ ਜਿਹੜੇ ਆਪ ਨਾਮ ਜਪਦੇ ਨੇ, ਫੇਰ ਨਾਮ ਨੂੰ ਜਪਾਉਂਦੇ ਨੇ। ਪਦਵੀ ਕਿੱਡੀ ਹੁੰਦੀ ਹੈ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - 306*

*ਧਾਰਨਾ - ਆਪ ਤਰਦੇ ਤੇ ਅਨੇਕਾਂ ਤਾਈਂ ਤਾਰਦੇ,*
*ਜਗ ਉਤੇ ਆਉਣਾ ਧੰਨ ਹੈ।*

*ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥*
*ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥*
*ਜਾ ਕੈ ਮਨਿ ਲਾਗਾ ਹਰਿ ਰੰਗੁ ॥* *ਅੰਗ - 295*

ਇਸ ਤਰ੍ਹਾਂ ਦੇ ਨਾਲ ਜੋ ਉਪਦੇਸ਼ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਪ੍ਰੇਮੀਆਂ ਨੂੰ ਦਿੱਤੇ ਨੇ ਤੇ ਜਿਨ੍ਹਾਂ ਨੂੰ ਕਮਾ ਕੇ ਸਾਧਾਰਨ ਬੰਦੇ ਗੁਰੂ ਦੀ ਸੰਗਤ 'ਚ ਰਹਿ ਕੇ ਐਡੀ ਵੱਡੀ ਪਦਵੀ ਨੂੰ ਪ੍ਰਾਪਤ ਕਰ ਗਏ। ਸੋ ਉਹ ਹੁਣ ਵੀ ਓਹੀ ਉਪਦੇਸ਼ ਨੇ, ਕੋਈ ਫਰਕ ਨਹੀਂ ਹੈ, ਓਹੀ ਬਾਣੀ ਹੈ, ਓਹੀ ਉਪਦੇਸ਼ ਨੇ, ਉਸੇ ਤਰ੍ਹਾਂ ਸਮਝਾਉਣ ਦਾ ਯਤਨ ਕਰਦੇ ਹਾਂ।

ਇਸ ਤਰ੍ਹਾਂ ਪ੍ਰੇਮੀਓ! ਆਪਣਾ ਸਮਾਂ ਲੰਘਦਾ ਜਾ ਰਿਹਾ ਹੈ, ਲੰਘਿਆ ਹੋਇਆ ਸਮਾਂ ਹੱਥ ਨਹੀਂ ਆਉਣਾ, ਸੋ ਇਨ੍ਹਾਂ ਨੂੰ ਚਾਨਣਾ ਮੁਨਾਰਾ ਬਣਾ ਕੇ, ਸੇਧ ਲੈ ਕੇ ਇਨ੍ਹਾਂ ਦੀ ਆਪਣੇ ਜੀਵਨ ਦਾ ਵੀ ਉਧਾਰ ਹੋਵੇ ਤੇ ਜਿਹੜੇ ਨੇੜੇ ਰਹਿੰਦੇ ਨੇ ਜਿਨ੍ਹਾਂ ਨਾਲ ਵਾਹ ਪੈਂਦਾ ਹੈ, ਉਨ੍ਹਾਂ ਦਾ ਵੀ ਉਧਾਰ ਹੋਵੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਜਿਹੜੇ ਹਾਲੇ ਤੱਕ ਨਹੀਂ ਬੋਲੋ, ਉਹ ਵੀ ਬੋਲਣ ਦੀ ਖੇਚਲ ਕਰੋ।

ਅਨੰਦ ਸਾਹਿਬ, ਗੁਰ ਸਤੋਤਰ,

ਅਰਦਾਸ, ਹੁਕਮਨਾਮਾ।

# ਅਜਾਮਲ

*ਸ਼ਾਨ...........................................................।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ 1 ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ 1 ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥*
*ਅੰਗ - 1218*

*ਧਾਰਨਾ - ਸੰਸਾ ਮੇਰਾ ਜੀ ਉਤਰ ਗਿਆ,*
*ਪਿਆਰੇ ਜਬ ਤੇ ਦਰਸ਼ਨ ਪਾਇਆ ਮਾਲਕਾ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਜਿੰਨਾਂ ਕੁ ਸਮਾਂ ਆਪਾਂ ਨੂੰ ਬਖਸ਼ਿਆ ਹੈ ਮਹਾਰਾਜ ਜੀ ਨੇ, ਚਿੱਤ ਦੀਆਂ ਬਿਰਤੀਆਂ, ਤਿੰਨ ਬਿਰਤੀਆਂ ਐਸੀਆਂ ਨੇ ਜਿਨ੍ਹਾਂ ਨੂੰ ਜਦੋਂ ਤੱਕ ਕਾਬੂ ਵਿੱਚ ਨਾ ਲਿਆਈਏ, ਓਨੀਂ ਦੇਰ ਤੱਕ ਸਤਿਸੰਗ ਦਾ ਫਲ ਓਨਾਂ ਨਹੀਂ ਮਿਲਦਾ ਜਿੰਨਾਂ ਮਿਲਣਾ ਚਾਹੀਦਾ ਹੈ। ਤਿੰਨਾਂ ਬਿਰਤੀਆਂ ਵਿਚੋਂ ਮਨ ਨੂੰ ਖਿੱਚ ਕੇ ਭਰੋਸੇ ਵਿੱਚ ਲੈ ਕੇ ਆਓ, ਸ਼ਰਧਾ 'ਚ ਲੈ ਕੇ ਆਓ, ਫੁਰਨਿਆਂ ਤੋਂ ਰੋਕੋ ਅਤੇ ਚਿੱਤ ਬਿਰਤੀ ਨੂੰ ਇੱਕ ਕਰਕੇ ਇਕਾਗਰਤਾ ਦੇ ਘਰ ਵਿੱਚ ਆ ਕੇ ਸਰਵਣ ਕਰੋ। ਸ਼ਬਦ ਪੜ੍ਹਿਆ ਹੈ ਆਪਾਂ ਕਿ ਸੰਸਾ ਸੀ ਕੋਈ ਮਨ ਦੇ ਵਿੱਚ ਪਰ ਉਹ ਉਤਰ ਗਿਆ। ਸੰਸਾ ਉਤਰਿਆ ਕਦੋ, ਜਦੋਂ ਤੇਰੇ ਦਰਸ਼ਨ ਮਿਲੇ, ਨਹੀਂ ਤਾਂ ਪਹਿਲਾਂ ਸੰਸਾ ਬਣਿਆ ਰਿਹਾ। ਜੇ ਆਪਾਂ ਇੱਕੋ ਹੀ ਗੱਲ ਵਿਚਾਰ ਲਈਏ ਕਿ ਸੰਸਾ ਕੀ ਹੁੰਦਾ ਹੈ, ਕਿਵੇਂ ਇਹ ਸਾਨੂੰ ਭੁਲਾਉਂਦਾ ਹੈ,

ਬੜਾ ਸਾਡਾ ਰਾਹ ਸਾਫ ਹੋ ਜਾਵੇ, ਵਾਹਿਗੁਰੂ ਦੇ ਰਸਤੇ ਤੁਰਨ ਵਾਸਤੇ। ਕਿਉਂਕਿ ਜਦੋਂ ਅਸੀਂ ਬੇਸੁਰਤੀ ਦੇ ਨਾਲ ਕਿਸੇ ਧਰਮ ਦੇ ਵਿੱਚ ਪੈਂਦੇ ਹਾਂ, ਓਸ ਵੇਲੇ ਉਹ ਫਲ ਪ੍ਰਾਪਤ ਨਹੀਂ ਹੋਇਆ ਕਰਦੇ ਜਿਹੜੇ ਜਾਗੇ ਹੋਏ ਬੰਦਿਆਂ ਨੂੰ ਮਿਲ ਜਾਇਆ ਕਰਦੇ ਨੇ। ਸੰਸੇ ਕਰਕੇ ਅਸੀਂ ਵਿਆਕੁਲ ਹੋ ਰਹੇ ਹਾਂ। ਇਹ ਜੋ ਸੰਸਾਰ ਨਜ਼ਰ ਆ ਰਿਹਾ ਹੈ ਕੇਵਲ ਸੰਸੇ ਕਰਕੇ ਆ ਰਿਹਾ ਹੈ, ਦਰਅਸਲ ਸੰਸਾਰ ਦਾ ਵਜੂਦ ਹੈ ਨਹੀਂ। ਇਹਨੂੰ ਮਹਾਰਾਜ ਨੇ ਐਸ ਤਰ੍ਹਾਂ ਕਿਹਾ ਹੈ ਕਿ ਇਹ ਤਾਂ ਧੂੰਏਂ ਦਾ ਪਹਾੜ ਹੈ।

***ਇਹੁ ਜਗੁ ਧੂਏ ਕਾ ਪਹਾਰ ॥***
***ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ਅੰਗ - 1187***

ਪੜ੍ਹਿਆ ਲਿਖਿਆ ਬੰਦਾ ਹੈਂ ਤੂੰ। ਬਹੁਤ ਵੱਡੀਆਂ ਪੜ੍ਹਾਈਆਂ ਕਰੀਆਂ ਨੇ, ਤੂੰ ਕਿਹੜੇ ਤਰੀਕੇ ਨਾਲ ਤੂੰ ਸੱਚਾ ਮੰਨਦਾ ਹੈ। ਦੂਜਾ ਇਹ ਹੈ ਕਿ ਜਗਤ ਜਿਹੜਾ ਹੈ ਮਿਥਿਆ ਹੈ। ਮਿਥਿਆ ਕਹਿੰਦੇ ਨੇ ਜਿਹੜਾ ਹੋਵੇ ਨਾ ਤੇ ਐਵੇਂ ਹੀ ਅਣਹੋਂਦਾ ਨਜ਼ਰ ਆਈ ਜਾਵੇ। ਐਸੇ ਦੋ ਖਿਆਲ ਨੇ, ਮਿਥਿਆ ਦੇ ਤੇ ਧੂੰਏਂ ਦੇ ਪਹਾੜ ਦੇ ਜੋ ਗੁਰਬਾਣੀ ਵਿੱਚ ਆਉਂਦੇ ਨੇ। ਸਾਨੂੰ ਇਹ ਸੋਚਣ 'ਤੇ ਫੇਰ ਆਉਣਾ ਪੈਂਦਾ ਹੈ ਕਿ ਜੇ ਮਿਥਿਆ ਹੈ ਹੀ ਨਹੀਂ ਜਗਤ ਫੇਰ ਸਾਡੇ ਕਾਰੋਬਾਰ ਕਾਹਦੇ ਵਾਸਤੇ ਨੇ ਜਿਹੜੀ ਚੀਜ਼ ਹੈ ਹੀ ਨਹੀਂ। ਪਰ ਹੈਗਾ ਸਾਨੂੰ ਤਾਂ ਦਿਸਦਾ ਵੀ ਹੈਗਾ। ਜੇ ਸਾਡੇ ਨਾਲ ਕੋਈ ਗੱਲਬਾਤ ਕਰੇ, ਫੇਰ ਤੁਸੀਂ ਧੂੰਏਂ ਦਾ ਪਹਾੜ ਕਹਿੰਦੇ ਓਂ। ਇਹ ਆਹ ਦੇਖੋ ਮੈਂ ਮਕਾਨ ਨੂੰ ਹੱਥ ਲਾਉਂਦਾ ਹਾਂ, ਇਹ ਜੇ ਮਿਥਿਆ ਹੋਵੇ ਤਾਂ ਮੇਰਾ ਹੱਥ ਨਾ ਲੱਗੇ। ਮਹਾਂਪੁਰਸ਼ ਕਹਿੰਦੇ, ਤੇਰਾ ਹੱਥ ਵੀ ਮਿਥਿਆ ਹੈ। ਤੂੰ ਵੀ ਮਿਥਿਆ ਹੈ, ਸੰਸਾਰ ਵੀ ਮਿਥਿਆ ਹੈ। ਹੁਣ ਦੋ ਖਿਆਲ ਨੇ, ਇਸ ਖਿਆਲ ਨੂੰ ਜੇ ਤਾਂ ਇੱਕ ਪਾਸਿਓਂ ਲਈਏ, ਤਾਂ ਤਾਂ ਇਹ ਬਹੁਤ ਖਤਰਨਾਕ ਚੀਜ਼ ਹੈ। ਸੰਸਾਰ ਦਾ ਕੋਈ ਕੰਮ ਵੀ ਨਹੀਂ ਚੱਲ ਸਕਦਾ। ਇਹ ਸਰੀਰ ਵੀ ਮਿਥਿਆ ਹੈ ਲੇਕਿਨ ਇਹਦਾ ਇੱਕ ਪੱਖ ਹੋਰ ਹੈ, ਉਹ ਇਹ ਹੈ ਕਿ ਮਹਾਰਾਜ ਕਿਉਂ ਕਹਿੰਦੇ ਨੇ ਮਿਥਿਆ, ਨਜ਼ਰ ਆਉਂਦਾ ਹੈ ਤੇ ਇੱਕ ਪਾਸੇ ਸੁਖਮਨੀ ਸਾਹਿਬ 'ਚ ਆਉਂਦਾ ਹੈ ਕਿ -

***ਆਪਿ ਸਤਿ ਕੀਆ ਸਭੁ ਸਤਿ ॥ ਅੰਗ - 284***

ਬਈ ਸੱਚੇ ਦਾ ਕੀਤਾ ਹੋਇਆ ਕਿਵੇਂ ਝੂਠਾ ਹੋ ਸਕਦਾ ਹੈ, ਜਗਤ ਦਾ ਪਸਾਰਾ ਕਰਿਆ ਵਾਹਿਗੁਰੂ ਨੇ, ਇਹ ਮਿਥਿਆ ਕਿਵੇਂ ਹੋ ਸਕਦਾ ਹੈ ਜਦੋਂ ਵਾਹਿਗੁਰੂ ਨੇ ਕੀਤਾ ਹੈ। ਉਹ ਸਤਿਪੁਰਸ਼ ਹੈ, ਸਤਿ ਦਾ ਕੀਤਾ ਹੋਇਆ ਸਤਿ ਹੁੰਦਾ ਹੈ, ਉਹ ਮਿਥਿਆ ਤਾਂ ਹੋ ਨਹੀਂ ਸਕਦਾ। ਕਦੇ ਧਿਆਨ ਦਿਓ ਇਨ੍ਹਾਂ ਸਵਾਲਾਂ ਨੂੰ। ਆਪਸ ਵਿੱਚ contrast (ਵਿਰੋਧ) ਹੈ ਦੋਹਾਂ ਦਾ ਜ਼ਬਰਦਸਤ। ਇੱਕ ਪਾਸੇ ਮਿਥਿਆ ਹੈ, ਇੱਕ ਪਾਸੇ ਸਤਿ ਕਹਿੰਦੇ ਨੇ। ਅਸਲੀ ਵਜੂਦ ਕੀ ਹੈ? ਉਹਨੂੰ ਸੰਸਾ ਕਹਿੰਦੇ ਨੇ ਜਿਹੜਾ ਇਹ ਗੱਲ ਨੂੰ ਸਮਝਣ ਨਾ ਦੇਵੇ। ਫੇਰ ਅਸੀਂ ਮਿਸਾਲਾਂ ਦੇ ਦਿੰਦੇ ਹਾਂ ਕਿ ਇਹ ਚੀਜ਼ਾਂ ਇਹੋ ਜਿਹੀਆਂ ਬੇਅੰਤ ਨੇ ਜਿਹੜੀਆਂ ਹੈ ਨਹੀਂ ਪਰ ਲਗਦੀਆਂ ਹੈਗੀਆਂ ਕਿ ਹੈਗੀਆਂ। ਮ੍ਰਿਗ ਤ੍ਰਿਸ਼ਨਾ ਹੀ ਹੈ ਉਸਨੂੰ ਕਹਿੰਦੇ ਨੇ ਰੜੇ

ਮੈਦਾਨ ਦੇ ਅੰਦਰ ਤੁਸੀਂ ਤੁਰੇ ਚਲੇ ਜਾਓ, ਰੇਤੇ ਵੀ ਹੋਣ ਤੇ ਰੜ੍ਹਾ ਮੈਦਾਨ ਵੀ ਹੋਵੇ। ਆਹ ਬੀਕਾਨੇਰ ਦੇ ਟਿੱਬਿਆਂ 'ਚ ਵੜ ਜਾਓ ਤੇ ਰਾਜਸਥਾਨ ਚਲੇ ਜਾਓ। ਪਾਣੀ ਉਥੇ ਮਿਲਦਾ ਨਹੀਂ ਪੀਣ ਵਾਸਤੇ, ਆਦਮੀ ਨੂੰ ਜਦੋਂ ਪਾਣੀ ਦੀ ਪਿਆਸ ਲਗਦੀ ਹੈ, ਆਲੇ-ਦੁਆਲੇ ਦੇਖਦਾ ਹੈ, ਉਹਨੂੰ ਬੜਾ ਹੌਂਸਲਾ ਹੁੰਦਾ ਹੈ ਕਿ ਮੇਰੇ ਸਾਮ੍ਹਣੇ ਆਹ ਬਹੁਤੀ ਦੂਰ ਨਹੀਂ ਦੋ ਤਿੰਨ ਸੌ ਗਜ਼ 'ਤੇ ਹਜ਼ਾਰ ਫੁੱਟ 'ਤੇ ਪਾਣੀ ਦਾ ਦਰਿਆ ਚੱਲ ਰਿਹਾ ਹੈ, ਹਿੰਮਤ ਕਰਦੇ ਹਾਂ, ਚੱਲ ਕੇ ਨਾਲੇ ਮੂੰਹ ਹੱਥ ਵੀ ਧੋਵਾਂਗੇ, ਨਾਲੇ ਪਾਣੀ ਪੀ ਲਵਾਂਗੇ। ਦਰਖਤਾਂ ਦੇ ਪਰਛਾਵੇਂ ਉਹਦੇ ਵਿੱਚ ਨਜ਼ਰ ਆਉਂਦੇ ਨੇ, ਜੇ ਕੋਈ ਚੀਜ਼ ਤੁਰੀ ਜਾਂਦੀ ਹੈ ਉਹ ਵੀ ਉਹਦੇ ਵਿੱਚ ਉਹਦਾ ਪਰਛਾਵਾਂ ਨਜ਼ਰ ਆਉਂਦਾ ਹੈ ਬਿਲਕੁਲ ਸਤਿ ਪ੍ਰਤੀਤ ਦਿੰਦਾ ਹੈ। ਪਰ ਜਦੋਂ ਉਸ ਦਰਖਤ ਦੀਆਂ ਜੜ੍ਹਾਂ 'ਚ ਜਾ ਕੇ ਦੇਖਦਾ ਹੈ, ਜਿੱਥੋਂ ਦੀ ਦਰਿਆ ਠਾਠਾਂ ਮਾਰਦਾ ਸੀ, ਉਥੇ ਦਿਸਦਾ ਹੀ ਨਹੀਂ ਉਹ ਦਰਿਆ ਦੋ ਤਿੰਨ ਸੌ ਗਜ਼ ਹੋਰ ਅਗਾਹਾਂ ਚਲਿਆ ਗਿਆ। ਉਹ ਫੇਰ ਉਥੇ ਜਾਂਦਾ ਹੈ ਉਸ ਤੋਂ ਅੱਗੇ ਫੇਰ ਚਲਿਆ ਗਿਆ। ਹੁਣ ਦਿਸਦਾ ਤਾਂ ਸਤਿ ਹੈ ਪਰ ਹੈ ਸਤਿ ਨਹੀਂ। ਸੱਚਮੁੱਚ ਦਰਿਆ ਨਜ਼ਰ ਆਉਂਦਾ ਹੈ ਲੇਕਿਨ ਹੈਗਾ ਹੈ ਨਹੀਂ। ਇਹਨੂੰ ਮਹਾਰਾਜ ਕੂੜ ਦ੍ਰਿਸ਼ਟੀ ਕਹਿੰਦੇ, ਕੂੜ ਦੀ ਪਾਲ ਕਹਿੰਦੇ ਨੇ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***

***ਅੰਗ - 1***

ਫੇਰ ਇਹਦਾ ਮਤਲਬ ਹੋ ਗਿਆ ਕਿ ਸੰਸਾਰ ਹੈ ਨਹੀਂ, ਪਰ ਨਜ਼ਰ ਆਉਂਦਾ ਹੈ ਤੇ ਇੱਕ ਪਾਸੇ ਮਹਾਰਾਜ ਕਹਿੰਦੇ ਨੇ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥***

***ਅੰਗ - 463***

ਜਿਹਦੇ ਵਿੱਚ ਵਾਹਿਗੁਰੂ ਰਹਿੰਦਾ ਹੈ, ਉਹ ਫੇਰ ਹੈ ਨਹੀਂ ਕਿਵੇਂ ਹੋ ਸਕਦਾ ਹੈ, ਉਹ ਤਾਂ ਹੋਇਆ ਹੀ। ਇਨ੍ਹਾਂ ਚੀਜ਼ਾਂ ਦਾ ਜਿਹੜਾ confusion ਹੈ ਸਾਡੇ ਦਿਮਾਗ ਦੇ ਅੰਦਰ, ਉਹਨੂੰ ਸੰਸਾ ਕਹਿੰਦੇ ਨੇ। ਇਹ ਸੰਸਾ ਜਦੋਂ ਗੁਰੂ ਦੇ ਦਰਸ਼ਨ ਹੋਏ, ਮਹਾਰਾਜ ਕਹਿੰਦੇ ਉਸ ਵੇਲੇ ਉਤਰਿਆ ਉਸ ਤੋਂ ਪਹਿਲਾਂ ਉਤਰਿਆ ਹੀ ਨਹੀਂ ਹੈ। ਉਹ ਕਿਉਂ ਉਤਰਿਆ ਕਿਉਂਕਿ ਸਤਿ ਦਾ ਪਤਾ ਲੱਗ ਗਿਆ। ਸੱਚੀ ਗੱਲ ਦਾ ਪਤਾ ਲੱਗ ਗਿਆ। ਭੇਤ ਮਿਲ ਗਿਆ ਕਿ ਸਤਿ ਕੀ ਹੈ? ਇੱਥੇ ਵਾਹਿਗੁਰੂ ਤੋਂ ਬਗੈਰ ਕੋਈ ਚੀਜ਼ ਹੋਰ ਹੈ ਨਹੀਂ। ਉਹ ਆਪੇ ਹੀ ਬੇਅੰਤ ਰੂਪ ਧਾਰ ਕੇ ਆਪਣੀ ਖੇਲ ਕਰ ਰਿਹਾ ਹੈ। ਸਮੁੰਦਰ ਦੇ ਵਿੱਚ ਚਲੇ ਜਾਓ ਤੁਸੀਂ ਜੇ ਮੱਛੀਆਂ ਕੱਛੀਆਂ ਨਾ ਹੋਣ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਮੁੰਦਰ ਦੇ ਪਾਣੀ ਵਿੱਚ ਕੋਈ ਚੀਜ਼ ਹੋਰ ਹੈ ਨਹੀਂ, ਸਮੁੰਦਰ ਹੀ ਸਮੁੰਦਰ ਹੈ। ਅਣਜਾਣ ਬੰਦਾ ਕਹੇਗਾ ਦੇਖੋ ਜੀ, ਲਹਿਰਾਂ ਵੀ ਹੈਗੀਆਂ, ਬੁਲਬੁਲੇ ਵੀ ਹੈਗੇ, ਆਹ ਜਿਹੜੀ ਝੱਗ ਬਣਦੀ ਹੈ ਇਹ ਵੀ ਹੈਗੀ। ਇਹ ਤਾਂ ਤਿੰਨ ਚੀਜ਼ਾਂ ਹੈਗੀਆਂ। ਜਵਾਰਭਾਟਾ ਆਉਂਦਾ ਹੈ ਉੱਚੀਆਂ-ਉੱਚੀਆਂ ਲਹਿਰਾਂ ਉੱਠਦੀਆ ਨੇ ਜਦੋਂ ਫੇਰ ਵਾ-ਵਰੋਲੇ ਆਉਂਦੇ ਨੇ ਪਾਣੀ ਦੇ ਵਿੱਚ ਉਸ ਵੇਲੇ ਦੋ-ਦੋ ਸੌ, ਢਾਈ-ਢਾਈ ਸੌ

ਫੁੱਟ ਪਾਣੀ ਉੱਚਾ ਉੱਠਦਾ ਹੈ, ਦੋ-ਦੋ, ਚਾਰ-ਚਾਰ ਕਿਲੋਮੀਟਰ, ਜਹਾਜ਼ਾਂ ਨੂੰ ਉਲਟ-ਪੁਲਟ ਕਰ ਦਿੰਦਾ ਹੈ ਕਹਿੰਦੇ ਆਹ ਵੀ ਤਾਂ ਹੈਗਾ ਸਮੁੰਦਰ ਵਿੱਚ। ਜਦੋਂ ਸ਼ਾਂਤ ਹੋ ਜਾਂਦਾ ਹੈ ਫੇਰ ਕਹਿੰਦੇ ਉਹ ਕਿੱਥੇ ਚਲੇ ਗਏ। ਲਹਿਰਾਂ ਕਿੱਥੇ ਗਈਆਂ ਅਤੇ ਜਵਾਰਭਾਟੇ ਕਿੱਥੇ ਗਏ। ਕਿੱਥੇ ਉਹ ਉਲਰਵੀਆਂ ਲਹਿਰਾਂ ਗਈਆਂ ਜਿਨ੍ਹਾਂ ਨੇ ਜਾ ਕੇ ਤਬਾਹੀ ਮਚਾ ਦਿੱਤੀ। ਕਹਿੰਦੇ, ਜੀ ਉਹ ਸਮੁੰਦਰ 'ਚ ਰਲ ਗਈਆਂ। ਕਹਿੰਦੇ ਉਹ ਸਮੁੰਦਰ ਤੋਂ ਵੱਖ ਕਿਵੇਂ ਹੋਈਆਂ ਸੀਗੀਆਂ? ਉਹ ਸਮੁੰਦਰ ਆਪ ਹੀ ਉੱਛਲ ਰਿਹਾ ਸੀ, ਆਪ ਹੀ ਆਪਣੀ ਕਲੋਲ ਕਰ ਰਿਹਾ ਸੀ। ਇੱਥੋਂ ਸਾਨੂੰ ਸਮਝ ਵਿੱਚ ਪੈ ਜਾਂਦੀ ਹੈ ਪੂਰੀ ਗੱਲ -

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥***

***ਅੰਗ - 485***

ਏਸੇ ਤਰ੍ਹਾਂ ਦੇ ਨਾਲ ਇਹ ਜੋ ਸੰਸਾਰ ਹੈ, ਇਹਦੇ 'ਚ ਦਵੈਤ ਚੱਲ ਰਹੀ ਹੈ, ਦੋ ਪੱਖ ਚੱਲ ਰਹੇ ਨੇ ਕਿਉਂਕਿ ਮਹਾਰਾਜ ਜੀ ਨੇ ਜਦੋਂ ਖੇਲ੍ਹ ਰਚੀ ਸੰਸਾਰ ਦੀ।

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***

***ਅੰਗ - 999***

ਜਿੱਥੇ ਬਾਕੀ ਚੀਜ਼ਾਂ ਬਣਾ ਦਿੱਤੀਆਂ, ਉਥੇ ਨਾਲ ਇੱਕ ਤੱਤ ਬਣਾ ਦਿੱਤਾ ਹਉਮੈ ਦਾ। ਹਉਮੈ ਦਾ ਅੱਗੇ ਪਰਿਵਾਰ ਫੈਲ ਗਿਆ। ਉਹਦੇ ਵਿੱਚ ਜਿੰਨਾਂ ਕੁਛ ਹੈ ਹਉਮੈ ਦੇ ਕਰਕੇ ਪ੍ਰਮੇਸ਼ਰ ਤੋਂ ਅੱਡ ਦਿੱਸਣ ਲੱਗ ਗਿਆ ਸਭ ਕੁਛ। ਕਿਉਂਕਿ ਮੈਂ ਤੇ ਮੇਰੀ ਦਾ ਘੇਰਾ ਬਣ ਗਿਆ। ਉਹ ਘੇਰਾ ਬਣਨ ਕਰਕੇ ਸੰਸਾ ਐਨਾ ਦ੍ਰਿੜ੍ਹ ਹੋ ਗਿਆ ਕਿ ਅਸੀਂ Back to source ਨਹੀਂ ਅਸੀਂ ਸੋਚ ਸਕਦੇ। ਬਈ ਇਹ ਤਾਂ ਉਹਦੇ ਵਿੱਚੋਂ ਹੀ ਸਭ ਕੁਛ ਪੈਦਾ ਹੋਇਆ ਹੈ, ਉਹ ਆਪੇ ਹੀ ਕਰਦਾ ਹੈ, ਦੂਜੀ ਤਾਂ ਚੀਜ਼ ਇੱਥੇ ਹੈ ਹੀ ਨਹੀਂ। ਦੂਜੀ ਮੈਂ ਕਿਉਂ ਸਮਝਦਾ ਹਾਂ -

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*** ***ਅੰਗ - 1291***

ਜਦੋਂ ਇੱਕੋ ਹੀ ਹੈ ਤਾਂ ਦੂਜਾ ਨਹੀਂ ਹੈ। ਕਹਿੰਦੇ, ਇਹ ਗੱਲ ਜਿਹੜੀ ਹੈ ਇਹ ਸਿਰਫ ਚੌਥੇ ਪਦ ਦੇ ਵਿੱਚ ਜਿਹਦਾ ਪ੍ਰਵੇਸ਼ ਹੋ ਗਿਆ, ਉਹ ਤਾਂ ਕਹਿ ਸਕਦਾ ਹੈ, ਦੂਜਾ ਇਹ ਮੁਖ ਦੇ ਨਾਲ ਤਾਂ ਕਹੇਗਾ ਲੇਕਿਨ ਸਮਝ ਵਿੱਚ ਨਹੀਂ ਆਏਗਾ ਇਹਦੇ-

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥***

***ਅੰਗ - 930***

ਕਹਿੰਦੇ ਉਹ ਕਹਿ ਸਕਦਾ ਹੈ ਜਿਹੜਾ ਅੰਦਰ ਤੇ ਬਾਹਰ ਇੱਕ ਨੂੰ ਪਛਾਣ ਲਵੇ। ਇਹ ਪਛਾਣ ਨੂੰ ਕਹਿੰਦੇ ਨੇ ਕਿ ਮੇਰਾ ਸੰਸਾ ਉਤਰ ਗਿਆ। ਹੁਣ ਮੈਨੂੰ ਸੰਸਾ ਨਹੀਂ ਰਿਹਾ। ਹੁਣ ਹੋ ਕੀ ਗਿਆ? ਕਹਿੰਦੇ -

***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ ॥ ਅੰਗ - 922***

ਪਹਿਲਾਂ ਮੈਨੂੰ ਇਹ ਸੰਸਾਰ ਕਰਕੇ ਦਿਸਦਾ ਸੀ, ਹੁਣ ਤਾਂ ਵਾਹਿਗੁਰੂ ਕਰਕੇ ਦਿਸਦਾ ਹੈ। ਆਪ ਹੀ ਅਨੇਕਾਂ ਰੂਪਾਂ 'ਚ ਹੋ ਕੇ ਆਪ ਹੀ ਅਨੇਕਾਂ ਰੂਪਾਂ 'ਚ ਖੇਲ੍ਹਾਂ ਕਰਦਾ ਹੈ। ਉਹ ਚੌਥੇ ਦੇ ਵਿੱਚ ਜਿਹਦੀ ਬਿਰਤੀ ਪਹੁੰਚਦੀ ਹੈ ਉਹ ਮੈਂ ਉਹਦੇ 'ਚੋਂ ਮਰ ਜਾਂਦੀ ਹੈ ਵੱਡੀ ਮੈਂ ਉਹਦੇ 'ਚ ਪੈਦਾ ਹੋ ਜਾਂਦੀ ਹੈ, ਕੁੱਲ ਦੀ, ਛੋਟੀ ਮੈਂ ਮਰ ਜਾਂਦੀ ਹੈ, ਜਦੋਂ ਕੁੱਲ ਦੀ ਹੁੰਦੀ ਹੈ ਫੇਰ ਆਪੇ ਆਪ ਹੋ ਜਾਂਦਾ ਹੈ। ਆਪੇ ਹੀ ਸਾਰਿਆਂ ਦੇ ਵਿੱਚ ਆਪਣੇ ਆਪ ਨੂੰ ਦੇਖਦਾ ਹੈ ਦੂਜਾ ਨਹੀਂ ਦੇਖਦਾ। ਇਸ ਤਰ੍ਹਾਂ ਦੇ ਨਾਲ ਇਹ ਸੰਸਾ ਉਤਰਦਾ ਕਿਵੇਂ ਹੈਂ। ਮਹਾਰਾਜ ਕਹਿੰਦੇ, ਇਹ ਪ੍ਰਭੂ ਦੀ ਸ਼ਰਨ ਵਿੱਚ ਆ ਕੇ ਸਮਰੱਥ ਗੁਰੂ ਮਿਲ ਜਾਵੇ, ਸਮਰੱਥ ਗੁਰੂ ਤੋਂ ਨਾਮ ਦੀ ਦਾਤ ਮਿਲ ਜਾਵੇ। ਉਹ ਨਾਮ ਦੀ ਕਮਾਈ ਕਰੇ। ਪਹਿਲਾਂ ਨਾਮ ਜਾਪ ਹੋਇਆ ਕਰਦਾ ਹੈ। ਉਸ ਤੋਂ ਵੀ ਪਹਿਲਾਂ ਨਾਮ ਦੇ ਵਾਸਤੇ ਤਿਆਰੀ ਬਾਣੀ ਦੀ ਹੋਇਆ ਕਰਦੀ ਹੈ, ਗੁਰਬਾਣੀ ਪੜ੍ਹਨੀ, ਨੇਕ ਕੰਮ ਕਰਨੇ, ਸੇਵਾ ਕਰਨੀ, ਫੇਰ ਜਾਪ ਹੁੰਦਾ ਹੈ। ਜਾਪ ਐਨਾ ਜ਼ਿਆਦਾ ਹੈ ਕਿ ਜਦੋਂ ਤੱਕ ਨਾਮ ਅੰਦਰ ਪ੍ਰਵੇਸ਼ ਨਹੀਂ ਕਰਦਾ। ਆਹ ਸਰੀਰ ਦੇ ਵਿੱਚ ਨਹੀਂ ਜਾਂਦਾ, ਓਨੀਂ ਦੇਰ ਤੱਕ ਕੁਛ ਬਣਦਾ ਨਹੀਂ ਬਹੁਤ ਘੱਟ ਬਣਦਾ ਹੈ ਕਿਉਂਕਿ ਸਾਡੀ ਜਿਹੜੀ ਰਸਨਾ ਹੈ ਇਹ ਮੈਲੀ ਹੋ ਚੁੱਕੀ ਹੈ ਜਨਮਾਂ-ਜਨਮਾਂ ਦੀ ਸਾਡੇ ਅੰਤਸ਼ਕਰਣ ਨੂੰ ਮੈਲ ਲੱਗੀ ਹੋਈ ਹੈ, ਉਹਦੇ ਨਾਲ ਮਨ ਮੈਲਾ ਹੋ ਗਿਆ -

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥***
***ਅੰਗ - 558***

ਉਹ ਰਸਨਾ ਫਿੱਕੀ ਹੋ ਗਈ। ਉਹਦੇ 'ਚ ਸ਼ਕਤੀਹੀਣ ਹੋ ਗਈ। ਕੁਛ ਨਾ ਰਿਹਾ, ਅਨਰਸ ਦੇ ਵਿੱਚ ਅਸਲੀ ਰਸ ਤੋਂ ਵਾਂਝੀ ਹੋ ਗਈ। ਵਾਂਝੀ ਹੋਈ, ਫਿੱਕੀ ਹੋਈ ਰਸਨਾ ਮਹਾਰਾਜ ਕਹਿੰਦੇ-

***ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥***
***ਪਿਆਸ ਨ ਜਾਇ ਹੋਰਤੁ ਕਿਤੈ***
***ਜਿਚਰੁ ਹਰਿ ਰਸੁ ਪਲੈ ਨ ਪਾਇ ॥ ਅੰਗ - 921***

ਜਦੋਂ ਤੱਕ ਤੈਨੂੰ ਹਰੀ ਦਾ ਜਸ ਨਹੀਂ ਆਉਂਦਾ। ਆਹ ਜਿਹੜੇ ਤੂੰ ਮਸਾਲੇ ਬਣਾ-ਬਣਾ ਕੇ ਖਾਂਦਾ ਹੈਂ, ਚੀਜ਼ਾਂ ਖਾਂਦਾ ਹੈ ਕਿ ਆਹ ਬੜੀ ਸੁਆਦ ਹੈ, ਆਹ ਬੜੀ ਸੁਆਦ ਹੈ। ਤੈਨੂੰ ਰਸ ਆ ਨਹੀਂ ਸਕਦਾ। ਇਹ ਸਾਰੇ ਰਸ ਜਿੰਨੇ ਨੇ ਇਹ ਸਭ ਫਿੱਕੇ ਨੇ, ਮਿੱਠਾ ਰਸ ਨਹੀਂ ਹੈ ਕੋਈ ਵੀ। ਅੰਮ੍ਰਿਤ ਰਸ ਨਹੀਂ ਇਨ੍ਹਾਂ ਦੇ ਵਿੱਚ। ਸੋ ਅਨਰਸ ਦੇ ਵਿੱਚ ਜਿੰਨੀ ਦੇਰ ਤੱਕ ਰਸਨਾ ਹੈ, ਰਸਨਾ ਦੇ ਵਿੱਚ ਰਸ ਨਹੀਂ ਆਉਂਦਾ। ਉਹ ਰਸ ਲਿਆਉਣ ਵਾਸਤੇ ਇਹਦੇ ਕਿੰਨੇ ਕਰੋੜ ਸੈਲ ਨੇ ਜਿਵੇਂ ਦਿਮਾਗ 15 ਅਰਬ ਸੈਲ ਨੇ। 1500 ਕਰੋੜ ਸੈਲ, ਸਰੀਰ ਦਾ ਦੋ ਸੌ ਖਰਬ ਅਰਬ ਸੈਲ ਇਸੇ ਤਰ੍ਹਾਂ ਇਹ ਰਸਨਾ ਦੇ ਵਿੱਚ ਸੈਲ ਲੱਗੇ ਹੋਏ ਨੇ, ਐਨੇ ਮੈਲੇ ਹੋ ਚੁੱਕੇ

ਨੇ ਇਹ ਕਿ ਇਹ ਸ਼ੁੱਧ ਨਹੀਂ ਹੁੰਦੇ। ਮਹਾਰਾਜ ਕਹਿੰਦੇ, ਜਦੋਂ ਵਾਹਿਗੁਰੂ ਕਹਿੰਦਾ ਹੈ ਹੇ ਰਾਮ ਕਹਿੰਦਾ ਹੈ, ਅੱਲਾ ਕਹਿੰਦਾ ਹੈ, ਉਸ ਵੇਲੇ ਇਹਦੀ ਰਸਨਾ ਦੇ ਵਿੱਚ ਸੁੱਚੀ ਅੰਸ ਜਾਣ ਲੱਗ ਜਾਂਦੀ ਹੈ। ਜਿਸ ਤਰ੍ਹਾਂ ਦੇ ਨਾਲ ਚੁਬੱਚਾ ਗੰਦਾ ਪਿਆ ਹੋਵੇ ਤੇ ਉਹਦੇ ਉਤੇ ਦੀ ਨਲਕਾ ਖੋਲ੍ਹ ਦਿਓ, ਉਹ ਗੰਦਾ ਬਦਬੂਦਾਰ ਪਾਣੀ ਜਦੋਂ ਉਹਦੇ 'ਚ ਤਾਜ਼ਾ ਪਾਣੀ ਪੈਣਾ ਸ਼ੁਰੂ ਹੋਏਗਾ, ਇੱਕ ਦਿਨ ਆਏਗਾ ਸਾਰਾ ਗੰਦਾ ਪਾਣੀ ਨਿਕਲ ਕੇ ਨਿਰਮਲ ਜਲ ਰਹਿ ਜਾਏਗਾ। ਇਸੇ ਤਰ੍ਹਾਂ ਰਸਨਾ ਦੇ ਵਿੱਚ ਜੋ ਮੈਲ ਆਈ ਹੋਈ ਹੈ ਤੇ ਜੂਠ ਆਈ ਹੋਈ ਹੈ, ਇਹ ਜਿਉਂ-ਜਿਉਂ ਅਸੀਂ ਵਾਹਿਗੁਰੂ ਦਾ ਨਾਮ ਜਪਾਂਗੇ, ਜਿਉਂ-ਜਿਉਂ ਇਹਦੇ ਵਿੱਚ ਪ੍ਰਵੇਸ਼ ਕਰੇਗਾ, ਉਸੇ ਤਰੀਕੇ ਦੇ ਨਾਲ ਰਸਨਾ ਸੁੱਚੀ ਹੁੰਦੀ ਚਲੀ ਜਾਏਗੀ। ਇਹ ਰਸਨਾ ਐਨੀ ਸੁੱਚੀ ਹੋ ਜਾਏਗੀ ਕਿ ਸੱਚਾ ਇਹਦੇ ਉਤੇ ਆ ਕੇ ਵਸ ਜਾਏਗਾ। ਜਿਸ ਦੇ ਬਾਰੇ ਬਾਣੀ ਦੇ ਅੰਦਰ ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਪ੍ਰਭ ਜੀ ਦਾ ਵਾਸਾ ਹੈ ਸੰਤਾਂ ਦੀ ਰਸਨਾ ਉਤੇ।***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਅੰਗ - 263***

ਕਦੋਂ ਵਸਦਾ ਹੈ ਜਦੋਂ ਰਸਨਾ ਸੁੱਚੀ ਹੋ ਜਾਂਦੀ ਹੈ। ਜਿਉਂ-ਜਿਉਂ ਅਸੀਂ ਨਾਮ ਜਪਦੇ ਹਾਂ, ਤਿਉਂ-ਤਿਉਂ ਅਸੀਂ ਰਸਨਾ ਦੀ ਜੂਠ ਉਤਰਦੀ ਜਾਂਦੀ ਹੈ, ਮੈਲ ਉਤਰਦੀ ਜਾਂਦੀ ਹੈ। ਇਹ ਕਰੋੜਾਂ ਸੈਲ ਜਿਹੜੇ ਲੱਗੇ ਹੋਏ ਨੇ ਰਸਨਾ ਦੇ ਵਿੱਚ, ਉਹ ਪਵਿੱਤਰ ਹੋਣੇ ਸ਼ੁਰੂ ਹੋ ਜਾਂਦੇ ਨੇ। ਜੇ ਕੋਈ ਹਿਸਾਬ-ਕਿਤਾਬ, ਅੱਟਾ-ਸੱਟਾ ਲਾਉਣ ਦਾ ਯਤਨ ਕਰੇ ਕਿ ਕਿੰਨਾ ਕੁ ਨਾਮ ਜਪੀਏ ਜਿਹਦੇ ਨਾਲ ਰਸਨਾ ਸੁੱਚੀ ਹੋ ਜਾਵੇ? ਤਾਂ ਅਨੁਭਵੀ ਮਹਾਤਮਾ ਦਾ ਅਨੁਮਾਨ ਹੋਇਆ ਕਰਦਾ ਹੈ ਕਿ ਤੂੰ ਘੱਟੋ-ਘੱਟ ਦਸ ਅਰਬ ਵਾਰੀ ਵਾਹਿਗੁਰੂ-ਵਾਹਿਗੁਰੂ ਕਹਿ। ਕਹੀ ਜਾਹ ਰਸਨਾ ਹਿਲਾ ਕੇ। ਕਿੰਨਾ ਕੁ ਸਮਾਂ ਲੱਗ ਜਾਏਗਾ, ਇਹ ਸਿਆਣੇ ਬੰਦੇ ਹਿਸਾਬ ਲਾ ਸਕਦੇ ਨੇ। ਜੇ ਰੋਜ਼ ਦੋ ਲੱਖ ਕਹੇ ਪੰਜਾਹ ਦਿਨਾਂ 'ਚ ਕਰੋੜ ਹੁੰਦਾ ਹੈ ਤੇ ਪੰਜ ਹਜ਼ਾਰ ਦਿਨ ਹੋਰ ਲਾ ਲਓ, ਅਰਬ ਕਰਨ ਨੂੰ। ਉਸ ਤੋਂ ਅੱਗੇ ਹੋਰ ਲਾ ਲਓ, ਫੇਰ ਹੋਰ ਦਿਨ ਲਾ ਲਓ। ਕਿੰਨੇ ਸਾਲ ਲੱਗ ਜਾਣਗੇ। ਰਸਨਾ ਐਨੀ ਪਵਿੱਤਰ ਹੋ ਜਾਏਗੀ ਜਿਹੜਾ ਕੁਛ ਕਹਿ ਦਏਗਾ, ਉਸੇ ਵੇਲੇ ਹੋ ਜਾਏਗਾ। ਬਾਬੇ ਫਰੀਦ ਨੇ 12 ਸਾਲ ਲਾਏ। ਅੱਲਾਹ-ਹੂ ਅੱਲਾਹ-ਹੂ ਕਰੀ ਗਿਆ। ਨਾ ਕੁਛ ਖਾਵੇ ਨਾ ਕੁਛ ਪੀਵੇ, ਨਾ ਕਿਤੇ ਪੈਣ ਦਾ ਬੰਦੋਬਸਤ ਕਰੇ, ਨੀਂਦ ਜ਼ਿਆਦਾ ਆ ਗਈ ਜਿੱਥੇ ਖੜ੍ਹਾ ਹੈ ਉਥੇ ਹੀ ਗਿਰ ਗਿਆ, ਪਰ ਇੱਕੋ ਹੀ ਗੱਲ ਚਲਦੀ ਹੈ ਅੰਦਰ ਅਲਾਹ-ਹੂ ਅਲਾਹ-ਹੂ। ਬਾਰ੍ਹੀਂ ਸਾਲੀਂ ਮੁੜ ਕੇ ਜਿਸ ਵਕਤ ਆਉਂਦਾ ਹੈ ਦਰਖਤ ਦੇ ਉਤੇ ਪੰਛੀ ਬੈਠੇ ਨੇ, ਉਹ ਅੱਲਾਹ ਹੂ-ਅੱਲਾਹ ਹੂ ਕਰਦਾ ਹੈ ਉਹ ਵਿੱਚ ਰੌਲਾ ਪਾਉਂਦੇ ਨੇ। ਸਹਿਜ ਸੁਭਾਅ ਕਹਿੰਦਾ ਹੈ ਕਿ ਮਰ ਵੰਞੋ ਚਿੜੀਓ। ਉਸੇ ਵੇਲੇ ਸਾਰੀਆਂ ਹੀ ਮਰ ਗਈਆਂ। ਕਿਉਂਕਿ ਰਸਨਾ ਸੁੱਚੀ ਹੋ ਗਈ। ਜਿਹੜਾ ਕੁਛ ਰਸਨਾ ਤੋਂ ਨਿਕਲ ਜਾਣਾ ਹੈ, ਸੁੱਚੀ ਰਸਨਾ ਤੋਂ ਉਸੇ ਵੇਲੇ ਪੂਰਾ ਹੋ ਜਾਣਾ ਹੈ। ਦੇਖਿਆ ਕਿ ਇਹ ਤਾਂ ਐਵੇਂ ਹੀ ਮਰ ਗਈਆਂ, ਆਪਾਂ ਸਹਿਜ ਸੁਭਾਅ

ਕਹਿੰਦੇ ਹਾਂ ਕਿ ਮਰ ਜਾ ਤੂੰ। ਸਿੱਧਾ ਹੋ ਕੇ ਚੱਲ, ਬੰਦੇ ਨੂੰ ਵੀ ਕਹਿ ਦਿੰਦੇ ਹਾਂ। ਸੰਤ ਦੱਸ ਦਿੰਦੇ ਹੁੰਦੇ ਨੇ ਕਿ ਬੀਬੀ ਭਾਈ ਤੂੰ ਨਾਮ ਜਪਦਾ ਹੈਂ, ਦੇਖੀਂ ਕਿਸੇ ਨੂੰ ਬਦ ਕਲਾਮ ਨਾ ਕੋਈ ਕਹਿ ਦੇਈਂ। ਬਦਅਸੀਸ ਨਾ ਦੇ ਦੇਈਂ ਤੇਰੀ ਰਸਨਾ ਸੁੱਚੀ ਹੋ ਜਾਣੀ ਹੈ, ਗੱਲ ਜਦੇ ਪੂਰੀ ਹੋ ਜਾਣੀ ਹੈ ਫੇਰ ਰੋਂਦਾ ਫਿਰੇਂਗਾ, ਪਹਿਲਾਂ ਸਾਵਧਾਨ ਹੋ। ਜਦੋਂ ਉਸ ਨੇ ਦੇਖਿਆ ਬਾਬਾ ਜੀ ਨੇ ਕਹਿਣ ਲੱਗੇ, ਜੀ ਵੰਞੋ ਚਿੜੀਓ, ਸਾਰੇ ਹੀ ਉੱਠ ਖੜ੍ਹੇ, ਕਿਉਂਕਿ ਰਸਨਾ ਸੁੱਚੀ ਹੋ ਚੁੱਕੀ ਸੀ। ਸੋ ਇਹ ਨਾਮ ਦਾ ਪ੍ਰਭਾਵ ਹੈ ਜੇ ਅਵਸਥਾ ਦੇ ਮੁਤਾਬਿਕ ਚੱਲੇ ਜੇ ਕੋਈ ਬੰਦਾ, ਤਾਂ ਤਾਂ ਪਹੁੰਚ ਜਾਂਦਾ ਹੈ ਜੇ ਇੱਕ ਦਮ ਕਹੇ ਕਿ ਮੈਨੂੰ ਆਹ ਵੀ ਹੋ ਗਿਆ, ਆਹ ਵੀ ਹੋ ਗਿਆ, ਕੁਛ ਵੀ ਨਹੀਂ ਹੋਇਆ ਹੁੰਦਾ। ਕਿਤੇ ਵੀ ਨਹੀਂ ਉਹ ਖੜ੍ਹਾ ਹੁੰਦਾ, ਜਦੋਂ ਕਸਵੱਟੀ ਲਗਦੀ ਹੈ ਫੇਰ ਉਥੇ ਹੀ ਆ ਜਾਂਦਾ ਹੈ। ਕਿਉਂਕਿ ਪੱਕੀ ਨਹੀਂ ਕੋਈ ਬੁਨਿਆਦ। ਕੱਚੀਆਂ ਇੱਟਾਂ ਦੀ ਬੁਨਿਆਦ ਢਹਿ ਜਾਂਦੀ ਹੈ। ਵਿੰਗੀਆਂ ਕੰਧਾਂ ਗਿਰ ਜਾਂਦੀਆਂ ਨੇ, ਲੈਂਟਰ ਤੱਕ ਨਹੀਂ ਪਹੁੰਚਦੀਆਂ। ਇਸ ਤਰ੍ਹਾਂ ਦੇ ਨਾਲ ਸਾਵਧਾਨ ਹੋ ਕੇ ਜਿਸ ਵਕਤ ਰਸਨਾ 'ਚ ਨਾਮ ਆ ਗਿਆ, ਰਸਨਾ ਆਪਣੇ ਆਪ ਬੰਦ ਹੋ ਜਾਏਗੀ ਕਿਉਂਕਿ ਉਹ ਰਸਨਾ ਰਸ ਨਾਲ ਭਰ ਗਈ। ਇਹਨੂੰ ਫਿੱਕਾ ਬੋਲ ਚੰਗਾ ਨਹੀਂ ਲਗਦਾ, ਕੌੜਾ ਬੋਲ ਚੰਗਾ ਨਹੀਂ ਲਗਦਾ, ਮਿੱਠਾ ਬੋਲਣਾ ਹੈ ਜਦੋਂ ਵੀ ਇਹਨੇ ਬੋਲਣਾ ਹੈ। ਅਸੀਸ ਦੇਣੀ ਹੈ, ਮਾੜੀ ਗੱਲ ਕਹਿਣੀ ਹੀ ਨਹੀਂ ਇਸ ਰਸਨਾ ਨੇ। ਕਿਉਂਕਿ ਇਹ ਚੀਜ਼ਾਂ ਨੇ ਅੰਦਰੋਂ ਖਤਮ ਹੋ ਜਾਂਦੀਆਂ ਨੇ, ਨਿਕਲ ਜਾਂਦੀਆਂ ਨੇ। ਰਹਿੰਦੀਆਂ ਨਹੀਂ। ਉਸ ਵੇਲੇ ਨਾਮ ਆਪਣੇ ਆਪ ਹੀ ਅੰਦਰ ਚਲਿਆ ਜਾਏਗਾ। ਬੁੱਲ੍ਹ ਵੀ ਬੰਦ ਵੀ ਹੋਣ ਜਾਣਗੇ, ਜੀਭ ਹਿੱਲਣ ਤੋਂ ਹੱਟ ਜਾਏਗੀ। ਕੰਠ ਵਿੱਚ ਚਲਿਆ ਜਾਏਗਾ, ਉਸ ਵੇਲੇ ਕਿੰਨਾਂ ਅਨੰਦ ਇਸਨੂੰ ਆਏਗਾ, ਓਹੀ ਜਾਣਦਾ ਹੈ ਜਿਹੜਾ ਐਸ ਤਰ੍ਹਾਂ ਕਦੇ ਨਾਮ ਜਪਦਾ ਹੈ। ਇਸ ਤਰ੍ਹਾਂ ਅੰਦਰ ਨਾਮ ਦਾ ਪ੍ਰਵੇਸ਼ ਹੋ ਜਾਂਦਾ ਹੈ, ਹੌਲੀ-ਹੌਲੀ ਵਧਦੇ-ਵਧਦੇ ਇੱਕ ਵਾਰੀ ਵਾਹਿਗੁਰੂ ਕਹਿਣ ਦੇ ਨਾਲ ਸਾਢੇ ਤਿੰਨ ਕਰੋੜ ਵਾਰੀ ਕਹਿਣ ਲੱਗ ਜਾਂਦਾ ਹੈ। ਪਹਿਲਾਂ ਤਾਂ ਪਸੰਤੀ ਦੇ ਵਿੱਚ ਸੌ ਵਾਰੀ ਕਹਿੰਦਾ ਹੈ, ਜਦੋਂ ਪਰਾ ਅਵਸਥਾ 'ਚ ਜਾਂਦਾ ਹੈ, deep silence 'ਚ, ਉਥੇ ਇੱਕ ਵਾਰੀ ਕਹਿੰਦਾ ਹੈ ਤਾਂ ਹਜ਼ਾਰ ਵਾਰੀ ਕਹਿ ਹੋ ਜਾਂਦਾ ਹੈ। ਜਦੋਂ ਇਹਦੇ ਅੰਦਰ ਨਾਮ ਦਾ ਨਿਵਾਸ ਹੋ ਜਾਂਦਾ ਹੈ, ਨਾਮ ਰੋਮ-ਰੋਮ ਦੇ ਵਿੱਚ ਰਚ ਜਾਂਦਾ ਹੈ। ਫੇਰ ਚਾਹੇ ਸੁੱਤਾ ਪਿਆ ਹੈ ਚਾਹੇ ਜਾਗਦਾ ਹੈ, ਨਾਮ ਦੀ ਧੁਨ ਇਹਦੇ ਅੰਦਰ ਚੱਲ ਰਹੀ ਹੈ। ਨਾਮ ਦੀ ਹਰਕਤ ਹੋ ਰਹੀ ਹੈ ਹਰ ਥਾਂ ਤੋਂ ਤੇ ਜਦੋਂ ਇਹ ਵੱਧ ਜਾਂਦਾ ਹੈ ਮਹਾਰਾਜ ਕਹਿੰਦੇ -

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ - 941***

ਉਹਦੇ ਰੋਮ-ਰੋਮ ਦੇ ਅੰਦਰੋਂ ਜਾ ਕੇ vibration ਹੋਣ ਲਗ ਜਾਂਦੀ ਹੈ ਨਾਮ ਦੀ। ਜਦੋਂ ਰੋਮ-ਰੋਮ ਜਪਦਾ ਹੈ ਤਾਂ ਇੱਕ ਵਾਰੀ ਵਾਹਿਗੁਰੂ ਕਹਿੰਦਾ ਹੈ, ਸਾਢੇ ਤਿੰਨ ਕਰੋੜ ਵਾਰੀ ਆਪੇ ਹੀ ਕਹਿ ਹੋ ਜਾਂਦਾ ਹੈ। ਇਹ ਨਾਮ ਜਦੋਂ ਅੰਦਰ ਪ੍ਰਵੇਸ਼ ਕਰ ਜਾਂਦਾ ਹੈ, ਸੱਚ ਦੀ ਥਾਂ 'ਤੇ ਪਹੁੰਚ ਜਾਂਦਾ ਹੈ, ਬਿਰਤੀ ਨੂੰ ਲੈ ਜਾਂਦਾ ਹੈ। ਉਸ ਵੇਲੇ ਆਹ ਜਿਹੜਾ ਆਪਾਂ ਸ਼ਬਦ ਪੜ੍ਹਿਆ

ਹੈ –

***ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥***
***ਅੰਗ – 1218***

ਉਹ ਸੰਸਾ ਉਤਰ ਜਾਂਦਾ ਹੈ, ਇਹ ਸੰਸਾ ਉਤਰ ਕੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਅੰਗ – 954***

ਗੁਰੂ ਦੇ ਸ਼ਬਦ ਨੇ ਬਜਰ ਕਪਾਟ ਖੋਲ੍ਹ ਦੇਣੇ ਨੇ, ਐਨਾ ਅਨੰਦ ਹੋਏਗਾ, ਐਹੋ ਜਿਹਾ ਮਿਊਜ਼ਿਕ ਅੰਦਰ ਪੈਦਾ ਹੁੰਦਾ ਹੈ ਪਹਿਲਾਂ ਤਾਂ ਆਦਮੀ ਸਾਜਾਂ ਦਾ ਅੰਦਾਜ਼ਾ ਹੀ ਨਹੀਂ ਲਾ ਸਕਦਾ ਕਿ ਕਿਹੜਾ ਵੱਜਦਾ ਹੈ ਕਿਉਂਕਿ ਉਥੇ ਫੁਰਨਾ ਨਹੀਂ ਹੁੰਦਾ। ਫੁਰਨਾ ਕਰਨ ਤੋਂ ਹਟ ਜਾਂਦਾ ਹੈ। ਚੁੱਪ ਕਰਕੇ ਅਨੰਦ ਦੇ ਵਿੱਚ ਸੁਣਦਾ ਹੈ, ਬਾਅਦ ਵਿੱਚ ਤਾਂ ਖਿਆਲ ਕਰਦਾ ਹੈ ਕਿ ਐਸਾ ਸੀ, ਉਸ ਵੇਲੇ ਨਹੀਂ ਖਿਆਲ ਆਉਂਦਾ। ਕਹਿੰਦੇ ਉਥੇ –

***.............ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਅੰਗ – 954***

ਜਦੋਂ ਅਨੁਭਵ ਦੇ ਵਿੱਚ ਪ੍ਰਕਾਸ਼ ਆ ਗਿਆ। ਉਹ ਅੱਖ ਖੁਲ੍ਹ ਗਈ ਜਿਹਨੂੰ ਤੀਸਰੀ ਅੱਖ ਕਹਿੰਦੇ ਨੇ। ਉਹਦੇ ਨਾਲ ਕੀ ਦੇਖਿਆ –

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***
***ਅੰਗ – 954***

ਇੱਥੇ ਤਾਂ ਹੋਰ ਹੈ ਹੀ ਕੋਈ ਨਹੀਂ, ਆਪੇ ਹੀ ਆਪ ਹੈ।

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ – 947***

ਉਸ ਵੇਲੇ ਸੰਸਾ, ਪਹਿਲਾ ਸੰਸਾਰ ਦਿੰਹਦਾ ਸੀ। ਮਹਾਰਾਜ ਨੇ ਮਿਥਿਆ ਕਿਉਂ ਕਿਹਾ ਕਿ ਹੈ ਨਹੀਂ। ਤੈਨੂੰ ਐਵੇਂ ਹੀ ਦਿਸੀ ਜਾਂਦਾ ਹੈ ਇਹ ਤਾਂ ਵਾਹਿਗੁਰੂ ਦਾ ਰੂਪ ਹੈ ਸਾਰਾ ਹੀ –

***ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥***
***ਅੰਗ – 463***

ਉਹ ਤਾਂ ਇੱਕ ਹਾਲਤ ਹੈ। ਜਿਵੇਂ ਪਾਣੀ ਦੀਆਂ ਹਾਲਤਾਂ ਨੇ। ਪਾਣੀ ਜਿਸ ਵਕਤ ਗਰਮੀ ਪੈਂਦੀ ਹੈ ਭਾਵ ਬਣ ਕੇ ਉਡਣ ਲਗ ਜਾਂਦਾ ਹੈ। ਲਗਾਤਾਰ ਉਡਦਾ ਉਡਦਾ ਬਹੁਤ ਉੱਚਾ ਲੰਘ ਜਾਂਦਾ ਹੈ। ਉਥੇ ਹਵਾ ਦੇ ਵੇਗ ਦੇ ਨਾਲ ਠੰਢ ਵਲ ਨੂੰ ਆਉਂਦਾ ਹੈ। ਵਿਚ ਗਰਦ ਗਵਾਰ ਜਿਹਾ ਰਲ ਕੇ, ਉਹਦੀ ਸ਼ਕਲ ਬਣ ਜਾਂਦੀ ਹੈ, ਉਹਨੂੰ ਅਸੀਂ ਬੱਦਲ ਕਹਿ ਦਿੰਦੇ ਹਾਂ। ਉੱਚੇ ਪਰਬਤਾਂ 'ਤੇ ਜਾ ਕੇ ਜੰਮ ਜਾਂਦਾ ਹੈ। ਬਰਫ ਬਣ ਕੇ ਗਿਰ ਜਾਂਦਾ ਹੈ, ਹੇਠਲੇ ਮਕਾਨਾਂ ਦੇ ਵਿੱਚ ਪਾਣੀ ਬਣ ਕੇ ਗਿਰਨਾ ਸ਼ੁਰੂ ਹੋ ਜਾਂਦਾ ਹੈ ਉਹਦੇ ਵਿਚੋਂ ਪਾਣੀ ਨੂੰ ਕੋਈ ਚੁੱਕੀਂ ਤਾਂ ਨਹੀਂ ਨਾ ਫਿਰਦਾ

ਹਵਾ ਦੇ ਵਿੱਚ। ਕਿੰਨਾ ਪਾਣੀ ਹੁੰਦਾ ਹੈ, ਮੀਂਹ ਆਉਣ 'ਤੇ ਤੁਸੀਂ ਦੇਖਦੇ ਹੀ ਓਂ। ਕਿੰਨਾ-ਕਿੰਨਾ ਭਰ ਜਾਂਦਾ ਹੈ, ਉਹਦੇ ਥੱਲੇ ਕੋਈ ਚੀਜ਼ ਤਾਂ ਨਹੀਂ ਸੀ, ਬੱਦਲ ਖੜ੍ਹਾ ਸੀ, ਪਾਣੀ ਗਿਰਦਾ ਨਹੀਂ ਸੀ, ਉਹ ਪਾਣੀ ਦੀ ਇੱਕ ਹਾਲਤ ਸੀ। ਉਹ ਜਦੋਂ ਗਿਰਦਾ ਹੈ ਫੇਰ ਪਾਣੀ ਬਣ ਗਿਆ, ਪਾਣੀ ਬਣਿਆ ਤਾਂ ਜਿੱਥੋਂ ਉਡਿਆ ਸੀ ਸਮੁੰਦਰ 'ਚੋਂ ਉਹ ਫੇਰ ਹੋ ਗਿਆ। ਉਹ ਤਾਂ ਪਾਣੀ ਦੀ ਇੱਕ ਹਾਲਤ ਸੀ। ਪਾਣੀ ਦੀ ਇੱਕ ਖੇਡ ਸੀ ਜਿਹਦੇ ਵਿੱਚ ਪਾਣੀ ਘੁੰਮ ਕੇ ਜਾ ਕੇ ਪਹਿਲਾਂ ਪਾਣੀ ਫੇਰ ਪਾਣੀ। ਬੀਜ ਬੀਜ ਦਿੱਤਾ ਸੀ ਦਰਖਤ ਦਾ। ਉਹ ਬੀਜ ਬੀਜਿਆ ਹੋਇਆ, ਉਹਦੀ ਦੂਜੀ ਹਾਲਤ ਆ ਗਈ, ਬੀਜ ਖਤਮ ਹੋ ਗਿਆ ਤੇ ਉਹ ਕੋਂਪਲ ਦੇ ਰੂਪ ਵਿੱਚ ਪ੍ਰਗਟ ਹੋ ਗਿਆ। ਉਥੋਂ ਉਹਦੇ ਪੱਤੇ ਨਿਕਲਣੇ ਸ਼ੁਰੂ ਹੋ ਗਏ। ਵਧਣਾ ਸ਼ੁਰੂ ਹੋ ਗਿਆ, ਟਾਹਣੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ, ਹੌਲੀ-ਹੌਲੀ ਜਦੋਂ ਉਹਦੀ ਉਮਰ ਪੱਕ ਗਈ, ਫੇਰ ਉਸ ਵੇਲੇ ਆ ਕੇ ਫੁੱਲ ਲੱਗਣੇ ਸ਼ੁਰੂ ਹੋ ਗਏ। ਫੁੱਲਾਂ ਤੋਂ ਡੋਡੀਆਂ ਲੱਗ ਗਈਆਂ, ਡੋਡੀਆਂ ਦੇ ਵਿੱਚੋਂ ਫਲ ਲਗ ਗਿਆ। ਫਲ ਦੇ ਵਿਚ ਕੀ ਹੈ ਓਹੀ ਬੀਜ ਫੇਰ ਨਿਕਲ ਆਇਆ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥*** ***ਅੰਗ - 736***

ਇਸੇ ਤਰ੍ਹਾਂ ਏਕੰਕਾਰ ਜਦੋਂ ਸੰਸਾਰ ਦੇ ਰੂਪ ਵਿੱਚ, ਸਰਗੁਣ ਵਿਰਾਟ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ, ਉਸ ਵੇਲੇ ਆਪੇ ਹੀ ਹੈ ਇਹਦੇ ਵਿੱਚ, ਬਾਹਰ ਨਹੀਂ ਹੈ। ਲੇਕਿਨ ਉਥੇ ਬੀਜ ਨਹੀਂ ਦਿਸਦਾ, ਦਰਖਤ 'ਚ ਬੀਜ ਨਜ਼ਰ ਆਉਂਦਾ ਹੈ? ਲੇਕਿਨ ਹੈਗਾ ਬੀਜ ਸਮਾਇਆ ਹੋਇਆ ਉਹਦੇ 'ਚ। ਇਸੇ ਤਰ੍ਹਾਂ ਇਹ ਸਾਰਾ ਹੀ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ। ਇਸ ਤੋਂ ਵਿਪਰੀਤ ਸਮਝਣਾ ਜਿਹੜਾ ਹੈ ਉਹ ਤਾਂ ਹੈ ਸੰਸਾ। ਜਿਹਨੂੰ ਇਹ ਪ੍ਰਤੱਖ ਗਿਆਨ ਪ੍ਰਗਟ ਹੋ ਗਿਆ, ਉਹਦਾ ਸੰਸਾ ਉੱਡ ਗਿਆ, ਸੰਸਾ ਉੱਡਣ 'ਤੇ ਸੰਸਾਰ ਵੀ ਨਾਲ ਹੀ ਉੱਡ ਗਿਆ ਤੇ ਉਹਨੂੰ ਤਾਂ ਇਹ ਲੱਗਿਆ ਕਿ ਸੰਸਾਰ ਹੈ ਹੀ ਨਹੀਂ। ਵਾਹਿਗੁਰੂ ਆਪੇ ਹੀ ਖੇਲ੍ਹ ਕਰਦਾ ਹੈ-

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*** ***ਤ੍ਵਪ੍ਰਸਾਦਿ ਕਬਿੱਤ***

ਇਹ ਤੋਂ ਅਨੇਕ ਰੂਪ ਧਾਰਦਾ ਹੈ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*** ***ਜਾਪੁ ਸਾਹਿਬ***

ਇਹ ਪ੍ਰਗਟ ਕਿਵੇਂ ਹੁੰਦਾ ਹੈ, ਪ੍ਰਗਟ ਹੁੰਦਾ ਹੈ ਸਾਧਸੰਗਤ ਜੀ, ਨਾਮ

ਨਾਲ। ਨਾਮ ਤੋਂ ਬਗੈਰ ਅਨੁਭਵ ਨਹੀਂ ਆਏਗਾ ਕਦੇ ਵੀ। ਪੜ੍ਹੇ ਹੋਏ ਤਾਂ ਆਉਂਦਾ ਨਹੀਂ, ਪੜ੍ਹਿਆ ਹੋਇਆ ਥੋੜ੍ਹੀ ਦੇਰ ਰਹਿੰਦਾ ਹੈ, ਜਦੋਂ ਕੋਈ ਗੱਲ ਪੈਂਦੀ ਹੈ ਉਵੇਂ ਨਹੀਂ ਰਹਿੰਦਾ। ਮਿਸਾਲ ਦੇ ਨਾਲ ਗੱਲ ਸਮਝ 'ਚ ਆ ਜਾਏਗੀ ਕਿ ਇੱਕ ਬੰਦੇ ਨੇ ਸਵਾਲ ਪਾਇਆ ਬਈ ਤੂੰ ਪੰਜਾਹ ਹਜ਼ਾਰ ਰੁਪਏ ਤੱਕ ਦਾ ਬਿਜ਼ਨਸ ਚਲਾਇਆ ਤੈਨੂੰ 5% ਮੁਨਾਫਾ ਹੋ ਗਿਆ। ਬੱਚੇ ਨੂੰ ਪਾ ਦਿੱਤਾ ਤੀਜੀ ਜਮਾਤ ਵਾਲੇ ਦੱਸ ਕਾਕਾ ਕਿੰਨਾ ਫਾਇਦਾ ਹੋ ਗਿਆ। ਸੌ ਪਿੱਛੇ ਪੰਜ ਹੋ ਗਿਆ। ਹਜ਼ਾਰ ਪਿੱਛੇ ਪੰਜਾਹ, ਦੱਸ ਹਜ਼ਾਰ ਪਿੱਛੇ ਪੰਜ ਸੌ ਹੋ ਗਿਆ, ਪੰਜਾਹ ਦੇ ਪਿੱਛੇ 2500 ਰੁਪਿਆ ਮੁਨਾਫਾ ਹੋ ਗਿਆ ਸਲੇਟ 'ਤੇ ਕੱਢ ਕੇ ਦਿਖਾ ਦਿੱਤਾ। ਸਲੇਟ ਦੇ ਉਤੇ ਤਾਂ 2500 ਰੁਪਿਆ ਪਿਆ ਹੈ ਬਿਲਕੁਲ ਠੀਕ ਹੈ। ਐਨੇ ਨੂੰ ਲੋੜ ਪੈ ਗਈ ਚਾਰ ਪੈਸੇ ਖਰਚਣ ਦੀ, ਬਾਹਰ ਕੋਈ ਚੀਜ਼ ਆ ਗਈ, ਉਹ ਜਿਹੜਾ ਸਲੇਟ 'ਤੇ ਕੱਢਿਆ ਹੋਇਆ 2500 ਰੁਪਿਆ ਹੈ, ਕੰਮ ਆਉਂਦਾ ਹੈ, ਜਾ ਦਿਖਾ ਦਏਗਾ ਵੇਚਣ ਵਾਲੇ ਨੂੰ ਕਿ ਆਹ ਮੇਰੇ ਕੋਲ 2500 ਰੁਪਿਆ ਪਿਆ ਹੈ ਸਲੇਟ ਦੇ ਉਤੇ, ਤੇ ਮੈਨੂੰ ਤੂੰ ਦਸ ਰੁਪਏ ਦੀ ਫਲਾਣੀ ਚੀਜ਼ ਦੇ ਦੇ, ਉਹ ਕਹੇਗਾ ਕਿ ਤੂੰ ਤਾਂ ਕਮਲਾ ਹੈਂ। ਇਹ ਲਿਖਿਆ ਹੋਇਆ ਤਾਂ ਨਾ ਤੇਰੇ ਕੰਮ ਹੈ ਨਾ ਮੇਰੇ ਕੰਮ ਹੈ ਇਹ ਤਾਂ ਇੱਕ ਸਲੇਟ ਦਾ ਕੰਮ ਕੱਢਿਆ ਹੋਇਆ ਹੈ। ਜਿਹੜਾ Intellecual level ਦਾ ਗਿਆਨ ਅਸਲੀ ਹੁੰਦਾ ਹੈ ਉਹ ਅਵਸਥਾ ਹੁੰਦੀ ਹੈ। ਜਿਵੇਂ ਅਮੀਰ ਆਦਮੀ ਦੇ 25000 ਰੁਪਿਆ ਜੇਬ 'ਚ ਹੈ ਕਿਸੇ ਦੀ, ਉਹਦੀ ਅਵਸਥਾ ਹੋਰ ਹੋਇਆ ਕਰਦੀ ਹੈ। ਇੱਕ ਕੋਲ ਕੋਈ ਪੈਸਾ ਨਹੀਂ ਹੈ ਭਟਕਦਾ ਫਿਰਦਾ ਹੈ ਉਹਦੀ ਅਵਸਥਾ ਹੋਰ ਹੋਇਆ ਕਰਦੀ ਹੈ। ਚਾਹੇ ਉਹਦੀ ਸਲੇਟ ਦੇ ਉਤੇ ਕਰੋੜ ਰੁਪਏ ਦਾ ਜਵਾਬ ਆਇਆ ਪਿਆ ਹੋਵੇ।

ਉਹ ਜਿਹੜੀ ਅਵਸਥਾ ਹੁੰਦੀ ਹੈ ਮਹਾਰਾਜ ਕਹਿੰਦੇ ਜੀਵਨ ਮੁਕਤ ਦੀ ਅਵਸਥਾ ਹੁੰਦੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥* *ਅੰਗ - 275*

ਗੱਲਾਂ ਕਰਨ ਵਾਲਾ ਤਾਂ ਕਹਿੰਦੇ ਹੁੰਦਾ ਨਹੀਂ ਹੈ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ - 465*

ਇਹ ਫਰਕ ਹੈ ਗੱਲਾਂ ਦੇ ਗਿਆਨ ਦਾ। ਖੋਜ ਕਰਨ ਨੂੰ ਅਸੀਂ ਵਿਸ਼ਾ ਦੇ ਦਿੱਤਾ ਪੜ੍ਹੇ ਲਿਖੇ ਬੰਦੇ ਨੂੰ ਕਿ ਇਹਨੂੰ ਤਰਤੀਬ ਆਉਂਦੀ ਹੈ, ਉਹ ਵਿਚਾਰ ਕਰਦਾ ਹੈ, ਕਿਤਾਬਾਂ ਪੜ੍ਹਦਾ ਹੈ, ਅਨੁਭਵ ਤਾਂ ਉਹਦੇ ਕੋਲ ਹੈ ਨਹੀਂ, ਬੁੱਧੀ ਹੈਗੀ, ਬੁੱਧੀ ਦੀ ਉਚਾਈ ਜਿਹੜੀ ਹੁੰਦੀ ਹੈ ਉਹ ਉਡਾਰੀ ਮਾਰ ਨਹੀਂ ਸਕਦੀ, ਆਪਣੀ limit 'ਚ ਰਹਿੰਦੀ ਹੈ। ਟੋਹ ਨਹੀਂ ਮਾਰ ਸਕਦੀ। ਲੇਕਿਨ ਅਨੁਭਵ ਦੀ ਜਿਹੜੀ ਉਡਾਰੀ ਹੈ ਉਹ ਬੁੱਧੀ ਮੰਡਲ ਤੋਂ ਉਥੋਂ ਸ਼ੁਰੂ ਹੁੰਦੀ ਹੈ ਜਿੱਥੋਂ ਬੁੱਧੀ ਖਤਮ ਹੁੰਦੀ ਹੈ। ਉਹਦੇ ਕੋਲ ਅੱਖਰ ਨਾ ਹੋਣ ਕਰਕੇ ਲਿਖ ਨਹੀਂ ਸਕਦਾ। ਬੁੱਧੀਵਾਨ ਕੋਲ ਅੱਖਰ ਨੇ, ਉਹ ਉਸ ਤੋਂ ਲਿਖਾ ਲੈਂਦੇ ਨੇ, ਲੇਕਿਨ ਉਹ ਜਿਹੜਾ ਲਿਖਣਵਾਲਾ ਹੈ ਜੇ ਉਹਨੇ ਸਿਧਾਂਤ ਲਿਖ ਦਿੱਤਾ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਉਹਦੇ ਨਿਹਚੇ 'ਚ ਨਹੀਂ ਇਹ ਗੱਲ ਬਹਿੰਦੀ, ਕਿਉਂਕਿ ਉਹਨੇ ਸਾਧਨ ਨਹੀਂ ਕਰਿਆ। ਦਰਜਾ-ਬ-ਦਰਜਾ ਉਥੇ ਪਹੁੰਚਿਆ ਨਹੀਂ, ਅਨੁਭਵ ਨਹੀਂ ਉਹਦਾ ਪ੍ਰਕਾਸ਼ ਹੋਇਆ, ਇਸ ਕਰਕੇ ਬੁੱਧੀ ਦੀ ਗੱਲ ਕਹੀ ਸੀ ਉਹਨੇ, ਉਹ ਕਹੀ ਹੋਈ ਦੀ, ਉਹਦੇ ਉਤੇ ਅਮਲ ਕੋਈ ਨਹੀਂ, ਓਹੀ ਕ੍ਰੋਧ, ਓਹੀ ਲੋਭ, ਓਹੀ ਅਭਿਮਾਨ, ਓਹੀ ਸਭ ਗੱਲਾਂ, ਉਹੀ ਪੈਸੇ ਦਾ ਪਿਆਰ, ਮਾਇਆ ਦਾ ਬੰਦਾ, ਉਪਰਲੀਆ ਟੋਹਾਂ ਲਾਉਂਦਾ ਹੈ, ਇਸ ਤਰ੍ਹਾਂ ਤਾਂ ਨਹੀਂ ਸੰਸਾ ਮਿਟਦਾ, ਸੰਸਾ ਮਿਟਦਾ ਹੈ ਜਦੋਂ ਪ੍ਰਤੱਖ ਦੇਖ ਲਏ।

ਇਹ ਚੀਜ਼ ਸਾਰੀ ਆਉਂਦੀ ਕਿੱਥੋਂ ਹੈ ਮਹਾਰਾਜ ਕਹਿੰਦੇ ਤੂੰ ਨਾਮ ਦੀ ਸ਼ਰਨ ਲੈ ਲੈ। ਨਾਮ ਦੀ ਸ਼ਕਤੀ ਨੂੰ ਸਮਝ ਨਾਮ ਕੀ ਹੈ? ਨਾਮ ਦੇ ਉਤੇ ਤੂੰ ਵਿਸ਼ਵਾਸ਼ ਲਿਆ, ਨਾਮ ਦੇ ਨਾਲ ਤੂੰ ਪਿਆਰ ਪਾ। ਨਾਮ ਦੀ ਸ਼ਕਤੀ ਸਮਝ ਕਿ ਨਾਮ ਹੈ ਕੀ। ਇਹਦੇ 'ਚ ਸ਼ਕਤੀ ਕਿੰਨੀ ਹੈ, ਲੇਕਿਨ ਦੁਨੀਆਂਦਾਰਾਂ ਨੂੰ ਨਹੀਂ ਪਤਾ ਲਗਦਾ, ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮਹਿਮਾ ਹਰਿ ਨਾਮ ਦੀ ਸੰਤਾਂ ਦੇ ਹਿਰਦੇ ਵਸਦੀ।***

***ਨਾਮ ਕੀ ਮਹਿਮਾ ਸੰਤ ਰਿਦ ਵਸੈ ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥***
***ਸੰਤ ਕਾ ਸੰਗੁ ਵਡਭਾਗੀ ਪਾਈਐ ॥ ਅੰਗ – 265***

ਭਾਗ ਬਣਨ ਕਿਸੇ ਦੇ ਪੁੰਨ ਕਰਮ ਜਾਗਣ ਤਾਂ ਉਸ ਮਹਾਤਮਾ ਦਾ ਦਰਸ਼ਨ ਹੁੰਦਾ ਹੈ ਜਿਹਦੇ ਅੰਦਰ ਨਾਮ ਦਾ ਨਿਵਾਸ ਹੋਇਆ ਕਰਦਾ ਹੈ। ਉਹ ਭੁੱਲਦਾ ਨਹੀਂ ਹਰ ਵਕਤ ਉਹਦੇ ਅੰਦਰ ਬਾਹਰ ਇੱਕੋ ਦ੍ਰਿਸ਼ਟੀ ਰਹਿੰਦੀ ਹੈ –

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ – 397***

***ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ – 265***

ਜਦੋਂ ਤੱਕ ਸਾਧੂ ਦੀ ਸੇਵਾ ਨਹੀਂ ਕਰਦਾ, ਓਨੀਂ ਦੇਰ ਤੱਕ ਹਿਰਦੇ 'ਚ ਨਾਮ ਪ੍ਰਗਟ ਨਹੀਂ ਹੋਇਆ ਕਰਦਾ। ਆਦਮੀ ਬਥੇਰੇ ਜ਼ੋਰ ਲਾਉਂਦੇ ਨੇ, ਜ਼ੋਰ ਲਾਉਣ 'ਤੇ ਨਹੀਂ ਗੱਲ ਬਣਦੀ। ਪਹੁੰਚਦਾ ਹੀ ਨਹੀਂ, ਕਿਉਂਕਿ ਉਥੇ ਛੇਤੀ ਹੋ ਜਾਂਦਾ ਹੈ। ਕ੍ਰਿਪਾ ਦ੍ਰਿਸ਼ਟੀ ਹੋ ਜਾਂਦੀ ਹੈ ਤੇ ਉਹਦੀ ਮਦਦ ਮਿਲ ਜਾਂਦੀ ਹੈ, ਸੋ ਮਹਾਰਾਜ ਕਹਿੰਦੇ ਨਾਮ ਦੀ ਮਹਿਮਾ ਸੰਸਾਰ ਨੂੰ ਪਤਾ ਹੀ ਨਹੀਂ ਲਗਦਾ, ਕਿੰਨਾ ਹੀ ਦੱਸੀ ਜਾਓ –

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ – 1378***

ਚਾਰੇ ਵੇਦ ਕਿੰਨੀ ਦੇਰ ਤੱਕ ਹੁਣ ਵੀ ਨਾਮ ਵੀ ਨਾਮ ਦੀ ਮਹਿਮਾ ਦੱਸ ਰਹੇ ਨੇ –

***ਵੇਦਾ ਮਹਿ ਨਾਮੁ ਉਤਮੁ***
***ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥ ਅੰਗ – 919***

ਜਿੱਥੇ ਉਥੇ ਕਰਮਕਾਂਡ ਦੀ ਵਿਚਾਰ ਹੈ, ਨਾਲ ਨਾਮ ਦਾ ਵੀ ਹੈ। ਕਹਿੰਦੇ, ਬੇਤਾਲਿਆਂ ਵਾਂਗਣ ਫਿਰਦਾ ਹੈ ਭੂਤਾਂ ਵਾਂਗਣ ਤੇ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ। ਨਾਮ ਦੀ ਬਾਤ ਨਹੀਂ ਸੁਣ ਰਿਹਾ। ਚਾਰੇ ਵੇਦ ਸਤਾਈ ਸਿੰਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ ਨਾਮ ਦੀ ਮਹਿਮਾ ਗਾਉਂਦਾ ਹੈ। ਬਾਈਬਲ ਨਾਮ ਦੀ ਮਹਿਮਾ ਕਰਦੀ ਹੈ, ਸਾਰੇ ਜਿੰਨੇ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਮਹਾਰਾਜ। ਸਾਧੂ ਮਹਾਤਮਾ ਉੱਚੀ-ਉੱਚੀ ਪੁਕਾਰ-ਪੁਕਾਰ ਕੇ ਕਹਿੰਦੇ ਨੇ। ਉਹ ਕਹਿੰਦੇ ਨੇ –

***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ – 1378***

ਜਿਹਦੇ ਅੰਦਰ ਸ਼ੈਤਾਨ ਦਾ ਵਾਸਾ ਹੋ ਗਿਆ, ਉਹ ਚਿੱਤ ਨਹੀਂ ਫੇਰਦਾ ਤੇ ਮਹਿਮਾ ਤੋਂ ਬਿਲਕੁਲ ਅਣਜਾਣ ਰਹਿੰਦਾ ਹੈ, ਉਪਰਲੇ ਪੱਧਰ 'ਤੇ ਇਹਦੇ ਆ ਜਾਂਦਾ ਹੈ, ਲੇਕਿਨ ਗਹਿਰੇ ਪੱਧਰ 'ਤੇ ਨਹੀਂ ਲਿਜਾਂਦਾ। ਮਹਾਂਪੁਰਸ਼ਾਂ ਦੇ ਕਈਆਂ ਦੇ ਖਿਆਲ ਨੇ ਕਿ ਇਹ ਜਿਹੜੇ ਕੰਨ ਨੇ ਇਹ ਜਦੋਂ vibration ਹੁੰਦੀ ਹੈ, ਓਦਣ ਇੱਥੇ ਰਤਵਾੜਾ ਸਾਹਿਬ ਦਸਦੇ ਸੀ ਸੰਤ ਸਮਾਗਮ 'ਚ ਇੱਕ ਮਹਾਤਮਾ, ਕੰਨਾਂ ਦੀ ਗੱਲ ਕਰਨ ਲੱਗੇ ਸੀ ਕਿ ਕੰਨਾਂ ਦੇ ਵਿੱਚ ਐਨੀਆਂ ਨਿੱਕੀਆਂ ਤੰਤੂਆਂ ਹੁੰਦੀਆਂ ਨੇ, ਜਦੋਂ ਬਾਹਰੋਂ ਹਵਾ ਦੇ ਨਾਲ ਟਕਰਾ ਕੇ ਆਵਾਜ਼ ਆਉਂਦੀ ਹੈ ਉਹਦੇ ਨਾਲ ਟਕਰਾਉਂਦੀ ਹੈ, ਟਕਰਾਉਣ ਦੇ ਨਾਲ ਦਿਮਾਗ ਨੂੰ ਉਸੇ ਵੇਲੇ ਖਬਰ ਕਰਦੀਆਂ ਨੇ ਉਹ। ਦਿਮਾਗ ਦੇ ਵਿੱਚ ਜਾ ਕੇ, ਬੁੱਧੀ ਵਗੈਰਾ 'ਚ ਆ ਜਾਂਦੀਆਂ ਨੇ। ਉਸ ਤੋਂ ਬਾਅਦ ਉਹ ਗੱਲ ਸਮਝ ਲੈਂਦਾ ਹੈ ਕਿ ਕੀ ਕਹਿੰਦੇ ਨੇ ਕਿ ਮੈਨੂੰ ਆਉਣ ਨੂੰ ਹਾਕ ਮਾਰੀ ਹੈ ਜਾਂ ਕੀ ਕਰਿਆ ਹੈ ਜਾਂ ਕਹਿੰਦੇ ਪਰ੍ਹੇ ਹਟ ਜਾ ਤੂੰ, ਇਧਰ ਨਾ ਆਈ। ਉਹ ਗੱਲ ਸਮਝਦਾ ਹੈ। ਲੇਕਿਨ ਕੁਝ ਗੱਲਾਂ ਐਸੀਆਂ ਨੇ ਜਿਨ੍ਹਾਂ ਨੂੰ ਇਹ ਸੁਣਦਾ ਹੀ ਨਹੀਂ ਹੈ, ਜ਼ੋਰ ਲਾ ਲਓ ਜਿੰਨਾਂ ਜੀਅ ਕਰਦਾ ਹੈ। ਉਥੇ ਬੈਠੇ ਦੇਗ ਬਣਾਉਂਦੇ ਹੋਣ ਆਪਣੇ, ਇਧਰੋਂ ਵਿਚਾਰ

ਚਲਦੀ ਹੋਵੇ, ਸੁਣਦੀ ਹੈ ਲਾਊਡ ਸਪੀਕਰ ਲੱਗੇ ਹੋਏ ਨੇ, ਲੇਕਿਨ ਨਹੀਂ ਸੁਣਦੇ, ਪੁੱਛ ਲਓ ਥੋੜ੍ਹੀ ਦੇਰ ਬਾਅਦ ਕਿ ਕੀ ਕਿਹਾ ਸੀ। ਉਹ ਕੰਨ ਕਿਉਂਕਿ ਪੂਰੀ ਤਰ੍ਹਾਂ ਖੁੱਲ੍ਹੇ ਨਹੀਂ ਹਨ, ਬੰਦ ਨੇ ਉਹ। ਬਾਹਰਲੇ ਕੰਨਾਂ ਤੇ ਦਿਬਯ ਕੰਨਾਂ ਦਾ ਸੰਪਰਕ ਨਹੀਂ ਹੋ ਸਕਿਆ ਆਪਸ ਵਿੱਚ। ਉਨ੍ਹਾਂ ਦੇ Gap ਹੈ, ਗੈਪ ਪੈਣ ਕਰਕੇ, ਕੰਨ ਜਿਹੜੇ ਨੇ ਇਹ ਅੰਦਰ ਗੱਲ ਨਹੀਂ ਪਹੁੰਚਾ ਰਹੇ। ਨਾਮ ਪੁਚਾਉਣ ਦੇ ਨਾਲ ਗੱਲ ਕਿੱਡੀਓ ਵੱਡੀ ਹੋਵੇ, ਦੂਸਰੇ ਫੇਰ ਅੰਦਰਲੇ ਪਾਸੇ ਰੁਚੀ ਨਹੀਂ ਹੈ। ਜਿੱਥੇ ਜਾ ਕੇ ਬੁੱਧੀ ਨੇ ਨਿਰਣਾ ਕਰਨਾ ਹੈ, ਬੁੱਧੀ ਸੁੰਨ ਹੈ ਕਿ ਮੈਂ ਕੀ ਲੈਣਾ ਹੈ ਨਾਮ ਤੋਂ। ਨਾਮ ਨੇ ਮੈਨੂੰ ਕੀ ਰੋਟੀ ਦੇ ਦੇਣੀ ਹੈ, ਭੁੱਖ ਲੱਗੀ ਹੋਈ ਹੈ, ਨਾਮ ਮੈਨੂੰ ਕੀ ਰੋਟੀ ਬਣ ਕੇ ਆ ਜਾਏਗਾ ਜਾਂ ਕੱਪੜਾ ਬਣ ਜਾਏਗਾ ਮੈਨੂੰ ਪਾਲਾ ਲੱਗੇ ਹੋਏ ਨੂੰ। ਬੁੱਧੀ reject ਕਰਦੀ ਹੈ ਖਿਆਲਾਂ ਨੂੰ। ਉਹ ਬੁੱਧੀ ਅਗਾਹਾਂ ਅੰਤਸ਼ਕਰਣ ਤੱਕ ਜਾਣ ਨਹੀਂ ਦਿੰਦੀ, ਅੰਤਸ਼ਕਰਣ ਮੈਲੇ ਦਾ ਮੈਲਾ ਪਿਆ ਰਹਿੰਦਾ ਹੈ। ਉਹ ਨਿਰਮਲ ਨਹੀਂ ਹੁੰਦਾ। ਜਦੋਂ ਨਿਰਮਲ ਹੋ ਜਾਂਦਾ ਹੈ –

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ਅੰਗ – 1367***

ਕਹਿੰਦੇ ਇਹ problem ਹੈ ਬੜਾ ਜ਼ਬਰਦਸਤ। ਇਹ ਸਾਰੇ ਹੀ ਮਹਾਤਮਾ ਕਹਿੰਦੇ ਨੇ, ਮਹਾਤਮਾ ਬੁੱਧ ਨੇ ਕਿਹਾ ਕਿ ਅਸੀਂ ਬੜਾ ਸੁਲਝਾ-ਸੁਲਝਾ, ਵਿਸਥਾਰ ਦੇ ਨਾਲ ਗੱਲਾਂ ਦਸਦੇ ਹਾਂ ਸਾਰਿਆਂ ਨੂੰ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਇੱਕ ਦੇਵਤਾ ਹੈ ਜਿਸਦਾ ਨਾਉਂ ਮਾਰ-ਮਾਰ ਹੈ, ਉਹ ਮਾਰ ਦੇਵਤਾ ਅੰਦਰ ਜਾਣ ਹੀ ਨਹੀਂ ਦਿੰਦਾ। ਇਸਲਾਮ ਵਾਲੇ, ਈਸਾਈਅਤ ਵਾਲੇ ਕਹਿੰਦੇ ਸ਼ੈਤਾਨ ਬੈਠਾ ਹੈ ਇਹਦੇ ਅੰਦਰ ਉਹ ਅੰਦਰ ਨਹੀਂ ਜਾਣ ਦਿੰਦਾ। ਉਹ Gap ਪਾ ਕੇ ਰੱਖਦਾ ਹੈ ਸਥੂਲ ਕੰਨਾਂ ਦਾ ਤੇ ਦਿਬਯ ਕੰਨਾਂ ਦਾ। ਵਿਚਾਲੇ ਗੱਲ ਕੱਟ ਦਿੰਦਾ ਹੈ ਉਹ। ਉਹ ਗੱਲ ਓਹੀ ਲਿਜਾਂਦਾ ਹੈ ਜਿਹੜੀ ਉਹਨੂੰ ਚੰਗੀ ਲਗਦੀ ਹੈ, ਜਿਹੜੀ ਉਹਦੇ ਵਿਪਰੀਤ ਹੋਵੇ ਉਹ ਅੰਦਰ ਨਹੀਂ ਜਾਣ ਦਿੰਦਾ। ਮਹਾਰਾਜ ਕੰਨਾਂ ਨੂੰ ਸਮਝਾਉਂਦੇ ਨੇ ਕਿ ਐ ਕੰਨੋ! ਤੁਹਾਨੂੰ ਤਾਂ ਵਾਹਿਗੁਰੂ ਨੇ ਲਾਇਆ ਸੀ ਅੰਮ੍ਰਿਤ ਬਾਣੀ ਸੁਣਨ ਵਾਸਤੇ। ਤੁਸੀਂ ਤਾਂ ਬਾਹਰਲੇ ਸੰਸਾਰ ਦੀ ਗੀਤ ਗਾਉਣੇ ਸੁਣੀ ਜਾਂਦੇ ਓਂ ਤੇ ਰੱਜ ਤੁਹਾਨੂੰ ਆਉਂਦਾ ਨਹੀਂ। ਇਹ ਪੰਜੇ ਗਿਆਨ ਇੰਦਰੇ ਐਸੇ ਨੇ ਕਿ ਇਹ ਰੱਜਦੇ ਨਹੀਂ ਹਨ। ਨਾ ਅੱਖਾਂ ਰੱਜਦੀਆਂ ਨੇ –

***ਅੱਖੀ ਵੇਖਿ ਨ ਰਜੀਆਂ ਬਹੁ ਰੰਗ ਤਮਾਸੇ।***

ਨਾ ਕੰਨ ਰੱਜਦੇ ਨੇ, ਨਾ ਜੀਭ ਸੁਆਦਾਂ ਤੋਂ ਰੱਜਦੀ ਹੈ, ਨਾ ਸਪਰਸ਼ ਸ਼ਕਤੀ ਭੋਗਾਂ ਤੋਂ ਰੱਜਦੀ ਹੈ। ਨਾ ਵਾਸ਼ਨਾ ਵਾਲੀ ਸ਼ਕਤੀ ਰੱਜਦੀ ਹੈ। ਰੱਜ ਨਹੀਂ ਆਉਂਦਾ, ਵੱਧਦੇ ਤੁਰੇ ਜਾਂਦੇ ਨੇ ਜਿਵੇਂ ਲੱਕੜੀਆਂ ਦੇ ਵਿੱਚ ਤੇਲ ਪਾਈ ਜਾਓ, ਹੋਰ ਲੱਕੜਾਂ ਸੁੱਟ ਦਿਓ, ਭਾਂਬੜ ਵੱਡਾ ਹੀ ਬਲਦਾ ਚਲਿਆ ਜਾਂਦਾ ਹੈ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥***

***ਪਰੈ ਪਰੈ ਹੀ ਕਉ ਲੁਝੀ ਹੇ ॥*** ***ਅੰਗ - 213***

ਕਿਉਂਕਿ ਰੁਚੀ ਦੂਜੇ ਪਾਸੇ ਹੈ, ਉਹ ਪੰਜਾਂ ਦੋਖੀਆਂ ਦੇ ਵਸ ਵਿੱਚ ਪਿਆ ਹੋਇਆ ਹੈ ਤੇ ਉਹਨੂੰ ਸੋਝੀ ਨਹੀਂ ਆਉਣ ਦਿੰਦੇ ਇਹ। ਸਬੰਧ ਤੋੜ ਕੇ ਰੱਖਦੇ ਨੇ ਇਸ ਕਰਕੇ ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਇਹ ਜੀਵ ਨੂੰ ਕਰਿਆ ਕੀ ਜਾਵੇ ਪੜ੍ਹਦਾ ਹੈ ਲਿਖਦਾ ਹੈ, ਵੱਡਾ ਹੋ ਜਾਂਦਾ ਹੈ। ਪਰ ਜਿਹੜੀ ਇਹਦੇ ਕੰਮ ਦੀ ਗੱਲ ਹੈ ਉਹ ਸੁਣਦਾ ਹੀ ਨਹੀਂ ਹੈ। ਕਹਿੰਦੇ ਜਦੋਂ ਨਾਮ ਦੀ ਬਾਤ ਕਰੀਦੀ ਹੈ ਜਾਂ ਤਾਂ ਸੌਂ ਜਾਏਗਾ, ਜਾਂ ਉਦਾਸ ਹੋ ਜਾਏਗਾ, ਉਬਾਸੀਆਂ ਲੈਣ ਲੱਗ ਜਾਏਗਾ ਕਿਉਂਕਿ ਅੰਦਰ ਰੁਚੀ ਬਿਲਕੁਲ ਹੀ ਨਹੀਂ ਹੈ -

***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥***

***ਅੰਗ - 518***

ਜਦੋਂ ਗਲਤ ਕੰਮ ਕਰਨੇ ਹੋਣ, ਫੇਰ ਸ਼ੇਰ ਜਿੰਨੀ ਤਾਕਤ ਆ ਜਾਏਗੀ। ਸੋ ਨਾਮ ਦੀ ਮਹਿਮਾ ਨਹੀਂ ਜਾਣ ਸਕਦਾ। ਨਾਮ ਦੀ ਮਹਿਮਾ ਇੱਕ ਮਿਸਾਲ ਹੈ ਕਬੀਰ ਸਾਹਿਬ ਬਾਹਰ ਗਏ ਹੋਏ ਨੇ ਮਾਤਾ ਲੋਈ ਜੀ ਦੇ ਪਾਸ ਇੱਕ ਰਾਜਾ ਆ ਜਾਂਦਾ ਹੈ। ਉਸਨੇ ਸਾਰਾ ਦੁੱਖ ਦੱਸਿਆ, ਉਹ ਕਹਿੰਦੇ ਕਬੀਰ ਸਾਹਿਬ ਤਾਂ ਕਈ ਦਿਨਾਂ ਨੂੰ ਆਉਣਗੇ, ਤੁਸੀਂ ਉਦੋਂ ਆ ਜਾਇਓ। ਕਹਿੰਦਾ, ਮਾਤਾ ਜੀ! ਮੈਂ ਤਾਂ ਬਹੁਤ ਦੁਖੀ ਹਾਂ, ਤੁਸੀਂ ਵੀ ਤਾਂ ਉਨ੍ਹਾਂ ਦੇ ਨਾਲ ਹੀ ਰਹਿੰਦੇ ਓਂ ਸੇਵਾ ਕਰਦੇ ਓਂ, ਸਾਧੂਆਂ ਦੀ ਸੇਵਾ ਕਰਦੇ ਓਂ, ਉਹ ਉੱਠਦੇ ਨੇ ਤੁਸੀਂ ਨਾਲ ਹੀ ਉੱਠਦੇ ਓਂ, ਤੁਸੀਂ ਕਿਹੜਾ ਘੱਟ ਓਂ, ਤੁਸੀਂ ਕ੍ਰਿਪਾ ਕਰ ਦਿਓ। ਜਦੋਂ ਉਸਨੇ ਬਾਰ-ਬਾਰ ਕਿਹਾ, ਉਹਦਾ ਦੁੱਖ ਦੇਖਿਆ ਮਾਤਾ ਲੋਈ ਜੀ ਨੇ। ਕਹਿੰਦੇ, ਫੇਰ ਰਾਜਨ! ਬਹਿ ਜਾ। ਸਾਮ੍ਹਣੇ ਬਿਠਾ ਲਿਆ, ਕਹਿੰਦੀ ਕਹੁ ਰਾਮ! ਕਹੁ ਰਾਮ! ਕਹੁ ਰਾਮ, ਤਿੰਨ ਵਾਰੀ ਕਹਾ ਦਿੱਤਾ। ਕਹਿੰਦੀ ਹੁਣ ਜਾ, ਕੱਪੜੇ ਪਾ ਲੈ ਨਹਾ ਧੋ ਕੇ। ਉਹ ਰਾਜ਼ੀ ਹੋ ਗਿਆ ਕਿਉਂਕਿ ਨਾਮ ਨੇ ਤਾਂ ਰੋਗ ਨੂੰ ਕੱਟਣਾ ਹੀ ਕੱਟਣਾ ਹੈ। ਜਿਸ ਹਿਰਦੇ 'ਚ ਨਾਮ ਹੈ ਉਥੇ ਰੋਗ ਆਇਆ ਨਹੀਂ ਕਰਦਾ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਸਾਰੇ ਦੁਨੀਆਂ ਭਰ ਦੇ ਦੁੱਖਾਂ ਦਾ ਇਲਾਜ ਕੇਵਲ ਨਾਮ ਹੈ, ਸੋ ਉਹਨੇ ਕੱਪੜੇ ਪਾ ਲਏ, ਕੱਪੜੇ ਪਾ ਕੇ ਮਹਿਮਾ ਕਰਨ ਲੱਗ ਗਿਆ। ਮਾਤਾ ਲੋਈ ਜੀ ਦੀ ਬੜੀ ਮਹਿਮਾ ਸ਼ਹਿਰ ਵਿੱਚ ਫੈਲ ਗਈ। ਕਬੀਰ ਸਾਹਿਬ ਆਉਂਦੇ ਨੇ ਤਾਂ ਧੰਨ-ਧੰਨ ਕਬੀਰ ਸਾਹਿਬ, ਧੰਨ ਮਾਤਾ ਲੋਈ; ਨਵਾਂ ਅੱਖਰ ਸੁਣ ਕੇ ਮਨ 'ਚ ਖਿਆਲ ਆ ਗਿਆ ਕਿ ਲੋਈ ਨੇ ਕੋਈ ਕੌਤਕ ਦਿਖਾ ਦਿੱਤਾ ਹੋਣਾ। ਇਹ ਤਾਂ ਉਹ ਜਾਣਦੇ ਹੀ ਸੀਗੇ ਬਈ ਬੰਦਗੀ ਉਹ ਵੀ ਕਰਦੀ ਹੈ, ਸੇਵਾ ਓਹੀ ਕਰਦੀ ਹੈ, ਸੇਵਾ ਤੇ ਨਾਮ ਜਪਣ ਨਾਲ ਆਪਣੇ ਆਪ ਸ਼ਕਤੀਆਂ ਆ ਜਾਂਦੀਆਂ ਨੇ। ਉਹਨੇ ਕੋਈ ਪ੍ਰਗਟ ਕਰ ਦਿੱਤੀ ਕੋਈ ਮੇਰੀ ਗੈਰਹਾਜ਼ਰੀ 'ਚ। ਅੱਗੇ ਆ ਕੇ ਆਪਣੇ ਨਿੱਜ ਸੇਵਕ ਨੂੰ ਪੁੱਛਿਆ ਕਿ ਮਾਤਾ ਲੋਈ! ਮਾਤਾ ਲੋਈ! ਕਿਉਂ ਹੁੰਦੀ ਹੈ? ਉਹ ਕਹਿੰਦਾ ਮਹਾਰਾਜ! ਸਿਰਫ ਤਿੰਨ ਵਾਰੀ ਰਾਮ ਕਹਾਇਆ ਸੀ,

ਰਾਜਾ ਕੋਹੜੀ ਸੀ ਉਹਦਾ ਕੋਹੜ ਦੂਰ ਕਰ ਦਿੱਤਾ। ਏਸ ਕਰਕੇ ਸਾਰਾ ਕਾਸ਼ੀ ਉਹਨੂੰ ਧੰਨ ਮਾਤਾ, ਧੰਨ ਮਾਤਾ ਲੋਈ ਕਹੀ ਜਾਂਦਾ ਹੈ। ਕਬੀਰ ਸਾਹਿਬ ਇਸ ਗੱਲ ਦੇ ਉਤੇ ਨਰਾਜ਼ ਹੋ ਗਏ। ਨਰਾਜ਼ ਹੋਏ ਤਾਂ ਘਰ ਜਦੋਂ ਆ ਗਏ ਤਾਂ ਮਾਤਾ ਜੀ ਨਾਲ ਬੋਲੇ ਨਾ, ਪਿੱਠ ਕਰ ਲਈ। ਉਹ ਦੂਜੇ ਪਾਸੇ ਗਏ ਤਾਂ ਉਨ੍ਹਾਂ ਨੇ ਦੂਜੇ ਪਾਸੇ ਪਿੱਠ ਕਰ ਲਈ। ਪਹਿਲਾ ਦਿਨ ਸੀ ਜ਼ਿੰਦਗੀ ਦੇ ਅੰਦਰ, ਜਦੋਂ ਕਬੀਰ ਜੀ ਨਰਾਜ਼ ਹੋਏ, ਬਚਨ ਤਾਂ ਕਈ ਵਾਰੀ ਕਹਿ ਦਿੰਦੇ ਸੀ, ਬੇਪੀਰ ਲੋਈ ਵੀ ਕਹਿੰਦੇ ਸੀ। ਕਈ ਵਾਰੀ ਕਈ ਗੱਲਾਂ ਕਹਿ ਦਿੰਦੇ ਸੀ, ਲੇਕਿਨ ਨਰਾਜ਼ ਨਹੀਂ ਸੀ ਹੁੰਦੇ, ਅੱਜ ਪਹਿਲੀ ਵਾਰੀ ਨਰਾਜ਼ ਹੋਏ। ਮਾਤਾ ਜੀ ਨੇ ਦੇਖਿਆ ਕਿ ਨਰਾਜ਼ ਹੋ ਗਏ, ਕੋਈ ਕਾਰਨ ਹੋ ਗਿਆ ਐਸਾ ਕਿ ਨਰਾਜ਼ ਨੇ ਮੇਰੇ ਨਾਲ, ਉਸ ਵੇਲੇ ਪੁੱਛਣ ਲੱਗ ਗਈ, ਕਹਿਣ ਲੱਗੀ ਦੇਖੋ, ਆਰਾ ਲਿਆਓ, ਲਿਆ ਕੇ ਮੇਰੇ ਦੋ ਫਾੜ ਕਰ ਦਿਓ ਤਾਂ ਮੈਨੂੰ ਬਿਲਕੁਲ ਦੁੱਖ ਨਹੀਂ ਲਗਦਾ, ਪਰ ਤੁਹਾਡੀ ਜਿਹੜੀ ਬੇਰੁਖੀ ਹੈ, ਤੁਹਾਡਾ ਮੇਰੇ ਵਲ ਪਿੱਠ ਕਰਨਾ ਹੈ, ਇਹ ਮੈਨੂੰ ਉਸ ਤੋਂ ਬਹੁਤ ਦਰਦਨਾਕ ਲਗਦਾ ਹੈ -

***ਕਰਵਤੁ ਭਲਾ ਨ ਕਰਵਟ ਤੇਰੀ ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ ॥ 1 ॥***
***ਹਉ ਵਾਰੀ ਮੁਖੁ ਫੇਰਿ ਪਿਆਰੇ ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥ ਅੰਗ - 484***

ਕਿੰਨੇ ਪਿਆਰ ਨਾਲ ਕਹਿ ਰਹੀ ਹੈ। ਮੈਨੂੰ ਪਿੱਠ ਦੇ ਕੇ ਕਿਉਂ ਮਾਰ ਰਹੇ ਓਂ? ਮੈਂ ਜਿਉਂਦੀ ਨਹੀਂ ਰਹਿ ਸਕਦੀ। ਮੁਸ਼ਕਲ ਹੈ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਅੰਗ - 708***

ਤੁਹਾਡੀ ਨਰਾਜ਼ਗੀ 'ਚ ਮੇਰਾ ਜੀਵਨ ਨਹੀਂ ਹੈ, ਮੇਰਾ ਜੀਵਨ ਕੁਦਰਤੀ ਤੌਰ ਤੇ ਖਤਮ ਹੋ ਜਾਣਾ ਹੈ -

***ਜਉ ਤਨੁ ਚੀਰਹਿ ਅੰਗੁ ਨ ਮੋਰਉ ॥***
***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ਅੰਗ - 484***

ਜੇ ਤੁਸੀਂ ਮੈਨੂੰ ਚੀਰਨ ਲੱਗ ਜਾਓ ਤਾਂ ਮੈਂ ਸੀ ਵੀ ਨਹੀਂ ਕਹਿੰਦੀ, ਕਿਉਂਕਿ ਤੁਸੀਂ ਚੀਰ ਰਹੇ ਓਂ। ਮੇਰਾ ਸਰੀਰ ਤੁਹਾਡੇ ਹੱਥਾਂ ਨਾਲ ਚੀਰਿਆ ਹੋਇਆ ਕਿਸੇ ਕੰਮ 'ਚ ਆਏਗਾ। ਜਦੋਂ ਮੇਰੇ ਪ੍ਰਾਣ ਨਿਕਲ ਜਾਣਗੇ, ਫੇਰ ਵੀ ਮੈਂ ਤੁਹਾਡੇ ਨਾਲੋਂ ਪਿਆਰ ਨਹੀਂ ਤੋੜਾਂਗੀ। ਕਦੇ ਗੁੱਸੇ ਹੋ ਕੇ। ਫੇਰ ਵੀ ਤੁਹਾਡਾ ਐਨਾ ਹੀ ਪਿਆਰ ਤੇ ਸਤਿਕਾਰ ਰੱਖਾਂਗੀ।

***ਹਮ ਤੁਮ ਬੀਚੁ ਭਇਓ ਨਹੀ ਕੋਈ ॥***
***ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ਅੰਗ - 484***

ਕੋਈ ਚੁਗਲ ਵੀ ਨਹੀਂ ਆਇਆ, ਜਿਹਨੇ ਚੁਗਲੀ ਕਰ ਦਿੱਤੀ ਹੋਵੇ, ਮੈਂ ਕੋਈ ਇਹੋ ਜਿਹੀ ਗੱਲ ਕਰਦੀ ਹੀ ਨਹੀਂ ਜਿਹੜਾ ਪਰਦਾ ਰਹਿ ਜਾਵੇ ਤੁਹਾਡੇ ਅਰ ਮੇਰੇ ਵਿਚਾਲੇ। ਕੋਈ ਗੱਲ ਮੈਂ ਪਰਦਾ ਰੱਖ ਕੇ ਨਹੀਂ ਕਰਦੀ, ਜੋ ਮੈਂ ਕਰਦੀ ਹਾਂ ਤੁਹਾਨੂੰ ਸਭ ਪਤਾ ਹੁੰਦਾ ਹੈ। ਤੇ ਜੇ ਕਿਸੇ ਨੇ ਲੂਤੀ ਲਾਈ ਹੈ ਐਸਾ ਵੀ ਹੋ ਨਹੀਂ ਸਕਦਾ, ਐਸਾ ਮੈਂ ਖਿਆਲ ਨਹੀਂ ਕਰ

ਸਕਦੀ –

***ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ਅੰਗ – 484***

ਤੁਸੀਂ ਮੇਰੇ ਪਤੀ ਓਂ, ਮੈਂ ਤੁਹਾਡੀ ਪਤਨੀ ਹਾਂ ਤੇ ਮੈਨੂੰ ਨਰਾਜ਼ੀ ਦਾ ਕਾਰਨ ਦੱਸੋ, ਉਸ ਵੇਲੇ ਕਬੀਰ ਸਾਹਿਬ ਕਹਿਣ ਲੱਗੇ, ਲੋਈ! ਮੇਰੀ ਪਰਤੀਤ ਸੀ ਜਿਹੜੀ ਜੋ ਮੇਰੇ ਉਤੇ ਭਰੋਸਾ ਸੀ, ਮੇਰੀ ਸਖਸ਼ੀਅਤ ਦਾ ਅਨੁਮਾਨ ਜੋ ਮੈਂ ਆਪਣੇ ਹਿਰਦੇ ਵਿੱਚ ਧਾਰਨ ਕਰਿਆ ਸੀ। ਉਹ ਛੇਕ ਹੋ ਗਿਆ –

***ਕਹਤੁ ਕਬੀਰੁ ਸੁਨਹੁ ਰੇ ਲੋਈ ॥***
***ਅਬ ਤੁਮਰੀ ਪਰਤੀਤਿ ਨ ਹੋਈ ॥ ਅੰਗ – 484***

ਉਹ ਤੇਰੀ ਪਰਤੀਤ ਨਾ ਜਾਣ ਦਾ ਮੈਨੂੰ ਐਨਾ ਸਦਮਾ ਹੋਇਆ, ਐਨੀ ਸੱਟ ਲੱਗੀ ਕਿ ਮੇਰਾ ਬੋਲਣ ਨੂੰ ਨਹੀਂ ਤੇਰੇ ਨਾਲ ਜੀਅ ਕਰਦਾ।

ਕਹਿਣ ਲੱਗੀ, ਮਹਾਰਾਜ! ਕਿਹੜੀ ਗੱਲ ਹੈ? ਐਸੀ ਬਾਤ ਕੌਣ ਹੈ ਜਿਹੜੀ ਦੇ ਨਾਲ ਤੁਹਾਨੂੰ ਐਨਾ ਦੁੱਖ ਮੇਰੇ ਤੋਂ ਪਹੁੰਚਿਆ ਹੈ, ਉਹ ਕ੍ਰਿਪਾ ਕਰਕੇ ਆਪ ਪ੍ਰਗਟ ਕਰਕੇ ਤਾਂ ਦੱਸੋ? ਉਸ ਵੇਲੇ ਕਬੀਰ ਸਾਹਿਬ ਨਾਮ ਦੀ ਮਹਿਮਾ ਪ੍ਰਗਟ ਕਰਨ ਵਾਸਤੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਲੋਈਏ ਰਾਮ ਪਿਆਰੀਏ !***
***ਤੈਂ ਰਾਮ ਸੁਵੱਲੜਾ ਲਾਇਆ।***
***ਤਿੰਨ ਵਾਰੀ ਰਾਮ ਕਹਾ ਕੇ,***
***ਰੋਗੀ ਦਾ ਰੋਗ ਹਟਾਇਆ।***

ਕਹਿਣ ਲੱਗੇ ਕਿ ਤੁਸੀਂ ਤਿੰਨ ਵਾਰੀ ਕਹਾਇਆ ਸੀ ਉਹਨੂੰ ਰਾਮ?

ਕਹਿੰਦੀ, ਹਾਂ ਮਹਾਰਾਜ।

"ਤੁਹਾਨੂੰ ਰਾਮ ਨਾਮ ਦੀ ਮਹਿਮਾ ਦਾ ਪਤਾ ਨਹੀਂ ਸੀ, ਸਿਰਫ ਇੱਕ ਵਾਰੀ ਤੈਨੂੰ ਰਾਮ ਕਹਾਉਣਾ ਚਾਹੀਦਾ ਸੀ? ਕਿੰਨੀਆਂ ਤੂੰ ਸਾਖੀਆਂ ਸੁਣੀਆਂ ਨੇ, ਰਾਜੇ ਜਨਕ ਨੇ ਸਿਰਫ ਇੱਕ ਵਾਰੀ, ਰਾਮ ਕਿਹਾ ਸੀ, ਇਹ ਨਹੀਂ ਕਿ ਰਾਮ-ਰਾਮ-ਰਾਮ-ਰਾਮ ਕਿਹਾ ਹੋਵੇ, ਇੱਕੋ ਵਾਰੀ ਕਿਹਾ ਸੀ। ਕਹਿਣ ਲੱਗਿਆ, ਐ ਧਰਮਰਾਜ! ਆਹ ਸਾਰੇ ਪਾਪੀਆਂ ਦੇ ਪਾਪ ਇੱਕ ਤੱਕੜੇ 'ਚ ਪਾ ਲੈ ਤੇ ਇੱਕ ਦੇ ਵਿੱਚ ਜਿਹੜਾ ਮੈਂ ਰਾਮ ਮੁੱਖ ਤੋਂ ਕਹਿ ਦਿੱਤਾ, ਇਹ ਪਾ ਲੈ –

***ਗਹਿਣੇ ਧਰਿਅਨੁ ਏਕੁ ਨਾਉ ਪਾਪ ਨਾਲਿ ਕਰੈ ਨਿਰਜਾਸੀ।***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।***
***ਭਾਈ ਗੁਰਦਾਸ ਜੀ, ਵਾਰ 10/5***

ਕਹਿੰਦੇ, ਉਹਦੇ ਪਾਸਕੂ ਵਿੱਚ ਵੀ ਨਾ ਪਹੁੰਚੇ ਸਾਰੇ ਹਤਿਆਰੇ, ਮਹਾਂ ਹਤਿਆਰੇ, ਉਹ ਨਾਮ ਦੇ ਪਾਸਕੂ ਵੀ ਨਾ ਬਣੇ। ਉਹ ਧਰਤੀ 'ਤੇ ਹੀ ਪੱਲੜਾ ਪਿਆ ਰਿਹਾ ਨਾਮ ਦਾ, ਉਹ ਅਸਮਾਨਾਂ 'ਚ ਜਾ ਲਗਦਾ ਹੈ।

ਕਹਿਣ ਲੱਗੇ, ਇੱਕ ਵਾਰੀ ਥੋੜ੍ਹਾ ਸੀ ਤੂੰ ਤਿੰਨ ਵਾਰੀ ਕਿਉਂ ਕਹਾਇਆ? ਤੈਨੂੰ ਵਿਸ਼ਵਾਸ਼ ਨਹੀਂ ਸੀ ਨਾਮ ਦੇ ਉਤੇ। ਉਸ ਵੇਲੇ ਕਹਿਣ

ਲੱਗੀ ਮਹਾਰਾਜ! ਮੇਰੀ ਬੇਨਤੀ ਹੈ ਕਿ ਮੈਂ ਇੱਕ ਵਾਰੀ ਤਾਂ ਕਹਾਇਆ ਸੀ ਕਿ ਉਹਦੇ ਪਾਪ ਜਿਹੜੇ ਨੇ ਜਿਨ੍ਹਾਂ ਕਰਕੇ ਸਰੀਰ ਰੋਗੀ ਹੋਇਆ –

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** ***ਅੰਗ 1195***

ਪਤਾ ਨਹੀਂ ਕਰੋੜਾਂ ਕਰਮ ਇਸਨੇ ਮਾੜੇ ਕਰਮ ਕੀਤੇ ਹੋਣੇ ਨੇ, ਉਨ੍ਹਾਂ ਦਾ ਜਦੋਂ ਤੱਕ ਨਾਸ਼ ਨਹੀਂ ਹੁੰਦਾ ਉਦੋਂ ਤੱਕ ਰੋਗ ਨਹੀਂ ਜਾਣਾ। ਪਹਿਲਾਂ ਉਹ ਨਾਸ਼ ਹੋਣ ਫੇਰ ਰੋਗ ਜਾਏਗਾ। ਸੋ ਇੱਕ ਮੈਂ ਇਸ ਕਰਕੇ ਕਹਾ ਦਿੱਤਾ। ਦੂਸਰਾ ਮੈਂ ਉਹਦਾ ਰੋਗ ਦੂਰ ਕੀਤਾ। ਤੀਸਰਾ ਜੋ ਮੈਂ ਉਹਨੂੰ ਦਿੱਤਾ ਹੈ ਉਹ ਗੁਰਮੰਤਰ ਦਿੱਤਾ ਹੈ ਕਿ ਤਾਂ ਕਿ ਉਹ ਫੇਰ ਨਾ ਭੁੱਲ ਜਾਵੇ। ਉਹ ਇੱਥੇ ਹੀ ਰਾਮ-ਰਾਮ ਕਰਨ ਲੱਗ ਗਿਆ ਸੀ। ਡੂੰਘਾ ਚਲਿਆ ਗਿਆ ਸੀ ਉਹਦੇ ਹਿਰਦੇ 'ਚ ਰਾਮ ਤੇ ਉਹ ਨਾਮ ਹੀ ਜਪੀ ਗਿਆ। ਇਸ ਕਰਕੇ ਖਿਮਾ ਕਰਨਾ ਮੈਂ ਤਾਂ ਕੋਈ ਐਸਾ ਆਪਣੀ ਜਾਣੇ ਤਾਂ ਕਰਿਆ ਨਹੀਂ ਹੈ। ਜੇ ਮੈਂ ਕਰ ਦਿੱਤਾ ਤਾਂ ਤੁਸੀਂ ਮੈਨੂੰ ਖਿਮਾ ਕਰੋ।

ਕਬੀਰ ਸਾਹਿਬ ਕਹਿਣ ਲੱਗੇ, ਠੀਕ ਹੈ, ਬਿਲਕੁਲ ਤੂੰ ਠੀਕ ਕਿਹਾ ਹੈ, ਕੋਈ ਨਾ।

ਮਹਾਰਾਜ ਕਹਿੰਦੇ ਪਿਆਰਿਓ! ਇਹ ਨਾਮ ਦੀ ਮਹਿਮਾ ਦੁਨੀਆ ਨਹੀਂ ਜਾਣਦੀ, ਜੇ ਜਾਣਦੀ ਹੋਵੇ ਤਾਂ ਨਾਮ ਨਾ ਜਪਣ। ਕਿਉਂ ਫੇਰ ਸੁਸਤੀ ਕਰਨ। ਇਨ੍ਹਾਂ ਨੂੰ ਨਹੀਂ ਪਤਾ ਲਗਦਾ, ਕਿੰਨਾ ਹੀ ਬੋਲੀ ਜਾਓ, ਕਿੰਨਾ ਹੀ ਕਹੀ ਜਾਓ ਉਹ ਕਿਉਂ ਨਹੀਂ ਪਤਾ ਲਗਦਾ? ਉਹ ਇਹ ਹੈ ਕਿ ਹਰੇਕ ਆਦਮੀ ਦੇ ਅੰਦਰ ਪੰਜ ਠੱਗ ਬੈਠੇ ਨੇ –

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***

***ਅੰਗ – 1288***

ਇਹ ਜਿਹੜਾ ਮਾਣ ਹੈ, ਜਿਹਨੂੰ ਮਦ ਕਹਿੰਦੇ ਨੇ, ਵਿਦਿਆ ਦਾ ਮਦ ਕਹਿੰਦੇ ਨੇ, ਰਾਜਸੀ ਸ਼ਕਤੀ ਦਾ, ਪੈਸਾ ਬਹੁਤਾ ਹੋਣ ਦਾ, ਬਹੁਤਾ ਜੁਆਨ ਤਕੜਾ ਹੋਣ ਦਾ, ਬਹੁਤੇ ਬੰਦੇ ਨਾਲ ਹੋਣ, ਉਸ ਦਾ ਮਦ, ਇਹ ਮਦ ਜਿਹੜਾ ਹੈ ਇਹ ਪ੍ਰਦੂਸ਼ਣ ਦੀ ਪਲੇਟ ਲਾ ਦਿੰਦਾ ਹੈ ਉਥੇ ਜਿਸ ਥਾਂ 'ਤੇ ਜਾ ਨਾਮ ਨੇ ਨਿਵਾਸ ਕਰਨਾ ਹੈ ਉਹਦੇ ਉਪਰਲੇ ਪਾਸੇ ਜਿੱਥੇ ਬੁੱਧੀ ਨੇ ਸਮਝਣਾ ਹੈ ਉਸ ਤੋਂ ਅੱਗੇ ਨਹੀਂ ਇਹ ਗੱਲ ਜਾਣ ਦਿੰਦਾ। ਜਿਵੇਂ ਬੱਦਲ ਛਾ ਜਾਣ ਘਣੇ, ਸੂਰਜ ਚਾਹੇ ਦੁਪਿਹਰ ਦਾ ਜੇਠ ਦਾ ਹੋਵੇ, ਹਾੜ ਦਾ ਹੋਵੇ ਉਹ ਨਹੀਂ ਥੱਲੇ ਆਉਂਦਾ ਕਿਉਂਕਿ ਗਾੜ੍ਹੇ ਬੱਦਲ ਛਾ ਗਏ। ਇਸੇ ਤਰ੍ਹਾਂ ਇਹ ਜਿਹੜੀ ਤਰਕ ਰੂਪੀ ਪਲੇਟ ਹੈ ਇਹ ਮਦ ਦੀ ਬਣੀ ਹੋਈ, ਅਭਿਮਾਨ ਦੀ, ਇਹ ਹੇਠਾਂ ਨਹੀਂ ਆਉਣ ਦਿੰਦੀ। ਨਾ ਆਉਣ ਕਰਕੇ ਸੰਸਾਰ ਸਮਝਦਾ ਨਹੀਂ –

***ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***

***ਅੰਗ – 1383***

ਜਿਵੇਂ ਟਿੱਬਿਆਂ 'ਤੇ ਮੀਂਹ ਪੈ ਜਾਵੇ, ਪਹਾੜਾਂ 'ਤੇ, ਨੀਵੇਂ ਥਾਂ 'ਤੇ ਜਾ ਕੇ ਤਾਂ ਇਹਨੇ ਕਹਿਰ ਮਚਾ ਦਿੱਤਾ ਸੀ। ਆਹ ਟਿਬਿਆਂ ਦੇ ਉਤੇ ਭੌਰਾ ਜਿੰਨਾ ਵੀ ਪਾਣੀ ਨਹੀਂ ਹੋਇਆ ਕਿਉਂਕਿ ਰੁੜ੍ਹ ਗਿਆ ਸਾਰੇ ਦਾ ਸਾਰਾ, ਉਥੇ ਗਿੱਲ ਵੀ ਨਹੀਂ ਭੋਰਾ ਜਿੰਨੀ ਵੀ। ਇਸੇ ਤਰ੍ਹਾਂ ਜਿਹੜੇ ਉੱਚੇ ਹਿਰਦੇ ਨੇ ਅਭਿਮਾਨੀ ਹਿਰਦੇ ਉਨ੍ਹਾਂ 'ਚ ਨਾ ਤਾਂ ਸੰਤਾਂ ਦਾ ਉਪਦੇਸ਼ ਟਿਕਦਾ ਹੈ, ਨਾ ਗੁਰਬਾਣੀ ਦਾ ਕੋਈ ਭਾਵ ਟਿਕੇ, ਕੁਛ ਨਹੀਂ ਟਿਕਦਾ, ਸਾਰੀ ਦੀ ਸਾਰੀ ਜ਼ਿੰਦਗੀ ਗੁਜ਼ਾਰ ਕੇ ਦੁਨੀਆਂ ਤੋਂ ਖਾਲੀ ਚਲੇ ਜਾਂਦੇ ਨੇ –

***ਧਾਰਨਾ – ਗਰਬ ਜਿਨ੍ਹਾਂ ਵਡਿਆਈਆਂ,***
***ਖਾਲੀ ਦੁਨੀਆਂ ਤੋਂ ਜਾਣਗੇ।***

ਕਹਿੰਦੇ ਐਸ ਤਰ੍ਹਾਂ ਖਾਲੀ ਜਾਂਦੇ ਨੇ ਕਿਉਂਕਿ ਅਭਿਮਾਨ ਹੈ ਅੰਦਰ। ਇੱਕ ਥਾਂ ਮਹਾਰਾਜ ਫੁਰਮਾਉਂਦੇ ਨੇ ਕਿ ਬੜੇ ਸ਼ੁਭ ਕਰਮ ਕਰਨ ਤੋਂ ਬਾਅਦ ਇਹ ਅਭਿਮਾਨ ਕੀ ਕੰਮ ਕਰਦਾ ਹੈ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਅੰਗ – 1428***

ਬੜੀ ਮੁਸ਼ਕਲ ਦੇ ਨਾਲ 68 ਤੀਰਥਾਂ ਦਾ ਇਸ਼ਨਾਨ ਕਰਿਆ, ਬਹੁਤ ਹੱਡ ਪਸੀਨੇ ਦੀ ਕਮਾਈ ਕਰਕੇ ਹਜ਼ਾਰਾਂ ਰੁਪਏ ਦਾਨ ਕਰਿਆ, ਸਕੂਲ ਬਣਾਇਆ, ਕਾਲਜ ਬਣਵਾਇਆ, ਹੋਰ ਵੱਡੇ ਅਨੇਕ ਕੰਮ ਕੀਤੇ। ਹਸਪਤਾਲ ਬਣਵਾਏ, ਵਰਤ ਕਰੇ, ਮਹੀਨੇ-ਮਹੀਨੇ, ਦੋ-ਦੋ ਮਹੀਨੇ, ਛੇ-ਛੇ ਮਹੀਨੇ ਦਾ ਵਰਤ ਲਿਆ ਕਿ ਮੈਂ ਕਿਸੇ ਨਾਲ ਨਹੀਂ ਬੋਲਣਾ। ਮਹਾਰਾਜ ਕਹਿੰਦੇ, ਜੇ ਜ਼ਰਾ ਕੁ ਅਭਿਮਾਨ ਆ ਜਾਏ ਹਿਰਦੇ ਦੇ ਅੰਦਰ, ਉਹਦੇ ਨਾਲ ਹੋਏਗਾ ਕੀ–

***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਅੰਗ – 1428***

ਇਹ ਮਾਣ ਜਿਹੜੀ ਚੀਜ਼ ਹੈ ਇਹ ਬੜਾ ਔਖਾ ਕਰਦੀ ਹੈ। ਆਹੀ ਹੈ ਜਿਹੜੀ ਰੱਬ ਨਾਲੋਂ ਤੋੜਦੀ ਹੈ ਤੇ ਸਾਨੂੰ ਗੁਰੂ ਦਾ ਨਹੀਂ ਬਣਨ ਦਿੰਦੀ। ਇਹ ਪਰ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਕਹਿੰਦੇ ਗਿਰਦਾ ਹੈ ਅਭਿਮਾਨ ਵਾਲਾ –

***ਊਚਾ ਚੜੈ ਸੁ ਪਵੈ ਪਇਆਲਾ ॥***
***ਧਰਨਿ ਪੜੈ ਤਿਸੁ ਲਗੈ ਨ ਕਾਲਾ ॥ ਅੰਗ – 374***

ਜਿਹੜਾ ਉੱਚਾ ਚੜ੍ਹਦਾ ਹੈ ਉਹ ਗਿਰਦਾ ਹੀ ਹੈ ਧਰਤੀ 'ਤੇ, ਤੇ ਫੁਰਮਾਨ ਕਰਦੇ ਨੇ ਕਿ –

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ ॥***
***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥***

***ਅੰਗ – 1372***

ਜਿਹੜੇ ਵੱਡੇ-ਵੱਡੇ ਮੁਨੀਸ਼ਰ ਨੇ, ਹਜ਼ਾਰਾਂ ਬੰਦੇ ਲਾਈਨਾਂ ਬੰਨ੍ਹ ਕੇ ਖੜ੍ਹੇ ਨੇ ਕਿ ਦਰਸ਼ਨ ਕਰੀਏ ਅਸੀਂ ਉਨ੍ਹਾਂ ਦਾ, ਜੇ ਉਨ੍ਹਾਂ ਦੇ ਹਿਰਦੇ ਦੇ ਅੰਦਰ ਅਭਿਮਾਨ ਹੈ ਆਪਣੇ ਕਰਤੱਬ ਦਾ, ਆਪਣੀ ਭਜਨ ਬੰਦਗੀ ਦਾ, ਆਪਣੇ ਨਾਮ ਜਪਣ ਦਾ, ਆਪਣੇ ਵਰਤ ਰੱਖਣ ਦਾ, ਮਹਾਰਾਜ ਕਹਿੰਦੇ ਉਨ੍ਹਾਂ ਦੇ ਫੇਰ ਚਲਦਾ ਨਹੀਂ ਹੈ, ਉਹ ਗਲ ਜਾਇਆ ਕਰਦਾ ਹੈ, ਉਹ ਗਾਲ ਦਿੰਦਾ ਹੈ ਪੁੰਨਾਂ ਤੇ ਦਾਨਾਂ ਨੂੰ। ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਪੁੰਨਾਂ ਤੇ ਦਾਨਾਂ ਨੂੰ ਗਾਲੇ ਅਭਿਮਾਨ ਤੇਰਾ।***

ਬਾਲ ਬੱਚੇ ਛੱਡ ਦਿੱਤੇ, ਘਰ ਕੋਠੀਆਂ ਛੱਡ ਦਿੱਤੀਆਂ, ਪੈਸਾ ਛੱਡ ਦਿੱਤਾ, ਸੋਹਣੇ ਕੱਪੜੇ ਪਹਿਨਣੇ ਛੱਡ ਦਿੱਤੇ, ਜੰਗਲ ਦੇ ਵਿੱਚ ਚਲਿਆ ਗਿਆ ਤੇ ਉਥੇ ਫੇਰ ਮਾਣ ਹੋਣ ਲੱਗ ਗਿਆ। ਮਾਣ ਨਹੀਂ ਫੇਰ ਛੱਡ ਹੁੰਦਾ -

***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥***

***ਅੰਗ - 1372***

ਐਸੀ ਮਾੜੀ ਚੀਜ਼ ਹੈ ਸਭ ਨੂੰ ਖਾ ਜਾਂਦੀ ਹੈ। ਸਤਿਜੁਗ ਦੇ ਵਿੱਚ, ਭਲੇ ਦਿਨ ਸੀ ਜਿਸ ਵਕਤ ਉਸ ਵੇਲੇ ਇੱਕ ਰਾਜਾ ਜਜਾਤੀ ਹੋਇਆ, ਉਹਦੇ ਮਨ ਵਿੱਚ ਇੱਕ ਵੇਗ ਉਠਿਆ ਕਿ ਮੈਂ ਐਨਾ ਪੁੰਨ ਕਰਾਂ ਕਿ ਜਿਹੜਾ ਹਾਲੇ ਤੱਕ ਨਾ ਕਿਸੇ ਨੇ ਕਰਿਆ ਹੋਵੇ। ਉਨ੍ਹਾਂ ਦਿਨਾਂ 'ਚ ਯੱਗ ਵਗੈਰਾ ਕਰਦੇ ਸੀ, ਵਿਧੀਪੂਰਵਕ ਯੱਗ ਹੋਇਆ ਕਰਦੇ ਸੀ। ਬੇਅੰਤ ਪੁੰਨਾਂ ਦਾ ਫਲ ਮਿਲਿਆ ਕਰਦਾ ਸੀ। ਉਸ ਨੇ ਇਹ ਆਪਣਾ ਨਿਯਮ ਬਣਾ ਲਿਆ ਕਿ ਇੱਕ ਯੱਗਸ਼ਾਲਾ ਤੋਂ ਕਮਾਨ ਦੇ ਉਤੇ ਬਾਣ ਖਿੱਚ ਕੇ ਮਾਰਨਾ ਹੈ ਜਿੱਥੇ ਜਾ ਗਿਰੇ, ਉਥੇ ਦੂਜੀ ਯੱਗਸ਼ਾਲਾ ਬਣਾਉਣੀ ਹੈ, ਇਸ ਤਰ੍ਹਾਂ ਉਹਨੇ ਯੱਗ ਕਰਨੇ ਸ਼ੁਰੂ ਕਰ ਦਿੱਤੇ, ਅੱਧ-ਅੱਧ ਮੀਲ ਤੇ ਲਾ ਲਓ, ਮੀਲ-ਮੀਲ 'ਤੇ ਲਾ ਲਓ, ਉਹ ਯੱਗ ਕਰਦਾ ਤੁਰਿਆ ਜਾ ਰਿਹਾ ਹੈ। ਜਦੋਂ ਇੱਕ ਸੌ ਇੱਕ ਤੋਂ ਵੱਧ ਗਿਆ ਯੱਗ ਉਸ ਵੇਲੇ ਉਹਦੇ ਤੇਜ਼ ਪ੍ਰਤਾਪ ਦਾ ਓਰਾ ਸੀ ਉਹ ਐਨਾ ਫੈਲਿਆ ਕਿ ਸਵਰਗ ਲੋਕਾਂ ਤੱਕ ਚਲਿਆ ਗਿਆ। ਜਿਉਂ-ਜਿਉਂ ਯੱਗ ਕਰੇ, ਉਹ ਵਧਦਾ-ਵਧਾ ਸਵਰਗ ਲੋਕ 'ਚ ਚਲਿਆ ਗਿਆ ਤੇ ਇੰਦਰ ਨੇ ਦੇਖਿਆ ਕਿ ਕੌਣ ਬੰਦਾ ਹੈ ਜਿਹੜਾ ਪੁੰਨ ਕਰ ਰਿਹਾ ਹੈ, ਕਿ ਮੇਰੇ ਮੰਡਲ ਦੇ ਵਿੱਚ ਵੀ ਉਹਦਾ ਤੇਜ਼ ਪ੍ਰਤਾਪ ਵਧ ਗਿਆ। ਉਸ ਵੇਲੇ ਦੇਖਿਆ ਕਿ ਰਾਜਾ ਜਜਾਤੀ ਯੱਗ ਕਰ ਰਿਹਾ ਹੈ। ਬੜੀ ਭਾਵਨਾ ਨਾਲ ਕਰਦਾ ਹੀ ਤੁਰਿਆ ਜਾ ਰਿਹਾ ਹੈ ਤੇ ਉਹਦਾ ਤੇਜ ਇੰਦਰ ਤੋਂ ਸਹਿ ਨਾ ਹੋਇਆ। ਤਖਤ 'ਤੇ ਬੈਠ ਨਾ ਸਕੇ, ਅੰਦਰ ਡਰ ਲੱਗੇ ਉਸਨੂੰ। ਕੰਬ ਗਿਆ ਉਹਦੇ ਤੇਜ ਤੋਂ ਤੇ ਵਿਸ਼ਨੂੰ ਭਗਵਾਨ ਜੀ ਦੇ ਕੋਲ ਗਿਆ, ਜਾ ਕੇ ਕਹਿਣ ਲੱਗਿਆ ਮਹਾਰਾਜ! ਮੇਰੀ ਉਮਰ ਜਿਹੜੀ ਹੈ ਉਹ ਤਿੰਨ ਕਰੋੜ 56 ਲੱਖ ਸਾਲ ਦੀ ਹੈ, ਮੈਨੂੰ ਤਖਤ ਤਿੰਨ ਕਰੋੜ 56 ਲੱਖ ਸਾਲ ਭੋਗਣਾ ਪੈਂਦਾ ਹੈ। ਪਰ ਮਾਤ ਲੋਕ ਵਿੱਚ ਮੇਰਾ ਇੱਕ ਸ਼ਰੀਕ ਪੈਦਾ ਹੋ ਗਿਆ, ਉਹਨੇ ਸੈਂਕੜੇ ਯੱਗ ਨਿਰਵਿਘਨ ਸਮਾਪਤ ਕਰ ਦਿੱਤੇ

ਉਹਦਾ ਤੇਜ ਪ੍ਰਤਾਪ ਐਨਾ ਸਵਰਗ ਲੋਕਾਂ 'ਚ ਵਧ ਗਿਆ ਕਿ ਮੇਰੇ ਤੋਂ ਤਖਤ 'ਤੇ ਨਹੀਂ ਹੁਣ ਬੈਠ ਹੁੰਦਾ। ਮੈਂ ਬੈਠ ਨਹੀਂ ਸਕਦਾ। ਕ੍ਰਿਪਾ ਕਰੋ, ਕੋਈ ਸਾਧਨ ਦੱਸੋ ਮੈਨੂੰ। ਭਗਵਾਨ ਕਹਿਣ ਲੱਗੇ, ਸਾਧਨ ਕੀ ਆਦਮੀ ਦੇ ਅੰਦਰ ਇੱਕ ਬੜੀ ਭਾਰੀ ਕਮਜ਼ੋਰੀ ਹੈ ਉਹਦੀ ਵਡਿਆਈ ਕਰ ਦਿਓ, ਵਡਿਆਈ 'ਚ ਫੁੱਲ ਜਾਂਦਾ ਹੈ ਉਹ, ਬਸ ਜਿਸ ਵਕਤ ਉਹਨੇ ਮੰਨ ਲਿਆ ਅੰਦਰੋਂ ਕਿ ਮੈਂ ਕਰਦਾ ਹਾਂ, ਮੇਰੇ ਵਰਗਾ ਕੋਈ ਨਹੀਂ ਉਹਦੇ ਸਾਰੇ ਯੱਗਾਂ ਦਾ ਫਲ ਜ਼ੀਰੋ ਬਣ ਜਾਏਗਾ। ਫੇਰ ਤੂੰ ਆਰਾਮ ਕਰੀਂ। ਇਹ ਤਾਂ ਸਾਵਧਾਨ ਹੋਣਾ ਚਾਹੀਦਾ ਹੈ ਜਿਹੜਾ ਯੱਗ ਕਰਦਾ ਹੈ ਕਿ ਮੇਰੇ ਅੰਦਰ ਕੋਈ ਮਾਣ ਨਾ ਆ ਜਾਏ, ਇੰਦਰ ਆ ਗਿਆ। ਨਾਲ ਪ੍ਰਸੰਸਾ ਕਰਨ ਲੱਗਿਆ ਕਿ ਰਾਜਨ! ਮੇਰੇ ਰਾਜ ਦੇ ਅੰਦਰ ਤੇਰੇ ਵਰਗਾ ਕੋਈ ਨਹੀਂ ਦੁਨੀਆਂ 'ਤੇ ਆਇਆ ਅੱਜ ਤੱਕ ਜਿਹਨੇ ਐਨਾ ਪੁੰਨ ਕਰ ਦਿੱਤਾ ਹੋਵੇ, ਉਹ ਬਾਰ-ਬਾਰ ਜਦੋਂ ਕਿਹਾ ਉਹਦੇ ਮਨ ਨੇ ਮੰਨ ਲਿਆ ਕਿ ਮੇਰੇ ਵਰਗਾ ਤਾਂ ਦਾਨੀ ਹੋਰ ਕੋਈ ਨਹੀਂ, ਮੇਰੇ ਵਰਗਾ ਤਾਂ ਪੁੰਨੀ ਕੋਈ ਨਹੀਂ ਹੈ। ਜਿਸ ਵਕਤ ਉਹਦੇ ਅੰਦਰ ਇਹ ਭਾਵਨਾ ਘਰ ਕਰ ਗਈ ਕਿ ਮੇਰੇ ਵਰਗਾ ਕੋਈ ਨਹੀਂ ਹੈ। ਉਸੇ ਵੇਲੇ ਉਹਦਾ ਜਿਹੜਾ ਤਪ ਸੀ ਉਹ ਨਸ਼ਟ ਹੋ ਗਿਆ ਕਹਿੰਦੇ। ਮਹਾਰਾਜ ਕਹਿੰਦੇ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਅੰਗ - 1428***

ਮਾਣ ਦੇ ਵਿੱਚ ਕਹਿੰਦੇ ਵੱਡੇ-ਵੱਡੇ ਮੁਨੀ ਗਲ ਗਏ, ਮਾਣ ਸਭ ਨੂੰ ਖਾ ਲੈਂਦਾ ਹੈ, ਮਾਣ ਹੀ base ਹੈ ਰੱਬ ਤੋਂ ਤੋੜਨ ਦਾ, ਜਿਹਨੂੰ ਅਭਿਮਾਨ ਕਹਿੰਦੇ ਨੇ। ਇਹਦਾ ਇਲਾਜ ਹੈ ਕਿ ਜਿਸ ਹਿਰਦੇ 'ਚ ਨਾਮ ਪ੍ਰਗਟ ਹੋ ਜਾਵੇ। ਇਹ ਸਹੀ ਮਾਇਨਿਆਂ ਦੇ ਅੰਦਰ, ਇਹ ਚੀਜ਼ਾਂ ਸਾਰੀਆਂ ਨੱਠ ਜਾਂਦੀਆਂ ਨੇ ਰਿਹਾ ਨਹੀਂ ਕਰਦੀਆਂ। ਪੰਜੇ ਚੋਰ ਨੱਠਦੇ ਨੇ ਪਹਿਲਾਂ ਉਸ ਤੋਂ ਬਾਅਦ ਜਿਹੜੀ ਭੈੜੀਆਂ ਆਬਾਦੀਆਂ ਨੇ ਉਹ ਨੱਠਣੀਆਂ ਸ਼ੁਰੀ ਹੋ ਜਾਂਦੀਆਂ ਨੇ ਸੋ ਮਹਾਰਾਜ ਕਹਿੰਦੇ ਪਿਆਰਿਓ! ਜੇ ਤੁਸੀਂ ਲੰਘਣਾ ਹੈ ਤਾਂ ਛੋਟੇ ਤੋਂ ਛੋਟਾ ਰਸਤਾ ਅਸੀਂ ਤੁਹਾਨੂੰ ਦਸ ਦਿੰਦੇ ਹਾਂ, ਬਹੁਤਾ ਲੰਮਾ ਨਹੀਂ ਅਸੀਂ ਤੁਹਾਨੂੰ ਚੱਕਰ 'ਚ ਪਾਉਂਦੇ ਕਿ 68 ਤੀਰਥਾਂ 'ਤੇ ਜਾ ਕੇ ਤੁਸੀਂ ਇਸ਼ਨਾਨ ਕਰੋ, ਫੇਰ ਉਥੇ ਬੈਠੋ, ਉਹ ਇੱਕ ਹੈ ਕਿ ਮਨ ਤੇ ਚਿੱਤ ਤੋਂ ਤੁਸੀਂ ਨਾਮ ਦੀ ਸ਼ਰਨ ਵਿੱਚ ਆ ਜਾਓ। ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸ਼ਰਨ ਵਿਚਾਰੋ ਮਨ ਰੇ ਪ੍ਰਭ ਕੀ।***

***ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥*** ***ਅੰਗ - 632***

ਜੇ ਤੂੰ ਇਹ ਚਾਹੁੰਦਾ ਹੈਂ ਕਿ ਮੈਂ ਸੰਸਾਰ ਤੋਂ ਐਸੇ ਜਨਮ ਦੇ ਅੰਦਰ ਖਲਾਸੀ ਕਰਾ ਕੇ ਉਸ ਮੰਡਲ ਦੇ ਵਿੱਚ ਪਹੁੰਚ ਜਾਵਾਂ ਜਿਥੋਂ ਫੇਰ ਜੰਮਣ ਮਰਨ ਦਾ ਚੱਕਰ ਫੇਰ ਗਲ ਵਿੱਚ ਨਹੀਂ ਪੈਂਦਾ। ਤਾਂ ਕਹਿੰਦੇ ਤੂੰ ਪ੍ਰਭੂ ਦੀ ਸ਼ਰਨ ਵਿੱਚ ਆ ਜਾ, ਨਾਮ ਦੀ ਸ਼ਰਨ ਲੈ ਲੈ। ਜਿਹਨੇ ਵੀ ਲਈ ਹੈ ਉਹ

ਪਾਰ ਗਿਆ। ਮਿਸਾਲਾਂ ਦਿੰਦੇ ਨੇ –

***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥***
***ਅੰਗ – 632***

ਇੱਕ ਮਹਾਂ ਪਾਪਣ ਜਿਸਨੇ ਆਪਣੇ ਸਰੀਰ ਨੂੰ ਵੇਚਣ ਦੀ ਬਿਜ਼ਨਸ ਕਰੀ ਹੋਈ ਸੀ। ਕਹਿੰਦੇ ਉਹਨੇ ਜਦੋਂ ਨਾਮ ਦੀ ਸ਼ਰਨ ਲਈ ਤਾਂ ਨਾਮ ਨੇ ਉਹਦਾ ਐਨਾ ਉਧਾਰ ਕਰ ਦਿੱਤਾ ਕਿ –

***ਅੰਤਕਾਲੁ ਜਮ ਜਾਲੁ ਤੋੜ ਨਰਕੈ ਵਿਚਿ ਨ ਖਾਧੁਸੁ ਗੋਤਾ।***
***ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।***
***ਭਾਈ ਗੁਰਦਾਸ ਜੀ, ਵਾਰ 11/21***

ਕਹਿੰਦੇ ਬਬਾਣ ਚੜ੍ਹ ਕੇ ਗਈ, ਕਿੱਥੇ ਪਾਪਾਂ ਨਾਲ ਭਰਿਆ ਹੋਇਆ ਸੀ –

***ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***
***ਭਾਈ ਗੁਰਦਾਸ ਜੀ, ਵਾਰ 11/21ਗ***

ਐਨੇ ਪਾਪ ਕਰੇ ਹੋਏ ਸੀ ਕਿ ਗਲ ਵਿੱਚ ਪਾਪਾਂ ਦਾ ਹੀ ਹਾਰ ਹੋ ਗਿਆ। ਲੇਕਿਨ ਜਦੋਂ ਉਸਨੇ ਨਾਮ ਦੀ ਸ਼ਰਨ ਲਈ ਉਸ ਵੇਲੇ ਉਹ ਪਰਮ ਉੱਤਮ ਪਦਵੀ ਨੂੰ ਚਲੀ ਗਈ। ਇਸੇ ਜਨਮ ਦੇ ਅੰਦਰ। ਦੂਸਰੀ ਮਿਸਾਲ ਦਿੰਦੇ ਨੇ ਇੱਕ ਬੱਚੇ ਦੀ, ਚਾਰ ਮਿਸਾਲਾਂ ਇਹੋ ਜਿਹੀਆਂ ਕਿਉਂ ਦਿੱਤੀਆਂ ਨੇ ਮਹਾਰਾਜ ਨੇ। ਇਸ ਕਰਕੇ ਕਿ ਤੁਸੀਂ ਤਾਂ ਪਿਆਰਿਓ ਸਿਆਣੇ ਬੰਦੇ ਓਂ, ਆਪਣਾ ਮੁਕਾਬਲਾ ਕਰ ਲਓ, ਗਨਕਾ ਤਾਂ ਨਹੀਂ ਨਾ ਹੈ। ਕਿੰਨਾ ਗਿਰਿਆ ਹੋਇਆ ਚਰਿੱਤਰ ਸੀ ਉਹਦਾ। ਫੇਰ ਤਾਂ ਕਿੰਨੀਆਂ ਸੁੱਚ ਸੰਜਮ ਵਾਲੀਆਂ ਬੀਬੀਆਂ ਨੇ, ਕਿੰਨੇ ਸੁੱਚੇ ਭਾਈ ਨੇ ਕੋਈ ਮਾੜਾ ਕੰਮ ਨਹੀਂ ਕਰਦਾ। ਕਹਿੰਦੇ, ਤੁਹਾਡੇ ਤਰਨ ਦੇ ਵਿੱਚ ਤਾਂ ਕੋਈ ਸ਼ੱਕ ਹੀ ਨਹੀਂ ਹੈ। ਜਦ ਉਹ ਤਰ ਸਕਦੇ ਨੇ। ਉਨ੍ਹਾਂ ਦਾ ਵੀ ਤਾਂ ਇਲਾਜ ਹੋ ਗਿਆ ਐਨੀ ਭਿਆਨਕ ਬੀਮਾਰੀ, ਅਸਾਧ ਰੋਗ ਦਾ ਇਲਾਜ ਹੋ ਗਿਆ, ਤੁਹਾਡਾ ਤਾਂ ਸੁਖਾਲਾ ਹੀ ਹੈ, ਤੁਹਾਡੇ ਮਨ ਨੂੰ ਫੇਰਨ ਦੀ ਲੋੜ ਹੈ। ਮਨ ਏਧਰ ਲੱਗ ਜਾਵੇ ਉਸੇ ਵੇਲੇ ਤੋਂ ਹਾਜ਼ਰੀ ਪੈਣੀ ਸ਼ੁਰੂ ਹੋ ਜਾਏਗੀ। ਕਹਿੰਦੇ –

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥*** ***ਅੰਗ – 632***

ਇੱਕ ਪੰਜ ਸਾਲ ਦਾ ਬੱਚਾ ਜਦੋਂ ਉਹਨੇ ਨਾਮ ਦੀ ਸ਼ਰਨ ਲਈ ਕਹਿੰਦੇ ਐਡੀ ਪਦਵੀ ਹੋਈ ਉਹਦੀ ਕਿ ਵਾਹਿਗੁਰੂ ਜੀ ਆਪ ਆ ਕੇ ਨਿਸੰਗ ਹੋ ਕੇ ਸਾਮ੍ਹਣੇ ਖੜ੍ਹ ਕੇ ਮਿਲੇ ਉਹਨੂੰ –

***ਸੁਣਿ ਸਾਖੀ ਮਨ ਜਪਿ ਪਿਆਰ ॥***
***ਅਜਾਮਲੁ ਉਧਰਿਆ ਕਹਿ ਏਕ ਬਾਰ ॥***
***ਬਾਲਮੀਕੈ ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥***
***ਅੰਗ – 1191***

ਜਦੋਂ ਗੁਰੂ ਨਾਨਕ ਪਾਤਸ਼ਾਹ ਇਸ ਮੰਡਲ ਵਿੱਚ ਜਾਂਦੇ ਨੇ, ਆਤਮਕ

ਮੰਡਲ ਵਿੱਚ ਪ੍ਰਵੇਸ਼ ਕੀਤਾ, ਉਥੇ ਮਰਦਾਨੇ ਨੇ ਪੁੱਛਿਆ ਕਿ ਪਾਤਸ਼ਾਹ! ਇਹ ਤਾਂ ਪੰਜ ਸਾਲ ਦਾ ਬੱਚਾ ਸੁਣੀਦਾ ਸੀ ਤੇ ਇਹਨੇ ਕਿਹੜਾ ਕਰਮ ਕਰਿਆ ਕਿ ਜਿਹਦੇ ਕਰਕੇ ਇਹਨੇ ਐਡੀ ਵੱਡੀ ਉੱਚੀ ਪਦਵੀ ਪ੍ਰਾਪਤ ਕਰ ਲਈ ਤੇ ਇਸ ਤੋਂ ਆਗਾਹਾਂ ਪਦਵੀ ਹੋਰ ਕਿਸੇ ਮਨੁੱਖ ਨੂੰ ਮਿਲੀ ਨਹੀਂ, ਸਵੈ ਬ੍ਰਹਮਗਿਆਨੀਆਂ ਤੋਂ। ਉਸ ਵੇਲੇ ਧਰੂ ਨੇ ਦੱਸਿਆ ਕਿ ਮੈਂ ਮਨੋ-ਚਿਤੋਂ ਪ੍ਰਮੇਸ਼ਰ ਦੀ ਆਰਾਧਨਾ ਕਰੀ, ਬਗੈਰ ਕਿਸੇ ਸ਼ੱਕ ਦੀ ਗੁੰਜਾਇਸ਼ ਤੋਂ, ਪਿਆਰ ਨਾਲ ਛੇ ਮਹੀਨੇ ਮੈਨੂੰ ਲੱਗੇ, ਛੇਆਂ 'ਚ ਆ ਕੇ ਮੈਨੂੰ ਦਰਸ਼ਨ ਦੇ ਦਿੱਤੇ ਉਨ੍ਹਾ ਨੇ।-

***ਦੂਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***

***ਅੰਗ - 632***

ਮਹਾਰਾਜ ਕਹਿੰਦੇ, ਫੇਰ ਤੂੰ ਦੱਸ ਤੂੰ ਸਿਆਣਿਆਂ 'ਚੋਂ ਬਣਿਆ ਫਿਰਦਾ ਹੈਂ, ਬੱਚਾ ਤਾਂ ਨਹੀਂ ਨਾ ਹੈਂ ਤੂੰ, ਬਈ ਤੂੰ ਕਿਉਂ ਪ੍ਰਮੇਸ਼ਰ ਨੂੰ ਭੁਲਾਇਆ ਹੈ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥***
***ਮਹਮਾ ਨਾਮ ਕਹਾ ਲਉ ਬਰਨਉ***
***ਰਾਮ ਕਹਤ ਬੰਧਨ ਤਿਹ ਤੂਟਾ ॥*** ***ਅੰਗ - 632***

ਫੇਰ ਇੱਕ ਮਿਸਾਲ ਹੋਰ ਦਿੰਦੇ ਨੇ ਕਿ ਇਹ ਤਾਂ ਆਦਮੀਆਂ ਦੀਆਂ ਗੱਲਾਂ ਕਰੀਆਂ ਨੇ ਅਸੀਂ, ਹੁਣ ਅਸੀਂ ਤੁਹਾਨੂੰ ਪਸ਼ੂਆ ਦੀ ਬਾਤ ਦਸਦੇ ਹਾਂ, ਹਾਥੀ ਨੂੰ ਤੰਦੂਏ ਨੇ ਫੜ ਲਿਆ, ਜਦੋਂ ਡੁੱਬਣ ਲੱਗਿਆ, ਉਹਦਾ ਧਿਆਨ ਪ੍ਰਮੇਸ਼ਰ ਵਲ ਚਲਿਆ ਗਿਆ। ਇੱਥੇ ਕਈ ਬੰਦਿਆਂ ਦੇ ਮਨਾਂ 'ਚ ਸ਼ੱਕ ਆ ਜਾਂਦਾ ਹੈ ਕਿ ਜਾਨਵਰ ਵੀ ਰੱਬ ਨੂੰ ਜਾਣਦੇ ਨੇ? ਰੱਬ ਨੂੰ ਕਿਹੜਾ ਨਹੀਂ ਜਾਣਦਾ ਸਾਰੇ ਹੀ ਜਾਣਦੇ ਨੇ। ਅਸੀਂ ਉਨ੍ਹਾਂ ਦੇ ਦਿਮਾਗ ਵਿੱਚ ਬੈਠ ਕੇ ਨਹੀਂ ਦੇਖਿਆ ਲੇਕਿਨ ਉਨ੍ਹਾਂ ਨੂੰ ਪਤਾ ਹੈ ਉਹ ਸ਼ੰਕਾ ਨਹੀਂ ਕਰਦੇ ਕਿ ਅੱਜ ਖਾ ਕੇ, ਕੱਲ੍ਹ ਨੂੰ ਨਹੀਂ ਸਾਨੂੰ ਮਿਲਣਾ, ਸਾਡੇ ਨਾਲੋਂ ਚੰਗੇ ਨੇ ਉਹ ਫਿਕਰ ਨਹੀਂ ਕਰਦੇ, ਕੋਈ ਸਟੋਰ ਨਹੀਂ ਬਣਾਉਂਦੇ, ਅੱਜ ਛਕ ਕੇ ਚਲੇ ਗਏ, ਕੱਲ੍ਹ ਨੂੰ ਫੰਘ ਮਾਰਦੇ-ਮਾਰਦੇ ਫੇਰ ਆ ਕੇ ਬਹਿ ਜਾਣਗੇ। ਖਬਰੇ ਕੌਣ ਪਾਉਂਦਾ ਹੈ ਉਨ੍ਹਾਂ ਨੂੰ ਚੋਗੇ ਐਨੇ। ਕਿੱਥੋਂ ਮਿਲ ਜਾਂਦਾ ਹੈ ਉਨ੍ਹਾਂ ਨੂੰ ਖਾਣ ਨੂੰ। ਫਰੀਦ ਜੀ ਤਾਂ ਬਲਿਹਾਰ ਜਾਂਦੇ ਨੇ -

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥***

***ਅੰਗ - 1383***

ਰੱਬ ਦਾ ਜਿਹੜਾ ਭਰੋਸਾ ਹੈ ਕਹਿੰਦੇ ਛੱਡੇ ਨਹੀਂ ਹੈਗੇ, ਮਨੁੱਖਾਂ ਨਾਲੋਂ ਕਿਤੇ ਚੰਗੇ ਨੇ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੰਕਰ ਚੁਗਦੇ ਥਲਾਂ ਦੇ ਵਿੱਚ ਵਸਦੇ,***
***ਰੱਬ ਦੀ ਨਾ ਆਸ ਛੱਡਦੇ ਪੰਛੀ।***

ਮਹਾਰਾਜ ਕਹਿੰਦੇ, ਜਿਸ ਵਕਤ ਹਾਥੀ ਫਸ ਗਿਆ, ਡੁੱਬਣ ਲੱਗਿਆ,

ਉਹਦਾ ਧਿਆਨ ਪ੍ਰਮੇਸ਼ਰ ਵਲ ਚਲਿਆ ਗਿਆ, ਇੱਕੋ ਵਾਰੀ ਧਿਆਨ ਗਿਆ ਕਹਿੰਦੇ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ***
***ਗਜ ਗਰਾਹ ਤੇ ਛੂਟਾ ॥***
***ਮਹਮਾ ਨਾਮ ਕਹਾ ਲਉ ਬਰਨਉ***
***ਰਾਮ ਕਹਤ ਬੰਧਨ ਤਿਹ ਤੂਟਾ ॥*** ***ਅੰਗ - 632***

ਫੇਰ ਇੱਕ ਮਹਾਂਪਾਪੀ ਗੁਰੂ ਤੋਂ ਬੇਮੁਖ ਹੋਏ ਦੀ ਮਿਸਾਲ ਦਿੰਦੇ ਨੇ ਕਿਉਂਕਿ ਜਿਹੜਾ ਬੇਮੁਖ ਹੋ ਜਾਂਦਾ ਹੈ, ਉਹ ਬੰਦਾ ਜਿਹੜਾ ਹੈ ਉਹਦੇ ਪਾਪ ਦਾ ਕੋਈ ਅੰਦਾਜ਼ਾ ਨਹੀਂ ਹੋਇਆ ਕਰਦਾ, ਕਿੰਨਾ ਪਾਪ ਹੋਇਆ ਕਰਦਾ ਹੈ। ਸਭ ਤੋਂ ਵੱਡਾ ਪਾਪੀ ਗਿਣਿਆ ਗਿਆ ਹੈ ਬੇਮੁਖ ਤੇ ਨਾਲ ਇਹ ਕਿਹਾ ਗਿਆ ਹੈ ਕਿ ਜਿੰਨੀ ਦੇਰ ਤੱਕ ਸਤਿਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦਾ, ਮੁਕਤੀ ਨਹੀਂ ਹੋਇਆ ਕਰਦੀ।

ਐਸਾ ਇੱਕ ਚਰਿੱਤਰ ਮਹਾਰਾਜ ਨੇ ਲਿਆ ਕਿ ਇੱਕ ਰਾਜੇ ਦਾ ਰਾਜ ਪੰਡਤ ਸੀ, ਉਹਦੇ ਰਾਜ ਦਰਬਾਰ ਦੇ ਅੰਦਰ, ਉਸ ਰਾਜੇ ਦੇ ਪੰਡਤ ਦੇ ਇੱਕ ਲੜਕਾ ਸੀ। ਜਿਸਨੂੰ ਕੁਦਰਤ ਨੇ ਬਹੁਤ ਵੱਡਾ ਜ਼ਹੀਨ ਦਿੱਤਾ ਸੀ, ਇੱਕ ਵਾਰੀ ਜਿਹੜੀ ਚੀਜ਼ ਪੜ੍ਹ ਲੈਂਦਾ ਸੀ ਮੁੜ ਕੇ ਨਹੀਂ ਸੀ ਭੁੱਲਦਾ। ਐਸੇ ਵੀ ਦਿਮਾਗ ਹੁੰਦੇ ਨੇ ਇੱਕੋ ਵਾਰੀ ਪੜ੍ਹ ਲਏ ਮੁੜ ਕੇ ਨਹੀਂ ਸੀ ਭੁੱਲਦੇ। ਜਦੋਂ ਮੈਂ ਅਮਰੀਕਾ ਵਿੱਚ ਸੀ ਉਥੇ ਇੱਕ ਲੜਕਾ ਸੀ ਖੰਨਾ ਪਰਿਵਾਰ ਨਾਲ ਸਬੰਧ ਰੱਖਣ ਵਾਲਾ। ਅਮਰੀਕਾ ਦੇ ਵਿੱਚ spelling ਦਾ contest ਹੋਇਆ ਕਰਦਾ ਹੈ। ਉਹ ਸਾਰੀ ਅਮਰੀਕਾ ਸਟੇਟ ਦੇ ਵਿੱਚੋਂ ਫਸਟ ਆਇਆ, ਬੱਚਾ ਅੱਠਵੀਂ ਜਮਾਤ ਦਾ ਸੀ। ਉਸ ਵੇਲੇ ਟੈਲੀਵੀਜ਼ਨਾਂ ਦੇ ਵਿੱਚ ਉਹਦੀਆਂ ਮੁਲਾਕਾਤਾਂ ਸ਼ੁਰੂ ਹੋ ਗਈਆਂ, ਡਿਕਸ਼ਨੇਰੀ ਵਿੱਚ ਜਿਹੜਾ ਕੱਲ੍ਹ ਅੱਖਰ ਬਣਿਆ ਸੀ ਉਹਦੇ ਸਹੀ ਲਿਖ ਦਿਤੀ। ਉਸ ਬੱਚੇ ਨੂੰ ਪੁੱਛਿਆ ਕਿ ਤੇਰੀ ਕਾਮਯਾਬੀ ਦਾ ਕੀ ਰਾਜ ਹੈ। ਅਮਰੀਕਨ ਨੇ ਇਨ੍ਹਾਂ ਦੀ ਜ਼ੁਬਾਨ ਇੰਗਲਿਸ਼ ਹੈ, ਅੰਗਰੇਜ਼ ਇੱਥੇ ਵਸਦੇ ਨੇ ਉਨ੍ਹਾਂ ਦੀ ਜ਼ੁਬਾਨ ਇੰਗਲਿਸ਼ ਹੈ, ਸਪੈਲਿੰਗ ਗਲਤ ਨੇ, ਤੇਰੇ ਕਿਵੇਂ ਠੀਕ ਹੋਏ? ਉਹ ਕਹਿਣ ਲੱਗਿਆ ਕਿ ਮੈਂ ਧਿਆਨ ਨਾਲ ਦੇਖਦਾ ਹਾਂ, ਜਿਹੜੀ ਚੀਜ਼ ਮੇਰੀਆਂ ਅੱਖਾਂ ਤੋਂ ਸਾਮ੍ਹਣੇ ਤੋਂ ਇੱਕ ਵਾਰੀ ਲੰਘ ਜਾਏ, ਮੁੜ ਕੇ ਨਹੀਂ ਭੁੱਲਦਾ ਕਦੇ ਵੀ, ਯਾਦ ਰਹਿੰਦਾ ਹੈ। ਸਾਰੀਆ ਯੂਨੀਵਰਸਿਟੀਆਂ ਤੋਂ ਉਹਨੂੰ offers ਆਈਆਂ ਬਈ ਅਸੀਂ ਤੈਨੂੰ ਮੁਫਤ ਪੜ੍ਹਾਵਾਂਗੇ। ਉਹ ਸਾਡੇ ਵਰਗੇ ਨਹੀਂ ਹੈਗੇ, ਕਾਬਲ ਬੰਦਾ ਹੈਗਾ ਉਹਦੀ ਕਦਰ ਕੀਤੀ ਜਾਂਦੀ ਹੈ। ਸੋ ਉਸ ਵੇਲੇ ਯਾਨਿ ਐਨਾ ਦਿਮਾਗ ਸੀ।

ਇਸੇ ਤਰ੍ਹਾਂ ਦਾ ਦਿਮਾਗ ਵਾਹਿਗੁਰੂ ਨੇ ਅਜਾਮਲ ਨੂੰ ਦਿੱਤਾ ਸੀ ਤੇ ਉਹ ਚਾਰੋਂ ਵੇਦ ਸਤਾਈ ਸਿਮ੍ਰਤੀਆਂ, ਜਿੰਨੇ ਧਰਮ ਗ੍ਰੰਥ ਸੀ ਉਹਦੇ ਜ਼ੁਬਾਨੀ ਯਾਦ ਹੋ ਗਏ। ਵੱਡੇ-ਵੱਡੇ ਪੰਡਤ ਵਿਦਵਾਨ ਆ ਕੇ ਜਦੋਂ ਉਹਦੇ ਨਾਲ ਗੱਲ ਕਰਦੇ ਤਾਂ ਉਹਦੀ ਜਿਹੜੀ ਯਾਦਦਾਸ਼ਤ ਤੇ ਉਹਦੀ ਵਾਕ ਸ਼ਕਤੀ ਸੀ ਉਹਨੂੰ ਦੇਖ ਕੇ ਅਸ਼-ਅਸ਼ ਕਰ ਉੱਠਦੇ ਕਿ ਐਸਾ ਵਿਦਵਾਨ ਅਸੀਂ

ਤਾਂ ਦੇਖਿਆ ਨਹੀਂ। ਉਹ ਸਾਰੇ ਭਾਰਤ ਵਰਸ਼ ਵਿੱਚ ਮਸ਼ਹੂਰ ਹੋ ਗਿਆ। ਮਹਾਰਾਜ ਨੇ ਇਸੇ ਕਰਕੇ ਇਹ ਅੱਖਰ ਵਰਤਿਆ -

***ਅਜਾਮਲੁ ਪਾਪੀ ਜਗੁ ਜਾਨੇ .............॥ ਅੰਗ - 632***

ਇਹ ਨਹੀਂ ਕਿ ਗੁਪਤ ਸੀਗਾ। ਸਾਰਾ ਸੰਸਾਰ ਉਹਨੂੰ ਜਾਣਦਾ ਸੀ, ਲੇਕਿਨ ਐਨਾ ਪੜ੍ਹਦਾ ਲਿਖਦਾ ਜਿਸ ਵਕਤ ਅਠਾਰ੍ਹਾਂ ਸਾਲ ਦਾ ਹੋਇਆ ਤਾਂ ਇੱਕ ਸਬੰਧ ਹੁੰਦਾ ਹੈ ਸੰਸਾਰ ਤੋਂ ਤਰਨ ਵਾਸਤੇ, ਉਹ ਹੁੰਦਾ ਹੈ ਗੁਰੂ ਦਾ, ਸੇਵਕ ਚਾਹੇ ਕਿੱਡਾ ਹੀ ਵੱਡਾ ਹੋ ਜਾਵੇ, ਗੁਰੂ ਨੂੰ ਜਿੰਨਾਂ ਚਿਰ ਗੁਰੂ ਨਹੀਂ ਸਮਝਦਾ, ਰਸਤੇ 'ਚੋਂ ਗਿਰ ਜਾਇਆ ਕਰਦਾ ਹੈ। ਇਹ ਨਹੀਂ ਕਿ ਜੇ ਗੁਰੂ ਤੋਂ ਜ਼ਿਆਦਾ ਵਿਦਿਆ ਹਾਸਲ ਕਰ ਲਈ ਤਾਂ ਗੁਰੂ ਨੂੰ ਛੱਡ ਦਿਓ। ਅਖੀਰੀ ਦਮ ਤੱਕ ਗੁਰੂ ਦਾ ਸਤਿਕਾਰ ਕਰਨਾ ਪੈਂਦਾ ਹੈ। ਸੋਲ੍ਹਾਂ ਕਲਾ ਸੰਪੂਰਨ ਅਵਤਾਰ ਸੀ ਕ੍ਰਿਸ਼ਨ ਮਹਾਰਾਜ। ਸੰਦੀਪਨ ਦਾ ਕਿੰਨਾ ਸਤਿਕਾਰ ਕਰਦੇ ਸੀ। ਸ੍ਰੀ ਰਾਮ ਚੰਦਰ ਜੀ ਮਹਾਰਾਜ ਆਪਣੇ ਅਧਿਆਤਮਕ ਗੁਰੂ ਵਿਸ਼ਿਸ਼ਟ ਜੀ ਦਾ ਪੂਰਨ ਪੁਰਖ ਹੁੰਦੇ ਹੋਏ ਫੇਰ ਵੀ ਸਤਿਕਾਰ ਕਰਦੇ ਸੀ। ਕਿਉਂਕਿ ਗੁਰੂ ਦੇ ਜ਼ਰੀਏ ਹੀ ਇਹ ਚੀਜ਼ ਪ੍ਰਾਪਤ ਹੋਈ ਹੈ। ਜਿਹੜਾ ਪ੍ਰਮੇਸ਼ਰ ਨਾਲ ਮਿਲਾਪ ਹੈ ਉਹ ਗੁਰੂ ਤੋਂ ਬਗੈਰ ਹੁੰਦਾ ਨਹੀਂ ਤੇ ਗੁਰੂ ਦੇ ਕਾਰਨ ਕਰਕੇ ਹੀ ਪ੍ਰਮੇਸ਼ਰ ਮਿਲਦਾ ਹੈ ਤੇ ਗੁਰੂ ਜਿਹੜਾ ਹੈ ਉਹ ਪ੍ਰਮੇਸ਼ਰ ਨਾਲੋਂ ਜ਼ਿਆਦਾ ਮਹੱਤਤਾ ਰੱਖਦਾ ਹੈ - ਦੋਹਾਂ ਦੇ ਸਾਮ੍ਹਣੇ; ਜੇ ਰੱਬ ਵੀ ਆ ਜਾਏ ਤੇ ਗੁਰੂ ਵੀ ਆ ਜਾਏ। ਤਾਂ ਜਿਹੜਾ ਸੇਵਕ ਹੈ ਉਹਨੇ ਰੱਬ ਦੇ ਚਰਨਾਂ 'ਤੇ ਨਹੀਂ ਨਮਸ਼ਕਾਰ ਕਰਨੀ ਗੁਰੂ ਦੇ ਪਹਿਲਾਂ ਕਰਨੀ ਹੈ -

***ਗੁਰੂ ਗੋਬਿੰਦ ਦੋਵੇ ਖੜ੍ਹੇ ਕਿਸ ਕੇ ਲਾਗਹੁੰ ਪਾਇੰ।***
***ਬਲਿਹਾਰੀ ਗੁਰ ਆਪਣੇ ਜਿਨ ਗੋਬਿੰਦ ਦੀਆ ਮਿਲਾਇ।***

ਜੇ ਗੁਰੂ ਨਾ ਹੁੰਦਾ ਤਾਂ ਗੋਬਿੰਦ ਕਿੱਥੋਂ ਮਿਲਦਾ। ਜੇ ਪੌੜੀ ਨਾ ਹੁੰਦੀ ਤਾਂ ਕੋਠੇ 'ਤੇ ਕਿਵੇਂ ਚੜ੍ਹਦਾ। ਸੋ ਪੌੜੀ ਪੂਜਣਯੋਗ ਹੈ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਸਾਰਿਆਂ ਨੂੰ ਪਤਾ ਹੈ ਕਿ ਜਦੋਂ ਬਹੁਤ ਸਖਤ ਘਾਲਣਾ ਕਰਦੇ ਸੀ ਕਿੱਲੀ ਨੂੰ ਫੜ ਕੇ ਤਪ ਕਰਿਆ ਕਰਦੇ ਸੀ। ਕਈ ਤਾਂ ਇਹ ਕਹਿੰਦੇ ਨੇ ਕਿ ਕਿੱਲੀ ਨਾਲ ਆਪਣੇ ਕੇਸ ਬੰਨ੍ਹ ਦਿਆ ਕਰਦੇ ਸੀ। ਚਲੋ ਇਹ ਵੀ ਗੱਲ ਉਨ੍ਹਾਂ ਦੀ ਮੰਨ ਲਓ। ਪਰ ਹੱਥ ਨਾਲ ਫੜ ਕੇ ਖੜ੍ਹਦੇ ਸੀ, ਸਹਾਰਾ ਲੈਂਦੇ ਸੀ ਉਹਦਾ ਤਾਂ ਇੱਕ ਵਾਰੀ ਸੰਗਤ ਨੇ ਸਾਰੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਆਦਿ ਜਿੰਨੇ ਗੁਰਮੁਖ ਪਿਆਰੇ ਸੀ ਸਭ ਨੇ ਇਕੱਠੇ ਹੋ ਕੇ ਇੱਕ ਬੇਨਤੀ ਕਰੀ ਕਿ ਮਹਾਰਾਜ! ਤੁਸੀਂ ਤੱਤ ਬੇਤੇ ਮਹਾਂਪੁਰਸ਼ ਆਪ ਅਕਾਲ ਪੁਰਖ ਦਾ ਰੂਪ ਹੋਂ ਤੇ ਤੁਸੀਂ ਐਨੇ ਸਖਤ ਸਾਧਨ ਕਿਉਂ ਕਰਦੇ ਓਂ। ਤੁਸੀਂ ਐਨਾ ਭਜਨ ਬੰਦਗੀ ਕਿਉਂ ਕਰਦੇ ਓਂ। ਮਹਾਰਾਜ ਕਹਿਣ ਲੱਗੇ ਕਿ ਇੱਕ ਸੇਠ ਸੀਗਾ ਨਿਹਾਰੀਆ। ਨਿਹਾਰੀਏ ਉਹ ਹੁੰਦੇ ਨੇ ਜਿਹੜੇ ਦਰਿਆਵਾਂ ਦੇ ਰੇਤੇ 'ਚੋਂ ਰੇਤਾ ਧੋ-ਧੋ ਕੇ ਛਾਲਣੇ ਦੇ ਉਤੋਂ ਸੋਨਾ ਕੱਢ ਲੈਂਦੇ ਨੇ। ਸੋਨਾ ਕੱਢਣ ਦਾ ਤਰੀਕਾ ਆਹੀ ਹੁੰਦਾ ਹੈ, ਜਿੱਥੇ ਨਿਕਲਦਾ ਹੈ ਉਥੇ ਵੀ ਆਹੀ ਹੈ। ਉਹ ਬੇਅੰਤ ਮਿੱਟੀ

ਪੁੱਟ ਲੈਂਦੇ ਨੇ, ਸੋਨੇ ਵਾਲੀ ਵੀ। ਉਹਨੂੰ ਟਿਊਬਵੈਲ ਦੇ ਪਾਣੀ ਨਾਲ ਛਾਲਣੇ ਤੋਂ ਲੰਘਾਉਂਦੇ ਨੇ, ਉਹ ਲੰਘਦੀ ਜਾਂਦੀ ਹੈ, ਫੇਰ ਉਹਨੂੰ ਧੋਂਦੇ ਨੇ, ਫੇਰ ਧੋਂਦੇ ਨੇ, ਅਖੀਰ ਜਿਹੜਾ ਸੋਨਾ ਹੁੰਦਾ ਹੈ ਉਹ ਤਾਂ ਛਾਲਣੇ ਤੋਂ ਉਤੇ ਰਹਿ ਜਾਂਦਾ ਹੈ। ਜਿਹੜੀ ਮਿੱਟੀ ਰਹਿ ਜਾਂਦੀ ਹੈ ਉਹ ਘੁਲ ਕੇ ਥੱਲੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਦਰਿਆਵਾਂ ਦੇ ਵਿੱਚ ਨਿਹਾਰੀਏ ਹੁੰਦੇ ਨੇ, ਰੇਤਾ ਸਮੁੰਦਰ ਦਾ ਛਾਲਣੇ 'ਚੋਂ ਕੱਢੀ ਜਾਂਦੇ ਨੇ ਤੇ ਮਿਲ ਹੀ ਜਾਂਦਾ ਹੈ ਥੋੜ੍ਹਾ ਬਹੁਤਾ ਸੋਨਾ ਉਨ੍ਹਾਂ ਨੂੰ ਰੋਜ਼। ਮਹਾਰਾਜ ਕਹਿੰਦੇ ਇਸ ਤਰ੍ਹਾਂ ਉਹ ਕੱਢਦਾ ਹੁੰਦਾ ਸੀ, ਕੱਢਦੇ-ਕੱਢਦੇ ਇੱਕ ਦਿਨ ਐਸਾ ਹੋਇਆ ਕਿ ਵੱਡਾ ਟੁਕੜਾ ਉਹਨੂੰ ਮਿਲ ਗਿਆ ਕਈ ਸੇਰ ਦਾ। ਉਹ ਖੁਸ਼ ਹੋਇਆ ਤੇ ਅਮੀਰ ਹੋ ਗਿਆ ਉਹ। ਮਹਿਲ ਪਾ ਲਏ ਬਿਜ਼ਨਸਾਂ ਚਲਾ ਲਈਆਂ, ਲੇਕਿਨ ਦਰਿਆ 'ਚ ਛਾਲਣਾ ਲੈ ਕੇ ਜ਼ਰੂਰ ਜਾਇਆ ਕਰੇ। ਲੋਕ ਕਹਿਣ ਲੱਗੇ, ਬੜਾ ਕੰਜੂਸ ਹੈ, ਇਹ ਰੱਜਦਾ ਹੀ ਨਹੀਂ ਅਜੇ ਵੀ ਛਾਲਣਾ ਲੈ ਕੇ ਜਾਂਦਾ ਹੈ।

ਇੱਕ ਦਿਨ ਉਹਦੇ ਸਾਰੇ ਭਾਈਚਾਰੇ ਨੇ ਪੁੱਛਿਆ ਕਿ ਸੇਠ ਜੀ! ਹੁਣ ਤਾਂ ਕੋਈ ਪੈਸੇ ਦੀ ਕਮੀ ਨਹੀਂ ਹੈ ਤੇ ਤੁਸੀਂ ਫੇਰ ਮੁੜ ਕੇ ਓਹੀ ਕੰਮ ਕਰਦੇ ਓਂ। ਕਹਿਣ ਲੱਗੇ, ਪਿਆਰਿਓ! ਉਹ ਕੰਮ ਐਨਾ ਪਵਿੱਤਰ ਹੈ ਕਿ ਉਸੇ ਨੇ ਮੈਨੂੰ ਸੇਠ ਬਣਾਇਆ ਹੈ। ਮੈਂ ਉਹਨੂੰ ਕਿਉਂ ਛੱਡਾਂ, ਚਾਹੇ ਮੈਨੂੰ ਕੁਛ ਮਿਲੇ ਚਾਹੇ ਨਾ ਮਿਲੇ ਮੈਂ ਉਸ ਕੰਮ ਦਾ ਸਤਿਕਾਰ ਕਰਦਾ ਹਾਂ। ਕ੍ਰਿਸ਼ਨ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਤੁਸੀਂ ਤਾਂ ਆਪ ਸੋਲ੍ਹਾਂ ਕਲਾਂ ਸੰਪੂਰਨ ਪਰਮ ਪੁਰਸ਼ ਹੋਂ ਤੇ ਤੁਸੀਂ ਅੰਮ੍ਰਿਤ ਵੇਲੇ ਬੈਠ ਕੇ ਕੀਹਦਾ ਧਿਆਨ ਕਰਦੇ ਓਂ। ਕਿਉਂ ਧਿਆਨ ਵਿੱਚ ਜਾਂਦੇ ਓਂ? ਕਹਿਣ ਲੱਗੇ, ਅਰਜਨ! ਜੇ ਮੈਂ ਧਿਆਨ ਵਿੱਚ ਨਾ ਬੈਠਾਂ ਤਾਂ ਦੁਨੀਆਂ ਸਾਰੀ ਕਰਮ ਧਰਮ ਤੋਂ ਭ੍ਰਿਸ਼ਟ ਹੋ ਜਾਏਗੀ। ਇਸ ਕਰਕੇ ਜਿਸ ਸਾਧਨ ਦੇ ਨਾਲ ਅਸੀਂ ਇੱਥੇ ਪਹੁੰਚਦੇ ਹਾਂ ਉਹ ਸਾਧਨ ਫੇਰ ਵੀ ਛੱਡਣਾ ਨਹੀਂ ਚਾਹੀਦਾ। ਕਰਦੇ ਰਹਿਣਾ ਚਾਹੀਦਾ ਹੈ, ਉਹ ਆਪਣੇ ਵਾਸਤੇ ਤਾਂ ਨਹੀਂ ਹੁੰਦਾ ਸੰਸਾਰ ਵਾਸਤੇ ਹੁੰਦਾ ਹੈ। ਦੂਜੀ ਗੱਲ ਇਹ ਹੈ ਕਿ ਸਾਨੂੰ ਜਿਹੜੇ ਪਿਆਰੇ ਪਿਆਰ ਕਰਦੇ ਨੇ, ਉਨ੍ਹਾਂ ਦੀ ਖਿੱਚ ਪੈਂਦੀ ਹੈ ਅਸੀਂ ਉਨ੍ਹਾਂ ਦਾ ਧਿਆਨ ਧਰਦੇ ਹਾਂ।

ਗੁਰੂ ਤੀਸਰੇ ਪਾਤਸ਼ਾਹ ਕਹਿਣ ਲੱਗੇ ਪਿਆਰਿਓ! ਇੱਕ ਤਾਂ ਇਹ ਹੈ ਕਿ ਜਿਸ ਸੇਵਾ ਤੇ ਸਿਮਰਨ ਨੇ ਮੈਨੂੰ ਇੱਥੇ ਤੱਕ ਪਹੁੰਚਾਇਆ ਹੈ, ਮੈਂ ਉਹਨੂੰ ਕਿਉਂ ਛੱਡਾਂ। ਉਹ ਤਾਂ ਪੌੜੀ ਹੈ, ਬਾਕੀ ਹੈ ਕਿ ਜੇ ਮੈਂ ਛੱਡ ਦਿੱਤੀ, ਤੁਸੀਂ ਤਾਂ ਪਹਿਲਾਂ ਹੀ ਤਿਆਰ ਓਂ, ਜੇ ਮੈਂ ਨਾ ਉੱਠ ਕੇ ਇਸ਼ਨਾਨ ਕਰਿਆ ਤਾਂ ਤੁਸੀਂ ਕਹਿਣਾ ਹੈ ਕਿ ਬਾਬਾ ਜੀ ਤਾਂ ਕਰਦੇ ਨਹੀਂ, ਆਪਾਂ ਨੇ ਕੀ ਨਾਹੁੰਣਾ ਹੈ। ਪਹਿਲਾਂ ਹੀ ਹਟ ਜਾਓਗੇ ਸਾਰੇ। ਉਹ ਕਰਮ ਕਰਨਾ ਹੀ ਪੈਂਦਾ ਹੈ ਆਦਮੀ ਨੂੰ ਬਾਰ-ਬਾਰ ਜਿਹਦੇ ਨਾਲ ਉਹਦੀ ਤਰੱਕੀ ਹੋਈ ਹੋਵੇ। ਉਨ੍ਹਾਂ ਦੇ ਗੁਰੂ ਅਧਿਆਤਮਕ ਗੁਰੂ ਸੀ, ਆਦਰ ਕਰਨਾ ਪੈਂਦਾ ਹੈ ਗੁਰੂ ਦਾ ਤੇ ਉਨ੍ਹਾਂ ਦੇ ਗੁਰੂ ਦੋਵੇਂ ਸੀ ਵਿਦਵਾਨ ਵੀ ਬਹੁਤ ਸੀ ਤੇ ਅਧਿਆਤਮਕ ਗੁਰੂ ਸੀ, ਪਰਾ ਵਿਦਿਆ ਦਾ ਵੀ ਪੂਰਾ ਗਿਆਤਾ ਸੀ, ਅਪਰਾ ਵਿਦਿਆ ਦਾ ਵੀ ਪੂਰਾ ਗਿਆਤਾ ਸੀ, ਦੋ ਵਿਦਿਆ ਹੁੰਦੀਆਂ ਨੇ,

ਇੱਕ ਪਰਾ ਹੁੰਦੀ ਹੈ, ਜਿਹੜੇ ਆਹ ਸਬਜੈਕਟ ਦੁਨੀਆਂ 'ਚ ਚੱਲ ਰਹੇ ਨੇ, ਸਾਰੀ ਨੂੰ ਪਰਾ ਵਿਦਿਆ ਕਹਿੰਦੇ ਨੇ। ਅਪਰਾ ਵਿਦਿਆ ਉਹ ਹੁੰਦੀ ਹੈ ਜਿਹਦਾ ਨਾ ਤਾਂ ਕੋਈ ਸਕੈਚ ਬਣਦਾ ਹੈ ਨਾ ਕੋਈ ਨਕਸ਼ਾ ਹੁੰਦਾ ਹੈ, ਨਾ ਬਿਨਾ ਲਿਖੀ knowledge ਹੈ। ਲਿਖੀ ਹੋਈ ਨਹੀਂ ਹੁੰਦੀ। ਜਿਹੜੀ ਲਿਖੀ ਹੁੰਦੀ ਹੈ ਉਸ ਤੋਂ ਅੱਗੇ ਹੋਰ ਹੁੰਦੀ ਹੈ। ਉਥੇ ਨਹੀਂ ਵਸ ਹੁੰਦੀ, ਲਿਖਿਆ ਤਾਂ ਥੋੜ੍ਹਾ ਜਿਹਾ ਜਾਂਦਾ ਹੈ, ਉਹਦਾ ਰਸ ਤਾਂ ਲਿਖਿਆ ਹੀ ਨਹੀਂ ਜਾਂਦਾ। ਉਹ ਜਿਹੜੀ ਅਪਰਾ ਵਿਦਿਆ ਹੈ ਉਹ ਸਾਧੂ ਮਹਾਤਮਾ ਦੀ ਸੰਗਤ ਤੋਂ ਬਗੈਰ ਨਹੀਂ ਆਇਆ ਕਰਦੀ। ਆਪਣੇ ਆਪ ਬੰਦਾ ਪਹੁੰਚਦਾ ਨਹੀਂ, ਕਿਉਂਕਿ ਹੈ ਹੀ ਨਹੀਂ, ਲਿਖੀ ਹੋਈ ਹੀ ਨਹੀਂ ਕਿਤੇ। ਪਰਾ ਵਿਦਿਆ ਜਿਹੜੀ ਹੈ। ਅਪਰਾ ਵਿਦਿਆ ਜਿਹੜੀ ਹੈ ਇਹ ਕਿਤਾਬਾਂ 'ਚ ਹੁੰਦੀ ਹੈ। ਉਹ ਮਹਾਤਮਾ ਪਰਾ ਵਿਦਿਆ ਦੇ ਵੀ ਪੂਰੇ ਸੀ ਧਨੀ, ਤੇ ਅਪਰਾ ਵਿਦਿਆ ਸੀ ਵੇਦ ਸ਼ਾਸਤਰ ਉਹਦੇ ਵੀ ਧਨੀ ਸੀ। ਇਹ ਆਪਣੇ ਇਸ ਵਿਦਿਆਰਥੀ ਦੇ ਉਤੇ ਬਹੁਤ ਮਾਣ ਕਰਦੇ ਸੀ। ਖਾਸ ਧਿਆਨ ਰੱਖਦੇ ਸੀ ਤੇ ਮਹਾਤਮਾ ਨੂੰ ਇਹ ਪਤਾ ਸੀ ਕਿ ਜਿਸ ਵਕਤ ਜੁਆਨੀ ਆਉਂਦੀ ਹੈ ਉਸ ਵੇਲੇ ਆਦਮੀ ਦੇ ਖ਼ੂਨ ਦੇ ਅੰਦਰ ਐਨੀ ਪ੍ਰਦੂਸ਼ਣ ਆਉਂਦੀ ਹੈ, ਜਿਵੇਂ ਦਰਖਤ ਜਿਸ ਵਕਤ ਬਸੰਤ ਵਿੱਚ ਆਉਂਦਾ ਹੈ, ਉਹਦਾ ਰਸ ਐਨਾ ਵੇਗ ਨਾਲ ਚਲਦਾ ਹੈ, ਪੱਤੇ ਵਗੈਰਾ ਕੱਢ ਕੇ ਦਿਨਾਂ ਦੇ ਵਿੱਚ ਹੀ ਪੱਤਿਆਂ ਵਾਲਾ ਹੋ ਜਾਂਦਾ ਹੈ ਡੁੰਡ ਜਿਹੜਾ ਖੜ੍ਹਾ ਸੀ ਪਹਿਲਾਂ। ਇਸੇ ਤਰ੍ਹਾਂ ਮਨੁੱਖ ਦੇ ਉਤੇ ਜਦੋਂ ਜੁਆਨੀ ਦਾ ਵੇਗ ਆਉਂਦਾ ਹੈ ਤਾਂ ਪੰਜ ਚੋਰ ਜਿਹੜੇ ਇਹਦੇ ਅੰਦਰ ਨੇ ਪੰਜੇ ਓਨੀ ਤਾਕਤ ਨਾਲ ਉੱਠ ਖੜ੍ਹਦੇ ਨੇ। ਉਸ ਵੇਲੇ ਬੰਦਾ ਭਟਕਦਾ ਹੈ ਗਿਰ ਜਾਂਦਾ ਹੈ ਇਹਨੂੰ ਹਨ੍ਹੇਰੀ ਕਹਿੰਦੇ ਨੇ ਜ਼ਿੰਦਗੀ ਦੀ, ਹਨ੍ਹੇਰੀ ਆ ਗਈ। ਦੂਸਰਾ ਵਿਦਿਆ ਦਾ ਇਹਦੇ ਵਿੱਚ ਬੜਾ ਭਾਰਾ ਮਾਣ ਸੀ ਕਿ ਮੇਰੇ ਵਰਗਾ ਵਿਦਵਾਨ ਕੋਈ ਨਹੀਂ ਹੈ ਤੇ ਕਈ ਵਾਰੀ ਇੱਥੇ ਤੱਕ ਵੀ ਜਾਂਦਾ ਸੀ ਕਿ ਗੁਰੂ ਦੇ ਉਚਾਰਨ ਵਿੱਚ ਵੀ ਗਲਤੀ ਕੱਢਣ ਨੂੰ ਤਿਆਰ ਹੋ ਜਾਂਦਾ ਸੀ। ਉਹ ਦੇਖਦੇ ਸੀ ਕਿ ਇਹ ਗਲਤ ਕਰ ਰਿਹਾ ਹੈ, ਗੁਰੂ ਚਾਹੇ ਕਿਹੋ ਜਿਹਾ ਹੀ ਹੋਵੇ ਫੇਰ ਵੀ ਗੁਰੂ ਗੁਰੂ ਹੀ ਹੁੰਦਾ ਹੈ। ਪੱਤੜਾਂ ਦਾ ਭੇਤੀ ਹੁੰਦਾ ਹੈ, ਜਾਣਦਾ ਹੁੰਦਾ ਹੈ। ਉਸ ਵੇਲੇ ਉਹਦੇ ਮਨ ਦੀ ਰੁਚੀ ਦੇਖ ਕੇ ਆਪ ਨੇ ਕਿਹਾ ਬੇਟਾ! ਦੇਖ ਤੂੰ ਜੁਆਨ ਹੋ ਗਿਆ, ਇਹ ਜਿਹੜੀਆਂ ਵਾਸ਼ਨਾਵਾਂ ਨੇ, ਵਿਸ਼ੇ ਨੇ ਇਨ੍ਹਾਂ ਦੇ ਵਿੱਚ ਸਪੈਸ਼ਲ ਖਿੱਚ ਹੋਇਆ ਕਰਦੀ ਹੈ। ਖਾਣ ਪੀਣ ਦੀ, ਭੋਗਾਂ ਨੂੰ ਭੋਗਣ ਦੀ, ਕੱਪੜੇ ਲੀੜੇ ਪਹਿਨਣ ਦੀ, ਹੋਰ ਅਨੇਕਾਂ ਕਿਸਮ ਦੀ ਖਿੱਚ ਹੁੰਦੀ ਹੈ, ਇਹ ਬੰਦੇ ਨੂੰ ਚੰਗੇ ਭਲੇ ਨੂੰ ਖਿੱਚ ਲੈਂਦੇ ਨੇ, ਜਦੋਂ ਤੱਕ ਇਹਦੇ ਵਿੱਚ ਉਹਨੂੰ ਵੀ ਡਰ ਹੁੰਦਾ ਹੈ ਜਿਹੜਾ ਬ੍ਰਹਮਗਿਆਨ ਦੀ ਅਵਸਥਾ ਤੱਕ ਪਹੁੰਚਣ ਵਾਲਾ ਹੈ, ਉਹ ਵੀ ਗਿਰ ਜਾਂਦਾ ਹੈ। ਤੂੰ ਵਿਦਵਾਨ ਹੈਂ ਸਾਧਨਾ ਸੰਪੰਨ ਨਹੀਂ ਹੈਂ, ਵਿਦਿਆ ਜਿਹੜੀ ਹੈ ਮਾਣ ਹੈ, ਮਦ ਹੈ, ਨਸ਼ਾ ਹੈ –

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ ਅੰਗ – 1288***

ਇਹ ਜਿਹੜੇ ਵਿਸ਼ੇ ਵਿਕਾਰ ਨੇ, ਇਹ ਤੇਰੇ ਖ਼ੂਨ ਦੇ ਅੰਦਰ ਐਸੀ ਗਰਮੀ ਉੱਠ ਰਹੀ ਹੈ ਕਿ ਇਹਦੇ ਵਿੱਚ ਤੇਰੇ ਖਿਆਲ ਐਸੇ ਹੋ ਜਾਣੇ ਨੇ ਤੂੰ ਗੁਰੂ ਦੇ ਬਚਨਾਂ ਦੀ ਵੀ ਪਰਵਾਹ ਨਹੀਂ ਕਰਨੀ ਤੇ ਇਹ ਵੀ ਕੋਈ ਜ਼ਰੂਰੀ ਨਹੀਂ ਕਿ ਤੂੰ ਨਾ ਗਿਰੇ, ਗਿਰ ਵੀ ਸਕਦਾ ਹੈਂ। ਇਸ ਕਰਕੇ ਜਿਹੜਾ ਸਾਰਿਆਂ ਨਾਲੋਂ ਮਾੜਾ ਵਿਸ਼ਾ ਹੈ ਉਹ ਹੈ ਕਿ ਏਸ ਸ਼ਹਿਰ ਦੇ ਅੰਦਰ ਵੇਸਵਾਵਾਂ ਦਾ ਬਜ਼ਾਰ ਹੈ ਜਿੱਥੇ ਸਰੀਰ ਵਿਕਦੇ ਨੇ, ਬੇਟਾ! ਤੂੰ ਇਨ੍ਹਾਂ ਬਜ਼ਾਰਾਂ 'ਚੋਂ ਨਾ ਜਾਈਂ। ਇਹ ਦੇਖਣ ਨੂੰ ਬਹੁਤ ਸੋਹਣੀਆਂ ਲਗਦੀਆਂ ਨੇ, ਲੇਕਿਨ ਮਹਾਂਪੁਰਸ਼ ਜਿਹੜੇ ਨੇ ਉਨ੍ਹਾਂ ਦਾ ਅਨੁਭਵ ਜਿਹੜਾ ਹੋਇਆ ਕਰਦਾ ਹੈ ਇਨ੍ਹਾਂ ਦੇ ਬਾਰੇ, ਉਹ ਇਹ ਹੁੰਦਾ ਹੈ ਕਿ ਜਿਹੜਾ ਵੀ ਖਾ ਲਵੇ ਉਸੇ ਵੇਲੇ ਮਰ ਜਾਂਦਾ ਹੈ ਕਿਉਂਕਿ ਇਹ ਬਿਹੁ ਦੀਆਂ ਗੰਦਲਾਂ ਹੁੰਦੀਆਂ ਨੇ –

***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥***
***ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥***

***ਅੰਗ – 1379***

ਇੱਕ ਤਾਂ ਭੋਗਦੇ-ਭੋਗਦੇ ਮਰ ਗਏ, ਇੱਕ ਭੋਗਦੇ-ਭੋਗਦੇ ਤ੍ਰਿਪਤ ਨਾ ਹੋਏ, ਉਹ ਛੱਡ ਗਏ। ਇਹਦੇ ਵਿੱਚ ਕੁਦਰਤੀ ਕਸ਼ਿਸ਼ ਹੈ ਤੂੰ ਇਸ ਬਜ਼ਾਰ 'ਚੋਂ ਨਾ ਲੰਘੀ। ਐਨੀ ਜਦੋਂ ਗੱਲ ਕਹੀ, ਉਹ ਜਿਹੜਾ ਅਭਿਮਾਨ ਸੀ ਅੰਦਰ ਵਿਦਿਆ ਦਾ, ਉਹਨੇ ਉਛਾਲਾ ਮਾਰਿਆ, ਕਹਿੰਦਾ ਗੁਰੂ ਜੀ, ਮੈਨੂੰ ਪਤਾ ਹੈ ਕਿ ਇਹ ਚੀਜ਼ਾਂ ਕੀ ਕਰਦੀਆਂ ਨੇ। ਇਨ੍ਹਾਂ ਦਾ ਦੋਸ਼ ਕਿੰਨਾ ਹੁੰਦਾ ਹੈ ਤੇ ਮੈਨੂੰ ਇਹ ਵੀ ਪਤਾ ਹੈ ਕਿ ਮੈਨੂੰ ਦਰਗਾਹ ਦੇ ਵਿੱਚ ਜਾ ਕੇ ਲੇਖੇ ਦੇਣੇ ਪੈਂਦੇ ਨੇ ਤੇ ਉਥੇ ਬਹੁਤ ਸਖਤ ਸਜ਼ਾਵਾਂ ਮਿਲਦੀਆਂ ਨੇ ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥    ਅੰਗ – 315***

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ਅੰਗ– 473***

ਜਿਵੇਂ ਸਰ੍ਹੋਂ ਦਾ ਤੇਲ ਕੱਢ ਦਿੰਦੇ ਨੇ ਕਹਿੰਦੇ ਐਸ ਤਰ੍ਹਾਂ ਲੇਖਾ ਜਦੋਂ ਹੋਣਾ ਹੈ, ਗੁਨਹਗਾਰ ਦੀ ਰੂਹ ਪੀੜੀ ਜਾਣੀ ਹੈ, ਬਹੁਤ ਤਕਲੀਫ ਹੋਣੀ ਹੈ। ਕਹਿਣ ਲੱਗੇ, ਮਹਾਰਾਜ! ਇਹ ਉਪਦੇਸ਼ ਤੁਸੀਂ ਕਿਸੇ ਅਣਜਾਣ ਬੰਦੇ ਨੂੰ ਦੇਵੋਂ, ਤਾਂ ਦੇਵੋਂ ਪਰ ਮੈਨੂੰ ਕੀ ਦਿੰਦੇ ਓਂ, ਮੈਨੂੰ ਤਾਂ ਪਤਾ ਹੀ ਹੈ ਕਿ ਆਹ ਹਾਲ ਹੋਇਆ ਕਰਦਾ ਹੈ। ਕਹਿੰਦੇ, ਬੇਟਾ! ਹਾਲ ਤਾਂ ਹੋਇਆ ਕਰਦਾ ਹੈ ਪਰ ਤੇਰੇ ਅੰਦਰ ਅਭਿਮਾਨ ਦੀ ਅੰਸ ਹੈ, ਇਹ ਅਭਿਮਾਨ ਦੀ ਅੰਸ ਹਰੇਕ ਬੰਦੇ ਨੂੰ ਖਰਾਬ ਕਰਦੀ ਹੈ, ਵਿਦਿਆ ਦਾ ਨਾਸ਼ ਹੋ ਜਾਇਆ ਕਰਦਾ ਹੈ ਇਹਦੇ ਨਾਲ, ਆਦਮੀ stand (ਖੜ੍ਹਾ) ਨਹੀਂ ਕਰ ਸਕਦਾ ਜਿਸ ਵਕਤ ਐਹੋ ਜਿਹਾ ਕੋਈ ਮੌਕਾ ਮਿਲੇ।

ਇਸ ਤਰ੍ਹਾਂ ਦੇ ਨਾਲ ਮਨ ਦੇ ਅੰਦਰ ਤਰਕ ਆ ਗਈ ਗੁਰੂ 'ਤੇ। ਬ੍ਰਹਮਗਿਆਨੀ 'ਤੇ ਤਰਕ ਆ ਜਾਵੇ, ਗੁਰੂ 'ਤੇ ਤਰਕ ਆ ਜਾਵੇ, ਸੰਤ 'ਤੇ ਤਰਕ ਆ ਜਾਵੇ, ਸੰਤ ਬ੍ਰਹਮਗਿਆਨੀ ਇੱਕੋ ਹੀ ਹੁੰਦੇ ਨੇ; ਛੇ ਕਲਾ ਬੈਰਾਗ ਦੀਆ ਨਸ਼ਟ ਹੋ ਜਾਂਦੀਆ ਨੇ, ਜਿਸ ਸੇਵਕ ਦੇ ਮਨ ਵਿੱਚ ਆਪਣੇ ਆਚਾਰੀਆ 'ਤੇ ਤਰਕ ਆ ਜਾਵੇ, ਉਹਦਾ ਉਧਾਰ ਹੋਣਾ ਬਹੁਤ ਮੁਸ਼ਕਲ ਹੋ ਜਾਇਆ ਕਰਦਾ ਹੈ। ਉਹਦਾ ਨਹੀਂ ਹੋਇਆ ਕਰਦਾ ਇਸੇ ਕਰਕੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ ਕਿ ਗੁਰੂ ਦੀ ਨਿੰਦਿਆ ਕੋਈ ਕੰਨ ਨਾਲ ਸੁਣਨ ਨੂੰ ਕੋਈ ਤਿਆਰ ਨਹੀਂ ਹੁੰਦਾ। ਕਿਉਂਕਿ ਜਿਹੜੇ ਅੰਸ ਉਹਦੇ ਨਿੰਦਿਆ ਦੇ ਨੇ ਐਨੇ ਗਹਿਰੇ ਚਲੇ ਜਾਂਦੇ ਨੇ ਕਿ ਨਿਕਲਦੇ ਹੀ ਨਹੀਂ। ਨਿੰਦਿਆ ਤਾਂ ਕਿਸੇ ਦੀ ਵੀ ਨਾ ਸੁਣੋ ਕਿਉਂਕਿ ਤੁਹਾਡੇ ਮਨ ਵਿੱਚ ਗਲ ਪੈ ਜਾਣੀ ਹੈ। ਤੁਸੀਂ ਸਾਫ ਕਰ ਨਹੀਂ ਸਕਣੀ ਤੇ ਉਹਦਾ ਅੰਸ ਤੁਹਾਡੇ ਅੰਦਰ ਚਲਿਆ ਗਿਆ। ਤੁਸੀਂ ਸਾਰੀ ਜ਼ਿੰਦਗੀ ਉਹਦੇ ਨਾਲ ਬੇਇਨਸਾਫੀ ਕਰੋਂਗੇ ਕਿ ਐਸ ਤਰ੍ਹਾਂ ਕਰਿਆ ਸੀ ਉਹਨੇ।

ਅਸੀਂ ਬੰਦਾ ਬਹਾਦਰ ਦੇਖਿਆ ਤਾਂ ਨਹੀਂ ਨਾ ਹੈ, ਉਹਨੇ ਕਿੰਨੀ ਕੁਰਬਾਨੀ ਕਰੀ। ਗੁਰੂ ਮਹਾਰਾਜ ਨੇ ਕਰਮ ਯੋਗ ਦੇ ਵਿੱਚ ਲਿਆਂਦਾ ਉਹਨੂੰ, ਸਮਾਧੀਆਂ ਲਾ ਕੇ ਬੈਠਣ ਵਾਲੇ ਨੂੰ ਕਰਮਯੋਗੀ ਬਣਾ ਕੇ, ਉਹਦੇ ਹੱਥ 'ਚ ਸ਼ਸਤਰ ਫੜਾ ਦਿੱਤੇ, ਰਣ ਭੂਮੀ 'ਚ ਲਿਆ ਦਿੱਤਾ, ਅਰਜਨ ਨੂੰ ਜਿਵੇਂ ਕ੍ਰਿਸ਼ਨ ਮਹਾਰਾਜ ਨੇ ਲਿਆਂਦਾ। ਉਹਨੇ ਕਿੰਨਾ ਕੰਮ ਕਰਿਆ, ਕਿੱਡੀ ਵੱਡੀ ਕੁਰਬਾਨੀ ਦਿੱਤੀ। ਉਹ ਵਿਰੋਧੀ ਜਿਹੜਾ ਰਾਜਸੀ ਪ੍ਰਾਪੇਗੰਡਾ ਸੀ ਉਹਦੇ ਅਸਰ ਦੇ ਥੱਲੇ ਆ ਕੇ ਅਸੀਂ ਵੀ ਨਾਲ ਹੀ ਰਲ ਗਏ ਕਿ ਹਾਂ ਜੀ ਉਹਨੇ ਵਿਆਹ ਕਰਾ ਲਿਆ ਸੀ ਤਾਂ ਐਸ ਤਰ੍ਹਾਂ ਹੋਇਆ। ਗੁਰੂ ਸਾਹਿਬ ਨੇ ਕਿਹਾ ਸੀ ਕਿ ਵਿਆਹ ਨਾ ਕਰਾਈਂ। ਕੋਈ ਰਿਕਾਰਡ ਹੈ ਕਿਸੇ ਕੋਲ ਕਿ ਗੁਰੂ ਸਾਹਿਬ ਨੇ ਕਿਹਾ ਸੀ। ਗੱਲਾਂ ਤਾਂ ਹੁਣ ਦੀਆਂ ਕਹੀਆਂ ਹੋਈਆਂ ਭੁੱਲ ਜਾਂਦੇ ਹਾਂ ਅਸੀਂ। ਉਹ ਸੌ ਦੋ ਸੌ ਸਾਲ ਬਾਅਦ ਜਿਹੜਾ ਲਿਖ ਰਿਹਾ ਹੈ, ਉਹਦੇ ਕੋਲ ਕੋਈ ਰਿਕਾਰਡ ਹੈ ਕਿ ਆਹ ਗੱਲ ਕਰੀ ਉਹਨੇ। ਉਹਨੇ ਕੀ ਕਰੀ, ਗੁਰੂ ਜੀ ਗ੍ਰਿਹਸਤੀ ਸਨ ਉਹ ਵੀ ਗ੍ਰਿਹਸਤੀ ਹੋ ਗਿਆ। ਹੋਰ ਤਾਂ ਗੱਲ ਕਰੀ ਨਹੀਂ। ਫੇਰ ਤਾਂ ਕਹਿੰਦੇ ਨੇ ਕਿ ਨਹੀਂ ਜੀ ਉਹ ਗੱਦੀ ਲਾ ਕੇ ਬਹਿੰਦਾ ਸੀ। ਉਹਦਾ ਸਤਿਕਾਰ ਹੀ ਐਨਾ ਸੀ। ਮਹਾਰਾਜ ਕਹਿੰਦੇ ਜਿਹੜਾ ਬੰਦਗੀ ਕਰਦਾ ਹੈ, ਉਹਦਾ ਸਤਿਕਾਰ ਕਿੰਨਾ ਕਰਾਂ, ਕਹਿੰਦੇ ਗੱਦੀ ਤਾਂ ਇੱਕ ਪਾਸੇ ਰਹੀ –

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***

***ਅੰਗ – 558***

ਜੇ ਭਲਾ ਸੱਚਮੁੱਚ ਹੀ ਸੀਸ ਵੱਢ ਕੇ ਉਹਨੂੰ ਆਸਣ ਦੇ ਦੇਵੇ, ਤਾਂ ਕਿੰਨਾ ਗਿੱਠ ਉੱਚਾ ਆਸਣ ਤਾਂ ਲੱਗੇਗਾ ਹੀ ਉਹਦਾ। ਆਹ ਵੀ ਜਿਹੜਾ ਦੋਸ਼ ਲਾਉਂਦੇ ਨੇ ਕਿ ਉਹਦਾ ਸਤਿਕਾਰ ਸੀ। ਸਤਿਕਾਰ ਹੋਣਾ ਹੀ ਸੀ

ਉਹਨੇ ਕਿੱਡਾ ਵੱਡਾ ਕੰਮ ਕਰਿਆ, ਕਿੰਨੀ ਕੁਰਬਾਨੀ ਕਰੀ, ਆਪਣਾ ਸੁੱਖਾਂ ਦਾ ਜੀਵਨ ਤਿਆਗ ਕੇ ਰਣ ਭੂਮੀ 'ਚ ਆਇਆ। ਦੋਖੀਆ, ਦੁਸ਼ਟਾਂ ਜਿਹੜੇ ਦੁਖੀ ਕਰਦੇ ਸੀ ਉਨ੍ਹਾਂ ਦੇ ਨਾਲ ਉਹਨੇ ਸ਼ਸਤਰ ਚੁੱਕ ਕੇ ਲੜਾਈ ਸ਼ੁਰੂ ਕਰੀ। ਬਲੀਦਾਨ ਦਿੱਤਾ, ਕਿੱਡਾ ਦਿੱਤਾ, ਕਿਹੋ ਜਿਹੀ ਬਿਰਤੀ ਸੀ ਉਸਦੀ, ਜਦੋਂ ਉਸ ਨੂੰ ਕਿਹਾ ਕਿ ਤੂੰ ਆਪਣਾ ਪੁੱਤਰ ਮਾਰ, ਕਹਿੰਦੇ ਮੈਂ ਕਿਉਂ ਮਾਰਾਂ। ਉਨ੍ਹਾਂ ਨੇ ਉਹਦੇ ਸਾਮ੍ਹਣੇ ਮਾਰਿਆ, ਮਾਰ ਕੇ ਉਹਦਾ ਦਿਲ ਕੱਢਿਆ, ਕੱਢ ਕੇ ਉਹਦੇ ਮੂੰਹ ਵਿੱਚ ਦੇ ਦਿਤਾ। ਉਸ ਤੋਂ ਬਾਅਦ ਹੁਕਮ ਦੇ ਦਿੱਤਾ ਕਿ ਇਹਦੀਆਂ ਅੱਖਾਂ ਕੱਢੋ ਪਹਿਲਾਂ। ਦੋਵੇਂ ਅੱਖਾਂ ਕੱਢ ਦਿੱਤੀਆਂ। ਦੂਸਰੇ ਦਿਨ ਫਾਰੁਖਸ਼ੀਅਰ ਕੁਰਸੀ ਡਾਹ ਕੇ ਬਹਿੰਦਾ ਹੈ ਉਥੇ, ਸਵਾਲ ਤੇ ਸਵਾਲ ਕਰੀ ਜਾਂਦਾ ਹੈ, ਦੂਸਰੇ ਦਿਨ ਕਿਹਾ ਕਿ ਇਹਦੀ ਸੱਜੀ ਬਾਂਹ ਦਾ ਜਿੰਨਾ ਮਾਸ ਹੈ ਜੰਮੂਰ ਕਰ ਲਓ ਅੱਗ ਵਰਗੇ, ਉਹ ਲਾ-ਲਾ ਕੇ ਖਿੱਚ ਲਓ ਸਾਰਾ ਮਾਸ, ਸਾਰਾ ਮਾਸ ਖਿੱਚ ਦਿੱਤਾ। ਤੀਸਰੇ ਦਿਨ ਦੂਸਰੀ ਬਾਂਹ ਦਾ। ਚੌਥੇ ਦਿਨ ਖੱਬੀ ਲੱਤ ਦਾ, ਪੰਜਵੇਂ ਦਿਨ ਸੱਜੀ ਲੱਤ ਦਾ, ਛੇਵੇਂ ਦਿਨ ਛਾਤੀ ਦਾ ਮਾਸ ਖਿੱਚ ਦਿੱਤਾ। ਜਦੋਂ ਸੱਤਵਾਂ ਦਿਨ ਆਇਆ ਉਸ ਵੇਲੇ ਜਿਹੜਾ ਵਜ਼ੀਰ ਸੀ ਕੋਲ ਬਹਿੰਦਾ, ਬੰਦੇ ਬਹਾਦਰ ਦਾ ਜਦੋਂ ਇਹਦਾ ਪੁੱਤਰ ਕਤਲ ਕੀਤਾ, ਇਹਨੇ ਉਹਦੇ ਖ਼ੂਨ ਵਿੱਚ ਹੱਥ ਲਬੇੜ ਲਏ ਤੇ ਹੱਥ ਲਬੇੜ ਕੇ ਮੂੰਹ 'ਤੇ ਮਲ ਲਏ। ਪੁੱਛਿਆ ਕਿ ਤੂੰ ਮੂੰਹ 'ਤੇ ਕਿਉਂ ਮਲਦਾ ਹੈਂ, ਵਜ਼ੀਰ ਨੇ ਸਵਾਲ ਕਰਿਆ। ਕਹਿੰਦੇ, ਆਹ ਨਵਾਂ ਕੰਮ ਦੇਖਿਆ ਹੈ ਤੇਰਾ। ਇਹ ਕਿਉਂ ਕਰਦਾ ਹੈਂ? ਕਹਿਣ ਲੱਗੇ, ਇੱਥੇ ਹਿਸਟਰੀ ਲਿਖਣ ਵਾਲੇ ਖੜ੍ਹੇ ਨੇ ਸਾਰੇ, ਇਨ੍ਹਾਂ ਦੇ ਮਨ ਵਿੱਚ ਇਹ ਆਉਣਾ ਹੈ ਕਿ ਬੰਦਾ ਬਹਾਦਰ ਗੁਰੂ ਦਾ ਸਿੱਖ ਹੋ ਕੇ ਐਨਾ ਡਰਿਆ ਕਿ ਉਹਦਾ ਮੂੰਹ ਦਾ ਰੰਗ ਹਲਦੀ ਵਰਗਾ ਹੋ ਗਿਆ। ਕਹਿੰਦੇ, ਕੁਦਰਤੀ ਤੌਰ 'ਤੇ ਜਦੋਂ ਮੇਰਾ ਖ਼ੂਨ ਨੁਚੜ ਜਾਣਾ ਹੈ ਤਾਂ ਚਿਹਰਾ ਮੇਰਾ ਪੀਲਾ ਪੈਣਾ ਹੀ ਪੈਣਾ ਹੈ, ਲੇਕਿਨ ਮੈਂ ਇਹ ਪ੍ਰਭਾਵ impression ਨਹੀਂ ਦੇਣਾ ਚਾਹੁੰਦਾ, ਇਸੇ ਕਰਕੇ ਮੈਂ ਆਪਣਾ ਮੂੰਹ ਲਾਲ ਕਰ ਲਿਆ। ਫੇਰ ਉਹਨੂੰ ਦੂਜਾ ਸਵਾਲ ਕਰਿਆ, ਕਹਿੰਦੇ ਐ ਬੰਦਾ ਸਿੰਘ! ਐਨੇ ਅਸੀਂ ਤੈਨੂੰ ਤਸੀਹੇ ਦਿੱਤੇ ਨੇ, ਤੇਰੇ ਮੁਖ ਤੋਂ ਇੱਕ ਵਾਰੀ ਵੀ ਸੀ ਨਹੀਂ ਨਿਕਲੀ? ਅਸੀਂ ਇਹ ਦੇਖਦੇ ਸੀ ਕਿ ਤੂੰ ਹਾਏ-ਬੂ ਕਰੇਂ, ਸਾਰੀ ਰਾਤ ਵਿਰਲਾਪ ਕਰੇਂ, ਫੇਰ ਅਸੀਂ ਤੈਨੂੰ ਕਹੀਏ ਕਿ ਜਦੋਂ ਤੂੰ ਕੀ ਕਰਦਾ ਸੀ, ਜਦ ਇਹ ਕੰਮ ਕਰਿਆ। ਕਹਿੰਦੇ, ਤੂੰ ਤਾਂ ਜਿਵੇਂ ਪਹਿਲਾਂ ਬੈਠਾ ਸੀ ਉਵੇਂ ਹੁਣ ਬੈਠਾ ਹੈਂ। ਕੀ ਇਹਦਾ ਕਾਰਨ ਦੱਸ ਸਕਦਾ ਹੈਂ ਤੂੰ?

ਕਹਿਣ ਲੱਗਿਆ, ਵਜ਼ੀਰ ਸਾਹਿਬ! ਇਹਦਾ ਕਾਰਨ ਤਾਂ ਇਹ ਹੈ ਕਿ ਮੈਂ ਸਾਢੇ ਤਿੰਨ ਹੱਥ ਦੀ ਦੇਹ ਨਹੀਂ ਹਾਂ, ਮੈਂ ਇਹਦੇ ਵਿੱਚ ਦ੍ਰਿਸ਼ਟਾ ਹਾਂ। ਦੇਖਣ ਵਾਲਾ ਹਾਂ ਦੇਹ ਨੂੰ ਮੈਂ ਦੇਹ ਨੂੰ ਚਲਾਉਣ ਵਾਲਾ ਹਾਂ, ਦੇਹ ਨਾਲ ਮੇਰਾ ਕੋਈ ਸਬੰਧ ਨਹੀਂ। ਦੇਹ ਦੇ ਦੁੱਖ ਮੇਰੇ ਤੱਕ ਨਹੀਂ ਪਹੁੰਚ ਸਕਦੇ। ਦੇਹ ਦੇ ਸੁੱਖ ਮੇਰੇ ਤੱਕ ਨਹੀਂ ਪਹੁੰਚ ਸਕਦੇ। ਮੈਂ ਪਰਮ ਸੁੱਖੀ ਹਾਂ। ਮੈਂ ਸਤਿ ਹਾਂ, ਚਿੱਤ ਹਾਂ, ਅਗੰਮ ਹਾਂ, ਅਗੋਚਰ ਹਾਂ, ਅਲਖ ਹਾਂ ਤੇ ਮੇਰਾ ਕੋਈ ਪਾਰਾਵਾਰ ਨਹੀਂ ਕੋਈ ਪਾ ਸਕਦਾ। ਮੈਂ ਉਹ ਹਾਂ –

***ਇਆ ਮੰਦਰ ਮਹਿ ਕੌਨ ਬਸਾਈ ॥*** ***ਅੰਗ - 871***

ਕਹਿੰਦੇ, ਇਸ ਦੇਹੀ 'ਚ ਕੌਣ ਵਸਦਾ ਹੈ? ਮਹਾਰਾਜ ਕਹਿੰਦੇ ਨੇ ਜਿਹਦਾ ਅੰਤ ਨਹੀਂ ਨਾ ਪਾਇਆ ਜਾਂਦਾ -

***ਤਾ ਕਾ ਅੰਤੁ ਨ ਕੋਊ ਪਾਈ ॥*** ***ਅੰਗ - 871***

ਉਹ ਵਸਦਾ ਹੈ ਇਹਦੇ ਵਿੱਚ। ਉਹ ਕੇਵਲ ਦੇਹ ਅਧਿਆਸ ਕਰਕੇ ਅਸੀਂ ਜੀਵ ਭਾਵਨਾ 'ਚ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਦੇ ਹਾਂ, ਉਹ ਜਿਹੜਾ ਦੇਹ ਤੋਂ ਵਿਦੇਹ ਸੀ, ਉਹ ਵਿਦੇਹ ਪੁਰਸ਼ ਦੇ ਖਿਲਾਫ ਕਿੰਨੀ ਨਿੰਦਿਆ ਕੀਤੀ ਗਈ, ਅੱਜ ਕਿੰਨੇ ਸੌ ਸਾਲ ਲੰਘ ਗਿਆ। ਅਸੀਂ ਹੁਣ ਵੀ ਨਹੀਂ ਮਾਫ ਕਰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਕਿੰਨੀ ਕੁਰਬਾਨੀ ਕਰੀ ਉਸ ਵੇਲੇ। ਗੁਰੂ ਮਹਾਰਾਜ ਸਿੰਘ ਜੀ, ਗੁਰੂ ਬੀਰ ਸਿੰਘ ਜੀ, ਗੁਰੂ ਮਹਾਰਾਜ ਬਾਬਾ ਸਾਹਿਬ ਸਿੰਘ ਜੀ, ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ 'ਚ ਮਹਾਰਾਜ ਤੇ ਗੁਰੂ ਲਿਖਿਆ ਹੋਇਆ ਹੈ। ਉਨ੍ਹਾਂ ਨੇ ਕਿੰਨੀ ਕੁਰਬਾਨੀ ਕਰੀ ਸਾਰਿਆਂ ਨੂੰ ਪਤਾ ਹੈ ਕਿ ਉਸ ਵੇਲੇ ਤੇਰ੍ਹਾਂ ਲੱਖ 67 ਹਜ਼ਾਰ ਸਿੱਖ ਬਚਿਆ ਸੀ, 1861 ਦੀ ਮਰਦਮ ਸ਼ੁਮਾਰੀ 'ਚ, 88 ਲੱਖ ਤੋਂ ਗਿਰ ਕੇ, ਸਿਰਫ ਐਨਾ ਹੀ ਰਹਿ ਗਿਆ ਸੀ। ਇਨ੍ਹਾਂ ਦੇ ਵਿੱਚ ਚਾਰ ਲੱਖ 32 ਹਜ਼ਾਰ ਨਾਮਧਾਰੀ ਸਿੱਖ ਸੀ ਉਹ ਜਿਹੜਾ ਬਾਬਾ ਰਾਮ ਸਿੰਘ ਉਨ੍ਹਾਂ ਦੇ ਪਿੱਛੇ ਸੀ। ਉਨ੍ਹਾਂ ਨੂੰ ਤਾਂ ਅੰਗਰੇਜ਼ ਨੇ ਲਿਖਿਆ ਕਿ ਇਹ ਤਾਂ ਅਸਲੀ ਸਿੱਖ ਜਿਹੜੇ ਕਿਸੇ ਤਰੀਕੇ ਨਾਲ ਦਬਾਏ ਨਹੀਂ ਜਾ ਸਕਦੇ। ਇਨ੍ਹਾਂ ਦੇ ਉਤੇ ਨਿਗ੍ਹਾਬਾਨੀ ਰੱਖੋ, ਸਪੈਸ਼ਲ ਸੀ.ਆਈ.ਡੀ ਇਨ੍ਹਾਂ ਸਾਰਿਆਂ 'ਤੇ ਲਾਓ, ਕਿਉਂਕਿ ਇਹ ਖਤਰਨਾਕ ਨੇ, ਇਹ ਹਾਰ ਨਹੀਂ ਅੰਦਰੋਂ ਮੰਨ ਰਹੇ। ਅੰਦਰੋਂ ਨਹੀਂ ਅਜੇ ਗਿਰੇ, ਬਾਹਰੋਂ ਤਾਂ ਅਸੀਂ ਹਥਿਆਰ ਲੈ ਲਏ, ਸਭ ਕੁਛ ਕਰ ਲਿਆ, ਮਜ਼ਬੂਰੀਆਂ ਕਰ ਦਿੱਤੀਆਂ, ਪਹਿਰੇ ਲਾ ਦਿੱਤੇ, ਕੈਦਾਂ 'ਚ ਸੁੱਟ ਦਿੱਤੇ, ਕਹਿੰਦੇ ਇਨ੍ਹਾਂ ਦਾ ਮਨ ਨਹੀਂ ਅਜੇ ਡਰਿਆ। ਮਨ ਤੋਂ ਨਿਡਰ ਨੇ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥***
***ਅੰਗ - 1427***

ਇਸ ਅਵਸਥਾ ਵਿੱਚ ਨੇ, ਇਸ ਕਰਕੇ ਇਨ੍ਹਾਂ ਨੂੰ ਤਾਂ ਲਿਖ ਲਓ ਅਸਲੀ ਸਿੱਖ, ਜਿਹੜੇ ਬਾਕੀ ਦੇ ਨੇ ਤਕਰੀਬਨ ਨੌਂ ਲੱਖ ਦੇ ਕਰੀਬ ਇਹ ਕਹਿੰਦੇ ਛੇਤੀ ਤੋਂ ਛੇਤੀ ਗਿਰ ਜਾਣਗੇ। ਅਗਲੀ ਮਰਦਮਸ਼ੁਮਾਰੀ ਦਸ ਸਾਲ ਦੇ ਅੰਦਰ-ਅੰਦਰ, ਇਨ੍ਹਾਂ ਦੇ ਵਿਚੋਂ ਇੱਕ ਵੀ ਸਿੱਖ ਨਹੀਂ ਰਹੇਗਾ। ਇਸ ਕਰਕੇ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਇਨ੍ਹਾਂ ਦੀਆਂ ਵਰਦੀਆਂ, ਇਨ੍ਹਾਂ ਦੀਆਂ ਰੂਪ-ਰੇਖਾ ਦੀਆਂ ਤਸਵੀਰਾਂ ਲੈ ਲਓ ਤੇ ਅਜਾਇਬ ਘਰਾਂ ਵਿੱਚ ਰੱਖ ਦਿਓ ਫੇਰ ਆਪਾਂ ਦਿਖਾ ਦਿਆ ਕਰਾਂਗੇ ਅਸੀਂ ਕਿ ਇੱਕ ਕੌਮ ਹੁੰਦੀ ਸੀ ਜਿਹਨੂੰ ਸਿੱਖ ਕਹਿੰਦੇ ਸੀ, ਉਹ ਇਹੋ ਜਿਹੇ ਹੁੰਦੇ ਸੀ। ਉਸ ਵੇਲੇ ਉਨ੍ਹਾਂ ਨੇ ਐਨਾ ਕੰਮ ਕਰਿਆ ਤੇ ਦੂਜੇ ਪਾਸੇ ਕੀ ਕਰਿਆ ਸਰਕਾਰ ਨੇ, ਪ੍ਰਾਪੇਗੰਡਾ ਸ਼ੁਰੂ ਕਰਾ ਦਿਤਾ, ਪੈਸੇ ਦੇ ਦਿੱਤੇ ਪੁਜਾਰੀਆਂ ਨੂੰ, ਹੋਰਾਂ ਨੂੰ

ਦੇ ਦਿੱਤੇ ਬੇਅੰਤ ਜਿੰਨੇ ਸੀ, ਉਹ ਇੱਕੋ ਹੀ ਗੱਲ ਕਹਾਈ ਜਾਣ ਕਿ ਇਹ ਸਿੱਖ ਨਹੀਂ, ਇਹ ਸਿੱਖ ਨਹੀਂ। ਉਨ੍ਹਾਂ ਨੂੰ ਪੁੱਛੋ ਤਾਂ ਸਹੀ ਕਿ ਹੋਰ ਸਿੱਖ ਕਿਹੜਾ ਹੈ। ਜੇ ਇਹ ਪੂਰਾ ਸਿੱਖ ਸਿੱਖ ਨਹੀਂ ਤਾਂ ਸਿੱਖ ਤੁਸੀਂ ਕਿਸਨੂੰ ਕਹਿੰਦੇ ਓਂ। ਅਸਿੱਖਾਂ ਨੂੰ ਕਹੋਂਗੇ। ਦੂਜੇ ਪਾਸੇ ਇਤਿਹਾਸ 'ਚ ਗਲਤੀਆਂ ਕਰ ਦਿੱਤੀਆਂ ਕਿ ਮੇਰਾ ਟੋਪੀ ਵਾਲਾ ਸਿੱਖ ਆ ਰਿਹਾ ਹੈ। ਆਪੇ ਹੀ ਲਿਖ ਦਿੱਤਾ, ਲਿਖਾਰੀ ਕਮਜ਼ੋਰ ਸੀ। ਸੌ ਸਾਖੀ ਜਿਹੜੀ ਗੁਰੂ ਸਾਹਿਬ ਦੀ ਸੀ ਇੱਕ ਬੇਦੀ ਸੀਗਾ ਲਾਹੌਰ ਦਾ, ਉਹ ਅੱਠ ਜ਼ੁਬਾਨਾਂ ਪੜ੍ਹਿਆ ਹੋਇਆ ਸੀ, ਉਹਨੂੰ ਇਨ੍ਹਾਂ ਨੇ ਮੰਗ ਲਿਆ ਕਿ ਇੱਕ ਕੋਠੀ ਤੈਨੂੰ, ਲੱਖ ਰੁਪਿਆ ਕੈਸ਼, ਉਨ੍ਹਾਂ ਦਿਨਾਂ ਦਾ ਲੱਖ ਰੁਪਿਆ ਕਰੋੜ ਵਰਗਾ ਹੁੰਦਾ, ਬਾਕੀ ਉਮਰ ਭਰ ਵਾਸਤੇ ਤੈਨੂੰ ਪੈਨਸ਼ਨ ਤੇ ਅਰਦਲੀ ਤੇਰੀ ਸੇਵਾ 'ਚ ਰਹਿਣਗੇ। ਪਰ ਤੂੰ ਇਹ ਕਰ ਕਿ ਜਿਹੜੀ ਸੌ ਸਾਖੀ ਹੈ ਇਹਨੂੰ ਤੂੰ ਬਦਲ ਦੇ। ਉਸ ਬੰਦੇ ਨੇ ਐਨੀ ਬਦਲ ਦਿੱਤੀ, ਤੁਕਾਂ ਐਨੀਆਂ ਬਣਾ ਦਿੱਤੀਆਂ, ਕਿਸੇ ਨੂੰ ਅੱਜ ਸਮਝ ਹੀ ਨਹੀਂ ਆਉਂਦੀ, ਐਸ ਤਰ੍ਹਾਂ ਲਗਦਾ ਹੈ ਕਿ ਇਹ ਤਾਂ ਐਵੇਂ ਹੀ ਨੇ ਗੱਲਾਂ ਲਿਖੀਆਂ ਹੋਈਆਂ। ਅਖੀਰ ਵਿੱਚ ਉਹਨੂੰ ਪੁੱਛਿਆ ਸਿਆਣਿਆਂ ਨੇ ਕਿ ਇਹ ਕੰਮ ਤੂੰ ਕੀ ਕਰਿਆ? ਹੁਣ ਦੱਸ ਦੇ ਤੂੰ ਕਿਵੇਂ ਵਿਗਾੜ ਪਾਇਆ? ਕਹਿੰਦਾ ਹੁਣ ਤਾਂ ਮੇਰੇ ਵੀ ਯਾਦ ਨਹੀਂ, ਕਿਹੜੀਆਂ ਤੁਕਾਂ ਮੈਂ ਕਿਹੜੇ ਸੰਨ ਚੁੱਕ ਕੇ ਕਿੱਥੇ ਲਾਏ ਨੇ। ਅਖੀਰ ਉਹਨੂੰ ਅਧਰੰਗ ਹੋਇਆ ਕਈ ਸਾਲ ਬਹੁਤ ਦੁਖੀ ਹੋ ਕੇ ਮਰਿਆ।

ਉਹ ਜਿਹੜੇ ਸਿੱਖ ਸੀ ਉਨ੍ਹਾਂ ਦੀ ਨਿੰਦਿਆ ਕਰਕੇ ਅੱਜ ਕਿੰਨਾ ਸਮਾਂ ਲੰਘ ਗਿਆ, ਅੱਜ ਤੱਕ ਸਾਡੇ ਦਿਲ ਸਾਫ ਨਹੀਂ ਹੁੰਦੇ। ਮੈਂ ਨਿੰਦਿਆ ਦੀ ਗੱਲ ਕਰਦਾ ਹਾਂ ਉਹ ਨਿੰਦਿਆ ਐਸਾ ਅਸਰ ਪਾਉਂਦੀ ਹੈ ਆਦਮੀ ਦੇ ਅੰਦਰ। ਮਾੜੀ ਜਿਹੀ ਗੱਲ ਕਰ ਦੇਣੀ ਹੈ ਤੇ ਗੱਲ ਜਿਹੜੀ ਹੈ ਉਹ ਅੰਦਰ ਬਹਿ ਜਾਣੀ ਹੈ। ਉਹ ਨਾ ਨਿਕਲੇਗੀ ਕਦੇ ਵੀ। ਪੁਸ਼ਤ-ਦਰ-ਪੁਸ਼ਤ ਚਲਦੀ ਚਲੀ ਜਾਂਦੀ ਹੈ। ਮਹਾਰਾਜ ਕਹਿੰਦੇ ਇਹ ਤਾਂ ਸੰਸਾਰੀ ਜੀਵਾਂ ਦੀ ਨਿੰਦਿਆ ਹੈ ਪਰ ਸੰਤਾਂ ਦੀ ਨਿੰਦਿਆ ਕਰਨੀ ਤਾਂ ਬਹੁਤੀ ਹੀ ਗਲਤ ਹੈ। ਸਾਧਾਰਣ ਬੰਦਿਆਂ ਦੀ ਵੀ ਨਿੰਦਾ ਨਾ ਕਰੋ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ- 755***

ਇਸੇ ਤਰ੍ਹਾਂ ਦੇ ਨਾਲ ਜੇ ਗੁਰੂ ਦੇ ਉਤੇ ਤਰਕ ਆ ਜਾਵੇ ਤੇ ਨਿੰਦਿਆ ਕਰ ਦੇਵੇ ਗੁਰੂ ਦੀ, ਫੇਰ ਉਹ ਬੇਮੁਖ ਹੋਇਆ ਕਰਦਾ ਹੈ। ਬੇਮੁਖ ਜਿਹੜਾ ਹੁੰਦਾ ਹੈ ਉਹ ਹਤਿਆ ਨਹੀਂ ਕਿਤੇ ਵੀ ਲਹਿਆ ਕਰਦੀ। ਬਹੁਤ ਵੱਡਾ ਪਾਪ ਗਿਣਿਆ ਜਾਇਆ ਕਰਦਾ ਹੈ।

ਇਹ ਜਿਹੜਾ ਸੀ ਅਜਾਮਲ ਇਹਦੀ ਸ਼ਰਧਾ ਟੁੱਟ ਗਈ ਗੁਰੂ ਤੋਂ, ਸ਼ਰਧਾ ਟੁੱਟਦੇ ਸਾਰ, ਗੁਰੂ ਦੇ ਨਾਲ ਜਿਹੜੀ ਤਾਰ ਜੁੜੀ ਹੁੰਦੀ ਹੈ, ਜਿਵੇਂ ਬਿਜਲੀ ਦੀ ਤਾਰ ਜੁੜੀ ਹੁੰਦੀ ਹੈ ਬਿਜਲੀ ਦੇ power house ਨਾਲ ਉਹ ਤਾਰ ਟੁੱਟ ਗਈ। ਇੱਕ ਪੜ੍ਹਿਆ ਲਿਖਿਆ ਬੰਦਾ ਰਹਿ ਗਿਆ, ਰੂਹਾਨੀ

ਸਬੰਧ ਗੁਰੂ ਨਾਲੋਂ ਟੁੱਟ ਗਿਆ। ਉਹਦੇ ਟੁੱਟਣ ਦੇ ਨਾਲ ਵਿਕਾਰਾਂ ਨੇ ਮਨ ਦੇ ਉਤੇ ਵਜ਼ਨ ਪਾ ਲਿਆ ਤੇ ਜਾ ਕੇ ਉਹ ਵੇਸਵਾਵਾਂ ਦੇ ਬਜ਼ਾਰ 'ਚੋਂ ਲੰਘਣ ਲਗ ਗਿਆ। ਲੰਘਦਾ-ਲੰਘਦਾ ਭੁੱਲ ਗਿਆ, ਭਟਕ ਗਿਆ। ਭਟਕ ਕੇ ਉਥੇ ਹੀ ਉਹਦੇ ਉਪਰ ਕੁਸੰਗ ਦਾ ਅਸਰ ਉਸ ਉਤੇ ਹੋਣ ਲੱਗ ਗਿਆ। ਕਿਉਂਕਿ ਖਿਆਲਾਂ ਦਾ ਅਸਰ ਇੱਕ ਦੂਜੇ 'ਤੇ ਹੁੰਦਾ ਹੈ। ਚੰਗੇ ਖਿਆਲਾਂ 'ਚ, ਸੰਗਤ ਜਿਹਨੂੰ ਕਹਿੰਦੇ ਨੇ, ਸਤਿਸੰਗ ਕਹਿੰਦੇ ਨੇ ਉਥੇ ਆਓ, ਮਨ ਬੁੱਧੀ ਨਿਰਮਲ ਹੋ ਜਾਂਦੀ ਹੈ। ਕੁਸੰਗ ਦੇ ਵਿੱਚ ਜਾਓ ਓਨੀਓਂ ਮੈਲ ਪੈ ਜਾਂਦੀ ਹੈ -

***ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥ ਅੰਗ - 965***

ਮਹਾਰਾਜ ਲਿਖਦੇ ਨੇ ਕਿ ਧਰਮਰਾਜਾ ਜਵਾਬ ਤਲਬੀ ਕਰਦਾ ਹੈ ਜੇ ਸੰਗ ਤੇ ਕੁਸੰਗ ਦੇ ਵਿੱਚ ਬੈਠ ਜਾਵੇ -

***ਧਾਰਨਾ - ਲੇਖਾ ਪੈ ਜਾਊ ਦਰਗਾਹ ਵਿੱਚ ਦੇਣਾ,***
***ਸਾਕਤਾਂ ਦਾ ਸੰਗ ਨਾ ਕਰੀਂ।***

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥***
***ਅੰਗ - 1369***

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥***
***ਅੰਗ - 1371***

***ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥***
***ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥***
***ਅੰਗ - 965***

***ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।***
***ਕਲਰਿ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ।***
***ਟੁਟੀ ਪੀਘੈ ਪੀਘੀਐ ਪੈ ਟੋਏ ਮਰੀਐ।***
***ਕੰਨਾ ਫੜਿ ਮਨਤਾਰੂਆ ਕਿਉ ਦੁਤਰੁ ਤਰੀਐ।***
***ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ।***
***ਤਿਉ ਠਗ ਸੰਗਤਿ ਬੇਮੁਖਾ ਜੀਅ ਜੋਖਹੁ ਡਰੀਐ।***
***ਭਾਈ ਗੁਰਦਾਸ ਜੀ, ਵਾਰ 34/12***

ਕੁਸੰਗ ਦਾ ਅਸਰ ਹੋ ਗਿਆ -

***ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ਅੰਗ - 1369***

ਸਭ ਕਰਮ ਧਰਮ ਭੁੱਲ ਗਿਆ, ਸਭ ਗਿਆਨ ਭੁੱਲ ਗਿਆ, ਸਭ ਉਪਦੇਸ਼ ਭੁੱਲ ਗਿਆ। ਇੱਕ ਤਾਂ ਬੰਦਾ ਹੁੰਦਾ ਹੈ ਭੁੱਲਿਆ ਹੋਇਆ, ਉਹ ਮਾੜਾ ਨਹੀਂ ਹੋਇਆ ਕਰਦਾ, ਇੱਕ ਜਾਣ ਕੇ ਭੁੱਲਿਆ ਹੋਇਆ ਹੁੰਦਾ ਹੈ, ਸਭ ਕੁਛ ਜਾਣਦਾ ਹੋਇਆ ਕਹਿੰਦੇ ਸਭ ਕੁਛ ਜਾਣਦਾ ਹੈ -

***ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥***
***ਅੰਗ - 1376***

ਜਾਣਦਾ ਹੈ ਸਾਰੀ ਗੱਲ ਤੇ ਫੇਰ ਅਉਗਣ ਕਰਦਾ ਹੈ -

***ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ ਅੰਗ - 1376***

ਹੱਥ ਦੇ ਵਿੱਚ ਟਾਰਚ ਹੈ ਫੇਰ ਖੂਹ ਵਿੱਚ ਗਿਰ ਪਵੇ, ਕਹਿੰਦੇ ਉਹਦੀ ਕੁਸ਼ਲਤਾ ਕੀ ਪੁੱਛਣੀ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।***
***ਭਾਈ ਗੁਰਦਾਸ ਜੀ, ਵਾਰ 11/20***

ਉਹਦੇ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਗਿਆ। ਪਿਤਾ ਨੇ ਬੇਦਾਵਾ ਦੇ ਦਿੱਤਾ, ਰਾਜੇ ਨੇ ਹੁਕਮ ਦੇ ਦਿੱਤਾ ਕਿ ਬਾਹਰ ਕੱਢ ਦਿਓ, ਇਹਨੂੰ ਦੇਖ ਕੇ ਹੋਰ ਵੀ ਭ੍ਰਿਸ਼ਟ ਹੋਣਗੇ। ਬਾਹਰ ਚਲਿਆ ਗਿਆ ਤੇ ਉਥੇ ਜਾ ਕੇ ਸਭ ਕਰਮ ਧਰਮ ਭੁੱਲ ਗਏ, ਇੱਕ ਜਾਲ ਬਣਾਇਆ, ਦਾਣੇ ਲੈ ਲਿਆ ਕਰੇ ਚੌਲਾਂ ਦੇ, ਚੌਲ ਜਾ ਕੇ ਵਿਛਾ ਦਿਆ ਕਰੇ, ਉਤੇ ਜਾਲ ਪਾ ਦਿਆ ਕਰੇ। ਪੰਛੀ ਆ ਜਾਇਆ ਕਰਨ, ਜਾਲ 'ਚ ਫਸ ਜਾਇਆ ਕਰਨ। ਸ਼ਾਮ ਨੂੰ ਜਿੰਨੇ ਕੁ ਫਸੇ ਹੋਣੇ, ਇਕੱਠੇ ਕਰਕੇ ਲੈ ਆਉਣੇ ਮੋਢੇ 'ਤੇ ਧਰ ਕੇ। ਬਜ਼ਾਰ 'ਚ ਜਾ ਬੈਠਣਾ ਤੇ ਉਥੇ ਰਸਤੇ ਦੇ ਉਤੇ ਵੇਚੀ ਜਾਣਾ, ਜਿਹੜੇ ਐਸੇ ਸੀ ਲੋਕ -

***ਅਸੰਖ ਮਲੇਛ ਮਲੁ ਭਖਿ ਖਾਹਿ ॥ ਅੰਗ - 4***

ਉਹ ਐਸੇ ਜਿਹੜੇ ਸੀ ਉਹ ਲੈ ਜਾਇਆ ਕਰਦੇ ਸੀ। ਬਾਕੀ ਬਚਦੇ ਇਹ ਘਰ ਲਿਆਇਆ ਕਰਦਾ ਸੀ। ਭੋਗਾਂ ਦੀ ਜ਼ਿੰਦਗੀ ਸ਼ੁਰੂ ਹੋ ਗਈ ਉਸਦੇ, ਛੇ ਪੁੱਤਰ ਪੈਦਾ ਹੋ ਗਏ ਉਸਦੇ-

***ਬਿਰਥਾ ਜਨਮੁ ਗਵਾਇਅਨੁ ਭਵਜਲੁ ਅੰਦਰਿ ਫਿਰਦਾ ਵਹਿਆ।***
***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।***
***ਭਾਈ ਗੁਰਦਾਸ ਜੀ, ਵਾਰ 11/20***

ਖੋਟੀ ਮਤ ਆ ਗਈ, ਪਾਪ ਕਰਨੇ ਸ਼ੁਰੂ ਕਰ ਦਿੱਤੇ ਤੇ ਬਿਰਥਾ ਜਨਮ ਜਾਣ ਲੱਗ ਗਿਆ, ਭਵਜਲ 'ਚ ਰੁੜਿਆ ਫਿਰਦਾ ਹੈ। ਛੇ ਪੁੱਤਰ ਹੋ ਗਏ ਹੁਣ ਘਰ 'ਚ ਭੋਗਾਂ ਦਾ ਆਖਰੀ ਪੁਆਇੰਟ ਜਿਹਾ ਆ ਜਾਂਦਾ ਹੈ। ਉਸ ਵੇਲੇ ਇੱਕ ਦੂਜੇ ਨੂੰ ਦੇਖਣਾ ਕੋਈ ਪਸੰਦ ਨਹੀਂ ਕਰਦਾ। ਓਨੀਓਂ ਦੁਸ਼ਮਣੀ ਪੈ ਜਾਂਦੀ ਹੈ, ਕੁਦਰਤੀ ਤੌਰ 'ਤੇ ਹੈ ਇਹ ਭੋਗਾਂ ਦੀ। ਨਫਰਤ ਹੋ ਜਾਂਦੀ ਹੈ ਅੰਦਰੋਂ। ਐਸੀ ਨਫਰਤ ਹੋਈ ਇੱਕ ਮਿੰਟ ਵਾਸਤੇ ਦੋਵੇਂ ਰਹਿਣ ਨੂੰ ਤਿਆਰ ਨਾ, ਉਹ ਉਹਨੂੰ ਗਾਲ੍ਹਾਂ ਕੱਢੇ, ਉਹ ਉਹਨੂੰ। ਅਖੀਰ ਇਹਨੇ ਸੋਚਿਆ ਕਿ ਇਹਦੇ ਨਾਲੋਂ ਤਾਂ ਚੰਗਾ ਹੈ ਕਿ ਜੀਵਨ ਹੀ ਮੈਂ ਆਪਣਾ ਖਤਮ ਕਰ ਲਵਾਂ। ਉਸ ਵੇਲੇ ਜਦੋਂ ਜਾਂਦਾ ਹੈ, ਜਾਂਦੇ-ਜਾਂਦੇ ਰਸਤੇ 'ਚ ਕੀ ਦੇਖਦਾ ਹੈ ਧੂੜ ਉਡਦੀ ਹੈ, ਨਿਗ੍ਹਾ ਮਾਰੀ ਤਾਂ ਦੇਖਿਆ ਕਿ ਕੋਈ ਸਾਧੂ ਆ ਰਿਹਾ ਹੈ। ਸਾਧੂ ਦਾ ਦਰਸ਼ਨ ਕਰਦੇ ਸਾਰ ਇਹਦੇ ਅੰਦਰ

vibration (ਝਰਨਾਹਟ) ਸ਼ੁਰੂ ਹੋ ਗਈ। ਪਾਪ ਨੱਠਣੇ ਸ਼ੁਰੂ ਹੋ ਗਏ, ਕਿਉਂਕਿ ਇਹਦੇ ਵਿੱਚ ਇਹ ਅਸਰ ਹੋਇਆ ਕਰਦਾ ਹੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ – 520***

ਉਨ੍ਹਾਂ ਦੇ ਦਰਸ਼ਨ ਨਾਲ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਂਦਾ ਹੈ। ਇਹਦੇ ਪਾਪ ਕੰਬਣੇ ਸ਼ੁਰੂ ਹੋ ਗਏ, ਦ੍ਰਿੜ੍ਹਤਾ ਆ ਗਈ ਮਨ 'ਚ ਕਿ ਮਨਾਂ ਮਰਨਾ ਤਾਂ ਹੈ ਹੀ, ਮੈਂ ਕਿਉਂ ਨਾ ਨਮਸ਼ਕਾਰ ਕਰ ਜਾਵਾਂ, ਜਦੋਂ ਨੇੜੇ ਆਏ ਤਾਂ ਪਛਾਣ ਲਿਆ ਕਿ ਇਹ ਤਾਂ ਮੇਰੇ ਗੁਰੂ ਨੇ। ਉਸ ਵੇਲੇ ਉਹਦੀ ਜ਼ਮੀਰ ਨੇ ਲਾਹਨਤਾਂ ਪਾਉਣੀਆਂ ਸ਼ੁਰੂ ਕਰੀਆਂ ਕਿ ਕੀ ਖੱਟਿਆ ਤੂੰ ਬਚਨ ਤੋਂ ਬੇਮੁਖ ਹੋ ਕੇ ਕਿ ਬੇਮੁਖ ਦੀ ਤਾਂ ਹੱਤਿਆ ਹੀ ਨਹੀਂ ਕਿਤੇ ਲਹਿੰਦੀ। ਕੋਈ ਥਾਂ ਨਹੀਂ ਹੈ ਜਿਹੜਾ ਬੇਮੁਖ ਦੀ ਹੱਤਿਆ ਨੂੰ ਲਾਹ ਦੇਵੇ ਇਸ ਤਰ੍ਹਾਂ ਕਹਿੰਦੇ ਨੇ –

***ਧਾਰਨਾ – ਤੇਰੀ ਹੱਤਿਆ ਕਿਤੇ ਨਾ ਬਈ ਲਹਿਣੀ,***
***ਬੇਮੁਖ ਹੋ ਗਿਆ ਨਾਮ ਤੋਂ।***

***ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੈ।***
***ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।***
***ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।***
***ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।***
***ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।***
***ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ।***

***ਭਾਈ ਗੁਰਦਾਸ ਜੀ, ਵਾਰ 34/17***

***ਬਾਮ੍ਹਣ ਗਾਈ ਵੰਸ ਘਾਤ ਅਪਰਾਧ ਕਰਾਰੇ।***
***ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।***
***ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।***
***ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।***
***ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।***
***ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ।***

***ਭਾਈ ਗੁਰਦਾਸ ਜੀ, ਵਾਰ 34/16***

ਧਿਆਨ ਆਉਂਦਾ ਹੈ ਕਿ ਮੈਂ ਐਡਾ ਬੱਜਰ ਪਾਪ ਕਰ ਲਿਆ ਨਾ ਗੰਗਾ 'ਤੇ, ਨਾ ਗੋਦਾਵਰੀ, ਨਾ ਕੁਲਖੇਤ੍ਰ, ਨਾ ਮਥੁਰਾ, ਨਾ ਕਾਸ਼ੀ, ਨਾ ਕੇਦਾਰੁ, ਨਾ ਗਇਆ, ਨਾ ਪਰਾਗਰਾਜ, ਨਾ ਸਰਸੁਤੀ, ਨਾ ਗੋਮਤੀ, ਨਾ ਕੋਈ ਜਪ ਨਾ ਕੋਈ ਤਪ, ਨਾ ਕੋਈ ਸੰਜਮ ਨਾ ਕੋਈ ਹੋਮ, ਨਾ ਕੋਈ ਯੱਗ; ਜੇ ਅੱਖਾਂ ਦੇ ਭਾਰ ਹੋ ਕੇ ਵੀ ਤੁਰਾਂ ਮੈਂ, ਸਿਰ ਦੇ ਭਾਰ ਤਾਂ ਆਦਮੀ ਤੁਰ ਲੈਂਦਾ ਹੈ ਅੱਖਾਂ ਦੇ ਭਾਰ ਤਾਂ ਕੋਈ ਤੁਰ ਨਹੀਂ ਸਕਦਾ ਜੇ ਮੇਰੇ 'ਚ ਇਹ ਵੀ ਸ਼ਕਤੀ ਹੋਵੇ ਸਾਰੀ ਧਰਤੀ ਦਾ ਮੈਂ ਪ੍ਰਕਰਮਾ ਕਰ ਦੇਵਾਂ ਅੱਖਾਂ ਦੇ ਭਾਰ ਚੱਲ ਕੇ। ਤਾਂ ਵੀ ਮੇਰੀ ਜਿਹੜੀ ਹੱਤਿਆ ਹੈ ਇਹ ਨਹੀਂ ਉਤਰਨੀ, ਮੈਂ ਬੜਾ ਮਾੜਾ ਕੰਮ ਕਰਿਆ ਹੈ। ਛੇ ਹੱਤਿਆ ਗਿਣੀਆਂ ਨੇ।

ਸੋਚਦਾ ਹੈ ਕਿ ਐਡਾ ਪਾਪੀ ਮੈਂ, ਮੇਰੇ ਤਾਂ ਗੁਰੂ ਆ ਰਹੇ ਨੇ ਸਾਮ੍ਹਣੇ। ਉਸ ਵੇਲੇ ਅੰਦਰੋਂ ਰੋਣ ਦੀ ਆਵਾਜ਼ ਨਿਕਲ ਗਈ, ਧਾ ਕੇ ਜਾ ਕੇ ਚਰਨਾਂ 'ਤੇ ਪੈ ਗਿਆ ਕਹਿੰਦਾ ਮਹਾਰਾਜ! ਮੇਰੇ ਵਰਗਾ ਪਤਿਤ ਕੋਈ ਨਹੀਂ। ਮੇਰੇ ਵਰਗਾ ਮਾੜਾ ਦੁਨੀਆਂ 'ਚ ਕੋਈ ਨਹੀਂ। ਜਿਹਨੇ ਉਹ ਗੁਨਾਹ ਕਰਿਆ ਹੈ ਜਿਹੜਾ ਕਿਤੇ ਬਖਸ਼ਿਆ ਹੀ ਨਹੀਂ ਜਾਂਦਾ। ਮੈਂ ਤੁਹਾਡੇ ਤੋਂ ਬੇਮੁਖ ਹੋ ਗਿਆ। ਕਹਿੰਦੇ, ਬੇਟਾ! ਤੂੰ ਕੌਣ ਹੈਂ, ਮੈਂ ਤਾਂ ਤੈਨੂੰ ਪਛਾਣਦਾ ਨਹੀਂ? ਕਹਿਣ ਲੱਗਿਆ, ਮੈਂ ਅਜਾਮਲ ਪਾਪੀ, ਮੈਨੂੰ ਪਤਿਤ ਅਜਾਮਲ ਕਹਿੰਦੇ ਨੇ ਸਾਰੇ। ਦਿਲਾਸਾ ਦਿੱਤਾ ਮਹਾਤਮਾ ਨੇ, ਬੇਟਾ! ਐਸ ਤਰ੍ਹਾਂ ਨਾ ਤੂੰ ਕਹਿ ਕਿ ਮੈਂ ਪਾਪੀ ਹਾਂ, ਕਿਉਂਕਿ ਵੇਦ, ਸ਼ਾਸਤਰ ਸਭ ਥਾਂ ਦੇ ਉਤੇ ਲਿਖਿਆ ਹੋਇਆ ਹੈ ਕਿ ਜਿੰਨੀ ਦੇਰ ਤੱਕ ਪੂਰੇ ਭਾਗ ਨਹੀਂ ਨਾ ਜਾਗਦੇ, ਸੰਤਾਂ ਦਾ ਦਰਸ਼ਨ ਨਾ ਹੋਏਗਾ ਕਦੇ ਵੀ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ – 204***

ਤੇਰੇ ਪੁੰਨ ਕਰਮ ਬਾਕੀ ਨੇ, ਜਿਹੜਾ ਤੂੰ ਫੇਰ ਮਹਾਤਮਾ ਦੇ ਵਿੱਚ ਆ ਗਿਆ, ਉੱਠ ਹੌਂਸਲਾ ਨਾ ਛੱਡ। ਤੇਰੇ ਪੁੰਨ ਬਚਦੇ ਨੇ ਅਜੇ ਸਾਰੇ ਨਾਸ਼ ਨਹੀਂ ਹੋਏ। ਐਡਾ ਪੁੰਨਾਂ ਦਾ ਅੰਬਾਰ ਹੈ ਤੇਰਾ ਅਜੇ ਜਲਿਆ ਨਹੀਂ, ਬਚੇ ਪਏ ਨੇ ਤੇਰੇ ਪੁੰਨ। ਜਾਹ, ਤੂੰ ਉਦਾਸ ਨਾ ਹੋ।

ਕਹਿਣ ਲੱਗਿਆ, ਬਾਬਾ! ਮੇਰੇ ਤਾਂ ਛੇ ਪਾਪ ਦੇ ਫਲ ਲਗ ਚੁੱਕੇ ਨੇ, ਮੈਂ ਉਦਾਸ ਕਿਉਂ ਨਾ ਹੋਵਾਂ। ਘਰ 'ਚ ਕੋਈ ਪੁੱਛਦਾ ਨਹੀਂ, ਮਰਨ ਜਾ ਰਿਹਾ ਹਾਂ ਮੈਂ।

ਨਾ ਬੇਟਾ! ਆਤਮ ਹੱਤਿਆ ਨਹੀਂ ਕਰੀਦੀ। ਇਹ ਕਰਮ ਤੈਨੂੰ ਦੁਬਾਰਾ ਭੋਗਣਾ ਪੈਣਾ ਹੈ ਫੇਰ ਮੁੜ ਕੇ, ਚਾਹੇ ਹੁਣੇ ਭੋਗ ਲੈ ਚਾਹੇ ਫੇਰ ਭੋਗ ਲਈਂ। ਕਹਿੰਦੇ ਜਾਹ, ਸੱਤਵਾਂ ਪੁੱਤਰ ਆਏਗਾ ਤੇਰੇ, ਉਹ ਸਾਡੇ ਕੋਲ ਲੈ ਕੇ ਆਈਂ –

***ਛਿਅ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇਛੇ ਲਹਿਆ।***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਭਾਈ ਗੁਰਦਾਸ ਜੀ, ਵਾਰ 11/20***

ਪੁੱਤਰ ਨੂੰ ਲੈ ਕੇ ਗੁਰੂ ਦੁਆਰੇ ਪਹੁੰਚ ਜਾਂਦਾ ਹੈ –

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***
***ਭਾਈ ਗੁਰਦਾਸ ਜੀ, ਵਾਰ 11/20***

ਕਹਿਣ ਲੱਗਿਆ, ਮਹਾਰਾਜ! ਮੈਂ ਸੱਤਵੇਂ ਪਾਪ ਦਾ ਨਾਉਂ ਰਖਾਉਣਾ ਹੈ। ਕਹਿੰਦੇ, ਬੇਟਾ! ਅਸੀਂ ਇਹਦਾ ਨਾਉਂ ਨਰਾਇਣ ਰੱਖਦੇ ਹਾਂ, ਨਾਲੇ ਤਾਂ ਪ੍ਰਮੇਸ਼ਰ ਚਿੱਤ ਆ ਜਾਇਆ ਕਰੇਗਾ ਤੇਰੇ ਕਦੇ ਨਾ ਕਦੇ। ਇਹਨੂੰ ਜ਼ਿਆਦਾ ਪਿਆਰ ਕਰੀਂ, ਨਾਉਂ ਲਈ ਜਾਈਂ। ਸੋ ਬਚਨ ਮੰਨਿਆ। ਬਚਨ ਮੰਨ ਕੇ ਉਸੇ ਵੇਲੇ ਘਰ ਨੂੰ ਆ ਜਾਂਦਾ ਹੈ। ਉਦਾਸ ਬਹੁਤ ਹੈ, ਮਨ ਦੇ

ਅੰਦਰ ਮਹਾਂਪੁਰਸ਼ਾਂ ਦੇ ਦਰਸ਼ਨ ਦਾ ਅਸਰ ਹੋ ਚੁੱਕਿਆ ਹੈ, ਚਿੱਤ ਖਿੱਚ ਖਾਂਦਾ ਹੈ ਲੇਕਿਨ ਪਾਪਾਂ ਦਾ ਬਲ ਐਨਾ ਹੈ ਕਿ ਜਾ ਨਹੀਂ ਸਕਦਾ ਦਰਸ਼ਨਾਂ ਨੂੰ। ਲੇਕਿਨ ਉਨ੍ਹਾਂ ਦਾ ਰੱਖਿਆ ਹੋਇਆ ਨਾਉਂ ਨਰਾਇਣ-ਨਰਾਇਣ ਕਰੀ ਜਾਂਦਾ ਹੈ। ਘਰਵਾਲੀ ਵੀ ਕਹਿੰਦੀ ਹੈ ਕਿ ਤੈਨੂੰ ਹੋਰ ਕੋਈ ਕੰਮ ਹੀ ਨਹੀਂ ਹੈ? ਸਾਰਾ ਦਿਨ ਜਦੋਂ ਦੇਖੋ ਨਰਾਇਣ-ਨਰਾਇਣ।

ਅਖੀਰ ਉਹ ਸਮਾਂ ਆ ਗਿਆ ਜਿਹੜਾ ਸਾਰਿਆਂ 'ਤੇ ਆਉਣਾ ਹੈ -

***ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥***

***ਅੰਗ - 1429***

ਜਾਣਾ ਹੀ ਜਾਣਾ ਹੈ ਸੰਸਾਰ ਤੇ ਰਹਿਣਾ ਨਹੀਂ ਹੈ। ਸਭ ਨੇ ਜਾਣਾ ਹੈ, ਕੋਈ ਅੱਜ ਚਲਿਆ ਜਾਊ, ਕੋਈ ਕੱਲ, ਕੋਈ ਪਰਸੋਂ ਚਲਿਆ ਜਾਊ। ਨਾ ਆਉਣ ਵਾਲਿਆਂ ਦਾ ਪ੍ਰਵਾਹ ਰੁਕਦਾ ਹੈ, ਨਾ ਜਾਣ ਵਾਲਿਆਂ ਦਾ ਪਰਵਾਹ ਰੁਕਦਾ ਹੈ। ਇਹ ਤਾਂ ਇੱਕ ਦਰਿਆ ਵਹਿ ਰਿਹਾ ਹੈ, ਵਹਿੰਦਾ ਹੀ ਚਲਿਆ ਜਾਂਦਾ ਹੈ। ਇਹਦੇ ਵਿੱਚ ਛੋਟਾ ਵੱਡਾ ਕੋਈ ਨਹੀਂ -

***ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,***
***ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ।***
***ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ,***
***ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ।***
***ਮਾਨ ਸੇ ਮਹੀਪ ਔ ਦਿਲੀਪ ਕੈ ਸੇ ਛਤ੍ਰਧਾਰੀ,***
***ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ।***
***ਦਾਰਾ ਸੇ ਦਿਲੀਸਰ, ਦ੍ਰਜੋਧਨ ਸੇ ਮਾਨਧਾਰੀ,***
***ਭੋਗ ਭੋਗ ਭੂਮ, ਅੰਤ ਭੂੰਮ ਮੈ ਮਿਲਤ ਹੈਂ॥ ਕਬਿੱਤ 78***

ਸਭ ਲੰਘ ਗਏ, ਸ਼ਿਵ ਜੀ ਲੰਘ ਗਏ, ਵੱਡੇ-ਵੱਡੇ ਅਵਤਾਰ ਲੰਘ ਗਏ। ਕੋਈ ਸੰਸਾਰ 'ਤੇ ਦਿਸਦਾ ਨਹੀਂ, ਇਹ ਸਮਾਂ ਸਭ 'ਤੇ ਆਉਣਾ ਹੈ, ਕੋਈ ਨਹੀਂ ਬਚ ਸਕਦਾ ਹੈ ਕਿਉਂਕਿ -

***ਕਾਲ ਤੇ ਬਨਾਏ ਸਭ ਕਾਲ ਹੀ ਚਬਾਇੰਗੇ।***

ਜਿਹੜਾ ਕਾਲ ਨੇ ਬਣਾ ਦਿੱਤਾ, ਸਮੇਂ ਨੇ ਇਹਨੂੰ ਖਾ ਹੀ ਜਾਣਾ ਹੈ। ਸੋ ਸਾਮ੍ਹਣੇ ਕੀ ਦੇਖਦਾ ਹੈ, ਪਾਪਾਂ ਦਾ ਫਲ ਆ ਗਿਆ, ਜਮਦੂਤ ਆ ਗਏ। ਜਮਦੂਤ ਜਿਸ ਵਕਤ ਦੇਖੇ ਡਰ ਗਿਆ ਉਸ ਵੇਲੇ। ਬੱਚਾ ਨੇੜੇ ਖੇਲ੍ਹਦਾ ਸੀ -

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***

***ਭਾਈ ਗੁਰਦਾਸ ਜੀ, ਵਾਰ 11/20***

ਆਵਾਜ਼ ਮਾਰੀ ਪੁੱਤਰ ਨਰਾਇਣ! ਕਹਿੰਦੇ ਸਾਰ ਮਹਾਤਮਾ ਦੇ ਦਰਸ਼ਨ ਦਾ ਜੋ ਫਲ ਸੀ, reserve ਪਿਆ ਉਹ ਉਸੇ ਵੇਲੇ ਫਲ ਦੇਣ ਨੂੰ ਤਿਆਰ ਹੋ ਗਿਆ। ਕਿਉਂਕਿ ਕਰਮ ਸਾਡੇ ਹੁੰਦੇ ਨੇ ਫਲ ਕਦੇ ਦਿੰਦੇ ਨੇ ਆਪਣੇ ਸਮੇਂ ਦੇ ਮੁਤਾਬਿਕ। ਅੱਜ ਸਮਾਂ ਆ ਗਿਆ ਕਿ ਉਹ ਜਿਹੜਾ ਦਰਸ਼ਨ

ਕੀਤਾ ਸੀ ਮਹਾਤਮਾ ਦਾ, ਉਹਦਾ ਫਲ ਉਹਨੂੰ ਲੱਗੇ। ਉਹ ਫਲ ਕੀ ਲੱਗਿਆ, ਵਾਹਿਗੁਰੂ ਵਿੱਚ ਧਿਆਨ ਚਲਿਆ ਗਿਆ। ਜਾਣਦਾ ਤਾਂ ਸਭ ਕੁਛ ਸੀ, ਜਾਣ ਕੇ ਮਕਰਾ ਹੋਇਆ ਹੋਇਆ ਸੀ। ਉਸ ਵੇਲੇ ਸੱਚਮੁੱਚ ਜਮਦੂਤਾਂ ਨੂੰ ਦੇਖ ਕੇ ਮੋਹ ਮਾਇਆ ਤੋਂ ਉੱਚਾ ਹੋ ਕੇ ਪ੍ਰਮੇਸ਼ਰ ਨੂੰ ਆਵਾਜ਼ ਮਾਰ ਦਿੱਤੀ –

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***

***ਅੰਗ – 981***

ਉਹ ਜਿਹੜੀ ਅੱਧੇ ਸਾਹ ਦੀ ਭਾਵਨੀ ਸੀ, ਕਿੰਨਾ ਕੁ ਹਿਸਾਬ ਲਾ ਕੇ ਦੇਖ ਲਓ, ਬਾਰ੍ਹਾਂ ਸਾਹ ਆਉਂਦੇ ਨੇ ਇੱਕ ਬੰਦੇ ਨੂੰ, ਬੈਠੇ ਨੂੰ; ਤੁਰਦੇ ਨੂੰ ਆਉਂਦੇ ਨੇ 18, ਰੋਟੀ ਖਾਣ ਤੋਂ ਬਾਅਦ ਆਇਆ ਕਰਦੇ ਨੇ ਸੁੱਤੇ ਨੂੰ 24, ਭੋਗਾਂ ਦੇ ਵਿੱਚ ਆਇਆ ਕਰਦੇ ਨੇ 64; ਇਹਦਾ ਮਤਲਬ ਹੈ ਕਿ ਪੰਜ ਸੈਕਿੰਡ 'ਚ ਇੱਕ ਸਾਹ ਆਉਂਦਾ ਹੈ। ਉਹ ਢਾਈ ਸੈਕਿੰਡ 'ਚ ਤਾਂ ਅੰਦਰ ਚਲਿਆ ਗਿਆ, ਉਹ ਜਦੋਂ ਨਰਾਇਣ ਕਹਿ ਕੇ ਸਾਹ ਬਾਹਰ ਨਿਕਲਣ ਲੱਗਿਆ, ਬਾਹਰ ਨੂੰ ਤਾਂ ਬੋਲ ਨਹੀਂ ਹੁੰਦਾ, ਸਾਹ ਕੱਢ ਕੇ ਬੋਲ ਲਓ ਕੋਈ। ਉਹ ਜਿਹੜਾ ਵਕਫਾ ਮਿਲਿਆ ਢਾਈ ਸੈਕਿੰਡ ਦਾ, ਇਹ ਤਾਂ ਮੇਰਾ ਹਿਸਾਬ ਹੈ। ਮਹਾਰਾਜ ਕਹਿੰਦੇ ਇੱਕ ਨਿਮਖ, ਸੈਕਿੰਡ ਦਾ ਪੰਦਰਵਾਂ ਹਿੱਸਾ, ਐਨਾ ਕੁ ਸਮਾਂ ਮਿਲਿਆ –

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***

***ਅੰਗ – 632***

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***

***ਅੰਗ – 902***

ਛਿਨ ਦੇ ਵਿੱਚ ਅੱਖ ਝਮਕਣ ਤੋਂ ਪੰਦਰਵਾਂ ਹਿੱਸਾ ਘੱਟ। ਆਹ ਜਿੱਥੇ ਖੇਡਦੇ ਹੁੰਦੇ ਨੇ ਖੇਡਣ ਵਾਲਿਆਂ ਦੇ ਇੱਕ ਸਕਿੰਟ ਦੀ ਵੀ ਸੂਈ ਲਾਈ ਹੁੰਦੀ ਹੈ, ਸੌ ਨੰਬਰ ਲਾ ਕੇ। ਉਹਦੇ 'ਚ ਪਤਾ ਲੱਗ ਜਾਂਦਾ ਹੈ ਕਿ ਕਿੰਨਾ ਕੁ ਸਮਾਂ ਹੁੰਦਾ ਹੈ, ਮਾੜਾ ਜਿਹਾ ਹੀ ਹੁੰਦਾ ਹੈ। ਐਨਾ ਚਿਰ ਦੇ ਵਿੱਚ ਉਹਦਾ ਧਿਆਨ ਭਾਵਨਾ ਨਾਲ ਪ੍ਰਮੇਸ਼ਰ ਦੇ ਵਿੱਚ ਚਲਿਆ ਗਿਆ। ਕਹਿੰਦੇ –

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥***

***ਅੰਗ – 981***

ਉਸੇ ਵੇਲੇ ਉਹਦਾ ਪਿਆਰ ਜਿਹੜਾ ਸੀ ਭਾਅ ਗਿਆ ਪ੍ਰਮੇਸ਼ਰ ਨੂੰ। ਕਰਿਆ ਕੀ? ਜਿਹੜੇ ਜਮ ਆ ਕੇ ਫੜਨ ਲੱਗੇ ਸੀ, ਉਹ ਨਠਾ ਦਿੱਤੇ –

***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ।***

***ਭਾਈ ਗੁਰਦਾਸ ਜੀ, ਵਾਰ 11/20***

ਦੁੱਖਾਂ ਦਾ ਡੇਰਾ ਢਾਹ ਦਿੱਤਾ ਪ੍ਰਮੇਸ਼ਰ ਦੇ ਨਾਮ ਨੇ। ਮਹਾਰਾਜ ਕਹਿੰਦੇ ਪਿਆਰਿਓ –

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥* *ਅੰਗ - 265*

ਇਹ ਕੇਵਲ ਸੰਤਾਂ ਨੂੰ ਪਤਾ ਹੈ ਕਿ ਨਾਮ ਕੀ ਚੀਜ਼ ਹੈ। ਸੰਸਾਰ ਇਹਦੇ ਵਲ ਧਿਆਨ ਨਹੀਂ ਦਿੰਦਾ ਤੇ ਅਖੀਰ ਦੇ ਵਿੱਚ ਸਾਨੂੰ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ -

*ਧਾਰਨਾ - ਤੂੰ ਵੀ ਤਰ ਜਾਏਂਗਾ, ਭਜ ਲੈ ਗੋਬਿੰਦ ਨੂੰ।*

*ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥*
*ਅੰਗ - 632*

ਤੂੰ ਕਿਉਂ ਨਹੀਂ ਭਜਦਾ ਬਈ, ਸੋ ਇਸ ਦੇ ਨਾਲ ਪ੍ਰਮੇਸ਼ਰ ਨਾਮ ਤੇ ਉਹਦੀ ਮਹਿਮਾ, ਕਿੰਨੀ ਵੱਡੀ ਹੈ ਲੇਕਿਨ ਅਸੀਂ ਕਿੰਨਾਂ ਭੁੱਲੇ ਰਹਿੰਦੇ ਹਾਂ। ਚਿੱਤ ਚੇਤੇ ਨਹੀਂ ਆਉਂਦਾ, ਸਾਰਾ ਦਿਨ ਲੰਘ ਜਾਂਦਾ ਹੈ, ਖਾਂਦਿਆਂ ਪੀਂਦਿਆਂ, ਗੱਲਾਂ ਕਰਦਿਆਂ, ਬਾਲ-ਬੱਚਿਆਂ ਨਾਲ ਬੋਲਦਿਆ ਚਾਲਦਿਆਂ; ਪਰ ਕੀ ਮਜ਼ਾਲ ਉਹ ਵਾਹਿਗੁਰੂ ਜਿਹੜਾ ਸਾਡੇ ਅੰਗ ਸੰਗ ਨਾਲ ਵਸਦਾ ਹੈ, ਹਰ ਵਕਤ ਹੀ ਸਾਡਾ ਧਿਆਨ ਰੱਖਦਾ ਹੈ, ਉਹਨੂੰ ਯਾਦ ਕਰਿਆ ਹੋਵੇ। ਅਸੀਂ ਨਹੀਂ ਆਪਣਾ ਧਿਆਨ ਰੱਖਦੇ ਉਹ ਰੱਖਦਾ ਹੈ -

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ ॥*
*ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ ॥*
*ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ ॥*
*ਔਰ ਕੀ ਬਾਤ ਕਹਾ ਕਹ ਤੋ ਸੋਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥* *ਅਕਾਲ ਉਸਤਤਿ*

ਤੂੰ ਉਹਨੂੰ ਭੁੱਲ ਗਿਆ? ਕਹਿੰਦੇ ਨਾ, ਉਹਦਾ ਨਾਮ ਐਡਾ ਸ਼ਕਤੀਸ਼ਾਲ, ਜੇ ਇੱਕ ਵਾਰੀ ਵੀ ਤੂੰ ਕਹਿ ਦੇਵੇਂ ਦਿਲ ਦੇ ਨਾਲ-

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਇੱਕ ਚਿੱਤ ਹੋ ਕੇ। ਤਿੰਨ ਜਿਹੜੀਆਂ ਬਿਰਤੀਆਂ ਨੇ ਉਨ੍ਹਾਂ ਨੂੰ ਪਾਸੇ ਹਟਾ ਕੇ, ਇਕਾਗਰ ਚਿੱਤ ਹੋ ਕੇ ਜੇ ਤੂੰ ਇੱਕ ਵਾਰੀ ਵੀ ਜੇ ਕਹਿ ਲਵੇਂ, ਮਹਾਰਾਜ ਸਾਨੂੰ ਲਾਰੇ 'ਚ ਤਾਂ ਨਹੀਂ ਲਾਉਂਦੇ, ਇਹ ਸਤਿ ਦੀ ਬਾਤ ਕਰਦੇ ਨੇ। ਕਹਿੰਦੇ ਫੇਰ ਵੀ ਤੇਰੇ ਗਲ 'ਚੋਂ ਕਾਲ ਦੀ ਫਾਂਸੀ ਗਲ 'ਚੋਂ ਲਹਿ ਜਾਏਗੀ। ਐਸਾ ਨਾਮ ਜਿਹੜਾ ਹੈ ਉਹ ਸਾਨੂੰ ਪਿਆਰਾ ਨਹੀਂ ਲਗਦਾ। ਹੋਰ ਚੀਜ਼ਾਂ ਪਿਆਰੀਆਂ ਲਗਦੀਆ ਨੇ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - 267*

ਸੋ ਇਸ ਕਰਕੇ ਜੋ ਮਹਾਰਾਜ ਦਾ ਉਪਦੇਸ਼ ਹੈ ਉਹਨੂੰ ਹਿਰਦੇ 'ਚ ਵਸਾਉਣ ਦਾ ਯਤਨ ਕਰੋ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਭਗਤ ਸਧਨਾ ਜੀ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ਅੰਗ - 289*

*ਧਾਰਨਾ - ਪ੍ਰੀਤਮ ਮੇਰਾ ਪਿਆਰਾ ਕੋਈ ਆਣ ਕੇ ਮਿਲਾਵੈ।*

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ 1 ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ 1 ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ 2 ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ 3 ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ 4 ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ 5 ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥ ਅੰਗ - 757*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ। ਦੂਰ-ਦਰਾਜ਼ ਤੋਂ ਆਪ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਥੋੜ੍ਹੀ ਦੇਰ ਮਨ ਦੀਆਂ ਬਿਰਤੀਆਂ ਰੋਕ ਕੇ ਫੁਰਨੇ ਰੋਕ ਕੇ ਗੁਰਮਤਿ ਵਿਚਾਰਾਂ ਸਰਵਣ ਕਰੋ, ਉਨ੍ਹਾਂ ਦਾ ਮੰਨਣ ਕਰੋ, ਹਿਰਦੇ 'ਚ ਧਾਰਨ ਕਰੋ। ਤੁਹਾਡੀ ਯਾਤਰਾ ਸਫਲ ਹੋਏਗੀ ਤੇ ਮਨਵਾਂਛਤ ਫਲ ਗੁਰੂ ਮਹਾਰਾਜ ਦੇਣਗੇ। ਮਨੁੱਖ ਦਾ ਜਨਮ ਬਹੁਤ ਹੀ ਕੀਮਤੀ ਹੈ, ਇਹ ਅਚਾਨਕ ਨਹੀਂ ਸਾਨੂੰ ਮਿਲਿਆ। ਬਹੁਤ ਚੱਕਰ ਲੱਗਣ ਤੋਂ ਬਾਅਦ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ - 631*

ਬੜੇ ਜੁਗ ਲੰਘ ਗਏ ਫਿਰਦਿਆਂ ਨੂੰ। ਪਤਾ ਨਹੀਂ ਕਿੱਥੇ-ਕਿੱਥੇ ਕਿਹੜੀਆਂ-ਕਿਹੜੀਆਂ ਜੂਨਾਂ 'ਚ ਰਹੇ। ਫੇਰ ਜਾ ਕੇ ਮਨੁੱਖ ਦਾ ਜਾਮਾ ਪ੍ਰਾਪਤ ਹੁੰਦਾ ਹੈ। ਇਹ ਪ੍ਰਾਪਤ ਇਸ ਕਰਕੇ ਹੋਇਆ ਕਰਦਾ ਹੈ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - 12***

ਗੋਬਿੰਦ ਨੂੰ ਮਿਲਣ ਦੀ ਵਾਰੀ ਆ ਗਈ, ਬਾਕੀ ਜਿਹੜੇ ਕੰਮਾਂ 'ਚ ਲੱਗਿਆ ਹੋਇਆ ਹੈ, ਮਹਾਰਾਜ ਕਹਿੰਦੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - 12***

ਉਹ ਕੰਮ ਤੇਰੇ worthless ਨੇ, ਕਿਸੇ ਕੰਮ ਨਹੀਂ ਆਉਣੇ, ਜੋ ਤੇਰੀ ਪਰਾਲਬਧ ਹੈ ਉਹ ਦਰਗਾਹ ਤੋਂ ਤੇਰੇ ਮਸਤਕ 'ਚ ਲਿਖ ਕੇ ਭੇਜੀ ਹੋਈ ਹੈ, ਘਟਦੀ ਹੈ, ਵਧਦੀ ਹੈ। ਮਾੜੇ ਕੰਮ ਕਰ ਲਓ ਘਟ ਜਾਇਆ ਕਰਦੀ ਹੈ, ਚੰਗੇ ਕੰਮ ਸਤਿਸੰਗ ਕਰੋ, ਗੁਰੂ ਦੇ ਦਰਸ਼ਨ ਕਰੋ, ਹਰੀ ਦਾ ਜਸ ਸਰਵਣ ਕਰੋ, ਪੁੰਨ ਦਾਨ ਕਰੋ, ਸੇਵਾ ਕਰੋ ਉਸ ਦੇ ਨਾਲ ਵਧ ਜਾਇਆ ਕਰਦੀ ਹੈ। ਸੋ ਉਹਦਾ ਫਿਕਰ ਨਹੀਂ ਕਰਨਾ ਚਾਹੀਦਾ। ਮਹਾਰਾਜ ਕਹਿੰਦੇ ਜਿਹੜਾ ਤੂੰ ਬਾਕੀ ਕੰਮਾਂ 'ਚ ਲਿਪਤ ਹੋਇਆ-ਹੋਇਆ ਹੈਂ, ਉਹ ਤੇਰੇ ਕਿਸੇ ਕੰਮ ਨਹੀਂ ਹੈਗੇ। ਸਭ ਚੀਜ਼ਾਂ ਦੁਨੀਆਂ ਦੀਆਂ ਕੰਮ ਆਉਂਦੀਆਂ ਨੇ। ਕੀ ਰੇਤਾ ਹੈ ਇਹ ਵੀ ਕੰਮ ਆਉਂਦਾ ਹੈ, ਚੁੱਕਦੇ ਫਿਰਦੇ ਨੇ, ਸੁਆਹ ਵੀ ਕੰਮ ਆਉਂਦੀ ਹੈ। ਮਹਾਰਾਜ ਕਹਿੰਦੇ ਜਿਹੜੇ ਤੂੰ ਕੰਮ ਕਰਨ ਲੱਗਿਆ ਹੈਂ ਸੰਸਾਰ 'ਚ, ਵਾਹਿਗੁਰੂ ਨੂੰ ਮਿਲਣ ਤੋਂ ਬਗੈਰ, ਹੋਰ ਗੱਲਾਂ ਬਾਤਾਂ, ਇੱਥੇ ਤਾਂ ਤੈਨੂੰ ਲਗਦਾ ਹੈ ਕਿ ਕੰਮ ਦੀਆਂ ਨੇ, ਦਰਗਾਹ ਦੇ ਵਿੱਚ ਕਿਸੇ ਵੀ ਕੰਮ ਦੀਆਂ ਨਹੀਂ ਹਨ, ਇਸ ਕਰਕੇ ਹਿੰਮਤ ਕਰਕੇ ਤੂੰ ਸਤਿਸੰਗ ਕਰ, ਭਜਨ ਕਰਨ ਲੱਗ, ਪੁੱਛ ਕਿਸੇ ਤੋਂ ਕਿ ਭਜਨ ਕਿਵੇਂ ਕਰੀਦਾ ਹੈ, ਮਹਾਂਪੁਰਸ਼ਾਂ ਦੀ ਸੰਗਤ ਕਰ, ਉਨ੍ਹਾਂ ਦੀ ਸੰਗਤ ਕਰਕੇ ਤੈਨੂੰ ਕੁਛ ਗਿਆਨ ਹੋਏਗਾ, ਤੇਰੇ ਅੰਦਰ ਕੁਛ ਚਾਨਣਾ ਹੋਏਗਾ, ਕਿਉਂਕਿ ਬਹੁਤ ਜਨਮ ਲੰਘ ਗਏ। ਜੇ ਮਨੁੱਖ ਦੇ ਜਾਮੇ ਵਿਚ ਵੀ ਅਸੀਂ ਆਉਂਦੇ ਹਾਂ। ਪਹਿਲਾਂ-ਪਹਿਲਾਂ ਆਦਮੀ ਛੋਟੇ-ਛੋਟੇ ਪੁੰਨ ਕਰਦਾ ਹੈ, ਕੀੜਿਆਂ ਨੂੰ ਤਿਲ-ਚੌਲੀ ਪਾ ਦਿੱਤੀ, ਚੋਣੇ 'ਚ ਜਾ ਕੇ ਨਮਕ ਰੱਖ ਆਇਆ, ਪਾਣੀ ਦਾ ਬੰਦੋਬਸਤ ਕਰ ਦਿੱਤਾ, ਪਸ਼ੂ ਪੀਣਗੇ, ਪੰਛੀ ਪੀਣਗੇ, ਚੋਗਾ ਲੈ ਕੇ ਪੰਛੀਆਂ ਨੂੰ ਪਾ ਦਿੱਤਾ। ਇਸ ਤਰ੍ਹਾਂ ਦੇ ਨਿੱਕੇ-ਨਿੱਕੇ ਕਰਮ ਕਰਨ ਦੇ ਨਾਲ ਮਨੁੱਖਾ ਦੇਹੀ ਮਿਲ ਜਾਇਆ ਕਰਦੀ ਹੈ। ਜੇ ਪਾਪ ਨਾ ਕਰੇ।

ਦੂਸਰਾ ਜਨਮ ਆ ਜਾਂਦਾ ਹੈ, ਦੂਸਰੇ ਜਨਮ ਦੇ ਅੰਦਰ ਰੁਚੀ ਜਾਗਦੀ ਹੈ ਅੰਦਰ, ਕਰਮ ਫਲ ਦੇਣ ਨੂੰ ਤਿਆਰ ਹੁੰਦੇ ਨੇ। ਕਿਤੇ ਸਤਿਸੰਗ ਦੇ ਬਾਰੇ ਸੁਣਦਾ ਹੈ, ਮਹਾਂਪੁਰਸ਼ਾਂ ਦੇ ਬਾਰੇ ਸੁਣਦਾ ਹੈ, ਹਿੰਮਤ ਕਰਕੇ ਉਥੇ ਸੰਗਤ ਕਰਨ ਵਾਸਤੇ ਜਾਂਦਾ ਹੈ। ਕੁਝ ਪੱਲੇ ਬੱਝ ਜਾਂਦਾ ਹੈ, ਕੁਛ ਭੁੱਲ ਜਾਂਦਾ ਹੈ। ਇਸ ਤਰ੍ਹਾਂ ਹੀ ਜੀਵਨ ਬਤੀਤ ਹੋ ਜਾਂਦਾ ਹੈ। ਚੜ੍ਹਾਈ ਕਰ

ਜਾਂਦਾ ਹੈ, ਫੇਰ ਆ ਕੇ ਤੀਸਰਾ ਜਨਮ ਆ ਗਿਆ ਤਾਂ ਉਹਦੇ ਵਿੱਚ ਬਚਪਨ ਤੋਂ ਹੀ ਖਿਆਲ ਹੋਣੇ ਸ਼ੁਰੂ ਹੋ ਜਾਂਦੇ ਨੇ ਕਿ ਭਜਨ ਕਰਾਂ, ਬਾਣੀ ਪੜ੍ਹਾਂ, ਏਸੇ ਤਰ੍ਹਾਂ ਫੇਰ ਰਹਿ ਜਾਂਦਾ ਹੈ, ਫੇਰ ਚੌਥਾ ਜਨਮ ਆ ਜਾਂਦਾ ਹੈ, ਚੌਥੇ ਜਨਮ ਦੇ ਵਿੱਚ ਜਾ ਕੇ ਇਹ ਖਿਆਲ ਆਉਂਦਾ ਹੈ ਕਿ ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਮੈਂ ਸੰਗਤ ਕਰਾਂ। ਕਿਸੇ ਮਹਾਂਪੁਰਸ਼ ਦੇ ਨਾਲ ਮੇਰਾ ਸੰਪਰਕ ਜੁੜ ਜਾਵੇ। ਉਹਦੇ ਦਿਲ ਵਿਚ ਖਿੱਚ ਹੁੰਦੀ ਹੈ, ਪਿਆਰ ਹੁੰਦਾ ਹੈ, ਤਿੰਨ ਜਨਮ ਇਹਦੇ ਲੰਘ ਚੁੱਕੇ ਨੇ ਚੌਥਾ ਜਨਮ ਹੈ ਲੇਕਿਨ ਫੇਰ ਵੀ ਸੰਤਾਂ ਦੇ ਨਾਲ ਰਹਿ ਕੇ ਫੇਰ ਨਹੀਂ ਪੁੱਛਦਾ ਅਗਲੀ ਗੱਲ। ਨੇਕ ਕੰਮ ਕਰਦਾ ਹੈ, ਸੇਵਾ ਕਰਦਾ ਹੈ, ਬਾਣੀ ਪੜ੍ਹਦਾ ਹੈ, ਜਨਮ ਮਰਨ ਦਾ ਚੱਕਰ ਨਹੀਂ ਕੱਟਿਆ, ਮੁੜ ਕੇ ਫੇਰ ਮਨੁੱਖ ਬਣਾ ਦਿੱਤਾ, ਪੰਜਵੇਂ ਜਨਮ 'ਚ ਜਾ ਕੇ ਸੋਝੀ ਹੁੰਦੀ ਹੈ ਕਿ ਗੁਰੂ ਧਾਰਨ ਕਰੀਏ ਤੇ ਗੁਰੂ ਤੋਂ ਮੰਤਰ ਲੈ ਕੇ ਉਹਦੀ ਸਾਧਨਾ ਕਰੀਏ, ਸੇਵਾ ਕਰੀਏ ਕਿ ਸੰਪਰਕ ਜੁੜ ਗਿਆ ਕਿਸੇ ਨਾਲ। ਉਸ ਸੰਪਰਕ ਦੇ ਵਿੱਚ ਅੱਗੇ ਵਧੀਏ, ਪਿੱਛੇ ਨਾ ਹਟੀਏ। ਸੋ ਇਸ ਤਰ੍ਹਾਂ ਦੇ ਨਾਲ ਕਿੰਨੇ ਜਨਮ ਲੰਘ ਜਾਂਦੇ ਨੇ ਫੇਰ ਜਾ ਕੇ ਕਿਤੇ ਐਸੀ ਅਵਸਥਾ ਆਉਂਦੀ ਹੈ ਕਿ ਅੰਮ੍ਰਿਤ ਵੇਲੇ ਜਾਗ ਕੇ, ਦੋ ਢਾਈ ਘੰਟੇ ਬੈਠ ਕੇ ਭਜਨ ਕਰਦਾ ਹੈ। ਰਾਤ ਨੂੰ ਪੈਣ ਤੋਂ ਪਹਿਲਾਂ ਭਜਨ ਕਰਦਾ ਹੈ, ਦਿਨ ਵਿੱਚ ਸਤਿ ਦੇ ਵਿਚਾਰ ਆਪਣੇ ਹਿਰਦੇ ਵਿੱਚ ਧਾਰਨ ਕਰਦਾ ਹੈ। ਕਿਸੇ ਦੀ ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਵਲ-ਛਲ ਨਹੀਂ ਕਰਦਾ, ਧੋਖੇ ਨਹੀਂ ਦਿੰਦਾ ਕਿਉਂਕਿ ਅੰਦਰੋਂ ਮੈਲ ਨਿਕਲ ਚੁੱਕੀ ਹੈ ਥੋੜ੍ਹੀ ਰਹਿ ਗਈ ਹੈ। ਸੋ ਉਸ ਵੇਲੇ ਜਾ ਕੇ ਫੇਰ ਇਹਦੇ ਮਨ ਵਿਚ ਉਤਸ਼ਾਹ ਉਠਦਾ ਹੈ ਕਿ ਮੈਂ ਸੰਗਤ ਕਰਾਂ, ਮਹਾਂਪੁਰਸ਼ਾਂ ਦੇ ਦਰਸ਼ਨ ਕਰਾਂ, ਸਾਰੇ ਕੰਮ ਛੱਡ ਕੇ ਦੂਰ-ਦਰਾਜ਼ ਜਿੱਥੇ ਵੀ ਪਤਾ ਲਗਦਾ ਹੈ ਉਸ ਥਾਂ 'ਤੇ ਪਹੁੰਚਦਾ ਹੈ। ਮਹਾਂਪੁਰਸ਼ ਉਨ੍ਹਾਂ ਦਿਨਾਂ ਦੇ ਉਤੇ ਵਿਸ਼ੇਸ਼ ਕਰਕੇ ਸੰਬੋਧਨ ਕਰਦੇ ਨੇ ਸੰਗਤਾਂ ਨੂੰ, ਉਨ੍ਹਾਂ ਦੇ ਉਤੇ ਇਹ ਜਾਂਦਾ ਹੈ। ਸੋ ਇਹ ਪੂਰਬਲੇ ਕਰਮਾਂ ਦਾ ਫਲ ਹੋਇਆ ਕਰਦਾ ਹੈ। ਅਚਾਨਕ ਨਹੀਂ ਕੋਈ ਜਾਂਦਾ। ਪਿੱਛੇ ਕਰਮਾਂ ਦਾ ਬਲ ਹੋਇਆ ਕਰਦਾ ਹੈ। ਕਿਰਤ ਕਿਹੋ ਜਿਹੀ ਵੀ ਹੋਵੇ, ਕਿਹੋ ਜਿਹੇ ਵੀ ਥਾਂ ਰਹਿੰਦਾ ਹੋਵੇ, ਲੇਕਿਨ ਕਰਮਾਂ ਦਾ ਬਲ ਬੰਦੇ ਨੂੰ ਸਤਿਸੰਗ 'ਚ ਲੈ ਆਉਂਦਾ ਹੈ।

ਇਸੇ ਤਰ੍ਹਾਂ ਦੇ ਨਾਲ ਇੱਕ ਪ੍ਰੇਮੀ ਰਾਜਸਥਾਨ ਦੇ ਵਿੱਚ ਰਹਿਣ ਵਾਲਾ ਹੈਦਰਾਬਾਦ ਦੇ ਨੇੜੇ ਹੀ, ਇੱਥੇ ਸੱਖਰ ਤੋਂ 125 ਕਿਲੋਮੀਟਰ ਦੂਰ ਸੇਵਾਨ ਪਿੰਡ ਹੈ ਉਥੇ ਇੱਕ ਲੜਕਾ ਕਿਸੇ ਕਰਮ ਦੇ ਵਸ ਕਰਕੇ, ਕੋਈ ਕਰਮ ਮਾੜਾ ਰਹਿੰਦਾ ਸੀ, ਕਸਾਈਆਂ ਦੇ ਘਰ ਜਨਮ ਲੈ ਲਿਆ ਉਸਨੇ। ਕਸਾਈਆਂ ਦਾ ਕਰਮ ਹੁੰਦਾ ਹੈ, ਜਾਨਵਰ ਮਾਰਨੇ, ਖੱਲ੍ਹਾਂ ਲਾਹ ਕੇ ਪਾਸੇ ਰੱਖ ਲੈਣੀਆਂ ਤੇ ਉਨ੍ਹਾਂ ਦਾ ਮਾਸ ਕੱਟ-ਕੱਟ ਕੇ ਵੇਚਣਾ। ਉਹ ਇਸ ਗੱਲ ਤੋਂ ਅਗਿਆਤ ਹੁੰਦੇ ਨੇ ਕਿ ਜਿਹੜਾ ਮੈਂ ਜਾਨਵਰ ਮਾਰਦਾ ਹਾਂ ਇਹਦਾ ਮੈਨੂੰ ਪਾਪ ਲਗਦਾ ਹੈ, ਮੈਂ ਕਿਸ ਤਰ੍ਹਾਂ ਦੇ ਨਾਲ ਲੇਖੇ ਦੇਵਾਂਗਾ। ਉਨ੍ਹਾਂ ਨੂੰ ਕੋਈ ਪਤਾ ਨਹੀਂ ਹੁੰਦਾ ਭਾਵੇਂ ਗੁਰੂ ਮਹਾਰਾਜ ਮਹਾਂਪੁਰਸ਼ ਬਾਰ-ਬਾਰ ਦਸਦੇ

ਨੇ ਕਿ ਪਿਆਰਿਆ! ਇਹ ਜੀਵ ਸਾਰੇ ਪ੍ਰਮੇਸ਼ਰ ਦੇ ਨੇ। ਧੱਕਾ ਨਾ ਕਰ, ਜਵਾਬ ਦੇਣਾ ਪਵੇਗਾ ਤੈਨੂੰ ਪ੍ਰਮੇਸ਼ਰ ਦੇ ਕੋਲ ਜਾ ਕੇ। ਜੇ ਤੂੰ ਵੱਢ-ਵੱਢ ਖਾਂਦਾ ਹੈਂ ਤਾਂ ਇੱਕ ਦਿਨ ਐਸਾ ਆਏਗਾ, ਕਰਮ ਦੇ ਫਲ ਦੇਣ ਵਾਸਤੇ ਕਿ ਤੇਰਾ ਗਲ ਵੱਢ ਕੇ ਇਹ ਤੈਨੂੰ ਖਾਣਗੇ, ਇਹ ਮਨੁੱਖ ਹੋਣਗੇ ਤੇ ਤੂੰ ਜਾਨਵਰ ਹੋਏਂਗਾ। ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਬਾਣੀ ਦੇ ਵਿੱਚ ਆਉਂਦਾ ਹੈ, ਪੜ੍ਹੋ ਪਿਆਰ ਨਾਲ।

***ਧਾਰਨਾ - ਗਲਾ ਕਟਾਵੇਂਗਾ ਪਿਆਰਿਆ! ਖਾ ਕੇ ਮਾਸ ਬੇਗਾਨੇ।***

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374***

ਕਹਿੰਦੇ ਜਿਹੜਾ ਸਾਦਾ ਭੋਜਨ ਅਸੀਂ ਖਾਂਦੇ ਹਾਂ, ਬਹੁਤ ਅੱਛਾ ਹੈ। ਕੋਈ ਸੁਆਦ ਨਹੀਂ ਲਾਉਂਦੇ, ਸੁਆਦ ਲਾਉਣ ਨਾਲ ਆਦਮੀ ਬੀਮਾਰ ਹੁੰਦਾ ਹੈ। ਜਿਹੜਾ ਜਾਨਵਰ ਮਾਰ ਕੇ ਖਾਂਦਾ ਹੈਂ, 'ਹੇਰਾ' ਕਹਿੰਦੇ ਨੇ, ਸ਼ਿਕਾਰ ਕਰਨ ਨੂੰ। ਸ਼ਿਕਾਰ ਕਰਨ ਦੇ ਨਾਲ ਜਿਹੜਾ ਤੂੰ ਮਾਸ ਖਾਂਦਾ ਹੈਂ, ਬੇਗਾਨੇ ਜੀਵਾਂ ਦਾ, ਉਹ ਤੇਰਾ ਕਰਮ ਐਵੇਂ ਨਹੀਂ ਜਾਣਾ। ਉਹਦਾ ਫਲ ਤੈਨੂੰ ਭੋਗਣਾ ਹੀ ਪੈਣਾ ਹੈਂ, ਇਸੇ ਤਰ੍ਹਾਂ ਜਿਵੇਂ ਤੂੰ ਕਰਦਾ ਹੈਂ, ਉਹਨੇ ਤੇਰੇ ਤੋਂ ਬਦਲਾ ਲੈ ਲੈਣਾ ਹੈ। ਅਕਾਲ ਪੁਰਖ ਵਲੋਂ ਅਸੂਲ ਐਸਾ ਹੈ ਸੰਸਾਰ ਦੇ ਅੰਦਰ, ਅਦਲੇ ਦਾ ਬਦਲਾ ਲੈਣਾ ਦੇਣਾ ਹੀ ਪੈਂਦਾ ਹੈ। ਸੋ ਇਸ ਤਰ੍ਹਾਂ ਦੀ ਕਿਰਤ ਵਿੱਚ ਰਹਿਣ ਵਾਲਾ ਬੰਦਾ ਜਿਸਦਾ ਨਾਮ ਸਧਨਾ ਸੀ। ਕਸਾਈਆਂ ਦਾ ਕੰਮ ਕਰਦਾ ਹੈ, ਲੇਕਿਨ ਅੰਦਰਲੇ ਪਾਸੇ ਬਹੁਤ ਗਿਲਾਨੀ ਆਉਂਦੀ ਹੈ, ਵੈਰਾਗ ਹੈ ਅੰਦਰ, ਸੰਸਾਰ ਦਾ ਜਦੋਂ ਹਾਲ ਚਾਲ ਦੇਖਦਾ ਹੈ ਕਿ ਇੱਥੇ ਤੁਰੇ ਹੀ ਜਾ ਰਹੇ ਨੇ, ਸਤਿਸੰਗ ਵਿੱਚ ਜਾਂਦਾ ਹੈ, ਜਿੱਥੇ ਵੀ ਮਹਾਤਮਾ ਆਉਂਦੇ ਨੇ, ਜਾ ਕੇ ਸੁਣਦਾ ਹੈ। ਮਨ ਦੇ ਵਿੱਚ ਸ਼ੌਂਕ ਜਾਗਦਾ ਹੈ, ਕੁਛ ਆਪਣੀ ਕਿਰਤ ਦੇ ਉਤੇ ਗਿਲਾਨੀ ਆਉਂਦੀ ਹੈ ਕਿ ਮੇਰੀ ਕਿਰਤ ਕਿਹੋ ਜਿਹੀ ਮਾੜੀ ਹੈ, ਮੈਂ ਬੀਜ ਬੀਜੀ ਜਾਂਦਾ ਹਾਂ, ਭੋਗਣੇ ਮੈਨੂੰ ਕਿੰਨੇ ਔਖੇ ਹੋ ਜਾਣੇ ਨੇ ਉਸ ਵੇਲੇ ਮਨ ਵਿੱਚ ਖਿਆਲ ਆਉਂਦੇ ਨੇ ਕਿ ਮੈਂ ਕਿਸੇ ਚੰਗੇ ਮਹਾਂਪੁਰਸ਼ ਨੂੰ ਮਿਲਾਂ, ਉਹਦੇ ਕੋਲ ਮੈਂ ਬੇਨਤੀ ਕਰਾਂ ਤੇ ਮੈਨੂੰ ਪ੍ਰਭੂ ਦੇ ਮਿਲਾਪ ਦਾ ਰਸਤਾ ਦੱਸ ਦੇਵੇ ਉਹ ਤੇ ਫੇਰ ਮੈਂ ਆਪਣਾ ਭਜਨ ਬੰਦਗੀ ਕਰਾਂ। ਇਸ ਤਰ੍ਹਾਂ ਕਰਦਾ-ਕਰਦਾ ਇੱਕ ਵਾਰੀ ਕੋਈ ਮਹਾਂਪੁਰਸ਼ਾਂ ਦਾ ਸਤਿਸੰਗ ਹੋ ਰਿਹਾ ਹੈ, ਮਨ ਵਿੱਚ ਬੜਾ ਵੈਰਾਗ ਹੈ, ਮਨ ਵਿੱਚ ਬੜਾ ਦ੍ਰਿੜ੍ਹ ਇਰਾਦਾ ਹੈ ਕਿ ਮੈਂ ਭਜਨ ਕਰਾਂਗਾ, ਬਚਨ ਸੁਣ ਕੇ ਪੱਲੇ ਬੰਨ੍ਹ ਲੈਂਦਾ ਹੈ। ਮਹਾਂਪੁਰਸ਼ਾਂ ਨੂੰ ਮਿਲੇ, ਚਾਹੇ ਨਾ ਮਿਲੇ ਲੇਕਿਨ ਉਨ੍ਹਾਂ ਦੇ ਬਚਨ ਸੁਣ ਕੇ ਹਿਰਦੇ 'ਚ ਧਾਰਨ ਕਰ ਲੈਂਦਾ ਹੈ ਤੇ ਅੱਜ ਜਿਸ ਵਕਤ ਸਤਿਸੰਗ 'ਚ ਜਾ ਕੇ ਬੈਠਦਾ ਹੈ ਉਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸਾ ਉਚਾਰਨ ਹੋ ਰਿਹਾ ਹੈ -

***ਧਾਰਨਾ - ਪੈ ਜਾਉ ਅਚਿੰਤਾ ਜਾਲ ਇਕ ਦਿਨ ਪੈ ਜਾਣਾ।***

***ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥***

*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ 1 ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ਅੰਗ - 55*

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ - 254*

ਮਹਾਂਪੁਰਸ਼ਾਂ ਤੋਂ ਬਚਨ ਸੁਣਦਾ ਹੈ, ਮਨ ਦੇ ਅੰਦਰ ਵਿਚਾਰ ਕਰਦਾ ਹੈ ਕਿ ਮਨਾਂ ਮੈਨੂੰ ਤਾਂ ਹਾਲੇ ਭਜਨ ਕਰਨ ਦਾ ਹੀ ਨਹੀਂ ਪਤਾ ਹੈ। ਕੀ ਪਤਾ ਹੈ ਕਾਲ ਕਿਹੜੇ ਵੇਲੇ ਆ ਕੇ ਗ੍ਰਸ ਲਵੇ। ਕੋਈ ਉਹਦਾ ਤਾਂ ਇਤਬਾਰ ਹੋਇਆ ਹੀ ਨਹੀਂ ਕਰਦਾ। ਕਾਲ ਦਾ ਸਾਧਸੰਗਤ ਜੀ! ਕੋਈ ਇਤਬਾਰ ਨਹੀਂ ਹੈ।

ਜਦੋਂ ਮੈਂ ਯੂ.ਪੀ. ਹੁੰਦਾ, ਨਾਨਕ ਮਤੇ ਤੋਂ ਅਸੀਂ ਗੱਡੀਆਂ ਦੇ ਵਿੱਚ ਅਸੀਂ ਆ ਰਹੇ ਸੀ ਤੇ ਮੇਰੇ ਨਾਲ ਨਵਾਬ ਨਗਰ ਵਾਲੇ ਸ. ਪੂਰਨ ਸਿੰਘ ਸੀ। ਰਸਤੇ 'ਚ ਉਤਰ ਕੇ ਬੜੀ ਦੇਰ ਅਸੀਂ ਖੜ੍ਹੇ ਰਹੇ, ਉਸ ਤੋਂ ਬਾਅਦ ਬਚਨ ਕਰਦੇ ਰਹੇ ਕਿਉਂਕਿ ਉਥੇ ਸਤਿਸੰਗ ਮੱਸਿਆ ਦਾ ਹੋਇਆ ਕਰਦਾ ਸੀ, ਹਰ ਮੱਸਿਆ ਮੈਂ ਜਾਂਦਾ ਸੀ। ਦੂਸਰੇ ਦਿਨ ਵਾਸਤੇ ਪ੍ਰੋਗਰਾਮ ਬਣਾਇਆ, ਉਹ ਕਹਿਣ ਲੱਗੇ ਕਿ ਮੈਂ ਆਪੇ ਹੀ ਆ ਜਾਵਾਂਗਾ। ਮੈਂ ਕਿਹਾ, ਕੰਮਾਂ 'ਚ ਭੁੱਲ ਨਾ ਜਾਇਓ, ਸਤਿਸੰਗ ਹੈ ਤੇ ਆਪਾਂ ਜਾਣਾ ਹੈ ਉਥੇ। ਘਰ ਚਲੇ ਗਏ ਤੇ ਜਾ ਕੇ ਜਦੋਂ ਅੱਧੀ ਰਾਤ ਹੋਈ, ਢਲ ਗਈ ਰਾਤ, ਉਸ ਵੇਲੇ ਲਾਈਟ ਕਰ ਲਈ, ਬਾਂਹ ਦੁਖਣ ਲੱਗ ਗਈ ਉਨ੍ਹਾਂ ਦੀ। ਭਰਾ ਨੂੰ ਪਤਾ ਲੱਗਿਆ ਕਹਿੰਦੇ ਕੀ ਗੱਲ ਤੁਸੀਂ ਲਾਈਟ ਕਰੀ ਹੈ? ਕਹਿੰਦੇ, ਆਹ ਬਾਂਹ ਜਿਹੀ ਦੁਖਦੀ ਹੈ ਮਾੜੀ-ਮਾੜੀ। ਭਰਾ ਨੇ ਕਿਹਾ, ਆਪਾਂ ਫੇਰ ਹਾਸਪੀਟਲ ਚੱਲੀਏ? ਕਹਿੰਦੇ ਲੈ ਦਿਨ ਚੜ੍ਹੇਗਾ ਫੇਰ ਆਪਾਂ ਚੱਲ ਪਵਾਂਗੇ। ਕੋਈ ਗੱਲ ਤਾਂ ਹੈ ਨਹੀਂ। ਪਰ ਮੈਂ toilet ਜਾ ਆਵਾਂ ਤੇ ਦਸਤਾਰ ਬੰਨ੍ਹ ਲਵਾਂ ਫੇਰ ਆਪਾਂ ਥੋੜ੍ਹਾ ਦਿਨ ਚੜ੍ਹਦੇ ਹੀ ਚਲੇ ਚਲਾਂਗੇ। ਉਹ toilet ਚਲੇ ਗਏ, ਭਰਾ ਬਾਹਰ ਖੜ੍ਹਾ ਹੈ ਉਨ੍ਹਾ ਦਾ, ਕਹਿਣ ਲੱਗਿਆ ਜੀ! ਪਾਣੀ ਦੇਵਾਂ। ਹਾਂ, ਕਹਿੰਦੇ ਪਹਿਲਾ ਤਾਂ ਡੁਲ੍ਹ ਗਿਆ, ਥੋੜ੍ਹਾ ਮੈਨੂੰ ਹੋਰ ਦੇ ਦਿਓ, ਉਨ੍ਹਾਂ ਦਿਨਾਂ ਵਿੱਚ ਫਲੱਸ਼ਾਂ ਵਗੈਰਾ ਨਹੀਂ ਸੀ ਹੋਇਆ ਕਰਦੀਆਂ। ਉਹਨੇ ਪਾਣੀ ਦੇ ਦਿੱਤਾ, ਪਰ ਪਾਣੀ ਡੁਲ੍ਹਿਆ ਨਾ। ਆਵਾਜ਼ ਮਾਰੀ, ਕਹਿਣ ਲੱਗਿਆ ਕਿ ਕੀ ਗੱਲ ਤੁਸੀਂ ਪਾਣੀ ਨਹੀਂ ਡੋਲ੍ਹਿਆ। ਕੋਈ ਆਵਾਜ਼ ਨਹੀਂ। ਦਰਵਾਜ਼ਾ ਖੋਲ੍ਹਿਆ, ਕੀ ਦੇਖਦੇ ਨੇ ਕਿ ਪਿੱਠ ਨਾਲ ਲੱਗੀ ਪਈ ਹੈ ਕੰਧ ਦੇ ਪਿਛਲੇ ਪਾਸੇ, ਆਪ ਸਰੀਰ ਵਿੱਚ ਹੈ ਹੀ ਨਹੀਂ। ਯਾਨਿ ਐਨਾ ਵੀ ਸਮਾਂ ਨਹੀਂ ਮਿਲਿਆ ਕਿ ਮੈਂ ਦੱਸ ਦੇਵਾਂ ਕਿ ਮੈਂ ਜਾ ਰਿਹਾ ਹਾਂ।

ਇਸੇ ਤਰ੍ਹਾਂ ਦੇ ਨਾਲ ਇੱਕ ਹੋਰ ਮੇਰੇ ਮਿਲਣ ਵਾਲੇ ਹੋਇਆ ਕਰਦੇ ਸੀ ਕਰਨਲ ਲਾਲ ਸਿੰਘ, ਉਨ੍ਹਾਂ ਦੇ ਵਿਚਾਰ ਕਰੀ, ਪ੍ਰਚਾਰ ਕਰਨ ਦਾ ਕੋਈ ਬਾਨਣੂੰ ਬੰਨਿਆ, ਯੂ.ਪੀ. ਦੇ ਅੰਦਰ ਕਿ ਇਸ ਤਰ੍ਹਾਂ ਆਪਾਂ ਕਰਨਾ

ਹੈ। ਉਹ ਕਹਿਣ ਲੱਗਿਆ ਕਿ ਆਪਾਂ ਦੋ ਤਿੰਨ ਦਿਨ ਨੂੰ ਮਿਲਾਂਗੇ ਤੇ ਫੇਰ ਵੱਡੇ ਸਕੇਲ ਦੇ ਉਤੇ ਪ੍ਰੋਗਰਾਮ ਬਣਾਵਾਂਗੇ। ਮੈਂ ਉਸਨੂੰ ਕਿਹਾ ਸੀ ਕਿ ਦੇਖੋ ਧਾਨ (ਚਾਵਲ) ਤੁਹਾਡੇ ਕੋਲ ਬਹੁਤ ਹੋ ਜਾਂਦਾ ਹੈ, ਮੇਰੇ 'ਤੇ ਵੀ ਮਹਾਰਾਜ ਨੇ ਕ੍ਰਿਪਾ ਕੀਤੀ ਹੋਈ ਹੈ, ਹਜ਼ਾਰ ਬੋਰੀ ਤੋਂ ਉਤੇ ਹੋ ਜਾਂਦਾ ਹੈ। ਆਪਾਂ ਦਸ-ਦਸ ਬੋਰੀਆਂ, ਤੁਸੀਂ ਚਾਲੀ ਪੰਜਾਹ ਕੱਢਿਆ ਕਰੋ, ਇਹ ਜਿਹੜੇ ਭਈਆਂ ਦੇ ਪਿੰਡ ਨੇ ਇਨ੍ਹਾਂ ਦੇ ਵਿੱਚ ਚੌਲ ਵਗੈਰਾ ਕੜਾਹੇ 'ਚ ਪਾ ਕੇ, ਇਨ੍ਹਾਂ ਨੂੰ ਕਿਹਾ ਕਿ ਉਬਾਲੋ, ਇਕੱਠੇ ਕਰਕੇ ਇਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਬਾਰੇ ਦੱਸਿਆ ਕਰੀਏ। ਕਹਿੰਦੇ, ਬਹੁਤ ਵਧੀਆ ਸਕੀਮ ਹੈ।

ਮੈਨੂੰ ਸੁਨੇਹਾ ਆਇਆ ਕਿ ਕਰਨਲ ਸਾਹਿਬ ਬੀਮਾਰ ਹੋ ਗਏ। ਛੇ ਡਾਕਟਰ ਨੇ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਤੇ ਮਿੱਤਰ। ਉਥੋਂ ਚੁੱਕ ਕੇ ਬਲਿੰਘਨਨ ਹਾਸਪੀਟਲ ਲੈ ਗਏ, ਡਾਕਟਰਾਂ ਨੇ ਜ਼ੋਰ ਲਾ ਲਿਆ। ਅਖੀਰ ਇਹ ਹੋਇਆ ਕਿ ਚੜ੍ਹਾਈ ਕਰ ਗਏ ਉਹ। ਬਾਤ ਸਿਰੇ ਚੜ੍ਹੀ ਹੀ ਨਾ, ਵਿਚਾਲੇ ਹੀ ਰਹਿ ਗਈ।

ਸੰਸਾਰ ਦੇ ਵਿੱਚ ਐਸਾ ਹੈ ਕਿ ਆਦਮੀ ਜੇ ਕਹੇ ਕਿ ਮੈਂ ਭਜਨ ਫੇਰ ਕਰਾਂਗਾ, ਆਹ ਕੰਮ ਕਰ ਲਵਾਂ, ਔਹ ਕਰ ਲਵਾਂ। ਮਹਾਰਾਜ ਕਹਿੰਦੇ ਫੇਰ ਨਹੀਂ ਪਿਆਰਿਆ ਹੋਣਾ। ਕਿਉਂਕਿ ਜਿਵੇਂ ਮੱਛੀ ਅਚਾਨਕ ਖੇਲ੍ਹਦੀ ਫਿਰਦੀ ਹੈ, ਤੈਰਦੀ ਫਿਰਦੀ ਹੈ, ਕਦੇ ਹੇਠਾਂ ਨੂੰ ਜਾਂਦੀ ਹੈ ਕਦੇ ਸੱਜੇ ਜਾਂਦੀ ਹੈ, ਕਦੇ ਖੱਬੇ ਜਾਂਦੀ ਹੈ, ਕਦੇ ਉਤੇ ਨੂੰ ਆ ਜਾਂਦੀ ਹੈ, ਆਪਣੀ ਮੌਜ ਵਿੱਚ ਫਿਰਦੀ ਹੈ, ਪਰ ਉਸਨੂੰ ਇਹ ਨਹੀਂ ਪਤਾ ਕਿ ਜਾਲ ਪਾ ਦਿੱਤਾ ਬੱਧਕ ਨੇ। ਜਾਲ ਦੇ ਵਿੱਚ ਜਾ ਕੇ ਫਸ ਜਾਂਦੀ ਹੈ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਦੇ ਨਾਲ ਹੈ –

***ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ਅੰਗ – 55***

ਇਹ ਤਾਂ ਜਾਲ ਪੈਣਾ ਹੀ ਪੈਣਾ ਹੈ, ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਪੈ ਜਾਣਾ ਹੈ –

***ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥***
***ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥***
***ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥***
***ਅੰਗ – 63***

ਇਹ ਨਾਲ ਨਹੀਂ ਜਾਂਦੀ ਕੋਈ ਚੀਜ਼ ਵੀ, ਆਦਮੀ ਖਪ-ਖਪ ਕੇ ਮਰ ਜਾਂਦਾ ਹੈ। ਬਹੁਤ ਵੱਡੀ ਜੋ ਭੁੱਲ ਹੈ ਇਨਸਾਨ ਦੇ ਅੰਦਰ, ਉਹ ਇਹ ਹੈ ਕਿ ਉਹ ਜਾਣਦਾ ਹੋਇਆ ਵੀ ਨਹੀਂ ਜਾਣਨਾ ਚਾਹੁੰਦਾ ਕਿ ਸੰਸਾਰ ਉਤੇ ਰਹਿਣਾ ਨਹੀਂ ਹੈ। ਸੰਸਾਰ ਰਹਿਣ ਦਾ ਥਾਉਂ ਨਹੀਂ ਹੈ, ਇੱਥੇ ਵੱਡੀਆਂ-ਵੱਡੀਆਂ ਉਮਰਾਂ ਵਾਲੇ ਆਏ ਨੇ। ਮਹਾਰਾਜ ਨੇ ਤਾਂ ਬਹੁਤ ਵੱਡੀਆਂ ਉਮਰਾਂ ਵਾਲਿਆਂ ਦਾ ਜ਼ਿਕਰ ਕੀਤਾ ਹੈ ਇਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ –

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੋਇਕੈ*
*ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਚਾਹੇ ਥੋੜ੍ਹੀ ਦੇਰ ਵਾਸਤੇ ਆਇਆ ਹੈ, ਚਾਹੇ ਬਹੁਤੀ ਵਾਸਤੇ ਆਇਆ ਹੈ, ਇੱਕ ਸੁਪਨਾ ਹੈ ਸੰਸਾਰ ਦਾ ਜੀਵਨ। ਲੰਘ ਜਾਂਦਾ ਹੈ, ਜਿਹੜਾ ਤੁਰ ਗਿਆ ਉਹ ਮੁੜ ਕੇ ਨਹੀਂ ਆਇਆ ਅੱਜ ਤੱਕ। ਐਸਾ ਵਾਹਿਗੁਰੂ ਦਾ ਖੇਲ੍ਹ ਹੈ, ਉਹਦਾ ਨਾਉਂ ਲਈ ਜਾਂਦੇ ਨੇ, ਉਹਦੀ ਜਾਣ-ਪਛਾਣ ਕਾਇਮ ਰਹਿੰਦੀ ਹੈ, ਪਰ ਉਹ ਮੁੜ ਕੇ ਨਹੀਂ ਆਉਂਦਾ, ਸਮਰੱਥ ਕਿੰਨਾ ਹੀ ਹੋਵੇ। ਐਸਾ ਜੋ ਸੰਸਾਰ ਹੈ, ਐਨੀ ਸਚਾਈ ਦੇ ਹੁੰਦਿਆਂ ਹੋਇਆਂ ਇਹ ਬੰਦਾ ਨਹੀਂ ਜਾਣਦਾ, ਬੰਦਾ ਦ੍ਰਿੜ੍ਹ ਕਰਕੇ ਰਹਿੰਦਾ ਹੈ। ਮਹਾਰਾਜ ਕਹਿੰਦੇ -

*ਕਾਲੁ ਨ ਆਵੈ ਮੂੜੇ ਚੀਤਿ ॥* *ਅੰਗ - 267*

ਐਨਾ ਮੂੜ੍ਹ ਹੈ ਕਿ ਇਹਨੂੰ ਇਸ ਗੱਲ ਦਾ ਪਤਾ ਹੀ ਨਹੀਂ ਲਗਦਾ ਕਿ ਮੈਂ ਇੱਥੋਂ ਚਲਿਆ ਜਾਣਾ ਹੈ, ਇੱਥੇ ਰਹਿਣ ਵਾਸਤੇ ਬੜਾ ਕੁਛ ਕਰਦਾ ਹੈ, ਬੜੇ ਵਲ-ਛਲ ਕਰਦਾ ਹੈ ਬੜੀਆਂ ਯੋਜਨਾਵਾਂ ਬਣਾਉਂਦਾ ਹੈ ਕਿ ਮੈਂ ਨਹੀਂ ਇੱਥੋਂ ਜਾਣਾ। ਮੁੜ ਕੇ ਤਾਂ ਸੰਸਾਰ ਨਾਲ ਸਬੰਧ ਪੈਂਦਾ ਹੀ ਨਹੀਂ ਸਾਧਸੰਗਤ ਜੀ! ਅੱਜ ਤੱਕ ਤਾਂ ਕਿਸੇ ਦਾ ਪਿਆ ਨਹੀਂ ਹੈ। ਜੇ ਪੈ ਵੀ ਗਿਆ ਤਾਂ ਇੱਕ ਵਾਰੀ ਗੁਰੂ ਮਹਾਰਾਜ ਦੇ ਫੁਰਮਾਨ ਤੋਂ ਆਪਾਂ ਨੂੰ ਪਤਾ ਲੱਗ ਜਾਏਗਾ ਕਿ ਕਿਵੇਂ ਸਬੰਧ ਪੈਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾ ਰਹੇ ਨੇ, ਘੋੜੇ 'ਤੇ ਸਵਾਰ ਨੇ, ਨਾਲ ਸਿੰਘ ਨੇ ਖੇਤਾਂ 'ਚੋਂ ਜਾ ਰਹੇ ਨੇ। ਖੱਬੇ ਪਾਸੇ ਇੱਕ ਤਿੱਤਰ ਬਹੁਤ ਤੇਜ਼ੀ ਨਾਲ ਬੋਲ ਰਿਹਾ ਹੈ। ਮਹਾਰਾਜ ਮੁਸਕਰਾਉਂਦੇ ਨੇ, ਅਚਾਨਕ ਹੀ ਆਪ ਦੇ ਮੁਖਾਰਬਿੰਦ ਤੋਂ ਐਸਾ ਫੁਰਮਾਨ ਹੋਣ ਲੱਗ ਗਿਆ -

*ਧਾਰਨਾ - ਭੂਮੀਆਂ ਭੂਮ ਉਪਰ ਨਿਤ ਲੁਝੈ*
*ਛੋਡਿ ਚਲੇ ਤ੍ਰਿਸ਼ਨਾ ਨਹੀਂ ਬੁਝੈ।*

ਕਾਫੀ ਦੂਰ ਤੱਕ ਆਹ ਤੁਕ ਮਹਾਰਾਜ ਜੀ ਪੜ੍ਹ ਰਹੇ ਨੇ। ਐਸੇ ਤਰ੍ਹਾਂ ਨਾਲ ਗਾ ਕੇ, ਸਿੰਘ ਨਾਲ ਨੇ, ਇੱਕ ਦੂਜੇ ਵੱਲ ਦੇਖਿਆ, ਕਹਿਣ ਲੱਗੇ ਕਿ ਮਹਾਰਾਜ! ਅਚਾਨਕ ਕਿਉਂ ਇਸ ਤਰ੍ਹਾਂ ਦਾ ਸ਼ਬਦ ਪੜ੍ਹਨ ਲੱਗ ਗਏ।

ਉਧਰਲੇ ਪਾਸੇ ਤਿੱਤਰ ਹੋਰ ਜ਼ੋਰ ਦੀ ਬੋਲਣ ਲੱਗ ਗਿਆ। ਅਖੀਰ ਮਹਾਰਾਜ ਜੀ ਨੇ ਘੋੜਾ ਰੋਕਿਆ ਤੇ ਖੜ੍ਹੇ ਹੋ ਗਏ। ਸਿੰਘ ਕਹਿਣ ਲੱਗੇ, ਮਹਾਰਾਜ! ਆਪ ਨੇ ਜੋ ਤੁਕਾਂ ਪੜ੍ਹੀਆਂ ਨੇ, ਇਹਦੇ ਕੋਈ ਸਾਨੂੰ ਵੀ ਮਤਲਬ ਸਮਝਾ ਦਿਓ। ਮਹਾਰਾਜ ਕਹਿੰਦੇ, ਪਿਆਰਿਓ! ਆਹ ਤਿੱਤਰ ਸੁਣਦੇ ਓਂ ਤੁਸੀਂ, ਕਹਿੰਦੇ ਆਪਾਂ ਨੂੰ ਗਾਲ੍ਹਾਂ ਕੱਢ ਰਿਹਾ ਹੈ। ਮਾੜੀਆਂ ਗੱਲਾਂ ਕਹਿ ਰਿਹਾ ਹੈ ਆਪਣੀ ਜ਼ੁਬਾਨ ਦੇ ਅੰਦਰ ਕਿ ਤੁਸੀਂ ਮੇਰੇ ਖੇਤਾਂ 'ਚੋਂ ਕਿਉਂ ਲੰਘੇ ਜਾ ਰਹੇ ਓਂ। ਕਹਿੰਦੇ ਇੱਥੇ ਦਾ ਇਹ ਛੋਟਾ ਜਿਹਾ ਰਾਜਾ ਸੀ, ਇਹ ਉਹਦਾ ਨਿੱਜ ਦਾ ਫਾਰਮ ਸੀ ਤੇ ਚੜ੍ਹਾਈ ਕਰ ਗਿਆ, ਤਿੱਤਰ ਦੀ ਜੂਨੀ 'ਚ ਪੈ ਗਿਆ, ਅਜੇ ਵੀ ਮੇਰ ਨਹੀਂ ਇਹਦੀ ਟੁੱਟਦੀ। ਜੇ ਕੋਈ ਜੀਵ ਦੁਬਾਰਾ ਆਉਂਦਾ ਹੈ ਐਸ ਹਾਲਤ 'ਚ ਆਉਂਦਾ ਹੈ। ਜੇ ਤਿੱਤਰ ਬਣ ਕੇ ਆ ਗਿਆ, ਕੀ ਹੋਇਆ ਫੇਰ ਜ਼ਮੀਨ ਦੀ ਵਾਸ਼ਨਾ ਵਿੱਚ ਰਹੀ। ਇਸ ਤਰ੍ਹਾਂ ਨਹੀਂ ਆਉਂਦਾ ਕਿ ਦੁਬਾਰਾ ਫੇਰ ਉਸੇ ਸ਼ਕਲ ਵਿੱਚ ਆ ਜਾਏ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਜਦੋਂ ਰਾੜਾ ਸਾਹਿਬ ਆਏ, ਬਹੁਤ ਹੀ ਵੈਰਾਗ ਸੀ ਆਪ ਦੇ ਮਨ 'ਚ। ਐਨਾ ਵੈਰਾਗ ਸ਼ਾਇਦ ਹੀ ਕਿਸੇ ਸੰਤ ਮਹਾਂਪੁਰਸ਼ ਦੇ ਹਿਰਦੇ 'ਚ ਹੋਵੇ। ਕਿਉਂਕਿ ਮੈਂ ਦੇਖਦਾ ਰਿਹਾ ਹਾਂ ਬਚਪਨ ਤੋਂ ਹੀ, ਜਦ ਤਕ ਮੈਂ ਮਿਲਿਆ ਨਹੀਂ ਸੀ ਉਸ ਵੇਲੇ ਤੱਕ ਮਾਂ-ਬਾਪ ਜਾਇਆ ਕਰਦੇ ਸੀ, ਬੇਬੇ ਜਾਇਆ ਕਰਦੀ ਸੀ, ਉਹ ਆ ਕੇ ਬਚਨ ਦੱਸਿਆ ਕਰਦੇ ਸੀ, ਰਾਹ ਵਿੱਚ ਪੈਂਦਾ ਸੀ ਉਨ੍ਹਾਂ ਦੇ ਪੇਕਿਆਂ ਦੇ, ਮਹਾਰਾਜ ਜੀ ਦੇ ਦਰਸ਼ਨ ਕਰਨੇ, ਬਚਨ ਸੁਣਨੇ ਤੇ ਆ ਕੇ ਬਚਨ ਕਰਨੇ ਤੇ ਇਉਂ ਲੱਗਣਾ ਕਿ ਬਹੁਤ ਭਾਰੀ ਤਪ ਕਰ ਰਹੇ ਨੇ।

ਇੱਕ ਵਾਰੀ ਮੈਨੂੰ ਆਪ ਨੇ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਨੇ) ਦੱਸਿਆ ਕਿ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ, ਗੱਲ ਕਹਿਣੀ ਸੁਖਾਲੀ ਹੈ, ਨੌਂ ਸਾਲ ਕੱਟ ਕੇ ਦੇਖ ਲਓ। ਪਿੱਠ ਲਾਉਣ ਤੋਂ ਬਗੈਰ ਕੋਈ ਬੰਦਾ ਦੱਸੇ ਕਿ ਕਿੰਨਾ ਔਖਾ ਹੈ। ਉਹ ਭਜਨ ਵਿੱਚ ਲੀਨ ਰਹਿੰਦੇ ਸੀ ਹਰ ਵਕਤ। ਕਿਉਂਕਿ ਧੁਰੋਂ ਆਏ ਸੀ, ਧੁਰੋਂ ਆਉਣ ਕਰਕੇ ਉਨ੍ਹਾਂ ਦਾ ਬਹੁਤ ਵੱਡਾ ਕਿਰਦਾਰ ਸੀ, ਜ਼ਿੰਮੇਵਾਰੀ ਸੀ ਲੇਕਿਨ ਸਾਨੂੰ ਦਸਦੇ ਸੀ ਕਿ ਇਸ ਤਰ੍ਹਾਂ ਦੇ ਨਾਲ ਭਜਨ ਕਰੀਦਾ ਹੈ। ਫੁਲਕਾ ਕਈ ਦਿਨਾਂ ਬਾਅਦ ਇੱਕ ਅੱਧਾ ਛਕ ਲੈਣਾ ਤਾਂ ਛਕ ਲੈਣਾ, ਅਖੀਰ ਐਸੀ ਹਾਲਤ ਹੋ ਗਈ, ਡਾਕਟਰਾਂ ਨੇ ਕਿਹਾ ਇਨ੍ਹਾਂ ਦੇ ਅੰਦਰ ਸਿਰਫ ਇੱਕ ਬੋਤਲ ਖ਼ੂਨ ਦੀ ਬਚਦੀ ਹੈ। ਜੇ ਇਹ ਵੀ ਘਟ ਗਈ ਤਾਂ ਸਰੀਰ ਨੇ ਨਹੀਂ ਚਲਣਾ, ਸਰੀਰ ਲੱਕੜ ਬਣ ਜਾਏਗਾ, ਖਤਮ ਹੋ ਜਾਏਗਾ। ਐਨੀ ਘੋਰ ਤਪਸਿਆ ਆਪ ਕਰਿਆ ਕਰਦੇ ਸੀ। ਚਾਰ ਫੁੱਟ ਮੁਰੱਬੇ ਦਾ ਟੋਆ ਪੁੱਟਿਆ ਹੁੰਦਾ, ਚਾਰ ਫੁੱਟ ਗਹਿਰਾ, ਚਾਰ ਫੁੱਟ ਚੌੜਾ, ਚਾਰ ਫੁੱਟ ਲੰਮਾ। ਉਹਦੇ 'ਚ ਰਾਤ ਨੂੰ ਉਤਰ ਕੇ ਬਹਿ ਜਾਂਦੇ ਸੀ, ਸਾਰਿਆਂ ਨੂੰ

ਇਸੇ ਤਰ੍ਹਾਂ ਬਿਠਾਲਦੇ ਸੀ, ਨਾ ਤਾਂ ਪੈਣ ਨੂੰ ਕੋਈ ਥਾਂ ਸੀ। ਜ਼ਿਆਦਾ ਤੋਂ ਜ਼ਿਆਦਾ ਜਿਹਨੂੰ ਨੀਂਦ ਆਏਗੀ ਬੈਠਾ-ਬੈਠਾ ਸੌਂ ਲਏਗਾ। ਉਸ ਤੋਂ ਬਾਅਦ ਥੋੜ੍ਹੇ ਵੱਡੇ ਭੋਰੇ ਬਣਾ ਲਏ, ਅੱਠ-ਅੱਠ ਫੁੱਟ ਦੇ। ਉਹਦੇ ਉਤੇ ਹੀ ਧਰਤੀ ਦੇ ਨਾਲ ਲਗਦੇ ਛੱਪਰ ਪਾ ਲਏ ਤੇ ਆਪ ਉਸ ਛੱਪਰ ਦੇ ਵਿੱਚ ਬੈਠ ਕੇ ਭਜਨ ਕਰਿਆ ਕਰਦੇ ਸੀ। ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਅੱਜ ਅੰਮ੍ਰਿਤ ਵੇਲੇ ਇੱਕ ਸੱਪ ਸਿੱਧਾ ਹੀ ਆਇਆ ਤੇ ਮੈਂ ਪਹਿਰੇ 'ਤੇ ਸੀ, ਉਹ ਆਪ ਦੇ ਦਰਵਾਜ਼ੇ ਦੇ ਅੱਗੇ (ਦਰਵਾਜ਼ਾ ਤਾਂ ਹੁੰਦਾ ਹੀ ਨਹੀਂ ਸੀ ਲੱਗਿਆ ਹੋਇਆ, ਫੂਸ ਦਾ ਹੀ ਖਿੜਕਾ ਜਿਹਾ ਮੂਹਰੇ ਲਾ ਲੈਂਦੇ ਸੀ) ਸਾਮ੍ਹਣੇ ਖੜ੍ਹਾ ਰਿਹਾ ਫਣ ਤਾਣ ਕੇ। ਹੁਕਮ ਹੋਵੇ, ਜੇ ਫੇਰ ਆਵੇ ਤਾਂ ਮਾਰ ਦੇਈਏ? ਮਹਾਰਾਜ ਕਹਿੰਦੇ, ਨਹੀਂ ਮਾਰਨਾ ਨਹੀਂ ਹੈ। ਮਸਤ ਰਹੋ ਤੁਸੀਂ। ਉਹਦਾ ਆਉਣਾ ਵੀ ਜਿਹੜਾ ਹੈ ਉਹ ਕਿਸੇ ਮਤਲਬ ਵਾਸਤੇ ਹੈ। ਦੂਸਰਾ, ਤੀਸਰਾ, ਚੌਥਾ, ਪੰਜਵਾਂ, ਛੇ, ਸੱਤ ਦਿਨ ਲੰਘ ਗਏ, ਰੋਜ਼ ਆਇਆ ਕਰੇ, ਦਰਵਾਜ਼ੇ ਮੂਹਰੇ ਖੜ੍ਹ ਜਾਇਆ ਕਰੇ, ਅੱਠਵੇਂ, ਨੌਵੇਂ ਦਿਨ ਸੇਵਾਦਾਰ ਆਇਆ ਜਿਹੜਾ ਮਹਾਰਾਜ ਜੀ ਦਾ ਗੜਵਈ ਸੀ, ਉਹ ਕਹਿਣ ਲੱਗਿਆ, ਮਹਾਰਾਜ! ਅੱਜ ਸੱਪ ਆਪ ਦੇ ਪਿਛਲੇ ਪਾਸੇ ਛੱਪਰ ਨਾਲ ਮੂੰਹ ਲਾ ਕੇ ਲੰਮਾ ਪਿਆ ਹੈ। ਉਹ ਹਿੱਲਿਆ ਨਹੀਂ, ਅਸੀਂ ਡੰਡੇ ਨਾਲ ਵੀ ਹਿਲਾਇਆ ਹੈ ਤੇ ਪੁੱਠਾ ਹੋਇਆ ਪਿਆ ਹੈ। ਮਹਾਰਾਜ ਕਹਿੰਦੇ, ਭਾਈ! ਉਹ ਚੜ੍ਹਾਈ ਕਰ ਗਿਆ।

ਸਾਰਿਆਂ ਨੇ ਪੁੱਛਿਆ ਕਿ ਮਹਾਰਾਜ! ਸਾਨੂੰ ਵੀ ਕੁਛ ਸਮਝਾ ਦਿਓ ਕਿ ਇਹ ਕੀ ਗੱਲ ਹੈ? ਕਹਿਣ ਲੱਗੇ, ਪਿਆਰਿਓ! ਇਹ ਇਸ ਜ਼ਮੀਨ ਦਾ ਮਾਲਕ ਸੀ ਪਿਛਲੇ ਜਨਮ ਵਿੱਚ, ਜਦੋਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਇੱਥੇ ਆਏ ਨੇ, ਉਸ ਵੇਲੇ ਇਹ ਆਪਣੀ ਚੌਧਰ ਦੀ ਮਸਤੀ ਦੇ ਵਿੱਚ ਨਿਵਿਆ ਨਾ ਗੁਰੂ ਮਹਾਰਾਜ ਨੂੰ ਤੇ ਮਹਾਰਾਜ ਕੋਲ ਆ ਕੇ ਉਨ੍ਹਾਂ ਦੇ ਪਲੰਘ 'ਤੇ ਬੈਠਣ ਦਾ ਯਤਨ ਕਰਦਾ ਸੀ। ਗੁਰੂ ਛੇਵੇਂ ਪਾਤਸ਼ਾਹ ਕਿਉਂਕਿ ਕਾਫੀ ਦੇਰ ਰਹੇ ਨੇ ਉਥੇ, ਤਿੰਨ ਚਾਰ ਮਹੀਨੇ ਰਹੇ ਨੇ। ਸੇਵਾਦਾਰ ਨੇ ਉਹਨੂੰ ਹਟਾਇਆ ਕਿ ਚੌਧਰੀ ਇਸ ਤਰ੍ਹਾਂ ਨਹੀਂ ਕਰੀਦਾ ਹੁੰਦਾ, ਮਹਾਂਪੁਰਸ਼ਾਂ ਨਾਲ ਤੇਰਾ ਕੀ ਮੇਚ ਹੈ। ਇਹ ਤਾਂ ਸੱਚੇ ਪਾਤਸ਼ਾਹ ਨੇ ਤੂੰ ਇੱਕ ਮਾਮੂਲੀ ਚੌਧਰੀ ਹੈਂ। ਉਸ ਨੇ ਗੁੱਸਾ ਕਰਿਆ, ਚਲਿਆ ਗਿਆ। ਕਹਿੰਦੇ, ਅਭਿਮਾਨੀ ਬਹੁਤ ਸੀ, ਅਹੰਕਾਰੀ ਸੀ ਬਹੁਤ ਜ਼ਿਆਦਾ, ਕਹਿੰਦੇ ਇਹਨੂੰ ਸੱਪ ਦੀ ਜੂਨੀ ਮਿਲੀ ਹੈ। ਹੁਣ ਇਹਦੇ ਪਾਪ ਸੀ ਜਿਹੜੇ ਉਨ੍ਹਾਂ ਲਈ ਪਛਤਾਉਂਦਾ ਸੀ ਬੜਾ, ਰੋਜ਼ ਆਉਂਦਾ ਸੀ, ਅੱਜ ਆਪੇ ਹੀ ਸਰੀਰ ਛੱਡ ਗਿਆ।

ਮੇਰਾ ਬੇਨਤੀ ਕਰਨ ਤੋਂ ਇਹ ਭਾਵ ਹੈ ਕਿ ਜਿਹੜਾ ਚਲਿਆ ਗਿਆ ਉਹ ਵਾਪਸ ਨਹੀਂ ਆਉਂਦਾ ਜੇ ਆ ਵੀ ਜਾਵੇ, ਸੱਪ ਬਣ ਕੇ ਆ ਗਿਆ ਫੇਰ ਕੀ ਫਾਇਦਾ ਹੈ। ਉਹਨੂੰ ਕੋਈ ਜਾਇਦਾਦ ਦਏਗਾ, ਜ਼ਮੀਨ ਦਏਗਾ? ਮਾਰਨ ਨੂੰ ਨੱਠਣਗੇ। ਐਨਾ ਕੁਛ ਜਾਣਦਾ ਹੋਇਆ ਵੀ ਮਨੁੱਖ ਫੇਰ ਦੁਨੀਆਂਦਾਰੀ 'ਚ ਫਸ ਕੇ ਆਪਣੇ ਜੀਵਨ ਨੂੰ ਬਰਬਾਦ ਕਰਨਾ ਚਾਹੁੰਦਾ

ਹੈ। ਪਕੜ 'ਚ ਆਉਂਦਾ ਹੈ, ਮੇਰਾ-ਮੇਰਾ ਕਰਦਾ ਹੈ ਤੇ ਨਾ ਭਜਨ ਹੁੰਦਾ ਹੈ। ਗੁਰੂ ਨੌਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ! ਭਜਨ ਨਾ ਹੋਣ ਦਾ ਕਾਰਨ ਸਿਰਫ ਐਨਾ ਹੈ ਕਿ ਬੰਦਾ ਇਸ ਸੰਸਾਰ ਤੋਂ ਜਾਣਾ ਨਹੀਂ ਮੰਨਦਾ। ਦ੍ਰਿੜ੍ਹ ਕਰਕੇ ਪ੍ਰਤੀਤ ਰੱਖਦਾ ਹੈ ਕਿ ਮੈਂ ਇੱਥੇ ਹੀ ਰਹਿਣਾ ਹੈ। ਇਸ ਮਹਾਂਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ। ਹਾਲਾਂਕਿ ਸਚਾਈ ਹੈ, ਇਸੇ ਕਰਕੇ ਇਹਦੀ ਤਰੱਕੀ ਨਹੀਂ ਹੁੰਦੀ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

***ਧਾਰਨਾ - ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲੱਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ 1 ॥***
***ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***

***ਅੰਗ - 726***

ਵੱਡਾ ਕਾਰਨ ਮਹਾਰਾਜ ਕਹਿੰਦੇ, ਸੰਸਾਰ 'ਤੇ ਰਹਿਣਾ ਮੰਨਦਾ ਹੈ ਬੰਦਾ, ਜਾਣਾ ਨਹੀਂ ਮੰਨਦਾ, ਜਿੰਨਾਂ ਰੌਲਾ ਗੌਲਾ ਇਸ ਗੱਲ ਦਾ ਹੈ, ਉਹ ਕਹਿੰਦਾ ਮੈਂ ਰਹਿਣਾ ਹੈ, ਇਹ ਪਤਾ ਹੀ ਨਹੀਂ ਕਿ ਵਾਹਿਗੁਰੂ ਨੇ ਤਾਂ ਸਭ ਕੁਛ ਲਿਖਿਆ ਪਿਆ ਹੈ ਜਿਵੇਂ ਤੂੰ ਰਹਿਣਾ ਹੈ। ਵਾਧੂ ਦਾ ਰੌਲਾ-ਗੌਲਾ ਹੈ ਤੇਰਾ ਸੰਸਾਰ ਦੇ ਅੰਦਰ। ਐਸੇ ਸਤਿਸੰਗ ਦੇ ਵਿੱਚ ਆਉਂਦਾ ਹੈ ਤੇ ਮਹਾਤਮਾ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਨਾਮ ਜਪਣ ਵਾਸਤੇ ਸੰਸਾਰ 'ਤੇ ਆਇਆ ਸੀ। ਦੂਸਰਾ ਸੀ ਕਿ ਪੂਰੇ ਗੁਰੂ ਦੀ ਸੇਵਾ ਕਰਕੇ ਆਪਣਾ ਜਨਮ ਜੋ ਸੀ ਉਸਨੂੰ ਲੇਖੇ ਵਿੱਚ ਲਾਉਣਾ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥*** ***ਅੰਗ - 1159***

ਜੇ ਇਹ ਕੰਮ ਇੱਥੇ ਆ ਕੇ ਇਹਨੇ ਨਹੀਂ ਕਰਿਆ, ਮਹਾਰਾਜ ਕਹਿੰਦੇ ਉਹਨੂੰ ਪੁੱਛੋ ਫੇਰ, ਉਹਦੇ ਆਉਣ ਦਾ ਹੋਰ ਕੀ ਮਤਲਬ ਹੈ ਜੇ ਕਹੇ ਕਿ ਮੈਂ ਪੈਸੇ ਕਮਾਉਣ ਆਇਆ ਹਾਂ, ਪੈਸਾ ਤਾਂ ਨਾਲ ਜਾਂਦਾ ਨਹੀਂ ਜਾਂਦਾ ਨਹੀਂ ਤੇਰੇ।

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - 1365***

ਜੇ ਕਹੇ ਕਿ ਮੈਂ ਸ਼ਰਾਬਾਂ ਵਗੈਰਾ ਪੀਣ ਵਾਸਤੇ ਆਇਆ ਹਾਂ, ਨਸ਼ੇ ਪੀਣ ਵਾਸਤੇ ਆਇਆ ਹੈਂ, ਤੂੰ ਆਪਣਾ ਸਰੀਰ ਖਰਾਬ ਕਰ ਲਏਂਗਾ। ਦੁਖੀ ਹੋਏਂਗਾ, ਸੈਲ ਮਰ ਜਾਣਗੇ, ਫੇਰ ਕੁਛ ਵੀ ਨਹੀਂ ਹੋਣਾ, ਰੋਗੀ

ਹੋਇਆ ਤੁਰਿਆ ਫਿਰੇਂਗਾ। ਇਹ ਵੀ ਕੋਈ ਆਉਣ ਦਾ ਮਤਲਬ ਹੈ? ਜੇ ਕਹੇ ਕਿ ਮੈਂ ਬਹੁਤ ਪੜ੍ਹਨ ਵਾਸਤੇ ਆਇਆ ਹਾਂ, ਬੇਅੰਤ ਪੜ੍ਹਾਈ ਮੈਂ ਕਰਨੀ ਹੈ, ਮਹਾਰਾਜ ਕਹਿੰਦੇ, ਪੜ੍ਹਾਈ ਕਰਕੇ ਜੇ ਤੈਨੂੰ ਤੱਤ ਦਾ ਪਤਾ ਨਹੀਂ ਲੱਗਿਆ, ਤੇਰੇ ਪੜ੍ਹਨ ਦਾ ਕੀ ਫਾਇਦਾ। ਐਵੇਂ ਹੀ ਖੱਪ-ਖੱਪ ਕੇ ਸੰਸਾਰ ਤੋਂ ਜਾ ਰਿਹਾ ਹੈ। ਆਉਣਾ ਸਫਲ ਸਿਰਫ ਉਸਦਾ ਹੈ -

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ - 252*

ਜਿਹਦੀ ਰਸਨਾ ਦੇ ਵਿੱਚੋਂ ਹਰ ਵਕਤ, ਤੁਰਦੇ-ਫਿਰਦੇ, ਵਾਹਿਗੁਰੂ-ਵਾਹਿਗੁਰੂ ਨਿਕਲਦਾ ਰਹਿੰਦਾ ਹੈ। ਬਾਕੀਆਂ ਦਾ ਆਉਣ ਦਾ ਕੋਈ ਕੰਮ ਨਹੀਂ ਹੈ, ਉਹਦੇ ਉਤੇ ਸਵਾਲ ਕਰਦੇ ਨੇ ਮਹਾਰਾਜ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕਾਹੇ ਜਗ ਆਏ ਨੇ, ਭਗਤੀ ਤੋਂ ਹੀਣੇ ਜਿਹੜੇ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - 450*
*ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥*
*ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥*
*ਅੰਗ - 32*

ਜਨਮ ਬਿਰਥਾ ਗੁਆ ਕੇ ਸੰਸਾਰ ਤੋਂ ਚਲਿਆ ਗਿਆ ਤੇ ਬਣਦਾ ਕੁਛ ਨਹੀਂ ਹੈ। ਇਸ ਤਰ੍ਹਾਂ ਦੇ ਨਾਲ ਤਰਨ ਦਾ ਜੋ ਤਰੀਕਾ ਹੈ, ਮਹਾਰਾਜ ਕਹਿੰਦੇ, ਇੱਕੋ ਤਰੀਕਾ ਹੈ, ਉਹਨੂੰ ਦਿਮਾਗ ਦੇ ਵਿੱਚ ਵਸਾ ਲਓ -

*ਧਾਰਨਾ - ਪਿਆਰੇ ਜੀ! ਸੰਗਤ ਕਰ ਲੈ ਸਾਧੂਆਂ ਦੀ,*
*ਪਿਆਰਿਆ! ਸੰਗਤ ਕਰ ਲੈ ਸਾਧੂਆਂ ਦੀ।*
*ਜੇ ਤੈਂ ਭਵਜਲ ਬਿਖੜਾ ਤਰਨੈ।*

ਇੱਕੋ ਤਰੀਕਾ ਹੈ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ, ਪਰ ਇਹ ਬਹੁਤ ਦੁਰਲੱਭ ਹੈ, ਹੋਇਆ ਨਹੀਂ ਕਰਦੀ, ਇਹਦੇ ਵਿੱਚ ਪੜਦਾ ਰਹਿ ਜਾਂਦਾ ਹੈ। ਪੜਦਾ ਰਹਿਣ ਦੇ ਨਾਲ ਗੱਲ ਬਣਿਆ ਨਹੀਂ ਕਰਦੀ। ਕਾਰਾਂ ਚਲਦੀਆਂ ਨੇ, ਗੱਡੀਆਂ ਚਲਦੀਆਂ ਨੇ distributor ਦੇ ਵਿੱਚ, ਜਿਥੋਂ ਕਰੰਟ ਆਉਂਦੀ ਹੈ, ਜੇ ਪਤਲਾ ਜਿਹਾ ਕਾਗਜ਼ ਉਹਦੇ ਵਿੱਚ ਰੱਖ ਦਿਓ, ਕਰੰਟ ਤਾਂ ਪਿੱਛੋਂ ਆਉਂਦੀ ਹੈ, ਅੱਗੇ ਪਾਸ ਨਹੀਂ ਹੁੰਦੀ ਕਿਉਂਕਿ ਵਿਚਾਲੇ ਪੜਦਾ ਪੈ ਗਿਆ। ਉਹ ਕੁਦਰਤੀ ਗੱਲ ਹੈ ਕਲਜੁਗ ਦੇ ਹਮਲੇ ਹੁੰਦੇ ਨੇ, ਭੁੱਲ ਪੈਂਦੀ ਹੈ, ਭੁੱਲ ਪੈਣ ਦੇ ਨਾਲ ਪੜਦਾ ਪੈ ਜਾਂਦਾ ਹੈ ਤੇ ਸੰਗਤ ਨਹੀਂ ਮਿਲਿਆ ਕਰਦੀ। ਜੇ ਕਹੇ ਕਿ ਮੈਂ ਐਸ ਤਰ੍ਹਾਂ ਲੰਘ

ਜਾਵਾਂਗਾ। ਮਹਾਰਾਜ ਕਹਿੰਦੇ, ਬਿਲਕੁਲ ਨਹੀਂ-

***ਮਨਹਠਿ ਕਿਤੈ ਉਪਾਇ ਨ ਛੂਟੀਐ***
***ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥*** ***ਅੰਗ - 65***

ਕਹਿੰਦੇ, ਤੁਸੀਂ ਪਹਿਲਾਂ ਜਿਹੜੇ ਵੱਡੇ-ਵੱਡੇ ਗ੍ਰੰਥ ਨੇ, ਸਿਮ੍ਰਤੀਆਂ ਨੇ, ਵੇਦ ਨੇ, ਸ਼ਾਸਤਰ ਨੇ, ਇਨ੍ਹਾਂ ਨੂੰ ਸੋਧ ਕੇ ਦੇਖੋ, ਜ਼ੋਰ ਲਾਉਣ 'ਤੇ ਕੋਈ ਨਹੀਂ ਛੁਟ ਸਕਦਾ। ਛੁਟਣ ਦਾ ਇੱਕੋ ਤਰੀਕਾ ਹੈ -

***ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥***
***ਅੰਗ - 65***

ਪੂਰੇ ਸਾਧੂ ਦੀ ਸੰਗਤ ਮਿਲ ਜਾਵੇ, ਉਹਨੂੰ ਮਿਲ ਕੇ ਫੇਰ ਪਾਰ ਉਤਾਰਾ ਹੋ ਜਾਂਦਾ ਹੈ। ਨਹੀਂ ਤਾਂ ਬੰਦਾ ਵਿਚ ਰਹਿ ਜਾਂਦਾ ਹੈ। ਇਸ ਤਰ੍ਹਾਂ ਦੇ ਬਚਨ ਸਧਨਾ ਸੁਣਦਾ ਹੈ, ਸਰਲ ਸੁਭਾਅ ਹੈ ਉਸਦਾ, ਤਰਕ ਨਹੀਂ ਹੈ ਦਿਲ ਦੇ ਅੰਦਰ। ਜਿਸ ਥਾਂ ਤੋਂ ਬਾਣੀ ਆਉਂਦੀ ਹੈ, ਉਸ ਥਾਂ ਦੇ ਉਤੇ ਉਹਦੀ ਸੁਰਤ ਚੱਕਰ ਮਾਰਦੀ ਹੈ ਕਿਉਂਕਿ ਸੁਣ ਰਿਹਾ ਹੈ, ਅਸਲੀ ਸਰੋਤਾ। ਚਾਰ ਕਿਸਮ ਦੇ ਸਰੋਤੇ ਹੁੰਦੇ ਨੇ, ਇੱਕ ਤਾਂ ਉਹ ਹੁੰਦੇ ਨੇ ਜਿਹੜੇ ਆਉਂਦੇ ਨੇ, ਆ ਕੇ ਸਤਿਸੰਗ ਦੇ ਵਿੱਚ ਅੱਖਾਂ ਮੀਚੀਆਂ, ਗਰਦਨ ਹੇਠਾਂ ਨੂੰ ਕਰ ਲਈ, ਠੋਡੀ ਲੱਗ ਗਈ ਛਾਤੀ ਨਾਲ ਤੇ ਪਤਾ ਹੀ ਨਹੀਂ ਸੌਂ ਗਏ ਆਰਾਮ ਨਾਲ। ਤੁੰਦਰਾ ਕਹਿੰਦੇ ਨੇ ਇਹਨੂੰ ਕਿ ਤੁੰਦਰਾ ਪੈ ਜਾਂਦੀ ਹੈ। ਉਨ੍ਹਾਂ ਨੂੰ ਊਂਘੇ ਕਹਿੰਦੇ ਨੇ। ਦੂਸਰੇ ਹੋਇਆ ਕਰਦੇ ਨੇ ਉਹ ਸਰੋਤੇ ਜਿਹੜੇ ਦੇਖਣ ਵਾਸਤੇ ਆਉਂਦੇ ਨੇ ਉਹਦਾ ਕੀਰਤਨ ਕਿਹੋ ਜਿਹਾ ਹੈ, ਇਹਦਾ ਕਿਹੋ ਜਿਹਾ ਹੈ, ਉਹ ਸੂੰਘੇ ਹੁੰਦੇ ਨੇ। ਤੀਸਰੇ ਹੁੰਦੇ ਨੇ ਜਿਨ੍ਹਾਂ ਦਾ ਚਿੱਤ ਨਹੀਂ ਲਗਦਾ, ਕਦੇ ਮੱਥਾ ਟੇਕਣ ਵਾਲਿਆਂ ਨੂੰ ਦੇਖਣ ਲੱਗ ਗਏ, ਕਦੇ ਘੜੀ ਦੇਖ ਲਈ, ਕਦੇ ਏਧਰ ਉਧਰ ਦੇਖ ਲਿਆ। ਕਦੇ ਗੋਡਾ ਉਪਰ ਨੂੰ ਕਰ ਲਿਆ, ਨਾ ਆਪ ਟਿਕਣਾ ਹੈ ਨਾ ਦੂਜਿਆਂ ਦੀ ਬਿਰਤੀ ਲੱਗਣ ਦੇਣੀ ਹੈ। ਉਹ ਜਿਹੜੇ ਸਰੋਤੇ ਨੇ ਉਨ੍ਹਾਂ ਠੂੰਗੇ ਕਹਿੰਦੇ ਨੇ। ਚੌਥੇ ਉਹ ਹੁੰਦੇ ਨੇ ਜਿਹੜੇ ਬਚਨ ਨੂੰ ਹਿਰਦੇ 'ਚ ਵਸਾਉਂਦੇ ਨੇ। ਹਿਰਦੇ 'ਚ ਵਸਾਉਣ ਵਾਲੇ ਜਿਹੜੇ ਹੈਗੇ ਉਹ ਚੂੰਘੇ ਕਹਾਉਂਦੇ ਨੇ, ਉਹ ਟਾਵੇਂ-ਟਾਵੇਂ ਹੁੰਦੇ ਨੇ ਸਤਿਸੰਗ 'ਚ। ਬਾਕੀ ਨਹੀਂ ਹੁੰਦੇ। ਕਿਉਂਕਿ ਸਤਿਸੰਗ ਦੇ ਵਿੱਚ ਪੂਰਨ ਇਕਾਗਰਤਾ ਹੋਣੀ ਚਾਹੀਦੀ ਹੈ।

ਮੈਂ ਇੱਕ ਬੇਨਤੀ ਕਰਾਂ ਕਿ ਜੇ ਅਸੀਂ ਨੋਟਸ ਵੀ ਲਈਏ, ਜਿਵੇਂ ਸਕੂਲ ਦੇ ਬੱਚੇ ਲੈਂਦੇ ਨੇ, ਮਹਾਂਪੁਰਸ਼ ਬਚਨ ਕਰਦੇ ਨੇ ਅਸੀਂ ਲਿਖਦੇ ਹਾਂ, ਉਹ ਬੁੱਧੀਮੰਡਲ ਤੋਂ ਅੱਗੇ ਨਹੀਂ ਗੱਲ ਜਾਇਆ ਕਰਦੀ, ਉਰ੍ਹੇ ਹੀ ਗੱਲ ਰਹਿ ਜਾਂਦੀ ਹੈ। ਜਿੱਥੇ ਗੱਲ ਆ ਰਹੀ ਹੈ, ਉਸ ਥਾਂ 'ਤੇ ਬਿਰਤੀ ਨਹੀਂ ਉਨ੍ਹਾਂ ਦੀ ਜਾਂਦੀ, ਵਿਚੇ ਹੀ ਰਹਿ ਜਾਂਦੀ ਹੈ ਕਿਉਂਕਿ ਲਿਖਣ ਲੱਗ ਗਿਆ। ਜਿਹੜਾ ਉਸਦਾ ਪ੍ਰਭਾਵ ਸੀ ਉਹ ਖਤਮ ਹੋ ਗਿਆ, ਟੁੱਟ ਗਿਆ। ਉਹ ਕੇਵਲ ਗਿਆਨੀ ਤਾਂ ਬਣ ਸਕਦਾ ਹੈ, ਅਨੁਭਵੀ ਮਹਾਂਪੁਰਸ਼ ਨਹੀਂ ਬਣ ਸਕਦਾ ਕਿਉਂਕਿ ਅਨੁਭਵ ਉਹਨੇ ਕੀਤਾ ਹੀ ਨਹੀਂ। ਜਦੋਂ ਮਹਾਂਪੁਰਸ਼ ਬੋਲਦੇ

ਨੇ ਉਸ ਅਨੁਭਵ ਦੇ ਵਿੱਚ ਬਿਰਤੀ ਨਹੀਂ ਪਹੁੰਚਦੀ। ਇਸ ਤਰ੍ਹਾਂ ਦੇ ਨਾਲ ਕਈ ਵਿਘਨ ਪੈ ਜਾਂਦੇ ਨੇ।

ਇਹ ਜੋ ਬੱਚਾ ਹੈ ਕਸਾਈ ਦਾ ਕੰਮ ਕਰਦਾ ਹੈ, ਲੇਕਿਨ ਮਨ ਦੇ ਅੰਦਰ ਪਿਛਲੇ ਕਰਮਾਂ ਦਾ ਐਨਾ ਵੇਗ ਹੈ ਜ਼ਬਰਦਸਤ ਕਿ ਵੈਰਾਗ ਵਿੱਚ ਰਹਿੰਦਾ ਹੈ ਹਰ ਵਕਤ। ਨਾਲ ਕਹਿੰਦਾ ਹੈ ਕਿ ਹੇ ਪ੍ਰਭੂ! ਮੈਂ ਕੀ ਕਰਾਂ, ਹੋਰ ਮੈਨੂੰ ਕਿਰਤ ਕੋਈ ਆਉਂਦੀ ਨਹੀਂ ਤੇ ਹੁਣ ਮੈਂ ਕਰਾਂ ਤਾਂ ਕੀ ਕਰਾਂ। ਇੱਕ ਦਿਨ ਗੱਲ ਕਿ ਓਸ ਸ਼ਹਿਰ ਦਾ, ਜਿੱਥੇ ਇਹ ਰਿਹਾ ਕਰਦਾ ਸੀ, ਸੇਵਾਂਨ ਪਿੰਡ ਦਾ ਜਿਹੜਾ ਚੌਧਰੀ ਸੀ ਉਹ ਬਿਮਾਰ ਹੋ ਗਿਆ। ਉਨ੍ਹਾਂ ਨੇ ਦੱਸਿਆ ਕਿ ਥੋੜ੍ਹਾ ਜਿਹਾ ਮਾਸ ਲਿਆ ਕੇ ਉਹਦੀ ਤਰੀ ਪਿਲਾਉਣੀ ਚਾਹੀਦੀ ਹੈ, ਤਾਂ ਠੀਕ ਹੋਏਗਾ। ਸ਼ਾਮ ਹੋ ਚੁੱਕੀ ਸੀ, ਗਰਮੀ ਦਾ ਮਹੀਨਾ ਸੀ ਤੇ ਉਹਦੇ ਬੰਦੇ ਸਧਨੇ ਕੋਲ ਆਉਂਦੇ ਨੇ। ਸਧਨੇ ਨੂੰ ਕਹਿਣ ਲੱਗੇ ਕਿ ਦੇਖ ਭਾਈ! ਐਨਾ ਕੁ ਮਾਸ ਚਾਹੀਦਾ ਹੈ ਸਾਨੂੰ, ਇਹ ਤੂੰ ਜ਼ਰੂਰ ਕਰ, ਕਿਉਂਕਿ ਜ਼ਿੰਦਗੀ ਦਾ ਸਵਾਲ ਹੈ। ਉਹ ਕਹਿਣ ਲੱਗਿਆ, ਕੱਲ੍ਹ ਨੂੰ ਹੈ ਦਸਵੀਂ, ਕੱਲ੍ਹ ਨੂੰ ਕੋਈ ਮਾਸ ਨਹੀਂ ਖਾਂਦਾ ਤੇ ਅੱਜ ਨੌਵੀਂ ਹੈ, ਜੇ ਮੈਂ ਅੱਜ ਕੱਟਿਆ ਤਾਂ ਇਕਾਦਸ਼ੀ ਨੂੰ ਜਾ ਕੇ ਵਿਕਣਾ ਹੈ, ਗਰਮੀ ਦਾ ਮਹੀਨਾ ਹੈ ਮੇਰਾ ਮਾਸ ਜਿਹੜਾ ਹੈ ਸਾਰਾ ਖਰਾਬ ਜਾਏਗਾ। ਉਹ ਬਾਰ-ਬਾਰ ਕਹਿੰਦਾ ਹੈ ਉਸ ਤੋਂ ਬਾਅਦ ਇਹ ਕਹਿਣ ਲੱਗਿਆ ਚੰਗਾ, ਬਾਹਰ ਬੈਠ। ਅੰਦਰ ਚਲਿਆ ਗਿਆ ਜਾ ਕੇ ਛੁਰੀ ਚੁੱਕ ਲਿਆਇਆ, ਜਿਸ ਵਕਤ ਚਲਾਉਣ ਲੱਗਿਆ ਕਿ ਲੱਤ ਕੱਟ ਕੇ ਮੈਂ ਦੇ ਦੇਵਾਂ, ਕੱਲ੍ਹ ਦਾ ਦਿਨ ਕੱਟ ਲਏਗਾ, ਪਰਸੋਂ ਨੂੰ ਮੈਂ ਵੱਢ ਹੀ ਲੈਣਾ ਹੈ ਇਸਨੂੰ। ਇਹਦੇ ਅੰਦਰ ਅਚਾਨਕ ਪ੍ਰਕਾਸ਼ ਹੋ ਗਿਆ ਕਿ ਹੈਂ ਮੈਂ ਐਸਾ ਕਰਮ ਕਰਨ ਲੱਗਿਆਂ। ਇਹ ਕਰਨ ਦਾ ਫਲ ਮੈਨੂੰ ਭੋਗਣਾ ਪੈਣਾ ਹੈ। ਮਹਾਂਪੁਰਸ਼ ਕਹਿੰਦੇ ਨੇ -

***ਭੋਗੇ ਬਿਨ ਭਾਗੇ ਨਹੀ ਕਰਮਗਤੀ ਬਲਵਾਨ।***

ਜਿਹੜਾ ਤੂੰ ਕਰਮ ਕਰ ਲਿਆ, ਉਹਦਾ ਤਾਂ ਲੇਖਾ ਤੈਨੂੰ ਦੇਣਾ ਹੀ ਪੈਣਾ ਹੈ। ਉਹ ਭੋਗਣਾ ਪੈਣਾ ਹੈ ਚਾਹੇ ਕਿਸੇ ਤਰ੍ਹਾਂ ਕਰ ਲੈ -

***ਧਾਰਨਾ - ਫਲ ਦਿੱਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***

ਕਹਿਣ ਲੱਗਿਆ ਪਿਆਰਿਆ! ਅੱਜ ਤੂੰ ਇਹਦਾ ਪੱਟ ਕੱਟਣ ਲੱਗਿਆ ਹੈ, ਕੱਲ੍ਹ ਨੂੰ ਤੂੰ ਬੱਕਰਾ ਬਣ ਗਿਆ ਤੇਰਾ ਇਹ ਵੱਢੇਗਾ। ਕਿੰਨੀ ਤੜਫਣ ਹੋਏਗੀ, ਕਿੰਨਾ ਦੁੱਖ ਹੋਏਗਾ। ਛੁਰੀ ਸੁੱਟ ਦਿੱਤੀ, ਅੰਦਰ ਜ਼ਮੀਰ ਦੇ ਰੋਸ਼ਨੀ ਹੋ ਗਈ। ਬਦਲ ਗਿਆ ਉਸੇ ਵੇਲੇ, ਬਾਹਰ ਆ ਗਿਆ, ਕਹਿਣ ਲੱਗਿਆ ਮੈਂ ਨਹੀਂ ਕਰ ਸਕਦਾ ਇਹ ਕੰਮ। ਉਸ ਤੋਂ ਬਾਅਦ ਮੁੱਲ ਲੈ ਆਉਂਦਾ ਹੈ, ਲਿਆ ਕੇ ਵੇਚਣ ਚਲਿਆ ਜਾਂਦਾ ਹੈ। ਕਿਉਂਕਿ ਕਿਰਤ ਸੀ। ਟੋਕਰੇ 'ਚ ਪਾ ਲੈਂਦਾ ਹੈ, ਜਾ ਕੇ ਵੇਚਦਾ ਹੈ, ਜਿੱਥੇ-ਜਿੱਥੇ ਕੋਈ ਖਰੀਦਦਾਰ ਸੀ ਉਥੇ ਵੇਚ ਦਿੰਦਾ ਹੈ।

ਅੱਜ ਮਹਾਂਪੁਰਸ਼ਾਂ ਦੀ ਮੰਡਲੀ ਆ ਰਹੀ ਹੈ। ਦੂਰੋਂ ਇਹਦੇ ਕੰਨ

ਵਿੱਚ ਆਵਾਜ਼ ਪਈ, ਸਮਝਣ ਦਾ ਯਤਨ ਕਰਿਆ, ਲੇਕਿਨ ਅਜੇ ਸ਼ਬਦ ਸਮਝ ਵਿੱਚ ਨਹੀਂ ਪੈ ਰਿਹਾ, ਅੱਖਾਂ ਦੇ ਵਿੱਚ ਜਲ ਜਾਣਾ ਸ਼ੁਰੂ ਹੋ ਗਿਆ ਕਿ ਮਨਾਂ! ਤੇਰਾ ਤਾਂ ਜਨਮ ਹੀ ਬਰਬਾਦ ਹੋ ਗਿਆ, ਤੂੰ ਕਿਸੇ ਮਹਾਂਪੁਰਸ਼ ਨੂੰ ਨਹੀਂ ਮਿਲਿਆ, ਕੀ ਕਰੇਂਗਾ, ਕਾਲ ਦਾ ਕੋਈ ਪਤਾ ਨਹੀਂ ਹੈ। ਬਚਨ ਤੂੰ ਸੁਣਦਾ ਹੈਂ ਸੰਗਤ 'ਚ ਬੈਠ ਕੇ, ਤੇਰਾ ਸੰਪਰਕ ਤਾਂ ਕਿਸੇ ਮਹਾਂਪੁਰਸ਼ ਨਾਲ ਹੋਇਆ ਨਹੀਂ ਹੈ। ਜਦ ਨੇੜੇ ਆਉਂਦੇ ਨੇ ਰੁਖ ਬਦਲ ਲਿਆ। ਡੰਡੀ ਬਦਲ ਕੇ ਉਸ ਪਾਸੇ ਨੂੰ ਚਲ ਪਿਆ ਕਿ ਕੋਈ ਗੱਲ ਨਹੀਂ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਕਰਾਂਗੇ ਤੇ ਸੁਣਦੇ ਵੀ ਹਾਂ। ਦਿਲ ਖਿਚਵੀਂ ਆਵਾਜ਼ ਆ ਰਹੀ ਹੈ ਇਸ ਤਰ੍ਹਾਂ ਦੀ ਪੜ੍ਹੋ ਪਿਆਰ ਨਾਲ –

*ਧਾਰਨਾ – ਸਿਮਰਨ ਭਜਨ ਦਇਆ ਨਹੀ ਕੀਨੀ,*
*ਤਉ ਮੁਖ ਚੋਟਾਂ ਖਾਏਂਗਾ।*

ਸ਼ਬਦ ਸਮਝ ਲਿਆ, ਕਿ ਸਿਮਰਨ ਭਜਨ ਤੇ ਦਇਆ ਨਹੀਂ ਕੀਤੀ ਤੇ ਫੇਰ ਹੋਏਗਾ ਕੀ? –

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥ 2 ॥*
*ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥*
*ਅੰਗ – 1106*

ਜਦੋਂ ਲੇਖਾ ਹੋਣਾ ਹੈ, ਉਥੇ ਕੀ ਕਹੇਂਗਾ? ਤੇਰੇ ਕੋਲ ਕੁਛ ਕਹਿਣ ਨੂੰ ਹੈ? –

*ਧਾਰਨਾ – ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,*
*ਫੇਰ ਕੀ ਜਵਾਬ ਦੇਵੇਂਗਾ।*

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ – 953*

ਮਹਾਂਪੁਰਸ਼ਾਂ ਤੋਂ ਸੁਣਿਆ ਕਿ ਫੇਰ ਕੀ ਜਵਾਬ ਦਏਂਗਾ, ਧਰਮਰਾਜ ਕੋਲ ਕੀ ਮੁਖ ਲੈ ਕੇ ਜਾਏਂਗਾ? ਉਥੇ ਤਾਂ ਸ਼ਰਮਿੰਦਾ ਹੀ ਹੋਣਾ ਪੈਣਾ ਹੈ –

*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥*
*ਅੰਗ – 1375*

ਜੇ ਦਿਲ ਦੇ ਅੰਦਰ ਸਚਾਈ ਹੈ, ਛਲ ਨਹੀਂ ਕੋਈ, ਕਪਟ ਨਹੀਂ, ਕੋਈ ਬਦੀ ਨਹੀ ਹੈ, ਤਾਂ ਤਾਂ ਲੇਖਾ ਦੇਣਾ ਸੁਖਾਲਾ ਹੈ। ਨਹੀਂ ਤਾਂ ਬਹੁਤ ਔਖਾ ਹੈ, ਇਕੱਲੀ-ਇਕੱਲੀ ਗੱਲ ਦਾ ਲੇਖਾ ਮੰਗਦੇ ਨੇ –

***ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥***
***ਅੰਗ - 1028***

ਜਿਵੇਂ ਤਿਲ ਨੂੰ ਪੀੜਦੇ ਨੇ, ਇਸ ਤਰ੍ਹਾਂ ਲੇਖਾ ਲੈਂਦੇ ਨੇ, ਬੜਾ ਔਖਾ ਹੁੰਦਾ ਹੈ ਲੇਖਾ ਦੇਣਾ, ਸਾਰੇ ਡਰਦੇ ਨੇ ਲੇਖਾ ਦੇਣ ਤੋਂ। ਕਹਿੰਦੇ, ਫੇਰ ਕੀ ਲੇਖਾ ਦਏਂਗਾ?

ਇੱਕ ਵਾਰੀ ਮਹਾਰਾਜ ਜੀ ਦੱਸਿਆ ਕਿ ਇੱਕ ਮੈਜਿਸਟਰੇਟ ਫੈਸਲਾ ਕਰ ਰਿਹਾ ਸੀ। ਰਿਸ਼ਵਤ ਲੈ ਲਈ ਸੀ। ਨਿਰਦੋਸ਼ ਬੰਦੇ ਨੂੰ ਦੋਸ਼ ਲਾ ਕੇ ਸਜ਼ਾ ਦੇ ਰਿਹਾ ਸੀ ਤੇ ਦੋਸ਼ੀਆਂ ਨੂੰ ਛੱਡ ਰਿਹਾ ਹੈ। ਉਹ ਵੀ ਭਜਨ ਕਰਦਾ ਸੀ, ਕਿਸੇ ਮਹਾਂਪੁਰਸ਼ ਨੇ ਦੱਸ ਦਿੱਤਾ ਕਿ ਐਉਂ ਤੂੰ ਭਜਨ ਕਰੀ ਜਾਹ, ਕਰਦਾ ਹੀ ਚਲਿਆ ਜਾਹ, ਆਪੇ ਵਾਹਿਗੁਰੂ ਜੀ ਕਰਨਗੇ ਤੇਰੀ ਮਦਦ।

ਮਹਾਂਪੁਰਸ਼ਾਂ ਦਾ ਤਾਂ ਬਚਨ ਹੀ ਹੁੰਦਾ ਹੈ, ਇੱਕ ਤਾਂ ਐਸੇ ਮੈਂ ਦੇਖੇ ਨੇ ਕਿੱਡਾ ਹੀ ਸੰਕਟ ਹੋਵੇ, ਜੇ ਮੈਂ ਕਿਹਾ ਚਾਲੀ ਦਿਨ ਪਾਠ ਕਰ ਲਓ, 42 ਦਿਨ। 42ਵੇਂ ਦਿਨ ਹੀ ਆ ਜਾਣਗੇ। ਕਹਿੰਦੇ, ਜੀ ਬੱਸ ਹੁਣ ਤਾਂ ਸਾਡਾ ਕੰਮ ਹੋ ਗਿਆ ਠੀਕ। ਬੱਸ ਉਹ ਪਾਠ ਛੱਡ ਦਿੰਦੇ ਨੇ, ਉਸੇ ਵੇਲੇ। ਬਹੁਤੇ ਕਹਿੰਦੇ ਜੀ, ਐਨਾ ਤਾਂ ਹੋ ਗਿਆ, ਅਗਾਹਾਂ ਤਾਂ ਹੁੰਦਾ ਨਹੀਂ ਹੈ, ਅਸੀਂ ਕਰ ਨਹੀਂ ਸਕਦੇ, ਐਸਾ ਹੀ ਸਾਡਾ ਸੁਭਾਅ ਹੈ। ਫਸੇ ਹੋਏ ਕਰਦੇ ਹਾਂ, ਫੇਰ ਨਹੀਂ ਅਸੀਂ ਰੱਬ ਨੂੰ ਜਾਣਦੇ। ਕਹਿੰਦੇ -

***ਨੈੰ ਲੰਘੀ ਖੁਆਜਾ ਵਿਸਰਿਆ।***

ਜੇ ਭਜਨ ਕਰੇ ਤਾਂ ਸੰਕਟ ਦੂਰ ਹੋ ਜਾਂਦੇ ਨੇ। ਮਹਾਰਾਜ ਜੀ ਦੇ ਪਾਸ ਕਈ ਪ੍ਰੇਮੀ ਆਏ, ਕਹਿਣ ਲੱਗੇ ਕਿ ਮਹਾਰਾਜ! ਸਾਡਾ ਇੱਕ ਰਿਸ਼ਤੇਦਾਰ ਕਤਲ ਦੇ ਕੇਸ ਵਿੱਚ ਫਸ ਗਿਆ। ਕ੍ਰਿਪਾ ਕਰੋ ਆਪ। ਮਹਾਰਾਜ ਚੁੱਪ ਰਹੇ ਕਿ ਇਹਦੇ ਵਿੱਚ ਅਸੀਂ ਕੀ ਕਰਨਾ ਹੈ। ਉਹ ਕਈ ਵਾਰੀ ਆਏ, ਬੜੇ ਬੰਦਿਆਂ ਨੂੰ ਨਾਲ ਲਿਆਇਆ ਕਰਨ। ਅਖੀਰ ਮਹਾਰਾਜ ਜੀ ਕਹਿਣ ਲੱਗੇ ਕਿ ਚੰਗਾ! ਜੁਗਤ ਅਸੀਂ ਦਸ ਦਿੰਦੇ ਹਾਂ, ਇਹ ਸਵੇਰੇ ਹੀ ਉੱਠ ਕੇ ਜਪੁਜੀ ਸਾਹਿਬ ਦੇ ਪਾਠ ਉਠ ਕੇ ਕਰਨ ਲੱਗ ਜਾਇਆ ਕਰਨ। ਰਾਤ ਜਦੋਂ ਪੈਂਦੇ ਨੇ ਉਸ ਵੇਲੇ ਤੱਕ ਕਰੀ ਜਾਣ, ਅਰਦਾਸ ਕਰ ਦਿਆ ਕਰਨ ਜਿਹਨੂੰ ਮਾਰਿਆ ਸੀ, ਉਹਦੇ ਨਮਿੱਤ। ਅੱਠ ਸਾਲ ਕੱਟੀ ਕੈਦ, ਸਟੇਟਾਂ 'ਚ ਇਸ ਤਰ੍ਹਾਂ ਹੀ ਹੁੰਦਾ ਸੀ, ਅੱਠ ਸਾਲ ਲੰਘ ਗਏ ਪਾਠ ਕਰਦਿਆਂ ਨੂੰ। ਅੱਠੀਂ ਸਾਲੀਂ ਉਸਨੂੰ ਸੁਪਨਾ ਆਇਆ, ਜਿਹੜਾ ਮਾਰਿਆ ਸੀ ਉਹ ਸੁਪਨੇ 'ਚ ਆ ਕੇ ਕਹਿਣ ਲੱਗਿਆ, ਲੈ ਬਈ! ਮੇਰਾ ਤਾਂ ਭਲਾ ਹੋ ਗਿਆ ਤੇਰੇ ਪਾਠ ਕਰਨ ਦੇ ਨਾਲ, ਤੇ ਮੈਂ ਵੀ ਤੇਰੇ ਤੋਂ ਬਦਲਾ ਨਹੀਂ ਲੈਂਦਾ। ਮੈਂ ਇਸ ਕਰਮ ਦਾ ਫਲ, ਜਵਾਬ ਲੈਣਾ ਛੱਡ ਦਿੱਤਾ। ਫਾਈਲ ਉਹਦੀ ਨਿਕਲ ਆਈ, ਪੇਸ਼ੀ ਹੋਈ, ਪੇਸ਼ੀ ਦੇ ਵਿੱਚ ਬਰੀ ਹੋ ਗਿਆ। ਮਹਾਰਾਜ ਜੀ ਦੇ ਕੋਲ ਆ ਗਿਆ, ਸਾਰੀ ਗੱਲ ਦੱਸੀ।

ਪਾਠ ਕਰਕੇ ਵੱਡੇ ਤੋਂ ਵੱਡਾ ਸੰਕਟ ਟਲ ਜਾਇਆ ਕਰਦਾ ਹੈ। ਉਹ ਪ੍ਰੇਮੀ ਪਾਠ ਕਰਦਾ ਸੀ, ਭਜਨ ਕਰਦਾ ਸੀ ਕਿ ਹੇ ਪ੍ਰਭੂ! ਮੈਨੂੰ ਪਤਾ ਲੱਗਿਆ ਹੈ ਮੈਂ ਨਿਰਦੋਸ਼ਾ ਫਸ ਰਿਹਾ ਹਾਂ ਤੇ ਜਿਹੜੇ ਦੋਸ਼ੀ ਨੇ ਉਨ੍ਹਾਂ ਨੂੰ ਛੱਡ ਰਿਹਾ ਹੈ। ਉਨ੍ਹਾਂ ਨੇ ਜ਼ਿਆਦਤੀ ਕਰੀ ਹੈ ਤੇ ਉਨ੍ਹਾਂ ਨੂੰ ਤਾਂ ਸਾਰਿਆਂ ਨੂੰ ਛੱਡ ਰਿਹਾ ਹੈ ਤੇ ਮੈਨੂੰ ਇਹ ਸਜ਼ਾ ਕਰ ਰਿਹਾ ਹੈ। ਸਜ਼ਾ ਵੀ ਬਹੁਤ ਕਰੜੀ, ਸਜ਼ਾਏ ਮੌਤ ਦੇ ਰਿਹਾ ਹੈ ਕਿ ਹੁਣ ਤੇਰੇ ਬਿਨਾਂ ਮੇਰਾ ਕੋਈ ਸਹਾਇਕ ਨਹੀਂ ਹੈ।

ਪ੍ਰਭੂ ਨੇ ਥੋੜ੍ਹਾ ਜਿਹਾ ਪੜਦਾ ਚੁੱਕ ਦਿੱਤਾ ਕਿਉਂਕਿ ਸਾਡੇ ਨਾਲ ਹੀ ਹੈ, ਸਾਨੂੰ ਪਤਾ ਹੀ ਨਹੀਂ ਸਾਡੇ ਨਾਲ ਦੁਨੀਆਂ ਕੀ ਕਰ ਰਹੀ ਹੈ। ਕਿਹੋ ਜਿਹੀ ਦੁਨੀਆਂ ਹੈ। ਦੁਨੀਆਂ ਤੋਂ ਪੜਦਾ ਲਾਹ ਦਿੱਤਾ, ਕੀ ਦੇਖਦਾ ਹੈ ਫੈਸਲਾ ਲਿਖਣ ਲੱਗਿਆ ਤਾਂ ਸਾਮ੍ਹਣੇ ਇੱਕ ਬੰਦਾ ਖੜ੍ਹਾ ਹੈ। ਕਹਿਣ ਲੱਗਿਆ ਕਿ ਤੂੰ ਕਿੱਥੋਂ ਦੀ ਆ ਗਿਆ? ਚਿਟਕਣੀ ਵਲ ਦੇਖਿਆ, ਚਿਟਕਣੀ ਲੱਗੀ ਹੋਈ ਹੈ। ਕਹਿੰਦਾ, ਮੈਂ ਕਿੱਥੋਂ ਆਉਣਾ ਸੀ, ਮੈਂ ਤਾਂ ਹਰ ਵਕਤ ਤੇਰੇ ਨਾਲ ਰਹਿੰਦਾ ਹਾਂ। ਕਹਿੰਦਾ ਇੱਥੇ ਪਹਿਲਾਂ ਤਾਂ ਦੇਖਿਆ ਨਹੀਂ? ਕਹਿੰਦਾ, ਮੈਂ ਤਾਂ ਨਾਲ ਹਾਂ ਤੇਰੇ ਮੈਂ ਅੱਜ ਦਿਖਾਈ ਦਿੱਤੀ ਹੈ ਤੈਨੂੰ ਕਿ ਮੈਂ ਵੀ ਤੇਰੇ ਨਾਲ ਹਾਂ। ਕਹਿੰਦਾ, ਤੇਰਾ ਨਾਉਂ ਕੀ ਹੈ। ਕਹਿੰਦਾ, ਮੈਨੂੰ ਚਿਤ੍ਰਗੁਪਤ ਕਹਿੰਦੇ ਨੇ, ਮੈਂ ਤੇਰੇ ਕਿਰਦਾਰ ਦੀਆਂ ਫੋਟੋਆਂ ਲੈਂਦਾ ਹਾਂ। ਜੋ ਕੁਛ ਤੂੰ ਗਲਤ ਕੰਮ ਕਰਦਾ ਹੈਂ ਸਾਰੇ ਮੇਰੇ ਕੋਲ ਫਿਲਮ ਬਣੀ ਪਈ ਹੈ। ਕਹਿਣ ਲੱਗਿਆ, ਮੈਨੂੰ ਦੀਵਾਰਾਂ ਵਗੈਰਾ ਕੁਛ ਨਹੀਂ ਹੈ, ਮੈਂ ਤਾਂ ਤੈਨੂੰ ਦਿਖ ਰਿਹਾ ਹਾਂ, ਮੈਂ ਹੁਣ ਤੈਨੂੰ ਦਿਖਣ ਤੋਂ ਹਟ ਜਾਣਾ ਹੈ। ਉਹ ਹਟ ਗਿਆ। ਹੈਰਾਨ ਹੋ ਗਿਆ, ਫੇਰ ਦਿੱਸਣ ਲੱਗ ਗਿਆ। ਕਹਿੰਦਾ, ਤੂੰ ਨਜ਼ਾਇਜ਼ ਰਿਸ਼ਵਤ ਲੈ ਕੇ ਨਿਰਦੋਸ਼ ਬੰਦੇ ਨੂੰ ਫਸਾ ਰਿਹਾ ਹੈਂ। ਉਹਦੀ ਦਰਗਾਹ 'ਚ ਸੁਣੀ ਗਈ ਹੈ। ਇਹਦਾ ਤੈਨੂੰ ਫਲ ਮਿਲੇਗਾ, ਨਰਕਾਂ 'ਚ ਜਾਏਂਗਾ, ਦੁਖੀ ਹੋਏਂਗਾ। ਤੂੰ ਅੱਜ ਤੱਕ ਨੇਕ ਕੰਮ ਤਾਂ ਕੋਈ ਨਹੀਂ ਕਰਿਆ। ਮਾੜੇ ਹੀ ਕੰਮ ਕਰੇ ਨੇ। ਦੋ ਕਾਪੀਆਂ ਸੀ ਉਹਦੇ ਹੱਥ ਵਿੱਚ। ਕਹਿੰਦਾ ਇਹ ਕੀ ਹੈ, ਕਹਿੰਦਾ ਤੇਰੇ ਕਿਰਦਾਰ ਦੀਆਂ ਕਾਪੀਆਂ ਨੇ। ਕਾਲੀ ਕਾਪੀ ਖੋਲ੍ਹ ਲਈ ਤਾਂ ਉਹਦੇ ਵਿੱਚ ਦੇਖ ਕੇ ਕਹਿਣ ਲੱਗਿਆ, ਸਾਢੇ ਗਿਆਰ੍ਹਾਂ ਸੌ ਪਾਪ ਤੂੰ ਹੁਣ ਤੱਕ ਕਰ ਚੁੱਕਿਆ ਹੈਂ ਹੁਣ ਤੱਕ। ਜਿਨ੍ਹਾਂ ਦਾ ਤੈਨੂੰ ਲੇਖਾ ਦੇਣਾ ਪਵੇਗਾ, ਨਰਕਾਂ 'ਚ ਸਜ਼ਾਵਾਂ ਮਿਲਣਗੀਆਂ। ਉਥੇ ਫੇਰ ਕੋਈ ਬੇਲੀ ਨਹੀਂ ਹੁੰਦਾ –

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ – 1281***

ਉਥੇ ਮਾਰ ਪੈਂਦੀ ਹੈ ਤੇਰੇ ਕੀਤੇ ਹੋਏ ਕਰਮਾਂ ਦਾ ਤੈਨੂੰ ਫਲ ਭੋਗਣਾ ਪੈਣਾ ਹੈ ਤੇ ਫੇਰ ਤੇਰੀ ਸਹਾਇਤਾ ਵੀ ਕਿਸੇ ਨੇ ਨਹੀਂ ਕਰਨੀ –

***ਧਾਰਨਾ – ਜ਼ਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - 464*

ਕਹਿਣ ਲੱਗੇ, ਤੂੰ ਇੱਥੇ ਹੀ ਅਫਸਰ ਹੈਂ, ਜਦੋਂ ਤੈਨੂੰ ਲੇਖਾ ਦੇਣਾ ਪੈ ਗਿਆ ਘੜੀਸੀਂ ਲਿਜਾਣਗੇ ਇਥੋਂ। ਰੋਵੇਂਗਾ, ਪਛਤਾਵੇਂਗਾ, ਫੇਰ ਤੇਰਾ ਕੋਈ ਬਣਨਾ ਨਹੀਂ। ਜਿਨ੍ਹਾਂ ਦੇ ਵਾਸਤੇ ਤੂੰ ਪਾਪ ਕਰਦਾ ਹੈਂ ਉਹ ਨਹੀਂ ਤੇਰੀ ਸਹਾਇਤਾ ਕਰ ਸਕਦੇ।

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ 1 ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ਅੰਗ - 656*

ਲੇਖਾ ਤਾਂ ਤੈਨੂੰ ਹੀ ਦੇਣਾ ਪੈਣਾ ਹੈ ਆਪਣੇ ਕਰਮਾਂ ਦਾ, ਫੇਰ ਰੋਵੇਂਗਾ। ਕਹਿੰਦਾ ਬਿਲਕੁਲ ਠੀਕ ਹੈ, ਕਹਿੰਦਾ ਤੈਨੂੰ ਦਿਖਾ ਦਿੰਦੇ ਹਾਂ, ਅੱਖਾਂ ਮੀਚ। ਤੇਰਾ ਹੀ ਹਾਲ ਦਿਖਾ ਦਿੰਦੇ ਹਾਂ, ਤੇਰੇ ਨਾਲ ਕਿਵੇਂ ਬਣਨੀ ਹੈ। ਡਰ ਕੇ ਅੱਖਾਂ ਖੋਲ੍ਹ ਲਈਆਂ, ਕਹਿੰਦਾ ਇਹ ਤਾਂ ਬੜਾ ਭਿਆਨਕ ਹੈ। ਕਹਿੰਦੇ ਇਵੇਂ ਜਿਵੇਂ ਹੋਣਾ ਹੈ। ਕਿੰਨੇ ਕੁ ਪਾਪ ਕਰੇ ਨੇ? ਕਹਿਣ ਲੱਗੇ, ਤੂੰ 1150 ਪਾਪ ਕਰੇ ਨੇ। ਪੜ੍ਹ ਕੇ ਸੁਣਾਵਾਂ? ਦੋ ਚਾਰ ਪੜ੍ਹੇ। ਕਹਿੰਦੇ ਠੀਕ ਹੈ, ਮੈਨੂੰ ਯਕੀਨ ਆ ਗਿਆ। ਕਹਿੰਦਾ, ਹੁਣ ਮੈਂ ਛੁਟ ਵੀ ਸਕਦਾ ਹਾਂ ਕਿਸੇ ਤਰੀਕੇ ਨਾਲ? ਇਹ ਤਾਂ ਹੋ ਗਿਆ ਲੇਖਾ ਦੇਣਾ ਪੈਣਾ ਹੈ। ਬੜੀਆਂ ਭਾਰੀਆਂ ਸਜ਼ਾਵਾਂ ਮਿਲਣੀਆਂ ਨੇ। ਕਹਿਣ ਲੱਗੇ, ਇੱਕ ਤਾਂ ਜਿੰਨਾਂ ਤੂੰ ਰਿਸ਼ਵਤਾਂ ਦਾ ਪੈਸਾ ਕਮਾਇਆ ਹੈ, ਸਾਰਾ ਵੰਡ ਦੇ। ਫੇਰ ਤੂੰ ਕਿਸੇ ਮਹਾਂਪੁਰਸ਼ ਦੀ ਸੰਗਤ ਕਰ। ਉਥੋਂ ਕਰਮਾਂ ਨੂੰ ਮਿਟਾਉਣ ਵਾਲਾ ਨਾਮ ਲੈ ਲੈ। ਉਹ ਨਾਮ ਦੀ ਸਾਧਨਾ ਕਰ। ਫੇਰ ਤੇਰਾ ਮਿਟ ਜਾਏਗਾ। ਉਸੇ ਵੇਲੇ ਮਨ 'ਚ ਖਿਆਲ ਆਉਣ ਲੱਗ ਗਿਆ। ਉਸੇ ਵੇਲੇ ਖਿਆਲ ਆਉਣ ਲੱਗ ਗਿਆ ਕਿ ਮੈਂ ਕੋਠੀ ਵੇਚ ਦੇਵਾਂ। ਜਾਇਦਾਦ ਜਿਹੜੀ ਖਰੀਦੀ ਹੈ ਪਾਪ ਦੇ ਧਨ ਨਾਲ ਵੇਚ ਦੇਵਾਂ। ਉਹ ਲਿਖਣ ਲੱਗ ਗਿਆ, ਦੂਸਰੀ ਕਾਪੀ 'ਤੇ। ਕਹਿੰਦਾ, ਇਹ ਕੀ ਕਰਦਾ ਹੈਂ? ਕਹਿਣ ਲੱਗਿਆ, ਤੇਰੇ ਮਨ ਵਿੱਚ ਸ਼ੁਭ ਖਿਆਲ ਚਲਦੇ ਨੇ, ਮੈਂ ਉਨ੍ਹਾਂ ਨੂੰ ਨੋਟ ਕਰ ਰਿਹਾ ਹੈ। ਮਾੜੇ ਖਿਆਲਾਂ ਦਾ ਤਾਂ ਕਹਿੰਦੇ ਪਾਪ ਕਰਨ ਤੋਂ ਬਾਅਦ ਲਗਦਾ ਹੈ, ਕਿਉਂਕਿ ਕਲਜੁਗ ਦਾ ਸਮਾਂ ਹੈ। ਹਰੇਕ ਦਾ ਮਨ ਦੂਸ਼ਿਤ ਹੋ ਜਾਇਆ ਕਰਦਾ। ਬੜੀ ਮੁਸ਼ਕਲ ਹੈ ਇਹਦੇ ਵਿੱਚ ਸੱਚ ਦੀ ਬਾਤ ਆਉਣੀ। ਕਿਉਂਕਿ ਹੁਣ ਤੂੰ ਸ਼ੁਭ ਸੋਚਦਾ ਹੈਂ ਇਸ ਕਰਕੇ ਮੈਂ ਲਿਖ ਰਿਹਾ ਹਾਂ। ਐਨਾ ਕਹਿ ਕੇ ਚਿਤ੍ਰਗੁਪਤ ਨੇ ਕਿਹਾ ਕਿ ਮੈਂ ਹੁਣ ਜਾਂਦਾ ਹਾਂ, ਤੂੰ ਸਹੀ ਇਨਸਾਫ ਕਰ ਦੇ। ਰਿਸ਼ਵਤਾਂ ਵਾਪਸ ਕਰ ਦਿੱਤੀਆਂ ਜਿੱਥੇ ਤੱਕ ਜਾਣਦਾ ਸੀ ਧਨ ਵਾਪਸ ਕਰ ਦਿੱਤੇ,

ਮਾਫੀਆਂ ਮੰਗੀਆਂ, ਜਾਇਦਾਦ ਵੇਚ ਦਿੱਤੀ, ਸਾਰੀ ਵੰਡ ਦਿੱਤੀ, ਚੋਲਾ ਪਾ ਲਿਆ, ਸਾਧੂ ਦੀ ਤਲਾਸ਼ ਵਿੱਚ ਤੁਰ ਪਿਆ। ਕਿਸਮਤ ਚੰਗੀ ਸੀ ਕਿ ਜਾ ਕੇ ਕੋਈ ਮਹਾਂਪੁਰਸ਼ ਮਿਲ ਗਏ। ਉਨ੍ਹਾਂ ਨੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਚਾਰੋਂ ਦਰਜੇ ਲੰਘਾ ਦਿੱਤਾ।

ਸੰਤ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਬਹੁਤ ਚੰਗਾ ਸਾਧੂ ਹੋਇਆ ਫੇਰ ਉਹ। ਇਹ ਲੇਖੇ ਦੇਣੇ ਪੈਂਦੇ ਨੇ। ਸਧਨੇ ਦੇ ਮਨ ਦੇ ਉਤੇ ਬਹੁਤ ਅਸਰ ਹੋਇਆ।

***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥***
***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥***
***ਅੰਗ - 1106***

ਸਾਧੂਆਂ ਦੀ ਸੰਗਤ ਕਰ। ਸੁਣਦਾ ਹੈ ਇਹ, ਐਨੀ ਚੋਟ ਲੱਗੀ ਉਸਦੇ, ਬੇਹੋਸ਼ ਹੋ ਗਿਆ, ਗਿਰ ਗਿਆ ਉਸਦਾ ਟੋਕਰਾ, ਧਰਤੀ 'ਤੇ ਬੇਹੋਸ਼ ਹੋਇਆ ਪਿਆ, ਦੰਦਲ ਪੈ ਗਈ। ਇੱਲ੍ਹਾਂ ਜਿਹੜੀਆਂ ਉਤੇ ਘੁੰਮਦੀਆਂ ਸੀ, ਉਹ ਮਾਸ ਦਾ ਟੁਕੜਾ ਚੁੱਕ ਰਹੀਆਂ ਨੇ। ਸੰਤਾਂ ਨੇ ਕਿਹਾ ਇੱਥੇ ਕੋਈ ਬੰਦਾ ਆਉਂਦਾ ਸੀ ਤੇ ਹੁਣ ਨਜ਼ਰ ਨਹੀਂ ਆਉਂਦਾ। ਕਹਿੰਦੇ, ਗਿਰ ਗਿਆ ਲਗਦਾ ਹੈ। ਨੇੜੇ ਆ ਗਏ। ਨੇੜੇ ਆ ਕੇ ਦੇਖਿਆ ਕਿ ਬੰਦਾ ਗਿਰਿਆ ਪਿਆ। ਥੋੜ੍ਹੇ ਹੱਥ ਪੈਰ ਮਲੇ। ਉਸ ਤੋਂ ਬਾਅਦ ਸੁਰਤ 'ਚ ਆਇਆ। ਉਸ ਵੇਲੇ ਹੋਸ਼ 'ਚ ਆਉਣ ਤੋਂ ਬਾਅਦ ਉਹਨੇ ਇਕ ਗੱਲ ਕਹੀ ਕਿ ਮਹਾਰਾਜ! ਮੈਨੂੰ ਬਖਸ਼ ਲਓ। ਮੇਰੇ ਤੋਂ ਬੜੀ ਭੁੱਲ ਹੋਈ ਹੈ, ਮੇਰਾ ਸਾਰਾ ਜੀਵਨ ਮਾਸ ਕੱਟਦੇ ਦਾ, ਮਾਸ ਵੇਚਦੇ ਦਾ, ਜਾਨਵਰ ਮਾਰਦੇ ਦਾ ਲੰਘ ਗਿਆ। ਮੇਰਾ ਵੀ ਕਿਸੇ ਤਰੀਕੇ ਨਾਲ ਉਧਾਰ ਹੋ ਸਕਦਾ ਹੈ? ਉਸ ਵੇਲੇ ਮਹਾਂਪੁਰਸ਼ ਅੰਤਰ ਧਿਆਨ ਹੋ ਗਏ। ਦੇਖਿਆ ਕਿ ਇਹ ਜੀਵ ਕੌਣ ਹੈ? ਉਸ ਵੇਲੇ ਧਿਆਨ 'ਚ ਆਇਆ ਕਿ ਇਹ ਤਾਂ ਬੜਾ ਭਜਨ ਕਰਨ ਵਾਲਾ ਸੀ, ਪਿਛਲੇ ਜਨਮ 'ਚ, ਕੋਈ ਸੰਸਕਾਰ ਐਸਾ ਮਾੜਾ ਰਹਿ ਗਿਆ, ਜਿਹਦੇ ਕਰਕੇ ਇਹਨੂੰ ਕਸਾਈ ਦਾ ਜਾਮਾ ਮਿਲ ਗਿਆ। ਇਹ ਤਾਂ ਇਹਦੇ ਵਿਚੋਂ ਕੱਢਣਾ ਹੀ ਪੈਣਾ ਹੈ, ਉਸ ਵੇਲੇ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਨਾਮ ਦੀ ਦਾਤ ਦੇ ਦਿੱਤੀ। ਭਜਨ ਕਰਨ ਦੀ ਜੁਗਤੀ ਸਮਝਾ ਦਿਤੀ। ਉਸ ਵੇਲੇ ਤੋਂ ਹੀ ਨਾਮ ਜਪਣਾ ਸ਼ੁਰੂ ਕਰ ਦਿੱਤਾ। ਇਹ ਸਾਰਾ ਕਾਰੋ-ਵਿਹਾਰ ਛੱਡ ਕੇ ਭਜਨ ਕਰਨ ਲੱਗ ਗਿਆ।

ਭਜਨ ਤਾਂ ਕੋਈ ਕਰਨ ਲੱਗ ਜਾਓ, ਪ੍ਰਸ਼ਾਦੇ ਤਾਂ ਆਪਣੇ ਆਪ ਹੀ ਆ ਜਾਂਦੇ ਨੇ। ਨਾ ਕਰਨ ਵਾਲਿਆਂ ਨੂੰ ਆ ਜਾਂਦੇ ਨੇ, ਭਜਨ ਕਰਨ ਵਾਲੇ ਨੂੰ ਤਾਂ ਆਉਣੇ ਹੀ ਆਉਣੇ ਨੇ। ਮਾੜਾ ਜਿਹਾ ਭੇਖ ਧਾਰ ਕੇ ਬਹਿ ਜਾਓ, ਪੈਸਾ ਵੀ ਆਉਂਦਾ ਹੈ, ਪ੍ਰਸ਼ਾਦੇ ਵੀ ਆਉਂਦੇ ਨੇ। ਜੇ ਕੋਈ ਸੱਚੀਮੁੱਚੀਂ ਭਜਨ ਕਰੇ ਫੇਰ ਤਾਂ ਪ੍ਰਮੇਸ਼ਰ ਨੇ ਭੇਜਣਾ ਹੀ ਭੇਜਣਾ ਹੈ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***

***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ - 10***

ਸੋ ਉਸ ਵੇਲੇ ਬਹੁਤ ਭਜਨ ਕੀਤਾ। ਨਾਮ ਜਪਦਾ ਹੈ, ਦਿਨ ਰਾਤ ਨਾਮ ਜਪੀ ਜਾਂਦਾ ਹੈ। ਕਿਉਂਕਿ ਕੋਈ-ਕੋਈ ਦ੍ਰਿੜ੍ਹ ਪੁਰਸ਼ ਹੁੰਦਾ ਹੈ ਜਿਹਨੂੰ ਜੁਗਤ ਮਿਲ ਜਾਵੇ ਫੇਰ ਉਹ ਹਟਿਆ ਨਹੀਂ ਕਰਦਾ, ਨਹੀਂ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਥੋੜ੍ਹੇ ਦਿਨ ਭਜਨ ਕਰਿਆ, ਉਸ ਤੋਂ ਬਾਅਦ ਜਿਹੜਾ ਚਾਉ ਹੈ ਉਹ ਮੱਠਾ ਪੈ ਗਿਆ, ਜੋਸ਼ ਮੱਠਾ ਪੈ ਗਿਆ, ਹੌਲੀ-ਹੌਲੀ ਹੁੰਦਾ-ਹੁੰਦਾ ਮੁੜ ਕੇ ਉਥੇ ਹੀ ਫੇਰ ਪਹੁੰਚ ਜਾਂਦਾ ਹੈ। ਜਿਥੋਂ ਕੱਢਿਆ ਸੀ, ਆਮ ਦੁਨੀਆਂ ਦਾ ਇਹ ਸੁਭਾਅ ਹੈ, ਪਰ ਜੇ ਕੋਈ ਬੈਰਾਗੀ ਹੋਵੇ, ਉਹਦੀ ਦਸ਼ਾ ਹੋਰ ਹੋਇਆ ਕਰਦੀ ਹੈ। ਉਹ ਤਾਂ ਦਿਨੋ-ਦਿਨ ਚੜ੍ਹਦਾ ਹੀ ਜਾਂਦਾ ਹੈ। ਇਸ ਤਰ੍ਹਾਂ ਸਮਾਂ ਬੀਤਦਾ ਗਿਆ, ਸਧਨੇ ਦਾ ਆਦਰ ਸਤਿਕਾਰ ਹੋਣ ਲੱਗ ਗਿਆ। ਸਤਿਸੰਗ ਵਾਲੇ ਆਉਣ ਲੱਗ ਗਏ ਤੇ ਅਖੀਰ ਬਿਰਤੀ ਉਹਦੀ ਚੜ੍ਹਦੀ-ਚੜ੍ਹਦੀ ਅਨੁਭਵ ਦੇ ਮੰਡਲ 'ਚ ਪਹੁੰਚ ਗਈ। ਅਨੁਭਵ ਦੇ ਮੰਡਲ 'ਚ ਜਦੋਂ ਬਿਰਤੀ ਪਹੁੰਚ ਜਾਂਦੀ ਹੈ ਉਸ ਵੇਲੇ ਗਿਆਨ ਆਪਣੇ ਆਪ ਹੀ ਹੋ ਜਾਇਆ ਕਰਦਾ ਹੈ। ਸਾਰੀਆਂ ਕਿਤਾਬਾਂ ਦਾ, ਸਾਰੇ ਬਚਨ ਅੰਦਰੋਂ ਆਪੇ ਹੀ ਆਉਂਦੇ ਨੇ। ਉਸ ਵੇਲੇ ਬਚਨ ਕਰਦਾ ਹੈ, ਬਚਨ ਸੰਗਤਾਂ ਸੁਣਦੀਆਂ ਨੇ ਤੇ ਇਹਦੀ ਮਾਨਤਾ ਹੈ ਹੋਰ ਸਭ ਕੁਛ ਹੈ, ਸੰਗਤ ਜੁੜ ਗਈ। ਪਰ ਇਹਦੇ ਮਨ ਇਹ ਹੈ ਕਿ ਪਿਆਰਿਆ! ਰੱਬ ਤਾਂ ਮਿਲਿਆ ਨਾ। ਗੱਲ ਤਾਂ ਕੋਈ ਬਣੀ ਨਹੀਂ ਅਜੇ। ਮੈਂ ਮੰਨਦਾ ਹਾਂ ਕਿ ਵਾਹਿਗੁਰੂ ਮੇਰੇ ਨਾਲ ਹੈ, ਮੇਰੇ ਸਰੀਰ ਵਿੱਚ ਹੈ। ਪਰ ਅਜੇ ਤਾਂ ਗੱਲ ਬਣੀ ਨਹੀਂ ਹੈ। ਵੈਰਾਗ ਦੀ ਅਵਸਥਾ 'ਚ ਹਰ ਵਕਤ ਰਹਿੰਦਾ ਹੈ ਤੇ ਅੱਜ ਮਨ ਵਿੱਚ ਆਇਆ ਕਿ ਮੈਂ ਦਰਸ਼ਨ ਕਰਾਂ ਜੰਗਨਨਾਥ ਦੇ ਜਾ ਕੇ ਤੇ ਮੈਂ ਉਥੇ ਟਿਕ ਕੇ ਭਜਨ ਕਰਾਂ। ਹੋ ਸਕਦਾ ਹੈ ਕ੍ਰਿਪਾਲੂ ਦਿਆਲੂ ਮੈਨੂੰ ਦਰਸ਼ਨ ਦੇ ਦੇਵੇ ਤੇ ਮੇਰਾ ਵੀ ਪਾਰ-ਉਤਾਰਾ ਹੋ ਜਾਵੇ। ਸਾਧਸੰਗਤ ਜੀ! ਧੰਨ ਹੈ, ਇਹ ਪੁਰਸ਼। ਇਹੋ ਜਿਹੀ ਮਾੜੀ ਕਿਰਤ 'ਚੋਂ ਨਿਕਲ ਕੇ ਭਜਨ ਕਰਦਾ ਹੈ, ਨਾਮ ਜਪਦਾ ਹੈ, ਨਾਮ ਜਪਦਾ ਹੈ ਆਸਾ ਰਖਦਾ ਹੈ ਮਨ ਦੇ ਅੰਦਰ। ਐਵੇਂ ਤਾਂ ਨਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਆ ਕੇ ਬਿਰਾਜਮਾਨ ਹੋ ਗਿਆ ਸਧਨਾ। ਉਹਨੇ ਕੋਈ ਕਮਾਈ ਕਰੀ ਹੈ ਬੜੀ ਜ਼ਬਰਦਸਤ, ਉਹ ਕਮਾਈ ਐਨਾ ਉਚਾ ਲੈ ਗਈ ਉਸਨੂੰ, ਜਿੱਥੇ ਸਾਧੂ ਸੰਤਾਂ ਦੀ ਮੰਜ਼ਲ ਹੋਇਆ ਕਰਦੀ ਹੈ।

ਅੱਜ ਖਿਆਲ ਆਇਆ ਕਿ ਮੈਂ ਪਵਿੱਤਰ ਅਸਥਾਨਾਂ 'ਤੇ ਜਾਵਾਂ, ਦਰਸ਼ਨ ਕਰਾਂ। ਉਸ ਵੇਲੇ ਘਰ ਤੋਂ ਤੁਰ ਪੈਂਦਾ ਹੈ, ਤੁਰਦਾ ਹੋਇਆ ਮਨ ਦੇ ਅੰਦਰ ਚਾਉ ਹੈ, ਐਸੇ ਭਾਵ ਪ੍ਰਗਟ ਹੁੰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਹਰਿ ਦਰਸ਼ਨ ਕੀ ਆਸਾ ਮੇਰੇ ਮਨ,***
***ਹਰਿ ਦਰਸ਼ਨ ਕੀ ਆਸਾ।***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥***
***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ 1 ॥***

***ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥***
***ਅੰਗ - 338***

ਐਸੇ ਵੈਰਾਗ ਦੇ ਸ਼ਬਦ ਪੜ੍ਹਦਾ, ਭਜਨ ਗਾਉਂਦਾ, ਤੁਰਿਆ ਜਾਂਦਾ ਹੈ ਤੇ ਮੰਜ਼ਲ ਥੋੜ੍ਹੀ ਜਿਹੀ ਰਹਿ ਗਈ, ਅਹਿਮਦਾਬਾਦ ਦੇ ਨੇੜੇ ਜਾ ਪਹੁੰਚਿਆ ਤੇ ਅੱਜ ਵਿਘਨ ਪੈ ਗਿਆ, ਕੋਈ ਪਿਛਲਾ ਕਰਮ ਜਾਗ ਪਿਆ। ਲੇਖਾ ਪੱਤਾ ਕਰਨ ਦਾ, ਹੋਣ ਦਾ ਦਿਨ ਪਹੁੰਚ ਗਿਆ। ਉਸ ਵੇਲੇ ਇੱਕ ਪਿੰਡ ਦੇ ਵਿੱਚ ਚਲਿਆ ਜਾਂਦਾ ਹੈ। ਉਥੇ ਇੱਕ ਸੋਹਣਾ ਥਾਂ ਦੇਖਿਆ ਇੱਕ ਦਰਖਤ ਦੇ ਥੱਲੇ ਸਫਾਈ ਕੀਤੀ। ਚੌਂਤਰਾ ਸੀ, ਉਸ ਦੇ ਉਤੇ ਬੈਠ ਗਿਆ ਤੇ ਸਾਮ੍ਹਣੇ ਜੋ ਘਰ ਸੀ ਬੀਬੀ ਜੁਆਨ ਸੀ, ਏਧਰ ਜੋ ਸਧਨਾ ਸੀ ਬੜਾ ਹੀ ਸੋਹਣਾ, ਰਿਸ਼ਟ-ਪੁਸ਼ਟ ਸਰੀਰ, ਚਿਹਰਾ ਲਾਲ, ਦਗ-ਦਗ ਕਰੇ ਭਜਨ ਦੇ ਬਲ ਨਾਲ। ਨੇਤਰਾਂ ਦੇ ਵਿੱਚ ਰਸ, ਉਚੇ ਨੇਤਰ ਨਹੀਂ ਕਰਦਾ, ਹੇਠਾਂ ਹੀ ਝਾਕਦਾ ਹੈ, ਕਿਸੇ ਵਲ ਦੇਖਦਾ ਨਹੀਂ, ਭਜਨ ਦੇ ਵਿੱਚ ਲੀਨ ਹੋਇਆ-ਹੋਇਆ ਹੈ। ਮਨ ਦੇ ਅੰਦਰ ਉਸਦੇ ਬੁਰਿਆਈਆਂ ਆਉਣ ਲੱਗ ਗਈਆਂ, ਰਾਤ ਪੈ ਗਈ, ਪ੍ਰਸ਼ਾਦਾ ਲਿਜਾ ਕੇ ਦਿੱਤਾ, ਉਸ ਵੇਲੇ ਜਾ ਕੇ ਉਸਨੂੰ ਬਹੁਤ ਮਾੜੀ ਗੱਲ ਕਹੀ ਉਸਨੂੰ ਕਿ ਮੈਂ ਜੁਆਨ ਹਾਂ, ਮੇਰਾ ਪਤੀ ਐਵੇਂ ਹੀ ਹੈ, ਚੰਗਾ ਹੋਇਆ ਤੂੰ ਆ ਗਿਆ ਤੇ ਮੈਨੂੰ ਕਿਤੇ ਲੈ ਚੱਲ। ਮੈਂ ਤੇਰੇ ਨਾਲ ਚੱਲਾਂਗੀ, ਤੇਰੀ ਸੇਵਾ ਕਰਾਂਗੀ ਜ਼ਿੰਦਗੀ ਭਰ। ਉਹ ਕਹਿਣ ਲੱਗਿਆ, ਬੀਬੀ! ਮੇਰੇ 'ਤੇ ਮਿਹਰ ਕਰ। ਮੈਂ ਤਾਂ ਫੱਟੜ ਹੋਇਆ-ਹੋਇਆ ਹਾਂ, ਮੇਰਾ ਦੁਨੀਆਂ ਦੀ ਕਿਸੇ ਚੀਜ਼ ਨੂੰ ਕੋਈ ਜੀਅ ਨਹੀਂ ਕਰਦਾ, ਕੋਈ ਮੇਰੇ ਅੰਦਰ ਵਾਸ਼ਨਾ ਨਹੀਂ। ਬੀਬਾ! ਆਹ ਪੁੱਠੇ ਖਿਆਲ ਤੇਰੇ ਮਨ ਵਿੱਚ ਕਿਉਂ ਪੈਦਾ ਹੋ ਗਏ ਤੇ ਇਹ ਪਤਾ ਹੈ ਕਿ ਇਹਦਾ ਨਤੀਜਾ ਕੀ ਹੁੰਦਾ ਹੈ, ਬੜੀ ਮੁਸ਼ਕਲ ਦੇ ਨਾਲ ਮੈਂ ਪ੍ਰਮੇਸ਼ਰ ਦੇ ਵਲ ਲੱਗਿਆ ਹਾਂ ਤੇ ਇਹ ਤਾਂ ਸਾਰੇ ਹੀ ਕਰਮ ਭ੍ਰਿਸ਼ਟ ਹੋ ਜਾਣਗੇ।

ਵਿਸ਼ਿਸਟ ਜੀ ਕਹਿੰਦੇ ਨੇ ਹੇ ਰਾਮ ਜੀ! ਜਿਹੜਾ ਜਗਿਆਸੂ ਹੈ ਉਹ ਮਾਇਆ ਤੋਂ ਬਚ ਸਕਦਾ ਹੈ ਲੇਕਿਨ ਇਹ ਜੋ ਹੈ ਇਹ ਸਾਰੇ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਇਸਪਾਤ ਦੇਖਣ ਨੂੰ ਬਹੁਤ ਸੋਹਣਾ ਲਗਦਾ ਹੈ ਪਰ ਜਦੋਂ ਉਸਦੇ ਨਾਲ ਅਸੀਂ ਸਪਰਸ਼ ਕਰਦੇ ਹਾਂ, ਤੇਜ਼ ਤਲਵਾਰ ਦੀ ਧਾਰ ਨਾਲ ਉਸੇ ਵੇਲੇ ਕੱਟਿਆ ਜਾਂਦਾ ਹੈ। ਕਹਿੰਦੇ, ਇਸਤ੍ਰੀ ਆਦਿ ਭੋਗਾਂ ਵਿੱਚ ਬੰਨ੍ਹਿਆਂ ਹੋਇਆ ਜੀਵ ਰਾਮ ਜੀ! ਮੂੜ੍ਹ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ। ਮਹਾਂਅੰਧ ਅਵਸਥਾ 'ਚ ਫਸ ਕੇ ਪਰਮ ਸੁੱਖ ਦੇਣ ਵਾਲੀ ਆਤਮਅਨੰਦ ਦਾ ਜੋ ਮੰਡਲ ਹੈ ਉਸਨੂੰ ਭੁੱਲ ਜਾਂਦਾ ਹੈ। ਧਿਆਨ ਉਹਦਾ ਅਛਾਦਨ ਹੋ ਜਾਂਦਾ ਹੈ, ਜਿਸ ਤਰ੍ਹਾਂ ਚੰਦ ਬੱਦਲਾਂ ਥੱਲੇ ਆ ਕੇ ਅਛਾਦਨ ਹੋ ਜਾਂਦਾ ਹੈ, ਇਸੇ ਤਰ੍ਹਾਂ ਦੇ ਨਾਲ ਉਹਦਾ ਜੋ ਗਿਆਨ ਬੜੀਆਂ ਹੀ ਮੁਸ਼ਕਲਾਂ ਦੇ ਨਾਲ ਪ੍ਰਾਪਤ ਕਰਿਆ ਹੈ, ਇਸਤ੍ਰੀ ਦੇ ਸੰਗ ਦੇ ਨਾਲ ਉਹ ਨਸ਼ਟ ਹੋ ਜਾਂਦਾ ਹੈ। ਖੜਗ ਦੇਖਣ ਨੂੰ ਸੁੰਦਰ ਹੁੰਦੀ ਹੈ, ਪਰ ਜਦੋਂ ਸਪਰਸ਼ ਕਰਦੀ ਹੈ, ਗਲ ਵੱਢ ਕੇ ਰੱਖ ਦਿੰਦੀ ਹੈ। ਗੁਰੂ ਮਹਾਰਾਜ ਵੀ ਕਹਿੰਦੇ ਨੇ ਕਿ ਪਿਆਰਿਓ! ਇਸ ਚੀਜ਼ ਤੋਂ ਬਚੋ, ਉੱਚੇ ਨਿਕਲੋ।

ਰਹਿਤਨਾਮੇ 'ਚ ਆਉਂਦਾ ਹੈ –

*ਮਾਏ ਭੈਣ ਜੋ ਆਵੈ ਸੰਗਤ ਦ੍ਰਿਸ਼ਟ ਬੁਰੀ ਦੇਖੇ ਤਿਸ ਪੰਗਤ।*

ਮਾੜੀ ਨਿਗ੍ਹਾ ਦੇ ਨਾਲ ਜੇ ਕੋਈ ਬੰਦਾ ਦੇਖਦਾ ਹੈ ਸਤਿਸੰਗ 'ਚ ਆਈ ਹੋਈ ਬੀਬੀ ਨੂੰ। ਕਹਿੰਦੇ –

*ਸਿੱਖ ਹੋਇ ਜੋ ਕਰੇ ਕ੍ਰੋਧ।*

ਬਰਾਬਰ ਹੀ ਕਰ ਦਿੱਤਾ ਕਾਮ ਦੇ ਕ੍ਰੋਧ ਵੀ ਰਹਿਤਨਾਮੇ ਦੇ ਅੰਦਰ। ਕਹਿੰਦੇ ਜੇ ਸਿੱਖ ਹੋ ਜੇ ਕ੍ਰੋਧ ਕਰਦਾ ਹੈ –

*ਕੰਨਿਆ ਮੂਲ ਨਾ ਦੇਵੈ ਸੋਧ।*
*ਧੀ ਭੈਣ ਕਾ ਪੈਸਾ ਖਾਏ।*
*ਗੋਬਿੰਦ ਸਿੰਘ ਧੱਕੇ ਜਮ ਖਾਇ।*
*ਪਰ ਨਾਰੀ ਜੂਆ ਅਸਤਿ ਚੋਰੀ ਮਧਰਾ ਜਾਨਿ।*

ਪੰਜ ਚੀਜ਼ਾਂ ਦੱਸੀਆਂ ਨੇ ਇੱਕ ਤਾਂ ਪਰ-ਨਾਰੀ, ਇੱਕ ਜੂਆ ਖੇਡਣਾ, ਇੱਕ ਝੂਠ ਬੋਲਣਾ, ਇੱਕ ਚੋਰੀ ਕਰਨੀ, ਇੱਕ ਸ਼ਰਾਬ ਪੀਣੀ। ਕਹਿੰਦੇ –

*ਪਾਂਚ ਐਬ ਇਹ ਜਗਤ ਮਹਿ ਤਜੇ ਸੋ ਸਿੰਘ ਸੁਜਾਨ।*

ਜਿਹੜਾ ਸਿੰਘ ਪੰਜੇ ਐਬ ਛੱਡ ਦੇਵੇ ਉਹ ਸੁਜਾਨ ਸਿੰਘ ਹੈ। ਇਸ ਤਰ੍ਹਾਂ ਦੇ ਨਾਲ ਇੱਕ ਸਾਖੀ ਆਉਂਦੀ ਹੈ, ਗੁਰੂ ਛੇਵੇਂ ਪਾਤਸ਼ਾਹ ਦਾ ਇੱਕ ਗੁਰਸਿੱਖ ਸੀ, ਸੰਤ ਰਾਮ ਨਾਮ ਸੀ। ਛੇ ਫੁੱਟ ਤੋਂ ਉੱਚਾ ਕੱਦ ਸੀ, ਸਵਾ ਛੇ ਫੁੱਟ। ਜੁਆਨ ਸੀ ਭਰਵਾਂ, ਫੌਜ ਦੇ ਵਿੱਚ ਗਿਣਿਆ-ਚੁਣਿਆ ਜੁਆਨ ਸੀ। ਮਹਿਲਾਂ ਦੇ ਦੁਆਲੇ ਪਹਿਰਾ ਲਗਦਾ ਹੈ। ਬੀਟ 'ਤੇ ਘੁੰਮ ਰਿਹਾ ਸੀ ਤੇ ਸ਼ਾਹਜਹਾਨ ਦੀ ਲੜਕੀ ਨੇ ਉਪਰੋਂ ਖਿੜਕੀ 'ਚੋਂ ਦੇਖ ਲਿਆ ਤੇ ਮਨ ਵਿੱਚ ਕਰ ਲਿਆ ਕਿ ਮੈਂ ਤਾਂ ਸ਼ਾਦੀ ਇਹਦੇ ਨਾਲ ਹੀ ਕਰਨੀ ਹੈ, ਹੋਰ ਨਹੀਂ ਕਿਸੇ ਨਾਲ ਕਰਨੀ। ਆਪਣੀ ਮਾਂ ਨੂੰ ਕਹਿ ਦਿੱਤਾ, ਆਪਣੇ ਪਿਤਾ ਤੱਕ ਗੱਲ ਪਹੁੰਚ ਗਈ। ਅਖੀਰ ਬਹੁਤ ਉਸਨੂੰ ਰੋਕਿਆ, ਜਦੋਂ ਨਾ ਰੁਕੀ ਤਾਂ ਉਹ ਕਹਿਣ ਲੱਗੇ ਇਹ ਜੁਆਨ ਫੌਜ ਵਿੱਚ, ਇਸਨੂੰ ਇਸਲਾਮ ਵਿੱਚ ਲੈ ਆਉਂਦੇ ਹਾਂ, ਕੋਈ ਡਰ ਨਹੀਂ ਹੈ, ਜੇ ਗਰੀਬ ਹੈ ਤਾਂ ਮੈਂ ਇਹਨੂੰ ਗਵਰਨਰੀ ਦੇ ਦੇਵਾਂਗਾ। ਸੂਬਾ ਬਣਾ ਦੇਵਾਂਗਾ, ਜਗੀਰਾਂ ਦੇ ਦੇਵਾਂਗਾ, ਆਪੇ ਅਮੀਰ ਹੋ ਜਾਏਗਾ, ਠੀਕ ਹੈ। ਗੱਲਬਾਤ ਚਲਦੀ ਹੈ ਤੇ ਉਨ੍ਹਾਂ ਦਾ ਜੋ ਸੇਵਾਦਾਰ ਸੀ ਪਹਿਰੇਦਾਰ ਨਿਕਟਵਰਤੀ, ਉਹਨੇ ਆ ਕੇ ਬਾਹਰ ਇਹਨੂੰ ਵਧਾਈਆਂ ਦਿੱਤੀਆਂ। ਕਹਿੰਦਾ, ਸੰਤ ਰਾਮ ਵਧਾਈ ਹੋਵੇ, ਤੇਰੀ ਤਾਂ ਬਹੁਤ ਵੱਡੀ ਤਰੱਕੀ ਹੋ ਜਾਣੀ ਹੈ, ਸਾਨੂੰ ਤਾਂ ਤੂੰ ਪੁੱਛਣਾ ਹੀ ਨਹੀਂ। ਤੂੰ ਤਾਂ ਸੂਬਾ ਲੱਗ ਜਾਣਾ ਹੈ, ਬਹੁਤ ਜਾਇਦਾਦ ਤੈਨੂੰ ਕੱਲ੍ਹ ਨੂੰ ਮਿਲ ਜਾਣੀ ਹੈ। ਉਹ ਕਹਿੰਦਾ, ਕੀ ਗੱਲ? ਕਹਿੰਦਾ, ਆਹ ਗੱਲ ਕਰਦੇ ਸੀ ਅੱਜ। ਕਹਿੰਦਾ, ਮੇਰਾ ਤਾਂ ਧਰਮ ਹੈ, ਮੈਂ ਨਹੀਂ ਇਸ ਚੀਜ਼ 'ਚ ਫਸਦਾ। ਉਹ ਕਹਿੰਦੇ, ਤੈਨੂੰ ਕੀ ਹਰਜ਼ ਹੁੰਦਾ ਹੈ, ਵਿਆਹ ਤਾਂ ਤੂੰ ਕਰਾਉਣਾ ਹੀ ਕਰਾਉਣਾ ਹੈ। ਜਹਾਂਗੀਰ ਦੀ ਲੜਕੀ ਨਾਲ ਹੀ ਕਰਾ ਲੈ। ਉਹ ਕਹਿਣ ਕਿ ਜੇ ਇਹ ਗੱਲ ਬਿਲਕੁਲ ਸੱਚੀ ਹੈ ਤਾਂ ਮੈਂ ਇਸ ਦੇਸ਼ 'ਚੋਂ ਨਿਕਲ ਜਾਂਦਾ ਹਾਂ, ਉਸੇ

ਵੇਲੇ ਚੱਲ ਪਿਆ। ਜਹਾਂਗੀਰ ਨੇ ਜਦੋਂ ਉਸ ਨੂੰ ਬੁਲਾਇਆ, ਪਤਾ ਲੱਗਿਆ ਕਿ ਉਹ ਤਾਂ ਭਗੌੜਾ ਹੋ ਗਿਆ। ਅਖੀਰ ਪੇਸ਼ਾਵਰ ਦੇ ਕੋਲ ਜਾ ਕੇ ਸਰਹੱਦ ਪਾਰ ਕਰਦਾ ਫੜਿਆ ਗਿਆ। ਲਾਹੌਰ ਜਾ ਕੇ ਫੇਰ ਪੁੱਛਿਆ ਗਿਆ ਉਸਨੂੰ, ਜਦੋ ਉਹ ਨਾ ਮੰਨਿਆ ਤਾਂ ਹੁਕਮ ਹੋ ਗਿਆ ਕਿ ਇਹਦਾ ਸਿਰ ਕੱਟ ਕੇ ਥਾਲ ਵਿੱਚ ਪੇਸ਼ ਕੀਤਾ ਜਾਵੇ ਤਾਂ ਕਿ ਸ਼ਹਿਜ਼ਾਦੀ ਦੇਖ ਲਵੇ।

ਜਿਸ ਵਕਤ ਉਸ ਦਾ ਸਿਰ ਕੱਟ ਕੇ ਲਿਆਏ। ਉਸ ਵੇਲੇ ਰੁਮਾਲ ਪਾਏ ਹੋਏ ਨੇ ਢਕਿਆ ਹੋਇਆ ਹੈ, ਸ਼ਹਿਜ਼ਾਦੀ ਨੂੰ ਕਿਹਾ ਕਿ ਆਹ ਸਿਰ ਪਿਆ ਹੈ ਉਹਦਾ। ਉਹ ਜਦੋਂ ਹੱਥ ਲਾਉਣ ਲੱਗੀ ਤਾਂ ਸਿਰ ਇੱਕ ਦਮ ਉੱਚਾ ਉੱਠ ਖੜ੍ਹਿਆ। ਉਹਦੇ ਕੱਦ ਤੋਂ ਸਵਾ ਗਿੱਠ ਹੋਰ ਉੱਚਾ ਉੱਠ ਗਿਆ। ਦਸਮ ਗ੍ਰੰਥ 'ਚ ਲਿਖਿਆ ਹੈ ਕਿ –

***ਸਵਾ ਗਲਿਸ਼ਠ ਸਿਰ ਉਠਿਯੋ ਤਬ ਨ ਕਬੂਲੀ ਨਾਰ।ਦਸਮ ਗ੍ਰੰਥ***

ਤਾਂ ਵੀ ਉਸਨੇ ਪਰਾਈ ਨਾਰੀ ਨੂੰ ਕਬੂਲਿਆ ਨਾ।

ਇਸ ਤਰ੍ਹਾਂ ਦੇ ਨਾਲ ਸੁੱਖ ਦਾ ਸਾਧਨ ਸਾਧਸੰਗਤ ਜੀ! ਘਰ 'ਚ ਤਾਂ ਹੁੰਦਾ ਹੈ ਜੇ ਪੁੱਤਰ ਵੀ ਆਗਿਆਕਾਰ ਹੋਵੇ, ਮਿੱਠਾ ਬੋਲਣ ਵਾਲੀ ਪਤਨੀ ਹੋਵੇ, ਧਨ ਪੱਲੇ ਹੋਵੇ, ਤਾਂ ਕਹਿੰਦੇ ਸਵਰਗ ਹੋਇਆ ਕਰਦਾ ਹੈ ਉਹ ਘਰ।

***ਆਗਿਆਕਾਰੀ ਪੁੱਤਰ ਹੋਇ, ਅਰ ਮਿਠਬੋਲੀ ਨਾਰ।***
***ਧਨ ਆਪਣਾ ਸੰਤੋਖ ਮਨ ਚਾਰ ਸਵਰਗ ਸੰਸਾਰ।***

ਇਹ ਚਾਰ ਸਵਰਗ ਦੇ ਸੰਸਾਰ ਨੇ। ਦੂਜੇ ਪਾਸੇ ਨਰਕ ਨੇ–

***ਕਿੱਕਰ ਘਰ ਕਪੂਤ ਘਰ ਘਰ ਕੁਲਹਿਣੀ ਨਾਰ।***
***ਤ੍ਰਿਅ ਅੱਗੇ ਚਲਣਾ ਚਾਰੋ ਨਰਕ ਸੰਸਾਰ।***

ਗੁਰੂ ਘਰ ਦੇ ਅੰਦਰ ਬਹੁਤ ਬੁਰਾ ਮੰਨਿਆ ਗਿਆ ਹੈ ਪਰ ਇਸਤ੍ਰੀ ਦਾ ਸੰਗ ਇਸ ਤਰ੍ਹਾਂ ਦੇ ਨਾਲ ਪੜ੍ਹ ਲਓ –

***ਧਾਰਨਾ – ਇਹ ਤਾਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ,***
***ਖੰਡ 'ਚ ਲਬੇੜ ਰੱਖੀਆਂ।***

***ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥***
***ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥***

***ਅੰਗ – 1379***

ਚਾਹੇ ਮਾੜਾ ਪੁਰਸ਼ ਹੈ, ਚਾਹੇ ਮਾੜੀ ਇਸਤ੍ਰੀ ਹੈ, ਕੁਛ ਵੀ ਨਹੀਂ ਹੈ ਕਹਿੰਦੇ ਦੋਖ ਦ੍ਰਿਸ਼ਟੀ ਦੇ ਨਾਲ ਦੇਖੋ ਕੀ ਹੈ ਸਰੀਰ ਦੇ ਅੰਦਰ ਜਿਹਨੂੰ ਤੁਸੀਂ ਸੁੰਦਰ ਸਰੀਰ ਕਹਿੰਦੇ ਓਂ, ਮਨੁੱਖ ਦਾ ਸਰੀਰ ਬੀਬੀ ਦਾ ਸਰੀਰ। ਵਾਸ਼ਨਾ ਮਾੜੀਆਂ ਉਠਾਉਂਦੇ ਓਂ, ਕਹਿੰਦੇ ਹੈ ਕੀ ਇਹਦੇ ਵਿੱਚ –

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥*** ***ਅੰਗ – 374***

ਵਿਸ਼ਟਾ ਪਿਆ ਹੈ, ਮਾਸ ਪਿਆ ਹੈ, ਖ਼ੂਨ ਪਿਆ ਹੈ, ਹਜ਼ਾਰਾਂ ਕਿਸਮ ਦੀਆਂ ਮੈਲਾਂ ਪਈਆਂ ਨੇ। ਉਹ ਤਾਂ ਬਾਹਰੋਂ ਕੱਪੜੇ ਵਗੈਰਾ ਪਾ ਕੇ ਕਹਿੰਦੇ ਪਲਾਸਟਿਕ ਦਾ ਪਤਲਾ ਜਿਹਾ ਪੜਦਾ ਹੈ ਉਹਦੇ ਵਿੱਚ ਇਹ ਚੀਜ਼ਾਂ ਪਈਆਂ ਨੇ, ਕਹਿੰਦੇ ਦੋਖ ਦ੍ਰਿਸ਼ਟੀ ਨਾਲ ਦੇਖ ਪਿਆਰਿਆ! ਆਪਣਾ ਧਰਮ ਨਸ਼ਟ ਨਾ ਕਰ। ਸਧਨੇ ਨੇ ਕਿਹਾ ਕਿ ਬੀਬਾ! ਮੈਂ ਤੇਰੇ ਪੈਰੀਂ ਹੱਥ ਲਾਉਂਦਾ ਹਾਂ, ਬੜੀ ਮੁਸ਼ਕਲ ਦੇ ਨਾਲ ਮੈਨੂੰ ਰਾਹ ਮਿਲਿਆ ਹੈ, ਮੈਂ ਕਸਾਈ ਸੀ, ਪਤਾ ਨਹੀਂ ਕਿੰਨੇ ਜਾਨਵਰ ਮਾਰੇ ਨੇ, ਲੇਖਾ-ਪੱਤਾ ਮੈਨੂੰ ਪਤਾ ਨਹੀਂ ਕਿੰਨਾ ਦੇਣਾ ਪੈਣਾ ਹੈ, ਤੂੰ ਹੋਰ ਇੱਕ ਪਾਪ ਮੇਰੇ ਸਿਰ 'ਤੇ ਚਾੜ੍ਹਨ ਲੱਗੀ ਹੈਂ। ਜਾਹ ਤੂੰ ਆਪਣਾ ਕੰਮ ਕਰ, ਸੁੱਖੀ ਵਸ ਬੀਬਾ। ਸਾਧਾਂ ਨੂੰ ਨਹੀਂ ਤੰਗ ਕਰੀਦਾ। ਉਸ ਵੇਲੇ ਗਈ ਅੰਦਰ, ਹੋਰ ਹੀ ਕੁਛ ਸਮਝੀ ਕਿ ਡਰਦਾ ਹੈ ਮੇਰੇ ਪਤੀ ਤੋਂ, ਸੁੱਤਾ ਪਿਆ ਸੀ ਪਤੀ, ਵੱਡਾ ਹਥਿਆਰ ਪਿਆ ਸੀ ਘਰ, ਉਹ ਜ਼ੋਰ ਦੀ ਮਾਰਿਆ ਤੇ ਪਤੀ ਦਾ ਸਿਰ ਕੱਟ ਦਿੱਤਾ। ਸਿਰ ਕੱਟ ਕੇ ਥਾਲ ਦੇ ਵਿੱਚ ਰੱਖ ਲਿਆ, ਲਿਆ ਕੇ ਰੱਖ ਦਿੱਤਾ ਕਿ ਲੈ ਸੰਤ ਜੀ! ਹੁਣ ਤਾਂ ਡਰ ਹੀ ਖਤਮ ਕਰ ਦਿੱਤਾ ਤੇਰਾ ਮੈਂ। ਆਹ ਤੂੰ ਦੇਖ ਲੈ ਮਾਰ ਦਿੱਤਾ ਮੈਂ। ਹੁਣ ਤਾਂ ਨਿਸੰਗ ਹੋ ਕੇ ਲੈ ਚੱਲ ਮੈਨੂੰ ਜਿੱਥੇ ਤੇਰਾ ਜੀਅ ਕਰਦਾ ਹੈ। ਉਸ ਵੇਲੇ ਕਹਿਣ ਲੱਗਿਆ ਕਿ ਬੀਬਾ! ਤੂੰ ਬਹੁਤ ਮਾੜਾ ਕੰਮ ਕਰਿਆ। ਕਹਿੰਦੀ, ਜੇ ਇਸ ਤਰ੍ਹਾਂ ਕਰੇਂਗਾ ਤਾਂ ਮੈਂ ਛੱਡਦੀ ਤੈਨੂੰ ਵੀ ਨਹੀਂ। ਉਸ ਵੇਲੇ ਰੌਲਾ ਪਾ ਦਿੱਤਾ ਕਿ ਮੈਂ ਲੁੱਟੀ ਗਈ, ਮਾਰੀ ਗਈ, ਮੈਨੂੰ ਇਸ ਸਾਧ ਨੇ ਧੋਖਾ ਦਿੱਤਾ ਹੈ, ਮੇਰਾ ਪਤੀ ਮਾਰ ਦਿੱਤਾ। ਆਹ ਦੇਖੋ ਇਹਦੇ ਕੋਲ ਸਿਰ ਪਿਆ ਹੈ। ਦਿਨ ਚੜ੍ਹ ਗਿਆ, ਪੁਲਿਸ ਨੇ ਬੰਨ੍ਹ ਲਿਆ, ਬੰਨ੍ਹ ਕੇ ਰਾਜੇ ਦੇ ਪੇਸ਼ ਕਰ ਦਿੱਤਾ। ਰੋਂਦੀ ਜਾਂਦੀ ਹੈ, ਜਾ ਕੇ ਸਾਰੀ ਗੱਲ ਕਹੀ ਤੇ ਸਜ਼ਾ ਦੇ ਦਿੱਤੀ ਤੇ ਉਹ ਕਿਲ੍ਹਾ ਚਿਣਵਾ ਰਿਹਾ ਸੀ। ਕਿਲ੍ਹੇ ਦੇ ਵਿੱਚ ਕਹਿਣ ਲੱਗੇ ਕਿ ਬੰਦੇ ਦੀ ਬਲੀ ਚਾਹੀਦੀ ਹੈ। ਵੈਸੇ ਅੰਦਰੋਂ ਪਤਾ ਸੀ ਕਿ ਇੱਕ ਨਵਾਂ-ਨਵਾਂ ਭਗਤ ਪੈਦਾ ਹੋਇਆ ਹੈ, ਜਿਸਦਾ ਨਾਮ ਸਧਨਾ ਹੈ, ਕਾਜ਼ੀ ਵੀ ਖਿਝਦੇ ਸੀ, ਬ੍ਰਾਹਮਣ ਵੀ ਖਿਝਦੇ ਸੀ, ਦੋਹਾਂ ਨੂੰ ਪਤਾ ਲੱਗ ਗਿਆ ਕਿ ਇਹੀ ਸਧਨਾ ਹੈ। ਕਹਿੰਦੇ, ਹੁਣ ਇਹਨੂੰ ਸਜ਼ਾ ਦਿਵਾ ਦੇਈਏ ਚੰਗੀ ਤਰ੍ਹਾਂ ਤੇ ਜਿਉਂਦਾ ਹੀ ਇਹਦੇ ਵਿੱਚ ਚਿਣਵਾ ਦੇਈਏ। ਕਿਉਂਕਿ ਕਿਲ੍ਹੇ ਦੀ ਕੰਧ ਰਹਿੰਦੀ ਨਹੀਂ ਸੀ।

ਉਸ ਵੇਲੇ ਸਧਨੇ ਨੂੰ ਕਹਿਣ ਲੱਗੇ ਕਿ ਲੈ ਬਈ ਸਧਨਿਆ! ਤੇਰੀ ਸਜ਼ਾ ਆਹੀ ਹੈ ਕਿ ਤੈਨੂੰ ਜਿਉਂਦੇ ਨੂੰ ਕਿਲ੍ਹੇ ਦੀ ਕੰਧ ਵਿੱਚ ਚਿਣ ਦਿੱਤਾ ਜਾਵੇ। ਕੰਧ ਦੇ ਵਿੱਚ ਚਿਣਨਾ ਸ਼ੁਰੂ ਕਰ ਦਿੱਤਾ। ਰਾਜ ਆ ਗਏ ਤੇ ਆ ਕੇ ਇੱਟਾਂ ਲਾਉਣ ਲੱਗ ਗਏ। ਉਸ ਵੇਲੇ ਸਧਨੇ ਨੇ ਪ੍ਰਮੇਸ਼ਰ ਦਾ ਧਿਆਨ ਧਰਿਆ। ਹੇ ਪ੍ਰਭੂ! ਤੂੰ ਤਾਂ ਬੜਾ ਦਿਆਲੂ ਹੈਂ, ਮੰਨਿਆਂ ਮੈਂ ਬੜਾ ਪਾਪੀ ਹਾਂ, ਮੈਂ ਕਸਾਈ ਸੀ, ਪਰ ਮੈਨੂੰ ਇਹ ਵੀ ਪਤਾ ਹੈ ਕਿ ਤੇਰੇ ਨਾਮ ਦੇ ਅੰਦਰ ਬਹੁਤ ਸ਼ਕਤੀ ਹੈ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** ***ਅੰਗ - 1195***

ਹੁਣ ਮੈਂ ਤੇਰਾ ਬੰਦਾ ਬਣ ਗਿਆ ਪ੍ਰਭੂ, ਕ੍ਰਿਪਾ ਕਰ। ਤੂੰ ਤਾਂ ਮਾੜੇ

ਬੰਦਿਆਂ ਦੀ ਵੀ ਰਾਖੀ ਕਰਦਾ ਰਿਹਾ ਹੈਂ, ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਜਿਵੇਂ ਭੇਖ ਧਾਰੀਆਂ ਨੂੰ ਰੱਖਿਆ,*
*ਇਵੇਂ ਮੇਰੀ ਰੱਖ ਲੱਜਿਆ।*

*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥*
*ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ਅੰਗ - 858*

ਹੇ ਪ੍ਰਭੂ! ਇੱਕ ਰਾਜੇ ਦੀ ਲੜਕੀ ਪਿੱਛੇ ਭੇਖ ਧਾਰ ਕੇ, ਤੇਰਾ ਰੂਪ ਬਣ ਕੇ ਚਲਿਆ ਗਿਆ ਸੀ ਤੇ ਉਹਦੀ ਤੂੰ ਲੱਜਿਆ ਰੱਖੀ।

ਗੱਲ ਇਸ ਤਰ੍ਹਾਂ ਦੇ ਨਾਲ ਹੈ ਇੱਕ ਲੜਕੀ ਸੀ, ਉਹ ਵਿਸ਼ਨੂੰ ਜੀ ਮਹਾਰਾਜ ਦੀ ਭਗਤੀ ਕਰਿਆ ਕਰਦੀ ਸੀ। ਭਗਤੀ ਹਮੇਸ਼ਾਂ ਪਿਆਰ ਨਾਲ ਹੋਇਆ ਕਰਦੀ ਹੈ, ਗੁਰੂ ਦੀ ਕਰੋ ਤਾਂ ਪਿਆਰ ਹੋਇਆ ਕਰਦਾ ਹੈ, ਕਿਸੇ ਦੇਵਤੇ ਦੀ ਕਰੋ ਤਾਂ ਪਿਆਰ ਹੋਇਆ ਕਰਦਾ ਹੈ। ਇਹ ਨਿਰਾ ਪਿਆਰ ਹੀ ਹੋਇਆ ਕਰਦਾ ਹੈ, ਪ੍ਰੇਮਾ ਭਗਤੀ ਇਹਦਾ ਫਲ ਹੋਇਆ ਕਰਦਾ ਹੈ। ਉਹ ਐਨੀ ਭਗਤੀ 'ਚ ਲੀਨ ਹੋ ਗਈ ਉਹਨੇ ਆਪਣੀ ਮਾਤਾ ਨੂੰ ਕਿਹਾ ਕਿ ਮਾਤਾ! ਮੈਂ ਸ਼ਾਦੀ ਨਹੀਂ ਕਰਾਉਣੀ ਜੇ ਕਰਾਉਣੀ ਹੈ ਤਾਂ ਵਿਸ਼ਨੂੰ ਭਗਵਾਨ ਨਾਲ ਕਰਾਉਣੀ ਹੈ। ਉਸ ਨੇ ਕਿਹਾ ਕਿ ਬੇਟਾ! ਕਲਜੁਗ ਦਾ ਸਮਾਂ ਹੈ, ਅੱਗੇ ਤਾਂ ਦੇਵਤੇ ਪ੍ਰਗਟ ਹੋ ਜਾਂਦੇ ਸੀ, ਹੁਣ ਤਾਂ ਆਉਂਦੇ ਹੀ ਨਹੀਂ ਹਨ। ਕਿਉਂਕਿ ਲੋਕਾਂ ਦੇ ਕਰਮ ਐਨੇ ਮੰਦ ਹੋ ਗਏ, ਦੇਵਤਿਆਂ ਦੇ ਦਰਸ਼ਨ ਨਹੀਂ ਹੁੰਦੇ। ਇਹ ਤਾਂ ਗੱਲ ਨਹੀਂ ਹੋਣੀ। ਕਹਿੰਦੀ, ਚਾਹੇ ਮੈਂ ਕੁਆਰੀ ਸਾਰੀ ਜ਼ਿੰਦਗੀ ਰਹਾਂ, ਪਰ ਮੈਂ ਸ਼ਾਦੀ ਵਿਸ਼ਨੂੰ ਜੀ ਨਾਲ ਹੀ ਕਰਾਉਣੀ ਹੈ। ਉਥੇ ਹੀ ਇੱਕ ਤਰਖਾਣ ਦਾ ਲੜਕਾ, ਮਹਿਲਾਂ 'ਚ ਕੰਮ ਕਰਿਆ ਕਰਦਾ ਸੀ, ਹੌਲੀ-ਹੌਲੀ ਉਸਨੂੰ ਇਸ ਗੱਲ ਦਾ ਪਤਾ ਲੱਗ ਗਿਆ ਤੇ ਉਹਦੇ ਮਨ ਵਿੱਚ ਆ ਗਿਆ ਕਿ ਮੈਂ ਕਿਸੇ ਛਲ ਨਾਲ ਇਹਦੇ ਨਾਲ ਸ਼ਾਦੀ ਕਰਾ ਲਵਾਂ, ਵਿਸ਼ਨੂੰ ਬਣਾਂ। ਉਹਦਾ ਇੱਕ ਮਿੱਤਰ ਸੀ ਕੋਈ ਟੈਕਨੀਕਲ ਬੰਦਾ। ਮਿੱਤਰ ਕਹਿਣ ਲੱਗਿਆ ਕਿ ਕੀ ਗੱਲ ਤੂੰ ਬੜਾ ਚੁੱਪ ਰਹਿੰਦਾ ਹੈਂ? ਕਹਿੰਦਾ, ਮੈਂ ਚੁੱਪ ਕਾਹਦਾ ਰਹਿੰਦਾ ਹਾਂ, ਰਾਜੇ ਦੀ ਲੜਕੀ ਨੇ ਇਹ ਪ੍ਰਣ ਕਰਿਆ ਹੈ ਕਿ ਮੈਂ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਾਉਣੀ ਹੈ ਤੇ ਉਪਾਅ ਕੋਈ ਬਣਦਾ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਮੇਰੀ ਹੀ ਸ਼ਾਦੀ ਹੋ ਜਾਏ। ਉਹ ਕਹਿੰਦਾ ਇਹ ਤਾਂ ਮੈਂ ਕਰ ਦੇਵਾਂਗਾ। ਮੇਰੇ ਕੋਲ ਹੈ ਇੱਕ ਗਰੁੜ ਬਣਿਆ ਹੋਇਆ, ਉਹ ਉਡਾਰੀ ਮਾਰਦਾ ਹੈ, ਮੈਂ ਤੇਰੀਆਂ ਦੋ ਬਾਹਾਂ ਹੋਰ ਲਾ ਦਿੰਦਾ ਹਾਂ, ਪੂਰਾ ਹੀ ਵਿਸ਼ਨੂੰ ਦਾ ਰੂਪ ਬਣਾਂ ਦਿੰਦਾ ਹਾਂ। ਉਸ ਤਰ੍ਹਾਂ ਨਾਲ ਕਰਿਆ, ਕਹਿਣ ਲੱਗਿਆ ਕਿ ਤੂੰ ਹੁਣ ਉਹਦੇ ਮਹਿਲਾਂ ਤੇ ਜਾ ਕੇ ਉਤਰ ਜਾ। ਉਥੇ ਉਤਰਿਆ ਤਾਂ ਖੜਕਾ ਹੋਇਆ, ਲੜਕੀ ਦਾ ਮਹਿਲ ਸੀ, ਉਤੇ ਆਈ, ਆ ਕੇ ਖੁਸ਼ ਹੋ ਗਈ ਕਿ ਵਿਸ਼ਨੂੰ ਭਗਵਾਨ ਆ ਗਏ। ਉਹ ਕਹਿਣ ਲੱਗਿਆ ਕਿ ਐ ਲੜਕੀ ਮੈਂ ਤੇਰੀ ਭਗਤੀ 'ਤੇ ਪ੍ਰਸੰਨ ਹੋ ਕੇ ਪਹੁੰਚਿਆ ਹਾਂ, ਜਾਹ ਆਪਣੇ ਮਾਤਾ ਪਿਤਾ ਨੂੰ ਵੀ ਬੁਲਾ ਲੈ। ਮਾਤਾ ਪਿਤਾ ਵੀ ਬੁਲਾ ਲਏ, ਆ ਕੇ ਉਹ ਨਮਸ਼ਕਾਰਾਂ ਕਰਦੇ ਨੇ

ਹੱਥ ਜੋੜੀਂ ਖੜ੍ਹੇ ਨੇ, ਕਹਿੰਦੇ ਰਾਜਨ! ਤੇਰੀ ਲੜਕੀ ਦੇ ਮਨ ਵਿੱਚ ਇਹ ਭਾਵਨਾ ਹੈ ਕਿ ਮੇਰੇ ਨਾਲ ਉਹਨੇ ਸ਼ਾਦੀ ਕਰਾਉਣੀ ਹੈ। ਸੋ ਮੈਂ ਆ ਗਿਆ ਹਾਂ, ਪਰ ਮੈਂ ਮਨੁੱਖ ਰੂਪ 'ਚ ਇੱਥੇ ਰਿਹਾ ਕਰਾਂਗਾ। ਦੇਵ ਰੂਪ ਵਿੱਚ ਨਹੀਂ ਰਹਿਣਾ, ਸੋ ਹੁਣ ਤਾਂ ਮੈਂ ਜਾਂਦਾ ਹਾਂ, ਸਵੇਰੇ ਮੈਂ ਮਨੁੱਖ ਰੂਪ ਵਿੱਚ ਆਵਾਂਗਾ। ਗਰੁੜ ਉਡਾਇਆ ਤੇ ਉਸ ਤੋਂ ਬਾਅਦ ਦੂਸਰਾ ਦਿਨ ਹੋਇਆ ਤੇ ਫੇਰ ਜਾ ਪਹੁੰਚਿਆ। ਸ਼ਾਦੀ ਹੋ ਗਈ, ਸਮਾਂ ਹੋ ਗਿਆ ਤੇ ਦੂਸਰੇ ਰਾਜੇ ਨੂੰ ਪਤਾ ਲੱਗ ਗਿਆ ਕਿ ਇੱਕ ਬਨਾਉਟੀ ਬੰਦੇ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਸ਼ਾਦੀ ਕਰਾ ਲਈ ਤੇ ਰਾਜੇ ਭਗਤ ਸੀ, ਉਹਨੇ ਫੌਜਾਂ ਹਟਾ ਦਿੱਤੀਆਂ। ਦੂਜੇ ਦੁਸ਼ਮਣ ਰਾਜੇ ਨੇ ਸੋਚਿਆ ਕਿ ਕਿਉਂ ਨਾ ਮੈਂ ਇਹਦਾ ਰਾਜ ਖੋਹ ਲਵਾਂ। ਫੌਜਾਂ ਚਾੜ੍ਹ ਦਿੱਤੀਆਂ। ਵਜ਼ੀਰਾਂ ਨੇ ਕਿਹਾ ਕਿ ਫਲਾਣੇ ਰਾਜੇ ਨੇ ਫੌਜ ਚਾੜ੍ਹ ਦਿੱਤੀ। ਕਹਿੰਦਾ ਕੋਈ ਗੱਲ ਨਹੀਂ ਵਿਸ਼ਨੂੰ ਜੀ ਹੈਗੇ, ਹੁਣ ਮੈਨੂੰ ਕਾਹਦਾ ਫਿਕਰ ਹੈ, ਆਪੇ ਰੱਖ ਲੈਣਗੇ ਸੁਦਰਸ਼ਨ ਚੱਕਰ ਨਾਲ। ਰਾਜਾ ਨੇੜੇ ਆ ਗਿਆ, ਕਹਿਣ ਲੱਗੇ, ਹੁਣ ਤਾਂ ਸ਼ਹਿਰ ਦੀ ਬਾਹਰਲੀ ਤਹਿਸੀਲ 'ਚ ਆ ਗਿਆ, ਦਰਵਾਜ਼ੇ ਭੰਨ੍ਹ ਰਿਹਾ ਹੈ। ਕਹਿੰਦੇ, ਫਿਕਰ ਹੀ ਨਾ ਕਰੋ, ਵਿਸ਼ਨੂੰ ਭਗਵਾਨ ਜੀ ਸਭ ਕੁਛ ਜਾਣਦੇ ਨੇ। ਆਪੇ ਮੇਰੀ ਰਾਖੀ ਕਰਨਗੇ। ਉਸ ਵੇਲੇ ਜਿਹੜਾ ਲੜਕਾ ਸੀ ਤਰਖਾਣ ਦਾ, ਇਹਨੇ ਕਿਹਾ ਕਿ ਮਰਨਾ ਤਾਂ ਮੈਂ ਫੇਰ ਵੀ ਹੈ, ਜਲਾਲਤ ਦੇ ਨਾਲ ਮਰਾਂਗਾ। ਕਿਉਂ ਨਾ ਮੈਂ ਆਪੇ ਹੀ ਮਰ ਜਾਵਾਂ। ਛੱਤ ਨਾਲ ਰੱਸਾ ਬੰਨ੍ਹਿਆ, ਜਦੋਂ ਗਲ 'ਚ ਪਾਉਣ ਲੱਗਿਆ, ਵਿਸ਼ਨੂੰ ਭਗਵਾਨ ਪ੍ਰਗਟ ਹੋ ਗਏ। ਕਹਿੰਦੇ, ਕਿਉਂ ਹੁਣ ਕਿਉਂ ਮਰਦਾ ਹੈਂ, ਰੂਪ ਮੇਰਾ ਬਣਾਇਆ ਹੈ। ਕਹਿੰਦੇ, ਤੂੰ ਤਾਂ ਮਰ ਜਾਏਂਗਾ, ਮੇਰੀ ਬਦਨਾਮੀ ਹੋਏਗੀ ਸਾਰੇ ਤੇ ਜਾਹ ਤੈਨੂੰ ਮੈਂ ਸ਼ਕਤੀ ਦਿੰਦਾ ਹਾਂ। ਇੱਕ ਗਰੁੜ ਦਿੰਦਾ ਹਾਂ, ਇਹਦੇ 'ਤੇ ਚੜ੍ਹ ਕੇ ਤੂੰ ਲੜਾਈ ਕਰ। ਐਨਾ ਕਹਿ ਕੇ ਗਾਇਬ ਹੋ ਗਏ। ਰਾਜਾ ਆਇਆ, ਕਹਿਣ ਲੱਗਿਆ ਕਿ ਮਹਾਰਾਜ! ਹੁਣ ਤਾਂ ਦੀਵਾਰਾਂ ਤੋੜਨ ਲੱਗੇ ਨੇ। ਕਹਿੰਦੇ, ਫਿਕਰ ਹੀ ਨਾ ਕਰੋ ਮੈਂ ਹੁਣੇ ਹੀ ਜਾਂਦਾ ਹਾਂ। ਗਰੁੜ ਦਿੱਤਾ ਸੀ, ਨਾਲ ਸ਼ਸਤਰ ਦਿੱਤਾ ਹੋਇਆ ਸੀ, ਉਹ ਚਲਿਆ ਗਿਆ। ਜਿਧਰ ਨੂੰ ਜਾਵੇ ਫੌਜਾਂ ਨੱਠ ਜਾਣ, ਜਿੱਧਰ ਨੂੰ ਜਾਵੇ ਫੌਜਾਂ ਨੱਠ ਜਾਣ। ਰਾਜੇ ਨੇ ਕਿਹਾ ਕਿ ਇਹ ਤਾਂ ਸੱਚੀਂ ਵਿਸ਼ਨੂੰ ਜੀ ਆ ਗਏ।

ਸਧਨਾ ਕਹਿਣ ਲੱਗਿਆ ਕਿ ਹੇ ਪ੍ਰਭੂ! ਤੂੰ ਤਾਂ ਐਨਾ ਦਿਆਲੂ ਹੈਂ ਕਿ ਭੇਖਧਾਰੀ ਦੀ ਵੀ ਰੱਖਿਆ ਕਰੀ, ਤੂੰ ਮੇਰੀ ਵੀ ਕਰ। ਇੱਟਾਂ ਚਿਣੀਆਂ ਜਾ ਰਹੀਆਂ ਨੇ, ਫੇਰ ਕੀ ਹੋਏਗਾ? ਆਵਾਜ਼ ਆਈ, ਕਹਿੰਦੇ ਸਧਨਿਆਂ! ਪਿਆਰਿਆ! ਇਹ ਤਾਂ ਕਰਮ ਨੇ ਤੂੰ ਦੋਸ਼ ਨਾ ਦੇ, ਇਹ ਤਾਂ ਤੇਰੇ ਹੀ ਕਰਮ ਨੇ, ਤੈਨੂੰ ਹੀ ਭੋਗਣੇ ਪੈਣੇ ਨੇ।

***ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ***
***ਦੋਸ਼ ਤੇਰੇ ਕਰਮਾਂ ਦਾ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ – 433***

ਹੇ ਪ੍ਰਭੂ! ਐਸਾ ਕਿਹੜਾ ਕਰਮ ਹੈ। ਕਹਿਣ ਲੱਗੇ ਕਿ ਤੂੰ ਪਿਛਲੇ ਜਨਮ ਦਾ ਕਰਮ ਕੀਤਾ ਸੀ, ਦੱਸ ਦਿੰਦੇ ਹਾਂ ਤੈਨੂੰ। ਦੇਖ ਕੇ ਖੋਲ੍ਹ ਕੇ ਦਿਬਯ ਦ੍ਰਿਸ਼ਟ ਦੇਖ। ਕੀ ਦੇਖਦਾ ਹੈ ਪਿਛਲੇ ਜਨਮ ਦੇ ਅੰਦਰ ਮੋਨੀ ਸੰਤ ਸੀ, ਬੋਲਦਾ ਨਹੀਂ ਸੀ ਹੁੰਦਾ। ਤਪ ਕਰ ਰਿਹਾ ਹੈ, ਕਸਾਈ ਗਊ ਲਈਂ ਜਾ ਰਿਹਾ ਸੀ, ਗਊ ਛੁਟ ਕੇ ਨੱਠ ਆਈ ਸੀ, ਇਹਦੇ ਪਿੱਛੇ ਡੂੰਘਾ ਥਾਂ ਸੀ ਉਥੇ ਆ ਕੇ ਛੁਪ ਗਈ। ਕਸਾਈ ਨੇ ਆ ਕੇ ਪੁੱਛਿਆ ਕਿ ਭਗਤ ਜੀ! ਇੱਥੇ ਗਊ ਆਈ ਹੈ। ਦੇਖ ਲਿਆ ਕਿ ਛੁਰਾ ਵੀ ਇਹਦੇ ਹੱਥ ਵਿੱਚ ਹੈ, ਮਾਰਨ ਲੱਗਿਆ ਹੈ ਗਊ ਨੂੰ। ਉਸ ਵੇਲੇ ਬਿਨਾਂ ਵਿਚਾਰੇ ਹੀ ਦੋਵੇਂ ਹੱਥ ਬੰਨ੍ਹ ਕੇ ਪਿੱਛੇ ਵਲ ਨੂੰ ਇਸ਼ਾਰਾ ਕਰ ਦਿੱਤਾ ਕਿਉਂਕਿ ਬੋਲਣਾ ਤਾਂ ਹੈ ਨਹੀਂ ਸੀ। ਕਸਾਈ ਨੇ ਗਊ ਫੜੀ ਤੇ ਫੜ ਕੇ ਜਾ ਕੇ ਮਾਰ ਦਿੱਤੀ।

ਉਧਰਲੇ ਪਾਸੇ ਸ਼ੇਰ ਆਇਆ ਸ਼ੇਰ ਨੇ ਆ ਕੇ ਕਸਾਈ ਮਾਰ ਦਿੱਤਾ। ਉਹ ਮਰਿਆ ਪਿਆ, ਤੇ ਉਹ ਵੀ ਤੇ ਉਪਰਲੇ ਪਾਸੇ ਮਹਾਂਪੁਰਸ਼ਾਂ ਦਾ ਆਸ਼ਰਮ ਹੈ, ਕੁਟੀਆ ਹੈ, ਉਥੇ ਸਾਧੂ ਇਸ਼ਨਾਨ ਕਰਦੇ ਨੇ। ਇੱਕ ਕੁੰਡ ਭਰਿਆ ਪਿਆ ਹੈ, ਉਹ ਗੰਗਾ ਦੇ ਕਿਨਾਰੇ ਹੈ, ਗੰਗਾ ਦੇ ਵਿੱਚ ਬਰਸਾਤ ਹੋਈ, ਉਛਲੀ ਗੰਗਾ ਤੇ ਉਹ ਪਾਣੀ ਨਾਲ ਰਲਾ ਕੇ ਜਿੱਥੇ ਇਹ ਦੋਵੇਂ ਪਏ ਸੀ, ਇਨ੍ਹਾਂ ਦੇ ਉਤੋਂ ਦੀ ਲੰਘਾ ਦਿੱਤਾ ਪਾਣੀ। ਸੰਤਾਂ ਦੀ ਧੂੜੀ ਤੇ ਸੰਤਾਂ ਦੇ ਇਸ਼ਨਾਨ ਦੇ ਪਾਣੀ ਦਾ ਫਲ ਇਹ ਹੋਇਆ ਕਿ ਦੋਹਾਂ ਨੂੰ ਮਨੁੱਖ ਜਾਮਾ ਮਿਲ ਗਿਆ। ਕਹਿਣ ਲੱਗਿਆ, ਸਧਨਿਆ! ਇਹ ਜਿਹੜੀ ਔਰਤ ਸੀ ਤੇਰੇ ਪਿੱਛੇ ਪਈ ਇਹ ਓਹੀ ਗਊ ਹੈ। ਉਹ ਜਿਹੜਾ ਕਸਾਈ ਹੈ ਉਹ ਇਹਦਾ ਪਤੀ ਹੈ ਤੇ ਤੂੰ ਉਹੀ ਸਾਧੂ ਹੈਂ, ਹੁਣ ਵੀ ਸਾਧੂ ਹੈਂ। ਕਰਮ ਨੇ ਤੁਹਾਨੂੰ ਤਿੰਨਾਂ ਨੂੰ ਇਕੱਠਾ ਕਰ ਦਿੱਤਾ। ਹੁਣ ਕਰਮ ਆਪਣੇ action ਵਿੱਚ ਆ ਗਿਆ ਪਿਆਰਿਆ! ਹੁਣ ਤਾਂ ਪਿਆਰਿਆ ਭੋਗਣਾ ਹੀ ਪੈਣਾ ਹੈ। ਕਰਮ ਦਾ ਫਲ ਇਹ ਹੈ ਕਿ ਬੁਨਿਆਦ ਦੇ ਵਿੱਚ ਚਿਣਿਆ ਜਾ ਰਿਹਾ ਹੈਂ। ਕਹਿਣ ਲੱਗਿਆ, ਹੇ ਪ੍ਰਭੂ! ਜੇ ਸ਼ੇਰ ਦੀ ਸ਼ਰਨ ਵਿੱਚ ਚਲਿਆ ਜਾਵੇ ਕੋਈ ਬੰਦਾ ਤੇ ਗਿੱਦੜ ਆ ਕੇ ਉਹਨੂੰ ਡਰਾਉਣ, ਫੇਰ ਤਾਂ ਗੱਲ ਚੰਗੀ ਨਹੀਂ ਨਾ ਹੈ।

***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥***

***ਅੰਗ - 858***

ਫੇਰ ਤੇਰੀ ਸ਼ਰਨ ਵਿੱਚ ਆਉਣ ਦਾ ਕੀ ਫਾਇਦਾ ਹੋਇਆ। ਤੇਰੀ ਸ਼ਰਨ ਵਿੱਚ ਆ ਕੇ ਫੇਰ ਵੀ ਗਿੱਦੜਾਂ ਤੋਂ ਡਰ ਹੈ। ਕਰਮ ਫੇਰ ਵੀ ਭੋਗਣਾ ਪੈਣਾ ਹੈ। ਆਵਾਜ਼ ਨਹੀਂ ਕੋਈ ਆਈ ਤੇ ਇਧਰਲੇ ਪਾਸੇ ਜਿਹੜੀ ਬੁਨਿਆਦ ਸੀ ਗੋਡਿਆਂ ਤੋਂ ਉਤੇ ਚਿਣੀ ਗਈ। ਫੇਰ ਬੇਨਤੀਆਂ ਕਰਦਾ ਹੈ ਕਹਿੰਦੇ ਸਧਨਿਆਂ! ਕੁਛ ਦਮ ਰੱਖ, ਕੋਈ ਸਬਰ 'ਚ ਆ। ਕੋਈ ਗੱਲ ਨਹੀਂ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਤਾਂ ਪ੍ਰਾਣ ਨਿਕਲਣ ਨੂੰ ਤਿਆਰ ਹੋ ਰਹੇ ਨੇ। ਲੱਕ ਤੱਕ ਮੇਰੇ ਦੀਵਾਰ ਆ ਗਈ ਹੈ, ਹੋਰ

ਦੋ ਇੱਟਾਂ ਲਗਣੀਆਂ ਨੇ ਤੇ ਮੇਰਾ ਪੇਟ ਘੁੱਟਿਆ ਜਾਣਾ ਹੈ, ਸਾਹ ਮੈਂ ਕਿਵੇਂ ਲਵਾਂਗਾ। ਫੇਰ ਕੀ ਕਰੇਂਗਾ? ਇੱਕ ਬੂੰਦ ਵਾਸਤੇ ਇੱਕ ਪਪੀਹਾ ਪ੍ਰਿਹੁ-ਪ੍ਰਿਹੁ ਕਰਦਾ ਮਰ ਗਿਆ, ਮਰਨ ਤੋਂ ਬਾਅਦ ਚਾਹੇ ਉਹਨੂੰ ਸਮੁੰਦਰ ਮਿਲ ਜਾਏ, ਫੇਰ ਉਹਦੇ ਕਿਹੜੇ ਕੰਮ ਆਏਗਾ। ਐਸਾ ਤਰ੍ਹਾਂ ਦੇ ਨਾਲ ਪੜ੍ਹ ਲਓ -

***ਧਾਰਨਾ - ਪ੍ਰਾਣਾਂ ਗਿਆਂ 'ਤੇ ਜੇ ਸਾਗਰ ਮਿਲ ਜਾਏ,***
***ਫੇਰ ਕਿਹੜੇ ਕੰਮ ਆਵਣਾ।***

***ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥***

***ਅੰਗ - 858***

ਕਹਿੰਦੇ ਜੇ ਪ੍ਰਾਣ ਗਏ ਤੇ ਸਾਗਰ ਮਿਲ ਗਿਆ, ਫੇਰ ਕੀ ਕੰਮ ਆਏਗਾ?

ਐਨੇ ਨੂੰ ਇੱਟਾਂ ਫੇਰ ਲੱਗ ਗਈਆਂ, ਇਸ ਤਰ੍ਹਾਂ ਨਾਲ ਫੁਰਮਾਨ ਕਰਦਾ ਹੈ -

***ਧਾਰਨਾ - ਕਹੁ ਕਾਹੇ ਚਢਾਵਉ ਜੀ,***
***ਬੂਢਿ ਮੂਏ ਨਉਕਾ ਮਿਲੈ।***

***ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥***
***ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ਅੰਗ - 858***

ਕਹਿਣ ਲੱਗੇ, ਹੇ ਪ੍ਰਭੂ! ਪ੍ਰਾਣ ਤਾਂ ਮੇਰੇ ਨਿਕਲਣ ਵਾਲੇ ਹੋ ਰਹੇ ਨੇ। ਉਹ ਥਿਰ ਨਹੀਂ ਹੈਗੇ, ਤੁਸੀਂ ਕਹਿੰਦੇ ਓਂ ਕਿ ਤੇਰੀ ਰਾਖੀ ਕਰਾਂਗਾ। ਜੇ ਡੁੱਬ ਕੇ ਮਰ ਗਿਆ, ਫੇਰ ਕਿਸ਼ਤੀ ਲਈਂ ਫਿਰਿਓ ਤੇ ਕਿਹਨੂੰ ਤੂੰ ਚੜ੍ਹਾਏਂਗਾ। ਆਵਾਜ਼ ਆਈ ਸਧਨਿਆ! ਇਹ ਤਾਂ ਸ਼ਰਾਕਤ ਵਾਲੀਆਂ ਗੱਲਾਂ ਤੂੰ ਕਰਨ ਲੱਗ ਗਿਆ, ਭਗਤਾਂ ਵਾਲੀਆਂ ਗੱਲਾਂ ਨਹੀਂ। ਉਸ ਵੇਲੇ ਸੋਝੀ ਪਈ। ਕਹਿਣ ਲੱਗਿਆ, ਹੇ ਪ੍ਰਭੂ! ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ। ਕ੍ਰਿਪਾ ਕਰੋ, ਹੁਣ ਤਾਂ ਮੈਂ ਤੇਰਾ ਹਾਂ, ਤੂੰ ਆਪਣਾ ਜਾਣ ਕੇ ਮੇਰੀ ਰਾਖੀ ਕਰ ਲੈ।

***ਧਾਰਨਾ - ਵਾਹਿਗੁਰੂ! ਅਉਸਰੁ ਮੇਰੀ ਰੱਖ ਲੱਜਿਆ***
***ਪਿਆਰੇ! ਮੈਂ ਸਧਨਾ ਜਨ ਤੇਰਾ।***

***ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ਅੰਗ - 858***

ਜਦ ਨਿਮਰਤਾ ਦੇ ਨਾਲ ਬੇਨਤੀ ਕੀਤੀ, ਕੀ ਦੇਖਦਾ ਹੈ ਕਿ ਸਾਮ੍ਹਣੇ ਬਹੁਤ ਵੱਡਾ ਪ੍ਰਕਾਸ਼ ਹੋਇਆ। ਹੁਕਮ ਹੋ ਗਿਆ ਤੇ ਕਿਲ੍ਹੇ ਦੀ ਦੀਵਾਰ ਜਿਹੜੀ ਚਿਣੀ ਜਾ ਰਹੀ ਸੀ, ਉਹ ਸਾਰੀ ਹੀ ਦੀਵਾਰ ਸੁੱਟ ਦਿੱਤੀ। ਜਿਹੜੇ ਦੋਖੀ ਖੜ੍ਹੇ ਸੀ, ਸਾਰੇ ਹੀ ਥੱਲੇ ਆ ਕੇ ਮਰ ਗਏ। ਰਾਜਾ ਬੇਨਤੀਆਂ ਕਰਦਾ ਹੈ, ਉਸੇ ਵੇਲੇ ਉਹ ਜਿਹੜੀ ਬੀਬੀ ਸੀ ਦੌੜੀ ਆਉਂਦੀ ਹੈ, ਪਾਗਲ

ਹੋਈ-ਹੋਈ ਹੈ, ਕਹਿੰਦੀ ਮਾਰੋ ਨਾ ਇਹਨੂੰ ਮਾਰੋ ਨਾ, ਮੈਂ ਹੀ ਆਪਣੇ ਪਤੀ ਨੂੰ ਮਾਰਿਆ ਹੈ। ਲੱਜਾ ਰਹਿ ਗਈ। ਕਿਉਂਕਿ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥* *ਅੰਗ - 451*

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*
*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*
*ਅੰਗ - 403*

ਰਾਜਾ ਚਰਨਾਂ 'ਤੇ ਢਹਿ ਪਿਆ ਕਿ ਭਗਤ ਜੀ! ਮੈਂ ਬੜਾ ਬੁਰਾ ਕੰਮ ਕਰਿਆ। ਤੁਹਾਨੂੰ ਤਕਲੀਫ ਦਿੱਤੀ ਤੇ ਇਸ ਔਰਤ ਨੂੰ ਮੈਂ ਕੁੱਤਿਆਂ ਤੋਂ ਪੜਵਾਵਾਂਗਾ। ਕਹਿੰਦੇ, ਨਾ ਇਹਦਾ ਕੋਈ ਕਸੂਰ ਨਹੀਂ ਹੈ। ਇਹ ਕਰਮਾਂ ਦੀ ਬੰਨ੍ਹੀ ਹੋਈ ਨੇ ਇਸ ਤਰ੍ਹਾਂ ਕੀਤਾ ਸੀ। ਮੈਨੂੰ ਕੋਈ ਦਵੈਸ਼ ਨਹੀਂ ਇਹਦੇ ਨਾਲ ਤੇ ਇਹਨੂੰ ਵੀ ਕੁਛ ਨਾ ਕਹੋ।

ਇਸ ਤਰ੍ਹਾਂ ਦੇ ਨਾਲ ਕਿੱਡੀ ਭਗਤੀ ਕੀਤੀ, ਇੱਕ ਕਸਾਈ ਨੇ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਰੂਪ ਹੋ ਕੇ ਬੈਠੇ ਨੇ। ਇੱਕੋ ਹੀ ਸ਼ਬਦ ਹੈ ਇਨ੍ਹਾ ਦਾ। ਜਿੰਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਏ ਨੇ ਇਹ ਸਤਿਗੁਰੂ ਸਰੂਪ ਨੇ ਸਾਰੇ। ਕਿਸ ਅਵਸਥਾ ਤੋਂ, ਕਿਹੜੀ ਥਾਂ ਤੋਂ ਉੱਠੇ, ਕਿੱਥੇ ਜਾ ਕੇ ਪਹੁੰਚੇ, ਨਾਮ ਜਪਿਆ, ਮਹਾਰਾਜ ਕਹਿੰਦੇ ਪਿਆਰਿਓ! ਤੁਸੀਂ ਵੀ ਨਾਮ ਜਪ ਲਓ, ਅਜੇ ਸਮਾਂ ਹੈ। ਕਾਲ ਦਾ ਕੋਈ ਪਤਾ ਨਹੀਂ ਕਿਹੜੇ ਵੇਲੇ ਆ ਕੇ ਝਪਟਾ ਮਾਰੇ। ਮਾਨਸ ਜਨਮ ਮਿਲਿਆ ਹੈ ਐਵੇਂ ਹੀ ਨਿਕਲ ਜਾਏਗਾ। ਸਾਨੂੰ ਬਾਰ-ਬਾਰ ਇਸ ਤਰ੍ਹਾਂ ਦੇ ਨਾਲ ਤਾਕੀਦ ਕਰਦੇ ਨੇ ਪੜ੍ਹੋ ਪਿਆਰ ਨਾ -

*ਧਾਰਨਾ - ਦੇਖੀਂ, ਵਾਰੀ ਨਾ ਗਵਾ ਲਈਂ,*
*ਤੇਰਾ ਜਨਮ ਅਮੋਲ ਹੈ।*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ - 176*

ਇਸ ਤਰ੍ਹਾਂ ਧਿਆਨ ਰੱਖੋ ਭਾਈ! ਜੇ ਸਧਨਾ ਕਸਾਈ ਲੰਘ ਸਕਦਾ ਹੈ, ਤੁਸੀਂ ਤਾਂ ਕਿਰਤ ਕਰਨ ਵਾਲੇ ਬੰਦੇ ਓਂ। ਨਾ ਐਨੇ ਜਾਨਵਰ ਮਾਰੇ

ਨੇ, ਉਹਦੇ ਉਤੇ ਦਇਆ ਹੋ ਸਕਦੀ ਹੈ ਸਾਧੂਆਂ ਨਾਲ ਮਿਲ ਕੇ, ਸਾਡੇ ਉਤੇ ਵੀ ਕ੍ਰਿਪਾ ਹੋ ਸਕਦੀ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ,

ਅਰਦਾਸ, ਹੁਕਮਨਾਮਾ।

# ਗੁਰੂ ਅੰਗਦ ਸਾਹਿਬ ਤੇ ਭਾਈ ਮੱਲੂ ਸ਼ਾਹੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਸਤਿਗੁਰ ਜੀ ਭਵਜਲ ਫੇਰਿਆਂ ਤੋਂ,*
*ਵਾਹਿਗੁਰੂ! ਭਵਜਲ ਫੇਰਿਆਂ ਤੋਂ,*
*ਆਂਪਣੀ ਦਇਆ ਧਾਰ ਕੇ ਕੱਢ ਲਓ।*

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ ॥*
*ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥*
*ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥*
*ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥*
*ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥*
*ਅੰਗ - 704*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਿੰਨੇ ਵੱਡੇ ਭਿਆਨਕ ਨੇ ਭਵਜਲ ਦੇ ਫੇਰੇ, ਕੋਈ ਦੱਸ ਨਹੀਂ ਸਕਦਾ। ਖਰਬਾਂ-ਖਰਬਾਂ ਸਾਲ ਤੋਂ ਆਹ ਸਰੀਰ ਦੇ ਅੰਦਰ ਜੋ ਰੂਹ ਬੋਲ ਰਹੀ ਹੈ, ਇੱਕ ਸਰੀਰ ਛੱਡ ਦਿੰਦੀ ਹੈ, ਦੂਸਰਾ ਧਾਰਨ ਕਰ ਲੈਂਦੀ ਹੈ, ਦੂਸਰਾ ਛੱਡ ਦਿੰਦੀ ਹੈ ਤੀਸਰਾ ਧਾਰਨ ਕਰ ਲੈਂਦੀ ਹੈ। ਬੜੇ ਸਰੀਰ ਧਾਰਨ ਕਰੇ ਨੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - 176*

ਬਲਦ ਵੀ ਬਣਿਆ ਹੈ, ਘੋੜਾ ਵੀ ਬਣਿਆ ਹੈ, ਹਾਥੀ ਵੀ ਬਣਿਆ ਹੈ, ਗਧਾ ਵੀ ਬਣਿਆ ਹੈ, ਦਰਖਤ ਵੀ ਬਣਿਆ ਹੈ, ਪੱਥਰ ਵੀ ਬਣਿਆ ਹੈ, ਬੜੇ ਸਰੀਰ ਹੰਢਾਏ ਨੇ ਤੇ ਹੰਢਾਉਂਦੇ ਹੀ ਚਲੇ ਜਾਂਦੇ ਹਾਂ। ਇੱਕ ਚੱਕਰ ਮੁੱਕਦਾ ਹੈ ਦੂਸਰਾ ਸ਼ੁਰੂ ਹੋ ਜਾਂਦਾ ਹੈ। ਹੋਸ਼ ਨਹੀਂ ਆਉਂਦੀ ਕਿ ਕਿਸੇ ਦੇ ਕੋਲ ਚੱਲੀਏ, ਪੁੱਛੀਏ ਉਸ ਤੋਂ ਕਿ ਕੀ ਸਾਡੀ ਰੂਹ ਨੂੰ ਕਿਸੇ ਥਾਂ ਦੇ ਉਤੇ ਟਿਕਾਣਾ ਵੀ ਮਿਲ ਜਾਏਗਾ ਕਿ ਐਵੇਂ ਚੱਕਰਾਂ 'ਚ ਅਸੀਂ ਘੁੰਮਦੇ ਰਹਾਂਗੇ। ਏਸ ਗੱਲ ਦਾ ਗਿਆਨ ਨਾ ਹੋਣ ਕਰਕੇ, ਭਰੋਸਾ ਨਾ ਹੋਣ ਕਰਕੇ, ਇਹ ਸਵਾਲ ਆਦਮੀ ਦੇ ਮੂਹਰੇ ਆਉਂਦਾ ਨਹੀਂ ਹੈ। ਜਨਮ ਹੋਰ ਹੀ ਪਾਸੇ ਲੰਘ ਜਾਂਦਾ ਹੈ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - 268*

ਹਰ ਵਾਰੀ ਮਨੁੱਖਾ ਜਨਮ ਮਿਲਦਾ ਹੈ ਫੇਰ ਲੰਘ ਜਾਂਦਾ ਹੈ ਏਸੇ ਤਰ੍ਹਾਂ, ਗਲਤ ਗੱਲਾਂ 'ਚ ਪੈ ਕੇ। ਫੇਰ ਮੁੜ ਕੇ ਭਵਜਲ ਦਾ ਫੇਰਾ ਤਿਆਰ ਹੋ ਜਾਂਦਾ ਹੈ। ਇਹ ਤਾਂ ਵਾਹਿਗੁਰੂ ਜੀ ਨੇ ਬਹੁਤ ਦਇਆ ਕੀਤੀ ਹੋਈ ਹੈ ਕਿ ਸਾਡੇ ਯਾਦ ਨਹੀਂ ਰਹਿੰਦਾ, ਜੇ ਕਿਤੇ ਯਾਦ ਰਹੇ ਕਿ ਆਹ ਜਨਮ 'ਚ ਬੈਲ ਬਣਿਆ ਸੀ, ਮੈਨੂੰ ਐਨੀ ਤਕਲੀਫ ਹੋਈ, ਆਹ ਬੰਦੇ ਨੇ ਮੈਨੂੰ ਕੁੱਟ-ਕੁੱਟ ਮਾਰਿਆ, ਜਾਂ ਇਹਨੇ ਵੱਢ ਕੇ ਖਾਧਾ ਸੀ, ਫੇਰ ਇੱਕ ਨਵਾਂ ਸਵਾਲ ਸ਼ੁਰੂ ਹੋ ਜਾਂਦਾ ਹੈ। ਹੋਰ ਵੈਰ ਵੱਧ ਜਾਂਦੇ, ਜਨਮਾਂ-ਜਨਮਾਤਰਾਂ ਦੇ ਸੰਸਕਾਰ ਸਾਡੇ ਯਾਦ ਰਹਿੰਦੇ। ਦਿਮਾਗ ਐਨਾ occupie (ਭਰਿਆ ਹੋਇਆ) ਹੋ ਜਾਂਦਾ ਕਿ ਸਾਨੂੰ ਸੁੱਖ ਦਾ ਸਾਹ ਨਹੀਂ ਸੀ ਆਉਣਾ, ਦੁੱਖ ਦੀ ਜ਼ਿੰਦਗੀ ਗੁਜ਼ਾਰਨੀ ਪੈਣੀ ਸੀ, ਕਿਉਂਕਿ ਪਿਛਲੇ ਸੰਸਕਾਰ ਵੀ ਲੈਣੇ ਸੀ। ਹੁਣ ਜੇ ਸਾਡੇ ਯਾਦ ਨਹੀਂ ਰਹਿੰਦਾ, ਕਰਮ ਤਾਂ ਮਿਟਿਆ ਨਹੀਂ ਕਰਦਾ। ਕਰਮਾਂ ਦੇ ਹਿਸਾਬ ਨਾਲ ਅਸੀਂ ਅਦਲੇ-ਬਦਲੇ ਲੈਂਦੇ ਤੁਰੇ ਆਉਂਦੇ ਹਾਂ। ਸੋਝੀ ਵਾਲਾ ਕੋਈ-ਕੋਈ ਬੰਦਾ ਸੰਸਾਰ 'ਤੇ ਹੁੰਦਾ ਹੈ ਜਿਸਦੇ ਅੰਦਰ ਇਹ ਲਗਨ ਹੋਵੇ, ਜਿਸਨੂੰ ਇਹ ਖਿਆਲ ਪੈਦਾ ਹੋ ਜਾਵੇ ਕਿ ਬੜੀ ਮੁਸ਼ਕਲ ਹੋਈ ਕਿੰਨੇ ਜਨਮ ਲੰਘ ਗਏ ਕਿ ਹੁਣ ਫੇਰ ਮੁੜ ਕੇ ਕੁੱਤੇ-ਬਿੱਲੇ ਬਣਾਂਗੇ? ਮਹਾਰਾਜ ਕਹਿੰਦੇ, ਬਣਨਾ ਪੈਂਦਾ ਹੈ ਭਾਈ, ਜੇ ਗਲਤ ਰਸਤੇ ਚਲਾਂਗੇ ਬਣਨਾ ਪਵੇਗਾ।

*ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ ਅੰਗ - 279*

ਸੰਤਾਂ ਦਾ ਦੋਖੀ ਬਣ ਜਾਵੇ, ਕੁੱਤਿਆਂ ਦੇ ਸਿਰ 'ਚ ਜਿਹੜੇ ਕੀੜੇ ਪੈਂਦੇ ਨੇ, ਉਹ ਕੀੜੇ ਬਣਨਾ ਪੈਂਦਾ ਹੈ। ਸੱਪ ਦੀ ਜੂਨੀ 'ਚ ਜਾਣਾ ਪੈਂਦਾ ਹੈ।

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥ ਅੰਗ - 278*

ਜਿਹਦੇ ਅੰਦਰ ਆਪਣੀ ਸ਼ਕਤੀ ਦਾ ਅਭਿਮਾਨ ਹੈ, ਰਾਜਸੀ ਸ਼ਕਤੀ ਦਾ। ਉਹ ਮਰਨ ਤੋਂ ਬਾਅਦ ਮਹਾਰਾਜ ਕਹਿੰਦੇ ਕੁੱਤਾ ਬਣਦਾ ਹੈ। ਆਪੇ ਹੀ ਆਪਣਾ ਰਸਤਾ ਚੁਣ ਲਿਆ ਜੀਉਂਦੇ-ਜੀਉਂਦੇ ਨੇ ਕਿ ਮੈਂ ਕੀ ਬਣਨਾ ਹੈ। ਜਾਇਦਾਦ ਨਾਲ ਮੋਹ ਪਾ ਲਿਆ ਮਹਾਰਾਜ ਕਹਿੰਦੇ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - 526*

ਭੂਤ ਬਣੇਗਾ। ਕੋਈ ਵਿਰਲਾ ਪੁਰਸ਼ ਹੈ ਜਿਸਦੇ ਅੰਦਰ ਇਹ ਸੋਝੀ ਪੈਦਾ ਹੁੰਦੀ ਹੈ, ਜਿਸਨੂੰ ਇਹ ਲਗਨ ਲਗਦੀ ਹੈ ਕਿ ਹੁਣ ਮਨੁੱਖ ਬਣ ਗਏ, ਹੁਣ ਨਾ ਸਮਾਂ ਲੰਘ ਜਾਵੇ। ਕਿਉਂਕਿ ਹੁਣ-

*ਭਈ ਪਰਾਪਤਿ ਮਾਨੁਖ ਦੇਹੁਰੀਆ ॥*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥* *ਅੰਗ- 12*

ਸੋਝੀ ਆ ਗਈ ਕਿ ਮਨੁੱਖ ਦਾ ਜਾਮਾ ਮਿਲਿਆ ਹੈ, ਹੁਣ ਲੰਘ ਚੱਲੀਏ, ਹੁਣ ਝਾਤੀ ਮਾਰ ਕੇ ਆਪਣੇ, ਕਿਸੇ ਦੀ ਉਮਰ ਵੀਹ ਸਾਲ ਦੀ ਹੋ ਗਈ, ਕਿਸੇ ਦੀ ਤੀਹ ਦੀ, ਚਾਲੀ ਦੀ, ਕਿਸੇ ਦੀ ਪੰਜਾਹ, ਸੱਠ, ਕੋਈ ਸੱਤਰ ਦਾ ਹੋ ਗਿਆ; ਤੇ ਇੱਕ ਬਾਂਹ ਮੌਤ ਨੇ ਫੜੀ ਹੋਈ ਹੈ ਤੇ ਇੱਕ ਦੁਨੀਆਂ ਨਾਲ ਫੜਾਈ ਹੋਈ ਹੈ। ਦੋਹਾਂ ਦੇ ਵਿਚਾਲੇ ਕਸ਼ਮਕਸ਼ ਹੋ ਰਹੀ ਹੈ। ਹੋਰ ਜੀਉਣ ਦੀ ਬਾਤ ਕਰਦਾ ਹੈ। ਉਹ ਗੱਲ ਤਾਂ ਨਹੀਂ ਨਾ ਹੋਈ ਕਿ ਮੈਂ ਭਵਜਲ ਕੱਟ ਲਿਆ, ਤਰ ਗਿਆ। ਉਹ ਬਾਤ ਅਜੇ ਤੱਕ ਨਹੀਂ ਪ੍ਰਾਪਤ ਹੋਈ। ਜਨਮ ਲੰਘ ਗਿਆ ਤੇ ਇੱਥੋਂ ਪਛਤਾਉਂਦਾ ਜਾਂਦਾ ਹੈ। ਹੁਣ ਅੰਨ੍ਹਿਆਂ! ਹੁਣ ਤੇਰੇ ਰੋਣ ਦਾ ਕੀ ਫਾਇਦਾ ਹੈ, ਸਮਾਂ ਲੰਘਾ ਦਿੱਤਾ ਤੂੰ ਸਾਰੀ ਜ਼ਿੰਦਗੀ ਤੇਰੀ ਲੰਘ ਗਈ ਹੁਣ ਤੂੰ ਦਸ, ਜਿਹੜੇ ਬੱਚਿਆਂ ਵਾਸਤੇ ਤੂੰ ਨੱਠਿਆ ਫਿਰਦਾ ਸੀ, ਤੇਰੇ ਆਖੇ ਲਗਦੇ ਨੇ? ਤੇਰੀ ਕੋਈ ਇੱਜ਼ਤ ਕਰਦਾ ਹੈ? ਜੇ ਤੂੰ ਬਿਮਾਰ ਹੋ ਜਾਏਂ, ਤੈਨੂੰ ਕੋਈ ਦਵਾਈ ਦੇਣਗੇ। ਤੇਰੇ ਨਾਲ ਪਿਆਰ ਕਰਨਗੇ? ਜੋ ਤੂੰ ਇਨ੍ਹਾਂ ਨਾਲ ਪਿਆਰ ਕਰਦਾ ਸੀ ਉਸ ਤੋਂ ਸੌ ਗੁਣਾਂ ਘੱਟ ਵੀ ਪਿਆਰ ਨਹੀਂ ਇਨ੍ਹਾਂ ਨੇ ਕਰਨਾ। ਪਛਤਾਉਂਦਾ ਹੋਇਆ ਸੰਸਾਰ ਤੋਂ ਜਾਏਂਗਾ ਕਿਉਂਕਿ ਘਾਟੇ ਦਾ ਸੌਦਾ, ਮਾੜਾ ਸੌਦਾ ਸੰਸਾਰ ਤੋਂ ਕਰਕੇ ਜਾ ਰਿਹਾ ਹੈਂ। ਕੋਈ ਵਿਰਲਾ ਪੁਰਸ਼ ਹੈ ਜਿਹਨੂੰ ਇਹ ਸੱਟ ਲਗਦੀ ਹੈ ਤੇ ਫੇਰ ਉਹ ਲੱਕ ਬੰਨ੍ਹਦਾ ਹੈ ਕਿ ਮੈਂ ਲੰਘਣਾ ਹੀ ਲੰਘਣਾ ਹੈ।

ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੇ ਪਾਸ ਇਸੇ ਤਰ੍ਹਾਂ ਦੀ ਚੋਟ ਖਾਧੀ ਹੋਈ, ਦਿਲ ਦੇ ਵਿਚ ਪੂਰੀ ਲਗਨ ਵਾਲਾ ਇੱਕ ਗੁਰਸਿੱਖ ਆਉਂਦਾ ਹੈ। ਉਹ ਗੁਰਸਿੱਖ ਆ ਕੇ ਮਹਾਰਾਜ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਦਾ ਹੈ। ਸੰਗਤ ਦੇ ਵਿੱਚ ਬੈਠ ਕੇ ਬਚਨ ਸਰਵਣ ਕਰਦਾ ਹੈ। ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਸੁਣਾ ਰਹੇ ਨੇ ਤੇ ਜਦੋਂ ਮੌਕਾ ਮਿਲਿਆ, ਇਕੱਲਾ ਹੋਇਆ ਤਾਂ ਗਲ 'ਚ ਪੱਲਾ ਪਾਇਆ ਤਾਂ ਗੁਰੂ ਮਹਾਰਾਜ ਦੇ ਸਾਮ੍ਹਣੇ ਦੋਵੇਂ ਹੱਥ ਜੋੜ ਕੇ ਖੜੇ ਹੋ ਕੇ ਮਹਾਰਾਜ ਜੀ ਦਾ ਹੁਕਮ ਉਡੀਕਦਾ ਹੈ, ਮਹਾਰਾਜ ਜੀ ਨੇ ਕਿਹਾ ਗੁਰਸਿੱਖਾ! ਕੀ ਗੱਲ ਹੈ? ਨੇਤਰਾਂ 'ਚ ਜਲ ਆ ਗਿਆ। ਥੋੜ੍ਹੀ ਦੇਰ ਵਾਸਤੇ ਬੋਲਣਾ ਰੁੱਕ ਗਿਆ। ਮਹਾਰਾਜ ਜੀ ਨੇ ਦੇਖ ਲਿਆ ਕਿ ਕੋਈ ਸੱਟ ਖਾਧਾ ਹੋਇਆ ਬੰਦਾ ਆਇਆ ਹੈ, ਜਿਹਦੇ ਚੋਟ ਪਈ ਹੈ ਸ਼ਬਦ ਦੀ। ਥੋੜ੍ਹਾਂ ਇੰਤਜ਼ਾਰ ਕਰਿਆ ਤੇ ਉਸ ਤੋਂ ਬਾਅਦ ਬੋਲਿਆ ਕਿ ਪਾਤਸ਼ਾਹ! ਬਹੁਤ ਡਰ ਲਗਦਾ ਹੈ ਜੰਮਣ ਮਰਨ ਤੋਂ, ਇਸ ਦੇ ਵਾਸਤੇ ਬਹੁਤ ਥਾਵਾਂ 'ਤੇ ਸਾਧੂਆਂ ਦੀ ਸੰਗਤ ਕੀਤੀ ਹੈ ਤੇ ਬੜੇ ਥਾਵਾਂ 'ਤੇ ਮੈਂ ਬੇਨਤੀ ਕੀਤੀ ਹੈ ਕਿ ਮੈਂ ਕਿਸ ਤਰੀਕੇ ਦੇ ਨਾਲ ਭਵਜਲ ਪਾਰ ਕਰ ਸਕਦਾ ਹਾਂ? ਕਈਆਂ ਨੇ ਤਾਂ ਇਹ ਕਿਹਾ ਹੈ ਕਿ ਘਰ-ਬਾਰ ਛੱਡ ਦੇ, ਬਾਲ-ਬੱਚੇ ਛੱਡ ਦੇ, ਜਿੰਨੀ ਤੇਰੀ ਜਾਇਦਾਦ ਹੈ ਦਾਨ ਕਰ ਦੇ, ਕੱਪੜੇ ਲਾਹ ਦੇ ਸੁਆਹ ਮਲ ਲੈ ਤੇ ਪਰਬਤਾਂ ਦੇ ਵਿੱਚ ਜਾ ਕੇ ਬਹਿ ਜਾ। ਸੰਸਾਰ ਦੀਆਂ

ਜ਼ਿੰਮੇਵਾਰੀਆਂ ਛੱਡ ਦੇ। ਪਾਤਸ਼ਾਹ! ਕਿਸੇ ਨੇ ਕਿਹਾ ਕਿ ਕੰਨਾਂ ਦੇ ਵਿਚ ਮੁੰਦਰਾਂ ਪਾ ਲੈ, ਅਲਖ ਨਿਰੰਜਨ ਬੋਲਣਾ ਸ਼ੁਰੂ ਕਰ ਦੇ। ਤਿਆਗ ਦੇ ਸਾਰਿਆਂ ਨੂੰ ਜਿਨ੍ਹਾਂ ਨਾਲ ਤੇਰਾ ਮੋਹ ਹੈ। ਕੋਈ ਕਹਿੰਦਾ ਹੈ ਭਗਵੇਂ ਕੱਪੜੇ ਪਹਿਨ ਲੈ ਤੇ ਕਿਸੇ ਗੁਫਾ 'ਚ ਜਾ ਕੇ ਬੈਠ ਜਾ। ਕੋਈ ਕਹਿੰਦਾ ਹੈ ਚੁੱਪ ਹੋ ਜਾ, ਕੋਈ ਕਹਿੰਦਾ ਹੈ ਧੂਣੀਆਂ ਤਾਪਣੀਆਂ ਸ਼ੁਰੂ ਕਰ ਦੇ। ਕੋਈ ਕਹਿੰਦਾ ਹੈ ਤੂੰ ਜਲ-ਧਾਰੇ ਕਰਨੇ ਸ਼ੁਰੂ ਕਰ ਦੇ। ਪਾਤਸ਼ਾਹ! ਰਸਤਾ ਮਨ ਵਿਚ ਜੱਚਦਾ ਨਹੀਂ ਹੈ। ਪਰਿਵਾਰ ਨੂੰ ਛੱਡਣਾ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਮੈਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਜਵਾਬ ਦੇ ਰਿਹਾ ਹਾਂ ਤੇ ਆਪ ਦੀ ਮਹਿਮਾ ਸੁਣੀ ਹੈ ਤੇ ਆਪ ਦਾ ਜੋ ਪੰਥ ਹੈ ਉਹ ਗ੍ਰਿਹਸਤ ਉਦਾਸ ਹੈ, ਗ੍ਰਿਹਸਤ 'ਚ ਰਹਿੰਦਾ ਹੋਇਆ ਫੇਰ ਸਾਧੂਆਂ ਵਾਂਗਣ ਵਰਤਦਾ ਹੈ। ਮੈਂ ਆਪ ਦੀ ਸ਼ਰਨ ਆਇਆ ਹਾਂ, ਆਪ ਕ੍ਰਿਪਾ ਕਰੋ, ਤੇ ਮੇਰੇ ਮਨ ਵਿਚ ਜੋ ਕਲੇਸ਼ ਪੈਦਾ ਹੋਏ ਨੇ, ਜੋ ਜੰਮਣ ਤੇ ਮਰਨ ਦਾ ਡਰ ਪੈਦਾ ਹੋਇਆ-ਹੋਇਆ ਹੈ, ਕ੍ਰਿਪਾ ਕਰਕੇ ਉਸਨੂੰ ਕੱਟਣ ਦਾ ਕੋਈ ਯਤਨ ਦੱਸੋ। ਮਹਾਰਾਜ ਨੇ ਦੇਖਿਆ ਕਿ ਪੂਰਨ ਜਗਿਆਸੂ ਹੈ, ਸੋਝੀ ਵਾਲਾ ਜਗਿਆਸੂ ਹੈ, ਕਿਸੇ ਦੇ ਲਾਰੇ ਵਿਚ ਲੱਗਣ ਵਾਲਾ ਜਗਿਆਸੂ ਨਹੀਂ ਹੈ। ਸਮਝ ਸੋਚ ਕੇ ਆਇਆ ਹੋਇਆ ਬੰਦਾ ਹੈ, ਉਤਮ ਜਗਿਆਸੂ ਹੈ। ਉਤਮ ਜਗਿਆਸੂ ਸਮਝ ਕੇ ਮਹਾਰਾਜ ਬੜੇ ਹੀ ਪ੍ਰਸੰਨ ਹੋਏ, ਕਹਿਣ ਲੱਗੇ, ਗੁਰਮੁਖਾ! ਬਹਿ ਜਾ।

ਨਾਉਂ ਕੀ ਹੈ?

ਕਹਿੰਦਾ ਮਹਾਰਾਜ! ਮੇਰਾ ਨਾਉਂ ਮੱਲੂ ਸ਼ਾਹੀ ਹੈ।

ਕੰਮ ਕੀ ਕਰਦਾ ਹੈਂ?

ਕਹਿੰਦਾ, ਮਹਾਰਾਜ! ਮੈਂ ਫੌਜ ਵਿੱਚ ਨੌਕਰੀ ਕਰਦਾ ਹਾਂ। ਛੋਟੀ-ਮੋਟੀ ਮੇਰੀ ਕੋਲ ਅਫਸਰੀ ਹੈ, ਫੌਜ ਦੀ, ਜ਼ਿੰਮੇਵਾਰੀ ਹੈ ਤੇ ਮੈਂ ਇੱਕ ਫੌਜੀ ਦਾ ਜੀਵਨ ਬਤੀਤ ਕਰਦਾ ਹੈ। ਮਹਾਰਾਜ ਕਹਿੰਦੇ, ਬਹੁਤ ਚੰਗਾ ਜੀਵਨ ਹੈ ਤੇਰਾ, ਕਿਉਂਕਿ ਸੰਸਾਰ ਦੇ ਅੰਦਰ ਥੋੜ੍ਹੀਆਂ ਜਿਹੀਆਂ ਕਿਰਤਾਂ ਐਸੀਆਂ ਨੇ ਜਿਹਦੇ 'ਚ ਆਦਮੀ ਬੇ-ਦਾਗ ਰਹਿ ਸਕਦਾ ਹੈ, ਜੇ ਉਹ ਕਿਰਤ ਕਰਨ ਦੀ ਜਾਂਚ ਜਾਣਦਾ ਹੋਵੇ। ਕਹਿਣ ਲੱਗੇ, ਠੀਕ ਹੈ ਤੇਰੀ ਜੋ ਕਿਰਤ ਹੈ, ਇਹਦੇ ਵਿੱਚ ਬੇਈਮਾਨੀ ਦੀ ਅੰਸ ਰਲਣ ਦਾ ਬਹੁਤ ਥੋੜ੍ਹਾ ਮੌਕਾ ਹੈ ਤੇ ਲਗਨ ਵੀ ਤੈਨੂੰ ਲੱਗੀ ਹੋਈ ਹੈ। ਠੀਕ ਹੈ ਹੁਣ, ਐਉਂ ਕਰੀਂ ਅਸੀਂ ਬਚਨ ਕਰਾਂਗੇ, ਤੂੰ ਸਮਝਦਾ ਚਲਿਆ ਜਾਈਂ। ਸਮਝ ਕੇ ਹਿਰਦੇ 'ਚ ਧਾਰਨ ਕਰ ਲਈਂ ਤੇ ਇਹਦੇ ਨਾਲ ਤੇਰੀ ਕਲਿਆਣ ਹੋ ਜਾਏਗੀ।

ਸਾਧਸੰਗਤ ਜੀ! ਜੇ ਅਸੀਂ ਵੀ ਇਸ ਤਰ੍ਹਾਂ ਦੇ ਨਾਲ ਸਮਝੀਏ, ਜੇ ਉਸ ਦੀ ਕਲਿਆਣ ਹੋ ਸਕਦੀ ਹੈ, ਸਾਡੀ ਵੀ ਕਲਿਆਣ ਹੋ ਸਕਦੀ ਹੈ, ਜੇ ਸਾਡੇ ਮਨ 'ਚ ਇਹ ਜਜ਼ਬਾ ਪੈਦਾ ਹੋ ਜਾਵੇ ਕਿ ਜੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਭਾਈ ਮੱਲੂ ਸ਼ਾਹੀ ਨੂੰ ਇੱਕ ਫੌਜੀ ਨੂੰ ਬਚਨ ਕਹਿ ਕੇ ਪਾਰ ਕੀਤਾ ਕਿ ਉਹ ਬਚਨ ਅਸੀਂ ਵੀ ਕਮਾ ਲਈਏ ਤਾਂ ਸਾਡਾ ਵੀ ਉਧਾਰ ਹੋ ਸਕਦਾ ਹੈ। ਸੋ ਮਹਾਰਾਜ ਕਹਿਣ ਲੱਗੇ, ਭਾਈ ਮੱਲੂ ਸ਼ਾਹੀ! ਗੁਰਮੁਖਾ! ਹਰ ਬੰਦੇ ਦੇ ਅੰਦਰ ਬੇਚੈਨੀ ਚੱਲ ਰਹੀ ਹੈ। ਇੱਕ

ਸਿਰਫ ਨਾਮ ਜਪਣ ਵਾਲਾ ਬੰਦਾ ਹੈ ਜਿਸਦਾ ਮਨ ਜਿਹੜਾ ਹੈ ਪ੍ਰਸੰਨ ਰਹਿੰਦਾ ਹੈ, ਕਿਉਂਕਿ ਉਹਦਾ ਹਿਰਦਾ ਕੌਲ ਖਿੜ ਗਿਆ, ਉਹਦਾ ਮੂੰਹ ਉਪਰ ਨੂੰ ਹੋ ਗਿਆ ਤੇ ਉਹਦੀ vibration ਦੇ ਨਾਲ ਉਹਨੂੰ ਸਦਾ ਹੀ ਖੇੜਾ ਰਹਿੰਦਾ ਹੈ, ਉਹ ਉਦਾਸੀ 'ਚ ਨਹੀਂ ਆਉਂਦਾ। ਉਹ ਝੋਰਿਆਂ ਦੀ ਜ਼ਿੰਦਗੀ ਬਤੀਤ ਨਹੀਂ ਕਰਦਾ। ਉਹ frustration ਦੀ ਜ਼ਿੰਦਗੀ 'ਚ ਨਹੀਂ ਆਉਂਦਾ। ਉਹਦਾ ਮਨ ਖਿੜਿਆ ਰਹਿੰਦਾ ਹੈ -

***ਨਾਨਕ ਭਗਤਾ ਸਦਾ ਵਿਗਾਸੁ ॥ ਅੰਗ - 2***

ਸਦਾ ਖੇੜਾ ਉਨ੍ਹਾਂ ਦੇ ਚਿੱਤ ਵਿੱਚ ਹੁੰਦਾ ਹੈ ਜਿਹੜੇ ਗੁਰੂ ਦੇ ਨਾਲ ਜੁੜੇ ਹੋਏ, ਵਾਹਿਗੁਰੂ ਦੇ ਨਾਲ ਜੁੜੇ ਹੋਏ ਭਗਤੀ ਕਰਦੇ ਨੇ।

***ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - 2***

ਕਹਿਣ ਲੱਗੇ, ਕਲੇਸ਼ਾਂ ਨੂੰ ਸਮਝ ਪਹਿਲਾਂ, ਸੰਸਾਰ ਦੇ ਅੰਦਰ ਬੜੇ ਕਲੇਸ਼ ਨੇ, ਜੇ ਉਨ੍ਹਾਂ ਨੂੰ ਸਮਝ ਕੇ ਆਪਾਂ ਚੱਲੀਏ ਤਾਂ ਇੱਥੇ ਵੀ ਮੁਖ ਉਜਲਾ ਹੁੰਦਾ ਹੈ, ਦਰਗਾਹ ਵਿੱਚ ਵੀ ਜਾ ਕੇ ਮੁਖ ਉਜਲਾ ਹੁੰਦਾ ਹੈ। ਕਲੇਸ਼ ਇਹ ਨੇ ਕਿ ਇਹ ਮਨ ਦੇ ਅੰਦਰ ਇੱਕ ਹਨ੍ਹੇਰਾ ਛਾਇਆ ਹੋਇਆ ਹੈ। ਚਾਨਣਾ ਨਹੀਂ ਹੈ, ਪ੍ਰਕਾਸ਼ ਨਹੀਂ ਹੈ। ਇਹਦੇ ਅੰਦਰ ਜਿਵੇਂ ਬਾਹਰਲੀਆਂ ਅੱਖਾਂ ਨੇ ਜਿਨ੍ਹਾਂ ਨਾਲ ਸੰਸਾਰ ਨੂੰ ਦੇਖਦਾ ਹੈ ਇਵੇਂ ਜਿਵੇਂ ਇੱਕ ਅੱਖਾਂ ਅੰਦਰ ਨੇ ਜਿਨ੍ਹਾਂ ਨੂੰ ਦਿੱਬਯ ਨੇਤਰ ਕਹਿੰਦੇ ਨੇ, ਜਿਹੋ ਜਿਹੇ ਕੰਨ ਇਸਦੇ ਬਾਹਰ ਨੇ ਇਹੋ ਜਿਹੇ ਕੰਨ ਇਹਦੇ ਅੰਦਰ ਨੇ ਜਿਹਨੂੰ ਦਿੱਬਯ ਸਰਵਣ ਕਹਿੰਦੇ ਨੇ। ਜਿਸ ਤਰ੍ਹਾਂ ਦੀ ਜ਼ੁਬਾਨ ਰਸ ਮਾਣਦੀ ਹੈ ਬਾਹਰਲੀਆਂ ਚੀਜ਼ਾਂ ਦਾ, ਇਸ ਤਰ੍ਹਾਂ ਦੇ ਨਾਲ ਇਹਦੇ ਅੰਦਰ ਦਿੱਬਯ ਰਸਨਾ ਹੈ, ਜਦੋਂ ਦਿੱਬਯ ਰਸਨਾ ਪ੍ਰਗਟ ਹੋ ਜਾਵੇ ਤੇ ਇਹਦਾ ਬਚਨ ਵੀ ਸਤਿ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਨਾਲ ਜੋ ਦਿੱਬਯ ਰਸ ਨੇ, ਨਾਮ ਦੇ ਰਸ ਉਨ੍ਹਾਂ ਨੂੰ ਮਾਨਣ ਦੀ ਇਹਦੇ ਵਿਚ ਸਮਰੱਥਾ ਆ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਪ੍ਰੇਮੀਆਂ ਜਿਸ ਤਰ੍ਹਾਂ ਬਾਹਰਲੀ ਨਾਸਿਕਾ ਸੁਗੰਧੀ ਲੈਂਦੀ ਹੈ, ਦੁਰਗੰਧੀ ਮਹਿਸੂਸ ਹੁੰਦੀ ਹੈ, ਇਸੇ ਤਰ੍ਹਾਂ ਅੰਦਰ ਵੀ ਇਸ ਦੇ ਇੱਕ ਦਿਬਯ ਨਾਸਿਕਾ ਹੈ। ਜਿਸਦੇ ਅੰਦਰ ਸੁਗੰਧੀ ਹਰ ਵਕਤ ਕਾਇਮ ਰਹਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਇਸਦੇ ਬਾਹਰ ਸਪਰਸ਼ ਕਰਨ ਦੀਆਂ ਇੰਦ੍ਰੀਆਂ ਨੇ, ਇਸੇ ਤਰ੍ਹਾਂ ਦੇ ਨਾਲ ਇਸ ਦੇ ਅੰਦਰ ਦਿੱਬਯ ਸਪਰਸ਼ ਹੈ। ਉਹ ਦਿੱਬਯ ਸਪਰਸ਼ ਜਦੋਂ ਪੈਦਾ ਹੋ ਜਾਵੇ ਤਾਂ ਇਹਨੂੰ ਐਨਾ ਅਨੰਦ ਆਉਂਦਾ ਹੈ ਕਿ ਬਾਹਰਲੇ ਕਿਸੇ ਅਨੰਦ ਦੀ ਇਸਨੂੰ ਅਵੱਸ਼ਕਤਾ ਨਹੀਂ ਰਹਿੰਦੀ। ਇਹ ਲੁੱਕੀਆਂ ਹੋਈਆਂ ਕਿਉਂ ਨੇ, ਇਹ ਪ੍ਰਗਟ ਕਿਉਂ ਨਹੀਂ ਹੁੰਦੀਆਂ ਕਿਉਂਕਿ ਆਦਮੀ ਦੇ ਅੰਦਰ ਕੁਛ ਪੜਦੇ ਪੈ ਗਏ, ਕੁਛ ਦੋਸ਼ ਲਗ ਗਏ, ਕੁਛ ਹਨ੍ਹੇਰੇ ਛਾ ਗਏ, ਅੱਖਾਂ ਕੰਨ, ਨਾਸਿਕਾ ਇਹ ਬੰਦ ਹੋ ਗਈਆਂ। ਇਹ ਪ੍ਰਗਟ ਨਹੀਂ ਹੋ ਰਹੀਆਂ, silent ਹੋ ਗਈਆਂ, ਕਿਉਂਕਿ ਇਨ੍ਹਾਂ ਤੋਂ ਕੰਮ ਨਹੀਂ ਲਿਆ, ਨਾ ਲੈਣ ਕਰਕੇ ਇਹ ਪ੍ਰਗਟ ਨਹੀਂ ਹੋਈਆਂ ਤੇ ਨਾ ਮਨੁੱਖ ਨੂੰ ਕਦੇ ਰੁਚੀ ਜਾਗਦੀ ਹੈ ਕਿ ਮੈਂ ਦੇਖਾ ਤਾਂ ਸਹੀ ਕਿ ਅੰਦਰਲੀ ਅੱਖ ਨਾਲ ਕੀ ਦਿਸਦਾ ਹੈ। ਮਹਾਰਾਜ ਕਹਿੰਦੇ, ਅੰਦਰਲੀ ਅੱਖ ਨਾਲ ਤੈਨੂੰ ਵਾਹਿਗੁਰੂ ਦਿੱਸਣ ਲੱਗ

ਜਾਏਗਾ। ਜਿਹਦਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ ਉਹਨੂੰ ਦੇਖਣ ਦੀ ਤਾਕਤ ਉਹਦੇ ਵਿੱਚ ਹੈ, ਇਨ੍ਹਾਂ ਅੱਖਾਂ 'ਚ ਨਹੀਂ ਹੈ, ਇਹ ਅੱਖਾਂ ਨਹੀਂ ਦੇਖ ਸਕਦੀਆਂ।

***ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥***

***ਅੰਗ - 577***

ਜਦੋਂ ਤੇਰੇ ਅੰਦਰਲੇ ਦਿੱਬਯ ਸਰਵਣ ਪ੍ਰਗਟ ਹੋ ਜਾਣੇ ਨੇ, ਤਾਂ ਲਗਾਤਾਰ ਇੱਕ ਨਾਦ ਹੋ ਰਿਹਾ ਹੈ ਤੇਰੇ ਅੰਦਰ –

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***

***ਅੰਗ - 1291***

cosmic music ਹੋ ਰਿਹਾ ਹੈ। ਉਹ ਤੈਨੂੰ ਹਰ ਵਕਤ ਸੁਣਾਈ ਦੇਣ ਲਗ ਜਾਏਗਾ ਤੇ ਉਹਦਾ ਪ੍ਰਮ ਅਨੰਦ ਐਨਾ ਹੋ ਜਾਏਗਾ, ਤੂੰ ਹੈਰਾਨ ਹੋ ਜਾਏਂਗਾ ਕਿ ਆਹ ਰਾਗ ਤਾਂ ਕਦੇ ਮੈਂ ਸੁਣੇ ਨਹੀਂ, ਆਹ ਕੀਰਤਨ ਤਾਂ ਮੈਂ ਸੁਣਿਆ ਨਹੀਂ। ਆਹ ਸਾਜ਼ ਤਾਂ ਮੈਨੂੰ ਪਤਾ ਹੀ ਨਹੀਂ ਹੈ ਕਿੱਥੋਂ ਵੱਜ ਰਹੇ ਨੇ। ਤੂੰ ਆਪੇ ਹੀ ਅਨੰਦਿਤ ਹੋਵੇਂਗਾ ਉਨ੍ਹਾਂ ਨਾਲ। ਜਦੋਂ ਦਿਬਯ ਨਾਸਿਕਾ ਪ੍ਰਗਟ ਹੋ ਜਾਏਗੀ। ਸੁਗੰਧੀਆ ਹੀ ਸੁਗੰਧੀਆਂ ਫੈਲ ਜਾਣਗੀਆਂ। ਜਦੋਂ ਦਿੱਬਯ ਸਪਰਸ਼ ਪ੍ਰਗਟ ਹੋਈ ਤੇਰੇ ਅੰਦਰ ਖੇੜਾ ਹੀ ਖੇੜਾ ਲਹਿਰਾਂ ਚੱਲਣਗੀਆਂ, ਝਰਨਾਟਾਂ ਚੱਲਣਗੀਆਂ, ਵਿਸਮਾਦ 'ਚ ਤੇਰੀ ਬਿਰਤੀ ਪਹੁੰਚ ਜਾਏਗੀ ਤੇ ਮੂੰਹ 'ਚੋਂ ਕੀ ਨਿਕਲੇਗਾ? ਵਾਹੁ-ਵਾਹੁ-ਵਾਹਿਗੁਰੂ, ਵਾਹਿਗੁਰੂ, ਲਗਾਤਾਰ ਨਿਕਲਦਾ ਚਲਿਆ ਜਾਏਗਾ ਕਿਉਂਕਿ ਇਹਦਾ ਪ੍ਰਗਟਾਵਾ ਹੀ ਇਹ ਹੈ।

***ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥***

***ਅੰਗ - 514***

ਇਸ ਸੱਚ ਦੀ ਬਾਣੀ ਪ੍ਰਗਟ ਹੋ ਜਾਏਗੀ ਤੇ ਜਿਵੇਂ ਚਸ਼ਮਾ ਚਲਦਾ ਹੈ ਇਸ ਤਰ੍ਹਾਂ ਨਾਮ ਦਾ ਫੁਹਾਰਾ ਤੇਰੇ ਅੰਦਰੋਂ ਚਲਣਾ ਸ਼ੁਰੂ ਹੋ ਜਾਏਗਾ। ਇਨ੍ਹਾਂ ਨੂੰ ਕੁਛ ਚੀਜ਼ਾਂ ਰੋਕੀਂ ਬੈਠੀਆਂ ਨੇ, ਉਨ੍ਹਾਂ ਨੂੰ ਸਮਝਣ ਦਾ ਯਤਨ ਕਰ।

ਪਹਿਲੀ ਚੀਜ਼ ਹੈ ਅਸਲੀ ਚੀਜ਼ ਨੂੰ ਨਕਲੀ ਕਰਕੇ ਜਾਨਣਾ, ਚੀਜ਼ ਹੋਰ ਹੈ ਤੇ ਦੇਖ ਰਹੇ ਹਾਂ ਅਸੀਂ ਹੋਰ। ਹਨ੍ਹੇਰੇ ਦੇ ਵਿਚ ਰੱਸੀ ਪਈ ਹੈ, ਪਈ ਰੱਸੀ ਹੈ ਲੇਕਿਨ ਅਸੀਂ ਹਨ੍ਹੇਰਾ ਕਰਕੇ ਦੇਖ ਕੀ ਰਹੇ ਹਾਂ ਕਿ ਸੱਪ ਪਿਆ ਹੈ, ਸੱਪ ਨੂੰ ਦੇਖ ਕੇ ਅਸੀਂ ਡਰ ਰਹੇ ਹਾਂ। ਜਿੰਨਾਂ ਚਿਰ ਚਾਨਣਾ ਨਹੀਂ ਹੁੰਦਾ ਸਾਡਾ ਭਰਮ ਨਹੀਂ ਹਟਦਾ। ਭਰਮ ਨਾ ਹਟਣ ਕਰਕੇ ਅਸੀਂ ਕੰਬ ਰਹੇ ਹਾਂ ਕਿ ਸੱਪ ਪਿਆ ਹੈ, ਮੈਂ ਲੰਘਣਾ ਸੀ ਲੰਘ ਨਹੀਂ ਸਕਦਾ, ਕਿਉਂਕਿ ਸੱਪ ਮੇਰੇ ਰਸਤੇ 'ਚ ਪਿਆ ਹੈ। ਜਦੋਂ ਪ੍ਰਕਾਸ਼ ਹੋ ਗਿਆ ਉਸ ਵੇਲੇ ਪਤਾ ਲੱਗੇਗਾ ਕਿ ਇਹ ਤਾਂ ਰੱਸੀ ਸੀ। ਅਸਲੀਅਤ ਨੂੰ ਨਕਲੀ ਰੂਪ ਵਿੱਚ ਦੇਖਣਾ, ਕਹਿੰਦੇ ਇਹ ਇੱਕ ਵੱਡਾ ਭਾਰਾ ਦੋਸ਼ ਹੈ ਜਿਹੜਾ ਤੇਰੀ ਸੁਰਤੀ ਨੂੰ ਹੋਇਆ ਹੋਇਆ ਹੈ। ਜਿਹੜੀ ਤੇਰੇ ਅੰਦਰ ਸੁਰਤ ਹੈ ਉਹਨੂੰ ਇਹ ਦੋਸ਼ ਲਗ ਗਿਆ। ਇਹਦਾ ਨਾਉਂ ਕੁਛ ਰੱਖ ਲਓ, ਅਵਿਦਿਆ

ਰੱਖ ਲਓ, ignorance ਰੱਖ ਲਓ, ਭੁੱਲ ਰੱਖ ਲਓ, ਮਾਇਆ ਰੱਖ ਲਓ; ਕਹਿੰਦੇ ਗੱਲ ਆਹ ਹੈ ਸਾਰੀ ਤੇ ਇਹਨੂੰ ਅਵਿਦਿਆ ਕਹਿ ਲਓ। ਦੂਸਰਾ ਹੋਇਆ ਕਰਦਾ ਹੈ ਬਿਰਤੀ –

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥***

***ਅੰਗ – 876***

ਕਦੇ ਤਾਂ ਖੁਸ਼ੀਆਂ ਹੁੰਦੀਆਂ ਨੇ ਸਵੇਰੇ-ਸਵੇਰੇ, ਫੇਰ ਮੁੜ ਕੇ ਨਰਾਜ਼ੀ 'ਚ ਆ ਜਾਂਦਾ ਹੈ, ਫਿਕਰ 'ਚ ਆ ਜਾਂਦਾ ਹੈ, ਢਹਿੰਦੀ ਕਲਾ 'ਚ ਆ ਜਾਂਦਾ ਹੈ, ਕਦੇ ਛਾਲਾਂ ਮਾਰਦਾ ਫਿਰਦਾ ਹੈ। ਕਹਿੰਦੇ ਇਹ ਬਿਰਤੀ ਜਿਹੜੀ ਹੈ ਸਮ ਨਾ ਰਹਿਣ ਕਰਕੇ, ਇਹਦੇ ਅੰਦਰ ਬੜਾ ਭਾਰੀ ਦੋਸ਼ ਪੈਦਾ ਹੋ ਜਾਂਦਾ ਹੈ ਤੇ ਇਸ ਦੋਸ਼ ਦਾ ਨਾਉਂ 'ਅਸਿਮਿਤਾ' ਹੈ। ਇਹ ਆਦਮੀ ਦੀ ਬਿਰਤੀ ਸਮ ਨਹੀਂ ਰਹਿਣ ਦਿੰਦੀ, ਸਦਾ ਖੁਸ਼ ਨਹੀਂ ਰਹਿਣ ਦਿੰਦੀ।

ਤੀਸਰਾ ਜੋ ਜ਼ਬਰਦਸਤ ਦੋਸ਼ ਲੱਗਿਆ ਹੋਇਆ ਹੈ ਉਹ ਨਿਸ਼ਚੇ ਦੇ ਘਰ, ਜਿੱਥੇ ਵਿਸ਼ਵਾਸ਼ ਦਾ ਘਰ ਹੈ ਉਥੇ ਉਹ ਘੇਰੀਂ ਬੈਠਾ ਹੈ ਉਸ ਘਰ ਨੂੰ। ਸ਼ਰਧਾ ਨੂੰ, ਵਿਸ਼ਵਾਸ਼ ਨੂੰ, ਭਰੋਸੇ ਨੂੰ, ਉਹ ਇਹ ਹੈ ਕਿ ਜੋ ਮਹਾਂਪੁਰਸ਼ਾਂ ਦੇ ਬਚਨ ਹੁੰਦੇ ਨੇ ਉਹ ਅਨੁਭਵ ਦੇ ਉਤੇ ਪਰਖ-ਪਰਖ ਕੇ, ਸੰਸਾਰ ਦੇ ਭਲੇ ਵਾਸਤੇ ਉਚਾਰਨ ਕੀਤੇ ਹੁੰਦੇ ਨੇ ਤੇ ਉਹ ਬਚਨ ਉਨ੍ਹਾਂ ਦੇ ਆਪਣੇ ਨਹੀਂ ਹੁੰਦੇ, ਧੁਰ ਦਰਗਾਹ ਤੋਂ ਆਏ ਹੁੰਦੇ ਨੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ –

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ – 722***

ਵੇਦ ਬਾਣੀ ਹੈ, ਕੁਰਾਨ ਸ਼ਰੀਫ ਦੀਆਂ ਆਇਤਾਂ ਉਤਰੀਆਂ ਨੇ, ਬਾਈਬਲ ਹੈ; ਉਥੇ ਇਹੀ ਕਹਿੰਦੇ ਨੇ ਕਿ ਮੈਨੂੰ ਇਹ ਗੱਲ ਕਹੀ ਗਈ ਹੈ ਤੁਹਾਨੂੰ ਮੈਂ ਇਹ ਗੱਲ ਦੱਸਾਂ। ਅੱਜ ਮੈਨੂੰ ਉਤੋਂ ਆਇਆ ਹੈ, ਮੂਸਾ ਕਹਿੰਦਾ ਹੈ ਕਿ ਜਦੋਂ ਮੈਂ ਪਹਾੜ 'ਤੇ ਗਿਆ ਤਾਂ ਉਥੇ ਆਹ ਗੱਲਾਂ ਲਿਖੀਆਂ ਹੋਈਆਂ ਸੀ। ਇਹ ਮੈਨੂੰ ਹੁਕਮ ਹੋਇਆ ਕਿ ਮੈਂ ਤੁਹਾਨੂੰ ਆ ਕੇ ਦੱਸਾਂ। 10 commandments ਜਿੱਥੋਂ ਬਣੀਆਂ ਨੇ, ਉਨ੍ਹਾਂ ਦੇ ਧਰਮ ਦੇ ਗ੍ਰੰਥ ਦੀ ਜਿਹੜੀ ਬੁਨਿਆਦ ਹੈ ਉਹ ਇੱਥੋਂ ਹੀ ਸ਼ੁਰੂ ਹੁੰਦੀ ਹੈ। ਮਹਾਰਾਜ ਕਹਿੰਦੇ-

***ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥***

***ਅੰਗ – 763***

ਮੈਂ ਨਹੀਂ ਕੁਛ ਵੀ ਕਹਿ ਰਿਹਾ, ਮੈਨੂੰ ਤਾਂ ਉਪਰੋਂ ਆਉਂਦਾ ਹੈ, ਉਸੇ ਤਰ੍ਹਾਂ ਦੇ ਨਾਲ ਮੈਂ ਤੁਹਾਨੂੰ ਕਹਿ ਰਿਹਾ ਹਾਂ। ਇਹਨੂੰ ਸਤਿ ਬਾਣੀ ਕਹਿੰਦੇ ਨੇ। ਇਹ ਸਤਿ ਬਾਣੀ ਇਹ ਕਹਿੰਦੀ ਹੈ, ਧਿਆਨ ਦੇ ਨਾਲ ਹਿਰਦੇ 'ਚ ਵਸਾਇਓ ਕਿ ਇੱਥੇ ਵਾਹਿਗੁਰੂ ਹਰੇਕ ਦੇ ਨਾਲ ਹੈ –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ਅੰਗ - 677*

ਪਰ ਇਹ ਮਨ ਜਿਹੜਾ ਹੈ ਇਹ ਇਸਨੂੰ ਮੰਨਣ ਵਾਸਤੇ ਤਿਆਰ ਨਹੀਂ ਹੈ, ਜਿਵੇਂ ਬਿਜਲੀ ਚਮਕਦੀ ਹੈ, ਥੋੜ੍ਹਾ ਜਿਹਾ ਪ੍ਰਕਾਸ਼ ਹੁੰਦਾ ਹੈ, ਸਤਿਸੰਗ 'ਚ ਆ ਕੇ ਥੋੜ੍ਹੀ ਦੇਰ ਵਾਸਤੇ ਇੱਕ ਸਕਿੰਟ, ਦੋ ਸਕਿੰਟ ਇਹਦੀ ਬਿਰਤੀ ਜੇ ਟਿਕ ਜਾਵੇ, ਤਾਂ ਟਿਕ ਜਾਵੇ, ਨਹੀਂ ਤਾਂ ਟਿਕਦੀ ਨਹੀਂ, ਗਹਿਰਾਈ ਤੱਕ ਜਾਂਦੀ ਨਹੀਂ। ਮਹਾਰਾਜ ਕਹਿੰਦੇ, ਜੇ ਗਹਿਰਾਈ ਤਕ ਚਲੀ ਜਾਵੇ ਕਿਸੇ ਦੀ ਬਿਰਤੀ ਤਾਂ ਉਹਦਾ ਫਲ ਕਿੰਨਾ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਉਹਦੀ ਜਮਾਂ ਦੀ ਫਾਂਸੀ ਗਲ 'ਚੋਂ ਟੁੱਟ ਜਾਂਦੀ ਹੈ। ਸਿਰਫ ਧਿਆਨ ਦੇਣ ਦੇ ਨਾਲ, ਜੇ ਮਾੜਾ ਜਿਹਾ ਵੀ ਧਿਆਨ ਆ ਜਾਵੇ। ਮਹਾਰਾਜ ਕਹਿਣ ਲੱਗੇ, ਦੇਖੋ, ਕਿੱਡੀ ਵੱਡੀ ਉਤਮ ਚੀਜ਼ ਤੇ ਏਸਨੂੰ ਇਹ ਮੰਨਦਾ ਨਹੀਂ, ਇਹਦੇ ਉਲਟ ਨਿਸ਼ਚਾ ਕਰਦਾ ਹੈ ਕਿ ਇਥੇ ਤਾਂ ਮੇਰੇ ਵੈਰੀ ਨੇ, ਮੇਰੇ ਕੁੜਮ ਨੇ, ਮੇਰੇ ਕਬੀਲੇ ਨੇ, ਮੇਰੀਆਂ ਧੀਆਂ ਨੇ, ਮੇਰੇ ਪੁੱਤਰ ਨੇ, ਔਹ ਮੇਰਾ ਦੁਸ਼ਮਣ ਹੈ, ਔਹ ਮੈਨੂੰ ਆਹ ਗੱਲ ਕਹਿੰਦਾ ਹੈ, ਔਹ ਮੈਨੂੰ ਆਹ ਗੱਲ ਕਹਿੰਦਾ ਹੈ। ਨਹੀਂ ਮੰਨਦਾ, ਮੱਥੇ ਵੀ ਟੇਕੇਗਾ, ਸਿੱਖ ਵੀ ਕਹਾਏਗਾ। ਪਾਠ ਵੀ ਕਰੇਗਾ, ਸੁਖਮਨੀ ਸਾਹਿਬ ਵੀ ਕਰੇਗਾ, ਪੰਜਾਂ ਬਾਣੀਆਂ ਦਾ ਨਿਤਨੇਮ ਕਰੇਗਾ ਸੇਵਾ ਵੀ ਕਰੇਗਾ, ਦਾਨ ਵੀ ਕਰੇਗਾ, ਪਰ ਜਿੱਥੇ ਆ ਕੇ ਗੱਲ ਮੰਨਣੀ ਹੈ, ਉਥੇ ਜਵਾਬ ਦੇ ਦਏਗਾ। ਮਹਾਰਾਜ ਕਹਿੰਦੇ ਉਹਦੀ ਸੇਵਾ ਕਾਹਦੀ ਹੈ -

*ਆਗਿਆ ਸਮ ਨਹੀ ਸਾਹਿਬ ਸੇਵਾ।*

ਗੁਰੂ ਦੀ ਆਗਿਆ ਹੈ ਉਹਨੂੰ ਮੰਨ ਲਓ। ਜਦੋਂ ਗੁਰੂ ਮੰਨ ਲਿਆ, ਜੇ ਕਹੇ ਖੂਹ ਵਿੱਚ ਸੁੱਟਣਾ ਹੈ, ਖੂਹ 'ਚ ਗਿਰ ਪਓ, ਮੰਨ ਲਿਆ ਨਾ ਉਹਨੂੰ, ਫੇਰ ਉਥੇ ਆਪਣੀ ਮੰਤਕ ਦਾ ਕੀ ਸਵਾਲ ਪੈਦਾ ਹੋ ਗਿਆ ਕਿ ਨਹੀਂ ਜੀ ਮੈਂ ਤਾਂ ਖੂਹ 'ਚ ਡੁੱਬ ਜਾਵਾਂਗਾ ਜੇ ਮੈਨੂੰ ਸੁੱਟਿਆ। ਭਾਈ ਮੰਝ ਖੂਹ 'ਚ ਗਿਰਦਾ ਹੈ ਤਾਂ ਉਹ ਸ਼ਿਕਵਾ ਨਹੀਂ ਕਰਦਾ, ਉਥੇ ਖੜ੍ਹਾ ਵੀ ਲੋਚਦਾ ਹੈ ਓਨਾਂ ਹੀ ਗੁਰੂ ਨਾਲ ਪਿਆਰ ਕਰ ਰਿਹਾ ਹੈ ਖੂਹ 'ਚ ਗਿਰਿਆ ਹੋਇਆ ਵੀ। ਜੇ ਲੱਜਾਂ ਸੁੱਟ ਕੇ ਕਹਿੰਦੇ ਨੇ ਕਿ ਭਾਈ ਮੰਝ! ਬਾਹਰ ਆ ਜਾ, ਕਹਿੰਦਾ ਮੈਂ ਬਾਹਰ ਆ ਜਾਵਾਂਗਾ, ਘੜੀ ਪਿਛੋਂ, ਪਹਿਲਾਂ ਲੱਕੜੀਆਂ ਜਿਹੜੀਆਂ ਮੇਰੇ ਸਿਰ 'ਤੇ ਨੇ ਸੁੱਕੀਆਂ ਇਹ ਲੰਗਰ ਵਾਸਤੇ ਕੱਢ ਲਓ। ਬੜਾ ਤੁਹਾਡਾ ਪਰਉਪਕਾਰ ਹੋਏਗਾ, ਕਿਉਂਕਿ ਮੈਂ ਲੰਗਰ 'ਚ ਪਹੁੰਚਾ ਨਹੀਂ ਸਕਿਆ ਸਮੇਂ ਸਿਰ ਲੱਕੜੀਆਂ। ਉਹ ਖੂਹ ਵਿੱਚ ਗਿਰਿਆ ਹੋਇਆ ਵੀ ਹੁਕਮ ਮੰਨ ਰਿਹਾ ਹੈ। ਜੇ ਗੁਰੂ ਸਾਨੂੰ ਖੂਹ ਵਿੱਚ ਵੀ ਸੁੱਟਦਾ ਹੈ, ਫੇਰ ਮੰਨ ਲੈਣਾ ਚਾਹੀਦਾ ਹੈ, ਫੇਰ ਇਹ ਨਹੀਂ ਕਹਿਣਾ ਚਾਹੀਦਾ ਕਿ ਮੈਨੂੰ ਖੂਹ ਵਿੱਚ ਸੁੱਟ ਦਿੱਤਾ। ਗੁਰੂ ਇਹ ਕਹਿੰਦਾ ਹੈ ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਤੁਹਾਡੇ ਅੰਦਰ ਹੈ।

*ਕਾਹੇ ਰੇ ਬਨ ਖੋਜਨ ਜਾਈ ॥*

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥***

***ਅੰਗ - 684***

ਆਹ ਗੱਲ ਮੰਨ ਲਓ ਕਿ ਮੇਰੇ ਨਾਲ ਰਹਿੰਦਾ ਹੈ ਵਾਹਿਗੁਰੂ, ਵਾਹਿਗੁਰੂ ਨੂੰ ਦੇਖਣ ਵਾਸਤੇ ਨਾ ਨੱਠੋ, ਕਦੇ ਕੋਈ ਉਥੇ ਨੱਠਿਆ ਜਾਂਦਾ ਹੈ, ਕੋਈ ਕਿਤੇ ਨੱਠਿਆ ਜਾਂਦਾ ਹੈ। ਪਹਿਲਾਂ ਆਹੀ ਮੰਨ ਲਓ ਕਿ ਮੇਰੇ ਨਾਲ ਹੈ। ਕਹਾਣੀਆਂ ਨਾ ਸੁਣੋ ਕਿਸੇ ਦੀਆਂ ਹਨ੍ਹੇਰੇ 'ਚ ਪੈ ਜਾਉਂਗੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੰਨੋ। ਗੁਰੂ ਕਹਿੰਦਾ ਹੈ ਕਿ ਮੈਂ ਤੇਰੇ ਨਾਲ ਹਾਂ। ਕਬੀਰ ਸਾਹਿਬ ਕਹਿਣ ਲੱਗੇ ਕਿ ਮੈਨੂੰ ਕਹਿੰਦੇ ਕਿ ਹੱਜ ਕਰਕੇ ਆਓ ਤੇ ਮੈਂ ਚੱਲ ਪਿਆ। ਜਦੋਂ ਮੈਂ ਤੁਰਿਆ ਰਾਹ ਵਿੱਚ ਮੈਨੂੰ ਰੱਬ ਮਿਲ ਪਿਆ। ਉਹ ਅਲੰਕਾਰ ਨਾਲ ਗੱਲ ਕਰਦੇ ਨੇ, ਸਾਡੀ ਬੋਲੀ 'ਚ ਸਾਡੇ ਵਰਗੇ ਬੰਦਿਆਂ ਨੂੰ, ਜਿਹੜੇ ਸਮਝਦੇ ਨਹੀਂ ਗੱਲ। ਕਹਿੰਦੇ, ਫੇਰ ਭਗਤ ਜੀ! ਰੱਬ ਨੇ ਕੀ ਕਿਹਾ ਮਹਾਰਾਜ! ਤੁਹਾਨੂੰ? ਕਹਿੰਦੇ, ਰੱਬ! ਰੱਬ ਤਾਂ ਮੇਰੇ ਨਾਲ ਬਹੁਤ ਨਰਾਜ਼ ਹੋ ਗਿਆ। ਬਹੁਤ ਬੁਰੀ ਤਰ੍ਹਾਂ ਨਾਲ ਨਰਾਜ਼ ਹੋ ਗਿਆ। ਕਿਹੜੀ ਗੱਲ ਤੋਂ ਨਰਾਜ਼ ਹੋਇਆ? ਤੁਸੀਂ ਤਾਂ ਨੇਕ ਕੰਮ ਵਾਸਤੇ ਤੁਰੇ ਜਾ ਰਹੇ ਸੀ? ਨਰਾਜ਼ੀ ਕਿਹੜੀ ਗੱਲ ਦੀ ਹੋਈ? ਕਹਿੰਦਾ, ਮੈਨੂੰ ਕਹਿੰਦਾ ਕਬੀਰ, ਦੁਨੀਆਂ ਤਾਂ ਅੰਨ੍ਹੀ ਹੈ ਤੁਰੀ ਫਿਰਦੀ ਹੈ, ਤੂੰ ਤਾਂ ਅੱਖਾਂ ਵਾਲਾ ਸੀ, ਤੈਨੂੰ ਕੀਹਨੇ ਦੱਸਿਆ ਕਿ ਮੈਂ ਉਥੇ ਰਹਿੰਦਾ ਹਾਂ। ਤੇਰਾ ਨਿਸ਼ਚਾ ਕਿਵੇਂ ਹਿੱਲ ਗਿਆ, ਮੈਂ ਤਾਂ ਤੇਰੇ ਅੰਦਰ ਰਹਿੰਦਾ ਹਾਂ। ਨਾਲ ਰਹਿੰਦਾ ਹਾਂ। ਰੋਮ-ਰੋਮ 'ਚ ਰਹਿੰਦਾ ਹਾਂ। ਤੂੰ ਮੈਨੂੰ ਦੇਖਣ ਵਾਸਤੇ ਕਿੱਥੇ ਤੁਰਿਆ ਜਾਂਦਾ ਹੈਂ? ਬੜਾ ਅਫਸੋਸ ਹੈ ਤੇਰੇ ਉਤੇ? ਕਹਿੰਦੇ, ਪ੍ਰੇਮੀਓ! ਮੇਰੇ ਨਾਲ ਸਾਂਈਂ ਬੁਰੀ ਤਰ੍ਹਾਂ ਨਾਲ ਲੜਿਆ ਤੇ ਨਾਲ ਮੈਨੂੰ ਇਹ ਪੁੱਛੀ ਜਾਵੇ ਕਿ ਤੈਨੂੰ ਇਹ ਗੱਲ ਦੱਸੀ ਕੀਹਨੇ ਹੈ? ਉਹਦਾ ਮੈਨੂੰ ਨਾਉਂ ਲੈ ਕੇ ਦੱਸ?

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***

***ਅੰਗ - 1375***

ਉਸੇ ਵੇਲੇ ਕਬੀਰ ਸਾਹਿਬ ਨੇ ਕਿਹਾ ਕਿ ਇਹ ਮੈਂ ਗੱਲ ਪ੍ਰਗਟ ਕਰ ਦਿੱਤੀ। ਬਾਂਗ ਦੀ ਆਵਾਜ਼ ਆਈ, ਉੱਚੀ ਦੇ ਕੇ ਬੋਲ ਪਏ, ਕਹਿੰਦੇ -

***ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥***
***ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥***

***ਅੰਗ - 1374***

ਉੱਚੀ-ਉੱਚੀ ਹਾਕਾਂ ਮਾਰਦਾ ਹੈਂ ਅੱਲਾਹ-ਹੂ-ਅਕਬਰ। ਕਹਿੰਦੇ ਉਹ ਬਹਿਰਾ ਹੈ? ਕਹਿੰਦੇ ਜਿਹਦੇ ਵਾਸਤੇ ਤੂੰ ਬਾਂਗ ਦਿੰਦਾ ਹੈ, ਅੰਦਰ ਦੇਖ ਝਾਤੀ ਮਾਰ ਕੇ ਉਹ ਤਾਂ ਅੰਦਰ ਬੈਠਾ ਹੈ। ਆਹ ਗੱਲ ਨੂੰ ਅਸੀਂ ਮੰਨਣ ਵਾਸਤੇ ਤਿਆਰ ਨਹੀਂ ਹਾਂ। ਇਹ ਜਿਹੜੀ ਬੁੱਧੀ ਹੈ, ਆਦਮੀ ਦੇ ਮਨ ਦੀ ਹਾਲਤ ਹੈ। ਇਹਦਾ ਨਾਉਂ ਸਿਆਣਿਆਂ ਨੇ 'ਅਭਿਨਿਵੇਸ਼' ਰੱਖਿਆ ਹੈ। ਇਹ ਇੱਕ ਤੀਸਰਾ ਕਲੇਸ਼ ਹੈ। ਚੌਥਾ ਹੈ ਰਾਗ ਦਾ, ਪਕੜ ਦਾ।

ਜਿਸ ਚੀਜ਼ 'ਚ ਹਿਤ ਹੈ, ਉਹਨੂੰ ਅਸੀਂ ਫੜਦੇ ਹਾਂ। ਜਿਹੜੇ ਬੰਦੇ ਨਾਲ ਸਾਡਾ ਲਗਾਓ ਖੁਸ਼ੀ ਦੇਣ ਵਾਲਾ ਹੈ, ਉਹਦਾ ਅਸੀਂ ਸੰਗ ਕਰਨਾ ਚਾਹੁੰਦੇ ਹਾਂ। ਉਹਦੀ ਪਕੜ ਦੇ ਵਿੱਚ ਫਸਦੇ ਹਾਂ। ਚਾਹੇ ਧੀਆਂ ਹੋਣ, ਪੁੱਤਰ ਹੋਣ, ਚਾਹੇ ਸੁਸਾਇਟੀ ਹੋਵੇ, ਕੋਈ ਹੋਵੇ; ਉਨ੍ਹਾਂ ਦੇ ਨਾਲ ਸਾਡੀ ਪਕੜ ਹੋਏਗੀ ਤੇ ਪਿਆਰ ਹੋਏਗਾ। ਜਿਹੜੇ ਇਸ ਤੋਂ ਵਿਪਰੀਤ ਹੋਣਗੇ, ਉਨ੍ਹਾਂ ਦੇ ਨਾਲ ਸਾਡੀ ਦੁਸ਼ਮਣੀ ਹੋਏਗੀ। ਇਹ ਦੋਵੇਂ ਚੀਜ਼ਾਂ ਰਾਗ ਤੇ ਦਵੈਸ਼ ਕਹਾਉਂਦੀਆਂ ਨੇ।

ਗੁਰੂ ਅੰਗਦ ਸਾਹਿਬ ਮਹਾਰਾਜ ਕਹਿਣ ਲੱਗੇ, ਭਾਈ ਮੱਲੂ ਸ਼ਾਹ! ਇਹ ਗੱਲ ਤੂੰ ਪਹਿਲਾਂ ਸਮਝ ਚੰਗੀ ਤਰ੍ਹਾਂ ਤੇ ਇਹਦਾ ਇਲਾਜ ਇਹ ਹੈ ਜਿਹੜਾ ਅਸੀਂ ਤੈਨੂੰ ਦੱਸਣ ਲੱਗੇ ਹਾਂ। ਉਹ ਇਹ ਹੈ ਕਿ ਜੇ ਪ੍ਰਮੇਸ਼ਰ ਯਾਦ ਕਰਦੇ-ਕਰਦੇ ਲਗਾਤਾਰ, ਯਾਦ ਵਿਚ ਟਿਕ ਜਾਵੇ। ਜਿਹੜੇ ਅਸੀਂ ਤੈਨੂੰ ਨਿਹਚੇ ਦੱਸੇ ਨੇ ਇਹ ਨਿਹਚੇ ਤੇਰੇ ਅੰਦਰ ਬਣ ਜਾਣ ਫੇਰ ਇਨ੍ਹਾਂ ਕਲੇਸ਼ਾਂ ਤੋਂ ਪੈਦਾ ਹੋਏ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਤੇ ਇਹਨੂੰ ਬਾਣੀ ਦੀ ਬੋਲੀ 'ਚ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***
***ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ - 262***

ਬਾਣੀ ਦੀ ਬੋਲੀ ਵਿੱਚ ਇਸ ਤਰ੍ਹਾਂ ਕਿਹਾ ਜਾਂਦਾ ਹੈ। ਚਰਨਾਂ 'ਤੇ ਮੱਥਾ ਟੇਕ ਦਿੱਤਾ ਪਾਤਸ਼ਾਹ! ਗੱਲ ਮੇਰੇ ਅੱਜ ਸਮਝ ਪੈ ਗਈ। ਹਾਲੇ ਤੱਕ ਨਹੀਂ ਸੀ ਪਈ। ਕਿਸੇ ਨੇ ਵਿਸਥਾਰ ਨਾਲ ਗੱਲ ਨਹੀਂ ਸੀ ਸਮਝਾਈ, ਆਪ ਨੇ ਬੜੀ ਮੇਰੇ ਉਪਰ ਕ੍ਰਿਪਾ ਕਰੀ ਤੇ ਹੁਣ ਮੇਰੀ ਬੇਨਤੀ ਹੈ ਕਿ ਮੈਂ ਸੁਣ ਤਾਂ ਲਈ ਪਰ ਗੱਲ ਦੇ ਉਤੇ ਟਿਕ ਨਹੀਂ ਸਕਦਾ, ਮੇਰੇ ਅੰਦਰ ਤਾਕਤ ਨਹੀਂ ਹੈ ਕਿ ਮੈਂ ਇਸ ਗੱਲ 'ਤੇ ਟਿਕਾ? ਮੈਂ ਸਮਝ ਲਵਾਂ ਕਿ ਵਾਹਿਗੁਰੂ ਮੇਰੇ ਨਾਲ ਅੰਗ ਸੰਗ ਹੈ। ਨਾ ਪਾਤਸ਼ਾਹ! ਅਜੇ ਮੇਰੇ ਮਨ ਵਿੱਚ ਇਹ ਗੱਲ ਨਹੀਂ ਟਿਕ ਰਹੀ। ਬਾਕੀ ਜੋ ਆਪ ਬਚਨ ਕਰਦੇ ਓਂ, ਉਹਨੂੰ ਮੈਂ ਸਤਿ ਕਰਕੇ ਮੰਨਦਾ ਹਾਂ। ਆਪ ਉਸ ਤਰ੍ਹਾਂ ਦੇ ਨਾਲ ਗੱਲ ਦੱਸੋ ਜਿਵੇਂ ਇੱਕ ਰੁੜ੍ਹਦੇ ਬੱਚੇ ਨੂੰ ਤੁਰਨ ਲਾਈਦਾ ਹੈ। ਨਾ ਬੋਲਣ ਵਾਲੇ ਬੱਚੇ ਨੂੰ ਬੋਲਣ ਲਾਈਦਾ ਹੈ। ਇਸ ਤਰ੍ਹਾਂ ਮੇਰੇ 'ਤੇ ਕ੍ਰਿਪਾ ਕਰੋ ਤੇ ਮੈਨੂੰ ਹੌਲੀ-ਹੌਲੀ ਗੱਲ ਸਮਝਾਓ ਕਿ ਮੈਂ ਕਿਹੜੇ-ਕਿਹੜੇ ਯਤਨ ਕਰਾਂ ਜਿਹਦੇ ਕਰਕੇ ਮੈਨੂੰ ਇਹ ਤੁਹਾਡੇ ਬਚਨ ਸਮਝ ਕੇ ਹਿਰਦੇ ਦੇ ਵਿੱਚ ਮੈਂ ਇਨ੍ਹਾਂ ਦੀ ਕਮਾਈ ਕਰ ਲਵਾਂ। ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਹਿੰਦੇ ਦੇਖ, ਹੁਣ ਬਚਨ ਸਾਡੇ ਧਿਆਨ ਨਾਲ ਸੁਣੀ। ਉਹ ਨਿਹਚੇ ਤੈਨੂੰ ਬਦਲਣੇ ਪੈਣਗੇ। ਜਦੋਂ ਤੂੰ ਨਿਹਚੇ ਸਾਡੇ ਕਹੇ ਦੇ ਮੁਤਾਬਿਕ ਕਰ ਲਵੇਂਗਾ। ਉਸ ਵੇਲੇ ਤੈਨੂੰ ਅਵਸਥਾ ਪ੍ਰਾਪਤ ਹੋਣੀ ਸ਼ੁਰੂ ਹੋ ਜਾਏਗੀ। ਜੋ ਪਹਿਲਾ ਨਿਹਚਾ ਹੈ, ਉਹ ਇਹ ਹੈ ਕਿ ਤੂੰ ਇਹ ਸਮਝ ਕਿ ਜਿਹੜੀ ਇਹ ਦੇਹੀ ਹੈ ਤੈਨੂੰ ਪ੍ਰਾਪਤ ਹੋਈ ਇਹ ਸਦਾ ਨਹੀਂ ਰਹਿਣੀ ਹੈ। ਨਾ ਕਿਸੇ ਦੀ ਰਹੀ ਹੈ, ਪਹਿਲਿਆਂ ਦੀ ਰਹੀ ਨਹੀਂ-

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***

*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*

*ਅੰਗ - 1381*

ਇਹਦੀਆਂ ਤਿੰਨ ਅਵਸਥਾ ਨੇ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*

*ਅੰਗ - 1428*

ਬਚਪਨ ਨੂੰ ਜਵਾਨੀ ਖਾ ਜਾਂਦੀ ਹੈ, ਜੁਆਨੀ ਬੁਢੇਪਾ ਖਾ ਜਾਂਦਾ ਹੈ, ਕਿਤੇ ਨਾਮ ਨਿਸ਼ਾਨ ਨਹੀਂ ਰਹਿੰਦਾ, ਸਿਰਫ ਯਾਦ ਬਾਕੀ ਬਚ ਜਾਂਦੀ ਹੈ, ਉਹਦੀ ਜਵਾਨੀ ਦੀ। ਰੂਪ, ਰੰਗ ਸਭ ਖਾ ਜਾਂਦਾ ਹੈ ਤੇ ਭਾਈ! ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਵਧਿਆ ਤੁਰਿਆ ਜਾਂਦਾ ਹੈ। ਇਹ ਗੱਲ ਤੂੰ ਨਿਹਚੇ ਦੇ ਵਿਚ ਲਿਆ। ਇਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਤੇਰੀ ਦੇਹੀ ਨੇ ਖਾਕ ਬਣ ਜਾਣਾ,*
*ਲੇਖੇ ਵਿੱਚ ਲਾ ਲੈ ਬੰਦਿਆ।*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥*

*ਅੰਗ - 1427*

*ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥*
*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥*

*ਅੰਗ - 1380*

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥ ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* *ਅੰਗ - 138*

ਪ੍ਰੇਮੀਆਂ! ਇਹ ਨਿਹਚੇ ਕਰ। ਇਹ ਦੇਹ ਇਸ ਤਰ੍ਹਾਂ ਦੇ ਨਾਲ ਹੌਲੀ-ਹੌਲੀ ਇਹਦੇ ਜੀਵਨ ਦਾ ਸਮਾਂ ਬਦਲਦਾ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਅਖੀਰ ਇਹ ਸੁਆਹ ਦੀ ਢੇਰੀ ਬਣ ਜਾਂਦਾ ਹੈ। ਇਹਦੇ ਸੰਗੀ ਜਿੰਨੇ ਵੀ ਨੇ ਸਾਰੇ ਚਲੇ ਜਾਂਦੇ ਨੇ। ਕੋਈ ਨਹੀਂ ਰਿਹਾ -

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥* *ਅੰਗ - 1381*

ਧਾਹਾਂ ਮਾਰਦਾ ਹੈ ਕਿ ਦੰਦ ਕਿੱਥੇ ਗਏ, ਮੇਰੀਆਂ ਅੱਖਾਂ ਦੇਖਦੀਆਂ ਸੀ ਮੀਲ-ਮੀਲ ਤੱਕ, ਹੁਣ ਤਾਂ ਨਜ਼ਰ ਨਹੀਂ ਆਉਂਦਾ, ਕੰਨ ਸੁਣਦੇ

ਸੀ, ਹੱਥ ਮੇਰੇ ਬੜੇ ਵੱਡੇ-ਵੱਡੇ ਕੰਮ ਕਰਦੇ ਸੀ, ਤੇ ਹੁਣ ਪਾਣੀ ਦਾ ਗਿਲਾਸ ਵੀ ਚੁੱਕ ਕੇ ਮੂੰਹ ਤਕ ਨਹੀਂ ਜਾਂਦਾ। ਤੁਰ ਨਹੀਂ ਮੈਂ ਸਕਦਾ, ਦੂਜੇ ਦਾ ਸਹਾਰਾ ਭਾਲਦਾ ਹਾਂ। ਮਹਾਰਾਜ ਕਹਿੰਦੇ - 'ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥' ਹੁਣ ਹੰਸ ਵੀ ਉਡ ਗਿਆ ਤੇ ਚੱਲਿਆ ਕਿੱਥੇ? ਲੇਖੇ ਪੱਤੇ ਦੇਣ ਚੱਲਿਆ ਹੁਣ ਸਾਰੀ ਜ਼ਿੰਦਗੀ ਦੇ। ਇਧਰਲੇ ਪਾਸੇ ਵਾਲੇ ਕੀ ਕਰਦੇ ਨੇ ਕਹਿੰਦੇ - 'ਆਇਆ ਗਇਆ ਮੁਇਆ ਨਾਉ ॥' ਖਤਮ ਹੈ, ਪੁੱਛੋ ਕਿਸੇ ਬੱਚੇ ਨੂੰ ਕਿ ਤੇਰੇ ਪੜਦਾਦੇ ਦਾ ਕੀ ਨਾਉਂ ਸੀ? ਕੋਈ-ਕੋਈ ਹੋਣਾ ਜਿਹੜਾ ਦੱਸ ਦੇਵੇ, ਪੜਦਾਦਾ ਫਿਕਰ ਕਰਦਾ ਮਰ ਜਾਂਦਾ ਹੈ ਕਿ ਮੇਰੀ ਓਲਾਦ ਹੈ, ਮੈਂ ਇਸ ਲਈ ਐਨੀ ਜ਼ਮੀਨ ਖਰੀਦ ਦੇਵਾਂ, ਐਨੀ ਪ੍ਰਾਪਰਟੀ ਬਣਾ ਦੇਵਾਂ। ਓਲਾਦ ਨੂੰ ਤਾਂ ਪਤਾ ਹੀ ਨਹੀਂ ਕਿ ਕੌਣ ਹੋਇਆ ਸੀ ਬੂੜਾ ਸਾਡਾ। ਨਾਉਂ ਮਰ ਗਿਆ ਉਹਦਾ, ਖਤਮ ਹੋ ਗਿਆ। 'ਪਿਛੈ ਪਤਲਿ ਸਦਿਹੁ ਕਾਵ ॥' ਪਿਛੋਂ ਪੱਤਲਾਂ ਖਿਲਾਉਂਦੇ ਨੇ, ਪੁੰਨ ਦਾਨ ਕਰਦੇ ਨੇ। ਕਹਿੰਦੇ, ਜੀ ਬਜ਼ੁਰਗ ਨੂੰ ਪਹੁੰਚ ਜਾਏਗਾ? ਕਹਿੰਦੇ, ਉਤੇ ਪਾ ਦਿਓ ਕੋਠੇ 'ਤੇ। ਕੋਠੇ 'ਤੇ ਕੌਣ ਖਾਂਦਾ ਹੈ ਫੇਰ? ਕਾਉਂ ਆਉਂਦੇ ਨੇ, ਕਾਵਾਂ ਨੂੰ ਖਿਲਾ ਕੇ ਕਹਿੰਦੇ ਬਜ਼ੁਰਗ ਨੂੰ ਪਹੁੰਚ ਗਈ ਸਾਡੇ। ਮਹਾਰਾਜ ਕਹਿੰਦੇ, ਹੈਰਾਨੀ ਦੀ ਗੱਲ ਹੈ, 'ਨਾਨਕ ਮਨਮੁਖਿ ਅੰਧੁ ਪਿਆਰੁ ॥' ਹਨ੍ਹੇਰੇ ਨਾਲ ਪਿਆਰ ਕਰ ਰਿਹਾ ਹੈ ਮਨਮੁਖ ਬੰਦਾ। ਕਿਉਂ ਕਰ ਰਿਹਾ ਹੈ? ਕਿਉਂਕਿ ਗੁਰੂ ਦੀ ਪ੍ਰਾਪਤੀ ਨਹੀਂ ਹੋਈ, 'ਬਾਝੁ ਗੁਰੂ ਡੁਬਾ ਸੰਸਾਰੁ ॥'

ਕਹਿਣ ਲੱਗੇ ਇਸ ਤਰ੍ਹਾਂ ਭਾਈ ਪ੍ਰੇਮੀਆਂ! ਤਿੰਨ ਕਾਰਨ ਜਦੋਂ ਤੱਕ ਨਹੀਂ ਬਣਦੇ, ਮੌਤ ਨਹੀਂ ਆਇਆ ਕਰਦੀ, ਇਸ ਕਰਕੇ ਮੌਤ ਤੋਂ ਡਰਨ ਦੀ ਲੋੜ ਨਹੀਂ, ਇਸ ਕਰਕੇ ਅਟੱਲ ਸਚਾਈ ਹੈ ਕਿ ਇਹਨੇ ਤਾਂ ਆਉਣਾ ਹੀ ਆਉਣਾ ਹੈ। ਮਹਾਰਾਜ ਕਹਿੰਦੇ, ਕੋਈ ਯਤਨ ਕਰ ਲਓ, ਮੰਤਰ ਪੜ੍ਹ ਲਓ, ਜੰਤਰ ਕਰ ਲਓ। ਨੱਠ ਲਓ, ਭੱਜ ਲਓ, ਜਿੱਥੇ ਜੀਅ ਕਰਦਾ ਹੈ ਚਲੇ ਜਾਓ, ਲੇਕਿਨ ਜਿੱਥੇ ਜਾਂਦੇ ਹਾਂ, ਕਾਲ ਮੂਹਰੇ ਖੜ੍ਹਾ ਹੁੰਦਾ ਹੈ, ਉਸ ਤੋਂ ਕਿਵੇਂ ਬਚ ਜਾਵਾਂਗੇ। ਕਹਿੰਦੇ ਜਿਸ ਤੋਂ ਬਚ ਹੀ ਨਹੀਂ ਸਕਦੇ, ਫੇਰ ਉਹਦੀ ਸ਼ਰਨ ਲੈ ਲਓ। ਉਹਦੇ ਨਾਲ ਮਿਤਰਤਾ ਪਾ ਲਓ ਕਿ ਤੂੰ ਤਾਂ ਹੈਗੀ ਅਟੱਲ ਸਚਾਈ, ਆਉਣਾ ਹੀ ਆਉਣਾ ਹੈ ਤੂੰ, ਮਹਾਰਾਜ ਕਹਿੰਦੇ ਤਿੰਨ ਕਾਰਨ ਬਣਦੇ ਨੇ, ਪਹਿਲਾਂ ਤਾਂ ਥਾਂ ਉਹ ਹੋਣਾ ਚਾਹੀਦਾ ਹੈ ਜਿਥੇ ਸਰੀਰ ਨੇ ਗਿਰਨਾ ਹੈ। ਦੂਸਰਾ ਉਹ ਕਾਰਨ ਬਣਨਾ ਚਾਹੀਦਾ ਹੈ ਕਿ ਫਲਾਣੇ ਕਾਰਨ ਦੇ ਨਾਲ ਜਾਣਾ ਹੈ, ਕੋਈ ਐਕਸੀਡੈਂਟ ਨਾਲ ਜਾਂਦਾ ਹੈ, ਕੋਈ ਗੋਲੀ ਲਗ ਕੇ ਜਾਂਦਾ ਹੈ, ਕੋਈ ਬੀਮਾਰ ਹੋ ਕੇ ਜਾਂਦਾ ਹੈ, ਕੋਈ ਜਾਂਦਾ-ਜਾਂਦਾ ਗਿਰ ਜਾਂਦਾ ਹੈ, ਕੋਈ ਕਿਸੇ ਤਰੀਕੇ ਨਾਲ ਜਾਂਦਾ ਹੈ। ਤੀਸਰਾ ਹੈ ਕਿ ਉਹ ਸਮਾਂ ਆਉਣਾ ਚਾਹੀਦਾ ਹੈ, ਓਨੇ ਵਜ ਕੇ ਓਨੇ ਮਿੰਟ ਹੋਣੇ ਚਾਹੀਦੇ ਨੇ। ਕਹਿੰਦੇ ਜਦੋਂ ਉਹ ਆਉਂਦਾ ਹੈ ਓਸ ਵੇਲੇ ਜਾਣਾ ਪੈਂਦਾ ਹੈ।

ਬਿਆਸ ਜੀ ਤ੍ਰਿਕਾਲਦਰਸ਼ੀ ਕਾਰਕ ਅਵਸਥਾ ਦੇ ਨੇ, ਚਾਰ ਅਰਬ ਬੱਤੀ ਕਰੋੜ ਸਾਲ ਉਨ੍ਹਾਂ ਨੇ ਸੂਖਸ਼ਮ ਰੂਪ ਧਾਰਨ ਕਰਕੇ ਗੁਪਤ ਰਹਿਣਾ ਹੈ ਤੇ ਪ੍ਰਗਟ ਹੋਣਾ ਹੈ, ਵਿਦਿਆ ਦੇ ਅਵਤਾਰ ਨੇ, ਚਾਹੇ ਕਿਸੇ ਤਰੀਕੇ ਨਾਲ ਹੋਣ, ਚਾਹੇ ਕਿਸੇ ਦੇਸ਼ 'ਚ ਸ਼ੈਕਸਪੀਅਰ ਬਣ ਕੇ ਆਉਣ, ਚਾਹੇ ਕਿਤੇ ਕਾਲੀਦਾਸ ਬਣ ਕੇ ਆਉਣ, ਚਾਹੇ ਭਾਈ ਗੁਰਦਾਸ ਬਣ ਕੇ ਆਉਣ, ਆਉਣਾ ਹੀ ਹੈ ਉਨ੍ਹਾਂ ਨੇ ਵਿਦਿਆ ਦੇ ਅਵਤਾਰ ਕਹਾਉਂਦੇ ਨੇ। ਉਨ੍ਹਾਂ ਦਾ ਇੱਕ ਨੌਕਰ ਸੀ ਉਹਦੇ ਉਤੇ ਬੜੇ ਪ੍ਰਸੰਨ ਸੀ। ਉਹਦੀ ਉਮਰ ਬਾਕੀ ਵੀ ਥੋੜ੍ਹੀ ਹੈ ਤੇ ਉਨ੍ਹਾਂ ਦੀ ਰੁਸਵਾਈ ਸੀ ਸਾਰੇ। ਕਹਿਣ ਲੱਗੇ, ਬ੍ਰਹਮਾ ਜੀ ਤੋਂ ਇਹਦਾ ਕਾਲ ਦਾ ਲੇਖ ਮਿਟਾਉਣਾ ਹੈ। ਬ੍ਰਹਮਾ ਜੀ ਕੋਲ ਗਏ, ਕਹਿੰਦੇ ਸ਼ਿਵ ਜੀ ਮਹਾਰਾਜ ਕੋਲ ਜਾਓ, ਕਾਲ ਦੇ ਮਾਲਕ ਉਹ ਨੇ, ਉਨ੍ਹਾ ਕੋਲ ਜਾਂਦੇ ਨੇ –

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਅੰਗ – 7***

ਜਿਹੜਾ 'ਲਾਏ' ਕਹਿੰਦੇ ਨੇ ਖਤਮ ਕਰਨ ਦੀ ਆਦਤ ਹੈ ਉਹਨੂੰ। 'ਲੈਅ' ਕਰਨ ਦੀ। ਸ੍ਰਿਸ਼ਟੀ ਬਣ ਜਾਂਦੀਆਂ ਨੇ, ਉਹ 'ਲੈਅ' ਕਰ ਦਿੰਦਾ ਹੈ, ਖਤਮ ਕਰ ਦਿੰਦਾ ਹੈ। ਆਈਆਂ energy 'ਚੋਂ ਨੇ, energy 'ਚ ਬਦਲ ਦਿੰਦਾ ਹੈ ਸਾਰੀਆਂ ਨੂੰ। black hole ਦੇ ਵਿਚੀਂ ਲੰਘਾ ਦਿੰਦਾ ਹੈ। ਕੁਛ ਵੀ ਨਹੀਂ ਰਹਿੰਦਾ ਬਾਕੀ। ਪ੍ਰਮਾਣੂ ਐਨਾ ਛੋਟਾ ਰਹਿੰਦਾ ਹੈ ਕਿ ਉਹਦਾ ਦੱਸਿਆ ਨਹੀਂ ਜਾ ਸਕਦਾ।

ਉਹ ਕਹਿੰਦੇ ਕਿ ਧਰਮਰਾਜ ਨੂੰ ਪੁੱਛ ਲਓ, ਧਰਮਰਾਜ ਕੋਲ ਗਏ ਕਹਿੰਦੇ ਚਿਤ੍ਰਗੁਪਤ ਨੂੰ ਪੁੱਛ ਲਓ। ਸਾਰੇ ਇਕੱਠੇ ਹੋਏ, ਚਿਤ੍ਰਗੁਪਤ ਨੂੰ ਬੁਲਾਇਆ। ਕਹਿੰਦੇ ਇਹਦੀ ਉਮਰ ਦੇਖ ਨੌਕਰ ਦੀ ਕਿੰਨੀ ਹੈ। ਨੌਕਰ ਕੋਲੋਂ ਹੀ ਬੈਠਾ-ਬੈਠਾ ਬਾਹਰ ਨੂੰ ਚਲਿਆ ਗਿਆ। ਉਹ ਕਹਿੰਦੇ ਕਿ ਮਹਾਰਾਜ! ਇਹਦੇ ਐਸ ਤਰ੍ਹਾਂ ਲਿਖਿਆ ਹੋਇਆ ਹੈ, ਜਦੋਂ ਇਹਨੂੰ ਲੈ ਕੇ ਵਿਆਸ ਜੀ, ਬ੍ਰਹਮਾ ਜੀ ਤੇ ਸ਼ਿਵ ਜੀ ਤੇ ਧਰਮਰਾਜ ਦੇ ਸਮੇਤ, ਕਾਲ ਦੇ ਸਮੇਤ ਇਥੇ ਆਉਣਗੇ, ਉਸ ਦਿਨ ਇਹਦੀ ਮੌਤ ਹੋ ਜਾਣੀ ਹੈ। ਇਹਦੀ ਮੌਤ ਹੋ ਗਈ ਕਿਉਂਕਿ ਸਮਾਂ ਆ ਗਿਆ, ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਦੇਖ ਭਾਈ! ਮੱਲੂ ਸ਼ਾਹੀ! ਇਹ ਨਿਹਚਾ ਰੱਖ ਕਿ ਦੇਹ ਨੇ ਰਹਿਣਾ ਨਹੀਂ ਹੈ। ਦੂਸਰਾ ਇਹ ਨਿਹਚਾ ਰੱਖ ਕਿਉਂਕਿ ਤੂੰ ਫੌਜ ਵਿੱਚ ਕੰਮ ਕਰਦਾ ਹੈਂ, ਫੌਜ ਦਾ ਸਿਪਾਹੀ ਹੈਂ, ਉਹ ਇਹ ਨਿਹਚਾ ਹੈ ਇਹ ਅਟੱਲ ਸਚਾਈ ਭਾਣਾ ਓਦੋਂ ਵਰਤਣਾ ਹੈ ਜਦੋਂ ਥਾਂ ਆ ਜਾਣਾ ਹੈ, ਕਾਰਨ ਆ ਜਾਣਾ, ਸਮਾਂ ਆ ਜਾਣਾ ਹੈ, ਓਸ ਵੇਲੇ ਕੋਈ ਰੱਖ ਨਹੀਂ ਸਕਿਆ ਕਰਦਾ –

***ਧਾਰਨਾ – ਲਿਖਿਆ ਆਇਆ ਪਕੜ ਚਲਾਇਆ,***
***ਕੋਈ ਰੱਖ ਨਾ ਸਕੇ।***

ਦੇਖ ਭਾਈ! ਜਿਸ ਵਕਤ ਲਿਖਿਆ ਆ ਗਿਆ ਸਮਾਂ, ਉਸੇ ਵੇਲੇ

ਫੜ ਲੈਣਾ ਹੈ ਤੇ ਫੇਰ ਕਿਸੇ ਦੀ ਤਾਕਤ ਨਹੀਂ ਕਿ ਇਹਨੂੰ ਰੱਖ ਲਏ, ਫੇਰ ਜਿਹੋ ਜਿਹਾ ਇਹਨੇ ਬੀਜਿਆ ਹੈ ਸਰੀਰ ਦੇ ਅੰਦਰ, ਓਹੋ ਜਿਹਾ ਖਾਣ ਵਾਸਤੇ ਤੁਰ ਪੈਂਦਾ ਹੈ। ਉਹਦੇ ਵਿਚ ਜਿਹੜੇ ਮਨਮੁਖ ਨੇ ਉਨ੍ਹਾਂ ਨੂੰ ਬੰਨ੍ਹ ਕੇ ਮਾਰ ਪੈਂਦੀ ਹੈ, ਜਿਹੜੇ ਗੁਰਮੁਖ ਨੇ –

***ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥***
***ਅੰਗ – 283***

***ਲਿਖਿਆ ਆਇਆ ਗੋਵਿੰਦ ਕਾ***
***ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ ॥ ਅੰਗ – 78***

ਹੁਣ ਜਿਹੜਾ ਤੂੰ ਕੀਤਾ ਹੈ ਨਾ ਉਹ ਤੇਰੇ ਨਾਲ ਚੱਲ ਪੈਣੇ ਨੇ। ਕਰਮ ਚਲਣੇ ਨੇ, ਜਾਇਦਾਦ ਨਹੀਂ ਚੱਲਣੀ ਉਹ ਇੱਥੇ ਰਹਿ ਜਾਣੀ ਹੈ। ਨੇਕ ਕੰਮ ਕੀਤੇ ਹੋਏ, ਬੁਰੇ ਕੰਮ ਕੀਤੇ ਹੋਏ, ਨਾਲ ਤੁਰ ਪੈਣੇ ਨੇ, ਕਰਮ ਉਸੇ ਵੇਲੇ, ਕਿਉਂਕਿ ਲਿਖਿਆ ਹੋਇਆ ਆ ਗਿਆ –

***ਇਕ ਰਤੀ ਬਿਲਮ ਨ ਦੇਵਨੀ***
***ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥ ਅੰਗ – 78***

ਡਾਕਟਰ ਚਾਹੇ ਹਜ਼ਾਰ-ਹਜ਼ਾਰ, ਦੱਸ-ਦੱਸ ਹਜ਼ਾਰ ਦਾ ਟੀਕਾ ਲਾ ਲੈਣ, ਕਹਿੰਦੇ ਹੁਣ ਨਹੀਂ ਭੋਰਾ ਜਿੰਨਾਂ ਵੀ ਸਮਾਂ ਮਿਲਣਾ। ਕਿਉਂਕਿ ਉਨ੍ਹਾਂ ਨੇ ਤਕੜੇ ਹੱਥ ਪਾਏ ਹੋਏ ਨੇ।

***ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ ॥***
***ਅੰਗ – 78***

ਜਿਨ੍ਹਾਂ ਨੇ ਮਨ ਦੇ ਪਿੱਛੇ ਲਗ ਕੇ ਜ਼ਿੰਦਗੀ ਬਰਬਾਦ ਕੀਤੀ ਹੈ, ਉਹ ਔਖੇ ਹੋਏ, ਦੁਹੇਲੇ ਹੋਏ ਸੰਸਾਰ ਤੋਂ ਜਾਂਦੇ ਨੇ। ਜਿਨ੍ਹਾਂ ਦੂਜੇ ਪਾਸੇ –

***ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥***
***ਅੰਗ – 78***

ਜਿਨ੍ਹਾਂ ਨੇ ਬਾਣੀ ਨੂੰ ਮੰਨਿਆ ਹੈ, ਬਾਣੀ ਦੇ ਮੁਤਾਬਿਕ ਆਪਣੇ ਜੀਵਨ ਨੂੰ ਤੋਰਿਆ ਹੈ, ਉਹ ਦਰਗਾਹ 'ਚ ਜਾ ਕੇ ਸੁਖਾਲੇ ਰਹਿੰਦੇ ਨੇ।

***ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥***
***ਅੰਗ – 78***

ਕਿਉਂ? ਆਹ ਧਰਤੀ ਜਿਹੜੀ ਹੈ ਇਹ ਕਰਮਾਂ ਦੀ ਧਰਤੀ ਹੈ। ਇਹਦੇ ਅੰਦਰ ਜਿਹੜਾ ਬੀਜਿਆ ਹੈ ਉਹੀ ਮਿਲਣਾ ਹੈ –

***ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥***
***ਅੰਗ – 78***

ਭਗਤ ਜਿਹੜੇ ਨੇ ਉਹ ਦਰਬਾਰ ਵਿੱਚ ਜਾ ਕੇ ਸੋਹੰਦੇ ਨੇ ਤੇ ਜਿਹੜੇ ਮਨ ਦੇ ਪਿੱਛੇ ਲਗਣ ਵਾਲੇ ਨੇ ਉਨ੍ਹਾਂ ਨੂੰ ਉਸੇ ਵੇਲੇ ਚੱਕਰ 'ਤੇ ਚਾੜ੍ਹ ਦਿੰਦੇ ਨੇ ਕਿ ਚਲੋ, ਚੌਰਾਸੀ ਲੱਖ ਜੂਨੀਆਂ 'ਚ। ਕਹਿੰਦੇ, ਇਹ ਗੱਲ ਨੂੰ ਤੂੰ

ਨਿਹਚੇ ਦੇ ਨਾਲ ਮੰਨ ਭਾਈ। ਕਹਿੰਦੇ, ਦੂਸਰਾ ਜਿਹੜਾ ਸਾਡਾ ਬਚਨ ਹੈ ਉਹ ਵੀ ਤੂੰ ਨਿਹਚਾ ਕਰ। ਕਹਿੰਦਾ, ਸੱਚੇ ਪਾਤਸ਼ਾਹ! ਇਹ ਤਾਂ ਗੱਲ ਹੋ ਗਈ ਮੇਰੇ ਯਾਦ। ਇਸ ਦੇਹ ਨੇ ਤਾਂ ਬਿਨਸਣਾ ਹੀ ਬਿਨਸਣਾ ਹੈ। ਮਹਾਰਾਜ ਕਹਿੰਦੇ, ਹੁਣ ਦੂਸਰਾ ਬਚਨ ਇਹ ਹੈ, ਤੂੰ ਨਿਹਚਾ ਧਾਰ ਕਿ ਇਹ ਜਿਹੜਾ ਸੰਸਾਰ ਹੈ ਇਹ ਸਤਿ ਨਹੀਂ ਹੈਗਾ। ਇਹਦੀ ਜਿਹੜੀ ਸਤਤਾ ਹੈ ਕਿਉਂਕਿ ਇੱਕ ਰੂਪ ਨਹੀਂ ਰਹਿੰਦਾ, ਇਹ ਸੁਪਨੇ ਵਰਗਾ ਹੈ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - 808***

ਕਹਿੰਦੇ ਸੁਪਨੇ ਵਰਗਾ ਹੈ ਲੰਘ ਗਿਆ ਸੋ ਲੰਘ ਗਿਆ। ਜੇ ਕਹਿੰਦੇ, ਸੱਚ ਹੋਵੇ ਤਾਂ ਮਾਂ ਬਾਪ ਕਿਉਂ ਜਾਂਦੇ। ਪੜਦਾਦੇ, ਨਕੜਦਾਦੇ ਕਿਉਂ ਜਾਂਦੇ। ਵੱਡੇ-ਵੱਡੇ ਰਾਜੇ, ਵੱਡੇ ਫਿਲਾਸਫਰ, ਪੀਰ ਪੈਗੰਬਰ ਔਲੀਏ ਕਿਉਂ ਜਾਂਦੇ। ਕਹਿੰਦੇ, ਇੱਕ ਸੁਪਨਾ ਸੀ। ਮੁੜ ਕੇ ਆਇਆ ਕੋਈ? ਦੁਬਾਰਾ ਇਸ ਸੰਸਾਰ 'ਤੇ ਆਇਆ ਕੋਈ ਦੱਸਣ ਵਾਸਤੇ। ਮਹਾਰਾਜ ਕਹਿੰਦੇ, ਸੁਪਨਾ ਹੈ ਇਹ। ਸੁਪਨੇ ਦੇ ਵਿਚ ਜਿਹੜੇ ਤੈਨੂੰ ਮਿਲਦੇ ਨੇ ਉਹ ਦੁਬਾਰਾ ਤੈਨੂੰ ਕਦੇ ਮਿਲਦੇ ਨੇ? ਕਹਿੰਦੇ, ਉਹ ਸੁਪਨਾ ਛੋਟਾ ਜਿਹਾ ਹੈ, ਇਹ ਸੁਪਨਾ ਵੱਡਾ ਹੈ -

***ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥***
***ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥ ਅੰਗ - 1427***

ਇੱਕ ਵਾਹਿਗੁਰੂ ਸੱਚਾ ਹੈ ਉਹ ਸਦਾ ਸਤਿ ਰਹਿੰਦਾ ਹੈ, ਉਹ ਨਹੀਂ ਜਾਂਦਾ ਆਉਂਦਾ। ਬਾਕੀ ਤਾਂ ਸਾਰਾ ਸੁਪਨਾ ਹੈ -

***ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥***
***ਅੰਗ - 727***

ਜੇ ਹੁਣ ਅੱਖਾਂ ਮੀਚ ਜਾਏ, ਸਭ ਕੁਛ ਕਿਧਰੇ ਜਾਂਦਾ ਹੈ, ਕੋਈ ਵੀ ਨਹੀਂ ਫੇਰ ਰਹਿੰਦਾ। ਕਹਿੰਦੇ, ਇਸ ਸਤਿ ਨੂੰ ਧਾਰਨ ਕਰੋ ਹਿਰਦੇ ਦੇ ਅੰਦਰ।

***ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥***
***ਅੰਗ - 727***

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***
***ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥***
***ਅੰਗ - 808***

ਜਿੰਨਾਂ ਅੱਖਾਂ ਦੇ ਨਾਲ ਤੈਨੂੰ ਨਜ਼ਰ ਆਉਂਦਾ ਹੈ ਇਹ ਸਭ ਬਿਨਸਨ ਵਾਲੀ ਚੀਜ਼ ਹੈ, ਧਰਤੀਆਂ ਨਹੀਂ ਰਹਿਣੀਆਂ, ਆਕਾਸ਼ ਨਹੀਂ ਰਹਿਣੇ, ਤਾਰੇ ਨਹੀਂ ਰਹਿਣੇ ਸਭ ਬਿਨਸ ਜਾਣੇ ਨੇ।

***ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥***
***ਅੰਗ - 808***

ਅੱਖਾਂ ਖੋਲ੍ਹ ਕੇ ਦੇਖ ਤਾਂ ਸਹੀ ਗਏ ਕਿੱਥੇ। ਜਿੱਥੇ ਗਏ ਨਹੀਂ ਨਾ ਵੀਹ-ਤੀਹ ਸਾਲ ਉਥੇ ਜਾ ਕੇ ਪੁੱਛੋ ਕਿ ਫਲਾਣੇ ਨੂੰ ਮਿਲਣਾ ਹੈ ਕਹਿੰਦੇ ਉਹ ਤਾਂ ਚੜ੍ਹਾਈ ਕਰ ਗਿਆ, ਫਲਾਣੇ ਨੂੰ ਮਿਲਣਾ ਹੈ? ਕਹਿੰਦੇ ਨੇ ਕਿ ਜੀ ਉਹ ਵੀ ਚੜ੍ਹਾਈ ਕਰ ਗਿਆ।

ਇੱਕ ਵਾਰੀ ਮੈਂ ਪਿੰਡ ਚਲਿਆ ਗਿਆ, ਮੈਂ ਕਿਹਾ ਜਾ ਕੇ ਬਜ਼ੁਰਗਾਂ ਵਗੈਰਾਂ ਨੂੰ ਮਿਲ ਲਈਏ। ਜਿਹਦਾ ਨਾਉਂ ਲਵਾਂ ਕਹਿਣ ਉਹ ਤਾਂ ਚੜ੍ਹਾਈ ਕਰ ਗਿਆ ਜੀ। ਮੈਂ ਕਿਹਾ, ਅੱਛਾ! ਅਸੀਂ ਹੀ ਰਹਿ ਗਏ ਤਾਂ, ਤਾਂ ਫੇਰ। ਕਿਉਂਕਿ ਸਤਿ ਨਹੀਂ ਹੈ ਸੰਸਾਰ।

***ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥***

***ਅੰਗ - 808***

ਕਦੋਂ ਜਾਣਗੇ ਜਿਨ੍ਹਾਂ ਨੇ ਜਾਣਾ ਹੈ? ਕਹਿੰਦੇ, ਸਭ ਆਪਣੀ ਵਾਰੀ ਆਈ, ਜਦੋਂ ਵਾਰੀ ਆ ਗਈ ਉਦੋਂ ਕਿਸੇ ਨੇ ਨਹੀਂ ਰਹਿਣਾ। ਪਰ ਹੁੰਦਾ ਕੀ ਹੈ, ਇਹ ਜੀਵ ਬਾਵਜੂਦ ਗੁਰੂ ਦੇ ਸਮਝਾਉਣ ਦੇ, ਇਹ ਹੱਠ ਨਹੀਂ ਛੱਡਦਾ। ਹਿੰਡ ਲਾ ਕੇ ਓਹੀ ਕੰਮ ਕਰਦਾ ਹੈ ਜਿਸ ਤੋਂ ਗੁਰੂ ਰੋਕਦੇ ਨੇ -

***ਧਾਰਨਾ - ਲਾ ਲਿਆ ਮੂਰਖਾ, ਚਿੱਤ ਨਾਲ ਸੁਪਨੇ ਦੇ।***

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥***<br>***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***<br>***ਆਰਜਾ ਗਈ ਵਿਹਾਇ ਧੰਧੈ ਧਾਇਆ ॥***<br>***ਪੂਰਨ ਭਏ ਨ ਕਾਮ ਮੋਹਿਆ ਮਾਇਆ ॥***<br>***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥*** ***ਅੰਗ - 707***

ਮਹਾਰਾਜ ਕਹਿੰਦੇ, ਕਮਾਲ ਦੀ ਬਾਤ ਹੈ, ਸਿਆਣਾ ਨਹੀਂ ਕਿਹਾ ਇੱਥੇ ਮਹਾਰਾਜ ਨੇ ਸਾਨੂੰ, ਕਹਿੰਦੇ, ਮੂਰਖ ਹੈ। ਕਿਉਂ ਮੂਰਖ ਹੈ? ਕਿਉਂਕਿ ਸੁਪਨੇ ਨਾਲ ਚਿੱਤ ਲਾ ਲਿਆ।

ਇੱਕ ਰਾਜਾ ਲਗਾਤਾਰ ਸੱਤ ਦਿਨ ਯੁੱਧ ਕਰੀ ਗਿਆ, ਨਾ ਦਿਨੇ ਸੁੱਤਾ ਨਾ ਰਾਤ ਨੂੰ ਸੁੱਤਾ। ਬੜਾ ਭਾਰਾ ਘਮਸਾਨ ਦਾ ਯੁੱਧ ਹੋ ਰਿਹਾ ਸੀ। ਯੁੱਧ ਉਹ ਜਿੱਤ ਗਿਆ ਉਸ ਤੋਂ ਬਾਅਦ ਜਦੋਂ ਉਹ ਰਾਜਧਾਨੀ 'ਚ ਵਾਪਸ ਆਇਆ, ਵਜ਼ੀਰ-ਏ-ਆਜ਼ਮ ਨੂੰ ਬੁਲਾਇਆ, ਪ੍ਰਧਾਨ ਮੰਤਰੀ ਨੂੰ ਕਹਿਣ ਲੱਗਿਆ, ਦੇਖੋ ਮੈਨੂੰ ਆਉਂਦੀ ਹੈ ਨੀਂਦ ਤੇ ਮੈਨੂੰ ਕੋਈ ਜਗਾਇਓ ਨਾ, ਜੇ ਮੈਨੂੰ ਕਿਸੇ ਨੇ ਜਗਾ ਦਿੱਤਾ ਤਾਂ ਮੈਂ ਉਹਦਾ ਸਿਰ ਵੱਢ ਦੇਵਾਂਗਾ। ਰਾਜਾ ਜਾ ਕੇ ਸੌਂ ਗਿਆ। ਰਾਜਕੁਮਾਰ ਜ਼ਖਮੀ ਹੋਇਆ ਸੀ, ਉਹਦਾ ਇਲਾਜ ਸ਼ੁਰੂ ਹੋ ਗਿਆ। ਜਦੋਂ ਰਾਜੇ ਨੂੰ ਬਾਰ੍ਹਾਂ ਘੰਟੇ ਹੋਏ ਸੁੱਤੇ ਨੂੰ ਤਾਂ ਰਾਜਕੁਮਾਰ ਚੜ੍ਹਾਈ ਕਰ ਗਿਆ। ਰੋਣਾ ਪਿਟਣਾ ਪੈ ਗਿਆ ਘਰਦਿਆਂ ਨੂੰ। ਰਾਜੇ ਨੂੰ ਕੋਈ ਜਗਾਉਂਦਾ ਨਹੀਂ। ਇੱਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਤਿੰਨ ਦਿਨ ਲੰਘ ਗਏ, ਜਦੋਂ ਚੌਥਾ ਦਿਨ ਹੋਇਆ

ਉਹ ਕਹਿੰਦੇ ਲਾਸ਼ ਗਲ ਜਾਏਗੀ, ਸੜ ਜਾਏਗੀ, ਖਬਰੇ ਕਦੋਂ ਜਾਗੇ, ਕਿ ਜਗਾਉਣਾ ਚਾਹੀਦਾ ਹੈ। ਕਿਸੇ ਦੀ ਹਿੰਮਤ ਨਹੀਂ, ਨਾ ਕੋਈ ਪਟਰਾਣੀ ਜਗਾਉਂਦੀ ਹੈ, ਨਾ ਕੋਈ ਦੂਸਰੀਆਂ ਰਾਣੀਆਂ ਜਗਾਉਂਦੀਆਂ ਨੇ। ਕੋਈ ਨਹੀਂ ਜਗਾਉਂਦਾ, ਕਹਿੰਦੇ ਹੁਕਮ ਬੜਾ ਸਖਤ ਹੈ। ਉਸ ਵੇਲੇ ਜਿਹੜਾ ਪ੍ਰਧਾਨ ਮੰਤਰੀ ਸੀ, ਉਸਨੂੰ ਸਾਰਿਆਂ ਨੂੰ ਬੇਨਤੀ ਕਰੀ ਕਿ ਤੁਸੀਂ ਪ੍ਰਧਾਨ ਮੰਤਰੀ ਓਂ, ਹੋ ਸਕਦਾ ਹੈ ਕਿ ਤੁਹਾਨੂੰ ਰਾਜਾ ਨਾ ਕੁਛ ਕਹੇ ਤੇ ਅਸੀਂ ਸਾਰੇ ਤੁਹਾਡੇ ਵਾਸਤੇ ਮੁਆਫੀ ਮੰਗ ਲਵਾਂਗੇ। ਉਸ ਵੇਲੇ ਉਸ ਰਾਜੇ ਨੂੰ ਬੁਲਾਇਆ। ਰਾਜਾ ਉਠਦੇ ਸਾਰ ਕਹਿਣ ਲੱਗਿਆ, ਮੰਤਰੀ ਜੀ! ਤੁਹਾਨੂੰ ਮੇਰੇ ਹੁਕਮ ਦੀ ਪ੍ਰਵਾਹ ਨਹੀਂ ਸੀ, ਹੁਕਮ ਅਦੂਲੀ ਕੀਤੀ ਹੈ? ਕਹਿੰਦੇ, ਹਜ਼ੂਰ! ਹੁਕਮ ਅਦੂਲੀ ਤਾਂ ਮੈਂ ਕੀਤੀ ਹੈ, ਪਰ ਮਜ਼ਬੂਰੀ ਬੜੀ ਜ਼ਬਰਦਸਤ ਹੈ, ਮੈਂ ਉਹ ਖਬਰ ਆਪ ਨੂੰ ਦਸਣੀ ਨਹੀਂ ਚਾਹੁੰਦਾ, ਜੋ ਭਾਣਾ ਇੱਥੇ ਵਰਤ ਚੁੱਕਿਆ ਹੈ। ਕਹਿੰਦਾ, ਕੀ ਹੋ ਗਿਆ ਦੱਸ? ਕਹਿਣ ਲੱਗਿਆ, ਮਹਾਰਾਜ! ਆਪ ਨੂੰ ਅਜੇ ਸੁੱਤਿਆਂ ਨੂੰ ਬਾਰ੍ਹਾਂ ਘੰਟੇ ਹੋਏ ਸੀ, ਰਾਜਕੁਮਾਰ ਦਾ ਅਸੀਂ ਬੜਾ ਇਲਾਜ ਕਰਿਆ, ਲੇਕਿਨ ਰਾਜਕੁਮਾਰ ਚੜ੍ਹਾਈ ਕਰ ਗਿਆ। ਰਾਜਾ ਸੁਪਨੇ ਦੇ ਅੰਦਰ ਪਹਿਲਾਂ ਹੀ ਰੋ ਰਿਹਾ ਸੀ। ਵਜ਼ੀਰ ਨੂੰ ਇਹ ਹੋਇਆ ਕਿ ਸ਼ਾਇਦ ਇਹਨੂੰ ਸੁਪਨਾ ਆ ਗਿਆ ਹੋਵੇ ਰਾਜਕੁਮਾਰ ਦਾ। ਕਹਿਣ ਲੱਗੇ, ਮਹਾਰਾਜ! ਰਾਜਕੁਮਾਰ ਚੜ੍ਹਾਈ ਕਰ ਗਿਆ। ਰਾਜੇ ਨੇ ਕੋਈ ਜਵਾਬ ਨਾ ਦਿੱਤਾ, ਕਹਿਣ ਲੱਗੇ, ਮਹਾਰਾਜ! ਆਪ ਕੋਈ ਉਤਰ ਨਹੀਂ ਦਿੰਦੇ। ਕਹਿੰਦੇ ਵਜ਼ੀਰ ਸਾਹਿਬ! ਤੂੰ ਇੱਕ ਨੂੰ ਰੋਂਦਾ ਹੈ? ਮੇਰੇ ਚਾਰ ਰਾਜਕੁਮਾਰ ਮਰ ਗਏ, ਜਿਨ੍ਹਾਂ ਦੇ ਨਾਲ ਮੈਂ ਹੁਣੇ ਖੇਲ੍ਹ ਰਿਹਾ ਸੀ ਬੈਠਾ।

ਸੁਪਨਾ ਆ ਰਿਹਾ ਸੀ ਏਸਨੂੰ ਕਿ ਬਹੁਤ ਵੱਡੇ ਰਾਜ ਦਾ ਮਾਲਕ। ਬਹੁਤ ਖੂਬਸੂਰਤ ਰਾਣੀ ਹੈ ਤੇ ਤਿੰਨ ਰਾਣੀਆਂ 'ਚੋਂ ਬਹੁਤ ਖੂਬਸੂਰਤ ਪੁੱਤਰ ਹੋਏ, ਪਾਲੇ ਪਲੋਸੇ, ਵੱਡੇ ਹੋਏ ਤੇ ਜਿਸ ਵਕਤ ਰਾਜੇ ਨੂੰ ਜਗਾਉਂਦੇ ਨੇ ਰਾਜਾ ਚਾਰਾਂ ਨਾਲ ਖੇਡ ਰਿਹਾ ਸੀ, ਪਿਆਰ ਕਰ ਰਿਹਾ ਸੀ। ਕਹਿੰਦਾ, ਤੂੰ ਇੱਕ ਮਰੇ ਤੋਂ ਰੋਂਦਾ ਹੈਂ, ਮੇਰੇ ਤਾਂ ਚਾਰ ਮਰ ਗਏ। ਕਹਿੰਦੇ, ਸੱਚੇ ਪਾਤਸ਼ਾਹ! ਮਹਾਰਾਜ! ਇਹ ਸੁਪਨਾ ਹੈ, ਆਹ ਕੀ ਹੈ ਇਹ ਵੀ ਸੁਪਨਾ ਹੀ ਹੈ। ਮਹਾਰਾਜ ਕਹਿੰਦੇ, ਆਹ ਜਿਹੜਾ ਸੰਸਾਰ ਹੈ ਸੁਪਨੇ ਨਾਲ ਚਿੱਤ ਲਾਈ ਬੈਠਾ ਹੈ। ਜਿਹੜੇ ਭੋਗ ਭੋਗਦਾ ਸੀ ਸੁਪਨੇ ਦੇ ਅੰਦਰ ਰਾਜ ਦੇ, ਜਾਗਦਾ ਹੈ ਜਦੋਂ ਫੇਰ ਘਬਰਾਹਟ 'ਚ ਆ ਗਿਆ। *'ਆਰਜਾ ਗਈ ਵਿਹਾਇ ਧੰਧੈ ਧਾਇਆ ॥ ਪੂਰਨ ਭਏ ਨ ਕਾਮ ਮੋਹਿਆ ਮਾਇਆ ॥'* ਆਖਰੀ ਦਮ ਤਕ ਬੰਦਾ ਕੰਮ ਕਰਦਾ ਹੈ। ਕੁਰਸੀ 'ਤੇ ਬੈਠਣ ਵਾਲਾ ਕੁਰਸੀ ਤੇ ਬੈਠਾ ਹੀ ਰਾਜ ਕਰਦਾ ਹੈ, ਆਖਰੀ ਦਮ ਤੱਕ, ਜਾਣਾ ਨਹੀਂ ਸੰਸਾਰ ਤੋਂ ਮੰਨਦਾ।'ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥' ਕਹਿੰਦੇ ਕੀ ਕਰਿਆ ਜਾਵੇ, ਆਪ ਭੁਲਾ ਦਿਤਾ। ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਆਹ ਦੂਸਰਾ ਬਚਨ ਸਾਡਾ ਸਤਿ ਕਰਕੇ ਮੰਨੀਂ। ਪਹਿਲਾਂ ਤਾਂ

ਹੋ ਗਿਆ ਕਿ ਨਿਹਚਾ ਕਰੋ ਕਿ ਇਹ ਦੇਹ ਰਹਿਣੀ ਨਹੀਂ, ਦੂਸਰਾ ਇਹ ਹੈ ਕਿ ਸੰਸਾਰ ਸਤਿ ਨਹੀਂ ਹੈ ਸੁਪਨੇ ਵਰਗਾ ਹੈ, ਉਸ ਵੇਲੇ ਬਹੁਤ ਧਿਆਨ ਦੇ ਨਾਲ ਕਹਿੰਦਾ, ਸੱਚੇ ਪਾਤਸ਼ਾਹ! ਆਪ ਦੀ ਕ੍ਰਿਪਾ ਦੇ ਨਾਲ ਆਪ ਦੇ ਦੋਵੇਂ ਬਚਨ ਮੇਰੇ ਮਨ ਵਿਚ 100% ਵਸ ਗਏ। ਕਿਉਂਕਿ ਸੁਣਨ ਦੀ ਤੇ ਮੰਨਣ ਦੀ ਬੜੀ ਭਾਰੀ ਮਹਿਮਾ ਹੈ। ਚਾਰ ਪਉੜੀਆਂ 'ਸੁਣੀਐ' ਦੀਆਂ ਜਪੁਜੀ ਸਾਹਿਬ ਦੇ ਅੰਦਰ ਮਹਾਤਮ ਲਿਖਿਆ ਹੈ, ਚਾਰ 'ਮੰਨੈ' ਦੀਆਂ ਦਾ ਲਿਖਿਆ ਹੈ। ਉਸ ਵੇਲੇ ਮਹਾਰਾਜ ਬੜੇ ਪ੍ਰਸੰਨ ਹੋਏ। ਕਹਿਣ ਲੱਗੇ, ਹੁਣ ਅਸੀਂ ਤੈਨੂੰ ਭੇਤ ਦੀ ਗੱਲ ਦਸਦੇ ਹਾਂ, ਉੱਚੀ ਬਾਤ, ਜਿਹੜੀ ਅਸੀਂ ਸਾਰਿਆਂ ਨੂੰ ਨਹੀਂ ਦਸਦੇ, ਕਿਉਂਕਿ ਤੂੰ ਉਤਮ ਜਗਿਆਸੂ ਸਾਡੇ ਕੋਲ ਆ ਗਿਆ ਤੇ ਤੈਨੂੰ ਅਸੀਂ ਇਹ ਬਚਨ ਦਸਦੇ ਹਾਂ ਉਹ ਇਹ ਹੈ ਕਿ ਤੂੰ ਪੰਜਾਂ ਤੱਤਾਂ ਦੀ ਦੇਹ ਨਹੀਂ ਹੈਗਾ। ਆਹ ਜਿਹੜਾ ਤੇਰਾ ਸਰੀਰ ਦਿਸਦਾ ਹੈ ਨਾ, ਜਿਹਦਾ ਨਾਉਂ ਮੱਲੂ ਸ਼ਾਹੀ ਹੈ, ਇਹ ਤੂੰ ਨਹੀਂ ਹੈ। ਇਹ ਤੇਰੀ ਦੇਹ ਦਾ ਲੋਕਾਂ ਨੇ ਨਾਉਂ ਰੱਖਿਆ ਹੋਇਆ ਹੈ, ਤੇਰਾ ਕੋਈ ਨਾਂ ਨਹੀਂ ਹੈ। ਕਰੋੜਾਂ ਖਰਬਾਂ ਸਾਲਾਂ ਤੋਂ ਤੂੰ ਤੁਰਿਆ ਫਿਰਦਾ ਹੈਂ, ਤੇਰਾ ਕੋਈ ਨਾਉਂ ਨਹੀਂ ਹੈ। ਜਿੱਥੇ ਤੂੰ ਜਿਹੋ ਜਿਹੀ ਦੇਹ 'ਚ ਗਿਆ ਹੈਂ, ਉਹੋ ਜਿਹਾ ਨਾਉਂ ਤੇਰਾ ਰੱਖ ਲਿਆ ਕੰਮ ਸਾਰਨ ਵਾਸਤੇ। ਇਹਦੇ ਵਿੱਚ ਵਸਣ ਵਾਲਾ ਇਹਦੇ ਵਿਚ ਜੀਵ ਆਤਮਾ ਹੈ, ਕਹਿੰਦੇ ਤੇਰਾ ਜਿਹੜਾ ਸਰੂਪ ਹੈ ਇਹ ਨਾ ਤਾਂ ਸ਼ਸਤਰ ਨਾਲ ਕੱਟ ਹੁੰਦਾ ਹੈ ਕਿਸੇ ਨਾਲ, ਨਾ ਇਹਨੂੰ ਪਾਣੀ ਡੋਬ ਸਕਦਾ ਹੈ, ਨਾ ਇਹਨੂੰ ਅੱਗ ਜਾਲ ਸਕਦੀ ਹੈ, ਨਾ ਇਹਨੂੰ ਕੋਈ ਧੁੱਪ ਸੁਕਾ ਸਕਦੀ ਹੈ। ਇਹ ਸਦਾ ਹੀ ਅਮਰ ਰਹਿੰਦਾ ਹੈ, ਇਹ ਮਰਦਾ ਨਹੀਂ ਹੁੰਦਾ, ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਨੇ -

***ਧਾਰਨਾ - ਮਰਨਹਾਰ ਇਹ ਜੀਅਰਾ ਨਾਹੀ।***

ਕਹਿਣ ਲੱਗੇ, ਭਾਈ ਮੱਲੂ ਸ਼ਾਹ! ਤੂੰ ਹੁਣ ਆਪਣੇ ਆਪ ਨੂੰ ਦੇਹ ਨਾ ਮੰਨ, ਦੇਹ ਤੋਂ ਨਿਆਰਾ ਮੰਨ। ਜਿਹੜਾ ਦੇਹ ਦੇ ਵਿੱਚ ਇਹੋ ਜਿਹੀਆਂ ਕਰੋੜਾਂ ਦੇਹਾਂ ਧਾਰ ਚੁੱਕਿਆ। ਉਹਨੂੰ ਜੀਵ ਭਾਵ ਨਾ ਹੋਣ ਕਰਕੇ, ਜੀਵ ਆਤਮਾ ਉਹਦਾ ਨਾਉਂ ਰੱਖਿਆ ਹੋਇਆ ਹੈ। ਹੋਰ ਇਹਦਾ ਕੋਈ ਨਾਉਂ ਨਹੀਂ ਹੈ। ਇਹ ਤਾਂ ਲੋਕਾਂ ਨੇ ਆਪਣੀ ਸਹੂਲਤ ਵਾਸਤੇ ਨਾਉਂ ਰੱਖ ਲਏ। ਇਹ ਜੀਵ ਆਤਮਾ ਹੈ ਇਹਦਾ ਨਾਉਂ। ਜੀਵ ਉਪਾਧੀ ਧਾਰਨ ਕਰ ਲਈ ਏਸਨੇ, ਹੰਗਤਾ ਤੇ ਮਮਤਾ ਦੇ ਵਿਚ ਆ ਕੇ। ਬਾਕੀ ਜਿਹੜਾ ਹੈ ਤੂੰ ਨਿੱਜ ਇਹ ਜਾਣ -

***ਕਾ ਕੀ ਮਾਈ ਕਾ ਕੋ ਬਾਪ ॥*** ***ਅੰਗ - 188***

ਕੀਹਦੀ ਮਾਂ ਹੋਈ, ਜੀਵ ਆਤਮਾ ਦੀ ਕੋਈ ਮਾਂ ਹੁੰਦੀ ਹੈ? ਇਹ ਤਾਂ ਵਾਹਿਗੁਰੂ ਦੀ ਜੋਤ ਹੈ। ਇਹਦਾ ਬਾਪ ਹੁੰਦਾ ਹੈ ਕੋਈ -

***ਨਾਮ ਧਾਰੀਕ ਝੂਠੇ ਸਭਿ ਸਾਕ ॥*** ***ਅੰਗ - 188***

ਇਹ ਤਾਂ ਕੰਮ ਚਲਾਉਣ ਵਾਸਤੇ ਕੰਮ ਚਲਾਏ ਨੇ, ਆਹ ਮਾਂ ਹੈ, ਆਹ ਪਿਉ ਹੈ, ਆਹ ਭਰਾ ਹੈ ਆਹ ਇਸਤ੍ਰੀ ਹੈ। ਕੰਮ ਚਲਾਉਣਾ ਹੈ

ਸੰਸਾਰ ਦਾ।

*ਕਾਹੇ ਕਉ ਮੂਰਖ ਭਖਲਾਇਆ ॥*
*ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥ ਅੰਗ - 188*

ਕਹਿੰਦੇ ਕਿਉਂ ਪਰੇਸ਼ਾਨ ਹੁੰਦਾ ਫਿਰਦਾ ਹੈਂ ਮੂਰਖਾ! ਸੰਜੋਗ ਹੋ ਗਏ ਤੇਰੇ ਆਉਣ ਦੇ, ਮਿਲਣਾ ਸੀ ਤੂੰ ਕਿਸੇ ਪਰਿਵਾਰ 'ਚ ਆ ਕੇ ਲੇਖੇ ਦੇਣ ਵਾਸਤੇ ਤੇ ਇਲਾਹੀ ਹੁਕਮ ਦੇ ਨਾਲ ਤੂੰ ਇੱਥੇ ਰਹਿ ਰਿਹਾ।

*ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥*
*ਅੰਗ - 188*

ਇੱਕੋ ਜਿਹੀ ਮਿੱਟੀ ਸਾਰਿਆਂ ਨੂੰ ਲੱਗੀ ਹੋਈ ਹੈ, ਇੱਕੋ ਜਿਹੀ ਜੋਤ ਹੈ ਸਾਰਿਆਂ ਦੇ ਅੰਦਰ। ਇੱਕੋ ਹਵਾ ਹੈ ਕਹਿੰਦੇ ਉਹਨੂੰ ਕੌਣ ਰੋਂਦਾ ਹੈ? ਹਵਾ, ਹਵਾ 'ਚ ਸਮਾਅ ਜਾਂਦੀ ਹੈ, ਮਿੱਟੀ, ਮਿੱਟੀ 'ਚ, ਅੱਗ, ਅੱਗ 'ਚ; ਅਕਾਸ਼, ਅਕਾਸ਼ 'ਚ; ਪਾਣੀ, ਪਾਣੀ 'ਚ। ਕਹਿੰਦੇ, ਜਿਹੜਾ ਇਹਦੇ ਵਿੱਚ ਰਹਿੰਦਾ ਹੈ ਉਹਨੂੰ ਨਹੀਂ ਕੋਈ ਜਾਣਦਾ।

*ਮੇਰਾ ਮੇਰਾ ਕਰਿ ਬਿਲਲਾਹੀ ॥*
*ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - 188*

ਮੇਰਾ ਬਾਪੂ ਮਰ ਗਿਆ ਜੀ, ਮੇਰਾ ਪੁੱਤਰ ਮਰ ਗਿਆ ਜੀ, ਮੇਰਾ ਭਰਾ ਮਰ ਗਿਆ ਕਹਿੰਦੇ ਵਿਰਲਾਪ ਕਰਦੇ ਨੇ, ਮੇਰਾ-ਮੇਰਾ ਕਰਕੇ, ਪਰ ਅਸਲੀਅਤ ਇਹ ਹੈ ਕਿ 'ਮਰਣਹਾਰੁ ਇਹੁ ਜੀਅਰਾ ਨਾਹੀ ॥' ਜਿਹੜਾ ਇਹਦੇ ਵਿੱਚ ਹੈ ਉਹ ਤਾਂ ਮਰਦਾ ਹੀ ਨਹੀਂ।

*ਕਹੁ ਨਾਨਕ ਗੁਰਿ ਖੋਲੇ ਕਪਾਟ ॥*
*ਮੁਕਤੁ ਭਏ ਬਿਨਸੇ ਭ੍ਰਮ ਥਾਟ ॥ ਅੰਗ - 188*

ਪੂਰੇ ਗੁਰੂ ਨੇ ਅੰਦਰਲੇ ਕਪਾਟ ਖੋਲ੍ਹ ਕੇ ਗੱਲ ਸਮਝਾ ਦਿੱਤੀ। ਜਦੋਂ ਕਪਾਟ ਖੁੱਲ੍ਹ ਗਏ, ਫੇਰ ਕੀ ਹੋਇਆ, ਕਹਿੰਦੇ ਜਿਹੜੇ ਭਰਮ ਦੇ ਪਰਦੇ ਪਏ ਹੋਏ ਸੀ, ਉਹ ਖਤਮ ਹੋ ਗਏ ਤੇ ਹੁਣ ਮੁਕਤੀ ਹੋ ਗਈ।

ਕਹਿੰਦੇ, ਇਹ ਤੂੰ ਨਿਹਚੇ 'ਚ ਧਾਰਨ ਕਰ ਕਿ ਇਸ ਸਰੀਰ 'ਚ ਵਸਣ ਵਾਲਾ ਹੈਂ ਤੂੰ, ਸਰੀਰ ਨਹੀਂ ਹੈਂ, ਬੜੀ ਸੁਖਾਲੀ ਗੱਲ ਹੈ, ਸਾਡੇ ਵਾਸਤੇ ਮੰਨਣ ਵਾਸਤੇ, ਇੱਕ ਗੱਲ ਸਮਝਣੀ ਹੀ ਹੈ। ਇਹਦੀ ਪ੍ਰੈਕਟਿਸ ਕਰਨੀ ਪੈਂਦੀ ਹੈ ਮੰਨਣ ਵਾਸਤੇ, ਹੁਣੇ ਹਨ੍ਹੇਰਾ ਪੈ ਜਾਏਗਾ, ਬੰਦ ਹੁੰਦੇ ਸਾਰ। ਹੁਣੇ ਫੇਰ ਮੁੜ ਕੇ ਅਸੀਂ ਸਰੀਰ ਸਮਝ ਲੈਣਾ ਹੈ। ਜੋਤ ਨਹੀਂ ਅਸੀਂ ਆਪਣੇ ਆਪ ਨੂੰ ਸਮਝਦੇ। ਮਹਾਰਾਜ ਕਹਿੰਦੇ, ਦੇਖ ਇਹ ਜਿਹੜਾ ਜੀਅਰਾ ਹੈ ਨਾ ਇਹਨੂੰ ਆਤਮਾ ਕਹਿੰਦੇ ਨੇ, ਇਹ ਸਦਾ ਅਮਰ ਹੈ ਇਹ ਮਰਦੀ ਨਹੀਂ ਹੁੰਦੀ। ਇਹ ਹੰਗਤਾ ਤੇ ਮਮਤਾ ਦੀ ਬੰਨ੍ਹੀ ਹੋਈ ਇਹ ਆਪਣੀ ਪਦਵੀ ਤੋਂ ਗਿਰ ਗਈ। ਗਿਰ ਕੇ ਇਹ ਜੀਵ ਆਤਮਾ ਬਣ ਗਈ। ਇਹ ਜੀਵ ਆਤਮਾ ਦੇ ਉਤੇ ਪੰਜ ਪਰਦੇ ਪੈ ਗਏ। ਇੱਕ ਤਾਂ ਪੈ ਗਿਆ ਅਗਿਆਨ ਦਾ, ਹਨ੍ਹੇਰੇ ਦਾ, ਦੂਸਰਾ ਪੈ ਗਿਆ ਵਿਗਿਆਨ ਦਾ, ਤੀਸਰਾ ਮਨ ਦਾ ਪੈ ਗਿਆ, ਚੌਥਾ ਪ੍ਰਾਣਾਂ ਦਾ ਪੈ ਗਿਆ, ਪੰਜਵਾਂ ਆਹ

ਜਿਹੜੀ ਦੇਹ ਹੈ ਨਾ ਪੰਜਾਂ ਤੱਤਾਂ ਦੀ ਇਹਦਾ ਪੜਦਾ ਪੈ ਗਿਆ। ਇਹ ਤਿੰਨ ਸਰੀਰਾਂ 'ਚ ਬੰਨ੍ਹੀ ਗਈ ਇੱਕ ਕਾਰਨ ਸਰੀਰ, ਇੱਕ ਸੋਲ੍ਹਾਂ ਤੱਤਾਂ ਦਾ ਸੂਖਸ਼ਮ ਸਰੀਰ, ਇੱਕ ਆਹ ਪੰਜ ਤੱਤ ਦਾ ਵੱਡਾ ਸਰੀਰ। ਇਹਦੇ ਵਿੱਚ ਵਲੇਟ ਦਿੱਤੀ ਉਹ ਕਿਰਨ।

*ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥ 195 ॥*
*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*

*ਅੰਗ - 1374-75*

ਜਿਵੇਂ ਭੱਠ ਦੀ ਸੁਆਹ ਹੁੰਦੀ ਹੈ ਇਸ ਤਰ੍ਹਾਂ ਹੋ ਗਈ ਇਹ। ਦੇਖੋ, ਕਿੱਥੇ ਤਾਂ ਜੋਤ ਸੀ, ਕਿੱਥੇ ਸੁਆਹ ਬਣ ਗਈ ਇਹ, ਕਹਿੰਦੇ ਆਹ ਗੱਲ ਹੋਈ ਹੋਈ ਹੈ। ਕਹਿੰਦੇ, ਇਹ ਬੰਨ੍ਹ ਹੋ ਗਈ, ਅਸਲ ਵਿੱਚ ਜਿਹੜਾ ਇਹਦਾ ਸਰੂਪ ਹੈ, ਇਹ ਇਕ ਆਤਮਾ ਹੀ ਹੈ, ਆਤਮਾ ਜਿਹੜੀ ਹੈ ਉਹਨੂੰ ਓਅੰਕਾਰ ਕਹਿੰਦੇ ਨੇ। ਇਹ ਆਤਮਾ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਆਤਮਾ 'ਚ ਹੀ ਸਾਰੇ ਸਮਾਅ ਜਾਂਦੇ ਨੇ ਤੇ ਇਹ ਏਕੰਕਾਰ ਦਾ ਸਰੂਪ ਹੈ। ਇਹ ਜਿਹੜੀ ਕਥਾ ਹੈ ਇਹਨੂੰ ਅਨੂਪ ਕਥਾ ਕਹਿੰਦੇ ਨੇ, ਸੁਣ ਕਹਿੰਦੇ ਧਿਆਨ ਨਾਲ -

*ਧਾਰਨਾ - ਸੁਣ ਲਓ ਪਿਆਰਿਓ, ਉਪਮਾ ਰਹਿਤ ਦੀ।*

*ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥*
*ਰਹਾਉ ॥ ਨਾ ਇਹੁ ਬੂਢਾ ਨਾ ਇਹੁ ਬਾਲਾ ॥*
*ਨਾ ਇਸੁ ਦੂਖੁ ਨਹੀ ਜਮ ਜਾਲਾ ॥*
*ਨਾ ਇਹੁ ਬਿਨਸੈ ਨਾ ਇਹੁ ਜਾਇ ॥*
*ਆਦਿ ਜੁਗਾਦੀ ਰਹਿਆ ਸਮਾਇ ॥ 1 ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥ 2 ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ ॥*
*ਇਹੁ ਅਪਰੰਪਰੁ ਹੋਤਾ ਆਇਆ ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥*
*ਘਟ ਘਟ ਅੰਤਰਿ ਸਦ ਹੀ ਜਾਗੈ ॥* *ਅੰਗ - 868*

ਕਹਿੰਦੇ ਦੇਖ ਭਾਈ, ਮੱਲੂ ਸ਼ਾਹੀ! ਹੁਣ ਜਿਹੜੀ ਅਸੀਂ ਗੱਲ ਕਰਨ ਲੱਗੇ ਹਾਂ ਇਹ ਥੋੜ੍ਹਾ ਜਿਹਾ ਇਕਾਗਰ ਹੋ ਕੇ ਸਰਵਣ ਕਰੀਂ ਕਿਉਂਕਿ ਇਹ ਦੁਨੀਆਂ ਦੀ ਸਮਝ 'ਚ ਨਹੀਂ ਆਉਂਦੀ। ਜੇ ਆ ਜਾਵੇ ਤਾਂ ਸਾਰਿਆਂ ਦੇ ਚੱਕਰ ਖਤਮ ਹੋ ਜਾਣ। ਸਾਰੇ ਭਵਜਲ ਪਾਰ ਪੈ ਜਾਣ। ਇਹ ਬੇੜੀ ਹੈ ਜਿਹਦੇ ਉਤੇ ਬੈਠ ਕੇ ਆਦਮੀ ਲੰਘ ਜਾਂਦਾ। ਕਹਿੰਦੇ, ਜਿਹੜਾ ਤੇਰਾ ਆਪਣਾ ਆਪ ਹੈ ਨਾ, ਇਹਦੀ ਕਥਾ ਤੈਨੂੰ ਦਸਦੇ ਹਾਂ ਕਿ ਕਥਾ ਹੈਰਾਨ ਕਰਨ ਵਾਲੀ ਹੈ ਤੇ ਉਪਮਾ ਤੋਂ ਰਹਿਤ ਹੈ। ਜਿਹੜਾ ਤੇਰਾ ਜੀਵ ਆਤਮਾ

ਹੈ ਇਹ ਵਾਹਿਗੁਰੂ ਦਾ ਰੂਪ ਹੈ। ਇਹ ਨਾ ਕਦੇ ਬੁੱਢਾ ਹੁੰਦਾ ਹੈ, ਨਾ ਕਦੇ ਬੱਚਾ ਬਣਦਾ ਹੈ, ਨਾ ਇਹਨੂੰ ਕਦੇ ਦੁੱਖ ਲਗਦਾ ਹੈ, ਨਾ ਇਹਨੂੰ ਜਮਾਂ ਦਾ ਜਾਲ ਹੁੰਦਾ ਹੈ, ਨਾ ਇਹ ਬਿਨਸਦਾ ਹੈ, ਨਾ ਇਹ ਕਦੇ ਜਾਂਦਾ ਹੈ, ਇਹ ਤਾਂ ਆਦਿ ਜੁਗਾਦਿ ਤੋਂ ਸਮਾਇਆ ਹੋਇਆ ਹੈ, ਸਾਰੇ ਪਰੀਪੂਰਨ ਹੈ ਆਤਮਾ। ਨਾ ਇਹਨੂੰ ਕਦੇ ਧੁੱਪ ਲਗਦੀ ਹੈ, ਨਾ ਇਸਨੂੰ ਕਦੇ ਪਾਲਾ ਲਗਦਾ ਹੈ, ਨਾ ਕੋਈ ਇਹਦਾ ਦੁਸ਼ਮਣ ਹੈ, ਨਾ ਕੋਈ ਇਹਦਾ ਮਿੱਤਰ ਹੈ, ਨਾ ਇਹਨੂੰ ਕਦੇ ਖੁਸ਼ੀ ਹੁੰਦੀ ਹੈ, ਨਾ ਗਮੀ ਹੁੰਦੀ ਹੈ, ਇਹ ਆਪਣੇ ਅਨੰਦ 'ਚ ਰਹਿੰਦਾ ਹੈ। ਇਹ ਸਭ ਕੁਛ ਜਿੰਨਾਂ ਵੀ ਤੁਹਾਨੂੰ ਨਜ਼ਰ ਆਉਂਦਾ ਹੈ, ਸਭ ਇਹਦੇ ਵਿਚੋਂ ਨਿਕਲਿਆ ਹੈ। ਇਹ ਕਰਨਹਾਰ ਹੈ ਤੇ ਇਹਨੂੰ ਮਾਇਆ ਦਾ ਲੇਪ ਨਹੀਂ। ਸਦਾ-ਸਦਾ ਇਹਦੀ ਹੋਂਦ ਕਾਇਮ ਹੈ। ਇਹਨੂੰ ਪਾਪ ਪੁੰਨ ਦਾ ਲੇਪ ਨਹੀਂ ਲਗਦਾ, ਇਹ ਸਾਰਿਆਂ ਦੇ ਅੰਦਰ - 'ਘਟ ਘਟ ਅੰਤਰਿ ਸਦ ਹੀ ਜਾਗੈ ॥' ਇਹ ਜਦ ਗੱਲ ਕਹੀ, ਵਿਚਾਰਨ ਲੱਗ ਗਿਆ। ਮਹਾਰਾਜ ਨੇ ਦੇਖਿਆ ਕਿ ਅਜੇ ਗੱਲ ਇਹਦੀ ਸਮਝ 'ਚ ਨਹੀਂ ਪਈ ਪੂਰੀ ਤਰ੍ਹਾਂ ਨਾਲ, ਉਸ ਵੇਲੇ ਹੋਰ ਸਾਫ ਕਰਨ ਵਾਸਤੇ ਇਸ ਤਰ੍ਹਾਂ ਦੇ ਬਚਨ ਫੁਰਮਾਨ ਕਰੇ -

***ਧਾਰਨਾ - ਜੋਤ ਤੇਰਾ ਰੂਪ ਹੈ, ਦੇਹੀ ਕਿਉਂ ਮੰਨਦੈਂ ਆਪ ਨੂੰ।***

ਕਹਿਣ ਲੱਗੇ, ਦੇਖ ਪ੍ਰੇਮੀਆਂ! ਪਹਿਲੀਆਂ ਵਿਚਾਰਾਂ ਤਾਂ ਤੇਰੇ ਸਮਝ ਵਿੱਚ ਆ ਗਈਆਂ ਕਿ ਤੇਰੀ ਦੇਹ ਸਦਾ ਨਹੀਂ ਰਹਿਣੀ। ਤੈਨੂੰ ਤਾਂ ਨਹੀਂ ਅਸੀਂ ਕਿਹਾ ਕਿ ਤੂੰ ਸਦਾ ਨਹੀਂ ਰਹਿਣਾ। ਅਸੀਂ ਤਾਂ ਤੇਰੀ ਦੇਹੀ ਨੂੰ ਕਿਹਾ ਹੈ। ਦੂਸਰਾ ਏਸ ਸਰੀਰ ਦਾ ਨਾਸ਼ ਓਸ ਵੇਲੇ ਹੋ ਜਾਣਾ ਹੈ, ਜਦੋਂ ਇਹਦਾ ਸਮਾਂ ਆ ਗਿਆ। ਦੂਸਰਾ ਬਚਨ ਅਸੀਂ ਕਰਿਆ ਸੀ ਕਿ ਪ੍ਰੇਮੀਆਂ! ਇਹ ਸੰਸਾਰ ਸੁਪਨੇ ਵਰਗਾ ਹੈ। ਤੀਸਰਾ ਇਹ ਬਚਨ ਸਾਡਾ ਸੂਖਸ਼ਮ ਹੈ ਇਹਨੂੰ ਸਮਝਣ ਦਾ ਯਤਨ ਕਰ। ਉਹ ਇਹ ਹੈ ਕਿ ਤੂੰ ਪੰਜਾਂ ਤੱਤਾਂ ਦੀ ਦੇਹ ਨਹੀਂ ਹੈਂ ਤੇ ਤੂੰ ਜੋਤ ਸਰੂਪ ਹੈਂ, ਜਾਗਰਤ ਜੋਤ ਹੈਂ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥***

***ਅੰਗ - 441***

ਦੂਜੀ ਇਕੱਲਾ ਨਹੀਂ, ਐਵੇਂ ਡਾਵਾਂਡੋਲ ਨਾ ਹੋ ਜਾਈਂ ਕਿ ਮੈਂ ਜੋਤ ਬਣ ਗਿਆ ਮੇਰੇ ਧੀਆਂ ਪੁੱਤਰ ਕੀ ਕਰਨਗੇ ਹੁਣ? ਮੈਂ ਤਾਂ ਪਰਿਵਾਰ 'ਚੋਂ ਟੁੱਟ ਗਿਆ। ਮੈਂ ਤਾਂ ਬਣ ਗਿਆ ਜੋਤ, ਹੁਣ ਮੇਰਾ ਹਾਲ ਕੀ ਹੋਏਗਾ, ਮੈਂ ਤਾਂ ਇਕੱਲਾ ਹੋ ਗਿਆ। ਮਹਾਰਾਜ ਕਹਿੰਦੇ, ਮਾਲਕ-ਏ-ਕੁਲ ਤੇਰੇ ਨਾਲ ਹੈ। ਗੁਰੂ ਦੀ ਮੱਤ ਧਾਰਨ ਕਰਕੇ, ਪਿਆਰ ਦਾ ਰੰਗ ਮਾਣ।

***ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥***

***ਅੰਗ - 441***

ਤੂੰ ਰੱਬ ਨੂੰ ਜਾਨਣਾ ਚਾਹੁੰਦਾ ਹੈਂ, ਪਹਿਲਾਂ ਤੂੰ ਆਪਣੇ ਆਪ ਨੂੰ ਪਛਾਣ ਕਿ ਮੈਂ ਕੀ ਹਾਂ? ਫੇਰ ਤੈਨੂੰ ਪਤਾ ਲਗ ਜਾਏਗਾ ਕਿ ਮਰਦਾ ਕੀ ਹੈ ਤੇ ਜੰਮਦਾ ਕੀ ਹੈ।

*ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥*

*ਅੰਗ - 441*

ਜਦੋਂ ਤਾਂ ਇੱਕ ਜਾਣ ਲਿਆ ਸਾਰਿਆਂ ਦੇ ਅੰਦਰ, ਫੇਰ ਦੂਜਾ ਭਾਉ ਤੇਰਾ ਖਤਮ ਹੋ ਜਾਣਾ ਹੈ ਤੇ ਫੇਰ ਓਸ ਵੇਲੇ ਹੋਏਗਾ ਕੀ, ਨਿਸ਼ਾਨੀਆਂ ਇਹ ਹੋਣਗੀਆਂ।

*ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥*

*ਅੰਗ - 441*

ਵਧਾਈਆਂ ਮਿਲਣ ਲੱਗ ਗਈਆਂ ਦਰਗਾਹ ਦੇ ਅੰਦਰੋਂ। ਧੰਨ-ਧੰਨ ਕਹਿਣ ਲੱਗ ਗਏ ਕਿ ਇਹਨੇ ਪਛਾਣ ਲਿਆ ਆਪਣੇ-ਆਪ ਨੂੰ। ਦੇਵਤੇ ਆ ਕੇ ਵਧਾਈਆਂ ਦਿੰਦੇ ਨੇ। ਮਨ ਸ਼ਾਂਤ ਆਈ। ਫੇਰ ਤੀਜਾ ਕੀ ਹੋਇਆ? ਕਹਿੰਦੇ, ਉਹ ਜਿਹੜਾ ਇਮਤਿਹਾਨ ਸੀ ਪੀ.ਐਚ.ਡੀ ਦਾ ਉਹ ਪੂਰਾ ਕਰ ਲਿਆ। ਪਾਸ ਕਰਕੇ ਜਿਹੜੇ ਪਰਵਾਣ ਹੋਏ-ਹੋਏ ਨੇ ਉਨ੍ਹਾਂ ਦੀ ਲਿਸਟ ਵਿੱਚ ਆ ਗਿਆ।

*ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥*
*ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥*

*ਅੰਗ - 3*

ਸੰਤਾਂ ਦੇ ਵਿੱਚ ਆ ਗਿਆ, ਸੰਤ ਬਣ ਗਿਆ। ਸਾਧੂ ਬਣ ਗਿਆ ਤੇ ਪਰਵਾਣ ਹੋ ਗਿਆ ਦਰਗਾਹ ਦੇ ਅੰਦਰ। ਇਹ ਗੱਲ ਜਾਣ -

*ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥*

*ਅੰਗ - 441*

ਆਹ ਗੱਲ ਜਿਹੜੀ ਮਹਾਰਾਜ ਜੀ ਕਹਿੰਦੇ ਨੇ ਅਸੀਂ ਨਹੀਂ ਮੰਨਦੇ। ਜ਼ੋਰ ਲਾ ਲੈਣ ਜਿੰਨਾਂ ਮਹਾਰਾਜ ਦਾ ਲਗਦਾ ਹੈ, ਅਸੀਂ ਬਿਲਕੁਲ ਨਹੀਂ ਮੰਨਦੇ, ਅਸੀਂ ਕਹਾਂਗੇ ਨਾ ਮਹਾਰਾਜ ਅਸੀਂ ਤਾਂ ਦੇਹ ਹਾਂ। ਫੇਰ ਮੇਰੇ ਬਾਲ-ਬੱਚਿਆਂ ਦਾ ਕੀ ਬਣੇਗਾ, ਮੈਂ ਤਾਂ ਉਹਨੂੰ ਪਿਆਰ ਕਰਦਾ ਹਾਂ, ਉਹ ਮੈਨੂੰ ਪਿਆਰ ਕਰਦੇ ਨੇ। ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੈਂ ਜੋਤ ਹਾਂ, ਮੈਨੂੰ ਤਾਂ ਫੇਰ ਕਿਸੇ ਨੇ ਪਿਆਰ ਹੀ ਨਹੀਂ ਕਰਨਾ। ਦੇਹੀ ਤਾਂ ਹੁਣ ਡਰਾਉਣੀ ਲੱਗਣ ਲੱਗ ਪਈ ਫੇਰ। ਕਿਉਂਕਿ ਸਾਡੇ ਅੰਦਰ ਉਹ ਅੱਖ ਖੁਲ੍ਹਦੀ ਨਹੀਂ ਹੈ, ਜਿਹੜੀ ਮਹਾਰਾਜ ਖੋਲ੍ਹਣੀ ਚਾਹੁੰਦੇ ਨੇ। ਮਹਾਰਾਜ ਕਹਿੰਦੇ, ਇੱਥੇ ਹੀ ਨਾ ਤੂੰ ਵਸ ਕਰ। ਤੈਨੂੰ ਹੋਰ ਇੱਕ ਭੇਤ ਦੀ ਗੱਲ ਦਸਦੇ ਹਾਂ। ਇਹ ਜਿਹੜੀ ਜੋਤ ਹੈ ਨਾ ਇਹ ਸੂਖਸ਼ਮ ਸਰੀਰ ਦੇ ਅੰਦਰ ਪੂਰਨ ਹੋ ਕੇ ਸੋਲ੍ਹਾ ਤੱਤਾਂ 'ਚ ਇਹ ਤੇਰਾ ਆਪਣਾ, ਨਿੱਕਾ ਆਪਾ ਬਣ ਜਾਂਦਾ ਹੈ, ਛੋਟਾ ਆਪਾ। ਜਿਹਨੂੰ ਜੀਵ ਆਤਮਾ ਕਹਿਣ ਲੱਗ ਜਾਂਦੇ ਨੇ। ਇਹ ਨਿਰਮਲ ਹਉਮੈ ਕਰਕੇ ਦੋ ਤਰ੍ਹਾਂ ਦੀ ਹਉਮੈ ਹੈ। ਇੱਕ ਅੰਧ ਹਉਮੈ ਹੈ। ਉਹਦੇ ਕਰਕੇ ਆਦਮੀ ਜੰਮਦਾ ਮਰਦਾ ਰਹਿੰਦਾ ਹੈ। ਕਰਮਾਂ ਦੇ ਨਾਲ ਬੰਨ੍ਹਿਆਂ ਜਾਂਦਾ ਹੈ, ਦੂਜੀ ਹਉਮੈ ਜਿਹਨੂੰ ਨਿਰਮਲ ਹਉਮੈ ਕਹਿੰਦੇ ਨੇ, ਇਹ ਦਰਗਾਹ 'ਚ ਜਾ ਕੇ ਆਪਣਾ ਸਰੂਪ ਵੱਖਰਾ ਰੱਖ ਕੇ ਰੱਬ ਨੂੰ ਦੇਖਦਾ ਰਹਿੰਦਾ ਹੈ, ਲੀਨ ਨਹੀਂ ਹੁੰਦਾ। ਹੈ ਤਾਂ ਛੋਟੀ ਅਵਸਥਾ, ਲੇਕਿਨ ਫੇਰ

ਵੀ ਬਹੁਤ ਵੱਡੀ ਹੈ, ਸੱਚਖੰਡ 'ਚ ਦਾਖਲਾ ਮਿਲ ਜਾਂਦਾ ਹੈ ਤੇ ਉਹਦੇ ਅੰਦਰ ਚਾਰ ਕਿਸਮ ਦੀ ਮੁਕਤੀ ਹੁੰਦੀ ਹੈ। ਇਕ ਸਾ ਲੋਕ, ਸਾ ਰੂਪ ਹੁੰਦੀ ਹੈ, ਇੱਕ ਸਮੀਪ ਹੁੰਦੀ ਹੈ, ਇਕ ਹੋਰ ਹੁੰਦੀ ਹੈ; ਇਹ ਮੁਕਤੀਆਂ ਤਾਂ ਮਿਲ ਜਾਂਦੀਆਂ ਨੇ ਪਰ ਸਾ-ਰੂਪ ਨਹੀਂ ਹੁੰਦਾ, ਰੱਬ ਨਹੀਂ ਬਣਦਾ, ਇਹ ਅਜੇ ਥੱਲੇ ਰਹਿ ਗਿਆ। ਕਹਿੰਦੇ ਇਹ ਨਿਰਮਲ ਹਉਮੈ ਕਰਕੇ ਰਹਿ ਗਿਆ, ਆਪਣੀ ਹਸਤੀ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਲੇਕਿਨ ਸਾਰੇ ਬ੍ਰਹਿਮੰਡ ਦੇ ਅੰਦਰ ਇੱਕ ਅਖੰਡ ਜੋਤ ਵਰਤ ਰਹੀ ਹੈ। ਇਹ ਪ੍ਰੇਮ ਦਾ ਸਰੂਪ ਧਾਰਨ ਕਰਕੇ ਵਰਤ ਰਹੀ ਹੈ।

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਪਿਆਰ ਦਾ ਰੂਪ ਧਾਰ ਕੇ ਵਰਤਦੀ ਹੈ ਤੇ ਇਹ ਕਿਤੇ ਨਿਵੇਕਲੀ ਨਹੀਂ ਬੈਠੀ ਕਿ ਸੱਤਵੇਂ ਅਸਮਾਨ 'ਚ ਹੈ। ਸਾਡੀ ਪਹੁੰਚ ਨਹੀਂ। ਮਹਾਰਾਜ ਕਹਿੰਦੇ, ਇਹ ਜਿਹੜੀ ਜੋਤ ਹੈ, ਨਿਹਚੇ 'ਚ ਆਓ ਤੁਸੀਂ

***ਧਾਰਨਾ - ਸਭਨਾਂ ਅੰਦਰ ਏਕੋ ਜੋਤ, ਵਰਤੇ ਤੇਰੀ ਮਾਲਕਾ।***

ਕਹਿਣ ਲੱਗੇ, ਦੇਖ ਪ੍ਰੇਮੀਆਂ! ਪਿਛਲੇ ਤਿੰਨ ਬਚਨ ਤਾਂ ਤੈਨੂੰ ਸਮਝ 'ਚ ਆ ਗਏ। ਪਹਿਲਾ ਇਹ ਕਿ ਆਹ ਦੇਹ ਜਿਹੜੀ ਹੈ ਇਹ ਰਹਿਣੀ ਨਹੀਂ ਹੈ, ਦੂਸਰਾ ਇਹ ਕਿ ਸੰਸਾਰ ਸੁਪਨਾ ਹੈ, ਤੀਸਰਾ ਇਹ ਹੈ ਕਿ ਤੂੰ ਦੇਹ ਨਹੀਂ ਹੈਗਾ, ਦੇਹ 'ਚ ਵਸਣ ਵਾਲਾ ਪੰਖੇਰੂ ਹੈਂ। ਦੇਹ ਨੂੰ ਛੱਡ ਕੇ ਉੱਡ ਜਾਂਦਾ ਹੈਂ ਤੇ ਧਾਰਨ ਕਰ ਲੈ ਕਿ ਜਿਵੇਂ ਪੁਰਾਣੇ ਕਪੜੇ ਲਾਹ ਦੇਈਦੇ ਨੇ ਤੇ ਨਵੇਂ ਪਾ ਲਈਦੇ ਨੇ, ਐਸ ਤਰ੍ਹਾਂ ਤੂੰ ਸਰੀਰ ਧਾਰਦਾ ਫਿਰਦਾ ਹੈਂ ਕਰਮਾਂ ਦੇ ਹਿਸਾਬ ਨਾਲ, ਮਰਦਾ ਨਹੀਂ ਹੈਂ। ਹੁਣ ਤੈਨੂੰ ਅਗਲੀ ਗੱਲ ਅਸੀਂ ਦਸਦੇ ਹਾਂ ਕਿ ਇਹ ਜਿਹੜੇ ਸਰੀਰ ਦੇ ਅੰਦਰ ਤੂੰ ਰਹਿੰਦਾ ਹੈਂ, ਜਿਹੜਾ ਤੂੰ ਆਪਣੇ ਆਪ ਨੂੰ ਮੈਂ ਸਮਝਦਾ ਹੈਂ, ਹੁਣ ਸਮਝਾਉਣ ਤੋਂ ਬਾਅਦ ਇਹਦੇ ਵਿੱਚ ਵੀ ਤੇ ਸਾਰੇ ਸੰਸਾਰ ਦੇ ਅੰਦਰ ਇਕ ਗੁਪਤ ਜੋਤ ਵਰਤ ਰਹੀ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਉਹਨੂੰ ਲੋਕ ਪ੍ਰਮੇਸ਼ਰ, ਅੱਲਾਹ, ਵਾਹਿਗੁਰੂ, ਗੋਬਿੰਦ, ਨਾਰਾਇਣ ਦਾ ਨਾਉਂ ਦੇ ਕੇ, ਉਹਨੂੰ ਸਮਝਣ ਦਾ ਯਤਨ ਕਰਦੇ ਨੇ। ਦਰਅਸਲ ਉਹਦਾ ਨਾਉਂ ਕੋਈ ਨਹੀਂ ਹੈ, ਉਹਦਾ ਨਾਉਂ ਇੱਕੋ ਹੀ ਹੈ 'ਸਤਿਨਾਮੁ' -

***ਸਤਿ ਨਾਮੁ ਤੇਰਾ ਪਰਾ ਪੂਰਬਲਾ ॥ ਅੰਗ - 1083***

ਉਹ ਸਤਿ ਹੈ।

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥***
***ਅੰਗ - 617***

ਜਿਵੇਂ ਸਾਰੇ ਦਰਖਤਾਂ ਦੇ ਅੰਦਰ ਅੱਗ ਛੁਪੀ ਹੋਈ ਹੈ, ਜਦੋਂ ਸੁੱਕ

ਜਾਂਦਾ ਹੈ ਦਰਖਤ, ਬਾਹਰੋਂ ਅਸੀਂ ਅੱਗ ਲਾਉਂਦੇ ਹਾਂ, ਉਹਦੇ ਅੰਦਰਲੀ ਅੱਗ ਪ੍ਰਗਟ ਹੋ ਕੇ ਉਹ ਜਲਣਾ ਸ਼ੁਰੂ ਹੋ ਜਾਂਦੀ ਹੈ। ਜਿੰਨੇ ਵੀ ਦੁੱਧ ਨੇ ਹਰੇਕ ਦੇ ਅੰਦਰ ਚਿਕਨਾਈ ਹੈ। ਏਸੇ ਤਰ੍ਹਾਂ ਦੇ ਨਾਲ, ਉੱਚੇ 'ਚ, ਨੀਚੇ 'ਚ, ਪਾਪੀ 'ਚ, ਪੁੰਨੀ 'ਚ ਹਰੇਕ ਦੇ ਅੰਦਰ ਵਾਹਿਗੁਰੂ ਦੀ ਜੋਤ ਸਮਾਈ ਹੋਈ ਹੈ।

***ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਅੰਗ - 617***

ਕਹਿੰਦੇ ਹਰੇਕ ਦੇ ਅੰਦਰ ਵਾਹਿਗੁਰੂ ਸਮਾਇਆ ਹੋਇਆ ਹੈ, ਕਿਤੇ ਊਣਤਾਈ ਨਹੀਂ ਹੈ।

***ਪੂਰਨ ਪੂਰਿ ਰਹਿਓ ਸਰਬ ਮਹਿ***
***ਜਲਿ ਥਲਿ ਰਮਈਆ ਆਹਿਓ ॥ ਅੰਗ - 617***

ਐਉਂ ਨਹੀਂ ਕਿ ਇੱਥੇ ਕੁ ਰੱਬ ਹੈ ਨਹੀਂ। ਸਾਰੇ ਇੱਕੋ ਹੀ ਜੋਤ ਪਰੀਪੂਰਨ, ਅੰਦਰ ਬਾਹਰ ਸਾਰਿਆਂ ਦੇ ਹੈ।

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਅੰਗ - 684***

***ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥***
***ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥***
***ਅੰਗ - 617***

ਇਹ ਨਿਹਚੇ 'ਚ ਲਿਆ ਤੂੰ ਕਿ ਸਾਰਿਆਂ ਦੇ ਅੰਦਰ ਇੱਕ ਜੋਤ ਹੈ, ਵਾਹਿਗੁਰੂ ਆਪੇ ਹੀ ਵਰਤਦਾ ਹੈ ਜਦੋਂ ਤੂੰ ਨਾਮ ਜਪੇਂਗਾ, ਵਾਹਿਗੁਰੂ ਕਹੇਂਗਾ, ਫੇਰ ਤੂੰ ਹਨ੍ਹੇਰੇ 'ਚ ਹਾਕਾਂ ਨਹੀਂ ਮਾਰੇਂਗਾ। ਫੇਰ ਤੇਰੇ ਨਾਲ ਹੀ ਹੈ, ਕੋਲ ਹੀ ਹੈ ਜਿਹਨੂੰ ਤੂੰ ਵਾਹਿਗੁਰੂ ਕਹਿੰਦਾ ਹੈਂ। ਵਾਹਿਗੁਰੂ ਕਹਿ ਕੇ ਆਹ ਜਿਹੜੇ ਚਾਰ ਅੱਖਰ ਨੇ, ਇਹਦੇ ਪਿਛਲੇ ਪਾਸੇ ਹੀ ਹੈ। ਇਹਦੇ ਵਿੱਚ ਸਮਾਇਆ ਹੋਇਆ ਹੈ, ਅੱਖਰਾਂ 'ਚ। ਇਨ੍ਹਾਂ ਅੱਖਰਾਂ 'ਚੋਂ ਹੀ ਪ੍ਰਗਟ ਹੋ ਜਾਣਾ ਹੈ। ਦੂਸਰੀ ਬਾਤ ਜਿਹੜੀ ਹੈ ਉਹ ਅੰਦਰ ਬੈਠਾ ਚੁੱਪ-ਚਾਂਦ ਨਹੀਂ, ਤੇਰੇ ਨਾਲ ਨਰਾਜ਼ ਨਹੀਂ ਹੈਗਾ, ਉਹ ਨਰਾਜ਼ ਕਦੇ ਹੁੰਦਾ ਹੀ ਨਹੀਂ। ਜਾਣਿਆ ਹੀ ਨਹੀਂ ਉਹਨੇ ਨਰਾਜ਼ ਹੋਣਾ। ਉਹ ਕੀ ਕਰਦਾ ਹੈ ਕਹਿੰਦੇ ਪਿਆਰ ਕਰਦਾ ਹੈ, ਤੂੰ ਸੁੱਤਾ ਹੁੰਦਾ ਹੈਂ ਤੇਰੀ ਰੋਟੀ ਨੂੰ ਹਜ਼ਮ ਕਰਨ ਦਾ ਕੰਮ ਉਹ ਕਰ ਰਿਹਾ ਹੁੰਦਾ ਹੈ। ਤੂੰ ਸੁੱਤਾ ਹੁੰਦਾ ਹੈਂ ਤੇਰੇ ਮਨ ਨੂੰ ਸ਼ਾਂਤੀ, ਸਰੀਰ ਨੂੰ ਸ਼ਾਂਤੀ ਦੇਣ ਦੀ ਕਿਰਿਆ ਸਾਰੀ ਉਹ ਕਰ ਰਿਹਾ ਹੁੰਦਾ ਹੈ। ਉਹ ਪਿਆਰ ਕਰਦਾ ਹੈ। ਉਹ ਐਡਾ ਸਮਰੱਥ ਹੈ ਕਿ ਤੈਨੂੰ ਸੰਭਾਲਦਾ ਹੋਇਆ, ਸਾਰੀ ਦੁਨੀਆਂ ਨੂੰ ਸੰਭਾਲ ਰਿਹਾ ਹੈ।

***ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥***
***ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥***
***ਅੰਗ - 617***

ਉਹਦੇ 'ਚ ਕ੍ਰੋਧ ਨਹੀਂ ਹੈਗਾ। ਕਹਿੰਦੇ ਹੁਣ ਭਾਈ ਪ੍ਰੇਮੀਆਂ! ਇੱਕ ਗੱਲ ਹੋਰ ਸਮਝ। ਉਹ ਇਹ ਹੈ ਕਿ ਜਦੋਂ ਤੂੰ ਏਸ ਗੱਲ ਨੂੰ ਚਿਤਵਦਾ-ਚਿਤਵਦਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਦਾ-ਕਰਦਾ ਇਹ ਤੇਰੇ ਅੰਦਰ

ਲਿਵ ਦਾ ਰੂਪ ਧਾਰਨ ਕਰ ਜਾਏਗਾ। ਫੇਰ ਤੈਨੂੰ ਅਸਲੀ ਜ਼ਿੰਦਗੀ ਪ੍ਰਾਪਤ ਹੋ ਜਾਏਗੀ, ਜਿਹਨੂੰ ਜੀਵਨ ਕਹਿੰਦੇ ਨੇ। ਬਾਕੀ ਸਾਰਾ ਸੰਸਾਰ ਮਰਿਆ ਹੋਇਆ ਹੈ, ਮੁਰਦਾ ਹੈ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - 253*

ਪਿਆਰ ਤੋਂ ਵਿਹੂਣਾ ਹੈ, ਕਿਉਂਕਿ ਪਿਆਰ ਵਾਹਿਗੁਰੂ ਨੂੰ ਕਰਨਾ ਹੈ, ਵਾਹਿਗੁਰੂ ਦਾ ਤਾਂ ਉਹਨੂੰ ਪਤਾ ਹੀ ਨਹੀਂ, ਪਿਆਰ ਕਿਥੋਂ ਕਰੇਗਾ। ਕਹਿੰਦੇ, ਉਹਦਾ ਜਿਹੜਾ ਜੀਵਨ ਹੈ ਉਹ ਮੁਰਦਾ ਹੈ, ਨਾਲ ਸਮਝਾਉਣ ਲੱਗੇ ਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਬਾਰ੍ਹਾਂ ਸਾਲਾਂ ਤੋਂ ਬਾਅਦ ਆਉਂਦੇ ਨੇ, ਘਰ ਆ ਗਏ ਤੇ ਮਾਤਾ ਦਾ ਚਿੱਤ ਕਰਦਾ ਹੈ ਕਿ ਮੈਂ ਕੋਈ ਗੱਲਾਂ ਕਰਾਂ ਪੁੱਤਰ ਨਾਲ। ਉਹ ਕਈ ਵਾਰੀ ਗੱਲਾਂ ਪੁੱਛਦੀ ਹੈ ਕਿ ਪੁੱਤਰ! ਫੇਰ ਤੁਸੀਂ ਕਿੱਥੇ ਰਹੇ। ਫੇਰ ਉਥੇ ਕਿਵੇਂ ਗਏ, ਫਲਾਣੇ ਥਾਂ ਗਏ। ਮਰਦਾਨੇ ਨੇ ਅੱਜ ਮੈਨੂੰ ਦੱਸਿਆ ਹੈ ਕਿ ਤੁਸੀਂ ਉਥੇ ਵੀ ਗਏ ਸੀ। ਮਹਾਰਾਜ ਜੀ ਚੁੱਪ ਨੇ, ਦੇਖ ਲੈਂਦੇ ਨੇ, ਮੁਸਕਰਾ ਪੈਂਦੇ ਨੇ, ਉਸ ਤੋਂ ਬਾਅਦ ਫੇਰ ਚੁੱਪ ਨੇ। ਮਾਂ ਨੇ ਕਿਹਾ ਕਿ ਬੇਟਾ! ਭਜਨ ਕਰਨ ਵਾਲੇ ਤਾਂ ਮੈਂ ਦੇਖਦੀ ਰਹਿੰਦੀ ਹਾਂ, ਬਹੁਤ ਸਾਧੂ ਆਉਂਦੇ ਨੇ। ਉਹ ਥੋੜ੍ਹੀ ਘੜੀ ਦੀ ਘੜੀ ਭਜਨ ਕਰਦੇ ਨੇ, ਫੇਰ ਹੱਸਦੇ ਨੇ ਗੱਲਾਂ ਕਰਦੇ ਨੇ, ਵਿਹਾਰ ਦੀਆਂ ਗੱਲਾਂ ਕਰਦੇ ਨੇ। ਤੇਰੇ ਬੱਚੇ ਨੇ ਤੂੰ ਬੱਚਿਆਂ ਦੀ ਸੁਖ-ਸਾਂਦ ਪੁੱਛ। ਕੋਈ ਹੋਰ ਸਾਡੇ ਤੋਂ ਗੱਲਾਂ ਪੁੱਛ ਕਿ ਤੁਸੀਂ ਕਿਵੇਂ ਰਹੇ। ਕੀ ਗੱਲ ਤੂੰ ਗੱਲ ਕਰਨੀ ਨਹੀਂ ਸਾਡੇ ਨਾਲ ਤੇ ਹਰ ਵਕਤ ਹੀ ਤੂੰ ਭਜਨ ਕਰੀ ਜਾਨਾਂ ਹੈਂ? ਮਹਾਰਾਜ ਕਹਿਣ ਲੱਗੇ, ਮਾਤਾ! ਜਿਹਨੂੰ ਤੂੰ ਭਜਨ ਕਹਿੰਦੀ ਹੈਂ ਇਹ ਇੱਕ ਜੀਵਨ ਹੁੰਦਾ ਹੈ, ਇਹ ਲਗਾਤਾਰੀ ਲਿਵ ਜਿਹਦੇ ਅੰਦਰ ਪ੍ਰਗਟ ਹੋ ਜਾਂਦੀ ਹੈ, ਉਸਨੂੰ ਅਨੁਭਵ ਹੁੰਦਾ ਹੈ, ਬਾਕੀ ਸੰਸਾਰ ਤਾਂ ਮਰਿਆ ਹੋਇਆਂ ਦਾ ਸੰਸਾਰ ਹੈ ਕਿਉਂਕਿ ਭੁੱਲੇ ਹੋਏ ਨੇ -

*ਮਰਣੰ ਬਿਸਰਣੰ ਗੋਬਿੰਦਹ ॥* *ਅੰਗ - 1361*

ਜਿਹੜੇ ਗੋਬਿੰਦ ਨੂੰ ਭੁੱਲੇ ਹੋਏ ਨੇ ਕਹਿੰਦੇ ਸਾਰੇ ਮਰੇ ਹੋਏ ਨੇ।

*ਜੀਵਣੰ ਹਰਿ ਨਾਮ ਧ੍ਯਾਵਣਹ ॥* *ਅੰਗ - 1361*

ਜੀਉਂਦੇ ਉਹ ਨੇ, ਜਿਨ੍ਹਾਂ ਦੇ ਧਿਆਨ ਵਿੱਚ ਚੌਵੀ ਘੰਟੇ ਪ੍ਰਮੇਸ਼ਰ ਦੇ ਨਾਮ ਦੀ ਲਿਵ ਰਹਿੰਦੀ ਹੈ। ਮੈਨੂੰ ਫੁਰਸਤ ਨਹੀਂ ਹੈ ਕਿਉਂਕਿ ਮੈਂ ਇੱਕ ਜੀਵਨ, ਜਿਹੜਾ ਲਗਾਤਾਰੀ ਜੀਵਨ ਹੈ, ਉਹ ਜੀਵਨ ਦੇ ਵਿੱਚ ਮੈਂ ਰਹਿੰਦਾ ਹਾਂ। ਜੇ ਮੈਂ ਉਹਦੇ ਵਿਚੋਂ ਨਿਕਲ ਆਵਾਂ ਤਾਂ ਮੈਂ ਜੀਉਂਦਾ ਨਹੀਂ ਰਹਿੰਦਾ -

*ਧਾਰਨਾ - ਆਖਾ ਜੀਵਾ ਵਿਸਰੇ ਮਰ ਜਾਵਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*

*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - 708*

ਮਾਤਾ! ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿ ਸਕਦੀ। ਇਸੇ ਤਰ੍ਹਾਂ -

*ਆਖਾ ਜੀਵਾ ਵਿਸਰੈ ਮਰਿ ਜਾਉ ॥* *ਅੰਗ - 9*

ਕਹਿਣ ਲੱਗੇ, ਫੇਰ ਸਾਰੇ ਕਿਉਂ ਨਹੀਂ ਕਹਿੰਦੇ। ਇਹ ਜੀਵਨ ਹੈ ਤਾਂ ਸਾਰੇ ਕਿਉਂ ਨਹੀਂ ਇਸ ਜੀਵਨ 'ਚ ਜੀਉਂਦੇ। ਮਹਾਰਾਜ ਕਹਿੰਦੇ, ਬੜਾ ਔਖਾ ਹੈ। ਸਾਰੇ ਨਹੀਂ ਜਿਉਂ ਸਕਦੇ -

*ਧਾਰਨਾ - ਆਖਣ ਅਉਖਾ ਸਾਚਾ ਨਾਉ।*

ਮਾਤਾ ਨਾਮ ਜਪਣਾ, ਨਾਮ ਦੇ ਵਿਚ ਸੁਰਤ ਲਾ ਕੇ ਲਗਾਤਾਰ ਲਿਵ ਦੀ ਅਵਸਥਾ 'ਚ ਰਹਿਣਾ ਇਹ ਹਰ ਬੰਦਾ ਨਹੀਂ ਕਰ ਸਕਦਾ। ਇਹ ਬਹੁਤ ਔਖੀ ਬਾਤ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਜਦੋਂ ਖਾਲਸੇ ਦੀ ਰਚਨਾ ਕੀਤੀ ਤਾਂ ਆਪ ਨੇ ਇੱਕ ਐਸਾ ਕੌਤਕ ਵਰਤਾਇਆ, ਬੜਾ ਭਾਰਾ ਯੱਗ ਕੀਤਾ। ਉਸ ਯੱਗ ਦੇ ਅੰਦਰ ਸਾਰਿਆਂ ਨੂੰ ਨਿਮੰਤਰਣ ਦਿੱਤਾ। ਲੇਕਿਨ ਕੁਦਰਤ ਐਸੀ ਹੋਈ ਕਿ ਬ੍ਰਾਹਮਣਾਂ ਨੂੰ ਨਿਮੰਤਰਣ ਦੇਣਾ ਭੁੱਲ ਗਏ। ਮਹਾਰਾਜ ਨੇ ਲਿਖਿਆ ਹੈ ਕਿ ਸਾਡੇ ਯਾਦ ਨਹੀਂ ਰਿਹਾ। ਅਸੀਂ ਜਾਣ ਕੇ ਨਹੀਂ ਤੁਹਾਨੂੰ ਛੱਡਿਆ, ਯਾਦ ਤੋਂ ਭੁੱਲ ਗਏ। ਜਿਸ ਵਕਤ ਆਏ ਉਹ, ਪਹਿਲਾਂ ਸੁਨੇਹਾ ਦਿੱਤਾ ਹੋਇਆ ਸੀ, ਆਪਣੇ ਡੇਰਿਆਂ 'ਚ ਬੈਠੇ ਸੀ ਆਰਾਮ ਨਾਲ ਕਿ ਕੋਈ ਬੁਲਾਏਗਾ ਤਾਂ ਜਾਵਾਂਗੇ, ਜਦੋਂ ਪਤਾ ਲੱਗਿਆ ਕਿ ਲੰਗਰ ਤਾਂ ਸ਼ੁਰੂ ਹੋ ਗਿਆ ਯੱਗ, ਹੁਣ ਦੱਛਣਾ ਵਗੈਰਾ। ਉਸ ਵੇਲੇ ਮਹਾਰਾਜ ਜੀ ਕੋਲ ਆ ਗਏ, ਮਹਾਰਾਜ ਜੀ ਨੇ ਖਾਲਸੇ ਨੂੰ ਹੀ ਦੇ ਦਿੱਤੀ ਦੱਛਣਾ। ਉਸ ਵੇਲੇ ਇਨ੍ਹਾਂ ਨੇ ਬੜਾ ਭਾਰਾ ਇਤਰਾਜ਼ ਕਰਿਆ ਕਿ ਮਹਾਰਾਜ! ਤੁਸੀਂ ਮਰਿਆਦਾ ਪੁਰਸ਼ੋਤਮ ਹੋਂ, ਕਲਜੁਗ ਦੇ ਅਵਤਾਰ ਹੋਂ ਤੇ ਪਿਛਲੇ ਜੁਗਾਂ 'ਚ ਜੋ ਮਰਿਆਦਾ ਚਲਦੀ ਸੀ, ਉਹਦੇ ਨਾਲ ਬੰਨ੍ਹਣ ਵਾਸਤੇ ਸੰਸਾਰ 'ਤੇ ਆਏ ਓਂ, ਤਿੰਨਾਂ ਜੁਗਾਂ ਦੇ ਅੰਦਰ ਬ੍ਰਾਹਮਣ ਦਾ ਸਤਿਕਾਰ ਹੁੰਦਾ ਆਇਆ ਤੇ ਇਹਨੂੰ ਉਚੇ ਥਾਂ 'ਤੇ ਬਿਠਾਉਂਦੇ ਸੀ, ਗੁਰੂ ਮੰਨਦੇ ਸੀ। ਮਹਾਰਾਜ ਮੁਸਕਰਾ ਪਏ ਕਿ ਬਾਣੀ ਦੇ ਅੰਦਰ ਤਾਂ-

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥*
*ਅੰਗ - 1377*

ਮਹਾਰਾਜ ਕਹਿੰਦੇ, ਕੀ ਗੱਲ ਤੁਹਾਨੂੰ ਨਰਾਜ਼ੀ ਕੀ ਹੋ ਗਈ, ਅਸੀਂ ਤਾਂ ਉਵੇਂ ਜਿਵੇਂ ਤੁਹਾਡਾ ਆਦਰ ਕਰਦੇ ਹਾਂ। ਕਹਿੰਦੇ, ਮਹਾਰਾਜ! ਸਾਨੂੰ ਪਹਿਲਾਂ ਛਕਾਇਆ ਜਾਂਦਾ ਸੀ ਤੇ ਸਾਨੂੰ ਪੂਜਿਆ ਜਾਂਦਾ ਸੀ, ਮੰਨਿਆ ਜਾਂਦਾ ਸੀ ਤੇ ਹੁਣ ਰੁਜ਼ਗਾਰ ਸਾਡਾ ਖੋਹ ਲਿਆ ਕਲਜੁਗ ਦੇ ਅੰਦਰ, ਤੁਹਾਡੀ ਸਿੱਖੀ ਹੀ ਹੈ ਸਾਰੇ ਭਾਰਤ ਵਰਸ਼ ਦੇ ਅੰਦਰ। ਸਾਧਸੰਗਤ ਜੀ! ਗੁਰੂ ਮਹਾਰਾਜ ਦੇ ਵੇਲੇ ਸਾਰੇ ਹਿੰਦੋਸਤਾਨ 'ਚ ਸਿੱਖੀ ਸੀ। ਉਹ ਤਾਂ ਪਿਛਲਿਆਂ ਤੋਂ ਸਾਂਭੀ ਨਹੀਂ ਗਈ, ਹੌਲੀ-ਹੌਲੀ ਮੱਧਮ ਪੈ ਗਈ,

ਸਾਰੇ ਜਾ ਕੇ ਦੇਖ ਲਓ ਲੰਕਾ ਤੱਕ ਗੁਰਦੁਆਰੇ ਬਣੇ ਹੋਏ ਨੇ, ਗੁਰੂ ਨਾਨਕ ਪਾਤਸ਼ਾਹ ਦੇ। ਕੋਈ ਤਾਂ ਸੰਭਾਲਦਾ ਸੀ ਉਥੇ। ਜੇ ਸਿੱਖੀ ਸੀ ਤਾਂ ਹੀ ਉਥੇ ਗੁਰਦੁਆਰੇ ਸਾਂਭੇ ਜਾਂਦੇ ਸੀ ਕਿ ਸਾਰੇ ਭਾਰਤ ਵਰਸ਼ ਵਿੱਚ ਤੁਹਾਡੀ ਸਿੱਖੀ ਹੈ ਹੁਣ ਸਾਨੂੰ ਕੌਣ ਪੁੱਛੇਗਾ, ਮਹਾਰਾਜ ਕਹਿੰਦੇ, ਕੋਈ ਨਾ ਤੁਹਾਡੀ ਪੁੱਛ ਕਰ ਲਵਾਂਗੇ। ਲੇਕਿਨ ਪੰਡਤ ਜੀ! ਮੇਰੇ ਗੁਰਸਿੱਖ ਬੰਦਗੀ ਕਰਦੇ ਨੇ ਇਨ੍ਹਾਂ ਦੀ ਸੇਵ ਕੀਤੀ ਹੋਈ ਮੈਨੂੰ ਚੰਗੀ ਲਗਦੀ ਹੈ।

***ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨ ਹੀ ਕੋ ਭਲੋ***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***

***ਗਿਆਨ ਪ੍ਰਬੋਧ ਪਾ. 10***

ਕਹਿੰਦੇ ਜਿਹੜਾ ਅੱਗੇ ਫਲਣਾ ਹੈ ਉਹ ਵੀ ਇਨ੍ਹਾਂ ਬੰਦਗੀ ਕਰਨ ਵਾਲਿਆਂ ਨੂੰ ਦਿੱਤਾ ਹੋਇਆ ਹੀ ਫਲਣਾ ਹੈ। ਚਲੋ, ਤੁਹਾਡਾ ਕੋਈ ਅਸੀਂ ਮਾਣ ਨਹੀਂ ਤੋੜਦੇ। ਤੁਹਾਨੂੰ ਰੋਜ਼ ਪੰਜ ਮੋਹਰਾਂ ਮਿਲਿਆ ਕਰਨਗੀਆਂ। ਠੀਕ ਹੈ ਨਾ, ਸੋਨੇ ਦੀਆਂ ਮੋਹਰਾਂ। ਪੰਜ ਪੌਂਡ ਦਾ ਜੇ ਅੱਜ ਮੁੱਲ ਲਾਈਏ ਤਾਂ ਦੋ ਸੌ ਰੁਪਿਆ ਹੈ, ਲੇਕਿਨ ਮੋਹਰਾਂ ਦਾ ਤਾਂ ਇਸ ਤੋਂ ਵੀ ਜ਼ਿਆਦਾ ਸੀ, ਅੱਜ ਦੇ ਸਿੱਕੇ ਨਾਲੋਂ। ਬਾਕੀ ਅੱਜ ਤੁਹਾਨੂੰ ਅਸੀਂ ਵਸਤਰ ਵੀ ਨਵੇਂ ਦੇਵਾਂਗੇ ਰੇਸ਼ਮ ਦੇ, ਚਾਦਰਾਂ ਵੀ ਦੇਵਾਂਗੇ ਤੇ ਹੋਰ ਵੀ ਤੁਹਾਡੀ ਸੇਵਾ ਜੋ ਤੁਸੀਂ ਕਹੋਂਗੇ, ਕਰਾਂਗੇ। ਬਿਸਤਰੇ ਵੀ ਦੇਵਾਂਗੇ ਨਵੇਂ ਰੇਸ਼ਮ ਦੇ ਤੇ ਤੁਸੀਂ ਇੱਕੋ ਕੰਮ ਕਰਿਆ ਕਰੋ, ਹੋਰ ਅਸੀਂ ਤੁਹਾਡੇ ਤੋਂ ਕੋਈ ਕੰਮ ਨਹੀਂ ਲੈਣਾ, ਪੱਤਰੀਆਂ ਨਹੀਂ ਖੁਲ੍ਹਾਉਣੀਆਂ, ਹੋਰ ਨਹੀਂ ਕੁਛ ਕਰਨਾ। ਕਹਿੰਦੇ, ਦੱਸੋ, ਮਹਾਰਾਜ! ਕਿਹੜਾ ਕੰਮ ਹੈ?

ਮਹਾਰਾਜ! ਕਹਿੰਦੇ, ਤਿਆਰ ਹੋ ਕੇ ਆਏ ਹੋਂ?

ਕਹਿੰਦੇ ਹਾਂ।

ਮਹਾਰਾਜ ਕਹਿੰਦੇ, ਸਵੇਰੇ ਆਇਓ। ਪ੍ਰਸ਼ਾਦ ਪਾਣੀ ਇੱਥੇ ਹੀ ਮਿਲੇਗਾ, ਦੱਸੋ ਕੀ ਬਣਾਈਏ?

ਜਿਸ ਤਰ੍ਹਾਂ ਦਾ ਉਨ੍ਹਾਂ ਨੇ ਕਿਹਾ, ਉਸ ਤਰ੍ਹਾਂ ਦਾ ਮਹਾਰਾਜ ਜੀ ਨੇ ਪ੍ਰਸ਼ਾਦ ਪਾਣੀ ਤਿਆਰ ਕਰਵਾਇਆ, ਸਾਰੇ ਬੁਲਾ ਲਏ, ਆਸਣ ਵਿਛਾ ਦਿੱਤੇ, ਮਾਲਾ ਰੱਖ ਦਿੱਤੀ ਹਰੇਕ ਆਸਣ 'ਤੇ। ਕਹਿੰਦੇ, ਪਹਿਲਾਂ ਛਕ ਲਓ। ਜਿਹਨੇ ਕਦੇ ਸੰਜਮ ਨਾ ਕਰਿਆ ਹੋਵੇ, ਉਹ ਅਲਪ ਅਹਾਰ ਨਹੀਂ ਕਰ ਸਕਦਾ। ਸੁਆਦੂ ਭੋਜਨ ਸੀ, ਪੇਟ ਭਰ ਲਿਆ। ਡਕਾਰ ਆਉਣੇ ਸ਼ੁਰੂ ਹੋ ਗਏ। ਕਹਿੰਦੇ, ਹੁਣ ਐਉਂ ਕਰੋ, ਆਹ ਆਸਣਾਂ 'ਤੇ ਬਹਿ ਜਾਓ ਤੇ ਚਾਰ ਘੰਟੇ ਬਾਅਦ ਤੁਹਾਨੂੰ ਛੁੱਟੀ ਹੋਏਗੀ। ਦੋ ਘੰਟੇ

ਬਾਅਦ ਸਰਦਾਈ ਜਲ ਪਾਣੀ ਆਏਗਾ, ਉਸ ਤੋਂ ਦੋ ਘੰਟੇ ਬਾਅਦ ਤੁਹਾਨੂੰ ਛੁੱਟੀ ਹੋਏਗੀ, ਫੇਰ ਪ੍ਰਸ਼ਾਦਾ ਛਕਣਾ। ਪੱਕਾ ਹੋਏਗਾ ਮਠਿਆਈਆਂ ਦਾ। ਉਸ ਤੋਂ ਦੋ ਘੰਟੇ ਬਾਅਦ ਅਸੀਂ ਜਲ ਪਾਣੀ ਲਿਆਵਾਂਗੇ। ਫੇਰ ਦੋ ਘੰਟੇ ਬਾਅਦ ਤੁਹਾਨੂੰ ਛੁੱਟੀ ਦੇ ਦਿੱਤੀ ਜਾਏਗੀ ਤੇ ਆਹ ਮੋਹਰਾਂ 'ਤੇ ਆਹ ਤੁਹਾਡੀ ਦਕਸ਼ਣਾ ਸਾਰੀ ਤਿਆਰ ਪਈ ਹੈ। ਕਹਿੰਦੇ, ਕੰਮ? ਕਹਿੰਦੇ, ਇਥੇ ਬੈਠ ਜਾਓ, ਮਨ ਨਹੀਂ ਜਾਣ ਦੇਣਾ ਕਿੱਧਰੇ, ਬੋਲਣਾ ਨਹੀਂ ਹੈ, ਚਿੱਤ ਇਕਾਗਰ ਕਰਕੇ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਸੌਣਾ ਨਹੀਂ ਹੈ, ਗੱਲਾਂ ਨਹੀਂ ਕਰਨੀਆਂ। ਪਹਿਰੇਦਾਰ ਸਾਡਾ ਖੜ੍ਹਾ ਹੈ, ਫੇਰ ਜੇ ਉਹ ਗੁੱਸੇ ਹੋਇਆ ਤੁਹਾਡੇ ਨਾਲ, ਇਹ ਤੁਹਾਡਾ ਕਸੂਰ ਹੋਏਗਾ, ਸਾਡਾ ਦੋਸ਼ ਨਹੀਂ ਹੋਏਗਾ।

ਕਹਿੰਦੇ, ਠੀਕ ਹੈ, ਮਹਾਰਾਜ।

ਕਹਿੰਦੇ, ਪੰਜ ਮੋਹਰਾਂ ਰੋਜ਼ ਮਿਲਿਆ ਕਰਨਗੀਆਂ।

ਬੜੀ ਖੁਸ਼ੀ ਦੇ ਨਾਲ ਬੈਠ ਗਏ, ਦੋ ਘੰਟੇ ਤੋਂ ਪਹਿਲਾਂ ਹੀ ਉਬਾਸੀਆਂ ਆਉਣੀਆਂ ਸ਼ੁਰੂ ਹੋ ਗਈਆਂ। ਝੂਟੇ ਲੈਣ ਲੱਗ ਗਏ ਨੀਂਦ ਦੇ। ਭਾਈ ਆਲਮ ਸਿੰਘ ਨੂੰ ਪਹਿਰੇ 'ਤੇ ਖੜ੍ਹਾਇਆ ਹੋਇਆ ਸੀ, ਮਹਾਰਾਜ ਕਹਿੰਦੇ, ਭਾਈ ਆਲਮ ਸਿੰਘਾ! ਜਗਾ ਇਨ੍ਹਾਂ ਨੂੰ। ਡੰਡਾ ਸੀ ਉਹਦੇ ਕੋਲ, ਉਹ ਪਿੱਠ ਨਾਲ ਲਾ ਦਿਆ ਕਰੇ, ਜਿਹੜਾ ਸੌਣ ਲੱਗੇ। ਸਾਵਧਾਨ! ਸਾਵਧਾਨ!

ਔਖੇ ਹੋ ਗਏ, ਉਬਾਸੀ ਇੱਕ ਨੂੰ ਆਈ ਸਾਰਿਆਂ ਨੂੰ ਲੱਗ ਗਈਆਂ ਆਉਣ। ਪਹਿਰੇਦਾਰ ਨੇ ਕਿਹਾ, ਨਾ ਉਬਾਸੀ ਨਾ ਲਓ, ਚੁੱਪ। ਦੋ ਘੰਟੇ ਹੋਰ ਕੱਢੇ। ਦੋ ਘੰਟੇ ਬਾਅਦ ਜਲ ਪਾਣੀ ਆ ਗਿਆ। ਪੀਤਾ। ਦੋ ਘੰਟੇ ਬਾਅਦ ਫੇਰ ਪੱਕਾ ਭੋਜਨ ਆ ਗਿਆ। ਛਕਿਆ। ਗੱਲਾਂ ਕਰਨ ਲਗ ਗਏ। ਹੁਣ ਚਿੱਤ ਨਹੀਂ ਲਗਦਾ। ਜਦੋਂ ਮੌਕਾ ਦੇਖਦੇ ਨੇ ਇੱਕ ਦੂਜੇ ਨਾਲ ਗੱਲ ਕਰਦੇ ਨੇ। ਐਨੇ ਨੂੰ ਸਿੰਘ ਕਰੜੇ ਹੋ ਗਏ, ਕਹਿੰਦੇ ਅਸੀਂ ਫੇਰ ਜ਼ੋਰ ਨਾਲ ਮਾਰਨਾ ਹੈ ਪਿੱਠ 'ਚ, ਫੇਰ ਪੰਡਤ ਜੀ! ਸਾਡਾ ਦੋਸ਼ ਨਹੀਂ। ਡਿਊਟੀ ਦੇਵੋ ਪੂਰੀ ਜਿਹੜੀ ਤੁਹਾਨੂੰ ਕਹੀ ਹੈ। ਦੋ ਘੰਟੇ ਹੋਰ ਕਰੇ, ਅੱਠ ਘੰਟੇ ਬਾਅਦ ਮਹਾਰਾਜ ਜੀ ਕਹਿਣ ਲੱਗੇ ਕਿ ਲਿਆਓ ਸਾਰਿਆਂ ਨੂੰ, ਲਓ ਭਾਈ ਪੰਜ-ਪੰਜ ਮੋਹਰਾਂ, ਆਹ ਵਸਤਰ ਲਓ, ਹੋਰ ਆ ਬਿਸਤਰੇ ਵੀ ਤੁਹਾਨੂੰ ਦਿੰਦੇ ਹਾਂ। ਕੱਲ੍ਹ ਤੋਂ ਫੇਰ ਤੁਹਾਡੀਆਂ ਪੱਕੀਆਂ ਪੰਜ ਮੋਹਰਾਂ ਤੇ ਮੇਰਾ ਪੰਥ ਇਸੇ ਤਰ੍ਹਾਂ ਤੁਹਾਡੀ ਸੇਵਾ ਕਰਦਾ ਰਹੇਗਾ।

ਕਹਿੰਦੇ, ਸੱਚੇ ਪਾਤਸ਼ਾਹ! ਆਹ ਵੀ ਵਾਪਸ ਲੈ ਲਓ। ਸਾਡੇ ਤੋਂ ਨਹੀਂ ਇਹ ਕੰਮ ਹੁੰਦਾ, ਇਹ ਤਾਂ ਬਹੁਤ ਔਖਾ ਹੈ। ਅਸੀਂ ਅੱਜ ਤਾਂ ਅੱਠ ਘੰਟੇ ਕੱਢ ਦਿੱਤੇ, ਸ਼ਰਮੋ-ਕੁਸ਼ਰਮੀਂ, ਅਸੀਂ ਫੈਸਲਾ ਕਰ ਲਿਆ ਕਿ ਕੱਲ੍ਹ ਤੋਂ ਨਹੀਂ ਕੱਢਣੇ। ਕਹਿੰਦੇ, ਫੇਰ ਤੁਹਾਡਾ ਜਿਹੜਾ ਰਿਜ਼ਕ ਹੈ, ਤੁਸੀਂ ਕਿਹਾ ਕਿ ਸਾਡਾ ਰਿਜ਼ਕ ਮਾਰ ਦਿੱਤਾ। ਕਹਿੰਦੇ, ਨਾ ਸੱਚੇ ਪਾਤਸ਼ਾਹ! -

***ਰਾਹੁ ਕੇਤੁ ਬੈਲ ਹਮਾਰੇ, ਸਾੜਸਤੀ ਹੈ ਖੇਤੀ,***
***ਪੱਤਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।***

ਮਾਈ ਕੋਲ ਜਾ ਕੇ ਕਹਿ ਦੇਣਾ ਹੈ ਕਿ ਤੇਰੇ ਪੁੱਤਰ ਨੂੰ ਸਿੰਗਾਂ ਵਾਲੇ ਦਾ ਡਰ ਹੈ। ਆਹ ਪੀਲੀ ਧਾਤ ਪਾ ਕੇ ਸੱਤੋਂ ਅਨਾਜ ਦੇ ਦੇ, ਸਾਰੀਆਂ ਤਾਂ ਦਾਲਾਂ ਆ ਜਾਣਗੀਆਂ, ਵਿੱਚ ਸੋਨੇ ਦੀ ਮੁੰਦਰੀ ਵੀ ਪਾਉਣੀ ਪਏਗੀ ਉਹਨੂੰ। ਮਹਾਰਾਜ! ਆਹ ਤਾਂ ਕੰਮ ਸੁਖਾਲਾ ਜਿਹਾ ਹੈ। ਮਾੜਾ ਜਿਹਾ ਮਾਈ ਨੂੰ ਭਰਮ ਹੀ ਪਾਉਣਾ ਹੈ, ਅਗਲੇ ਘਰ ਨੂੰ ਪਾਉਣਾ ਹੈ, ਅਸੀਂ ਤਾਂ ਇਸ ਤੋਂ ਵੱਧ ਲੈ ਆਉਂਦੇ ਹਾਂ।

ਸੋ ਮਹਾਰਾਜ ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ! –

***ਆਖਣਿ ਅਉਖਾ ਸਾਚਾ ਨਾਉ ॥*** ***ਅੰਗ– 9***

ਪਰ ਇਸ ਨਾਉਂ ਦੇ ਵਿੱਚ ਮਾਤਾ ਬੜੀਆਂ ਬਰਕਤਾਂ ਨੇ –

ਜੇ ਕਿਸੇ ਦੇ ਮਨ ਵਿੱਚ ਖੁਆਇਸ਼ ਹੋ ਜਾਵੇ ਨਾਮ ਦੀ ਤੇ ਉਹਨੂੰ ਭੁੱਖ ਲਗ ਜਾਵੇ, ਜਿਵੇਂ ਰੋਟੀ ਦੀ ਭੁੱਖ ਲਗਦੀ ਹੈ ਬੰਦੇ ਨੂੰ।

***ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥***
***ਅੰਗ – 9***

ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ –

***ਧਾਰਨਾ – ਸਾਰੇ ਦੁੱਖਾਂ ਦਾ ਨਾਸ਼ ਹੋ ਜਾਵੇ,***
***ਸਤਿਨਾਮ ਜਪ ਕੇ ਵਾਹਿਗੁਰੂ।***

ਮਾਤਾ! ਜੇ ਸੱਚੇ ਨਾਮ ਦੀ ਹਿਰਦੇ ਵਿਚ ਭੁੱਖ ਜਾਗ ਪਵੇ, ਕਹਿੰਦੇ, ਫੇਰ ਸਾਰੇ ਦੁੱਖਾਂ ਨੂੰ ਭੁੱਖ ਖਾ ਜਾਂਦੀ ਹੈ। ਜਦੋਂ ਆਦਮੀ ਭੁੱਖਾ ਹੁੰਦਾ ਹੈ ਫੇਰ ਜਿਹੋ ਜਿਹੀ ਵੀ ਰੋਟੀ ਮਿਲ ਜਾਏ ਉਹ ਖਾ ਜਾਂਦਾ ਹੈ। ਇਹ ਭੁੱਖ ਪਤਾ ਹੈ ਕੀ ਕਰਦੀ ਹੈ ਸਾਰੇ ਦੁੱਖਾਂ ਦਾ ਖਾਤਮਾ ਕਰ ਦਿੰਦੀ ਹੈ।

***ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥***
***ਅੰਗ – 9***

ਦੱਸ ਇਹੋ ਜਿਹਾ ਨਾਮ ਮੈਨੂੰ ਕਿਉਂ ਭੁੱਲੇ।

ਸੋ ਮਹਾਰਾਜ ਕਹਿਣ ਲੱਗੇ, ਭਾਈ ਮੱਲ੍ਹ ਸ਼ਾਹੀ! ਦੇਖ, ਆਹ ਜਿਹੜਾ ਤੈਨੂੰ ਦੱਸਿਆ ਹੈ ਨਾ, ਆਪਣੇ ਆਪ ਨੂੰ ਆਤਮਾ ਸਰੂਪ ਸਮਝ ਤੇ ਹਿਰਦੇ 'ਚ ਆਪਣੇ ਪ੍ਰਮੇਸ਼ਰ ਸਮਝ। ਅੰਦਰ ਵੀ ਬਾਹਰ ਵੀ ਹਰ ਥਾਂ ਤੇਰੇ ਨਾਲ ਰਹਿੰਦਾ ਹੈ। ਇਹ ਜਿਹੜੀ ਨਾਲ ਰਹਿਣ ਦੀ ਭਾਵਨਾ ਹੈ ਨਾ 24 ਘੰਟੇ ਦੀ, ਇਹਨੂੰ ਨਾਮ ਕਹਿੰਦੇ ਨੇ। ਇਹ ਨਾਮ ਦਾ ਫਲ ਹੈ, ਪਹਿਲਾਂ ਵਾਹਿਗੁਰੂ-ਵਾਹਿਗੁਰੂ ਕਰਦੇ ਹਾਂ ਅਸੀਂ। ਇਹਦੇ ਨਾਲ ਅਸੀਂ 'ਅੰਨਮਈ ਕੋਸ਼' 'ਚੋਂ ਲੰਘ ਜਾਂਦੇ ਹਾਂ, ਸ਼ੁਭ ਕਰਮ ਕਰਕੇ। ਉਸ ਤੋਂ ਬਾਅਦ ਅਸੀਂ ਸਵਾਸ ਦਾ ਨਾਮ ਜਪਦੇ ਹਾਂ। ਇਹਦੇ ਨਾਲ ਅਸੀਂ 'ਪ੍ਰਾਣਮਈ ਕੋਸ਼' 'ਚੋਂ ਲੰਘ ਜਾਂਦੇ ਹਾਂ। ਫੇਰ ਉਥੋਂ ਆ ਕੇ ਅਸੀਂ ਉਪਾਸ਼ਨਾ ਕਰਦੇ ਹਾਂ। ਚਾਰ ਕਿਸਮ ਦੀ ਉਪਾਸ਼ਨਾ ਹੈ – ਇੱਕ ਤਾਂ ਸਾਕਾਰ ਦੀ ਉਪਾਸ਼ਨਾ ਹੈ।

ਇੱਕ ਸ਼ਬਦ ਦੀ ਉਪਾਸ਼ਨਾ ਹੈ, ਇੱਕ ਜੋਤੀ ਸਰੂਪ ਸਮਝ ਕੇ ਵਾਹਿਗੁਰੂ ਦੀ ਉਪਾਸ਼ਨਾ। ਚੌਥਾ ਹੈ ਗਿਆਨ ਦੀ ਬਿਰਤੀ। ਪ੍ਰਮੇਸ਼ਰ ਨੂੰ ਪਰੀਪੂਰਨ ਸਮਝ ਕੇ ਉਹਦੇ ਵਿੱਚ ਬਿਰਤੀ ਲਾਉਣੀ। ਇਹ ਉਪਾਸ਼ਨਾ ਦੇ ਨਾਲ ਮਨ ਦਾ ਪਰਦਾ ਦੂਰ ਹੋ ਜਾਂਦਾ ਹੈ। 'ਮਨੋਮਈ ਕੋਸ਼' ਲੰਘ ਜਾਂਦਾ ਹੈ। ਉਸ ਤੋਂ ਬੁੱਧੀ ਜਿਹੜੀ ਹੈ ਉਹ ਬਾਣੀ ਦੀ ਵਿਚਾਰ ਨਾਲ, ਸਤਿ ਦੀ ਵਿਚਾਰ ਨਾਲ ਜੋ ਤੈਨੂੰ ਹੁਣ ਦੱਸੀ ਹੈ, ਇਹਦੀ ਵਿਚਾਰ ਕਰੇਂਗਾ, ਇਹ ਬੁੱਧੀ ਦਾ ਪਰਦਾ ਤੇਰੇ ਸਰੂਪ ਤੋਂ ਲਹਿ ਜਾਏਗਾ, ਜਿਹਨੂੰ ਅਸੀਂ ਜੋਤੀ ਸਰੂਪ ਕਹਿੰਦੇ ਹਾਂ, ਜਦੋਂ ਇਹ ਪ੍ਰਤੱਖ ਹੋ ਜਾਏਗਾ ਉਸ ਵੇਲੇ ਇੱਕ ਪੜਦਾ ਤੇਰਾ ਰਹਿ ਜਾਏਗਾ ਅਗਿਆਨ ਦਾ। ਉਹ ਪੜਦਾ ਜਿਹੜਾ ਹੈ ਉਹ ਗੁਰੂ ਪੂਰਾ ਪੜਦੇ ਨੂੰ ਲਾਹੁੰਣ ਨੂੰ ਸਮਰੱਥ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਤੂੰ ਜਦੋਂ ਨਾਮ ਜਪੇਂਗਾ ਤਾਂ ਦੁੱਖਾਂ ਦਾ ਵੀ ਖਾਤਮਾ ਹੋਏਗਾ। ਲਿਵ ਦੀ ਅਵਸਥਾ ਤੈਨੂੰ ਪ੍ਰਾਪਤ ਹੋ ਜਾਏਗੀ ਤੇ ਕਿਰਤ ਤਾਂ ਤੇਰੀ ਧਰਮ ਦੀ ਹੈ ਹੀ। ਫੌਜ ਦੀ ਨੌਕਰੀ ਹੈ, ਡਿਊਟੀ ਦੇਣੀ ਹੈ ਇਹਦੇ 'ਚ, ਇਹਦੇ 'ਚ ਕੋਈ ਬੇਈਮਾਨੀ ਨਹੀਂ ਠੱਗੀ ਨਹੀਂ, ਕੋਈ ਚੋਰੀ ਨਹੀਂ ਚਕਾਰੀ ਨਹੀਂ। ਦੂਸਰਾ ਹੈ ਕਿ ਜੇ ਕੋਈ ਹੈ ਵੀ ਤਾਂ ਕਿਰਤ ਨੂੰ ਸ਼ੁੱਧ ਕਰ ਲੈ, ਕਿਰਤ ਧਰਮ ਦੀ ਕਰ। ਮਨ ਹੈ ਜਿਹੜਾ ਇਹਨੂੰ ਵਿਕਾਰਾਂ ਤੋਂ ਰੋਕ, ਮਨ ਦੇ ਅੰਦਰ ਵਿਕਾਰ ਆਉਂਦੇ ਨੇ ਕਿਉਂਕਿ ਮਨ ਦੇ ਨਸ਼ੇ 'ਚ ਉਦੋਂ ਹੀ ਚੜ੍ਹ ਜਾਂਦੇ ਨੇ। ਜਿਹੜੇ ਆਤਮ ਨਸ਼ੇ ਨੇ ਇਹ ਹੌਲੀ-ਹੌਲੀ ਮਿਹਨਤ ਨਾਲ ਚੜ੍ਹਦੇ ਨੇ। ਛੇਤੀ ਨਸ਼ਾ ਆਦਮੀ ਨੂੰ ਛੇਤੀ ਨਾਲ ਪਤਾ ਦਿੰਦਾ ਹੈ ਤੇ ਵਿਕਾਰਾਂ ਤੋਂ ਹਟ ਕੇ ਲਿਵ ਵਿੱਚ ਆਪਣੀ ਬਿਰਤੀ ਲਾ। ਜਦੋਂ ਤੂੰ ਲਿਵ ਵਿੱਚ ਆ ਗਿਆ ਫੇਰ ਬਰਕਤਾਂ ਹੀ ਬਰਕਤਾਂ ਪੈ ਜਾਣਗੀਆਂ ਤੇਰੀ ਕਮਾਈ 'ਚ, ਤੇਰੇ ਬਚਨਾਂ 'ਚ, ਤੇਰੇ ਦੇਖਣ 'ਚ, ਸਭ ਕਾਸੇ 'ਚ ਬਰਕਤਾਂ ਹੋ ਜਾਣਗੀਆਂ -

***ਧਾਰਨਾ - ਸਰਬ ਮਨੋਰਥ ਜੇ ਕੋ ਚਾਹੈ, ਸੇਵੈ ਏਕ ਨਿਧਾਨਾ ਜੀ।***

ਜੇ ਚਾਰ ਪਦਾਰਥਾਂ ਦੀ ਲੋੜ ਹੈ ਤਾਂ ਸੰਗਤ ਦੀ ਸੇਵਾ ਕਰ-

***ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥***

***ਅੰਗ - 266***

ਜੇ ਸਾਰੇ ਹੀ ਮਨੋਰਥ ਪੂਰੇ ਕਰਨੇ ਚਾਹੁੰਦਾ ਹੈਂ ਤਾਂ ਤੂੰ ਜੋ ਵਾਹਿਗੁਰੂ ਹੈ ਉਹਦਾ ਸਿਮਰਨ ਕਰ, ਉਹਦੀ ਸੇਵਾ ਕਰ -

***ਜਾ ਕੈ ਸਿਮਰਨਿ ਸਰਬ ਨਿਧਾਨਾ ਮਾਨੁ ਮਹਤੁ ਪਤਿ ਪੂਰੀ ॥***
***ਨਾਮੁ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ ਸਭਿ ਧੂਰੀ ॥***

***ਅੰਗ - 672***

ਇੱਜ਼ਤ, ਮਾਨ ਸਭ ਮਿਲੇਗਾ। ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਉਹਦੀ ਅਵਸਥਾ ਫੇਰ ਐਸੀ ਹੋ ਜਾਂਦੀ ਹੈ ਕਿ ਉਹਦੀ ਧੂੜੀ ਫੇਰ ਲੋਚਾ ਕਰਨ ਲਗ ਜਾਂਦੇ ਨੇ ਕਿ ਧੂੜੀ ਮਿਲ ਜਾਵੇ। ਬੰਦੇ ਹੀ ਨਹੀਂ ਕਰਦੇ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ***

*ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* *ਅੰਗ - 1263*

ਕਿਉਂ ਲੋਚਦੇ ਨੇ ਕਿਉਂਕਿ ਉਹਦੇ ਵਿੱਚ ਐਸੀ ਸਮਰਥਾ ਪੈਦਾ ਹੋ ਜਾਂਦੀ ਹੈ ਕਿ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਿਹੜੇ ਕਰਮ ਸਾਨੂੰ ਭੋਗਣੇ ਪੈਣੇ ਸੀ ਉਨ੍ਹਾਂ ਦਾ ਨਾਸ਼ ਹੋ ਗਿਆ। ਫੇਰ ਜਦੋਂ ਭਗਤੀ ਦਾ ਦਰਜਾ ਪ੍ਰਾਪਤ ਹੋ ਗਿਆ, ਫੇਰ ਉਹਦੀ ਧੂੜੀ ਨੂੰ ਲੋਚਦੇ ਨੇ। ਜੇ ਕੋਈ ਚਾਹੁੰਦਾ ਹੈ ਕਿ ਮੇਰੇ ਸਾਰੇ ਮਨੋਰਥ ਪੂਰੇ ਹੋ ਜਾਣ ਤੇ ਮੈਨੂੰ ਸਭ ਚੀਜ਼ ਦੀ ਪ੍ਰਾਪਤੀ ਹੋ ਜਾਏ ਤਾਂ -

*ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ ॥*
*ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ ॥*
*ਅੰਗ - 672*

ਗੱਲ ਸਮਝ ਵਿੱਚ ਪੈ ਗਈ, ਨਿਹਚਾ ਬੱਝ ਗਿਆ। ਉਸ ਵੇਲੇ ਮਹਾਰਾਜ ਨੇ ਗੱਲਬਾਤ ਦਾ ਰੁੱਖ ਬਦਲ ਲਿਆ। ਕਹਿੰਦੇ, ਦੇਖ! ਸਮਝ ਵਿੱਚ ਗਈਆਂ ਤੇਰੇ ਤਿੰਨੋ ਰਹਿਤਾਂ ਜਿਹੜੇ ਤਿੰਨ ਬਚਨ ਕਰੇ ਨੇ, ਕਹਿੰਦਾ ਹਾਂ ਮਹਾਰਾਜ! ਆਪ ਦੀ ਕ੍ਰਿਪਾ ਹੋਵੇ, ਸਮਝ ਤਾਂ ਆ ਗਏ ਪਰ ਇਹਦੇ ਉਤੇ ਟਿਕਾਂਗਾ ਕਿਵੇਂ? ਕਿਉਂਕਿ ਬੜੇ ਸੂਖਸ਼ਮ ਬਚਨ ਆਪ ਨੇ ਕੀਤੇ ਨੇ।

ਮਹਾਰਾਜ ਕਹਿੰਦੇ ਉਹਦੀ ਜਾਚ ਹੁੰਦੀ ਹੈ, ਹੌਲੀ-ਹੌਲੀ ਮਿਹਨਤ ਕਰੀਦੀ ਹੈ, ਕਰਦੇ-ਕਰਦੇ ਮਨ ਐਨਾ ਬਲਵਾਨ ਹੋ ਜਾਂਦਾ ਹੈ ਕਿ ਗੁਰੂ ਦੇ ਆਸਰੇ ਦੇ ਅੰਦਰ, ਗੁਰੂ ਦੀ ਓਟ ਦੇ ਅੰਦਰ ਕਿ ਇਨ੍ਹਾਂ ਬਚਨਾਂ ਦਾ ਬੋਝ ਚੁੱਕਣ ਜੋਗਾ ਹੋ ਜਾਂਦਾ ਹੈ। ਹੁਣ ਚੌਥੀ ਗੱਲ ਅਸੀਂ ਤੈਨੂੰ ਦਸਦੇ ਹਾਂ ਕਿ ਤੇਰਾ ਜਿਹੜਾ ਕਿੱਤਾ ਹੈ ਉਹ ਯੁੱਧ ਕਰਨ ਦਾ ਹੈ। ਕਿਸੇ ਦਫਤਰ 'ਚ ਬੈਠਣ ਦਾ ਤਾਂ ਹੈ ਨਹੀਂ। ਹੱਲ ਵਾਹੁੰਣ ਦਾ ਨਹੀਂ ਹੈ, ਕੋਈ ਤਕੜੀ ਤੋਲਣ ਦਾ ਨਹੀਂ ਹੈ। ਕੋਈ ਹੋਰ ਨਹੀਂ ਹੈ। ਤੇਰਾ ਹੈ ਕਿ ਸ਼ਸਤਰ ਚਲਾਉਣੇ ਨੇ ਜਦੋਂ ਲੋੜ ਪਈ। ਕਹਿੰਦਾ, ਹਾਂ ਮਹਾਰਾਜ! ਕਹਿੰਦਾ, ਦੇਖ ਇਹਦੇ ਵਿੱਚ ਵੀ ਜਾਚ ਸਿੱਖ। ਇਹਦੇ 'ਚ ਜਿਹੜਾ ਸੂਰਮਾ ਹੈ ਨਾ ਉਹਨੂੰ ਮਾਣ ਪ੍ਰਾਪਤ ਹੁੰਦਾ ਹੈ। ਜਿਹੜਾ ਸੂਰਮਾ ਨਹੀਂ ਹੈ ਉਹਨੂੰ ਦਰਗਾਹ 'ਚ ਧੱਕੇ ਮਿਲਦੇ ਨੇ। ਹੁਣ ਇਹ ਗੱਲ ਸਾਡੀ ਸਮਝ ਤੋਂ ਬਾਹਰਲੀ ਮਹਾਰਾਜ ਨੇ ਕਰ ਦਿੱਤੀ ਕਿ ਆਹ ਕਿਹੜੀ ਗੱਲ ਹੋਈ। ਮਹਾਰਾਜ ਕਹਿੰਦੇ, ਦੇਖੋ ਸੂਰਮਾ ਉਹ ਹੈ ਜਿਹੜਾ ਪਹਿਲਾਂ ਪ੍ਰਵਾਨ ਹੋਵੇ, ਜਿੰਨਾਂ ਚਿਰ ਪ੍ਰਵਾਨ ਨਹੀਂ ਹੁੰਦਾ, ਓਨਾਂ ਚਿਰ ਉਹ ਸੂਰਮਾ ਨਹੀਂ ਹੁੰਦਾ। ਇਹ ਪ੍ਰਵਾਨ ਬਣਨ ਦੀ ਜਾਚ ਸਿੱਖ ਪ੍ਰੇਮੀਆਂ! ਦੋਵੇਂ ਹੱਥ ਜੋੜ ਲਏ, ਸਾਵਧਾਨ ਹੋ ਕੇ ਬੈਠ ਗਿਆ ਕਿਉਂਕਿ ਬਚਨ ਬੜਾ ਔਖਾ ਆ ਗਿਆ, ਸਾਡੇ ਵਾਸਤੇ ਵੀ ਬੜਾ ਔਖਾ ਹੈ, ਧਿਆਨ ਨਾਲ ਸਰਵਣ ਕਰਿਓ। ਬਾਰ-ਬਾਰ ਐਸੇ ਬਚਨ ਨਹੀਂ ਹੋਇਆ ਕਰਦੇ। ਧਿਆਨ ਕਰ ਲਿਆ, ਸਭ ਪਾਸਿਆਂ ਤੋਂ ਸੁਰਤ ਖਿੱਚ ਲਈ, ਕਹਿੰਦੇ ਦੇਖ, ਪਹਿਲਾਂ ਤਾਂ ਗੁਰੂ ਦੇ ਬਚਨ ਸੁਣਨੇ ਨੇ। ਸੁਣਨ ਦੀ ਅਵਸਥਾ ਹੁੰਦੀ ਹੈ। ਇਹ ਹੁਣ ਤੈਨੂੰ ਦਸਦੇ ਹਾਂ ਕਿ ਪ੍ਰਵਾਨ ਕਿਵੇਂ ਹੁੰਦਾ ਹੈ। ਫੇਰ ਉਸ

ਤੋਂ ਬਾਅਦ ਪੂਰੀ ਤਰ੍ਹਾਂ 100% 'ਮੰਨਣੇ' ਨੇ। ਇਹ ਮੰਨਣ ਦੀ ਅਵਸਥਾ ਆ ਗਈ, ਹੁਣ ਇਨ੍ਹਾਂ ਦੀ ਫੇਰ ਕਮਾਈ ਕਰਨੀ ਹੈ। ਕਮਾਈ ਨੂੰ 'ਨਿਧਿਆਸਣ' ਕਹਿੰਦੇ ਨੇ। ਉਹ ਕਮਾਈ ਕਿਵੇਂ ਕਰਨੀ ਹੈ, ਪਹਿਲਾਂ ਤਾਂ ਪੰਜ ਗੁਣ ਧਾਰਨ ਕਰ। ਸਤਿ, ਸੰਤੋਖ, ਦਇਆ, ਧਰਮ, ਵਿਚਾਰ। ਪ੍ਰਵਾਨ ਹੋਣ ਵਾਸਤੇ ਪੰਜ ਗੁਣ ਧਾਰਨ ਕਰਨ ਦੀ ਲੋੜ ਹੈ, ਸਤਿ ਦੀ, ਸੰਤੋਖ ਦੀ, ਦਇਆ ਦੀ, ਧਰਮ ਦੀ, ਵਿਚਾਰ ਦੀ। ਤਾਂ ਪੰਚ ਪ੍ਰਵਾਨ ਹੋਏਗਾ। ਫੇਰ ਪੰਜ ਔਗੁਣਾ ਦਾ ਤਿਆਗ ਕਰ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਜਦੋਂ ਇਨ੍ਹਾਂ ਨੂੰ ਛੱਡ ਦਏਂਗਾ, ਈਰਖਾ, ਨਿੰਦਿਆ, ਚੁਗਲੀ ਆਪੇ ਹੀ ਨੱਠ ਜਾਏਗੀ; ਫੇਰ ਪੰਜ ਵਿਸ਼ਿਆਂ ਦਾ ਤਿਆਗ ਕਰ, ਪੰਜ ਵਿਸ਼ੇ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜਾ ਹੰਕਾਰਾਂ ਦਾ ਤਿਆਗ ਕਰ - ਰਾਜ, ਮਾਲ, ਰੂਪ, ਜਾਤ, ਜੋਬਨ। ਕਹਿੰਦੇ ਆ ਗਈ ਸਮਝ 'ਚ ਗੱਲ? ਕਹਿੰਦਾ ਹਾਂ, ਸਮਝ ਗਿਆ ਮੈਂ ਕਿ ਪੰਜ ਗੁਣ ਧਾਰਨ ਕਰਨੇ ਨੇ ਤੇ ਪੰਜ-ਪੰਜ ਔਗੁਣ ਤਿਆਗ ਕਰਨੇ ਨੇ। ਪੰਜੇ ਚੋਰ, ਪੰਜੇ ਵਿਸ਼ੇ ਤੇ ਪੰਜੇ ਠੱਗ; ਕਹਿੰਦੇ ਹੁਣ ਦੇਖ ਪੰਜ ਤੱਤ ਨੇ ਤੇਰੇ ਸਰੀਰ ਦੇ ਅੰਦਰ; ਇਨ੍ਹਾਂ 'ਚ ਇੱਕ-ਇੱਕ ਗੁਣ ਹੈ ਹਰੇਕ ਤੱਤ ਦੇ ਵਿੱਚ। ਇਨ੍ਹਾਂ ਨੂੰ ਤੂੰ ਧਾਰਨ ਕਰ। ਇੱਕ-ਇੱਕ ਗੁਣ ਧਾਰਨ ਕਰਦਾ ਜਾਹ। ਕਹਿੰਦੇ, ਦੇਖ ਜਿਹੜਾ ਧਰਤੀ ਹੈ, ਆਕਾਸ਼ ਹੈ ਇਹ ਨਿਰਖੋਭ ਰਹਿੰਦਾ ਹੈ, ਕਿਸੇ ਚੀਜ਼ ਦੇ ਨਾਲ ਇਹ ਪਕੜ ਨਹੀਂ ਹੁੰਦਾ, ਨਾ ਕੱਟਿਆ ਜਾਂਦਾ ਹੈ ਨਾ ਵੱਢਿਆਂ ਜਾਂਦਾ ਹੈ। ਐਉਂ ਆਪਣੀ ਬਿਰਤੀ ਨੂੰ ਨਿਰਖੋਭ ਰੱਖਣਾ ਹੈ, ਕਿਸੇ ਦੇ ਅੰਦਰ ਫਸਾਉਣੀ ਨਹੀਂ ਹੈ ਬਿਰਤੀ। ਦੁੱਖ ਦੂਰ ਸਭ ਦਾ ਕਰਨਾ ਹੈ ਲੇਕਿਨ ਆਪ ਹਉਕੇ ਨਹੀਂ ਲੈਣੇ, ਆਪਣੇ ਮੈਲ ਪੈ ਜਾਂਦੀ ਹੈ ਅੰਦਰ ਜਦੋਂ ਆਦਮੀ ਬਿਰਤੀ ਦੇ ਉਤੇ ਦੂਸਰੇ ਦਾ ਉਪਕਾਰ ਕਰਦੇ-ਕਰਦੇ, ਉਹਦਾ ਦਰਦ ਜਦੋਂ ਬਿਰਤੀ 'ਤੇ ਆ ਕੇ ਬਿਰਤੀ ਹਿੱਲਣ ਲਗ ਜਾਵੇ, ਉਸ ਵੇਲੇ ਮੈਲ ਪੈ ਜਾਂਦੀ ਹੈ। ਉਹਦੇ ਵਿਘਨ ਆਪਣੇ ਉਤੇ ਪੈ ਜਾਂਦੇ ਨੇ। ਕਹਿੰਦੇ, ਬਿਰਤੀ ਨਿਰਖੋਭ ਰੱਖਣੀ ਹੈ, ਕੰਮ ਸਾਰੇ ਕਰਨੇ ਨੇ ਲੇਕਿਨ ਆਪ ਨਹੀਂ ਫਸਣਾ। ਇਹ ਨਹੀਂ ਕਿ ਆਪ ਹੀ ਰੋਣ ਲੱਗ ਜਾਵੇ। ਨਿਰਖੋਭ ਰਹਿਣਾ।

ਦੂਸਰਾ ਹੈ ਪਾਣੀ ਦਾ ਗੁਣ ਧਾਰਨ ਕਰਨਾ ਹੈ। ਪਾਣੀ ਜਿਹੜਾ ਹੈ ਮੈਲ ਲਾਹ ਦਿੰਦਾ ਹੈ। ਉਹਨੂੰ ਮੁੜ ਕੇ ਗਰਮ ਕਰ ਲਓ, ਫੇਰ ਨਿਰਮਲ ਦਾ ਨਿਰਮਲ। ਉਹ ਨਿਰਮਲਤਾਈ ਨਹੀਂ ਆਪਣੀ ਛੱਡਦਾ।

ਤੀਸਰਾ ਹੈ ਧਰਤੀ ਦਾ ਗੁਣ ਧਾਰਨ ਕਰਨਾ। ਧਰਤੀ ਵਿੱਚ ਹੈ - ਖਿਮਾ।

***ਬ੍ਰਹਮ ਗਿਆਨੀ ਕੈ ਧੀਰਜੁ ਏਕ ॥***
***ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ - 272***

ਉਹ ਇੱਕ ਰਸ ਰਹਿੰਦੀ ਹੈ, ਕੋਈ ਵਿਸ਼ਟਾ ਫਿਰਦੇ, ਕੋਈ ਲੇਪ ਦੇ ਦੇ। ਕੋਈ ਨਹੀਂ ਉਸ ਵਿੱਚ ਫਰਕ ਪੈਂਦਾ।

ਚੌਥਾ ਹੈ ਅਗਨੀ ਜਿਵੇਂ ਹੈ ਇਹ ਇਹਦਾ ਸਰੂਪ ਹੈ, ਪ੍ਰਕਾਸ਼। ਆਪਣੇ ਮਨ ਦੇ ਅੰਦਰ ਅਗਿਆਨ ਦਾ ਹਨ੍ਹੇਰਾ ਨਹੀਂ ਕਦੇ ਵੀ ਆਉਣ ਦੇਣਾ ਤੇ ਅਗਨੀ ਵਾਲਾ ਸੁਭਾਅ ਰੱਖ ਕੇ, ਪ੍ਰਕਾਸ਼ ਦੇ ਵਿਚ ਰਹਿਣਾ ਹੈ –

***ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥***

***ਅੰਗ – 1018***

ਕੋਈ ਵੀ ਨੇੜੇ ਆ ਜਾਵੇ, ਉਹ ਸ਼ੁੱਭ ਬਚਨਾਂ ਦਾ ਪ੍ਰਕਾਸ਼ ਹੀ ਅਸਰ ਕਰਦਾ ਹੈ।

ਪੰਜਵਾਂ ਹੈ ਪ੍ਰੇਮੀਆਂ! ਪਉਣ ਵਾਂਗੂੰ ਨਿਰਲੇਪ ਰਹਿਣਾ। ਫਸਣਾ ਨਹੀਂ ਹੈ –

***ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥***
***ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥***

***ਅੰਗ – 1018***

ਹੁਣ ਇਹ ਗੁਣ ਧਾਰਨ ਕਰਕੇ ਫੇਰ ਤੇਰਾ ਸਰਗੁਣ ਤੇ ਮੰਨਣ ਪੱਕਾ ਹੋਏਗਾ ਤੇ ਉਸ ਤੋਂ ਬਾਅਦ ਤੂੰ ਨਿਧਿਆਸਣ ਕਰਕੇ ਬ੍ਰਹਮਗਿਆਨ ਦੀ ਪ੍ਰਾਪਤੀ ਹੋਏਗੀ। ਫੇਰ ਤੈਨੂੰ ਦਰਜਾ ਸੰਤ ਤੇ ਭਗਤ ਦਾ ਮਿਲ ਜਾਏਗਾ। ਜਦੋਂ ਸੰਤ ਤੇ ਭਗਤ ਦਾ ਦਰਜਾ ਮਿਲ ਗਿਆ, ਉਸ ਵੇਲੇ ਤੂੰ ਪੰਚ ਪ੍ਰਵਾਨ ਹੋ ਜਾਏਂਗਾ।

ਮਹਾਰਾਜ ਨੇ ਕਿਹਾ ਕਿ ਆਉਂਦਾ ਹੈ ਨਾ ਜਪੁਜੀ ਸਾਹਿਬ ਜੀ ਦੇ ਅੰਦਰ, ***'ਪੰਚ ਪਰਵਾਣ ਪੰਚ ਪਰਧਾਨੁ ॥ ਅੰਗ – 3'*** ਕਹਿੰਦੇ ਹਾਂ ਮਹਾਰਾਜ। ਕਹਿੰਦੇ, ਆਹ ਗੁਣ ਧਾਰਨ ਕਰੇ ਹੁੰਦੇ ਨੇ, ਔਗੁਣ ਤਿਆਗ ਕੀਤੇ ਹੁੰਦੇ ਨੇ ਉਨ੍ਹਾਂ ਨੇ, ਉਨ੍ਹਾਂ ਦਾ ਦਰਜਾ ਸਾਧੂਆਂ ਦਾ ਹੁੰਦਾ ਹੈ ਤੇ ਉਹ ਪ੍ਰਵਾਣ ਪੁਰਸ਼ ਕਹਾਉਂਦੇ ਨੇ। ਉਥੇ ਪ੍ਰਵਾਣ ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਜਿਹੜਾ ਫੇਰ ਸੂਰਮਾ ਹੈ ਉਹ ਸੂਰਮਾ ਉਹ ਹੈ ਜਿਹਨੇ ਫੇਰ ਹੰਗਤਾ ਤੇ ਮਮਤਾ ਨੂੰ ਮਾਰ ਲਿਆ।

***ਨਾਨਕ ਸੋ ਸੂਰਾ ਵਰੀਆਮੁ***
***ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਅੰਗ – 86***

ਕਹਿੰਦੇ, ਤਲਵਾਰਾਂ ਘੁੰਮਾਉਣ ਵਾਲੇ ਨਹੀਂ ਸੂਰਮੇ ਹੋਇਆ ਕਰਦੇ। ਸੂਰਮਾ ਉਹ ਹੈ ਜਿਹਨੇ ਆਪਣੇ ਅੰਦਰੋਂ ਹੰਕਾਰ ਨੂੰ, ਹੰਗਤਾ ਨੂੰ ਮਾਰ ਦਿੱਤਾ ਤੇ ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਐਸਾ ਕੌਣ ਬਲੀ ਰੇ, ਐਸਾ ਕੌਣ ਬਲੀ ਰੇ,***
***ਜਿਨ ਮਿਲ ਮਾਰੇ ਪੰਚ ਸੂਰਮੇ।***

ਕਹਿੰਦੇ, ਐਸਾ ਸੰਸਾਰ 'ਚ ਕੌਣ ਬਲੀ ਹੈ। ਜਿਹੜਾ ਸੂਰਮਾ ਰਾਈਫਲਾਂ ਚਲਾਉਂਦਾ ਹੈ, ਤਲਵਾਰਾਂ ਚਲਾਉਂਦਾ ਹੈ, ਨੇਜ਼ੇ ਚਲਾਉਣ ਜਾਣਦਾ ਹੈ ਕਹਿੰਦੇ ਉਹ ਵਲੀ ਹੈ? ਮਹਾਰਾਜ ਕਹਿੰਦੇ ਨਾ। ਮਹਾਰਾਜ ਕਹਿੰਦੇ, ਵਲੀ ਉਹ ਹੈ।

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥***
***ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥***

***ਅੰਗ - 404***

ਜਿਹਨੇ ਪੰਜੇ ਮਾਰ ਕੇ ਕੱਢ ਦਿੱਤੇ, ਆਹ ਸਰੀਰ ਦੇ ਅੰਦਰੋਂ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥***

***ਅੰਗ - 600***

ਕਰਦੇ ਕੀ ਨੇ, ਅੰਮ੍ਰਿਤ ਲੁੱਟ ਰਹੇ ਨੇ ਤੇ ਅੰਮ੍ਰਿਤ ਲੁੱਟਣ ਤੋਂ ਜਿਹਨੇ ਹਟਾ ਲਏ ਇਹ ਪੰਜੇ ਤੇ ਮਾਰ ਕੇ ਕੱਢ ਦਿੱਤੇ, ਕਹਿੰਦੇ ਕੋਈ ਵਲੀ ਹੈ ਐਸਾ, ਜਿਹੜਾ ਇਨ੍ਹਾਂ ਨੂੰ ਮਾਰ ਦੇਵੇ ਉਹ ਵਲੀ ਹੈ। ਉਹ ਜਿਹੜਾ ਵਲੀ ਹੈ ਉਹ ਸੂਰਮਾ ਹੈ। ਮਹਾਰਾਜ ਸੂਰਮੇ ਦਾ ਜ਼ਿਕਰ ਕਰਦੇ ਨੇ ਕਿ ਉਹ ਸੂਰਮਾ ਕਿਹੜਾ ਹੈ? -

***ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥***

***ਅੰਗ - 1356***

ਬੰਦਗੀ ਕਰਨ ਵਾਲੇ ਸਾਧੂਆਂ ਦੀ ਜੋ ਸੈਨਾ ਹੈ ਇਹ ਸੂਰਮੇ ਨੇ, ਅਜਿੱਤ ਸੂਰਮੇ ਨੇ, ਇਨ੍ਹਾਂ ਨੂੰ ਨਾ ਕਾਮ ਜਿੱਤ ਸਕਦਾ ਹੈ, ਨਾ ਕ੍ਰੋਧ, ਨਾ ਲੋਭ ਨਾ ਮੋਹ, ਨਾ ਹਰਖ, ਨਾ ਸੋਗ, ਨਾ ਮਾਣ, ਨਾ ਅਪਮਾਨ, ਨਾ ਕੋਈ ਲਾਲਚ, ਨਾ ਕੋਈ ਧਮਕੀ, ਨਾ ਕੋਈ ਡਰ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ - 1427***

ਕਹਿੰਦੇ ਉਹ ਸੂਰਮੇ ਨੇ ਸਾਧੂ, ਉਨ੍ਹਾਂ ਨੇ ਜਿਹੜੀ ਸੰਜੋਅ ਪਹਿਨੀ ਹੋਈ ਹੈ, ਵੁਲਟ ਪਰੂਫ ਜਿਹੜੀ ਜੈਕਟ ਪਾਈ ਹੋਈ ਹੈ ਉਹ ਨਿਮਰਤਾ ਦੀ ਪਾਈ ਹੋਈ ਹੈ ਤੇ ਉਨ੍ਹਾਂ ਦੇ ਹੱਥ ਵਿੱਚ ਹਥਿਆਰ ਕਿਹੜੇ ਨੇ, ਮਹਾਰਾਜ ਕਹਿੰਦੇ -

***ਆਵਧਹ ਗੁਣ ਗੋਬਿੰਦ ਰਮਣੰ ਓਟ***
***ਗੁਰ ਸਬਦ ਕਰ ਚਰਮਣਹ ॥*** ***ਅੰਗ - 1356***

ਉਹ ਪ੍ਰਮੇਸ਼ਰ ਦੇ ਜਸ ਕਰਨ ਦਾ, ਗੁਣ ਗਾਉਣ ਦਾ ਹਥਿਆਰ ਹੈ। ਜਿਹੜੀ ਗੁਰੂ ਸ਼ਬਦ ਦੀ ਓਟ ਹੈ ਉਹ ਉਨ੍ਹਾਂ ਦੇ ਹੱਥ ਵਿੱਚ ਢਾਲ ਲਈ ਹੋਈ ਹੈ।

***ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥***

***ਅੰਗ - 1356***

ਕਹਿੰਦੇ ਉਹ ਹਾਥੀ ਘੋੜਿਆਂ 'ਤੇ ਸਵਾਰੀ ਕਰਦੇ ਨੇ, ਹਰੀ ਦੇ ਬੁੱਝਣ ਰੂਪੀ ਹਾਥੀ, ਘੋੜਿਆਂ ਦੀ ਸਵਾਰੀ ਕਰਦੇ ਨੇ -

***ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ ਕੀਰਤਨਹ ॥***

***ਅੰਗ - 1356***

ਉਹ ਇਨ੍ਹਾਂ ਸ਼ਤ੍ਰਾਂ ਦੀ ਸੈਨਾ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ; ਰਾਜ, ਮਾਲ, ਰੂਪ, ਜਾਤ, ਜੋਬਨ; ਈਰਖਾ, ਨਿੰਦਿਆ, ਚੁਗਲੀ, ਵਖੀਲੀ; ਅਨੇਕਾਂ ਕਿਸਮ ਦੇ ਜਿਹੜੇ ਦੁਸ਼ਮਣ ਨੇ ਉਨ੍ਹਾ ਦੇ ਵਿੱਚ ਨਿਰਭੈ ਹੋ ਕੇ ਫਿਰਦੇ ਨੇ ਕਿਉਂਕਿ ਉਨ੍ਹਾਂ ਨੇ ਜਿੱਤ ਲਏ। ਉਹ ਧਾਵਾ ਕੀਹਦਾ ਕਰਦੇ ਨੇ, ਉਹ ਧਾਵਾ ਕਰਦੇ ਨੇ ਕਿ ਜੀ ਅੱਜ ਆਸਾ ਦੀ ਵਾਰ ਲੱਗਣੀ ਹੈ, ਨੀਂਦ ਛੱਡਦੇ ਨੇ, ਉੱਠਦੇ ਨੇ ਕਿ ਫਲਾਣੇ ਥਾਂ ਦੇ ਉਤੇ ਹਰੀ ਦਾ ਜਸ ਹੋਣਾ ਹੈ। ਉਹ ਫੇਰ ਧਾਵਾ ਕਰਕੇ ਜਾਂਦੇ ਨੇ। ਉਹ ਸਾਰੇ ਕੰਮਾਂ ਨੂੰ ਪਿੱਛੇ ਛੱਡ ਕੇ, ਨੀਂਦ ਨੂੰ, ਆਰਾਮ ਨੂੰ ਛੱਡ ਕੇ ਫੇਰ ਉਹ ਜਾਂਦੇ ਨੇ। ਕਹਿੰਦੇ, ਫੇਰ ਉਹ ਹੁੰਦਾ ਕੀ ਹੈ?

***ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ ॥***

***ਅੰਗ – 1356***

ਸਾਰੇ ਸੰਸਾਰ ਨੂੰ ਜਿੱਤ ਲੈਂਦੇ ਨੇ, ਕਿਉਂਕਿ ਉਨ੍ਹਾਂ ਨੇ ਰਾਜਾ ਫੜ ਲਿਆ। ਉਹ ਪੰਜ ਤਸਕਰਾਂ ਨੂੰ ਫੇਰ ਵਸ ਕਰ ਲੈਂਦੇ ਨੇ। ਮਹਾਰਾਜ ਕਹਿੰਦੇ, ਇਹ ਸੂਰਮੇ ਨੇ ਪ੍ਰੇਮੀਆਂ! ਇਨ੍ਹਾਂ ਨੂੰ ਅਸੀਂ ਯੋਧੇ ਕਹਿੰਦੇ ਹਾਂ, ਇਨ੍ਹਾਂ ਦਾ ਦਰਗਾਹ ਦੇ ਵਿੱਚ ਮਰਨਾ ਪ੍ਰਵਾਨ ਹੋਇਆ ਕਰਦਾ ਹੈ।

***ਧਾਰਨਾ – ਮਾਣ ਸੂਰਮੇ ਦਰਗਾਹ ਦੇ ਵਿੱਚ ਪਾਉਂਦੇ,***
***ਮਰਦੇ ਜੋ ਪ੍ਰਵਾਨ ਹੋ ਕੇ।***

ਭਾਈ ਮੱਲ੍ਹ! ਐਹੋ ਜਿਹੇ ਜਿਹੜੇ ਸੂਰਮੇ ਨੇ ਉਨ੍ਹਾਂ ਦਾ ਹੱਕ ਹੈ ਮਰਨ ਦਾ। ਬਾਕੀ ਸੰਸਾਰ ਤਾਂ ਬੰਨ੍ਹਿਆ ਹੋਇਆ ਮਰਦਾ ਹੈ–

***ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥***

***ਅੰਗ – 580***

ਜਿਹੜਾ ਪਹਿਲਾਂ ਪ੍ਰਵਾਨ ਹੋ ਕੇ ਮਰਦਾ ਹੈ, ਅਸੀਂ ਤਾਂ ਪ੍ਰਵਾਨ ਵਿੱਚ ਨਹੀਂ ਆਉਂਦੇ। ਸਾਡੇ ਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਖੌਰੂ ਪਾ ਰਹੇ ਨੇ ਅੰਦਰ। ਸੂਰਮਿਆਂ ਦੀ ਲਿਸਟ 'ਚ ਨਹੀਂ ਆਉਂਦੇ। ਸੂਰਮਾ ਓਹੀ ਹੈ ਜਿਹਨੇ ਪੰਜ ਮਹਾਂਬਲੀ ਜਿੱਤ ਲਏ। ਕਹਿੰਦੇ ਉਹ ਪ੍ਰਵਾਨ ਹੋ ਗਏ –

***ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥***
***ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ***
***ਆਗੈ ਦੂਖੁ ਨ ਲਾਗੈ ॥*** ***ਅੰਗ – 1365***

ਦਰਗਾਹ 'ਚ ਜਾ ਕੇ ਇਨ੍ਹਾਂ ਨੂੰ ਮਾਣ ਮਿਲਦਾ ਹੈ, ਇੱਜ਼ਤ ਨਾਲ ਜਾਂਦੇ ਨੇ, ਜੈ-ਜੈਕਾਰ ਹੁੰਦੀ ਹੈ, ਬਿਵਾਨਾਂ 'ਚ ਚੁੱਕੀ ਜਾਂਦੇ ਨੇ। ਦੇਵਤੇ ਲੈ-ਲੈ ਕੇ ਜਾਂਦੇ ਨੇ। ਗੰਧਰਬ ਲੋਕ ਵਾਲੇ, ਦੇਵ ਗੰਧਰਬ 'ਚ ਛੱਡਦੇ ਨੇ, ਦੇਵ ਗੰਧਰਬ ਵਾਲੇ ਪਿੱਤਰ ਲੋਕ 'ਚ ਛੱਡਦੇ ਨੇ, ਪਿੱਤਰ ਲੋਕ ਵਾਲੇ ਸਵਰਗ 'ਚ ਛੱਡਦੇ ਨੇ, ਸਵਰਗ ਵਾਲੇ ਇੰਦ੍ਰ ਲੋਕ 'ਚ, ਇੰਦ੍ਰ ਲੋਕ ਵਾਲੇ ਕਰਮ ਦੇਵ ਲੋਕ 'ਚ, ਕਰਮ ਦੇਵ ਲੋਕ ਵਾਲੇ ਅਜਾਨ ਦੇਵ ਲੋਕ, ਅਜਾਨ ਦੇਵ ਵਾਲੇ ਪਰਜਾਪਤ ਲੋਕ 'ਚ ਛੱਡਦੇ ਨੇ, ਉਹ ਬ੍ਰਹਮ ਲੋਕ 'ਚ ਛੱਡਦੇ ਨੇ, ਜੈ-ਜੈਕਾਰ ਹੁੰਦੀ ਹੈ। ਉਹ ਸ਼ਿਵ ਲੋਕ ਦੇ ਅੰਦਰ ਛੱਡਦੇ

ਨੇ, ਉਹ ਬੈਕੁੰਠ ਧਾਮ ਦੇ ਅੰਦਰ ਛੱਡਦੇ ਨੇ, ਬੈਕੁੰਠ ਧਾਮ ਦੇ ਮਹਾਂ ਵੱਡੇ ਦੇਵਤਾ ਵਿਸ਼ਨੂੰ ਜੀ ਧੰਨ-ਧੰਨ ਕਹਿੰਦੇ ਨੇ ਤੇ ਸੱਚਖੰਡ ਦੇ ਵਿੱਚ ਛੱਡ ਕੇ ਆਉਂਦੇ ਨੇ। ਕਹਿੰਦੇ, ਉਹ ਪ੍ਰਵਾਨ ਨੇ ਪ੍ਰੇਮੀਓ! -

***ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ***
***ਜਿਤੁ ਸੇਵਿਐ ਭਉ ਭਾਗੈ ॥*** ***ਅੰਗ - 580***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਐਸੇ ਜੋ ਸੂਰਮੇ ਨੇ ਉਹ ਜਦੋਂ ਲੜਾਈ ਲੜਦੇ ਨੇ, ਫੇਰ ਪਿੱਠ ਨਹੀਂ ਦਿੰਦੇ-

***ਧਾਰਨਾ - ਜੋ ਲਰੈ ਦੀਨ ਕੇ ਹੇਤ,***
***ਸੂਰਾ ਸੋਈ-ਸੂਰਾ ਸੋਈ।***

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥***
***ਅੰਗ - 1105***

ਕਹਿੰਦੇ, ਜਦੋਂ ਦਸਵੇਂ ਦੁਆਰ ਦੇ ਅੰਦਰ ਸ਼ਬਦ ਦਾ ਦਮਾਮਾ ਵੱਜਿਆ, ਉਸ ਵੇਲੇ ਹਿਰਦੇ 'ਚ ਫੇਰ ਘਾਅ ਪੈ ਗਿਆ ਸ਼ਬਦ ਦਾ। ਗਗਨ ਦੇ ਵਿੱਚ ਅਫੁਰ ਅਵਸਥਾ ਦੇ ਵਿਚ ਦਮਾਮਾ ਵੱਜ ਗਿਆ ਗਿਆਨ ਦਾ, ਪ੍ਰਭੂ ਦੀ ਹੋਂਦ ਦਾ, ਪ੍ਰਭੂ ਦੀ ਜੋਤ ਦਾ। ਉਹ ਫੇਰ ਇਸ ਸਰੀਰ ਦੇ ਅੰਦਰ -

***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥***
***ਅੰਗ - 1105***

ਤਕੜਾ ਹੋ ਗਿਆ ਕਿ ਹੁਣ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ,......... ਜਿੰਨੀ ਅਸੁਰੀ ਸੰਪਰਦਾ ਹੈ ਹੁਣ ਇਨ੍ਹਾਂ ਨਾਲ ਲੜਾਈ ਕਰੀਏ। ਹੁਣ ਦਾਓ ਭਰ ਗਿਆ ਮੇਰਾ।

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਅੰਗ - 1105***

ਜਿਹੜਾ ਧਰਮ ਦੀ ਰਾਖੀ ਕਰਦਾ ਹੋਇਆ, ਸਤਿ, ਸੰਤੋਖ ਦੀ, ਦਇਆ ਦੀ, ਧਰਮ ਦੀ, ਵਿਚਾਰ ਦੀ, ਖਿਮਾ ਦੀ, ਸ਼ੀਲ ਦੀ, ਸੌਚ ਦੀ, ਸੰਜਮ ਦੀ, ਦਾਨ ਦੀ; ਇਨ੍ਹਾਂ ਦੀ ਰਾਖੀ ਕਰਦਾ ਹੈ ਜਿਹੜਾ ਕਹਿੰਦੇ, ਕਹਿੰਦੇ ਸੂਰਮਾ ਪ੍ਰੇਮੀਓ! ਉਹ ਹੁੰਦਾ ਹੈ -

***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥***
ਅੰਗ - 1105

ਉਨ੍ਹਾਂ ਨੂੰ ਪੁਰਜੇ-ਪੁਰਜੇ ਕੱਟ ਕੇ, ਵੀਚਾਰ ਦੇ ਨਾਲ ਕੱਟ ਦੇਵੇ। ਕਾਮ ਹੈ ਪੁਰਜਾ-ਪੁਰਜਾ ਕੱਟ ਦੇਵੇ ਇਹਦਾ ਕਿ ਆਹ ਸਰੀਰ ਹੈ ਕੀ, ਅੱਖਾਂ ਵਿਚੋਂ ਮੈਲ ਆਉਂਦੀ ਹੈ, ਕੰਨਾਂ 'ਚੋਂ ਮੈਲ ਨਿਕਲਦੀ, ਮੂੰਹ 'ਚੋਂ ਥੁੱਕ ਨਿਕਲਦਾ ਹੈ, ਉਂਗਲੀ ਇੱਕ ਵਾਰੀ ਮੂੰਹ ਨੂੰ ਲਗ ਜਾਵੇ ਜੂਠਾ ਹੋ ਜਾਂਦਾ ਹੈ। ਕਿਹੜੀ ਚੀਜ਼ ਹੈ ਇਹਦੀ ਵਿੱਚ ਸੱਚੀ? ਗੰਦ-ਮੂਤ ਦਾ ਥੈਲਾ ਹੈ। ਵੀਚਾਰ ਦੇ ਨਾਲ ਕੱਟ ਦਿੱਤਾ ਇਹਦਾ।

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ ਅੰਗ - 1096*

ਅੱਗੇ-ਅੱਗੇ ਵਧਦਾ ਚਲਿਆ ਜਾਵੇ। ਜੋ ਇਨ੍ਹਾਂ ਤੋਂ ਹਾਰ ਨਾ ਮੰਨੇ, ਉਹਨੂੰ ਧੰਨ ਕਹਿੰਦੇ ਨੇ -

*ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ*
*ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ*
*ਕਾਤਰਤਾ ਕੁਤਵਾਰ ਬੁਹਾਰੈ॥ ਸਵੈਯਾ (ਕ੍ਰਿਸ਼ਨਾਵਤਾਰ)*

ਐਸੀ ਜੋ ਲੜਾਈ ਲੜਦਾ ਹੈ ਕਹਿੰਦੇ ਉਹ ਧੰਨ ਹੈ, ਜਿਹੜਾ ਮੁੱਖ ਤੋਂ ਵਾਹਿਗੁਰੂ ਦਾ ਹਰ ਵਕਤ ਨਾਮ ਲੈਂਦਾ ਹੈ ਤੇ ਚਿੱਤ ਦੇ ਵਿਚ 'ਆਸੁਰੀ ਸੰਪਰਦਾ' ਦੇ ਨਾਲ ਹਰ ਵਕਤ ਯੁੱਧ ਦੀ ਵੀਚਾਰ ਕਰਦਾ ਹੈ ਕਿ ਕਿਤੇ ਵਾਰ ਨਾ ਕਰ ਜਾਵੇ, ਕਿਤੇ ਮੇਰੇ 'ਤੇ ਕ੍ਰੋਧ ਨਾ ਵਾਰ ਕਰ ਜਾਵੇ, ਅਵਿਦਿਆ, ਮਾਇਆ ਨਾ ਮੇਰੇ 'ਤੇ ਕਿਤੇ ਵਾਰ ਕਰ ਜਾਵੇ। ਦੇਹ ਨੇ ਤਾਂ ਰਹਿਣਾ ਨਹੀਂ ਤੇ ਜੱਸ ਦੀ ਨਈਆਂ ਦੇ ਉਤੇ ਚੜ੍ਹ ਕੇ ਭਵਸਾਗਰ ਉਹ ਤਰਦਾ ਹੈ। ਧੀਰਜ ਦਾ ਘਰ ਬਣਾਉਂਦਾ ਹੈ ਇਸ ਤਨ ਨੂੰ, ਗੁਰੂ ਦੇ ਉਪਦੇਸ਼ ਦੇ ਨਾਲ ਬੁੱਧੀ ਨੂੰ ਪ੍ਰਕਾਸ਼ ਦੇ ਵਿੱਚ ਲੈ ਜਾਂਦਾ ਹੈ, ਗਿਆਂਨ ਦੀ ਦਾਤੀ ਲੈ ਕੇ ਹੱਥ ਦੇ ਵਿਚ ਇਹ ਜਿਹੜੀਆਂ ਕਮਜ਼ੋਰੀਆਂ ਨੇ ਆਦਮੀ ਦੇ ਅੰਦਰ ਇਨ੍ਹਾਂ ਨੂੰ ਝਾੜੂ ਮਾਰ-ਮਾਰ ਕੇ ਬਾਹਰ ਸੁੱਟ ਦੇਵੇ। ਕਹਿੰਦੇ ਉਹ ਧੰਨ ਹੈ, ਉਹ ਸੂਰਮਾ ਹੈ। ਕਹਿਣ ਲੱਗੇ, ਪ੍ਰੇਮੀਆਂ! ਪਹਿਲਾਂ ਪ੍ਰਵਾਨ ਹੋਣਾ ਸਿੱਖ ਕਿ ਸੂਰਮਾ ਕਿਹੜਾ ਹੁੰਦਾ ਹੈ।

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥*
*ਅੰਗ - 679*

ਜਿਹਨੂੰ ਪਿਆਰ ਲੱਗ ਗਿਆ ਪ੍ਰਮੇਸ਼ਰ ਦੇ ਨਾਲ ਉਹ ਸੂਰਮਾ ਹੈ। ਉਹਨੇ ਮਨ ਨੂੰ ਜਿੱਤ ਲਿਆ, ਜਿਹਨੇ ਮਨ ਨੂੰ ਜਿੱਤ ਲਿਆ ਉਹਦੇ ਵਸ ਵਿੱਚ ਸਾਰਾ ਸੰਸਾਰ ਆ ਗਿਆ। ਪਰ ਉਸ ਸੂਰਮੇ ਦਾ ਉਸਤਾਦ ਪੂਰਾ ਹੋਣਾ ਚਾਹੀਦਾ ਹੈ। ਜਿਹੜੇ ਸੂਰਮਿਆਂ ਨੂੰ ਤੁਸੀਂ ਕਹਿੰਦੇ ਓਂ, ਉਹ ਸੂਰਮੇ ਸਾਡੇ ਕੋਲ ਪ੍ਰਵਾਨ ਨਹੀਂ -

*ਧਾਰਨਾ - ਜਿਹੜੇ ਮਰਦੇ ਨੇ ਅਹੰਕਾਰ ਧਾਰ ਕੇ*
*ਆਖੀਅਹਿ ਨਾ ਉਹਨੂੰ ਸੂਰਮਾ।*

ਬਾਕੀ ਭਾਈ ਮੱਲ੍ਹ ਸ਼ਾਹੀ! ਜਿਹੜੇ ਅਭਿਮਾਨ ਦੇ ਵਿੱਚ ਆ ਕੇ, ਅਹੰਕਾਰ ਦੀ ਅਵਸਥਾ 'ਚ, ਪੰਜਾਂ ਚੋਰਾਂ ਦੇ ਅਧੀਨ ਹੋ ਕੇ ਮਰਦੇ ਨੇ, ਉਹ ਸੂਰਮੇ ਨਹੀਂ ਹੋਇਆ ਕਰਦੇ। ਉਹ ਤਾਂ ਦੁੱਖ ਪਾਉਣਗੇ ਕਰਮਾਂ ਦੇ ਵਿੱਚ, ਉਨ੍ਹਾਂ ਦੀ ਗਤੀ ਨਹੀਂ ਕੋਈ ਹੋਣੀ।

***ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥***
***ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅੰਗ – 1089***

ਆਪਣੇ ਆਪ ਨੂੰ ਪਛਾਣਿਆਂ ਨਹੀਂ ਦਵੈਤ ਵਿੱਚ ਆ ਕੇ ਪਚਣਗੇ।

***ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਅੰਗ –89***

ਕ੍ਰੋਧ ਦੇ ਵਿੱਚ ਆ ਕੇ ਲੜਾਈਆਂ ਕਰਦੇ ਨੇ ਤੇ ਇੱਥੇ ਵੀ ਦੁੱਖ ਤੇ ਦਰਗਾਹ ਵਿੱਚ ਵੀ ਦੁੱਖ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***
***ਅਹੰਕਾਰਿ ਮੁਏ ਸੇ ਵਿਗਤੀ ਗਏ***
***ਮਰਿ ਜਨਮਹਿ ਫਿਰਿ ਆਵਹਿ ॥ ਅੰਗ – 1089***

ਵਾਹਿਗੁਰੂ ਨੂੰ ਹੰਕਾਰ ਨਹੀਂ ਭਾਉਂਦਾ, ਸਾਰੇ ਗ੍ਰੰਥ, ਧਰਮ ਗ੍ਰੰਥ ਕੂਕ-ਕੂਕ ਕੇ, ਹਾਕਾਂ ਮਾਰ-ਮਾਰ ਕੇ ਦਸਦੇ ਨੇ। ਕਹਿੰਦੇ, ਉਨ੍ਹਾਂ ਦੀ ਗਤੀ ਨਹੀਂ ਹੁੰਦੀ ਜਿਹੜੇ ਅਹੰਕਾਰ ਦੇ ਵਿੱਚ ਆ ਕੇ ਮਰਦੇ ਨੇ। ਉਹ ਤਾਂ ਜੰਮਣ ਮਰਨ ਦੇ ਚੱਕਰ ਵਿੱਚ ਪੈ ਜਾਂਦੇ ਨੇ। ਉਸ ਵੇਲੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਜਿਹੜੇ ਰਾਜੇ ਲੜਦੇ ਨੇ, ਹਮਲੇ ਕਰਦੇ ਨੇ, ਪਾਤਸ਼ਾਹ! ਇਹ ਦੂਸਰੇ ਰਾਜੇ ਦਾ ਰਾਜ ਲੈਣ ਵਾਸਤੇ ਕਰਦੇ ਨੇ। ਰਾਜ ਖੋਹਣ ਵਾਸਤੇ ਕਰਦੇ ਨੇ। ਇਹ ਜਿਹੜੇ ਤੁਸੀਂ ਸੂਰਮੇ ਦੱਸੇ ਨੇ, ਇਹ ਸੂਰਮੇ ਕੁਛ ਪ੍ਰਾਪਤ ਵੀ ਕਰਦੇ ਨੇ ਕਿ ਸੂਰਮੇ, ਸੂਰਮੇ ਹੀ ਰਹਿੰਦੇ ਨੇ। ਇਹ ਲੜਾਈ ਵੀ ਕਰਦੇ ਨੇ, ਜੇ ਲੜਾਈ ਕਰਦੇ ਨੇ ਤਾਂ ਇਨ੍ਹਾਂ ਨੂੰ ਪ੍ਰਾਪਤ ਕੀ ਹੁੰਦਾ ਹੈ? ਮਹਾਰਾਜ ਕਹਿਣ ਲੱਗੇ, ਤੂੰ ਬਹੁਤ ਵਧੀਆਂ ਗੱਲ ਪੁੱਛੀ। ਇਨ੍ਹਾਂ ਦੀ ਜਿਹੜੀ ਪ੍ਰਾਪਤੀ ਹੈ ਉਹ ਬਹੁਤ ਵੱਡੀ ਪ੍ਰਾਪਤੀ ਹੈ –

***ਧਾਰਨਾ – ਰਾਜ ਲੀਓ ਅਬਿਨਾਸ਼ੀ ਹਰੀ ਦਿਆਂ ਸੰਤਾਂ ਨੇ।***

ਮਹਾਰਾਜ ਕਹਿਣ ਲੱਗੇ, ਭਾਈ ਮੱਲੂ ਸ਼ਾਹ! ਹਰੀ ਦੇ ਸੰਤ ਜਦੋਂ ਯੁੱਧ ਕਰਦੇ ਨੇ, ਵੱਡੇ-ਵੱਡੇ ਸੂਰਮਿਆਂ 'ਤੇ ਫਤਹਿ ਪਾਉਂਦੇ ਨੇ, ਉਸ ਵੇਲੇ ਉਨ੍ਹਾਂ ਨੂੰ ਅਬਿਨਾਸ਼ੀ ਰਾਜ ਜਿਹਦਾ ਕਦੇ ਨਾਸ਼ ਨਾ ਹੋਵੇ ਉਹ ਰਾਜ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਹੜੇ ਦੁਨੀਆਂ ਦੇ ਅਹੰਕਾਰੀ ਸੂਰਮੇ ਲੜਦੇ ਨੇ, ਹਮਲੇ ਕਰਦੇ ਨੇ, ਉਨ੍ਹਾਂ ਨੂੰ ਅਬਿਨਾਸ਼ੀ ਰਾਜ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਨਰਕਾਂ ਸੁਰਗਾਂ ਦੇ ਵਿੱਚ ਘੁੰਮਦੇ ਰਹਿੰਦੇ ਨੇ। ਜੰਮਦੇ ਨੇ ਮਰਦੇ ਨੇ, ਜੰਮਦੇ ਨੇ ਮਰਦੇ ਨੇ। ਇਹ ਜਿਹੜੇ ਸਾਧੂ ਨੇ ਜਿਨ੍ਹਾਂ ਦਾ ਜ਼ਿਕਰ ਅਸੀਂ ਕਰ ਰਹੇ ਹਾਂ, ਪ੍ਰਵਾਨ ਹੋਏ-ਹੋਏ ਸੂਰਮੇ ਇਹ ਰਾਜ ਲੈਂਦੇ ਨੇ, ਜਿਸ ਰਾਜ ਦਾ ਮੁੜ ਕੇ ਕਦੇ ਨਾਸ਼ ਹੀ ਨਾ ਹੋਵੇ।

ਇੱਕ ਸ਼ਬਦ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਸਵਾਲ ਆਉਂਦਾ ਹੈ?

***ਕਿਉ ਲੀਜੈ ਗਢੁ ਬੰਕਾ ਭਾਈ ॥ ਅੰਗ – 1161***

ਆਹ ਜਿਹੜਾ ਬੰਕਾ ਗੜ੍ਹ ਹੈ ਨਾ, ਜਿਹਨੂੰ ਸਰੀਰ ਕਹਿੰਦੇ ਨੇ ਕਹਿੰਦੇ ਇਹਦੇ ਉਤੇ ਜਿੱਤ ਕਿਵੇਂ ਪ੍ਰਾਪਤ ਕੀਤੀ ਜਾਵੇ? ਕਿਉਂਕਿ ਇਹਦੇ ਉਤੇ –

***ਦੋਵਰ ਕੋਟ ਅਰੁ ਤੇਵਰ ਖਾਈ ॥ ਅੰਗ – 1161***

ਤਿੰਨ ਤਾਂ ਖਾਈਆਂ ਨੇ ਇਹਦੇ ਵਿੱਚ, ਦੋ ਇਹਦੇ ਉਤੇ ਕਿਲ੍ਹੇ ਬਣਾਏ ਹੋਏ ਨੇ। ਤਿੰਨ ਸਰੀਰ ਨੇ - ਸੂਖਸ਼ਮ ਹੈ, ਸਥੂਲ ਹੈ ਤੇ ਕਾਰਨ ਹੈ।

***ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥***

***ਅੰਗ - 1161***

ਪੰਜ ਤੱਤਾਂ ਦਾ ਬਣਿਆ ਹੋਇਆ ਹੈ ਇਹ। ਪੱਚੀ ਇਹਦੇ 'ਚ ਪ੍ਰਾਕ੍ਰਿਤੀਆਂ ਲੱਗੀਆਂ ਹੋਈਆਂ ਨੇ ਤੇ ਅਭਿਮਾਨ ਦੇ ਨਾਲ ਇਹ ਢਕਿਆ ਪਿਆ ਹੈ। ਨਾ ਫਤਹਿ ਹੋਣ ਵਾਲੀ ਮਾਇਆ ਇਹਦੇ ਵਿੱਚ ਰਹਿੰਦੀ ਹੈ।

***ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥***

***ਅੰਗ - 1161***

ਕਹਿੰਦੇ ਹੁਣ ਦੱਸੋ, ਗਰੀਬ ਦਾ ਜ਼ੋਰ ਇੱਥੇ ਕਿਵੇਂ ਪਹੁੰਚੇਗਾ? ਇਹਨੂੰ ਜਿੱਤਾਂਗੇ ਕਿਵੇਂ? ਹੇ ਵਾਹਿਗੁਰੂ! ਮੈਂ ਕੀ ਕਰਾਂ? ਇਹ ਐਨੇ ਸੂਰਮੇ ਨੇ ਮੈਂ ਇਕੱਲਾ ਹਾਂ, ਮੇਰੇ ਗਰੀਬ ਦਾ ਜ਼ੋਰ ਨਹੀਂ ਪੈਂਦਾ। ਕਹਿੰਦੇ, ਦਰਵਾਜ਼ੇ ਬੰਦ ਕਰੇ ਹੋਏ ਨੇ, ਰਾਖਾ ਇਨ੍ਹਾਂ ਦਾ ਹੈਗਾ ਕਾਮ-

***ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥***
***ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਮਹ ਮਨੁ ਮਾਵਾਸੀ ਰਾਜਾ ॥***

***ਅੰਗ - 1161***

ਦੁੱਖ ਤੇ ਸੁੱਖ ਦਰਬਾਨ ਬਣੇ ਹੋਏ ਨੇ ਦਰਵਾਜ਼ੇ ਦੇ। ਪਾਪ ਤੇ ਪੁੰਨ ਦਾ ਦਰਵਾਜ਼ਾ ਬੰਦ ਹੋਇਆ ਹੈ। ਕ੍ਰੋਧ ਜਿਹੜਾ ਹੈ ਬਹੁਤ ਖੌਰੂ ਪਾਉਣ ਵਾਲਾ, ਭਿਆਨਕ, ਉਹ ਕਹਿੰਦੇ ਇੱਥੇ ਪ੍ਰਧਾਨ ਸੈਨਾਪਤੀ ਬਣਿਆ ਹੋਇਆ ਹੈ। ਉਥੇ ਆਕੀ ਹੋਇਆ-ਹੋਇਆ ਪ੍ਰਮਾਤਮਾ ਤੋਂ 'ਜੀਵ ਆਤਮਾ' ਨੂੰ ਵਸ ਕਰਕੇ ਮਨ ਰਾਜਾ 'ਜੀਵ ਆਤਮਾ' ਨੂੰ ਕਾਬੂ ਕਰੀ ਬੈਠਾ ਹੈ। ਚਾਹੀਦਾ ਤਾਂ ਸੀ ਬੁੱਧੀ ਦੇ ਅਧੀਨ ਰਹਿੰਦਾ। 'ਜੀਵ ਆਤਮਾ' ਦੇ ਅਧੀਨ ਰਹਿੰਦਾ, ਚਿੱਤ ਦੇ ਅਧੀਨ ਰਹਿੰਦਾ। ਪਰ ਇਹ ਆਕੀ ਹੋ ਗਿਆ, ਇਹਨੇ ਬੁੱਧੀ ਨੂੰ ਵੀ ਕਾਬੂ ਕਰ ਲਿਆ ਤੇ ਜੀਵ ਆਤਮਾ ਨੂੰ ਵੀ ਕਰ ਲਿਆ। ਉਹਨੇ ਸੰਜੋਅ ਜਿਹੜੀ ਪਹਿਨੀ ਹੋਈ ਹੈ ਉਹ ਸੁਆਦਾਂ ਦੀ ਪਹਿਨੀ ਹੋਈ ਹੈ, ਰਸਾਂ-ਕਸਾਂ ਦੀ।

***ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥***
***ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ।।***

***ਅੰਗ - 1161***

ਮਮਤਾ ਦਾ ਟੋਪ ਪਹਿਨਿਆ ਹੋਇਆ ਹੈ ਤੇ ਇਹਦੇ ਉਤੇ ਗੋਲਾ ਨਹੀਂ ਕੋਈ ਚੱਲ ਸਕਦਾ। ਮਾੜੀ ਬੁੱਧੀ ਦਾ ਉਹਨੇ ਤੀਰ ਕਮਾਨ ਲਿਆ ਹੋਇਆ ਹੈ। ਤ੍ਰਿਸ਼ਨਾ ਦੇ ਤੀਰ ਚੱਲ ਰਹੇ ਨੇ ਇੱਥੇ। ਇਹ ਕਿਲ੍ਹਾ ਸੱਚੇ ਪਾਤਸ਼ਾਹ! ਕਿਵੇਂ ਫਤਹਿ ਹੋਵੇ। ਉਸ ਵੇਲੇ ਜੁਗਤ ਦਸ ਦਿੱਤੀ, ਸਾਧੂਆਂ ਨੂੰ। ਸਾਧੂਆਂ ਨੇ ਫੇਰ ਆਪਣੇ ਹਥਿਆਰ ਕੱਢ ਲਏ। ਕਿਹੜਾ ਹਥਿਆਰ ਕੱਢਿਆ? ਕਹਿੰਦੇ, ਪ੍ਰੇਮ ਦਾ ਪਲੀਤਾ ਲਾ ਦਿੱਤਾ। ਸੁਰਤ ਦੀ ਹਵਾਈ

ਚਲਾ ਦਿੱਤੀ। ਸੁਰਤ ਦੇ ਨਾਲ ਵਾਹਿਗੁਰੂ-ਵਾਹਿਗੁਰੂ ਜੋੜ ਲਿਆ, ਹਵਾਈ ਚਲਾ ਦਿੱਤੀ ਵਾਹਿਗੁਰੂ-ਵਾਹਿਗੁਰੂ ਕਹਿ ਕੇ ਤੇ ਪਿਆਰ ਦਾ ਦੇ ਦਿੱਤਾ ਪਲੀਤਾ। ਗੋਲਾ ਚਲਾ ਦਿੱਤਾ ਗਿਆਨ ਦਾ। ਇੱਕੋ ਹੀ ਗੋਲਾ ਚਲਾਇਆ ਤੇ ਬ੍ਰਹਮ ਅਗਨ ਜਾਲ ਦਿੱਤੀ ਕਿ ਸਾਰੇ ਹੀ ਵਾਹਿਗੁਰੂ ਹੈ। ਸਹਿਜ ਦੇ ਨਾਲ ਜਾਲੀ। ਕਹਿੰਦੇ ਇੱਕੋ ਚੋਟ ਕਰੀ ਹੈ ਬਹੁਤੀਆਂ ਚੋਟਾਂ ਕਰਨ ਦੀ ਲੋੜ ਨਹੀਂ ਪਈ, ਕਿਉਂਕਿ ਸੂਰਮੇ ਵੱਡੇ ਸੀਗੇ।

***ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥***
***ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥***

***ਅੰਗ - 1161***

ਇੱਕੋ ਗੋਲਾ ਮਾਰਿਆ ਕਹਿੰਦੇ ਕੰਧਾ ਤੋੜ ਦਿੱਤੀਆਂ। ਹੁਣ ਫੇਰ ਲੜਾਈ ਸੂਰਮੇ ਨਾਲ ਲੈ ਕੇ ਅਸੀਂ ਲੜਨ ਲੱਗੇ -

***ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥***
***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥***

***ਅੰਗ - 1161***

ਦੋਵੇਂ ਦਰਵਾਜ਼ੇ ਤੋੜ ਦਿੱਤੇ ਪਾਪ ਤੇ ਪੁੰਨ ਵਾਲੇ। ਸਤੁ ਤੇ ਸੰਤੋਖ ਨਾਲ ਲੜਾਈ ਸ਼ੁਰੂ ਕਰ ਦਿੱਤੀ ਤੇ ਹੁਣ ਕ੍ਰਿਪਾ ਕੀਤੀ। ਗੁਰੂ ਦੀ ਕ੍ਰਿਪਾ ਤੇ ਸਾਧੂਆਂ ਦੀ ਸੰਗਤ ਇਹਦੇ ਨਾਲ ਕੀ ਕਰਿਆ? ਕਹਿੰਦੇ ਕਿਲ੍ਹੇ 'ਚ ਵੜ ਗਏ ਤੇ ਇਨ੍ਹਾਂ ਦੀ ਕ੍ਰਿਪਾ ਹੋਣ ਦੇ ਨਾਲ ਮਨ ਰੂਪੀ ਰਾਜਾ ਫੜ ਲਿਆ, ਕਾਬੂ ਕਰ ਲਿਆ। ਕਹਿੰਦੇ ਜਦੋਂ ਮਨ ਕਾਬੂ ਕਰ ਲਿਆ ਫੇਰ ਜਿਹੜੀ ਆਹ ਸਾਧਸੰਗਤਿ ਬੈਠੀ ਹੈ ਨਾ, ਭਗਵਤ ਦੇ ਪ੍ਰੇਮੀ ਇਨ੍ਹਾਂ ਦੀ ਭੀੜ, ਵਾਹਿਗੁਰੂ ਦੇ ਸਿਮਰਨ ਦੀ ਸ਼ਕਤੀ ਦੇ ਨਾਲ ਕਾਲ ਦੀ ਭੈ ਦੀ ਫਾਸੀ ਕੱਟ ਦਿੱਤੀ।

***ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥***
***ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥***

***ਅੰਗ - 1162***

ਹੁਣ ਕਹਿੰਦੇ ਕਿਲ੍ਹੇ ਦੇ ਉਤੇ ਦਸਵੇਂ ਦੁਆਰ 'ਚ ਚੜ੍ਹ ਗਏ। ਫਤਹਿ ਕਰ ਲਿਆ ਤੇ ਲਿਆ ਕੀ? ਅਬਿਨਾਸ਼ੀ ਰਾਜ ਲੈ ਲਿਆ-

***ਧਾਰਨਾ - ਰਾਜ ਲੀਓ ਅਬਿਨਾਸ਼ੀ, ਹਰੀ ਦਿਆਂ ਸੰਤਾਂ ਨੇ।***

ਕਹਿੰਦੇ, ਹੁਣ ਰਾਜ ਪ੍ਰਾਪਤ ਹੋ ਗਿਆ ਇਨ੍ਹਾਂ ਸੂਰਮਿਆਂ ਨੂੰ, ਜਿਨ੍ਹਾਂ ਦਾ ਅਸੀਂ ਜ਼ਿਕਰ ਕਰਿਆ ਹੈ, ਜਿਹੜੇ ਪ੍ਰਵਾਨ ਹੋਏ-ਹੋਏ ਸੀ। ਰਾਜ ਪ੍ਰਾਪਤ ਹੋਣ ਦੇ ਨਾਲ ਅਖਤਿਆਰ ਕਿੱਡਾ ਵੱਧ ਗਿਆ, ਜਿੱਥੇ ਕੋਈ ਉਨ੍ਹਾਂ ਦਾ ਧਿਆਨ ਕਰਦਾ ਹੈ, ਜਿੱਥੇ ਕੋਈ ਸਿਮਰਨ ਕਰਦਾ ਹੈ, ਉਸੇ ਵੇਲੇ ਉਸਦੀ ਮਦਦ ਕਰਨ ਵਾਸਤੇ ਆਉਂਦੇ ਨੇ। ਉਹਨੂੰ ਲੈ ਜਾਂਦੇ ਨੇ ਦਰਗਾਹ ਦੇ ਅੰਦਰ। ਐਸੇ ਸੂਰਮੇ ਜਿਹੜੇ ਨੇ ਉਹ ਛੋਟਾ-ਮੋਟਾ ਰਾਜ ਨਹੀਂ ਲੈਂਦੇ।

ਬਾਕੀ ਭਾਈ ਪ੍ਰੇਮੀਆਂ! ਹੁਣ ਅਸੀਂ ਕਰਦੇ ਹਾਂ ਤੇਰੇ ਨਾਲ ਦੁਨਿਆਵੀ ਗੱਲ। ਸਮਝ 'ਚ ਆ ਗਿਆ ਤੇਰੇ?

ਕਹਿੰਦਾ, ਹਾਂ ਮਹਾਰਾਜ।

ਕਹਿੰਦੇ, ਹੁਣ ਅਸੀਂ ਤੇਰੇ ਨਾਲ ਕਿਰਤ ਦੀ ਗੱਲ ਕਰਦੇ ਹਾਂ।

ਉਹ ਕਿਰਤ ਇਹ ਹੈ ਕਿ ਤੂੰ ਫੌਜ ਦੇ ਵਿੱਚ ਆਫੀਸਰ ਹੈਂ ਕੋਈ ਤੇ ਆਪਣੇ ਮਾਲਕ ਦਾ ਤੂੰ ਨਮਕ ਖਾ ਰਿਹਾ ਹੈ। ਉਹ ਮਾਲਕ ਤੇਰਾ ਜੋ ਦੁਨੀਆਂਦਾਰੀ ਦਾ ਹੈ, ਉਹ ਤੈਨੂੰ ਤਨਖਾਹ ਦੇ ਰਿਹਾ ਹੈ ਤੇ ਤੇਰੇ ਉਤੇ ਭਰੋਸਾ ਕਰ ਰਿਹਾ ਹੈ। ਭਰੋਸਾ ਕਰਕੇ ਹੁਣ ਤੇਰਾ ਫਰਜ਼ ਇਹ ਬਣ ਜਾਂਦਾ ਹੈ ਕਿ ਤੂੰ ਨਮਕ ਹਰਾਮ ਨਾ ਬਣੀਂ। ਨਮਕ ਹਲਾਲ ਹੋਈਂ। ਕਿਉਂਕਿ ਜਿਹੜਾ ਧੋਖਾ ਦਿੰਦਾ ਹੈ ਉਹ ਅਕ੍ਰਿਤਘਣ ਕਹਾਉਂਦਾ ਹੈ ਆਪਣੇ ਆਪ ਨੂੰ ਤੇ ਉਹਦੇ ਨਾਲ ਕੀ ਹੁੰਦਾ ਹੈ ਉਹ ਆਪਣਾ ਜਨਮ ਖਰਾਬ ਕਰਕੇ ਬਹਿ ਜਾਂਦਾ ਹੈ –

***ਧਾਰਨਾ – ਮਰ ਜਨਮ ਬਿਗੋਵੈ ਜੀ, ਲੂਣ ਹਰਾਮੀ ਗੁਨਹਗਾਰ।***

***ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।***
***ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ।***
***ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।***
***ਲੂਣੁ ਵਣੋਟਾ ਖਾਇਕੈ ਹਥ ਜੋੜਿ ਖੜੋਵੈ।***
***ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ।***
***ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ।***

***ਭਾਈ ਗੁਰਦਾਸ ਜੀ, ਵਾਰ 35/11***

ਕਹਿਣ ਲੱਗੇ, ਜੋ ਲੂਣ ਖਾ ਕੇ ਬੁਰਾ ਕਰਦਾ ਹੈ ਦੂਸਰੇ ਦਾ। ਉਹ ਆਪਣੇ ਜਨਮ ਨੂੰ ਬਰਬਾਦ ਕਰਦਾ ਹੈ। ਲੂਣ ਖਾ ਕੇ, ਗੁਲਾਮ ਹੋ ਕੇ ਪਾਣੀ ਢੋਂਦਾ ਹੈ, ਪੀਂਹਦਾ ਹੈ, ਪੁਰਜੇ-ਪੁਰਜੇ ਹੋ ਕੇ ਕੱਟ ਕੇ ਮਰਦਾ ਹੈ ਲੂਣ ਖਾ ਕੇ। ਰਾਹ ਵਿੱਚ ਜਾਂਦਾ ਵੀ ਜੇ ਨਮਕ ਖਾ ਲਵੇ, ਉਹਦੇ ਗੁਣ ਨੂੰ ਕੰਠ ਪਰੋਂਦਾ ਹੈ, ਯਾਦ ਰਖਦਾ ਹੈ ਉਹਨੂੰ। ਕਹਿੰਦੇ, ਜਿਹੜੇ ਚੋਰ ਨੇ ਮਾੜੇ ਬੰਦੇ ਨੇ, ਉਹ ਵੀ ਲੂਣ ਦੀ ਲੱਜਾ ਪਾਲਣ ਕਰਦੇ ਨੇ –

***ਚੋਰ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।***
***ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।***
***ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।***
***ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।***
***ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।***
***ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ।***

***ਭਾਈ ਗੁਰਦਾਸ ਜੀ, ਵਾਰ 35/10***

ਇੱਕ ਮਹਾਤਮਾ ਕਿਸੇ ਨਗਰ ਦੇ ਬਾਹਰ ਜਾ ਕੇ ਬੈਠ ਗਏ, ਚਾਰ ਮਹੀਨੇ ਉਨ੍ਹਾਂ ਨੇ ਰਹਿਣਾ ਸੀ। ਚੌਮਾਸਾ ਕੱਟਣਾ ਸੀ। ਉਹ ਪਿੰਡ ਸੀ ਚੋਰਾਂ ਦਾ, ਡਾਕੂਆਂ ਦਾ। ਪਤਾ ਲੱਗਿਆ ਕਿ ਮਹਾਤਮਾ ਆ ਗਏ ਤੇ ਮੰਡਲੀ ਲਾ ਲਈ। ਮੀਟਿੰਗ ਬੁਲਾ ਲਈ, ਸਾਰੇ ਪਿੰਡ ਨੇ ਇਕੱਠ ਕਰਕੇ ਫੈਸਲਾ ਕਰਿਆ ਕਿ ਨਾ ਸੰਤਾਂ ਦੇ ਪ੍ਰਵਚਨ ਸੁਣਨੇ ਨੇ, ਨਾ ਉਨ੍ਹਾਂ ਦੇ ਕੀਰਤਨ 'ਚ ਜਾਣਾ ਹੈ, ਨਾ ਕੋਈ ਸੇਵਾ ਕਰਨੀ ਹੈ। ਜੇ ਲੰਘਣਾ ਵੀ ਪੈ ਜਾਏ,

ਕੰਨ ਬੰਦ ਕਰਕੇ ਲੰਘਣਾ ਹੈ ਉਥੋਂ ਦੀ। ਆਲੇ-ਦੁਆਲੇ ਦੇ ਪਿੰਡਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਸੇਵਾ ਕਰਨ ਲਗ ਗਏ। ਬੜਾ ਸਤਿਸੰਗ ਹੋਇਆ, ਚਾਰ ਮਹੀਨੇ ਲੰਘ ਗਏ ਤੇ ਸੰਤਾਂ ਨੇ ਕਿਹਾ ਕਿ ਹੁਣ ਅਸੀਂ ਚਲਦੇ ਹਾਂ ਭਾਈ। ਉਸ ਪਿੰਡ ਦੀ ਬੜੀ ਨਿੰਦਿਆ ਹੋਣ ਲਗ ਗਈ। ਨਿੰਦਿਆ ਸੁਣ ਕੇ ਉਨ੍ਹਾਂ ਨੇ ਕਿ ਆਪਾਂ ਇਨ੍ਹਾਂ ਦਾ ਸਾਮਾਨ ਹੀ ਛੱਡ ਆਈਏ, ਇੱਕ ਤਾਂ ਨੇੜੇ ਨਹੀਂ ਰਹਿਣਗੇ, ਦੂਰ ਲੈ ਚੱਲਾਂਗੇ, ਕਾਹਲੇ-ਕਾਹਲੇ ਤੁਰ ਕੇ, ਨਾਲੇ ਸੇਵਾ ਬਣ ਜਾਊ ਸਾਡੀ। ਅਸੀਂ ਵੀ ਕਹਿ ਦਿਆ ਕਰਾਂਗੇ ਕਿ ਸਮਾਨ ਤਾਂ ਅਸੀਂ ਛੱਡ ਕੇ ਹੀ ਆਏ ਸੀ। ਜਦੋਂ ਸਮਾਨ ਲੈ ਕੇ ਚੱਲੇ ਤਾਂ ਸੰਤ ਕਹਿਣ ਲੱਗੇ ਕਿ ਪ੍ਰੇਮੀਆਂ! ਤੂੰ ਕਦੇ ਸਤਿਸੰਗ 'ਚ ਤਾਂ ਆਇਆ ਨਹੀਂ। ਜੇ ਤਾਂ ਸਾਡੇ ਬਚਨ ਮੰਨਣੇ ਨੇ, ਤਾਂ, ਤਾਂ ਸਮਾਨ ਚੁੱਕ ਨਹੀ, ਤਾਂ ਰੱਖਦੇ। ਕਹਿੰਦਾ, ਮਹਾਰਾਜ! ਦੱਸੋ? ਜਿਹੜਾ ਮੰਨਣ ਵਾਲਾ ਹੋਏਗਾ, ਉਹ ਮੰਨ ਲਵਾਂਗੇ।

ਕਹਿੰਦੇ, ਸ਼ਰਾਬ ਪੀਂਦਾ ਹੁੰਦਾ ਹੈ?

ਕਹਿੰਦਾ, ਦਿਨ ਰਾਤ।

ਕਹਿੰਦੇ, ਇੱਕ ਦਿਨ ਛੱਡ ਦੇ ਕਾਦਸ਼ੀ ਵਾਲੇ ਦਿਨ।

ਕਹਿੰਦਾ, ਚੰਗਾ ਛੱਡੀ।

ਫੇਰ ਮਹਾਰਾਜ! ਦਸਵੀਂ ਨੂੰ ਦੋ ਬੋਤਲਾਂ ਪੀ ਲਿਆ ਕਰਾਂਗਾ।

ਕਹਿੰਦੇ, ਤੇਰੀ ਮਰਜ਼ੀ। ਦੋ ਪੀ, ਚਾਰ ਪੀ। ਪਰ ਕਾਦਸ਼ੀ ਨੂੰ ਨਾ ਪੀਈਂ।

ਕਹਿੰਦਾ, ਮਨਜ਼ੂਰ।

ਕਹਿੰਦੇ, ਮਾਸ ਖਾਂਦਾ ਹੈਂ?

ਕਹਿੰਦਾ, ਕੋਈ ਵੀ ਨਹੀਂ ਛੱਡਦਾ।

ਕਹਿੰਦੇ, ਕੋਈ ਆਪਣੀ ਮਰਜ਼ੀ ਨਾਲ ਇੱਕ ਜਾਨਵਰ ਦਾ ਮਾਸ ਛੱਡ ਦੇ।

ਕਹਿੰਦਾ, ਕਾਂ ਦਾ ਛੱਡਿਆ।

ਕਿਉਂਕਿ ਕਾਂ ਦਾ ਖਾਂਦਾ ਨਹੀਂ ਸੀ।

ਕਹਿੰਦੇ, ਠੀਕ ਹੈ।

ਕਹਿੰਦੇ, ਹੁਣ ਇੱਕ ਗੱਲ ਹੋਰ ਮੰਨ ਲੈ।

ਕਹਿੰਦਾ, ਦੱਸੋ?

ਕਹਿੰਦੇ, ਗਰੀਬ ਦੀ ਚੋਰੀ ਨਾ ਕਰੀਂ।

ਕਹਿੰਦਾ, ਲੈ ਆਹ ਤਾਂ ਸੁਖਾਲਾ ਹੀ ਹੈ? ਚੋਰੀ ਤਾਂ ਅਸੀਂ ਪੈਸੇ

ਵਾਲੇ ਦੀ ਕਰਦੇ ਹਾਂ, ਗਰੀਬ ਤੋਂ ਅਸੀਂ ਲੈਣਾ ਦੇਣਾ ਕੀ ਹੈ। ਕਹਿੰਦਾ ਇਹ ਵੀ ਮੰਨ ਲਿਆ।

ਕਹਿੰਦੇ, ਇੱਕ ਬਚਨ ਹੋਰ ਕਹੀਏ?

ਕਹਿੰਦਾ, ਕਹਿੰਦਾ ਹਾਂ।

ਕਹਿੰਦੇ, ਪੰਜ ਮਾਵਾਂ ਹੁੰਦੀਆਂ ਨੇ ਸੰਸਾਰ 'ਚ, ਆਪਣੀ ਮਾਂ, ਮਿੱਤਰ ਦੀ ਮਾਂ, ਆਪਣੀ ਪਤਨੀ ਦੀ ਮਾਂ, ਸਾਧੂ-ਸੰਤ ਦੀ ਮਾਂ ਤੇ ਇੱਕ ਰਾਜੇ ਦੀ ਜੋ ਰਾਣੀ ਹੁੰਦੀ ਹੈ। ਕਹਿੰਦੇ ਇਨ੍ਹਾਂ ਵਲ ਮੰਦੀ ਨਿਗ੍ਹਾ ਨਾਲ ਨਾ ਦੇਖੀਂ।

ਕਹਿੰਦਾ, ਮਨਜ਼ੂਰ।

ਕਹਿੰਦੇ, ਸ਼ਾਬਾਸ਼।

ਕਹਿੰਦੇ, ਇੱਕ ਬਚਨ ਰਹਿ ਗਿਆ।

ਕਹਿੰਦਾ, ਉਹ ਵੀ ਦੱਸ ਛੱਡੋ ਨਾਲ ਦੀ ਨਾਲ।

ਕਹਿੰਦੇ, ਉਹ ਇਹ ਹੈ ਕਿ ਤੂੰ ਨਮਕ ਖਾ ਕੇ ਨਾ ਬੁਰਾ ਕਰੀਂ।

ਕਹਿੰਦਾ, ਅਸੀਂ ਨਾ ਕਿਸੇ ਦਾ ਨਮਕ ਖਾਂਦੇ ਹਾਂ, ਨਾ ਬੁਰਾ ਕਰਨ ਤੋਂ ਹਟਦੇ ਹਾਂ। ਨਮਕ ਖਾਣਾ ਹੀ ਨਹੀਂ ਜਿਹਦਾ, ਬੁਰਾ ਕਰਨਾ ਹੀ ਹੈ, ਸਾਡਾ ਸੁਭਾਅ ਹੈ, ਨਹੀਂ ਲੂਣ ਖਾਇਆ ਕਰਾਂਗੇ। ਅੱਗੇ ਤਾਂ ਕਦੇ ਧੋਖਾ ਦੇ ਹੀ ਲਈਦਾ ਹੈ। ਪਰ ਸਾਡੇ ਵੀ ਬੁਰਾ ਮੰਨਦੇ ਨੇ ਕਿ ਲੂਣ ਖਾ ਕੇ ਬੁਰਾ ਕਰਨਾ।

ਸੰਤ ਚਲੇ ਗਏ। ਹੁਣ ਇਹ ਚੋਰੀ ਰਾਜੇ ਦੇ ਕਰਨ ਲੱਗਿਆ। ਕਿਉਂਕਿ ਹਰ ਕੋਈ ਗਰੀਬ ਹੀ ਲੱਭਦਾ ਹੈ ਉਸਨੂੰ। ਲੱਭਦਾ-ਲੱਭਦਾ ਰਾਜੇ ਦੇ ਜਾ ਵੜਿਆ। ਚੁਬਾਰੇ ਚੜ੍ਹ ਗਿਆ ਤੇ ਉਥੇ ਉਹਦੀ ਰਾਣੀ ਛੋਟੀ ਉਮਰ ਦੀ ਸੀ, ਰਾਜਾ ਬਿਰਧ ਸੀ, ਰਾਣੀ ਨੇ ਦੇਖਿਆਂ ਬੰਦਾ ਦੇਖਿਆ ਕੋਈ, ਤੇ ਨਾਲ ਸਮਝਿਆ ਕਿ ਪਤਾ ਨਹੀਂ ਕਿਵੇਂ ਆ ਗਿਆ ਇਹ ਉਠ ਕੇ ਉਹਨੇ ਸਾਰੇ ਗਹਿਣੇ ਚੁੱਕ ਲਏ। ਜਦੋਂ ਕੋਲ ਆ ਕੇ ਸਰ੍ਹਾਣੇ ਨੂੰ ਹੱਥ ਪਾਇਆ ਤਾਂ ਉਹ ਹੌਲੀ ਦੇ ਕੇ ਕਹਿਣ ਲੱਗੀ ਕਿ ਦੇਖ ਮੈਂ ਰਾਜੇ ਦੇ ਘਰ ਬੜੀ ਤੰਗ ਹਾਂ, ਤੂੰ ਮੈਨੂੰ ਲੈ ਚੱਲ। ਕਹਿੰਦਾ ਨਾ ਮਾਤਾ। ਕਹਿੰਦੀ, ਮੈਂ ਤੇਰੀ ਮਾਂ ਕਿੱਥੋਂ ਲਗ ਗਈ? ਕਹਿੰਦਾ, ਮੈਨੂੰ ਇੱਕ ਸੰਤ ਨੇ ਕਿਹਾ ਸੀ ਕਿ ਰਾਜੇ ਦੀ ਰਾਣੀ ਜਿਹੜੀ ਹੁੰਦੀ ਹੈ ਉਹ ਮਾਂ ਹੁੰਦੀ ਹੈ। ਐਨੇ ਨੂੰ ਰਾਜੇ ਨੂੰ ਜਾਗ ਆ ਗਈ। ਰਾਜਾ ਸੁਣਨ ਲੱਗ ਗਿਆ ਗੱਲ। ਉਹਨੇ ਕਿਹਾ ਕਿ ਆਹ ਬੰਦਾ ਕਿਹੋ ਜਿਹਾ ਆ ਗਿਆ, ਜਿਹੜਾ ਰਾਣੀ ਨੂੰ ਕਹਿੰਦਾ ਹੈ ਮਾਂ। ਉਹ ਕਹਿੰਦੀ, ਮੈਂ ਗਹਿਣੇ ਹੋਰ ਵੀ ਨਾਲ ਲੈ ਚੱਲਾਂਗੀ। ਤੂੰ ਮੈਨੂੰ ਲੈ ਚੱਲ। ਕਹਿੰਦਾ, ਨਾ ਮਾਂ। ਆਹ ਕੰਮ ਮੇਰੇ ਤੋਂ ਨਹੀਂ ਹੋਣਾ। ਗਹਿਣੇ ਤਾਂ ਮੈਂ ਲੈ ਹੀ ਜਾਣੇ ਨੇ, ਛੱਡਣੇ ਨਹੀਂ ਹਨ, ਪਰ ਤੂੰ ਮੇਰੀ ਮਾਤਾ ਹੈਂ। ਐਨੇ ਨੂੰ ਇੱਕ ਪਲੇਟ ਪਈ ਸੀ, ਉਹਦੇ 'ਚ ਉਂਗਲੀ ਲੱਗੀ, ਮੂੰਹ ਨੂੰ ਲਾ

ਲਈ ਉਹਨੇ, ਉਹਦੇ 'ਚ ਨਮਕ ਸੀ। ਕਹਿੰਦਾ, ਲੈ ਬਈ ਕਿਸਮਤ ਵਿੱਚ ਨਹੀਂ ਹੈ ਅੱਜ। ਸਾਧ ਨੇ ਪੰਜ ਬਚਨ ਦੇ ਦਿਤੇ, ਦੋ 'ਚ ਫਸ ਗਿਆ ਮੈਂ। ਕਹਿੰਦਾ, ਚੱਲ ਠੀਕ ਹੈ, ਛੱਡ ਪਰ੍ਹੇ। ਛੱਡ ਕੇ ਤੁਰ ਗਿਆ। ਰਾਜੇ ਨੇ ਸਾਰੀਆਂ ਗੱਲਾਂ ਸੁਣ ਲਈਆਂ, ਦੂਜੇ ਦਿਨ ਢਿੰਡੋਰਾ ਪਿਟਵਾ ਦਿੱਤਾ। ਕਹਿੰਦਾ, ਜਿਹੜਾ ਚੋਰ ਹੈ ਉਹ ਹਾਜ਼ਰ ਹੋਵੇ, ਮੈਂ ਉਹਨੂੰ ਇਨਾਮ ਦੇਣਾ ਹੈ।

ਉਹਨੇ ਕਿਹਾ ਕਿ ਚਾਹੇ ਫਸ ਜਾਈਏ, ਚਾਹੇ ਰਹਿ ਜਾਈਏ, ਚਲੋ ਚਲਦੇ ਹਾਂ। ਉਥੇ ਚਲਿਆ ਗਿਆ। ਰਾਜਾ ਕਹਿਣ ਲੱਗਿਆ, ਦਰਬਾਰ ਲਾ ਲਿਆ। ਕਹਿੰਦਾ, ਇਹ ਬੰਦਾ ਰਾਤ ਚੋਰੀ ਕਰਨ ਆਇਆ। ਇਹਦੀਆਂ ਮੈਂ ਗੱਲਾਂ ਸੁਣੀਆਂ। ਉਹ ਕਹਿੰਦਾ ਕਿ ਗੱਲ ਕੀ ਸੀ? ਉਹਨੇ ਕਿਹਾ, ਇੱਕ ਸਾਧ ਆਏ ਸੀ, ਉਨ੍ਹਾਂ ਨੇ ਮੇਰੇ ਤੋਂ ਪੰਜ ਬਚਨ ਲੈ ਲਏ ਪੰਜ। ਮੈਂ ਹਾਂ ਚੋਰਾਂ ਦਾ ਸਰਦਾਰ ਤੇ ਮੈਂ ਸਾਰੇ ਚੋਰਾਂ ਨੂੰ ਇਹੀ ਪੰਜ ਬਚਨ ਮਨਾ ਲਏ ਤੇ ਪਹਿਲਾ ਬਚਨ ਇਹ ਸੀ ਉਹਦਾ ਕਿ ਗਰੀਬ ਦੇ ਚੋਰੀ ਨਾ ਕਰੀਂ, ਰਾਜਨ! ਤੇਰੇ ਨਾਲੋਂ ਸਭ ਗਰੀਬ ਨੇ ਤਾਂ ਮੈਂ ਤੇਰੇ ਮਹਿਲਾਂ 'ਚ ਆ ਵੜਿਆ। ਉਹਨੇ ਬਚਨ ਦਿੱਤਾ ਸੀ ਪੰਜ ਮਾਵਾਂ ਹੁੰਦੀਆਂ ਨੇ, ਉਹਦੇ ਵਿੱਚ ਤੇਰੀ ਰਾਣੀ ਹੈ ਉਹਨੂੰ ਵੀ ਮਾਂ ਕਿਹਾ ਸੀ। ਮੈਂ ਇਸ ਕਰਕੇ ਇਹਨੂੰ ਮਾਂ ਕਹਿੰਦਾ ਰਿਹਾ। ਕਹਿੰਦੇ, ਲੈ ਕੇ ਨਾ ਗਿਆ?

ਕਹਿੰਦਾ, ਮਾਂ ਨੂੰ ਕੌਣ ਲੈ ਕੇ ਜਾਂਦਾ ਹੈ।

ਸਾਬਾਸ਼ ਕਹਿੰਦਾ, ਨਿਹਚਾ ਤੇਰਾ ਪੱਕਾ ਹੈ।

ਕਹਿੰਦਾ, ਫੇਰ ਤੂੰ ਸਮਾਨ ਕਿਉਂ ਨਾ ਲੈ ਕੇ ਗਿਆ?

ਕਹਿੰਦਾ ਉਨ੍ਹਾਂ ਨੇ ਕਿਹਾ ਸੀ ਕਿ ਨਮਕ ਖਾ ਕੇ ਨਾ ਬੁਰਾ ਕਰੀਂ।

ਕਹਿੰਦਾ, ਮੇਰੇ ਮੂੰਹ ਨੂੰ ਲੂਣ ਲਗ ਗਿਆ। ਸੋ ਮੈਂ ਕੋਈ ਵੀ ਸਮਾਨ ਲੈ ਕੇ ਨਹੀਂ ਗਿਆ।

ਰਾਜੇ ਨੇ ਸਾਰੇ ਦਰਬਾਰ ਦੇ ਵਿੱਚ ਵਜ਼ੀਰਾਂ ਨੂੰ ਕਿਹਾ ਕਿ ਇਹਦੇ ਨਾਲੋਂ ਵੀ ਚੰਗਾ ਬੰਦਾ ਵੀ ਲੱਭ ਸਕਦਾ ਹੈ ਆਪਾਂ ਨੂੰ? ਮੇਰਾ ਵਫਾਦਾਰ ਮਾਂ ਕਹਿਣ ਵਾਲਾ, ਤੇ ਫੇਰ ਨਮਕ ਖਾ ਕੇ ਬੁਰਾ ਨਾ ਕਰਨ ਵਾਲਾ ਤੇ ਮੈਂ ਇਸਨੂੰ ਰਾਜ ਅਧਿਕਾਰੀ ਬਣਾਉਂਦਾ ਹਾਂ, ਕਿਉਂਕਿ ਮੇਰੇ ਪੁੱਤਰ ਨਹੀਂ ਹੈ। ਸੋ ਤਖਤ 'ਤੇ ਬਿਠਾ ਦਿੱਤਾ।

ਉਹਨੇ ਸਾਰੀਆਂ ਚੋਰੀਆਂ ਚਕਾਰੀਆਂ ਬੰਦ ਕਰਾ ਦਿੱਤੀਆਂ। ਕਿਉਂਕਿ ਸਾਰੇ ਅੱਡਿਆਂ ਦਾ ਵਾਕਫ ਸੀ। ਉਨ੍ਹਾਂ ਨੂੰ ਵੱਡੇ-ਵੱਡੇ ਆਫੀਸਰ ਬਣਾ ਦਿੱਤਾ। ਚੋਰੀ ਹਟ ਗਈ, ਡਾਕੇ ਮਾਰਨ ਤੋਂ ਹਟ ਗਏ। ਰਾਜ ਦੀ ਮਹਿਮਾ ਹੋਈ। ਸਾਧੂ, ਸੰਤਾਂ ਦੀ ਸੇਵਾ ਕਰਨ ਲੱਗ ਗਿਆ ਕਿ ਇੱਕ ਸਾਧ ਨੇ ਮੈਨੂੰ ਰਾਜਾ ਬਣਾਇਆ ਹੈ, ਮੈਂ ਉਹਦਾ ਬਚਨ ਮੰਨਿਆ ਹੈ। ਹੁੰਦੇ-ਹੁੰਦੇ ਉਹ ਸੰਤ ਵੀ ਆ ਗਏ, ਉਸ ਵੇਲੇ ਇਹ ਬੀਮਾਰ ਸੀ। ਸ਼ਰਾਬ ਕਾਦਸ਼ੀ ਨੂੰ ਤਾਂ ਕੀ ਪੀਣੀ, ਬਿਲਕੁਲ ਹਟਾ ਦਿੱਤੀ ਤੇ ਹਕੀਮ ਇਹ

ਕਹਿੰਦੇ ਸੀ ਤੂੰ ਕਾਂ ਦਾ ਮਾਸ ਖਾ ਲੈ। ਫੇਰ ਰਾਜ਼ੀ ਹੋਏਂਗਾ? ਕਹਿੰਦਾ, ਨਾ, ਮੈਂ ਮਰ ਬੇਸ਼ੱਕ ਜਾਵਾਂ, ਪਰ ਬਚਨ ਨਹੀਂ ਮੈਂ ਛੱਡਣਾ, ਸੰਤਾਂ ਨੂੰ ਪਤਾ ਲੱਗਿਆ ਕਿ ਇਸ ਦੇਸ਼ ਦਾ ਰਾਜਾ ਕਾਂ ਦਾ ਮਾਸ ਨਹੀਂ ਖਾਂਦਾ, ਬੀਮਾਰ ਹੈ। ਅਖੀਰ ਪਤਾ ਲੱਗਿਆ ਕਿ ਇਹ ਤਾਂ ਓਹੀ ਡਾਕੂ ਹੈ। ਆਪ ਆ ਗਏ, ਬੜੀ ਸੇਵਾ ਕਰੀ ਏਸਨੇ। ਉਸ ਵੇਲੇ ਉਹ ਦਵਾਈਆਂ ਜਾਣਦੇ ਸੀ, ਹੋਰ ਦਵਾਈ ਦੇ ਕੇ ਰਾਜ਼ੀ ਕਰ ਲਿਆ। ਸੋ ਕਹਿੰਦੇ ਉਹ ਜਿਹੜਾ ਚੋਰ ਸੀ –

*ਚੋਰ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।*
*ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।*
*ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।*
*ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।*
*ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।*
*ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ।*

*ਭਾਈ ਗੁਰਦਾਸ ਜੀ, ਵਾਰ 35/10*

ਜਿਹੜੇ ਲੂਣ ਹਰਾਮੀ ਹੁੰਦੇ ਨੇ ਉਨ੍ਹਾਂ 'ਤੇ ਮਾਰ ਪੈਂਦੀ ਹੈ।

ਮਹਾਰਾਜ ਕਹਿੰਦੇ, ਦੋ ਤਰ੍ਹਾਂ ਦੇ ਲੂਣ ਹਰਾਮੀ ਹੁੰਦੇ ਨੇ। ਇੱਕ ਤਾਂ ਉਹ ਹੁੰਦੇ ਨੇ ਜਿਹੜੇ ਕਿਸੇ ਦੀ ਨੌਕਰੀ ਕਰਕੇ ਉਹਨੂੰ ਧੋਖਾ ਦੇਣ। ਇੱਕ ਲੂਣ ਹਰਾਮੀ ਉਹ ਹੁੰਦੇ ਨੇ ਜਿਹੜੇ ਸਾਰੀਆਂ ਰਹਿਮਤਾਂ, ਸੋਹਣਾ ਸਰੀਰ ਮਿਲਿਆ, ਸੋਹਣੀਆਂ ਕੋਠੀਆਂ ਮਿਲੀਆਂ, ਸੋਹਣੇ ਵਸਤਰ, ਸੋਹਣੀਆਂ ਸਵਾਰੀਆਂ, ਕੀਹਨੇ ਦਿੱਤੀਆਂ ਨੇ; ਕਹਿੰਦੇ ਵਾਹਿਗੁਰੂ ਨੇ। ਫੇਰ ਵਾਹਿਗੁਰੂ ਦਾ ਦਿੱਤਾ ਨਮਕ ਖਾਂਦੇ ਨੇ। ਕਹਿੰਦੇ, ਉਸ ਨਾਲ ਧੋਖਾ ਕਰਦੇ ਨੇ, ਹੁਕਮ ਅਦੂਲੀ ਕਰਦੇ ਨੇ ਤੇ ਸੰਸਾਰ ਦੇ ਵਿੱਚ ਦੁੱਖ ਪੈਦਾ ਕਰਦੇ ਨੇ, ਕਹਿੰਦੇ ਉਹ ਅਸਲੀ ਲੂਣ ਹਰਾਮੀ ਨੇ।

*ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ ਦੁਲਾਰਿਓ ॥*
*ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ ॥*
*ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥ ਲੂਣੁ ਖਾਇ ਕਰਹਿ*
*ਹਰਾਮਖੋਰੀ ਪੇਖਤ ਨੈਨ ਬਿਦਾਰਿਓ ॥ 1 ॥ ਰਹਾਉ ॥*
*ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ ॥*
*ਪ੍ਰਭ ਬਿਸਰਤ ਮਹਾ ਦੁਖੁ ਪਾਇਓ ਇਹੁ ਨਾਨਕ ਤਤੁ ਬੀਚਾਰਿਓ ॥*

*ਅੰਗ – 1000-1001*

ਕਹਿੰਦੇ, ਲੂਣ ਹਰਾਮੀ ਹੋ ਕੇ ਤੂੰ ਪ੍ਰਭੂ ਨੂੰ ਭੁੱਲ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਜਿਹੜਾ ਯੋਧਾ ਹੁੰਦਾ ਹੈ, ਮਾਲਕ ਦਾ ਨੌਕਰ ਹੁੰਦਾ ਹੈ। ਗਰੀਬਾਂ ਦੀ ਰਾਖੀ ਵਾਸਤੇ ਜਿਹੜਾ ਯੁੱਧ ਕਰਦਾ ਹੈ ਉਹ ਧਰਮ ਹੁੰਦਾ ਹੈ। ਜਿਹਦਾ ਨਮਕ ਖਾਵੇ ਉਹਨੂੰ ਪਿਆਰ ਕਰੇ। ਕਦੀ ਰਣ ਦੇ ਖੇਤ ਵਿੱਚ ਪਿੱਠ ਨਾ ਦੇਵੇ। ਸਵਾਮੀ ਦਾ ਕੰਮ ਹੋਵੇ ਤੇ ਉਹਨੂੰ ਪੂਰਾ ਕਰਨ ਵਾਸਤੇ ਜੇ ਪ੍ਰਾਣ ਵੀ ਜਾਣ ਤਾਂ ਚਲੇ ਜਾਣ। ਇੱਥੇ ਵੀ ਜਸ ਹੁੰਦਾ ਹੈ ਤੇ ਦਰਗਾਹ ਵਿੱਚ ਵੀ ਜਸ ਹੁੰਦਾ ਹੈ। ਉਹ ਜਿੱਤਦਾ ਹੈ ਤੇ ਉਹਦਾ ਮੁੱਖ ਪ੍ਰੇਮੀਆਂ ਉੱਜਲ ਹੁੰਦਾ ਹੈ। ਪ੍ਰਮੇਸ਼ਰ ਦਾ

ਸਿਮਰਨ ਕਰੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਕਰਤੱਬ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ। ਕਹਿਣ ਲੱਗੇ –

*ਜੇ ਕਰਿ ਜੁੱਧ ਆਨਿ ਕਿਤ ਪਰੈ।*
*ਅਲਪ ਕਿ ਬਹੁਤੇ ਨਹੀਂ ਬਿਚਰੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਹੇ ਭਾਈ ਮੱਲੂ! ਜੇ ਕਿਤੇ ਯੁੱਧ ਆ ਜਾਵੇ, ਫੇਰ ਐਂ ਨਾ ਦੇਖੀਂ ਕਿ ਮੇਰੇ ਮੂਹਰੇ ਬਹੁਤੇ ਖੜ੍ਹੇ ਨੇ ਜਾਂ ਥੋੜ੍ਹੇ ਖੜ੍ਹੇ ਨੇ।

*ਪੀਠ ਨ ਦੇਹਿ ਸਮੁਖਿ ਰਿਪੁ ਰਹੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਪਿੱਠ ਨਾ ਦੇਵੇ, ਸਨਮੁੱਖ ਹੋ ਕੇ ਲੜੇ।

*ਨਿਰਭੈ ਸ਼ਸਤ੍ਰ ਬਹੈ ਜਸ ਲਹੈ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਜਦੋਂ ਨਿਰਭੈ ਹੋ ਕੇ ਸ਼ਸਤ੍ਰ ਚਲਾਏਂਗਾ, ਜਸ ਲਏਂਗਾ। ਦੇਹ ਨੇ ਤਾਂ ਜਾਣਾ ਹੀ ਜਾਣਾ ਹੈ।

*ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਜੇ ਰਹਿ ਗਿਆ ਵੱਡੇ ਤੋਂ ਵੱਡੇ ਪਦਾਰਥ ਤੈਨੂੰ ਸੰਸਾਰ ਵਿੱਚ ਮਿਲਣਗੇ। ਤੂੰ ਉਨ੍ਹਾਂ ਨੂੰ ਲੈ ਕੇ ਸਤਿਸੰਗ ਦੇ ਵਾਸਤੇ ਲਾਇਆ ਕਰ।

*ਲੇ ਸਤਿਸੰਗਤਿ ਲਾਇ ਸਕਾਰਥ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

*ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ। ਸੂਰਗ ਨਿਸੰਸੈ ਸੁਰ ਸਿਧਾਵੈ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਜੇ ਜੂਝਦਾ ਹੋਇਆ ਚੜ੍ਹਾਈ ਕਰ ਜਾਵੇ, ਉਹ ਨਿਰਸੰਸੇ ਸਵਰਗ ਦੇ ਵਿੱਚ ਜਾਂਦਾ ਹੈ।

*ਇਮ ਦ੍ਵੈ ਲੋਕਨਿ ਉੱਜਲ ਆਨਨਿ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਇਸ ਤਰ੍ਹਾਂ ਕਰਨ ਦੇ ਨਾਲ ਇੱਥੇ ਵੀ ਮੁੱਖ ਉਜਲਾ ਤੇ ਦਰਗਾਹ 'ਚ ਵੀ ਮੁੱਖ ਉਜਲਾ।

*ਕਰਿ ਕੱਲਯਾਨ ਏਵ ਨਿਜ ਪ੍ਰਾਨਨਿ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਇਸ ਤਰ੍ਹਾਂ ਦੇ ਨਾਲ ਆਪਣੇ ਪ੍ਰਾਣਾਂ ਦੀ ਤੂੰ ਕਲਿਆਣ ਕਰ।

*ਮੱਲੂ ਸ਼ਾਹੀ ਸੁਨਿ ਉਪਦੇਸ਼ੁ। ਬਰਤਣ ਲਾਗਯੋ ਤਥਾ ਹਮੇਸ਼ੁ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359***

ਮੱਲੂ ਸ਼ਾਹੀ ਨੇ ਜਦੋਂ ਇਹ ਉਪਦੇਸ਼ ਸੁਣਿਆ ਤਾਂ ਉਸੇ ਤਰ੍ਹਾਂ ਵਰਤਣ ਲੱਗ ਗਿਆ।

*ਵੰਡ ਖਾਇ ਨਿਹ ਧਰਮ ਵਿਚਾਰੈ। ਆਤਮ ਤਨ ਸੱਤਾਸਤ ਧਾਰੈ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1359*

ਉਸ ਵੇਲੇ ਬੰਦਗੀ ਕਰਦਾ ਹੈ, ਵੰਡ ਕੇ ਖਾਂਦਾ ਹੈ, ਨਿੱਜ ਦਾ ਧਰਮ ਵੀਚਾਰਦਾ ਹੈ।

ਸੋ ਸਤਿਗੁਰੂ ਜੀ ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਜਿਹੜੇ ਯੁੱਧ ਕਰਕੇ ਚੜ੍ਹਾਈ ਕਰਦੇ ਨੇ ਉਨ੍ਹਾਂ ਦੀ ਗਤੀ ਕੀ ਹੁੰਦੀ ਹੈ? ਮਹਾਰਾਜ ਕਹਿੰਦੇ, ਜਿਹੜੇ ਪ੍ਰਵਾਨ ਪੁਰਸ਼ ਜਾਂਦੇ ਨੇ, ਜਿਹੜੇ ਤਾਂ ਪਿੱਠ ਦੇ ਕੇ ਮਰਦੇ ਨੇ ਕਹਿੰਦੇ ਉਹ ਤਾਂ ਭੂਤ-ਪ੍ਰੇਤ ਬਣਦੇ ਨੇ, ਮਾੜੀਆਂ ਜੂਨਾਂ 'ਚ ਜਾਂਦੇ, ਨਖਿੱਧ ਜੂਨੀਆਂ 'ਚ ਜਾਂਦੇ ਨੇ। ਜਿਹੜੇ ਬੰਦਗੀ ਕਰਨ ਵਾਲੇ, ਪ੍ਰਵਾਨ ਜੀਵਨ ਵਾਲੇ ਚੜ੍ਹਾਈ ਕਰਦੇ ਨੇ, ਉਹ ਸਤਿਗੁਰੂ ਦੇ ਦੇਸ਼ ਜਾਂਦੇ ਨੇ, ਸਤਿਗੁਰੂ ਰਹਿੰਦਾ ਕਿੱਥੇ ਹੈ। ਸਤਿਗੁਰੂ ਜਿੱਥੇ ਨਾ ਤਾਂ ਮਾਇਆ ਹੈ, ਪ੍ਰਾਕ੍ਰਿਤੀ ਹੈ, ਨਾ ਉਥੇ ਕੋਈ ਜਲ ਹੈ ਨਾ ਪਉਣ ਹੈ। ਉਥੇ ਕੋਈ ਆਕਾਰ ਨਹੀਂ।

*ਨਹ ਸਿਵ ਸਕਤੀ ਜਲੁ ਨਹੀ ਪਵਨਾ*
*ਤਹ ਅਕਾਰੁ ਨਹੀ ਮੇਦਨੀ ॥ ਅੰਗ - 883*

ਨਾ ਕੋਈ ਖੰਡ ਹੈ, ਨਾ ਕੋਈ ਬ੍ਰਹਿਮੰਡ ਹੈ।

*ਸਤਿਗੁਰ ਜੋਗ ਕਾ ਤਹਾ ਨਿਵਾਸਾ*
*ਜਹ ਅਵਿਗਤ ਨਾਥੁ ਅਗਮ ਧਨੀ ॥ ਅੰਗ - 883*

ਸਤਿਗੁਰੂ ਉਥੇ ਨਿਵਾਸ ਕਰਦਾ ਹੈ। ਜਿੱਥੇ ਵਾਹਿਗੁਰੂ ਜੀ ਰਹਿੰਦੇ ਨੇ ਉਥੇ ਸਤਿਗੁਰੂ ਰਹਿੰਦਾ ਹੈ। ਮਹਾਰਾਜ ਆਪਣੀ ਗੱਲ ਕਰਦੇ ਨੇ ਕਹਿੰਦੇ ਗੁਰਸਿੱਖੋ! ਅਸੀਂ ਦਸ ਹਜ਼ਾਰ ਸਾਲ ਸਿੱਖ ਨੂੰ ਉਡੀਕਦੇ ਹਾਂ। ਜਿਹੜਾ ਇੱਕ ਵਾਰ ਸਿੱਖੀ 'ਚ ਆ ਗਿਆ, ਅਸੀਂ ਉਹਨੂੰ ਫੇਰ ਦਸ ਹਜ਼ਾਰ ਸਾਲ ਉਡੀਕਦੇ ਰਹਿੰਦੇ ਹਾਂ ਤੇ ਉਹਨੂੰ ਟੋਲ੍ਹਦੇ ਰਹਿੰਦੇ ਹਾਂ ਕਿ ਸਵਰਗ ਲੋਕ 'ਚ ਕਿੱਥੇ ਆ ਗਿਆ, ਧਰਤੀ 'ਤੇ ਹੈ ਜਾਂ ਗੰਧਰਭ ਲੋਕ 'ਚ ਆ ਗਿਆ, ਦੇਵ ਗੰਧਰਭ ਲੋਕ 'ਚ ਹੈ, ਜਾਂ ਪਿੱਤਰ ਲੋਕ 'ਚ ਹੈ। ਉਥੋਂ ਲੈ ਕੇ ਕੁਬੇਰ ਲੋਕ ਤੱਕ ਅਸੀਂ ਟੋਲ੍ਹਦੇ ਰਹਿੰਦੇ ਹਾਂ ਉਹਨੂੰ। 56 ਕਰੋੜ ਸਿੱਖਾਂ ਦਾ ਉਧਾਰ ਕਰਨਾ ਸਾਡੇ ਹੱਥ ਨਿਰੰਕਾਰ ਨੇ ਦਿੱਤਾ ਹੈ। ਉਨ੍ਹਾਂ ਨੂੰ ਸੱਚਖੰਡ 'ਚ ਲਿਜਾਣਾ ਹੈ। ਸੋ ਕਹਿਣ ਲੱਗੇ, ਉਨ੍ਹਾਂ ਨੂੰ ਅਸੀਂ ਟੋਲ੍ਹਦੇ ਹਾਂ, ਸ਼ਹੀਦ ਦੀ ਪਦਵੀ ਦਿੰਦੇ ਹਾਂ, ਜਿਹੜੇ ਸ਼ਹੀਦ ਨੇ ਉਨ੍ਹਾਂ ਦੇ ਹੁਕਮ ਵਿੱਚ ਜਮ ਵੀ ਚਲਦੇ ਨੇ, ਭੂਤ-ਪ੍ਰੇਤ, ਅਸੁਰ, ਪਸ਼ੂ-ਪੰਖੀ, ਨਾਗ, ਨਰ, ਜੱਛ, ਗੰਧਰਭ, ਰਾਖਸ਼ਸ, ਅਪੱਛਰਾ, ਜਿੰਨੀ ਵੀ ਕਾਇਨਾਤ ਹੈ ਉਹ ਸਾਰੀ ਸ਼ਹੀਦਾਂ ਦੇ ਹੱਥ ਵਿੱਚ ਦਿੱਤੀ ਹੋਈ ਹੈ ਤੇ ਉਨ੍ਹਾਂ ਨੂੰ ਅਧਿਕਾਰ ਹੈ ਆਪਣੀ ਪੂਜਾ ਕਰਾਉਣ ਦਾ, ਮੰਨਤ ਕਰਾਉਣ ਦਾ ਤੇ ਉਹ ਤਿੰਨ ਸੁਭਾਵ ਦੇ ਹੁੰਦੇ ਨੇ ਰਜ ਸੁਭਾਅ, ਤਮ ਸੁਭਾਅ ਤੇ, ਸਤ ਸੁਭਾਅ ਦੇ; ਉਹ ਸੁੱਖਾਂ ਜਿਹੜੀਆਂ ਨੇ, ਆਦਮੀ ਸੁਖੀ ਹੈ ਦੁਖੀ ਹੈ, ਉਹਦੀ ਮਾਨਤਾ ਕਰਕੇ ਉਹਦੀਆਂ ਭਾਵਨਾ ਪੂਰੀਆਂ ਕਰਨ ਦੀ ਉਨ੍ਹਾਂ 'ਚ ਸ਼ਕਤੀਆਂ ਹੁੰਦੀਆਂ ਨੇ। ਜਿਹੜੇ ਦੇਵਤੇ ਨੇ, ਦੇਵਤਿਆਂ ਦਾ ਥਾਂ ਸ਼ਹੀਦਾਂ ਨੇ ਲੈ ਲਿਆ। ਪਹਿਲਾਂ ਇਹ ਤਿੰਨ ਜੁਗਾਂ ਵਿੱਚ ਦੇਵਤਿਆਂ ਕੋਲ ਸੀ, ਜਦੋਂ ਤੱਕ ਗੁਰੂ ਨਾਨਕ ਪਾਤਸ਼ਾਹ ਆਏ ਨੇ ਉਹ

ਇਹ ਥਾਂ ਸ਼ਹੀਦਾਂ ਨੇ ਲੈ ਲਿਆ, ਜਿਹੜੀਆਂ ਪ੍ਰਵਾਨ ਹੋਈਆਂ-ਹੋਈਆਂ ਰੂਹਾਂ ਨੇ, ਉਹ ਗੰਧਰਬ ਲੋਕ ਤੋਂ ਲੈ ਕੇ, ਸੱਚਖੰਡ ਤੱਕ ਸਾਰੀਆਂ ਰੂਹਾਂ ਦੀ ਸੰਭਾਲ ਕਰਦੇ ਨੇ ਤੇ ਦੇਵਤਿਆਂ ਦੀ ਥਾਂ ਸ਼ਹੀਦਾਂ ਨੇ ਲੈ ਲਈ ਹੈ। ਜਿਹੜਾ ਭਰਤਖੰਡ ਹੈ ਸ਼ਹੀਦਾਂ ਦੇ ਪਾਸ ਹੈ, ਦੇਵਤਿਆਂ ਦੇ ਪਾਸ ਨਹੀਂ। ਸਾਰੀਆਂ ਸਵਾਰੀਆਂ, ਸਾਰੇ ਵਸਤਰ, ਸਾਰੇ ਭੋਜਨ ਜਿਸਦੀ ਵੀ ਇੱਛਿਆ ਕਰਦੇ ਨੇ, ਕਹਿੰਦੇ ਉਹ ਸਾਰੀਆਂ ਇਨ੍ਹਾਂ ਨੂੰ ਪ੍ਰਾਪਤ ਹੁੰਦੀਆਂ ਨੇ ਤੇ ਮਾਇਆ ਦਾ ਤਮਾਸ਼ਾ ਦੇਖਦੇ ਨੇ ਉਹ ਕਰੋੜਾਂ ਸਾਲ। ਜਿਸ ਬ੍ਰਹਿਮੰਡ ਵਿੱਚ ਜਾਣਾ ਚਾਹੁੰਣ ਉਥੇ ਚਲੇ ਜਾਂਦੇ ਨੇ, ਜੂਨਾਂ ਵਿੱਚ ਨਹੀਂ ਉਹ ਪੈਂਦੇ। ਕਹਿੰਦੇ ਜਿਹੜੇ ਨਿਗੁਰੇ ਹੁੰਦੇ ਨੇ ਉਹ ਭੂਤ-ਪ੍ਰੇਤ ਬਣਦੇ ਨੇ ਮਰ ਕੇ। ਬਾਕੀ ਜਿਹੜੇ ਨਾਥ ਨੇ ਸਿੱਧ ਨੇ ਇਹ ਸਾਰੇ ਇਨ੍ਹਾਂ ਸ਼ਹੀਦਾਂ ਦੇ ਅਧੀਨ ਨੇ, ਸ਼ਹੀਦ ਦੀ ਜੋ ਪਦਵੀ ਹੈ, ਉਹ ਬਹੁਤ ਵੱਡੀ ਮਹਾਰਾਜ ਨੇ ਦੱਸੀ ਹੈ।

ਮਹਾਰਾਜ ਜੀ ਕਹਿਣ ਲੱਗੇ, ਭਾਈ ਮੱਲੂ ਸ਼ਾਹ! ਇਸ ਤਰ੍ਹਾਂ ਦੇ ਕਰਮ ਦੇ ਨਾਲ ਜੇ ਤੂੰ ਆਪਣਾ ਜੀਵਨ ਬਤੀਤ ਕਰੇਂਗਾ, ਤਾਂ ਇਹਦੇ ਨਾਲ ਸਾਡੇ ਜਿਹੜੇ ਚਾਰੋਂ ਪੰਜੋ ਬਚਨ ਦਿੱਤੇ ਨੇ, ਪਹਿਲਾ ਦਿੱਤਾ ਹੈ ਕਿ ਦੇਹ ਨੇ ਨਾਸ਼ ਹੋਣਾ ਹੀ ਹੋਣਾ ਹੈ, ਦੂਸਰਾ ਇਹ ਹੈ ਕਿ ਸੰਸਾਰ ਸੁਪਨਾ ਕਰਕੇ ਜਾਣੀ। ਤੀਸਰਾ ਇਹ ਹੈ ਕਿ ਤੂੰ ਜੋਤੀ ਸਰੂਪ ਹੈਂ, ਦੇਹ ਨਹੀਂ ਹੈ, ਚੌਥਾ ਇਹ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ ਤੇ ਤੂੰ ਉਹਦੀ ਅੰਸ ਹੈਂ। ਪੰਜਵਾਂ ਬਚਨ ਇਹ ਹੈ ਕਿ ਸੂਰਮਤਾਈ ਸਿਖ, ਇਹ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੈ ਇਨ੍ਹਾਂ ਨੂੰ ਮਾਰ ਕੇ ਸੂਰਮਾ ਹੋ ਕੇ ਦਰਗਾਹ ਵਿੱਚ ਪ੍ਰਵਾਨ ਹੋ। ਸੋ ਜਦੋਂ ਤੂੰ ਇਸ ਤਰ੍ਹਾਂ ਦੇ ਨਾਲ ਸੰਸਾਰ ਵਿੱਚ ਕਰਤੱਬ ਕਰੇਂਗਾ, ਤਾਂ ਤੇਰੇ ਸਾਰੇ ਕਰਤੱਬ ਨੇਕੀ ਦੇ ਕਰਤੱਬ ਹੋਣਗੇ। ਇਹ ਸਾਰਿਆਂ ਦਾ ਜੋ ਸਾਰ ਅੰਸ ਹੈ ਉਹ ਤੈਨੂੰ ਅਸੀਂ ਇੱਕ ਵਾਰੀ ਦੱਸ ਦਿੰਦੇ ਹਾਂ -

***ਧਾਰਨਾ - ਸਿਮਰੋ ਪਿਆਰੇ ਨੂੰ,***
***ਸਿਮਰੋ ਸਿਮਰ ਸਿਮਰ ਸੁਖ ਪਾਵਹੁ।***

ਕਲਾ ਤੇ ਕਲੇਸ਼ ਮਿੱਟ ਜਾਏਗੀ, ਇਸ ਤਰ੍ਹਾਂ ਕਲਿਆਣ ਵੀ ਹੋ ਜਾਏਗੀ, ਮੁੱਖ ਉਜਲਾ; ਜੋ ਤੂੰ ਕਿਹਾ ਸੀ ਕਿ ਮੁੱਖ ਉਜਲੇ ਕਿਵੇਂ ਜਾਵਾ? ਤੂੰ ਮੁੱਖ ਉਜਲਾ ਲੈ ਕੇ ਜਾ ਸਕੇਂਗਾ।

ਇਹ ਉਪਦੇਸ਼ ਇਕੱਲੇ ਉਸਨੂੰ ਨਹੀਂ ਸਾਧਸੰਗਤ ਜੀ, ਸਾਨੂੰ ਵੀ ਪ੍ਰਾਪਤ ਹੋਇਆ ਹੈ। ਜੇ ਅਸੀਂ ਵੀ ਇਨ੍ਹਾਂ ਦੀ ਕਮਾਈ ਕਰੀਏ ਤਾਂ ਅਸੀਂ ਵੀ ਮੁੱਖ ਉਜਲੇ ਦਰਗਾਹ ਵਿੱਚ ਜਾ ਕੇ -

***ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥***
***ਅੰਗ - 283***

ਹੁਣ ਸਮਾਂ ਕਿਉਂਕਿ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਮੈਂ ਸਮਾਪਤ ਕਰਦਾ ਹਾਂ। ਸਾਰੇ ਪ੍ਰੇਮੀ ਹੁਣ ਰਸਨਾ ਪਵਿੱਤਰ ਕਰਨ ਵਾਸਤੇ ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ ਵਿੱਚ ਬੋਲੋ।

# ਧੰਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੇ ਭਾਈ ਗੁੱਜਰ ਲੋਹਾਰ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਸੰਸਾਰ ਸਮੁੰਦੇ ਤਾਰ ਗੋਬਿੰਦੇ, ਤਾਰ ਲੈ ਬਾਪ ਬੀਠੁਲਾ।*

*ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥*
*ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥ 1 ॥*
*ਰਹਾਉ ॥ ਅਨਿਲ ਬੇੜਾ ਹਉ ਖੇਵਿ ਨ ਸਾਕਉ ॥*
*ਤੇਰਾ ਪਾਰੁ ਨ ਪਾਇਆ ਬੀਠੁਲਾ ॥ 2 ॥*
*ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥*
*ਪਾਰਿ ਉਤਾਰੇ ਕੇਸਵਾ ॥ 3 ॥*
*ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥*
*ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥ ਅੰਗ - 1196*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ, ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਜਿਸ ਕੰਮ ਵਾਸਤੇ ਆਪ ਆਏ ਓਂ, ਐਨੀਆਂ ਧੁੱਪਾਂ ਦੇ ਅੰਦਰ ਸਹਿਜ ਤਪ ਕਰ ਰਹੇ ਓਂ। ਉਹਦਾ ਪੂਰਾ-ਪੂਰਾ ਲਾਹਾ ਲੈਣ ਵਾਸਤੇ, ਨੇਤਰਾਂ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ। ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ, ਫੇਰ ਸਾਨੂੰ ਪੂਰਾ-ਪੂਰਾ ਲਾਹਾ ਪ੍ਰਾਪਤ ਹੋ ਜਾਏਗਾ। ਸਮਾਂ ਲੰਘਦਾ ਜਾ ਰਿਹਾ ਹੈ, ਬਾਣੀ 'ਚ ਫੁਰਮਾਨ ਆਇਆ ਹੈ -

*ਲੋਭ ਲਹਰਿ ਅਤਿ ਨੀਝਰ ਬਾਜੈ ॥ ਅੰਗ - 1196*

ਬਹੁਤ ਭਿਆਨਕ ਲਹਿਰਾਂ ਲੋਭ ਦੀਆਂ ਉਠ ਰਹੀਆਂ ਨੇ। ਕਾਮ ਦੀਆਂ ਉੱਠ ਰਹੀਆਂ ਨੇ, ਕ੍ਰੋਧ ਦੀਆਂ ਉੱਠ ਰਹੀਆਂ ਨੇ, ਮੋਹ ਦੀਆਂ ਉੱਠ ਰਹੀਆਂ ਨੇ, ਹੰਕਾਰ ਦੀਆਂ ਉੱਠ ਰਹੀਆਂ ਨੇ। ਹੰਗਤਾ, ਮਮਤਾ, ਨਿੰਦਿਆਂ, ਈਰਖਾ, ਵਖੀਲੀ, ਤ੍ਰਿਸ਼ਨਾ, ਚੁਗਲੀ; ਐਨੀਆਂ ਲਹਿਰਾਂ, ਵਾ-ਵਰੋਲੇ ਉੱਠ ਰਹੇ ਨੇ। ਵਾ-ਵਰੋਲਿਆਂ ਦੇ ਵਿਚ ਤਾਂ ਜਹਾਜ਼ ਤੁਰ ਹੀ ਨਹੀਂ ਸਕਦਾ। ਘੁੰਮਣ-ਘੇਰੀਆਂ ਖਾ ਕੇ ਡੁੱਬ ਜਾਂਦਾ ਹੈ। ਐਡੀ ਵੱਡੀ ਲਹਿਰ ਉੱਠੀ ਹੋਈ ਹੈ - 'ਕਾਇਆ ਡੂਬੈ ਕੇਸਵਾ ॥' ਜਿਹੜਾ ਮੇਰਾ ਸਰੀਰ ਹੈ,

ਜਿਹੜੀ ਮੇਰੀ ਹਸਤੀ ਹੈ, ਡੁੱਬਦੀ ਚਲੀ ਜਾ ਰਹੀ ਹੈ ਇਸ ਲਹਿਰ ਦੇ ਅੰਦਰ। ਹੇ ਵਾਹਿਗੁਰੂ! ਇਸ ਸੰਸਾਰ ਸਮੁੰਦਰ 'ਚੋਂ ਮੈਨੂੰ ਤਾਰ ਲੈ, ਤਰਲਾ ਲਿਆ ਹੈ ਕਿ ਹੇ ਪਿਤਾ! ਹੇ ਵਾਹਿਗੁਰੂ ਜੀ! ਤੁਸੀਂ ਮੈਨੂੰ ਜ਼ਰੂਰ ਤਾਰ ਲਓ। ਆਹ ਸਮੁੰਦਰ ਦੇ ਅੰਦਰ, ਲਹਿਰਾਂ ਦੇ ਵਿਚ, ਜਹਾਜ਼ ਮੇਰੇ ਤੋਂ ਨਹੀਂ ਚਲਾ ਹੁੰਦਾ ਤੇ ਅਗਲੇ ਕੰਢੇ ਦਾ ਵੀ ਕੋਈ ਪਤਾ ਨਹੀਂ ਹੈ। ਤੂੰ ਆਪ ਕ੍ਰਿਪਾ ਕਰ! ਮੈਨੂੰ ਗੁਰੂ ਦਾ ਮਿਲਾਪ ਕਰਾ। ਜੇ ਜ਼ਿੰਦਗੀ 'ਚ ਕਿਸੇ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਵੇ, ਤਾਂ ਉਹ ਸਤਿਗੁਰੂ ਤਾਰ ਦਿੰਦਾ ਹੈ। ਮੇਰੇ ਤੋਂ ਨਹੀਂ ਤਰਿਆ ਜਾਂਦਾ ਤੇ ਮੈਨੂੰ ਉਹ ਗੁਰੂ ਪਾਰ ਉਤਾਰ ਦਏਗਾ। ਮੈਂ ਤਾਂ ਜਾਣਦਾ ਹੀ ਨਹੀਂ ਕਿ ਕਿਵੇਂ ਤਰ ਹੁੰਦਾ ਹੈ। ਸਹਾਰਾ ਦੇ ਕੇ ਮੈਨੂੰ ਤਾਰ ਲੈ। ਸੋ ਇਸ ਸੰਸਾਰ ਸਮੁੰਦਰ ਦੇ ਅੰਦਰ, ਐਨੀਆਂ ਲਹਿਰਾਂ ਉੱਠ ਰਹੀਆਂ ਨੇ ਇਸ ਥਾਂ ਦੇ ਉੱਤੇ ਕਿ ਅੱਜ ਦੀ ਜੋ ਜ਼ਿੰਦਗੀ ਹੈ ਉਹ ਬਹੁਤ ਪਰੇਸ਼ਾਨੀਆਂ 'ਚ ਪੈ ਗਈ। ਕੋਈ ਕਿਨਾਰਾ ਨਹੀਂ ਨਜ਼ਰ ਆ ਰਿਹਾ। ਫੁਰਸਤ ਨਹੀਂ ਰਹੀ ਕਿ ਪ੍ਰਮੇਸ਼ਰ ਦੇ ਭਜਨ ਵਲ ਧਿਆਨ ਦੇਈਏ। ਹੋਰ ਝੂਠੀਆਂ ਚੀਜ਼ਾਂ ਨੇ ਐਨਾ ਮਨ ਮੱਲ ਲਿਆ, ਐਨਾ ਸਮਾਂ ਲੈ ਲਿਆ ਕਿ ਕਿਸੇ ਪਾਸੇ ਅਸੀਂ ਸਮਾਂ ਵੀ ਨਹੀਂ ਕੱਢ ਸਕਦੇ, ਕਿਉਂਕਿ ਲਹਿਰਾਂ ਬਹੁਤ ਵੱਡੀਆਂ-ਵੱਡੀਆਂ ਉੱਠ ਰਹੀਆਂ ਨੇ।

ਆਹ ਪਿੱਛੇ ਤੁਸੀਂ ਪੜ੍ਹਿਆ ਹੋਣਾ ਅਖਬਾਰਾਂ 'ਚ, ਬੰਗਲਾ ਦੇਸ਼ ਦੇ ਅੰਦਰ ਇੱਕੋ ਦਿਨ 'ਚ ਸੁਨਾਮੀ ਲਹਿਰ ਪੰਜ ਲੱਖ ਬੰਦਿਆਂ ਨੂੰ ਰੋੜ੍ਹ ਕੇ ਲੈ ਗਈ। ਪਤਾ ਕਿੰਨੇ ਕੁ ਇਰਾਦੇ ਹੋਣੇ ਨੇ, ਕੀ-ਕੀ ਕਰਦੇ ਹੋਣੇ ਨੇ। ਪੰਜ ਲੱਖ ਬੰਦਾ ਥੋੜ੍ਹਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਨਾਲ ਇਹ ਲਹਿਰਾਂ ਉੱਠ ਰਹੀਆਂ ਨੇ। ਰੋੜ੍ਹੀ ਤੁਰੀਆਂ ਜਾਂਦੀਆਂ ਨੇ ਸੰਸਾਰ ਨੂੰ ਤੇ ਸਾਡਾ ਸਾਰਾ ਹੀ ਸਮਾਂ ਬਰਬਾਦ ਹੁੰਦਾ ਜਾਂਦਾ ਹੈ। ਕਿਉਂਕਿ ਅਸੀਂ ਗਫਲਤ 'ਚ ਪਏ ਹੋਏ ਹਾਂ, ਜੇ ਸਾਡਾ ਇਰਾਦਾ ਵੀ ਹੋ ਜਾਵੇ, ਤਾਂ ਵੀ ਅਸੀਂ ਸਾਵਧਾਨ ਹੋ ਜਾਈਏ ਕਿ ਜੇ ਇਰਾਦਾ ਹੀ ਨਹੀਂ ਹੈ ਤਾਂ ਅਸੀਂ ਗਲਤ ਚੀਜ਼ ਵਲ ਹੀ ਤੁਰੇ ਜਾਂਦੇ ਹਾਂ। ਉਸੇ ਨੂੰ ਅਸੀਂ ਐਉਂ ਸਮਝਦੇ ਹਾਂ ਕਿ ਸਾਡੀ ਬੜੀ ਭਾਰੀ ਪ੍ਰਾਪਤੀ ਹੈ। ਦੁਨੀਆਂ ਪ੍ਰਾਪਤ ਹੋ ਜਾਵੇ ਸਾਨੂੰ, ਦੁਨੀਆਂ ਦੀਆਂ ਬਰਕਤਾਂ ਸਾਡੇ ਘਰ ਆ ਜਾਣ ਤੇ ਸਾਨੂੰ ਐਉਂ ਲਗਦਾ ਹੈ ਕਿ ਅਸੀਂ ਜੀਵਨ ਦਾ ਮਨੋਰਥ ਪੂਰਾ ਕਰ ਲਿਆ, ਲੜਕੇ ਵਿਆਹੇ ਗਏ, ਜ਼ਮੀਨ ਮੈਂ ਲੈ ਲਈ, ਕੋਠੀਆਂ ਪਾ ਲਈਆਂ। ਲੜਕੀਆਂ ਵਿਆਹ ਦਿੱਤੀਆਂ। ਕਹਿੰਦੇ ਇਹ ਤਾਂ ਤੂੰ ਕੁਛ ਵੀ ਨਹੀਂ ਕਰਿਆ ਤੂੰ ਪ੍ਰੇਮੀਆਂ! ਜਿਹੜੇ ਤੂੰ ਕੰਮ ਨੂੰ ਆਇਆ ਸੀ, ਉਹ ਤਾਂ ਕੰਮ ਤੂੰ ਕਰਿਆ ਹੀ ਨਹੀਂ ਹੈ। ਉਹ ਤਾਂ ਤੂੰ ਗੁਆ ਬੈਠਿਆ, ਕੌਡੀਆਂ ਦੇ ਸੌਦੇ ਕਰਕੇ -

***ਧਾਰਨਾ - ਤੇਰਾ ਜਨਮ ਅਮੋਲਕ ਹੀਰਾ,***
***ਕੌਡੀਆਂ ਦੇ ਭਾਅ ਜਾਂਵਦਾ।***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - 156***

ਸਾਰੀ ਉਮਰ ਲੰਘ ਗਈ, ਸੌਣ ਦੇ ਵਿਚ, ਖਾਣ ਦੇ ਅੰਦਰ, ਖਾਣ ਵਾਸਤੇ ਕਮਾਈ ਕਰਨ ਦੇ ਅੰਦਰ। ਮਹਾਰਾਜ ਕਹਿੰਦੇ, ਹੀਰਿਆਂ ਨੂੰ ਤੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਪਿਆਰਿਆ। ਅੱਜਕੱਲ੍ਹ ਕਰਦੇ, ਅੱਜਕੱਲ੍ਹ ਕਰਦੇ ਤੇਰਾ ਸਮਾਂ ਬੀਤਦਾ ਜਾਂਦਾ ਹੈ, ਪਹਿਲਾਂ ਤਾਂ ਆਦਮੀ ਇਸ ਰਸਤੇ ਨਹੀਂ ਲਗਦਾ, ਜੇ ਲਗਦਾ ਹੈ ਤਾਂ ਕਹਿੰਦਾ ਹੈ, ਫੇਰ ਕਹਿੰਦਾ ਹੈ ਕਿ ਆਹ ਕੰਮ ਕਰਕੇ ਲੱਗਾਂਗੇ, ਆਹ ਕੰਮ ਕਰਕੇ ਲੱਗਾਂਗੇ। ਦੂਸਰਾ ਇਹ ਬੜਾ ਭਾਰਾ ਨੁਕਸ ਹੈ, ਅਸਚਰਜ ਦੀ ਬਾਤ ਹੈ ਕਿ ਸੰਸਾਰ ਤੁਰਿਆ ਜਾਂਦਾ ਹੈ, ਕੋਲੋਂ ਬੰਦੇ ਤੁਰੇ ਜਾ ਰਹੇ ਨੇ। ਆਪ ਜਾਂਦਾ ਹੈ, ਫਲਾਣੇ ਦੀ ਮਕਾਣ ਜਾਣਾ ਹੈ, ਫਲਾਣੇ ਦਾ ਕਾਰਡ ਆਇਆ ਹੋਇਆ ਹੈ, ਕੀ ਮਜ਼ਾਲ ਹੈ ਕਿ ਇਹਨੂੰ ਖਿਆਲ ਆ ਜਾਵੇ ਕਿ ਮੈਂ ਵੀ ਇਹ ਥਾਉਂ ਛੱਡ ਜਾਣਾ ਹੈ। ਆਹ ਗੱਲ ਨਹੀਂ ਸਮਝ 'ਚ ਆਉਂਦੀ, ਕਾਲ ਸਾਰਿਆਂ ਦੇ ਉਤੇ ਹਾਵੀ ਹੈ ਸਾਧਸੰਗਤ ਜੀ, ਇਹ ਐਸੀ ਅਟੱਲ ਸਚਾਈ ਤੇ ਐਨਾ ਜ਼ਬਰਦਸਤ ਰਸਤਾ ਹੈ, ਮਹਾਰਾਜ ਕਹਿੰਦੇ, ਕੁਛ ਕਰ ਲੈ, ਜੋ ਤੇਰਾ ਜੀਅ ਕਰਦਾ ਹੈ, ਲੇਕਿਨ ਜੋ ਵਲੀ ਕਾਲ ਹੈ ਇਹਦੇ ਅੱਗੇ ਕੋਈ ਵੀ ਨਹੀਂ ਠਹਿਰ ਸਕਦਾ। ਵੱਡੇ-ਵੱਡੇ ਸੰਸਾਰ 'ਤੇ ਆਏ -

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥***
***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥*** ***ਅੰਗ - 488***

ਜ਼ਮੀਨ ਨੇ ਅਸਮਾਨ ਨੂੰ ਸਵਾਲ ਕਰਿਆ ਕਿ ਸੰਸਾਰ ਦੇ ਉੱਤੇ ਸ਼ਕਤੀਆਂ ਵਾਲੇ ਵੀ ਆਏ, ਫੌਜੀ ਤਾਕਤ ਵਾਲੇ ਵੀ ਆਏ, ਪੈਸੇ ਦੀ ਤਾਕਤ ਵਾਲੇ ਵੀ ਆਏ। ਸਰੀਰਕ ਬਲ ਵਾਲੇ ਵੀ ਆਏ ਤੇ ਸੰਸਾਰ ਨੂੰ ਪਾਰ ਕਰਨ ਵਾਲੇ ਵੱਡੇ-ਵੱਡੇ ਮਹਾਂਪੁਰਸ਼ ਵੀ ਆਏ, ਅਵਤਾਰ ਵੀ ਆਏ, ਸਾਰੀ ਸ੍ਰਿਸ਼ਟੀ 'ਚ ਆਏ, ਸਵਾ ਲੱਖ ਅਉਲੀਆ ਆਇਆ, ਅਵਤਾਰਾਂ ਦਾ ਕੋਈ ਅੰਤ ਹੀ ਨਹੀਂ ਹੈ, ਉਹ ਚਲੇ ਕਿੱਥੇ ਜਾਂਦੇ ਨੇ, ਜਦੋਂ ਇੱਕ ਵਾਰੀ ਚਲਿਆ ਜਾਂਦਾ ਹੈ, ਮੁੜ ਕੇ ਇਸ ਥਾਂ 'ਤੇ ਕੋਈ ਆਉਂਦਾ ਨਹੀਂ ਹੈ ਤੇ ਨਾ ਆ ਕੇ ਦਸਦਾ ਹੈ ਕਿ ਮੇਰੇ ਨਾਲ ਕੀ ਵਰਤੀ, ਮੈਂ ਕਿੱਥੇ ਚਲਿਆ ਗਿਆ। ਜਵਾਬ ਦਿੰਦਾ ਹੈ ਅਸਮਾਨ ਕਿ -

***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥***
***ਅੰਗ - 488***

ਕੁਛ ਤਾਂ ਭਾਈ ਮੜ੍ਹੀਆਂ ਦੇ ਵਿਚ ਜਾਲ ਦਿੱਤੇ, ਕੁਛ ਕਬਰਾਂ ਦੇ ਵਿਚ ਦੱਬ ਦਿੱਤੇ, ਜਿਹੜਾ ਇਹਦੇ ਵਿਚ ਜੀਵ ਆਤਮਾ ਸੀ ਉਹ ਦਰਗਾਹ 'ਚ ਜਾ ਕੇ ਉਲਾਮ੍ਹੇ ਸਹਿ ਰਿਹਾ ਹੈ, ਉਲ੍ਹਾਮੇ ਮਿਲਦੇ ਨੇ ਓਸਨੂੰ। ਪ੍ਰਮੇਸ਼ਰ ਦੇ ਦੁਆਰ 'ਤੇ ਖੜ੍ਹੇ ਨੇ, ਵੱਡੇ-ਵੱਡੇ ਅਵਤਾਰ ਵੀ ਜਿਹੜੇ ਆਏ ਨੇ, ਵੱਡੇ-ਵੱਡੇ ਅਉਲੀਆ ਆਏ, ਗਲਤੀ ਕੀ ਹੋਈ, ਉਨ੍ਹਾਂ ਨੇ ਪ੍ਰਮੇਸ਼ਰ ਦਾ ਨਾਮ ਜਪਾਉਣ ਦੀ ਥਾਂ 'ਤੇ, ਆਪਣਾ ਆਪ ਵਿਚ ਲੈ ਆਂਦਾ। ਆਪਣਾ ਆਪ ਆ ਗਿਆ, ਲੋਕ ਉਨ੍ਹਾਂ ਨੂੰ ਮੰਨਣ ਲਗ ਗਏ। ਉਨ੍ਹਾਂ ਦੇ ਸਰੀਰ ਨੂੰ ਮੰਨਣ ਲਗ ਗਏ, ਉਨ੍ਹਾਂ ਦੇ ਰੂਪ-ਰੰਗ ਨੂੰ ਮੰਨਣ ਲਗ ਗਏ ਤੇ ਪ੍ਰਮੇਸ਼ਰ ਫੇਰ ਲਾਂਭੇ ਰਹਿ ਗਿਆ। ਜੋ ਨਿਰਗੁਣ ਹੈ ਜਿਹਦਾ ਚੱਕਰ ਨਹੀਂ, ਚਿਹਨ

ਨਹੀਂ, ਬਰਨ ਨਹੀਂ, ਜਾਤ ਨਹੀਂ; ਉਹਨੂੰ ਫੇਰ ਭੁੱਲ ਗਏ, ਉਸੇ ਸ਼ਕਲ ਨੂੰ ਮੰਨੀ ਜਾਂਦੇ ਨੇ, ਜਿਹੜੀ ਸ਼ਕਲ ਆਈ ਸੀ। ਸਾਰੀ ਦੁਨੀਆਂ ਹੀ ਇਸ ਤਰ੍ਹਾਂ ਕਰਦੀ ਹੈ, ਅਸੀਂ ਵੀ ਇਸ ਤਰ੍ਹਾਂ ਕਰਦੇ ਹਾਂ। ਹੋਰ ਵੀ ਇਵੇਂ ਹੀ ਕਰਦੇ ਨੇ, ਲੇਕਿਨ ਜੋ ਮਹਾਂਪੁਰਸ਼ ਬਾਰ-ਬਾਰ ਕਹਿੰਦੇ ਨੇ ਕਿ ਮੈਂ ਸਰੀਰ ਨਹੀਂ ਹਾਂ। ਮੈਂ ਜੋਤ ਹਾਂ ਉਸ ਜੋਤ ਦੇ ਵਿਚੋਂ ਆਇਆ ਹਾਂ ਮੈਂ, ਪ੍ਰਭ ਜੋਤ ਦੇ ਵਿਚੋਂ। ਥੋੜ੍ਹਾ ਮਿਸ਼ਨ ਲੈ ਕੇ ਆਇਆ ਹਾਂ, ਮੈਂ ਆਪਣਾ ਇੱਕ ਵਾਈਕਲ ਬਣਾਇਆ ਹੈ ਕੰਮ ਕਰਨ ਵਾਸਤੇ। ਔਜ਼ਾਰ ਲਏ ਨੇ ਪੰਜ ਗਿਆਨ ਇੰਦ੍ਰਿਆਂ ਦੇ, ਪੰਜ ਕਰਮ ਇੰਦ੍ਰਿਆਂ ਦੇ, ਮਨ, ਚਿੱਤ, ਬੁੱਧ, ਅਹੰਭਾਵ ਦਾ ਅੰਤਸ਼ਕਰਣ ਲਿਆ ਹੈ ਨਾਲ। ਪੰਜ ਪ੍ਰਾਣ ਲਏ ਨੇ, ਪੰਜ ਤੱਤ ਲਏ ਨੇ ਤੇ ਇਹਦੇ ਨਾਲ ਮੈਂ ਸੰਸਾਰ ਦੇ ਅੰਦਰ ਕੁਛ ਕੰਮ ਕਰਨ ਵਾਸਤੇ ਆਇਆ, ਤੁਸੀਂ ਇਸੇ ਨੂੰ ਕਿਤੇ ਗਲਤੀ ਨਾਲ ਮੈਨੂੰ ਸਮਝ ਲਿਓ। ਇਸੇ ਕਰਕੇ ਗੁਰੂ ਦਸਵੇਂ ਪਾਤਸ਼ਾਹ ਨੇ ਸਾਵਧਾਨ ਕੀਤਾ ਹੈ -

***ਜੋ ਹਮ ਕੋ ਪਰਮੇਸਰਿ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***

***ਅਕਾਲ ਪੁਰਖ ਬਾਚ॥ ਚੌਪਈ॥***

ਉਹ ਜਿਹੜੀ ਚੀਜ਼ ਹੈ ਉਹਨੂੰ ਕਾਲ ਨਹੀਂ ਖਾਂਦਾ। ਬਾਕੀ ਜਿਹੜੀ ਚੀਜ਼ ਮਾਇਆ ਦੇ ਵਿਚ ਬਣੀ ਹੋਈ ਹੈ, ਚਾਹੇ ਸਰੀਰ ਹੈ, ਚਾਹੇ ਕਿਸੇ ਦਾ ਸਰੀਰ ਹੈ, ਉਹਨੂੰ ਕਾਲ ਖਾ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਕਾਲ ਬਲੀ ਦੇ ਅੱਗੇ ਨਾ ਪੇਸ਼ ਜਾਣੀ,***
***ਵੱਡੇ ਵੱਡੇ ਖਾ ਲਏ ਕਾਲ ਨੇ।***

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***

***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

***ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥***
***ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥***
***ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥***
***ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥***
***ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥***
***ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥***
***ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥***

*ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥*

*ਅੰਗ - 1100*

ਜਿੰਨਾਂ ਕੁਛ ਦਿਸਦਾ ਹੈ, ਜਿੰਨਾਂ ਸੁਣਦੇ ਹਾਂ, ਜਿੰਨਾਂ ਸਮਝਦੇ ਹਾਂ, ਮਹਾਰਾਜ ਕਹਿੰਦੇ ਕੁਛ ਨਹੀਂ ਰਹਿਣਾ, ਨਾ ਧਰਤੀ, ਨਾ ਆਕਾਸ਼, ਨਾ ਪਾਤਾਲ, ਨਾ ਚੰਦਰਮਾ, ਨਾ ਸੂਰਜ ਨੇ ਰਹਿਣਾ। ਡੇਰੇ ਢਹਿ ਜਾਣਗੇ, ਨਾ ਬਾਦਸ਼ਾਹ ਰਹੇ ਨਾ ਹਾਕਮ ਰਹੇ। ਵੱਡੇ-ਵੱਡੇ ਕਰਾਮਾਤੀ, ਉਡ ਜਾਣ ਵਾਲੇ, ਗੁਪਤ ਹੋ ਜਾਣ ਵਾਲੇ, ਕੋਈ ਨਾ ਰਹੇ। ਵਿਸ਼ਵਾਮਿਤਰ 'ਚ ਕਿੰਨੀ ਕਿੰਨੀ ਤਾਕਤ ਸੀ। ਐਸਾ ਦਸਦੇ ਨੇ ਕਿ ਤਿਸ਼ਕੂੰ ਰਾਜਾ ਜਿਸ ਵਕਤ ਸਵਰਗ 'ਚ ਜਾਣ ਲੱਗਿਆ, ਉਹਨੂੰ ਸਵਰਗ ਵਿੱਚ ਜਾਣ ਨਾ ਦਿੱਤਾ। ਇਸ ਲਈ ਇੱਕ ਪੁਰੀ ਉਹਦੇ ਵਾਸਤੇ ਸਪੈਸ਼ਲ ਹੀ ਬਣਾ ਦਿੱਤੀ ਜਿਹੜੀ ਅਜੇ ਤਕ ਲਟਕ ਰਹੀ ਹੈ। ਕਿੱਥੇ ਨੇ ਵਿਸ਼ਵਾਮਿੱਤਰ ਜੀ। ਵੱਡੇ-ਵੱਡੇ ਪੀਰ ਪੈਕਾਂਬਰ ਅਉਲੀਏ ਨਹੀਂ ਰਹੇ। ਦੋ ਅਬਿਨਾਸੀ ਨੇ ਇੱਕ ਤਾਂ ਵਾਹਿਗੁਰੂ ਜੀ ਅਬਿਨਾਸੀ ਨੇ। ਇੱਕ ਜਿਹਨੇ ਬੰਦਗੀ ਕਰਕੇ ਜੀਵਕ, ਮਿਰਤਕ ਹੋ ਕੇ ਫੇਰ ਜਿਹਨੇ ਜ਼ਿੰਦਗੀ ਪ੍ਰਾਪਤ ਕਰ ਲਈ, ਉਹ ਜਾਇਆ ਕਰਦਾ, ਉਹ ਨਹੀਂ ਮਰਦਾ, ਬਾਕੀ ਸਾਰਾ ਸੰਸਾਰ ਮਰਦਾ ਹੈ। ਸੋ ਇਸ ਕਰਕੇ ਬੜਾ ਗਹਿਰੀ ਸੋਚ ਦੇਣੀ ਚਾਹੀਦੀ ਇਸ ਚੀਜ਼ ਨੂੰ। ਸੰਸਾਰ 'ਤੇ ਰਹਿਣਾ ਤਾਂ ਹੈ ਨਹੀਂ, ਸਵਾਸ ਖਤਮ ਹੁੰਦੇ ਤੁਰੇ ਜਾ ਰਹੇ ਨੇ, 24000 ਰੋਜ਼ ਘਟ ਜਾਂਦੇ ਨੇ। ਲੇਕਿਨ ਮਜ਼ਾਲ ਹੈ ਇਸ ਬੰਦੇ ਨੂੰ ਸੋਝੀ ਆ ਜਾਵੇ। ਜਾਗਦਾ ਹੀ ਨਹੀਂ ਹੈ, ਮਹਾਰਾਜ ਕਹਿੰਦੇ, ਗਾਫਲ ਹੋ ਕੇ ਪਿਆ ਹੈ, ਜਗਾਉਣ ਵਾਲੇ ਹਾਕਾਂ ਮਾਰਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ - 1378*

ਜਾਗਦਾ ਹੀ ਨਹੀਂ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਾਗ ਰੇ ਮਨ ਜਾਗਣਹਾਰੇ, ਗਾਫਲ ਹੋ ਕੇ ਸੌਂ ਰਿਹੈਂ।***

ਜੋ ਜਾਗਣਹਾਰਾ ਹੈ ਇਸ ਸਰੀਰ ਦੇ ਅੰਦਰ, ਮਹਾਰਾਜ ਕਹਿੰਦੇ ਉਹ ਗਾਫਲ ਹੋ ਕੇ ਸੌਂ ਰਿਹਾ ਹੈ। ਅਵਾਜ਼ ਦਿੰਦੇ ਨੇ ਕਿ ਮੇਰੇ ਮਨ ਤੂੰ ਜਾਗ ਤਾਂ ਸਹੀ, ਤੂੰ ਤਾਂ ਗਾਫਲ ਹੋ ਕੇ ਸੌਂ ਰਿਹਾ ਹੈਂ।

*ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥*
*ਗੁਰ ਕੇ ਚਰਨ ਕੇਸ ਸੰਗਿ ਝਾਰੇ ॥ 1 ॥*
*ਜਾਗੁ ਰੇ ਮਨ ਜਾਗਨਹਾਰੇ ॥*
*ਬਿਨੁ ਹਰਿ ਅਵਰੁ ਨ ਆਵਸਿ ਕਾਮਾ*
*ਝੂਠਾ ਮੋਹੁ ਮਿਥਿਆ ਪਸਾਰੇ ॥ ਅੰਗ - 387*

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥*

*ਅੰਗ - 726*

ਮਹਾਰਾਜ ਕਹਿੰਦੇ ਕਦੇ ਵਿਚਾਰ ਕਰਕੇ ਦੇਖਿਆ ਹੈ ਤੂੰ? ਕਦੇ ਇਕੱਲਾ ਬੈਠ ਕੇ ਸੋਚਿਆ ਕਰ, ਕੀ ਗੱਲ ਤੈਨੂੰ ਜਾਗ ਕਿਉਂ ਨਹੀਂ ਆਉਂਦੀ, ਐਨੀ ਗਾੜ੍ਹੀ ਨੀਂਦ ਚੜ੍ਹ ਗਈ ਤੈਨੂੰ, ਮੋਹ ਦੇ ਵਿਚ ਪੈ ਗਿਆ, ਪਿਆਰ ਕਰ ਗੁਰੂ ਨਾਲ -

***ਗੁਰ ਕੀ ਬਾਣੀ ਸਿਉ ਰੰਗੁ ਲਾਇ ॥***
***ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥ ਅੰਗ - 387***

ਗੁਰੂ ਨੂੰ ਮਨਾ ਲੈ, ਉਹਦੀ ਬਾਣੀ ਦੇ ਨਾਲ ਪ੍ਰੇਮ ਪਾ ਲੈ। ਫੇਰ ਤੇਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ।

***ਗੁਰ ਬਿਨੁ ਦੂਜਾ ਨਾਹੀ ਥਾਉ ॥ ਗੁਰੁ ਦਾਤਾ ਗੁਰੁ ਦੇਵੈ ਨਾਉ ॥***
***ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥***
***ਆਠ ਪਹਰ ਨਾਨਕ ਗੁਰ ਜਾਪਿ ॥ ਅੰਗ - 387***

ਫੇਰ ਤੈਨੂੰ ਜਾਗ ਆ ਜਾਏਗੀ, ਜਗਾਉਣ ਵਾਲਾ ਜਗਾ ਦਏਗਾ, ਆਪਣੇ ਆਪ ਜਾਗ ਨਹੀਂ ਆਉਂਦੀ। ਕਿਉਂਕਿ ਬਹੁਤ ਗਾੜ੍ਹੀ ਨੀਂਦ 'ਚ ਪੈ ਗਿਆ। ਸਾਰੇ ਹੀ ਅੰਗ ਸੌਂ ਗਏ।

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ - 182***

ਅੱਖਾਂ ਪਰਾਈ ਦ੍ਰਿਸ਼ਟੀ ਦੇਖਦੀਆਂ ਹੋਈਆਂ ਸੌਂ ਗਈਆਂ। ਮਾੜੇ ਵਿਚਾਰ, ਮਾੜੀਆਂ ਗੱਲਾਂ, ਜਿਹੜੀਆਂ ਘਾਟੇ ਦੀਆਂ ਗੱਲਾਂ ਨੇ ਉਹ ਸੁਣਦੇ-ਸੁਣਦੇ ਕੰਨ ਸੌਂ ਗਏ। ਸੁਆਦਾਂ 'ਚ ਪੈ ਕੇ ਜੀਭ ਸੌਂ ਗਈ। ਮਨ ਜਿਹੜਾ ਜਾਗਣ ਵਾਲੀ ਚੀਜ਼ ਸੀ ਉਹ ਸੌਂ ਗਿਆ, ਮਾਇਆ ਦਾ ਨਸ਼ਾ ਚੜ੍ਹ ਗਿਆ। ਨੀਂਦ ਆ ਗਈ, ਠਗਮੂਰੀ ਬੂਟੀ ਇਹਨੇ ਸੁੰਘ ਲਈ। ਹੁਣ ਜਗਾਉਂਦੇ ਨੇ ਇਹਨੂੰ ਜਾਗ ਨਹੀਂ ਆਉਂਦੀ। ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿੰਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਹੋਰ ਧਾਰਮਿਕ ਗ੍ਰੰਥ ਇਸਨੂੰ ਹਾਕਾਂ ਮਾਰ-ਮਾਰ ਜਗਾਉਂਦੇ ਨੇ ਪਰ ਕੀ ਮਜ਼ਾਲ ਹੈ। ਗਫਲਤ ਦੀ ਨੀਂਦ ਵਿੱਚ, ਸੁਪਨੇ ਦੀ ਨੀਂਦ ਵਿੱਚ ਐਸਾ ਮਸਤ ਹੋਇਆ ਕਿ ਜਗਾਇਆ ਹੋਇਆ ਵੀ ਨਹੀਂ ਜਾਗਦਾ।

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ ਅੰਗ - 182***

ਇਸ ਘਰ ਦੇ ਅੰਦਰ ਜੇ ਕੋਈ ਜਾਗੇ, ਉਹ ਆਪਣੀ ਕੂੰਜੀ ਨੂੰ ਸਾਬਤ ਰੱਖ ਸਕਦਾ ਹੈ ਕਿਉਂਕਿ ਇਹਦੇ ਅੰਦਰ ਅੰਮ੍ਰਿਤ ਦਾ ਵਾਸਾ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥***
***ਅੰਗ - 644***

ਮਿਰਗ ਨਹੀਂ ਜਾਣਦਾ ਕਿ ਮੇਰੇ ਨੇਫੇ ਦੇ ਅੰਦਰ, ਮੇਰੀ ਧੁੰਨੀ ਦੇ

ਅੰਦਰ ਕਸਤੂਰੀ ਹੈ। ਉਹ ਝਾੜ ਸੁੰਘਦਾ ਫਿਰਦਾ ਹੈ। ਇਹਦੇ ਅੰਦਰ ਅੰਮ੍ਰਿਤ ਦਾ ਭੰਡਾਰਾ ਹੈ, ਅੰਮ੍ਰਿਤ ਦਾ ਕੁੰਡ ਹੈ। ਅੰਮ੍ਰਿਤ ਨੂੰ ਬਾਹਰੋਂ ਖੋਜਦਾ ਫਿਰਦਾ ਹੈ।

ਬਾਦਸ਼ਾਹ ਸਿਕੰਦਰ ਨੇ ਸੁਣਿਆ ਕਿ ਅੰਮ੍ਰਿਤ ਬਾਹਰ ਹੈ, ਵੱਡੇ-ਵੱਡੇ ਉੱਚੇ ਪਹਾੜਾਂ 'ਤੇ ਗਿਆ, ਅੰਮ੍ਰਿਤ ਦੀ ਤਲਾਸ਼ ਅੰਦਰ। ਇੱਕ ਥਾਂ ਤੇ ਐਸੀ ਰਿਵਾਇਤ ਆਉਂਦੀ ਹੈ ਕਿ ਇਸਨੂੰ ਇੱਕ ਛੋਟਾ ਜਿਹਾ ਕੁੰਡ ਮਿਲਿਆ ਤੇ ਸੁਪਨੇ 'ਚ ਇਹਨੂੰ ਆਇਆ ਕਿ ਇਸ ਕੁੰਡ ਦੇ ਵਿਚ ਅੰਮ੍ਰਿਤ ਹੈ, ਪੀ ਲੈ ਤੇਰਾ ਸਰੀਰ ਅਮਰ ਹੋ ਜਾਏਗਾ। ਆਤਮਾ ਤਾਂ ਅਮਰ ਹੀ ਹੈ, ਆਤਮਾ ਨੂੰ ਤਾਂ ਕਦੇ ਲੋੜ ਹੀ ਨਹੀਂ ਹੈ, ਨਾ ਇਹ ਜੰਮਦੀ ਹੈ ਨਾ ਮਰਦੀ ਹੈ, ਇਹ ਤਾਂ ਸਦਾ ਅਮਰ ਰਹਿੰਦੀ ਹੈ। ਜਿਹੜਾ ਸਾਡਾ ਆਪਣਾ ਆਪ ਹੈ, ਇਹ ਨਹੀਂ ਮਰਿਆ ਕਰਦਾ ਸਾਧਸੰਗਤ ਜੀ। ਆਹ ਕੱਪੜਾ ਪਾਟਦਾ ਹੈ ਜਿਹੜਾ ਪੰਜ ਤੱਤ ਦਾ ਪਹਿਨਿਆ ਹੋਇਆ ਹੈ। ਇਹ ਪਹਿਲਾਂ ਛੋਟਾ ਜਿਹਾ ਹੁੰਦਾ ਹੈ, ਫੇਰ ਵਧਦਾ ਹੈ, ਵਧ ਕੇ ਫੇਰ ਪੁਰਾਣਾ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ ਆਦਮੀ। ਆਤਮਾ ਨਹੀਂ ਮਰਿਆ ਕਰਦੀ, ਉਹ ਸਦਾ ਹੀ ਜੀਉਣ ਵਾਲੀ ਚੀਜ਼ ਹੈ।

***ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - 188***

ਤੇ ਇਹਨੂੰ ਖਿਆਲ ਹੋ ਗਿਆ ਕਿ ਮੈਂ ਇਹੋ ਜਿਹਾ ਹੀ ਰਹਾਂ। ਪਾਣੀ ਪੀਣ ਵਾਸਤੇ ਉਸ ਚਸ਼ਮੇ 'ਤੇ ਚਲਿਆ ਗਿਆ। ਜਦੋਂ ਉਂਜਲ ਭਰ ਲਿਆ, ਸਾਮ੍ਹਣੇ ਇੱਕ ਗਿੱਧ ਬੈਠੀ ਹੈ, ਫੰਗ ਝੜੇ ਹੋਏ ਨੇ, ਕਿਰਮ ਚੱਲ ਰਹੇ ਨੇ, ਅਵਾਜ਼ ਦੇ ਨਾਲ ਕਰ-ਰਹਾ ਰਹੀ ਹੈ। ਜਦੋਂ ਇਹ ਪੀਣ ਲੱਗਿਆ ਉਹਨੇ ਚੀਕ ਮਾਰੀ ਜ਼ੋਰ ਦੀ, ਹੱਥ ਖੁਲ੍ਹ ਗਏ, ਦੇਖਣ ਲਗ ਗਿਆ, ਕਹਿਣ ਲੱਗਿਆ, ਤੂੰ ਕੌਣ ਹੈਂ? ਕਹਿਣ ਲੱਗੀ, ਮੈਂ ਗਿੱਧ ਹਾਂ। ਕਹਿਣ ਲੱਗੀ, ਤੇਰੀ ਆਹ ਹਾਲਤ ਕਿਉਂ ਹੋਈ ਹੈ ਇਹੋ ਜਿਹੀ? ਕਹਿੰਦੀ ਮੈਂ ਆਹ ਕੁੰਡ 'ਚੋਂ ਪਾਣੀ ਪੀ ਲਿਆ ਮੈਂ ਮਰਦੀ ਨਹੀਂ ਹੈਗੀ, ਮੇਰਾ ਸਰੀਰ ਨਹੀਂ ਮਰ ਰਿਹਾ, ਗਲ ਗਿਆ ਇਹ, ਮੈਂ ਬਹੁਤ ਦੁਖੀ ਹੋ ਰਹੀ ਹਾਂ। ਦੇਖੀਂ ਕਿਤੇ ਭੁੱਲ ਕੇ ਨਾ ਪੀ ਬੈਠੀਂ ਪਾਣੀ ਨੂੰ। ਇਹਦੇ ਨਾਲ ਤੇਰਾ ਸਰੀਰ ਅਮਰ ਹੋ ਜਾਏਗਾ, ਗਲ ਜਾਏਗਾ, ਪਰ ਮਰਦਾ ਨਹੀਂ ਹੈ। ਉਸ ਚੀਜ਼ ਦੀ ਤਲਾਸ਼ ਕਰ ਜਿਹੜਾ ਅੰਮ੍ਰਿਤ ਹੈ ਅਸਲੀ। ਜਿਸਨੂੰ ਦੇਵਤੇ ਵੀ ਖੋਜਦੇ ਨੇ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - 918***

ਗੁਰੂ ਨੇ ਭੇਤ ਦਸ ਦਿੱਤਾ ਕਿ ਤੇਰੇ ਅੰਦਰ ਅੰਮ੍ਰਿਤ ਦਾ ਭੰਡਾਰ ਹੈ ਪਰ ਉਹ ਲੁੱਟਿਆ ਜਾ ਰਿਹਾ ਹੈ। ਛੇਤੀ ਤੋਂ ਛੇਤੀ ਬਚਾ ਲੈ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***

***ਕੋਇ ਨ ਸੁਣੈ ਪੂਕਾਰਾ ॥*** ***ਅੰਗ - 600***

ਦਿਨ ਰਾਤ ਅੰਮ੍ਰਿਤ ਦਾ ਖਜ਼ਾਨਾ ਲੁਟਿਆ ਜਾ ਰਿਹਾ ਹੈ। ਮਨ ਦੇ ਪਿੱਛੇ ਲਗਣ ਵਾਲੇ ਬੰਦੇ ਨੂੰ ਪਤਾ ਹੀ ਨਹੀਂ ਲਗ ਰਿਹਾ ਤੇ ਫੇਰ ਇਹਦੀ ਪੁਕਾਰ ਕੋਈ ਨਹੀਂ ਸੁਣਦਾ। ਮਹਾਰਾਜ ਕਹਿੰਦੇ ਇਸ ਤਰ੍ਹਾਂ ਦੇ ਨਾਲ ਇਸ ਘਰ ਦੇ ਵਿੱਚ ਜੇ ਕੋਈ ਜਾਗਦਾ ਹੋਵੇ-

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥*** ***ਅੰਗ - 182***

ਉਹ ਤਾਂ ਅੰਮ੍ਰਿਤ ਦਾ ਖਜ਼ਾਨਾ ਪੂਰਾ ਲੈ ਜਾਏਗਾ। ਲੇਕਿਨ ਹੋਇਆ ਕੀ ਜਿਹੜੇ ਪਹਿਰੇਦਾਰ ਸੀ -

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥*** ***ਅੰਗ - 182***

ਅੱਖਾਂ ਜਿਹੜੀਆਂ ਨੇ ਰੂਪ 'ਚ ਮੱਤੀਆਂ ਗਈਆਂ। ਕੰਨ ਜਿਹੜੇ ਨੇ ਨਿੰਦਿਆ ਦੇ ਵਿਚਾਰ ਸੁਣਨ ਵਿਚ, ਰਸਨਾ ਖਾਣ ਪੀਣ ਦੇ ਸੁਆਦਾਂ 'ਚ; ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜਾਂ ਦੇ ਵਿਚ ਰਚ ਗਈਆਂ ਸਹੇਲੀਆਂ ਸਾਰੀਆਂ। ਹੁਣ ਘਰ ਦਾ ਪਤਾ ਨਹੀਂ ਕਿ ਘਰ ਵਿਚ ਕੀ ਹੋ ਰਿਹਾ ਹੈ -

***ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥***
***ਅੰਗ - 182***

ਹੁਣ ਪੰਜ ਚੋਰ ਇਸਨੂੰ ਲੱਗੇ ਹੋਏ ਨੇ ਤੇ ਲੁੱਟਦੇ ਚਲੇ ਜਾ ਰਹੇ ਨੇ। ਮਹਾਰਾਜ ਕਹਿੰਦੇ, ਤੂੰ ਥੋੜ੍ਹਾ ਜਿਹਾ ਤਾਂ ਸਾਵਧਾਨ ਹੋ। ਥੋੜ੍ਹੀ ਜਿਹੀ ਤਾਂ ਵਿਚਾਰ ਕਰ। ਆਪਣੇ ਆਪ ਦੀ ਜੋ ਰਾਸ ਤੈਨੂੰ ਪ੍ਰਮੇਸ਼ਰ ਨੇ ਦਿੱਤੀ ਹੈ ਉਹ ਤਾਂ ਤੂੰ ਬਚਾ ਲੈ -

***ਧਾਰਨਾ - ਪਿਆਰੇ ਕੂੰਜ ਪੜੇਗੀ ਖੇਤ***
***ਆਪਣੀ ਖੇਤੀ ਰੱਖ ਲੈ।***

***ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥***
***ਆਪਨੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥ ਅੰਗ- 34***

ਦਿਨੇ ਵੀ ਜਾਗ ਮਾਇਆ ਦੀ ਨੀਂਦ ਤੋਂ, ਰਾਤ ਨੂੰ ਵੀ ਤੂੰ ਮਾਇਆ ਦੀ ਨੀਂਦ ਤੋਂ ਜਾਗ ਤੇ ਤੂੰ ਪ੍ਰਮੇਸ਼ਰ ਨੂੰ ਯਾਦ ਰੱਖ। ਚੌਵੀ ਹਜ਼ਾਰ ਸਵਾਸ ਤੇਰਾ ਰੋਜ਼ ਖਾ ਜਾਂਦੀ ਹੈ ਇਹ ਤੇਰੇ। ਚੌਵੀ ਹਜ਼ਾਰ ਸਵਾਸ ਰੋਜ਼ ਦਾ ਬਿਰਥਾ ਚਲਿਆ ਜਾਂਦਾ ਹੈ। ਤੂੰ ਆਪਣੀ ਖੇਤੀ ਨੂੰ ਤਾਂ ਬਚਾ ਲੈ।

***ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥***
***ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥*** ***ਅੰਗ - 201***

ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹ ਦਿਨ ਰਾਤ ਜਾਗਦਾ ਹੈ। ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹਨੂੰ ਕੋਈ ਦੁੱਖ ਨਹੀਂ ਲਗਦਾ।

*ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥* *ਅੰਗ - 210*

ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹਦਾ ਵਾਸਾ ਸਹਿਜ ਦੇ ਘਰ ਵਿਚ ਹੋ ਜਾਇਆ ਕਰਦਾ ਹੈ।

*ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥* *ਅੰਗ - 201*

ਪੰਜੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ, ਵਾਹਿਗੁਰੂ ਦੇ ਪਿਆਰ ਵਿੱਚ ਜਿਹੜਾ ਰਹਿੰਦਾ ਹੈ। ਸੋ ਮਹਾਰਾਜ ਕਹਿੰਦੇ ਤੂੰ ਆਪਣੀ ਖੇਤੀ ਰੱਖ ਲੈ ਪਿਆਰਿਆ। ਤੇਰੇ ਆਲੇ-ਦੁਆਲੇ ਤਾਂ ਇੱਕ ਬਹੁਤ ਵੱਡਾ ਜਾਲ ਵਿਛਿਆ ਹੋਇਆ ਹੈ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜੀਵ ਇੱਕ ਤੇ ਸ਼ਿਕਾਰੀ ਨੇ ਬਹੁਤੇ,*
*ਇੱਕੋ ਤੇਰੀ ਆਸ ਮਾਲਕਾ।*

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥*
*ਅੰਗ - 1384*

ਇਸ ਤਰ੍ਹਾਂ ਜੀਵ ਜਿਹੜਾ ਹੈ ਅਥਾਹ ਸਮੁੰਦਰ ਦੇ ਵਿਚ ਫਸਿਆ ਹੋਇਆ ਗੋਤੇ ਖਾ ਰਿਹਾ ਹੈ।

*ਲੋਭ ਲਹਰਿ ਅਤਿ ਨੀਝਰ ਬਾਜੈ ॥*
*ਕਾਇਆ ਡੂਬੈ ਕੇਸਵਾ ॥*
*ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥*
*ਅਨਿਲ ਬੇੜਾ ਹਉ ਖੇਵਿ ਨ ਸਾਕਉ ॥*
*ਤੇਰਾ ਪਾਰੁ ਨ ਪਾਇਆ ਬੀਠੁਲਾ ॥* *ਅੰਗ - 1196*

ਮੈਨੂੰ ਗੁਰੂ ਪੂਰਾ ਮਿਲ ਜਾਵੇ, ਤਾਂ, ਤਾਂ ਪਾਰ ਉਤਰ ਜਾਂਦਾ ਹੈ।

ਗੁਰੂ ਅੰਗਦ ਸਾਹਿਬ ਮਹਾਰਾਜ ਖਡੂਰ ਸਾਹਿਬ ਦੇ ਅੰਦਰ ਸੰਸਾਰ ਦਾ ਉਧਾਰ ਕਰ ਰਹੇ ਨੇ। ਦੂਰ-ਦਰਾਜ਼ ਤੋਂ ਆਪ ਦੀ ਸ਼ਰਨ ਵਿਚ ਜਗਿਆਸੂ ਆਉਂਦੇ ਨੇ। ਆ ਕੇ ਆਪਣੀ ਜੋ ਰੂਹਾਨੀ ਭੁੱਖ ਹੈ ਉਸਨੂੰ ਦੂਰ ਕਰਕੇ ਉੱਚੀ ਅਵਸਥਾ ਨੂੰ ਪ੍ਰਾਪਤ ਕਰਦੇ ਨੇ। ਆਪ ਦੇ ਬਾਰੇ ਇੱਕ ਗੁਰਸਿੱਖ ਪ੍ਰੇਮੀ ਨੇ ਸੁਣਿਆ, ਸਮਝਿਆ, ਮਨ ਮਨਾਇਆ ਕਿ ਗੁਰੂ ਦੀ ਸ਼ਰਨ ਵਿਚ ਚੱਲੀਏ। ਖਡੂਰ ਸਾਹਿਬ ਚੱਲ ਕੇ ਆਇਆ। ਜਿਸਦਾ ਨਾਮ ਗੁੱਜਰ ਸੀ ਤੇ ਲੁਹਾਰ ਦਾ ਕੰਮ ਕਰਦਾ ਸੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਘਰ ਛੱਡਣ ਵਾਲੇ ਹੀ ਤਰਿਆ ਕਰਦੇ ਨੇ। ਜੰਗਲਾਂ 'ਚ ਜਾਣ ਵਾਲੇ ਹੀ ਤਰਿਆ ਕਰਦੇ ਨੇ, ਬਰਫਾਂ 'ਚ, ਗੁਫਾਵਾਂ 'ਚ ਰਹਿਣ ਵਾਲੇ ਤਰਿਆ ਕਰਦੇ ਨੇ। ਗੁਰੂ ਨਾਨਕ ਦਾ ਜੋ ਮਤ ਹੈ, ਘਰ ਵਿਚ ਰਹਿੰਦੇ ਹੋਏ, ਬਾਲ ਬੱਚਿਆਂ 'ਚ ਰਹਿੰਦੇ ਹੋਏ, ਉਤਰਾਅ ਚੜ੍ਹਾਅ ਮਨ ਦੇ ਉਤੇ ਸਹਿੰਦੇ ਹੋਏ, ਫੇਰ ਉਹਦੇ ਵਿਚ ਪਾਰ ਉਤਰ ਜਾਣਾ ਇਹ ਕਮਾਲ ਸੀ ਗੁਰੂ ਨਾਨਕ ਪਾਤਸ਼ਾਹ ਦਾ। ਕਿਉਂਕਿ ਜ਼ਿੰਮੇਦਾਰੀਆਂ ਛੱਡ ਕੇ ਚਲੇ ਜਾਣਾ ਬੜੀ ਸੁਖਾਲੀ ਗੱਲ ਹੈ, ਰੋਟੀ ਪਾਣੀ ਹਰ ਥਾਂ 'ਤੇ ਮਿਲਦਾ ਹੈ, ਘਰ ਤੋਂ ਵੀ ਵਧੀਆ ਮਿਲਦਾ ਹੈ। ਘਰ ਤੋਂ ਵੱਧ ਸਤਿਕਾਰ ਹੁੰਦਾ ਹੈ ਲੇਕਿਨ ਮਹਾਰਾਜ ਕਹਿੰਦੇ

ਹੁੰਦਾ ਕੀ ਹੈ ਜਿਹੜੀ ਚੀਜ਼ ਛੱਡਣੀ ਸੀ ਉਹ ਤਾਂ ਤੂੰ ਛੱਡੀ ਨਹੀਂ ਹੈ।

*ਧੂੰਅਰ ਤਾਪ ਗੇਰੀ ਕੇ ਬਸਤ੍ਰਾ ॥*
*ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥* *ਅੰਗ - 1348*

ਕੋਈ ਮੁਸ਼ਕਲਾਂ ਆ ਗਈਆਂ ਤੇ ਘਰ ਨੂੰ ਛੱਡ ਕੇ ਚਲਿਆ ਗਿਆ –

*ਦੇਸੁ ਛੋਡਿ ਪਰਦੇਸਹਿ ਧਾਇਆ ॥*
*ਪੰਚ ਚੰਡਾਲ ਨਾਲੇ ਲੈ ਆਇਆ ॥* *ਅੰਗ - 1348*

ਗੁਰਦੁਆਰੇ ਚਲੇ ਜਾਂਦੇ ਹਾਂ। ਸੇਵਾ ਕਰਨ ਵਾਸਤੇ, ਚੰਡਾਲਾਂ ਨੂੰ ਤਾਂ ਘਰ ਛੱਡ ਜਾਓ। ਉਥੇ ਚੰਡਾਲਾਂ ਦਾ ਤਾਂ ਥਾਉਂ ਹੀ ਨਹੀਂ। ਨਾ ਕਾਮ ਦਾ ਥਾਉਂ ਹੈ, ਨਾ ਕ੍ਰੋਧ ਦਾ, ਨਾ ਲੋਭ ਦਾ, ਨਾ ਮੋਹ ਦਾ, ਨਾ ਅਹੰਕਾਰ, ਨਾ ਫਿਕਾ ਬੋਲਣ ਦਾ, ਉਸ ਥਾਂ ਦੇ ਉਤੇ ਇਨ੍ਹਾਂ ਚੀਜ਼ਾਂ ਦੀ ਗੁੰਜਾਇਸ਼ ਨਹੀਂ। ਉਥੇ ਤਾਂ ਜੇ ਜਾਣਾ ਹੈ ਬਿਲਕੁਲ ਮਰ ਕੇ ਜਾਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਘਰ ਤਾਂ ਛੱਡ ਜਾਂਦੇ ਨੇ, ਚੰਡਾਲਾਂ ਨੂੰ ਨਾਲ ਰੱਖੀਂ ਫਿਰਦੇ ਨੇ। ਉਹ ਉਸ ਤੋਂ ਵੀ ਜ਼ਿਆਦਾ ਪਲ ਜਾਂਦੇ ਨੇ ਜਾ ਕੇ ਉਥੇ। ਲੋਕ ਮੱਥੇ ਟੇਕਣ ਲਗ ਜਾਂਦੇ ਨੇ, ਆਦਰ ਕਰਦੇ ਨੇ, ਸਤਿ ਸ੍ਰੀ ਅਕਾਲ ਬੁਲਾਉਂਦੇ ਨੇ, ਹੰਕਾਰ ਹੋਰ ਤਕੜਾ ਹੋ ਜਾਂਦਾ ਹੈ, ਹਉਮੈ ਹੋਰ ਤਕੜੀ ਹੋ ਜਾਂਦੀ ਹੈ। ਮਾੜੀ ਜਿਹੀ ਗੱਲ ਉਹਨੂੰ ਕੋਈ ਕਹਿ ਦੇਵੇ, ਫੇਰ ਉਹ ਸਹਿ ਨਹੀਂ ਸਕਦਾ। ਕਹਿੰਦੇ, ਇਹ ਜਿਹੜਾ ਤਰੀਕਾ ਹੈ ਨਾ ਇਹ ਤਾਂ ਇੱਕ ਡਰਪੋਕਾਂ ਦਾ ਤਰੀਕਾ ਹੈ। ਜ਼ਿੰਮੇਵਾਰੀਆਂ ਦੇਖ ਕੇ ਨੱਠ ਜਾਣਾ। ਜ਼ਿੰਮੇਵਾਰੀਆਂ ਦੇ ਵਿਚ ਰਹੋ ਘਰ ਦੇ, ਲੇਕਿਨ ਭਾਰਤ ਵਰਸ਼ ਦੇ ਅੰਦਰ ਬੜੇ ਲੰਮੇ ਸਮੇਂ ਤੋਂ ਇਹ ਬਾਤ ਹੋਣ ਨਾਲ ਅਸੀਂ ਸੰਤ ਉਸੇ ਨੂੰ ਕਹਿੰਦੇ ਹਾਂ ਜਿਹੜਾ ਘਰ-ਬਾਰ ਛੱਡ ਕੇ ਦੌੜ ਜਾਵੇ। ਇਕੱਲਾ ਚਲਿਆ ਜਾਵੇ, ਕੋਈ ਖਾਸ ਭੇਖ ਧਾਰ ਲਵੇ, ਬੋਲੇ ਹੀ ਨਾ, ਚੁੱਪ ਕਰਕੇ ਬੈਠਾ ਰਹੇ, ਨਾ ਕਿਸੇ ਨੂੰ ਉਪਦੇਸ਼ ਦੇਵੇ, ਉਹ ਸਾਰਿਆਂ ਨਾਲੋਂ ਵੱਡਾ ਸੰਤ ਹੁੰਦਾ ਹੈ। ਮਿੰਨਤਾਂ ਕਰੀ ਜਾਂਦੇ ਨੇ ਲੋਕ ਕਿ ਬਾਬਾ ਜੀ! ਗੱਲ ਤਾਂ ਕਰ ਲਓ। ਇਨ੍ਹਾਂ ਗੱਲਾਂ ਨੂੰ ਗੁਰੂ ਮਹਾਰਾਜ ਨੇ ਪ੍ਰਵਾਨ ਨਹੀਂ ਕਰਿਆ, ਕਿਉਂਕਿ ਸਾਡੀ ਭਾਵਨਾ ਐਸੀ ਬਣ ਚੁੱਕੀ ਹੈ। ਜੁੱਤੀ ਨਾ ਪਾਉਂਦਾ ਹੋਵੇ, ਕਹਿਣਗੇ ਬਹੁਤ ਵਧੀਆ ਸੰਤ ਹੈ, ਕੱਪੜੇ ਨਾ ਧੋਂਦਾ ਹੋਵੇ ਕਹਿਣਗੇ ਜੀ ਇਹ ਬਹੁਤ ਸੋਹਣਾ ਸੰਤ ਹੈ। ਮਹਾਰਾਜ ਕਹਿੰਦੇ –

*ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥*
*ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥*
*ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥*
*ਅਲੁ ਮਲੁ ਖਾਈ ਸਿਰਿ ਛਾਈ ਪਾਈ ॥*
*ਮੂਰਖਿ ਅੰਧੈ ਪਤਿ ਗਵਾਈ ॥* *ਅੰਗ - 467*

ਨੰਗੇ ਪੈਰੀਂ ਦੌੜਿਆ ਫਿਰਦਾ ਹੈ, ਜਦੋਂ ਕੰਡੇ ਲਗਦੇ ਨੇ ਕਹਿੰਦੇ ਫੇਰ ਆਪਣਾ ਕੀਤਾ ਹੋਇਆ ਪਾਉਂਦਾ ਹੈ। ਮਹਾਰਾਜ ਕਹਿੰਦੇ ਜਿਹੜਾ ਪ੍ਰਮੇਸ਼ਰ ਨਾਲ ਸਬੰਧ ਹੈ ਉਹ ਘਰ ਬਾਰ ਛੱਡ ਕੇ ਨਹੀਂ ਹੁੰਦਾ, ਘਰ ਦੇ ਵਿਚ

ਰਹਿ ਕੇ, ਜ਼ਿੰਮੇਵਾਰੀਆਂ ਸੰਭਾਲ ਕੇ, ਨੱਠਣ ਦਾ ਨਾਉਂ ਨਹੀਂ, ਜੇ ਜਾਣਾ ਵੀ ਹੈ ਤਾਂ ਫੇਰ ਪਰਉਪਾਕਰ ਕਰਨਾ ਪੈਂਦਾ ਹੈ। ਸੰਸਾਰ ਦਾ ਉਧਾਰ ਕਰਨਾ ਪੈਂਦਾ ਹੈ, ਆਪ ਨਾਮ ਜਪਣਾ ਹੈ, ਫਿਰ ਤੁਰ ਕੇ ਨਾਮ ਜਪਾਉਣਾ ਹੈ, ਉਹਦੀ ਪਾਲਣਾ ਫੇਰ ਗੁਰੂ ਮਹਾਰਾਜ ਆਪ ਕਰਦੇ ਨੇ –

***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥***

***ਅੰਗ – 1382***

ਸੋ ਮਹਾਰਾਜ ਦੇ ਕੋਲ ਆਇਆ, ਲੁਹਾਰ ਦਾ ਕਿੱਤਾ ਸੀ ਉਹਦਾ। ਦਾਤੀਆਂ ਵਗੈਰਾ, ਕਹੀਆਂ, ਖੁਰਪੇ ਬਣਾ ਕੇ ਆਪਣਾ ਗੁਜ਼ਾਰਾ ਕਰਦਾ ਸੀ। ਧਰਮ ਦੀ ਕਿਰਤ ਕਰਦਾ ਸੀ ਸਤਿਸੰਗ 'ਚ ਜਾਂਦਾ ਸੀ ਤੇ ਮਨ ਵਿਚ ਚਾਉ ਉਠਿਆ ਕਿ ਪੂਰੇ ਗੁਰੂ ਤੋਂ ਜਾ ਕੇ ਕੋਈ ਬਚਨ ਲਈਏ, ਉਪਦੇਸ਼ ਲਈਏ, ਉਸ ਵੇਲੇ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਸ਼ਰਨ ਵਿੱਚ ਚਲਿਆ ਗਿਆ ਤੇ ਇਨ੍ਹਾਂ ਦਾ ਨਾਉਂ ਭਾਈ ਗੁਰਦਾਸ ਜੀ ਨੇ ਜਿੱਥੇ ਸਿੱਖਾਂ ਦੀ ਵਾਰ ਲਿਖੀ ਹੈ, ਭਗਤ ਮਾਲਾ ਲਿਖੀ ਹੈ ਉਨ੍ਹਾਂ ਦੇ ਵਿਚ ਜ਼ਿਕਰ ਆਉਂਦਾ ਹੈ। ਕੀ ਕੰਮ ਕਰਿਆ ਸੀ ਜਿਹਦੇ ਕਰਕੇ ਐਨਾ ਪ੍ਰਸਿੱਧ ਹੋ ਗਿਆ, ਐਨਾ ਉੱਚਾ ਹੋ ਗਿਆ ਇੱਕ ਲੁਹਾਰ ਦਾ ਪੇਸ਼ਾ ਕਰਦਾ ਕਿ ਉਹ ਭਗਤਾਂ ਦੀ ਲਿਸਟ ਵਿੱਚ ਦਾਖਲ ਹੋ ਗਿਆ ਤੇ ਅਮਰ ਹੋ ਗਿਆ ਸਦਾ ਵਾਸਤੇ, ਉਹਨੂੰ ਆਪਾਂ ਧਿਆਨ ਨਾਲ ਵਾਚਣਾ ਹੈ। ਬਹੁਤ ਸਾਰੀਆਂ ਗੱਲਾਂ ਸਾਡੇ ਜੀਵਨ ਨਾਲ ਰਲਣਗੀਆਂ ਤੇ ਸਾਨੂੰ ਉਸ ਤੋਂ ਚਾਨਣਾ ਮਿਲੇਗਾ। ਗੁਰੂ ਮਹਾਰਾਜ ਦੇ ਪਾਸ ਗਿਆ, ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਆਤਮਾ ਦਾ ਸਬੰਧ ਸਰੀਰ ਨਾਲ ਹੋਇਆ ਬੰਧਨ ਏਸ ਨੂੰ ਪੈ ਗਿਆ, ਇਹ ਆਪਣੇ ਆਪ ਨੂੰ ਜੋ ਸਰੀਰ ਧਾਰਦੀ ਹੈ, ਆਪਣੇ ਆਪ ਨੂੰ ਸਰੀਰ ਕਹਿੰਦੀ ਹੈ, ਲੇਕਿਨ ਆਪਣਾ ਆਪ ਭੁੱਲ ਗਈ ਕਿ ਮੈਂ ਕੌਣ ਹਾਂ। ਕਿਉਂਕਿ ਠਗਮੂਰੀ ਇਹਦੇ ਉਤੇ ਅਸਰ ਕਰ ਗਈ। ਠੱਗਾਂ ਦੀ ਇੱਕ ਬੂਟੀ ਹੋਇਆ ਕਰਦੀ ਸੀ, ਉਹ ਸੁੰਘਾ ਦਿਆ ਕਰਦੇ ਸੀ, ਆਦਮੀ ਨੂੰ ਹੋਸ਼ ਹੀ ਨਹੀਂ ਸੀ ਰਿਹਾ ਕਰਦੀ। ਇਸੇ ਤਰ੍ਹਾਂ ਪ੍ਰਮੇਸ਼ਰ ਨੇ ਇਹਨੂੰ ਠਗਮੂਰੀ ਸੁੰਘਾ ਦਿੱਤੀ। ਪ੍ਰਾਕ੍ਰਿਤੀ 'ਚ ਰਲ ਗਈ ਹੁਣ ਇਹਨੂੰ ਇਸ ਤਰ੍ਹਾਂ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਇਹ ਐਨਾ ਹੇਠਾਂ ਆ ਗਈ ਹੈ ਕਿ ਕੋਈ ਵੀ ਤਰੀਕਾ ਨਹੀਂ ਹੈ ਇਹ ਨਿਕਲੇ ਕਿਸੇ ਤਰ੍ਹਾਂ, ਇਹ ਆਜ਼ਾਦ ਹੋ ਜਾਵੇ। ਜਿਵੇਂ ਭੱਠ ਦੀ ਸੁਆਹ ਹੁੰਦੀ ਹੈ ਇਸ ਤਰ੍ਹਾਂ ਹਾਲ ਹੋ ਗਿਆ।

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥***

***ਅੰਗ – 1375***

ਵਾਹਿਗੁਰੂ ਨਾਲੋਂ ਇਹਦਾ ਜੋੜ ਟੁੱਟ ਗਿਆ, ਭੱਠ ਦੀ ਸੁਆਹ ਬਣੀ ਪਈ ਹੈ ਇਹਨੂੰ ਮੁੜ ਕੇ ਕਿਰਨ ਕਿਵੇਂ ਬਣਾਇਆ ਜਾਵੇ। ਕਿਵੇਂ ਜੋਤ ਬਣਾਇਆ ਜਾਵੇ, ਕਿਵੇਂ ਨਿਰਮਲ ਬੂੰਦ ਬਣਾਇਆ ਜਾਵੇ। ਉਹਦਾ ਤਰੀਕਾ ਹੈ, ਜਿਹੋ ਜਿਹਾ ਥਾਂ ਹੈ ਉਹੋ ਜਿਹਾ ਸਾਧਨ ਹੈ, ਮਹਾਂਪੁਰਸ਼ ਸਿਆਣੇ ਬੰਦੇ ਜਿਨ੍ਹਾਂ ਨੇ ਇਨ੍ਹਾਂ ਗੱਲਾਂ ਨੂੰ ਖੋਜਿਆ ਹੈ ਉਹ ਕਹਿੰਦੇ ਪਹਿਲਾਂ ਇਸਨੂੰ ਜਦੋਂ ਵੱਖਰੀ ਹੋਈ ਤਾਂ ਆਪਣੇ ਆਪ ਦਾ ਭਾਵ ਜਾਗਿਆ ਹੰਗਤਾ ਜਾਗੀ ਇਹਦੇ

'ਚ, ਮੈਂ, ਜਾਗਦੀ ਸਾਰ ਇਹਨੇ ਆਪਣੇ ਆਪ ਨੂੰ ਇੱਕ ਪਰਮ ਅਨੰਦ ਦੇ ਮਾਹੌਲ 'ਚ ਦੇਖਿਆ। ਇਹਦੇ ਉਤੇ ਇਕ ਸਰਕਲ ਖਿਚਿਆ ਗਿਆ ਇਕ ਅਨੰਦ ਦਾ ਤੇ ਅੱਡ ਹੋ ਗਈ। ਬੁਲਬੁਲਾ ਬਣ ਗਿਆ ਅਨੰਦ ਦਾ ਉਸ ਤੋਂ ਬਾਅਦ ਇਹਦੇ ਅੰਦਰ ਚੇਤਨਤਾ ਦੇ ਨਾਲ ਬੁੱਧੀ ਨੂੰ ਜਾਗ ਆਈ, ਇਹਨੂੰ ਪਤਾ ਲੱਗਿਆ ਸਭ ਚੀਜ਼ਾਂ ਦਾ; ਗਿਆਨ ਖੰਡ ਦੇ ਵਿਚ ਇਹਦੀ ਅਵਸਥਾ ਹੋ ਗਈ। ਉਥੇ ਪਤਾ ਲੱਗਿਆ ਤਾਂ ਬੁੱਧੀ ਨੇ ਗਿਆਨ ਪ੍ਰਾਪਤ ਕਰਦੇ ਸਾਰ, ਫੁਰਨਾ ਕਰਨਾ ਸ਼ੁਰੂ ਕਰ ਦਿੱਤਾ। ਇਹ ਫੁਰਨਿਆਂ ਦੇ ਮੰਡਲ 'ਚ ਆ ਗਈ, ਬੁੱਧੀ ਦੇ ਮੰਡਲ 'ਚ ਫੇਰ ਫੁਰਨਿਆਂ ਦੇ ਮੰਡਲ 'ਚ। ਫੁਰਨਿਆਂ ਦੇ ਮੰਡਲ 'ਚੋਂ ਐਨਰਜੀ ਨਾਲ ਜਦੋਂ ਇਹਦਾ ਵਾਹ ਪਿਆ ਉਸ ਵੇਲੇ ਪੰਜਾਂ ਤੱਤਾਂ ਦੇ ਉਤੇ ਆ ਕੇ ਫਸ ਗਈ, ਹੁਣ ਪੰਜ ਇਹਦੇ ਉੱਤੇ ਪੜਦੇ ਪੈ ਗਏ, ਪੰਜਾਂ ਪੜਦਿਆਂ 'ਚੋਂ ਕੱਢਣ ਵਾਸਤੇ, ਪੰਜ ਤਰੀਕੇ ਹੋਇਆ ਕਰਦੇ ਨੇ। ਮਹਾਰਾਜ ਕਹਿਣ ਲੱਗੇ, ਦੇਖ ਪ੍ਰੇਮੀਆਂ, ਤੂੰ ਰੂਹ ਹੈਂ ਏਸ ਸਰੀਰ ਦੇ ਅੰਦਰ ਤੇ ਫਸੀ ਤਾਂ ਹੈਂ ਕਿ ਤੂੰ ਆਪਣੇ ਆਪ ਨੂੰ ਸਰੀਰ ਮੰਨੀ ਜਾਂਦੀ ਹੈਂ। ਸਰੀਰ ਨੂੰ ਤੂੰ ਹੈਂ ਲੇਕਿਨ ਹੁਣ ਤੂੰ ਸਰੀਰ ਬਣਿਆ ਹੋਇਆ ਹੈਂ ਕਿਉਂਕਿ ਤੂੰ ਅਜੇ ਇਹਦੇ ਵਿਚੋਂ ਨਿਕਲਿਆ ਨਹੀਂ ਹੈਂ। ਤੂੰ ਇਹ ਧਿਆਨ ਰੱਖੀਂ ਕਿ ਮੈਂ ਸਰੀਰ ਨਹੀਂ ਹਾਂ, ਪਰ ਇਹਦੇ ਵਿਚੋਂ ਨਿਕਲਣ ਦਾ ਤਰੀਕਾ ਇਹ ਹੈ ਕਿ ਤੂੰ ਸ਼ੁਭ ਕਰਮ ਕਰ ਤੇ ਪ੍ਰਮੇਸ਼ਰ ਨੂੰ ਯਾਦ ਕਰ। ਜੋ ਅਸੀਂ ਬਚਨ ਕਹਿੰਦੇ ਹਾਂ ਉਹਨੂੰ ਧਿਆਨ ਦੇ ਨਾਲ ਸੁਣੀ। ਇਹਦੇ ਨਾਲ ਤੇਰਾ ਛੁਟਕਾਰਾ ਹੋ ਜਾਏਗਾ। ਪਹਿਲੀ ਤਾਂ ਗੱਲ ਇਹ ਹੈ ਕਿ ਕੋਈ ਭੁੱਲ ਕੇ ਵੀ ਮਾੜਾ ਕੰਮ ਨਾ ਕਰੀਂ, ਕਿਸੇ ਦਾ ਦਿਲ ਨਾ ਦੁਖਾਈਂ, ਝੂਠ ਨਾ ਬੋਲੀ, ਛਲ ਨਾ ਕਰੀਂ, ਕਪਟ ਨਾ ਕਰੀ, ਨਿੰਦਿਆ ਨਾ ਕਰੀਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ 'ਚ ਨਾ ਆਈਂ, ਕਾਮ ਦੇ ਵਿੱਚ ਨਾ ਫਸੀਂ; ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਨਿਕਲ ਕੇ ਉਹ ਕੰਮ ਕਰੀਂ, ਜਿਹੜੇ ਦੂਸਰਿਆਂ ਨੂੰ ਸੁੱਖ ਤੇ ਆਰਾਮ ਪਹੁੰਚਾਉਂਦੇ ਹੋਣ। ਕਿਉਂਕਿ ਜੇ ਤੂੰ ਇਹ ਕੰਮ ਕਰੇਂਗਾ, ਫੇਰ ਅੱਗੇ ਜਾ ਕੇ ਦਰਗਾਹ 'ਚ ਤੈਨੂੰ ਜਵਾਬ ਦੇਣਾ ਪੈਣਾ ਹੈ –

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*

*ਅੰਗ – 953*

ਐਸਾ ਕੰਮ ਨਾ ਕਰੀਂ ਕਿ ਦਰਗਾਹ 'ਚ ਜਾ ਕੇ ਤੈਨੂੰ ਹਾਰ ਹੋ ਜਾਵੇ –

*ਧਾਰਨਾ – ਮੰਦਾ ਕੰਮ ਨਾ ਕਰੀਏ ਪਿਆਰੇ,*
*ਬਾਜੀ ਹਾਰ ਜਾਵੇਂਗਾ।*

*ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥*
*ਕਿਛੁ ਲਾਹੇ ਉਪਰਿ ਘਾਲੀਐ ॥* *ਅੰਗ - 474*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ - 315*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ 1 ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ 1 ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥* *ਅੰਗ - 656*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - 1381*

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥*
*ਅੰਗ - 590*

ਮਹਾਰਾਜ ਕਹਿਣ ਲੱਗੇ, ਦੇਖ ਭਾਈ ਗੁੱਜਰ! ਸੰਸਾਰ ਦੇ ਅੰਦਰ ਆਦਮੀ ਕੰਮ ਤਾਂ ਕਰਦਾ ਹੈ। ਇੱਕ ਕੰਮ ਉਹ ਕਰਦਾ ਹੈ ਜਿਹੜਾ ਕੰਮ ਕਰਨ ਦੇ ਨਾਲ ਦਰਗਾਹ ਦੇ ਵਿਚ ਜਦੋਂ ਜਾਂਦਾ ਹੈ ਉਥੇ ਧੰਨ-ਧੰਨ ਹੁੰਦੀ ਹੈ। ਆਪ ਵੀ ਛੁਟਦਾ ਹੈ ਤੇ ਆਪਣੀਆਂ ਕੁਲਾਂ ਨੂੰ ਵੀ ਛੁਡਾ ਦਿੰਦਾ ਹੈ। ਇੱਕ ਕੰਮ ਉਹ ਕਰਦਾ ਹੈ, ਜਿਹੜਾ ਦਰਗਾਹ ਦੇ ਵਿਚ ਆਪ ਵੀ ਡੁਬਦਾ ਹੈ ਤੇ ਆਪਣੀਆਂ ਕੁਲਾਂ ਨੂੰ ਵੀ ਡੋਬ ਦਿੰਦਾ ਹੈ। ਕੁਲਾਂ ਨੂੰ ਕੌਣ ਡੋਬਦਾ ਹੈ ਕਹਿੰਦੇ -

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*

ਸੱਤ ਕੁਲਾਂ ਨੂੰ ਡੋਬਦਾ ਹੈ ਸ਼ਰਾਬ ਪੀਣ ਵਾਲਾ, ਭੰਗ ਜਿਹੜਾ ਪੀਂਦਾ ਹੈ ਉਹ ਇੱਕ ਆਪਣੇ ਤਨ ਨੂੰ ਡੋਬਦਾ ਹੈ।

*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸੌ ਕੁਲ ਦਾ ਖਾਤਮਾ ਕਰਦਾ ਹੈ ਤੰਮਾਕੂ ਪੀਣ ਵਾਲਾ। ਤੰਮਾਕੂ ਪੀਣ ਵਾਲੇ ਨਾਲੋਂ ਵੀ ਮਾੜਾ ਜਿਹੜਾ ਹੈ ਨਾ ਉਹ ਨਿੰਦਿਆ ਕਰਨ ਵਾਲਾ ਹੈ, ਉਹਦੀ ਕੋਈ ਗਿਣਤੀ ਮਿਣਤੀ ਨਹੀਂ, ਉਹ ਆਪ ਵੀ ਡੁੱਬਦਾ ਹੈ ਤੇ ਕੁਲਾਂ ਨੂੰ ਵੀ ਡਬੋ ਦਿੰਦਾ ਹੈ, ਇਸੇ ਕਰਕੇ ਮਹਾਰਾਜ ਕਹਿੰਦੇ ਨੇ ਕਿ ਐਸਾ

ਪੁੱਤਰ ਪੈਦਾ ਹੀ ਨਹੀਂ ਹੋਣਾ ਚਾਹੀਦਾ ਕੁੱਲ ਦੇ ਅੰਦਰ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥*** ***ਅੰਗ - 328***

ਉਹ ਮਾਂ ਹੀ ਵਿਧਵਾ ਹੋ ਜਾਂਦੀ, ਪੁੱਤਰ ਪੈਦਾ ਹੀ ਨਾ ਹੁੰਦਾ।

***ਜਿਹ ਨਰ ਰਾਮ ਭਗਤਿ ਨਹਿ ਸਾਧੀ ॥***
***ਜਨਮਤ ਕਸ ਨ ਮੁਓ ਅਪਰਾਧੀ ॥*** ***ਅੰਗ - 328***

ਕਹਿੰਦੇ ਓ ਅਪਰਾਧੀਆ! ਜੇ ਤੂੰ ਭਜਨ ਨਹੀਂ ਸੀ ਕਰਨਾ, ਜੀਉਂਦਾ ਹੀ ਮਰ ਜਾਂਦਾ। ਫਾਇਦਾ ਕੀ ਸੀ ਤੇਰਾ ਸੰਸਾਰ 'ਚ ਰਹਿਣ ਦਾ।

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥***
***ਨਾਨਕ ਸਾਈ ਭਲੀ ਪਰੀਤਿ***
***ਜਿਤੁ ਸਾਹਿਬ ਸੇਤੀ ਪਤਿ ਰਹੈ ॥*** ***ਅੰਗ - 590***

ਜੇ ਦਰਗਾਹ 'ਚ ਜਾ ਕੇ ਪਤ ਰਹਿ ਜਾਏ। ਉਹ ਕੰਮ ਨੇ ਜਿਨ੍ਹਾਂ ਦੇ ਨਾਲ ਜਾ ਕੇ ਫਿਟਕਾਰਾਂ ਪੈਂਦੀਆਂ ਨੇ। ਦੂਸਰੇ ਪਾਸੇ ਹੈ-

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥***
***ਅਵਰ ਤਿਆਗਿ ਬਿਖਿਆ ਜੰਜਾਲ ॥***
***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥*** ***ਅੰਗ - 283***

ਕਹਿੰਦੇ, ਦੇਖ ਭਾਈ, ਦੋਵੇਂ ਕੰਮ ਨੇ -

***ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥***
***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥***
***ਅੰਗ - 474***

ਜਿਹੜਾ ਆਪਣਾ ਕੀਤਾ ਪਾਉਣਾ ਹੈ, ਐਸਾ ਕੰਮ ਨਾ ਕਰ। ਕਰਨਾ ਨਹੀਂ ਚਾਹੀਦਾ -

***ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥***
***ਅੰਗ - 474***

ਦਰਗਾਹ ਦੇ ਵਿਚ ਨਿਗ੍ਹਾ ਰੱਖ ਕੰਮ ਕਰਨ ਤੋਂ ਪਹਿਲਾਂ ਕਿ ਉਥੇ ਮੈਨੂੰ ਇਹ ਕੰਮ ਕਰਨ ਦੇ ਨਾਲ ਸ਼ਾਬਾਸ਼ ਮਿਲੇਗੀ ਜਾਂ ਡੰਡੇ ਪੈਣਗੇ, ਜਾਂ ਮੈਨੂੰ ਦੁਰਕਾਰਿਆ ਜਾਏਗਾ, ਫਿਟਕਾਰਿਆ ਜਾਏਗਾ।

***ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥***
***ਅੰਗ - 474***

ਵਾਹਿਗੁਰੂ ਨਾਲ ਹਾਰ ਨਾ ਹੋਵੇ, ਓਹੋ ਜਿਹਾ ਜੀਵਨ ਆਪਣਾ ਬਣਾ ਕੇ ਚੱਲ। ਕਹਿੰਦੇ, ਇੱਕ ਤਾਂ ਇਹ ਰੱਖੀਂ ਕਿ ਕਰਮ ਸ਼ੁਭ ਰੱਖਣੇ ਨੇ ਸਾਰੇ। ਜਿਹਨੂੰ ਸਮ ਤੇ ਦਮ ਕਹਿੰਦੇ ਨੇ, ਦੂਸਰੀ ਬਾਤ ਹੈ ਸਾਧਨ ਜਿਹੜਾ ਹੈਗਾ ਉਹ ਇਹ ਹੈ ਕਿ ਪ੍ਰਭੂ ਦਾ ਨਾਮ ਵੀ ਜਪਣਾ ਹੈ ਤੇ ਬਾਣੀ ਪੜ੍ਹਨੀ ਹੈ। ਬਾਣੀ ਪੜ੍ਹਨ ਦੇ ਭੇਦ ਹੋਇਆ ਕਰਦੇ ਨੇ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਕੋਲ ਸੰਗਤ ਆਈ, ਆ ਕੇ ਕਹਿਣ ਲੱਗੀ, ਪਾਤਸ਼ਾਹ! ਬਾਣੀ ਅਸੀਂ ਬੜੀ ਪੜ੍ਹਦੇ ਹਾਂ, ਆਪ ਦਾ ਫੁਰਮਾਨ ਹੈ ਕਿ ਬਾਣੀ ਪੜ੍ਹਨ ਦੇ ਨਾਲ ਆਦਮੀ ਦਾ ਮਨ ਸ਼ਾਂਤ ਹੋ ਜਾਂਦਾ ਹੈ। ਸੁੱਖ ਹੋ ਜਾਂਦਾ ਹੈ ਤੇ ਇੱਕ ਆਨੰਦ ਆਉਂਦਾ ਹੈ ਤੇ ਅਸੀਂ ਇਸ ਤਰ੍ਹਾਂ ਦੇ ਨਾਲ ਵੀ ਸੁਣਿਆ ਹੈ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ –ਨਾਮ ਖੁਮਾਰੀ–ਨਾਮ ਖੁਮਾਰੀ।***

***ਪੋਸਤ ਮਧ ਅਫੀਮ ਭੰਗ ਉਤਰ ਜਾਏ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। ਜਨਮਸਾਖੀ***

ਮਹਾਰਾਜ! ਐਸੇ ਬਚਨ ਵੀ ਅਸੀਂ ਸੁਣਦੇ ਹਾਂ, ਗਿਆਨਵਾਨ ਪੁਰਸ਼ਾਂ ਤੋਂ ਕਿ ਨਾਮ ਦੇ ਅੰਦਰ ਕੋਈ ਨਸ਼ਾ ਹੋਇਆ ਕਰਦਾ ਹੈ। ਬਾਣੀ ਦੇ ਅੰਦਰ ਨਸ਼ਾ ਹੁੰਦਾ ਹੈ। ਪਰ ਸਾਡਾ ਤਾਂ ਮਨ ਹੀ ਨਹੀਂ ਟਿਕਦਾ। ਮਹਾਰਾਜ! ਕਹਿੰਦੇ ਤੁਸੀਂ ਪੜ੍ਹਦੇ ਨਹੀਂ ਹੋਣੇ। ਕਹਿੰਦੇ, ਮਹਾਰਾਜ! ਪੰਜ ਬਾਣੀਆਂ ਤਾਂ ਜਿਹੜਾ ਆਪ ਦਾ ਹੁਕਮ ਹੈ ਉਹ ਪੜ੍ਹਦੇ ਹਾਂ। ਉਸ ਤੋਂ ਵੱਧ ਪੰਜ ਸੱਤ ਹੋਰ ਪੜ੍ਹ ਲੈਂਦੇ ਹਾਂ। ਸੁਖਮਨੀ ਸਾਹਿਬ ਵੀ ਪੜ੍ਹ ਲੈਂਦੇ ਹਾਂ, ਆਸਾ ਦੀ ਵਾਰ ਸ਼ਬਦਾਂ ਛੱਕਿਆਂ ਸਮੇਤ ਵੀ ਪੜ੍ਹਦੇ ਹਾਂ, ਸਵੱਯੇ ਵੀ ਪੜ੍ਹਦੇ ਹਾਂ। ਦੋਵੇਂ ਸ਼ਬਦ ਹਜ਼ਾਰੇ ਪੜ੍ਹਦੇ ਹਾਂ। ਹੋਰ ਵੀ ਜੋ ਬਾਣੀ ਵਾਰੀ ਸਿੱਧੇ ਆਉਂਦੀ ਹੈ, ਕਦੇ ਦੱਖਣੀ ਓਅੰਕਾਰ ਪੜ੍ਹਦੇ ਹਾਂ, ਕਦੇ ਸਿੱਧ ਗੋਸ਼ਟ ਪੜ੍ਹਦੇ ਹਾਂ, ਕਦੇ ਬਾਵਨ ਅੱਖਰੀ ਪੜ੍ਹਦੇ ਹਾਂ, ਕਦੇ ਗੁਰੂ ਗ੍ਰੰਥ ਸਾਹਿਬ ਦੇ ਵਿਚੋਂ ਵੀ ਬਾਣੀ ਪੜ੍ਹਦੇ ਹਾਂ, ਪਰ ਮਹਾਰਾਜ! ਸੱਚ-ਸੱਚ ਅਸੀਂ ਆਪ ਦੇ ਅੱਗੇ ਬੋਲਦੇ ਹਾਂ ਕਿ ਸਾਨੂੰ ਤਾਂ ਉਹ ਨਸ਼ਾ ਪ੍ਰਾਪਤ ਨਹੀਂ ਹੁੰਦਾ। ਸਾਡੇ ਵਿੱਚ ਨੁਕਸ ਹੈ ਜਾਂ ਕਿਸੇ ਹੋਰ ਥਾਂ ਨੁਕਸ ਹੈ। ਆਪ ਕ੍ਰਿਪਾ ਕਰਕੇ ਦੱਸੋ। ਮਹਾਰਾਜ ਕਹਿੰਦੇ ਤੁਸੀਂ ਪੜ੍ਹਦੇ ਹੀ ਨਹੀਂ ਓ। ਜਿਸ ਤਰ੍ਹਾਂ ਬਾਣੀ ਪੜ੍ਹਨੀ ਚਾਹੀਦੀ ਹੈ, ਉਸ ਤਰ੍ਹਾਂ ਨਹੀਂ ਪੜ੍ਹਦੇ। ਮਹਾਰਾਜ ਨੇ ਪ੍ਰੈਕਟੀਕਲੀ ਸਮਝਾਉਣ ਵਾਸਤੇ ਹੁਕਮ ਦਿੱਤਾ ਕਿ ਇੱਕ ਬਾਲਟੀ ਤੇ ਕੁਛ ਲਿਆਓ ਬਾਟੇ, ਛੋਟੇ ਤੇ ਵੱਡੇ ਬਾਟੇ। ਤੇ ਬਾਲਟੀ ਸੁੱਖੇ ਦੀ ਭਰ ਲਿਆਓ। ਇਸੇ ਤਰ੍ਹਾਂ ਹੁਕਮ ਦੀ ਤਾਮੀਲ ਹੋਈ, ਡੱਬੇ ਬਾਟੇ ਭਰ ਕੇ ਅੱਧਿਆਂ ਨੂੰ ਕਿਹਾ ਉਥੇ ਜਾ ਕੇ ਕੁਰਲੀਆਂ ਕਰੋ, ਦੇਖਿਓ ਇੱਕ ਕਤਰਾ ਵੀ ਅੰਦਰ ਨਾ ਚਲਿਆ ਜਾਵੇ, ਸਾਵਧਾਨੀ ਵਰਤਣੀ ਹੈ। ਲਓ ਭਾਈ ਆਹ ਦੋ-ਦੋ ਘੁੱਟਾਂ ਤੁਸੀਂ ਪੀ ਲਓ। ਜਦੋਂ ਉਹ ਕੰਮ ਖਤਮ ਕਰਕੇ ਆਏ, ਕੁਰਲੀਆਂ ਕਰਕੇ ਆਏ, ਉਸ ਵੇਲੇ ਮਹਾਰਾਜ ਨੇ ਪੁੱਛਿਆ ਕਿਉਂ ਭਾਈ! ਤੁਹਾਨੂੰ ਨਸ਼ਾ ਹੋਇਆ ਕੁਛ। ਕਹਿੰਦੇ ਮਹਾਰਾਜ! ਨਸ਼ਾ ਕਾਹਦਾ ਅਸੀਂ ਤਾਂ ਕੁਰਲੀਆਂ ਹੀ ਕਰੀਆਂ ਨੇ। ਕਹਿੰਦੇ, ਬਾਟਾ ਤਾਂ ਬਹੁਤ ਸੀ ਕੋਈ ਭੁੱਲ-ਭੁਲੇਖੇ ਅੰਦਰ ਚਲੀ ਗਈ ਹੋਵੇ ਘੁੱਟ? ਕਹਿੰਦੇ, ਨਾ

ਮਹਾਰਾਜ! ਅਸੀਂ ਜਾਣ ਹੀ ਨਹੀਂ ਦਿੱਤੀ। ਗਲ ਤਕ ਤਾਂ ਅਸੀਂ ਜਾਣ ਹੀ ਨਹੀਂ ਦਿੱਤੀ ਕਿ ਕਿਤੇ ਹੁਕਮ ਅਦੂਲੀ ਨਾ ਹੋ ਜਾਵੇ। ਦੂਜਿਆਂ ਨੂੰ ਪੁਛਿਆ ਕਿ ਤੁਸੀਂ ਦੱਸੋ ਭਾਈ! ਕਹਿੰਦੇ ਮਹਾਰਾਜ ਸਾਡਾ ਤਾਂ ਸਿਰ ਚੱਕਰ ਜਿਹੇ ਖਾਣ ਲਗ ਗਿਆ। ਮਹਾਰਾਜ ਕਹਿੰਦੇ, ਦੇਖੋ ਇਨ੍ਹਾਂ ਨੇ ਦੋ ਘੁੱਟ ਤੇ ਤੁਸੀਂ ਬਾਟਾ। ਕਹਿੰਦੇ, ਮਹਾਰਾਜ! ਅਸੀਂ ਤਾਂ ਕੁਰਲੀਆਂ ਹੀ ਕਰੀਆਂ ਨੇ। ਮਹਾਰਾਜ ਕਹਿੰਦੇ, ਪ੍ਰੇਮੀਓ! ਬਾਣੀ ਪੜ੍ਹਨ ਦੇ ਵਿਚ ਭੇਤ ਹੋਇਆ ਕਰਦਾ ਹੈ। ਬਾਣੀ ਪਹਿਲਾਂ ਗੁਟਕੇ ਤੋਂ ਦੇਖ ਕੇ ਪੜ੍ਹਦੇ ਹਾਂ, ਗੁਟਕੇ ਤੋਂ ਦੇਖ ਕੇ ਤਾਂ ਪੜ੍ਹਦੇ ਹਾਂ ਕਿ ਕਈ ਵਾਰੀ ਅਸ਼ੁੱਧ ਯਾਦ ਹੋ ਜਾਂਦੀ ਹੈ, ਉਹ ਫੇਰ ਪੱਕ ਜਾਂਦੀ ਹੈ, ਜਿੰਨਾਂ ਜੀਅ ਕਰਦਾ ਹੈ ਜ਼ੋਰ ਲਾ ਲਓ, ਮੁੜ ਕੇ ਸ਼ੁੱਧ ਨਹੀਂ ਹੁੰਦੀ। ਓਹੀ ਅੱਖਰ ਕਹੇਗਾ ਜਦ ਕਹੇਗਾ, ਕਿਉਂਕਿ ਯਾਦਦਾਸ਼ਤ ਵਿਚੋਂ ਚਲਿਆ ਗਿਆ। ਗੁਟਕੇ 'ਚੋਂ ਦੇਖ ਕੇ ਜਦੋਂ ਅਸੀਂ ਪੜ੍ਹਦੇ ਹਾਂ, ਫੇਰ ਸ਼ੁੱਧ ਬਾਣੀ ਪੜ੍ਹ ਹੋ ਜਾਂਦੀ ਹੈ। ਲੇਕਿਨ ਬਾਣੀ ਕੰਠ ਦੀ ਹੋਇਆ ਕਰਦੀ ਹੈ ਹਮੇਸ਼ਾ। ਗੁਟਕਾ ਮਿਲੇ ਨਾ ਮਿਲੇ, ਐਨਕਾਂ ਹੀ ਨਾ ਮਿਲਣ ਫੇਰ ਕੀ ਕਰੇ। ਲੇਕਿਨ ਆਮ ਹੈ ਕਿ ਬਾਣੀ ਜੋ ਪੜ੍ਹਦਾ ਹੈ, ਦੇਖ ਕੇ ਪੜ੍ਹੋ, ਜਿਹਦੀ ਸੁਰਤ ਨਹੀਂ ਲਗਦੀ ਉਹ ਲਗਾਂ ਮਾਤਰਾਂ 'ਚ ਸੁਰਤ ਲਾਓ। ਅੱਖਰਾਂ ਨੂੰ ਲੱਗੀਆਂ ਹੁੰਦੀਆਂ ਨੇ, ਉਹਨੂੰ ਦੇਖਦੇ ਚਲੇ ਜਾਓ, ਪੱਕ ਜਾਏਗੀ। ਜਦੋਂ ਸੁਰਤੀ ਵਿਚ ਟਿਕਣ ਲਗ ਗਈ ਬਾਣੀ ਦੇ, ਉਸ ਵੇਲੇ ਬਾਣੀ ਦੀ ਵਿਚਾਰ ਕਰੋ। ਸੋ ਕਹਿੰਦੇ, ਦੇਖੋ ਪਹਿਲਾਂ ਤਾਂ ਹੈਗਾ ਪੜ੍ਹਨਾ। ਦੂਸਰਾ ਦਰਜਾ ਹੈਗਾ ਬਾਣੀ ਦਾ ਵਿਚਾਰਨਾ। ਤੀਸਰਾ ਦਰਜਾ ਕੀ ਹੈ, ਵਿਚਾਰ ਤਾਂ ਬਾਣੀ ਦੀ ਕਰ ਲਈ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ਅੰਗ – 1382***

ਪੜ੍ਹ ਲਿਆ ਕਿ ਬੁਰੇ ਦਾ ਭਲਾ ਕਰਨਾ ਹੈ, ਬੁਰੇ ਦਾ ਬੁਰਾ ਨਹੀਂ ਕਰਨਾ ਤੇ ਕਿਸੇ ਨਾਲ ਗੁੱਸੇ ਹੋ ਕੇ ਮਨ ਵਿਚ ਗੁੱਸਾ ਹੰਢਾਉਣਾ ਨਹੀਂ ਹੈ, ਚਿਤਵਨੀਆਂ ਨਹੀਂ ਚਿਤਵੀ ਜਾਣੀਆਂ ਕਿ ਮੈਂ ਇਹਨੂੰ ਐਉਂ ਕਰਾਂ, ਆਹ ਕਰਾਂ। ਫਲਾਣੇ ਥਾਉਂ 'ਤੇ ਹਾਰ ਦੇਵਾਂ। ਕਹਿੰਦੇ, ਇਹਦੇ ਨਾਲ ਦੇਹੀ ਤੁਹਾਡੀ ਨੂੰ ਰੋਗ ਨਹੀਂ ਲੱਗਣਾ। ਰਾਜ਼ੀ ਹੋ ਜਾਓਂਗੇ ਤੇ ਤੁਹਾਨੂੰ ਰੂਹਾਨੀ ਦੌਲਤ ਸਾਰੀ ਮਿਲੇਗੀ।

***ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥***
***ਅੰਗ – 1382***

ਜਦੋਂ ਤੂੰ ਆਪਣੇ ਆਪ ਨੂੰ ਠੀਕ ਤਰ੍ਹਾਂ ਸੰਵਾਰ ਲਏਂਗਾ ਤਾਂ ਮੈਨੂੰ ਮਿਲ ਜਾਏਂਗਾ, ਵਾਹਿਗੁਰੂ ਜੀ ਕਹਿੰਦੇ ਨੇ।

***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥***
***ਅੰਗ – 1382***

ਹੁਣ ਇਹਦੇ ਅਰਥ ਵੀ ਸਮਝ 'ਚ ਆ ਗਏ ਤੇ ਬਾਣੀ ਵੀ ਪੜ੍ਹ ਲਈ, ਦੋ ਤਾਂ ਚੀਜ਼ਾਂ ਸਾਡੇ ਸਮਝ 'ਚ ਆ ਗਈਆਂ ਕਿ ਬਾਣੀ ਨੂੰ

ਕਮਾਈਏ ਕਿਵੇਂ?

***ਪਰ ਕਾ ਬੁਰਾ ਨ ਰਾਖਹੁ ਚੀਤ ॥***
***ਤੁਮ ਕਉ ਦੁਖੁ ਨਹੀ ਭਾਈ ਮੀਤ ॥*** ***ਅੰਗ - 386***

***ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥***
***ਅੰਗ - 259***

ਲੇਕਿਨ ਇਹ ਕਮਾਈ ਨਹੀਂ ਕੀਤੀ ਜਾਂਦੀ, ਉਹ ਤੁਕ ਕਮਾਉਣ ਦੀ ਕੋਸ਼ਿਸ਼ ਕਰੋ ਕਿ ਇੱਕ ਤੁਕ ਕਮਾਉਣੀ ਹੈ ਇਕ ਮਹੀਨੇ ਦੇ ਅੰਦਰ। ਜੇ ਤਾਂ ਇਸ ਤਰ੍ਹਾਂ ਕਰਾਂਗੇ ਫੇਰ ਤਾਂ ਲੰਘ ਜਾਵਾਂਗੇ। ਕਮਾਉਣਾ ਇਸ ਤਰ੍ਹਾਂ ਹੁੰਦਾ ਹੈ। ਯੁਧਿਸ਼ਟਰ ਪੰਜ ਭਰਾ ਪਾਂਡਵ ਸੀਗੇ, ਪੜ੍ਹਨ ਲਾ ਦਿੱਤੇ, ਕੌਰਵ ਵੀ ਲਾ ਦਿੱਤੇ। ਇਹ ਛੇਤੀ-ਛੇਤੀ ਪੜ੍ਹਦੇ ਜਾਂਦੇ ਨੇ। ਯੁਧਿਸ਼ਟਰ ਰੁਕ ਗਿਆ ਆ ਕੇ ਭੁਲਾਵੇਂ ਅੱਖਰਾਂ 'ਤੇ, ਜਿਥੇ ਜੋੜਵੇਂ ਅੱਖਰ ਆਉਂਦੇ ਸੀ ਉਥੇ ਰੁਕ ਗਿਆ। ਉਥੇ ਸਬਕ ਦੇ ਵਿਚ ਆ ਗਿਆ ਕਿ ਕ੍ਰੋਧ ਮਤ ਕਰੋ। ਮਾਸਟਰ ਪੁੱਛਦਾ ਹੈ ਕਿ ਅਗਾਹਾਂ ਸੰਥਿਆ ਲੈ, ਕਹਿੰਦਾ, ਮੇਰੇ ਤਾਂ ਯਾਦ ਨਹੀਂ ਹੋਈ। ਦੋ ਤਿੰਨ ਮਹੀਨੇ ਲੰਘਾ ਦਿੱਤੇ। ਉਹ ਪਹਿਲੀ ਦੀ ਕਿਤਾਬ ਪੜ੍ਹਨ ਲੱਗ ਗਏ। ਪਿਤਾ ਜੀ ਨੇ ਉਨ੍ਹਾਂ ਦੇ ਨੇ ਪੁਛਿਆ, ਮਾਸਟਰ ਨੂੰ ਬੁਲਾ ਕੇ ਕਿ ਕਿੰਨਾਂ ਕੇ ਪੜ੍ਹ ਰਹੇ ਹਨ, ਠੀਕ ਚਲ ਰਹੇ ਨੇ, ਜੇ ਨਹੀਂ ਚੱਲ ਰਿਹਾ ਤਾਂ ਯੁਧਿਸ਼ਟਰ ਨਹੀਂ ਚੱਲ ਰਿਹਾ। ਉਹ ਇੱਕ ਲਾਈਨ ਤੇ ਰੁਕਿਆ ਬੈਠਾ ਹੈ, 'ਕ੍ਰੋਧ ਮੱਤ ਕਰੋ' ਅੱਗੇ ਚਲਦਾ ਨਹੀਂ। ਸੁਣਾ ਸਾਨੂੰ ਦਿੰਦਾ ਹੈ, ਪਰ ਕਹਿੰਦਾ ਮੈਨੂੰ ਤਾਂ ਪੱਕਿਆ ਹੀ ਨਹੀਂ। ਸਾਰੇ ਬੱਚਿਆ ਨੂੰ ਬੁਲਾ ਕੇ ਕਿਤਾਬਾਂ ਪੜ੍ਹਾਈਆਂ ਗਈਆਂ ਸਭ ਨੇ ਪੜ੍ਹ ਲਿਆ, ਇਹਨੂੰ ਜਦੋਂ ਬੁਲਾਇਆ, ਕ੍ਰੋਧ ਮੱਤ ਕਰੋ 'ਤੇ ਆ ਕੇ ਰੁਕ ਗਿਆ। ਕਹਿੰਦਾ, ਮੇਰੇ ਤਾਂ ਇਹ ਯਾਦ ਹੀ ਨਹੀਂ ਹੋਇਆ। ਕਹਿੰਦੇ ਤੇਰੇ ਯਾਦ ਤਾਂ ਹੋ ਗਿਆ, ਕਹਿੰਦਾ ਨਾ ਮੇਰੇ ਨਹੀਂ ਯਾਦ। ਪਿਤਾ ਨੇ ਥੱਪੜ ਮਾਰਿਆਂ ਮੂੰਹ 'ਤੇ। ਚੁੱਪ ਕਰ ਗਏ। ਦੂਸਰੇ ਪਾਸੇ ਮਾਰਿਆ, ਫੇਰ ਚੁੱਪ ਕਰ ਗਏ। ਉਵੇਂ ਜਿਵੇਂ ਰਹੇ, ਕੋਈ ਵੀ ਅਸਰ ਨਾ ਹੋਣ ਦਿੱਤਾ ਅੰਦਰ। ਕਹਿੰਦੇ, ਹੁਣ ਪੱਕ ਗਿਆ ਮੇਰੇ। ਕਹਿੰਦੇ ਥੱਪੜ ਖਾ ਕੇ ਹੀ ਪੱਕਿਆਂ ਹੈ। ਕਹਿੰਦਾ, ਇਹ ਸਬਕ ਜਿਹੜਾ ਸੀ ਇਹ ਥੱਪੜ ਖਾ ਕੇ ਹੀ ਪੱਕਣ ਵਾਲਾ ਸੀ। ਇਹ ਤਾਂ ਮੈਂ ਜਾਣਦਾ ਹਾਂ ਕਿ ਕ੍ਰੋਧ ਮੱਤ ਕਰੋ। ਪਰ ਮੈਨੂੰ ਕੀ ਪਤਾ ਕ੍ਰੋਧ ਮੈਂ ਕਰਦਾ ਹਾਂ ਕਿ ਨਹੀਂ ਕਰਦਾ। ਹੁਣ ਤੁਸੀਂ ਥੱਪੜ ਮਾਰਿਆ ਮੈਨੂੰ ਕ੍ਰੋਧ ਬਿਲਕੁਲ ਨਹੀਂ ਆਇਆ। ਇਹਨੂੰ ਕਹਿੰਦੇ ਨੇ ਬਾਣੀ ਨੂੰ ਕਮਾਉਣਾ। ਕਮਾਉਣੀ ਸਭ ਤੋਂ ਔਖੀ ਹੈ, ਪੜ੍ਹ ਲੈਣੀ, ਵਿਚਾਰ ਲੈਣੀ, ਸ਼ੁੱਧ ਪੜ੍ਹ ਲੈਣੀ, ਸ਼ੁੱਧ ਉਚਾਰਨ ਕਰ ਲੈਣਾ, ਕੋਈ ਔਖੀਆਂ ਗੱਲਾਂ ਨਹੀਂ, ਬੜੀਆਂ ਸੁਖਾਲੀਆਂ ਗੱਲਾਂ ਨੇ। ਲੇਕਿਨ ਜਿੱਥੇ ਬਾਣੀ ਕਮਾਉਣੀ ਹੈ ਉਹ ਬਹੁਤ ਔਖੀ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*** ***ਅੰਗ - 274***
***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ - 274***

ਸਾਰੇ ਕਮਾਉਣਾ ਹੀ ਹੈ, ਸਾਰੀਆਂ ਚੀਜ਼ਾਂ। ਇਹ ਬਹੁਤ ਔਖੀ ਚੀਜ਼ ਹੈ, ਜਦੋਂ ਕਮਾ ਲੈਂਦਾ ਹੈ। ਫੇਰ ਉਹਨੂੰ ਕੀ ਮਿਲਦਾ ਹੈ। ਉਹ ਪਹਿਲਾਂ ਮੰਨਦਾ ਹੈ, ਮੰਨ ਕੇ ਕਮਾਉਂਦਾ ਹੈ। ਪਹਿਲਾਂ ਵਿਚਾਰਦਾ ਹੈ, ਵਿਚਾਰ ਕੇ ਫੇਰ ਗੱਲ ਨੂੰ ਤੱਤ ਮੰਨਦਾ ਹੈ, ਤੱਤ ਮੰਨ ਕੇ ਫੇਰ ਕਮਾਉਂਦਾ ਹੈ, ਜਦੋਂ ਕਮਾਉਂਦਾ ਹੈ ਫੇਰ ਉਹਨੂੰ ਪ੍ਰਾਪਤੀ ਹੋ ਜਾਂਦੀ ਹੈ। ਪ੍ਰਾਪਤੀ ਹੁੰਦੀ ਕਾਹਦੀ ਹੈ? ਕਹਿੰਦੇ, ਮੁਕਤੀ ਦਾ ਦਰਵਾਜ਼ਾ ਉਹਦੇ ਵਾਸਤੇ ਖੁੱਲ੍ਹ ਜਾਂਦਾ ਹੈ। ਐਉਂ ਪੜ੍ਹ ਲਓ –

*ਧਾਰਨਾ – ਪਾਵੈ ਮੋਖ ਦੁਆਰ, ਜੇ ਮਨ ਮੰਨ ਜਾਏ।*
*ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥*
*ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥*
*ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥*
*ਅੰਗ – 3*

ਪਹਿਲਾਂ ਮਨ ਮੰਨਦਾ ਹੈ, ਫੇਰ ਬਾਣੀ ਕਮਾਈ ਜਾਂਦੀ ਹੈ। ਜਿੰਨਾਂ ਚਿਰ ਮਨ ਨਹੀਂ ਮੰਨਦਾ, ਓਨਾਂ ਚਿਰ ਅੱਗੇ ਚਲਦਾ ਹੀ ਨਹੀਂ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ – 342*

ਸੋ ਮਹਾਰਾਜ ਕਹਿੰਦੇ, ਪ੍ਰੇਮੀਆਂ! ਬਾਣੀ ਪੜ੍ਹਨੀ ਹੈ, ਪੜ੍ਹਨੀ ਹੈ ਵਿਚਾਰ ਕੇ। ਵਿਚਾਰ ਕੇ ਫੇਰ ਮਨ ਨੂੰ ਮਨਾਉਣਾ ਹੈ, ਮਨ ਨੂੰ ਮਨਾ ਕੇ ਫੇਰ ਬਾਣੀ ਨੂੰ ਕਮਾਉਣਾ ਹੈ। ਫੇਰ ਮੁਕਤੀ ਦੀ ਪ੍ਰਾਪਤੀ ਹੋ ਜਾਏਗੀ ਕਿਉਂਕਿ ਬਾਣੀ ਧੁਰ ਦਰਗਾਹ ਤੋਂ ਆਈ ਹੈ। ਵਿਚਾਰ ਆਉਂਦੀ ਹੈ ਕਿ –

*ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥*
*ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ*
*ਮਤੁ ਕੋ ਧਰਹੁ ਗੁਮਾਨਾ ॥ ਅੰਗ – 797*

ਇਹ ਸਾਰੀ ਸ੍ਰਿਸ਼ਟੀ ਵਾਹਿਗੁਰੂ ਨੇ ਰਚੀ ਹੈ, ਇਹਦੇ ਵਿੱਚ ਵਡਿਆਈ ਕਿਹੜੀ ਚੀਜ਼ ਦੀ ਹੈ, ਸੱਚੇ ਨਾਮ ਦੀ।

*ਸਤਿਗੁਰ ਕੀ ਜਿਸ ਨੋ ਮਤਿ ਆਵੈ*
*ਸੋ ਸਤਿਗੁਰ ਮਾਹਿ ਸਮਾਨਾ ॥ ਅੰਗ – 797*

ਜਿਹਨੂੰ ਮੱਤ ਆ ਜਾਂਦੀ ਹੈ ਗੁਰੂ ਦੀ, ਗੁਰਮਤਿ ਨੂੰ ਧਾਰਨ ਕਰ ਲੈਂਦਾ ਹੈ, ਉਹ ਗੁਰੂ ਦੇ ਦੇਸ਼ ਵਿਚ ਜਾ ਕੇ ਸਮਾਈ ਕਰ ਲੈਂਦਾ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ – 797*

ਇੱਕ ਤਾਂ ਉਪਰੋਂ-ਉਪਰੋਂ ਜਾਣਦੇ ਨੇ, ਇੱਕ ਹਿਰਦੇ ਤੋਂ ਜਾਣਦੇ ਨੇ ਜਿਹੜੀ ਤੁਕ ਪੜ੍ਹਦੇ ਨੇ ਉਹਦੇ ਉਤੋਂ ਦੀ ਲੰਘ ਨਹੀਂ ਸਕਦੇ। ਕਹਿੰਦੇ, ਉਨ੍ਹਾਂ ਨੂੰ ਕੀ ਪ੍ਰਾਪਤ ਹੁੰਦਾ ਹੈ? ਉਹਦੇ ਅੰਦਰ ਪ੍ਰਮੇਸ਼ਰ ਦਾ ਨਾਮ ਰਮ ਜਾਂਦਾ ਹੈ। ਸੋ ਬਾਣੀ ਕਹਿੰਦੀ ਹੈ ਕਿ–

***ਚਹੁ ਜੁਗਾ ਕਾ ਹੁਣਿ ਨਿਬੇੜਾ***
***ਨਰ ਮਨੁਖਾ ਨੋ ਏਕੁ ਨਿਧਾਨਾ ॥*** ***ਅੰਗ - 797***

ਸਤਿਜੁਗ ਦੇ ਵਿਚ ਭਗਤੀ ਕਰਨ ਵਾਲੇ, ਤਪਸਿਆ ਕਰਨ ਵਾਲੇ, ਸਤਿ ਬੋਲਣ ਵਾਲੇ, ਮੁਕਤੀ ਪ੍ਰਾਪਤ ਨਾ ਕਰ ਸਕੇ, ਤ੍ਰੇਤੇ 'ਚ ਆ ਕੇ ਤਪ ਕਰਦੇ ਨੇ। ਦੁਆਪਰ 'ਚ ਆ ਗਏ, ਹੁਣ ਕਲਜੁਗ ਵਿਚ ਫੇਰ ਆ ਗਏ ਨੇ, ਮਹਾਰਾਜ ਕਹਿੰਦੇ, ਹੁਣ ਤੁਹਾਡੇ ਤਰਨ ਦਾ ਸਮਾਂ ਆ ਗਿਆ। ਇਕ ਖਜ਼ਾਨਾ ਹੈ, ਹੁਣ ਨਿਬੇੜਾ ਹੋਣਾ ਹੈ-

***ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ***
***ਕਲਿ ਮਹਿ ਕੀਰਤਿ ਹਰਿ ਨਾਮਾ ॥ ਅੰਗ - 797***

ਇਹ ਤਾਂ ਧਰਮ ਸੀਗੇ ਉਨ੍ਹਾਂ ਜੁਗਾਂ ਦੇ, ਹੁਣ ਜਿਹੜਾ ਕਲਜੁਗ ਦਾ ਸਮਾਂ ਹੈ, ਇਕ ਚਿੱਤ ਹੋ ਕੇ ਹਰੀ ਦੀ ਜਸ ਵਿਚ ਕੀਰਤਨ ਕਰਨਾ। ਪ੍ਰਮੇਸ਼ਰ ਦੇ ਨਾਮ ਵਿਚ ਸੁਰਤੀ ਜੋੜਨੀ -

***ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥***
***ਅੰਗ - 797***

ਚਾਰੇ ਜੁਗਾਂ ਦਾ ਆਪੋ ਆਪਣਾ ਧਰਮ ਹੈ, ਕਹਿੰਦੇ ਵੇਦ ਪੜ੍ਹ ਕੇ ਦੇਖ ਲਓ, ਪੁਰਾਨ ਪੜ੍ਹ ਕੇ ਦੇਖ ਲਓ -

***ਗੁਰਮੁਖਿ ਜਿਨੀ ਧਿਆਇਆ ਹਰਿ ਹਰਿ***
***ਜਗਿ ਤੇ ਪੂਰੇ ਪਰਵਾਨਾ ॥ 3 ॥***
***ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ***
***ਚੂਕੈ ਮਨਿ ਅਭਿਮਾਨਾ ॥***
***ਕਹਤ ਸੁਣਤ ਸਭੇ ਸੁਖ ਪਾਵਹਿ***
***ਮਾਨਤ ਪਾਹਿ ਨਿਧਾਨਾ ॥*** ***ਅੰਗ - 797***

ਕਹਿੰਦੇ ਜਿਹੜੇ ਮੰਨ ਜਾਂਦੇ ਨੇ ਉਨ੍ਹਾਂ ਨੂੰ ਨਾਮ ਦੇ ਖਜ਼ਾਨੇ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਬਾਣੀ ਪੜ੍ਹਨੀ ਹੈ ਤੇ ਜਪੁਜੀ ਸਾਹਿਬ ਦੇ ਜਿੰਨੇ ਪਾਠ ਤੇਰੇ ਤੋਂ ਹੋ ਸਕਣ ਕਰਦਾ ਰਿਹਾ ਕਰ ਰੋਜ਼ ਤੇ ਪਾਠ ਵਿਚਾਰ ਕਰ। ਜਪੁਜੀ ਸਾਹਿਬ ਦੇ ਅੰਦਰ ਸਾਰਾ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਸ਼ਾਮਿਲ ਹੈ। **ਜਿਹਨੂੰ 'ਜਪੁਜੀ ਸਾਹਿਬ' ਸਮਝ 'ਚ ਆ ਗਿਆ, ਉਹਨੇ ਗੁਰੂ ਗ੍ਰੰਥ ਸਾਹਿਬ ਸਮਝ ਲਿਆ। ਮੂਲਮੰਤ੍ਰ ਦੇ ਅੰਦਰ ਸਾਰਾ ਜਪੁਜੀ ਸਾਹਿਬ ਤੇ ਵਾਹਿਗੁਰੂ ੴ ਦੇ ਅੰਦਰ ਸਾਰਾ ਗੁਰੂ ਗ੍ਰੰਥ ਸਾਹਿਬ। ਇੱਕ ਅੱਖਰ ਦੇ ਵਿਚ ਸਭ ਕੁਛ ਆ ਗਿਆ।** ਜਿਹੜਾ ਇੱਕ ਅੱਖਰ ਨੂੰ ਜਾਣ ਗਿਆ। ਜਿਹੜਾ ਸਮਝ ਗਿਆ ਉਹ ਮੁੜ ਕੇ ਨਹੀਂ ਜੰਮਦਾ ਮਰਦਾ। ਇੱਕ ਅੱਖਰ ਬਾਰੇ ਬੜਾ ਗੁਰਬਾਣੀ 'ਚ ਆਉਂਦਾ ਹੈ, ਇੱਕ ਅੱਖਰ ਦੀ ਹੀ ਵਿਆਖਿਆ ਹੈ। 'ਏਕ ਸਬਦਿ' ਵੀ ਇਸ ਨੂੰ ਕਿਹਾ ਹੈ -

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ***
***ਬਾਹੁੜਿ ਜਨਮਿ ਨ ਆਵਾ ॥*** ***ਅੰਗ - 795***

ਇਸ ਤਰ੍ਹਾਂ ਇਹ ਜਿਹੜੀ ਬਾਣੀ ਹੈ ਇਹ ਕੋਈ ਫਿੱਕੀ ਚੀਜ਼ ਨਹੀਂ, ਜਿਉਂ-ਜਿਉਂ ਪੜ੍ਹੇਂਗਾ -

*ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥*
*ਜਿਨਿ ਪੀਤੀ ਤਿਸੁ ਮੋਖ ਦੁਆਰ ॥* *ਅੰਗ - 1275*

*ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥*
*ਸਾਧੂ ਜਨ ਰਾਮੁ ਰਸਨ ਵਖਾਣੀ ॥* *ਅੰਗ - 192*

ਇਹ ਤਾਂ ਵਾਹਿਗੁਰੂ ਤੋਂ ਸੰਤਾਂ ਦੀ ਰਸਨਾ ਤੋਂ ਹੋ ਕੇ ਪ੍ਰਗਟ ਹੋਈ ਹੈ ਤੇ ਜਨਮਾਂ-ਜਨਮਾਂ ਦੀ ਮੈਲ ਨੂੰ ਦੂਰ ਕਰਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥* *ਅੰਗ - 651*

ਕਾਲਾ ਸਿਆਹੁ ਹੋਇਆ ਪਿਆ ਹੈ, ਨਾ ਤੀਰਥ ਕਰਨ ਨਾਲ ਇਹ ਉਜਲੀ ਹੁੰਦੀ ਹੈ ਨਾ ਜਪ ਕਰਨ ਨਾਲ, ਨਾ ਦਾਨ ਕਰਨ ਨਾਲ, ਨਾ ਪਾਠ ਕਰਨ ਨਾਲ, ਕਿਸੇ ਚੀਜ਼ ਨਾਲ ਉਜਲੀ ਨਹੀਂ ਹੁੰਦੀ। ਇਹ ਤਾਂ ਉਜਲੀ ਹੁੰਦੀ ਹੈ ਕਿ ਗੁਰੂ ਮਿਲ ਜਾਵੇ। ਜੀਵਤ ਭਾਵ 'ਚੋਂ ਮਰ ਜਾਵੇ।

*ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥* *ਅੰਗ - 651*

ਫੇਰ ਇਹ ਜੰਮਦਾ ਮਰਦਾ ਨਹੀਂ। ਸੋ ਇਹ ਮਨ ਨੂੰ ਸੁਧਾਰਨ ਵਾਸਤੇ -

*ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ ॥*
*ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥*
*ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥*
*ਅੰਗ - 1088*

ਜੇ ਸੱਚ ਨਾਲ ਚਿੱਤ ਲਗ ਜਾਵੇ ਤਾਂ ਮਾਇਆ ਦੀਆਂ ਲਹਿਰਾਂ ਦੇ ਵਿਚੋਂ ਆਦਮੀ ਨਿਕਲ ਜਾਇਆ ਕਰਦਾ ਹੈ। ਸੋ ਇਹ ਮਨ ਜਿਹੜਾ ਹੈ ਇਹ ਵੱਡਾ ਹੋਇਆ ਹੋਇਆ ਹੈ, ਹਾਥੀ ਵਰਗਾ ਹੋਇਆ-ਹੋਇਆ ਹੈ, ਮੈਲਾ ਹੋਇਆ ਹੋਇਆ ਹੈ।

*ਮਨੁ ਮੈਗਲੁ ਸਾਕਤੁ ਦੇਵਾਨਾ ॥* *ਅੰਗ - 415*

ਜਿਹੜੇ ਪ੍ਰਮੇਸ਼ਰ ਨੂੰ ਮੰਨਦੇ ਨਹੀਂ ਮਹਾਰਾਜ ਕਹਿੰਦੇ ਪਹਿਲਾਂ ਤਾਂ ਉਹ ਦੀਵਾਨੇ ਨੇ, ਫੇਰ ਉਨ੍ਹਾਂ ਦਾ ਜਿਹੜਾ ਮਨ ਹੈ ਉਹ ਹਾਥੀ ਵਰਗਾ ਹੋਇਆ ਹੋਇਆ ਹੈ।

*ਬਨ ਖੰਡਿ ਮਾਇਆ ਮੋਹਿ ਹੈਰਾਨਾ ॥* *ਅੰਗ - 415*

ਤੇ ਮਾਇਆ ਦੇ ਬਨ ਵਿਚ ਮਨ ਘੁੰਮਦਾ-ਘੁੰਮਦਾ ਹੈਰਾਨ ਪਰੇਸ਼ਾਨ ਹੋਇਆ ਪਿਆ ਹੈ।

*ਇਤ ਉਤ ਜਾਹਿ ਕਾਲ ਕੇ ਚਾਪੇ ॥*
*ਗੁਰਮੁਖਿ ਖੋਜਿ ਲਹੈ ਘਰੁ ਆਪੇ ॥* **ਅੰਗ - 415**

ਇਹ ਕਾਲ ਦੀਆਂ ਬੁਰਕੀਆਂ ਨੇ। ਜੋ ਗੁਰਮੁਖ ਨੇ ਉਹ ਆਪਣੇ ਘਰ ਵਿਚ ਚਲੇ ਜਾਂਦੇ ਨੇ ਬਾਣੀ ਦੇ ਅਸਰ ਦੇ ਨਾਲ -

*ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥*
*ਸਿਮਰਹੁ ਰਾਮ ਨਾਮੁ ਅਤਿ ਨਿਰਮਲੁ*
*ਅਵਰ ਤਿਆਗਹੁ ਹਉਮੈ ਕਉਰਾ ॥* **ਅੰਗ - 415**

ਜਿੰਨਾ ਚਿਰ ਸ਼ਬਦ ਦੀ ਪ੍ਰਾਪਤੀ ਅੰਦਰ ਨਹੀਂ ਹੁੰਦੀ, ਓਨਾਂ ਚਿਰ ਮਨ ਅੰਦਰ ਠਉਰ ਨਹੀਂ ਫੜਦਾ। ਸੋ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਭਾਈ ਗੁੱਜਰ ਨੂੰ ਸਮਝਾਇਆ ਕਿ ਭਾਈ ਗੁੱਜਰ! ਇਹ ਬਾਣੀ ਨੂੰ ਤੂੰ ਪੜ੍ਹ। ਇਹਦੇ ਤੇਰੇ ਮਨ ਦੀ ਮੈਲ ਕੱਟੇਗੀ। ਮਨ ਦੀ ਮੈਲ ਕੱਟਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਐਸ ਤਰ੍ਹਾਂ ਦੇ ਨਾਲ ਸਵਾਲ ਆਉਂਦਾ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ - ਕਿਵੇਂ ਉਤਰੇਗੀ ਮੈਲ ਮਨ ਦੀ,*
*ਮਨ ਮੈਲਾ ਤਾਂ ਸਭ ਕਿਛੁ ਮੈਲਾ ਪਿਆਰਿਓ,*
*ਮੈਲ ਮਨ ਦੀ। ਕਿਵੇਂ ਉਤਰੇਗੀ ਮੈਲ ਮਨ ਦੀ।*

ਕਹਿਣ ਲੱਗੇ, ਭਾਈ ਗੁੱਜਰ! ਜਿੰਨਾਂ ਚਿਰ ਮਨ ਮੈਲਾ ਹੈ ਓਨਾਂ ਚਿਰ ਅੰਦਰ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ, ਮਨ ਨੂੰ ਅਨੇਕ ਕਿਸਮ ਦੀ ਮੈਲ ਲੱਗ ਰਹੀ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
**ਅੰਗ - 651**

ਸੌ ਵਾਰੀ ਧੋ ਲੈ ਤਾਂ ਵੀ ਕਹਿੰਦੇ ਉਜਲੀ ਨਹੀਂ ਹੁੰਦੀ, ਫੇਰ ਸਵਾਲ ਆਉਂਦਾ ਹੈ ਕਿ ਕੋਈ ਤਰੀਕਾ ਹੈ ਮਨ ਦੀ ਮੈਲ ਲਾਹੁੰਣ ਦਾ? ਮਹਾਰਾਜ ਕਹਿੰਦੇ -

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*
**ਅੰਗ - 558**

ਜਿੰਨਾਂ ਜੀਅ ਕਰਦਾ ਹੈ ਗੰਗਾ 'ਚ ਇਸ਼ਨਾਨ ਕਰ ਲੈ ਸੈਂਕੜੇ ਵਾਰੀ, ਇਹ ਗੱਲ ਕਬੀਰ ਸਾਹਿਬ ਸਾਧੂਆਂ 'ਚ ਕਰ ਰਹੇ ਸੀ ਕਿ ਗੰਗਾ ਦਾ, 68 ਤੀਰਥਾਂ ਇਸ਼ਨਾਨ ਜਿਹੜਾ ਹੈ ਉਹ ਮਨ ਦੀ ਮੈਲ ਦੂਰ ਨਹੀਂ ਕਰ ਸਕਦਾ। ਹੋ ਸਕਦਾ ਹੈ ਕਿਸੇ ਪਾਣੀ ਵਿਚ ਖੂਬੀ ਹੋਵੇ, ਕਿਤੇ ਗੰਧਕ ਦਾ ਪਾਣੀ ਹੋਵੇ, ਤਾਂਬੇ ਦਾ ਪਾਣੀ ਹੋਵੇ, ਕਿਤੇ ਹੋਰ ਕੈਮੀਕਲ ਦਾ ਪਾਣੀ ਹੋਵੇ, ਬਿਮਾਰੀਆਂ ਦੂਰ ਕਰ ਦੇਵੇ, ਚਮੜੀ ਦੀ ਬਿਮਾਰੀ ਨੂੰ ਦੂਰ ਕਰ ਦੇਵੇ, ਇਹ ਤਾਂ ਹੋ ਸਕਦਾ ਹੈ, ਪਰ ਮਨ ਦੀ ਮੈਲ ਲਾਹੁੰਣ ਨੂੰ ਤਾਂ ਤੀਰਥ ਸਮਰੱਥ ਨਹੀਂ ਹੈਗੇ। ਉਹ ਤਾਂ ਆਪ ਮੈਲੇ ਹੋ ਜਾਂਦੇ ਨੇ, ਜਦੋਂ ਮੈਲੇ

ਹੁੰਦੇ ਨੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* *ਅੰਗ - 1263*

ਫੇਰ ਉਹ ਪੁਕਾਰਾਂ ਕਰਦੇ ਨੇ ਕਿ ਹੇ ਪ੍ਰਭੂ! ਕੋਈ ਆਪਣੇ ਨਾਲ ਜੁੜਿਆ ਹੋਇਆ ਪ੍ਰੇਮੀ ਭੇਜ, ਉਹ ਆ ਕੇ ਸਾਡੇ ਵਿਚ ਇਸ਼ਨਾਨ ਕਰੇ ਤੇ ਸਾਡੀ ਮੈਲ ਕੱਟ ਦੇਵੇ ਕਿਉਂਕਿ ਉਹ ਨਿਰਮਲ ਹੈ, ਨਿਰਮਲ ਨੂੰ ਮੈਲ ਨਹੀਂ ਲਗਦੀ। ਉਹ ਨਿਰਮਲ ਦੂਸਰਿਆਂ ਦੀ ਮੈਲ ਦੂਰ ਕਰਨ ਨੂੰ ਸਮਰੱਥ ਹੁੰਦਾ ਹੈ। ਕਹਿੰਦੇ ਤੀਰਥ ਤਾਂ ਆਪ ਮੈਲੇ ਨੇ, ਸਾਧੂਆਂ ਨੇ ਇਸ ਗੱਲ ਦੇ ਉਤੇ ਥੋੜ੍ਹੀ ਜਿੱਦ ਕਰੀ, ਕਹਿਣ ਲੱਗੇ ਨਹੀਂ ਮਹਾਰਾਜ ਤੀਰਥਾਂ ਦਾ ਮਹਾਤਮ ਬੜਾ ਲਿਖਿਆ ਹੋਇਆ ਹੈ ਵੇਦਾਂ-ਸ਼ਾਸਤਰਾਂ ਦੇ ਅੰਦਰ ਤੇ ਇਹ ਤਾਂ ਨਿਰਮਲ ਕਰ ਦਿੰਦੀ ਹੈ, ਨਿਰਮਲ ਹੋ ਜਾਂਦੀ ਹੈ। ਕਹਿੰਦੇ ਅਸੀਂ ਤਾਂ ਨਹੀਂ ਮੰਨਦੇ, ਕਬੀਰ ਸਾਹਿਬ ਕੋਲ ਤੂੰਬੀ ਪਈ ਸੀ, ਕੌੜ ਤੂੰਬੀ, ਕਹਿਣ ਲੱਗੇ ਕਿ ਆਹ ਲੈ ਜਾਓ ਤੁਸੀਂ ਤੇ ਇਹਨੂੰ ਚੰਗੀ ਤਰ੍ਹਾਂ ਮਲ-ਮਲ ਕੇ ਨਲ੍ਹਾ ਕੇ ਲੈ ਆਇਓ ਤੁਸੀਂ, ਤਾਂ ਕਿ ਇਹ ਚੰਗੀ ਤਰ੍ਹਾਂ ਪਵਿੱਤਰ ਹੋ ਜਾਵੇ। ਸਾਧੂ ਗਏ, ਸਾਲ ਭਰ ਤੀਰਥਾਂ ਤੇ ਇਸ਼ਨਾਨ ਕਰਦੇ ਰਹੇ। ਜਿੱਥੇ ਜਾਂਦੇ ਸੀ ਤੂੰਬੀ ਨੂੰ ਮਲ-ਮਲ ਕੇ ਨਲ੍ਹਾਉਂਦੇ ਸੀ। ਜਦੋਂ ਵਾਪਸ ਆ ਗਏ ਕਾਸ਼ੀ ਦੇ ਅੰਦਰ, ਕਬੀਰ ਸਾਹਿਬ ਦੇ ਕੋਲ ਲਿਆ ਕੇ ਤੂੰਬੀ ਮੋੜ ਦਿੱਤੀ। ਕਹਿੰਦੇ ਲਓ ਮਹਾਰਾਜ! ਹੁਣ ਸ਼ੁੱਧ ਤੇ ਪਵਿੱਤਰ ਬਣ ਗਈ। ਹੁਣ ਤਾਂ ਇਹਦੇ ਦਰਸ਼ਨ ਵੀ ਪਵਿੱਤਰ ਨੇ ਕਿਉਂਕਿ ਇਹਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ। ਕਬੀਰ ਸਾਹਿਬ ਕਹਿਣ ਲੱਗੇ, ਫੇਰ ਐਸੀ ਪਵਿੱਤਰ ਨੂੰ ਤਾਂ ਸਾਰਿਆਂ ਨੂੰ ਵੰਡ ਕੇ ਦੇਣਾ ਚਾਹੀਦਾ ਹੈ। ਕਬੀਰ ਸਾਹਿਬ ਨੇ ਤੂੰਬੀ ਭੰਨ ਲਈ। ਥੋੜ੍ਹਾ-ਥੋੜ੍ਹਾ ਪ੍ਰਸ਼ਾਦ ਸਾਰਿਆਂ ਦੇ ਹੱਥ 'ਤੇ ਰਖ, ਕਹਿੰਦੇ ਲਓ ਛਕੋ ਮਹਾਂਪੁਰਸ਼ੋ, ਇਹ ਤਾਂ ਬਹੁਤ ਪਵਿੱਤਰ ਚੀਜ਼ ਹੈ ਸਾਡੇ ਅੰਦਰ ਜਿਹੜੀ ਜਾਣੀ ਹੈ ਕਿਉਂਕਿ 68 ਤੀਰਥ ਦਾ ਇਹਨੇ ਇਸ਼ਨਾਨ ਕਰਿਆ ਹੈ। ਹੁਣ ਜਿਹੜਾ ਮੂੰਹ ਵਿਚ ਪਾਉਂਦਾ ਹੈ ਤੂੰਬੀ ਕੌੜੀ ਪਈ ਹੈ। ਨਾਉਂ ਹੀ ਕੌੜ ਤੂੰਬਾ ਹੈ ਉਹਦਾ। ਉਸ ਵੇਲੇ ਕੋਈ ਖਾਂਦਾ ਨਹੀਂ, ਕਹਿਣ ਲੱਗੇ, ਕੀ ਗੱਲ ਤੁਸੀਂ ਖਾਂਦੇ ਨਹੀਂ ਭਾਈ? ਕਹਿੰਦੇ, ਮਹਾਰਾਜ! ਕੌੜੀ ਪਈ ਹੈ ਇਹ ਤਾਂ, ਖਾਧੀ ਨਹੀਂ ਜਾਂਦੀ। ਕਬੀਰ ਸਾਹਿਬ ਨੇ ਜਿਹੜੀ ਬਾਕੀ ਬਚਦੀ ਤੂੰਬੀ ਸੀ ਹੱਥ ਵਿਚ, ਉਸਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਨੇ -

*ਧਾਰਨਾ - ਅਠਸਠਿ ਤੀਰਥ ਨਾਹ ਕੇ,*
*ਤੂੰਬੀ ਅਜੇ ਵੀ ਰਹਿ ਗਈ ਕੌੜੀ।*

*ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥*
*ਅੰਗ - 656*

ਸੰਤਹੁ! ਆਦਮੀ ਇਸ਼ਨਾਨ ਕਰ ਸਕਦਾ ਹੈ ਜਾ ਕੇ, ਤੀਰਥਾਂ ਦੇ ਦਰਸ਼ਨ ਕਰ ਸਕਦਾ ਹੈ, ਪਰ ਮਨ ਦੀ ਮੈਲ ਨਹੀਂ ਉਤਰਿਆ ਕਰਦੀ

ਉਹ ਤਾਂ ਹੋਰ ਲਗ ਜਾਂਦੀ ਹੈ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***

***ਅੰਗ - 1428***

ਗੁਮਾਨ ਦੀ ਮੈਲ ਲਗ ਜਾਂਦੀ ਹੈ, ਹੋਰ ਮੈਲਾ ਹੋ ਜਾਂਦਾ ਹੈ। **ਸੋ ਮਹਾਰਾਜ ਕਹਿੰਦੇ ਜਿੰਨਾਂ ਚਿਰ ਮਨ ਮੈਲਾ ਹੈ ਸਭ ਕੁਛ ਮੈਲਾ ਹੈ, ਤਨ ਨੂੰ ਧੋਈ ਜਾਹ, ਚਾਹੇ ਹਜ਼ਾਰਾਂ ਵਾਰੀ ਤੀਰਥਾਂ 'ਚ ਜਾ ਕੇ ਨਾਹ ਲੈ। ਮਨ ਤਾਂ ਉਥੇ ਦਾ ਉਥੇ ਹੀ ਰਹਿੰਦਾ ਹੈ।** ਇਹ ਤਾਂ ਬਦਲਦਾ ਨਹੀਂ ਹੈ, ਖੇਚਲ ਕਰਕੇ ਚਲਿਆ ਜਾਹ, ਪਹਾੜਾਂ 'ਚ ਚਲਿਆ ਜਾਹ, ਪਹਾੜਾਂ 'ਚ ਚਲਿਆ ਜਾਹ, ਬਦਰੀ ਨਾਰਾਇਣ ਜਾ ਕੇ ਨਹਾ ਲੈ। ਬਰਫ ਦੇ ਪਾਣੀਆਂ 'ਚ ਨਾਹ ਲੈ। ਅਮਰਨਾਥ ਦੀ ਗੁਫਾ 'ਚ ਚਲਿਆ ਜਾਹ, ਮਨ ਦਾ ਨਹੀਂ ਫਰਕ ਪਿਆ ਕਰਦਾ।

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥***
***ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥***

***ਅੰਗ - 558***

ਇਹ ਭਰਮ ਨੇ ਭੁਲਾਇਆ ਹੋਇਆ ਹੈ, ਭਰਮ ਨੇ ਮੈਲਾ ਕਰਿਆ ਹੋਇਆ ਹੈ। ਪੰਜ ਕਿਸਮ ਦੇ ਭਰਮ ਨੇ ਜਿਹਦੇ ਨਾਲ ਮਨ ਮੈਲਾ ਹੋ ਜਾਂਦਾ ਹੈ। ਸੋ ਉਹਦਾ ਇਲਾਜ ਮਹਾਰਾਜ ਕਹਿੰਦੇ-

***ਜਪਿ ਮਨ ਮੇਰੇ ਤੂ ਏਕੋ ਨਾਮੁ ॥***
***ਸਤਿਗੁਰ ਦੀਆ ਮੋ ਕਉ ਏਹੁ ਨਿਧਾਨੁ ॥*** ***ਅੰਗ - 558***

ਬਾਕੀ ਜਿਹੜੇ ਕਰਮ ਨੇ -

***ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥***
***ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥*** ***ਅੰਗ - 558***

ਸਿੱਧਾ ਵਾਲੇ ਚੌਰਾਸੀ ਆਸਣ ਕਰ ਲੈ, ਤਪ ਕਰ ਲੈ, ਇੰਦ੍ਰੀਆਂ ਨੂੰ ਵਸ ਵਿਚ ਕਰ ਲੈ ਕਹਿੰਦੇ ਮਨ ਦੀ ਮੈਲ ਫੇਰ ਵੀ ਨਹੀਂ ਉਤਰਦੀ। ਹਉਮੈ ਦੀ ਮੈਲ ਲੱਗੀ ਹੋਈ ਨਹੀਂ ਜਾਂਦੀ ਕਿਸੇ ਨਾਲ।

***ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ***
***ਵਿਣੁ ਸਤਿਗੁਰ ਕੀ ਸਰਣਾਇ ॥*** ***ਅੰਗ - 558***

ਪੂਰਾ ਸਤਿਗੁਰੂ ਮਿਲ ਜਾਵੇ ਉਹਦੀ ਸ਼ਰਨ ਇਹਨੂੰ ਪ੍ਰਾਪਤ ਹੋ ਜਾਵੇ।

***ਸਤਗੁਰਿ ਮਿਲਿਐ ਉਲਟੀ ਭਈ***
***ਕਹਣਾ ਕਿਛੂ ਨ ਜਾਇ ॥ 3 ॥***
***ਭਣਤਿ ਨਾਨਕੁ ਸਤਿਗੁਰ ਕਉ ਮਿਲਦੋ***
***ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥*** ***ਅੰਗ - 558***

ਜਦੋਂ ਸਤਿਗੁਰੂ ਨੂੰ ਮਿਲਿਆ ਸਤਿਗੁਰੂ ਪਹਿਲਾਂ ਇਹ ਕਹਿੰਦਾ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***

*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - 1102*

ਪਹਿਲਾਂ ਮਰਨਾ ਕਬੂਲ ਕਰ ਲੈ, ਹੰਗਤਾ ਤੇ ਮਮਤਾ ਦੀ ਜ਼ਿੰਦਗੀ ਵਿਚੋਂ ਮਰ ਜਾ, ਅਤੇ ਆਤਮ ਭਾਵ ਦੇ ਵਿੱਚ ਜੀਉਂਦਾ ਹੋ ਜਾ। ਕਹਿੰਦੇ ਜਦੋਂ ਸਤਿਗੁਰੂ ਨੂੰ ਮਿਲਦਾ ਹੈ, ਫੇਰ -

*ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥ ਅੰਗ - 1102*

ਇਹ ਮਮਤਾ ਦੀ ਮਲ ਇਸ ਤਰ੍ਹਾਂ ਨਾਲ ਉਤਰਦੀ ਹੈ ਤੇ ਮਨ ਦੀ ਮੈਲ ਧੋ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ, ਭਾਈ ਗੁੱਜਰ ਜੀ! ਬਾਣੀ ਜਿਹੜੀ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - 4*

ਮਤ ਜਿਹੜੀ ਹੈ ਉਹ ਪਾਪਾਂ ਦੇ ਨਾਲ ਭਰੀ ਹੋਈ ਹੈ, ਨਾਮ ਦੇ ਪਿਆਰ ਵਿਚ ਆ ਕੇ, ਜਦੋਂ ਤੂੰ ਨਾਮ ਜਪੇਂਗਾ, ਪ੍ਰਭੂ ਦੇ ਪਿਆਰ ਵਿਚ ਆ ਕੇ ਫੇਰ ਉਹ ਮੈਲ ਧੋਤੀ ਜਾਂਣੀ ਹੈ। ਸੋ ਇਹ ਜੋ ਬਾਣੀ ਹੈ ਸਾਰੇ ਸੰਕਟਾਂ ਦਾ ਨਾਸ ਕਰਦੀ ਹੈ। ਸਾਰੀਆਂ ਕਾਮਨਾ ਪੂਰੀਆਂ ਕਰਦੀ ਹੈ, ਜੰਮਣ ਮਰਨ ਦੀ ਚਿੰਤਾ, ਇਹਦਾ ਖਾਤਮਾ ਕਰਦੀ ਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਬਾਣੀ ਧੁਰ ਦਰਗਾਹੋਂ ਆਈ,*
*ਦੁਖੜੇ ਦੂਰ ਕਰਦੀ।*

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*

*ਅੰਗ - 628*

ਸਾਰੀਆਂ ਚਿੰਤਾਂ, ਸਾਰਿਆਂ ਦੁੱਖਾਂ ਦਾ ਖਾਤਮਾ ਕਰਦੀ ਹੈ, ਸਾਰੇ ਕਲੇਸ਼ਾਂ ਦਾ ਖਾਤਮਾ ਕਰਦੀ ਹੈ ਕਿਉਂਕਿ ਧੁਰ ਦੀ ਬਾਣੀ ਹੈ। ਆਪ ਨਿਰੰਕਾਰ ਦੇ ਦੇਸ ਤੋਂ ਆਈ ਹੈ।

ਬਹੁਤ ਸਾਰੇ ਪ੍ਰੇਮੀਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਧੁਰ ਦਰਗਾਹ ਤੋਂ ਆ ਗਈ। ਸਾਧਸੰਗਤ ਜੀ! ਪਹਿਲਾਂ ਮਹਾਰਾਜ ਫੁਰਮਾਨ ਕਰਦੇ ਨੇ ਭਾਈ ਗੁਰਦਾਸ ਜੀ ਖੋਲ੍ਹ ਕੇ ਦਸਦੇ ਉਸਨੂੰ ਕਿ -

*ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਜਦੋਂ ਨਿਰੰਕਾਰ ਜੀ ਨੇ ਸ੍ਰਿਸ਼ਟੀ ਨੂੰ ਸਾਜਣਾ ਸੀ, ਉਸ ਵੇਲੇ ਆਪ ਦਾ ਨਾਮ ਜਿਹੜਾ ਸੀ ਉਹ ਏਕੰਕਾਰ ਪਿਆ।

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਏਕੰਕਾਰ ਤੋਂ ਸ਼ਬਦ ਧੁਨ ਹੋਈ, ਉਹ ਜੋ ਸ਼ਬਦ ਧੁਨ ਹੈ ਉਸ ਸ਼ਬਦ

ਨੇ ਹੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਦਿੱਤਾ। ਉਹਦੇ ਨਾਲ ਹੀ ਉਤਪਤੀ ਹੁੰਦੀ ਹੈ, ਉਹਦੇ ਨਾਲ ਹੀ ਪਰਲੋ ਹੁੰਦੀ ਹੈ।

***ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥***
***ਅੰਗ - 929***

ਸਾਰੀਆਂ ਚੀਜ਼ਾਂ ਓਅੰਕਾਰ ਨਾਲ ਹੋਈਆਂ ਤੇ ਓਅੰਕਾਰ ਨੇ ਬੇਅੰਤ ਰੂਪ ਧਾਰਨ ਕਰੇ। ਇੱਕ ਸ਼ੁੱਧ ਰੂਪ ਜਿਹੜਾ ਹੈ ਓਅੰਕਾਰ ਦਾ, ਜਿਹੜੇ ਸਾਡੇ ਸਰੂਪ ਨੇ ਇਹ ਅਸ਼ੁੱਧ ਬਣ ਗਏ ਕਿਉਂਕਿ ਇਹਦੇ 'ਚ ਪ੍ਰਾਕ੍ਰਿਤੀ ਦੇ ਤਿੰਨ ਗੁਣ ਰਲ ਗਏ, ਰਜੋ ਗੁਣ, ਤਮੋ ਗੁਣ, ਸਤੋ ਗੁਣ; ਸਤੋ ਗੁਣ ਤੋਂ ਉਤੇ ਹੈ ਤੁਰੀਆ ਅਤੀਤ। ਤ੍ਰਿਗੁਣ ਅਤੀਤ ਕਹਿੰਦੇ ਨੇ ਇਸਨੂੰ। ਉਹ ਤ੍ਰਿਗੁਣ ਅਤੀਤ ਜਿਹੜੀ ਅਵਸਥਾ ਹੈ ਉਹ ਤਾਂ ਸ਼ੁੱਧ ਹੈ, ਜਿਹੜੀ ਤਿੰਨ ਗੁਣੀ ਮਾਇਆ ਦੇ ਨਾਲ ਰਲ ਕੇ ਹੈ ਉਹ ਅਸ਼ੁੱਧ ਹੋ ਗਈ। ਇਹ ਜਿਹੜੀ ਬਾਣੀ ਹੈ ਓਅੰਕਾਰ 'ਚੋਂ ਆਈ ਹੋਈ -

***ਪ੍ਰਿਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ***

ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਪਹਿਲਾ ਸ਼ਬਦ ਨਿਰੰਕਾਰ ਨੇ ਦਸਿਆ ਤਾਂ ਜਾ ਨਹੀਂ ਸਕਦਾ ਕਿ ਕਿਸ ਤਰ੍ਹਾਂ ਦੀ ਧੁਨ ਹੈ, ਲੇਕਿਨ ਓਅੰਕਾਰ ਦੇ ਨਾਲ ਰਲਦਾ ਮਿਲਦਾ ਹੈ। ਉਹ ਧੁਨ ਸਾਰੇ ਸੰਸਾਰ ਦੇ ਅੰਦਰ ਪੂਰਨ ਹੋਈ-ਹੋਈ ਹੈ। ਜਦੋਂ ਸੁਰਤੀ ਉਸ ਧੁਨ ਦੇ ਅੰਦਰ ਜੁੜ ਜਾਂਦੀ ਹੈ। ਉਸ ਵੇਲੇ ਨਿਰੰਕਾਰ ਦੇ ਨਾਲ ਸੁਰਤੀ ਜ਼ਿਆਦਾ ਜੁੜਦੀ ਹੈ। ਨਿਰੰਕਾਰ ਤੋਂ ਫੇਰ ਜਿਹੜੀ ਬਾਣੀ ਆਉਂਦੀ ਹੈ, ਉਹ ਫੇਰ ਅੱਖਰਾਂ ਦੇ ਵਿਚ ਆ ਕੇ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਹੈ ਬਿਲਕੁਲ ਸ਼ੁੱਧ ਸਰੂਪ ਹੈ ਬਾਣੀ ਦਾ, ਨਿਰੰਕਾਰ ਦਾ ਆਪਣਾ ਹੀ ਪ੍ਰਗਟਾਵਾ ਹੈ, ਵਾਹਿਗੁਰੂ ਜੀ ਆਪ ਹੀ ਅੱਖਰਾਂ ਦੇ ਵਿਚ ਪ੍ਰਗਟ ਹੋ ਕੇ ਬੋਲ ਰਹੇ ਨੇ। ਸੋ ਜਦੋਂ ਅਸੀਂ ਇਹਨੂੰ ਪੜ੍ਹਦੇ ਹਾਂ -

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***
***ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥***
***ਅੰਗ - 628***

ਕਹਿੰਦੇ ਸੱਚੀ ਗੱਲ ਅਸੀਂ ਤੁਹਾਨੂੰ ਦਸਦੇ ਹਾਂ ਸੋ ਮਹਾਰਾਜ ਕਹਿਣ ਲੱਗੇ ਭਾਈ! ਇਸ ਤਰ੍ਹਾਂ ਤੂੰ ਬਾਣੀ ਨੂੰ ਪਿਆਰ ਦੇ ਨਾਲ ਸਮਝੀਂ, ਮੰਨੀ ਤੇ ਫੇਰ ਉਹਨੂੰ ਜੀਵਨ ਦੇ ਅੰਦਰ ਕਮਾਈਂ। ਕਮਾਉਣ ਦੇ ਨਾਲ ਤੈਨੂੰ ਫੇਰ ਮੁਕਤੀ ਪ੍ਰਾਪਤ ਹੋਏਗੀ।

ਅਗਲਾ ਜੋ ਕਰਮ ਹੈ ਉਹ ਅਸੀਂ ਤੈਨੂੰ ਦਸਦੇ ਹਾਂ ਕਿ ਸੰਸਾਰ ਦੇ ਅੰਦਰ ਚੰਦ ਦਿਨ ਰਹਿਣਾ ਹੈ। ਇੱਥੇ ਦੋ ਤਰ੍ਹਾਂ ਦੇ ਬੰਦੇ ਨੇ। ਚਾਰ ਤਰ੍ਹਾਂ ਦੇ ਵੈਸੇ ਲਿਖਿਆ ਹੈ, ਇੱਕ ਤਾਂ ਪਾਮਰ ਨੇ, ਇੱਕ ਵਿਸ਼ਈ ਨੇ ਜਿਨ੍ਹਾਂ ਨੂੰ ਭੋਗੀ ਕਹਿੰਦੇ ਨੇ, ਇੱਕ ਜਗਿਆਸੂ ਨੇ ਤੇ ਇੱਕ ਮੁਕਤ ਆਤਮਾਵਾਂ ਨੇ। ਜਿਹੜੇ ਤਾਂ ਪਾਮਰ ਨੇ ਉਹ ਤਾਂ ਪ੍ਰਮੇਸ਼ਰ ਵਲ ਲਗਦੇ ਹੀ ਨਹੀਂ। ਉਨ੍ਹਾਂ ਨੂੰ ਤਾਂ ਸੋਝੀ ਹੀ ਨਹੀਂ ਹੈ, ਪਸ਼ੂਆਂ ਨਾਲੋਂ ਥੋੜ੍ਹੀ ਜਿਹੀ ਬਿਰਤੀ ਉੱਚੀ

ਹੁੰਦੀ ਹੈ ਲੇਕਿਨ ਪ੍ਰਮੇਸ਼ਰ ਦੀ ਬਿਰਤੀ ਨਹੀਂ ਉਨ੍ਹਾਂ 'ਚ ਹੁੰਦੀ, ਦੁਨੀਆਂ ਦੀ ਹੋਏਗੀ। ਉਹ ਤਾਂ ਏਸ ਰਸਤੇ ਆਉਂਦੇ ਹੀ ਨਹੀਂ।। ਦੂਸਰੇ ਹੁੰਦੇ ਨੇ ਵਾਸ਼ਨਾਵਾਂ ਦੇ ਬੰਨ੍ਹੇ ਹੋਏ ਬੰਦੇ, ਮੇਰਾ ਆਹ ਹੋ ਜਾਏ, ਮੇਰਾ ਔਹ ਹੋ ਜਾਏ।ਭੋਗਾਂ ਨੂੰ ਲੋਚਦੇ ਨੇ ਹਰ ਵਕਤ, ਜਿਹੜੇ ਭੋਗੀ ਨੇ ਉਹ ਪਹਿਲਿਆਂ ਨਾਲੋਂ ਚੰਗੇ ਨੇ ਲੇਕਿਨ ਉਹ ਵੀ ਕੌਡੀਆਂ ਖਰੀਦਦੇ ਨੇ। ਵੱਡੇ ਸ਼ਾਹ ਦੀ ਦੁਕਾਨ ਤੇ ਆ ਕੇ ਜਿੱਥੇ ਲੱਪ ਭਰ-ਭਰ ਕੇ ਮੋਤੀ ਦਿੰਦਾ ਹੈ, ਉਥੇ ਕੌਡੀਆਂ ਦੀ ਮੰਗ ਕਰਦੇ ਨੇ ਕਿ ਸਾਨੂੰ ਕੌਡੀਆਂ ਦੇ ਦਿਓ ਕਿਉਂਕਿ ਸੋਝੀ ਨਹੀਂ ਉਨ੍ਹਾਂ ਨੂੰ। ਕਿਉਂਕਿ ਵਿਸ਼ਈ ਤੇ ਭੋਗੀ ਬੰਦੇ ਨੇ। ਤੀਸਰੇ ਹੈਗੇ ਜਗਿਆਸੂ, ਜਿਨ੍ਹਾਂ ਦੇ ਅੰਦਰ ਲਗਨ ਲਗ ਜਾਂਦੀ ਹੈ। ਜਗਿਆਸਾ ਆ ਜਾਂਦੀ ਹੈ, ਫੇਰ ਉਹ ਭਜਨ ਕਰਦੇ ਨੇ। ਗੁਰੂ ਵਾਲੇ ਬਣਦੇ ਨੇ, ਨਾਮ ਜਪਦੇ ਨੇ, ਸਤਿਸੰਗ 'ਚ ਆਉਂਦੇ ਨੇ ਤੇ ਫੇਰ ਕਮਾਈ ਕਰਦੇ ਨੇ। ਚੌਥੇ ਮਹਾਰਾਜ ਕਹਿੰਦੇ ਹੁੰਦੇ ਨੇ ਮੁਕਤ ਆਤਮਾਵਾਂ, ਸੋ ਇਵੇਂ ਜਿਵੇਂ ਇਨ੍ਹਾਂ ਦੇ ਜੀਵਨ ਵਖਰੇ-ਵਖਰੇ ਨੇ। ਇਸੇ ਤਰ੍ਹਾਂ ਕਈ ਸਿਆਣਿਆਂ ਨੇ, ਸਵਾਮੀ ਰਾਮ ਤੀਰਥ ਕੁਝ ਥਾਂ ਦਸਿਆ ਅਮਰੀਕਾ ਦੇ ਅੰਦਰ ਕਿ ਚਾਰ ਕਿਸਮ ਦੇ ਬੰਦੇ ਨੇ। ਇੱਕ ਤਾਂ ਬੰਦੇ ਹੈਗੇ mattal type (ਧਾਤਾਂ ਵਰਗੇ), ਧਾਤਾਂ ਨੇ ਜਿਹੜੀਆਂ ਇਨ੍ਹਾ ਦਾ ਪ੍ਰਮਾਣੂ ਐਨਾ ਠੋਸ ਹੁੰਦਾ ਹੈ, ਬਹੁਤ ਨੇੜੇ ਘੁੰਮਦਾ ਹੈ, ਦੂਸਰੇ ਨੇ vegetabe type, ਨੇੜੇ-ਨੇੜੇ ਵੇਲ ਚੜ੍ਹ ਜਾਂਦੀ ਹੈ, ਦੂਰ ਨਹੀਂ ਬਹੁਤੀ ਜਾਂਦੀ, ਛੋਟਾ ਜਿਹਾ ਚੌਗਿਰਦਾ ਹੁੰਦਾ ਹੈ। ਤੀਸਰੇ animal type ਨੇ, ਐਸੇ ਬੰਦੇ ਆਪਣੀ ਜਾਤ ਨੂੰ, ਆਪਣੀ ਗੋਤ ਨੂੰ, ਆਪਣੇ ਧਰਮ ਨੂੰ, ਇਹਨੂੰ ਤਾਂ ਚੰਗਾ ਕਹਿਣਗੇ ਬਾਕੀ ਸਭ ਨੂੰ ਮਾੜਾ ਕਹਿਣਗੇ, ਉਹ ਵੀ ਪਸ਼ੂਆਂ ਵਰਗੇ ਹੁੰਦੇ ਨੇ, ਮੱਝਾਂ ਮੱਝਾਂ ਨੂੰ ਪਸੰਦ ਕਰਦੀਆਂ, ਗਾਵਾਂ ਗਾਵਾਂ ਨੂੰ, ਭੇਡਾਂ, ਭੇਡਾਂ ਨੂੰ; ਬੱਕਰੀਆਂ, ਬੱਕਰੀਆਂ ਨੂੰ; ਬੱਕਰੀ ਨੂੰ ਮੱਝਾਂ 'ਚ ਲਿਆ ਕੇ ਬੰਨ੍ਹ ਦਿਓ ਉਹਦਾ ਜੀਅ ਹੀ ਨਹੀਂ ਲਗਦਾ। ਬੱਕਰੀਆਂ 'ਚ ਲੱਗੇਗਾ। ਕਹਿੰਦੇ ਇਹ ਸਾਰੇ animal type ਬੰਦੇ ਹੁੰਦੇ ਨੇ। ਚੌਥੇ ਹੁੰਦੇ moon type, ਚੰਦਰਮਾ ਜਿਵੇਂ ਧਰਤੀ ਦੇ ਦੁਆਲੇ ਘੁੰਮਦਾ ਹੈ, ਉਹ ਇਸ ਤਰ੍ਹਾਂ ਦੁਨੀਆਂ ਦਾ ਭਲਾ ਲੋਚਦੇ ਨੇ। ਉਹਦੇ ਵਿਚ ਦੋ ਕੈਟਾਗਿਰੀਆਂ ਹੁੰਦੀਆਂ ਨੇ ਇੱਕ ਤਾਂ ਦੇਸ਼ ਭਗਤ ਹੁੰਦੇ ਨੇ, ਜਿਹੜਾ ਦੇਸ਼ ਭਗਤ ਹੈ ਉਹ ਆਪਣੇ ਦੇਸ਼ ਦਾ ਤਾਂ ਭਲਾ ਲੋਚਦਾ ਹੈ, ਦੂਜੇ ਦੇਸ਼ ਦਾ ਭਲਾ ਨਹੀਂ ਲੋਚਦਾ। ਇੱਕ ਹੁੰਦੇ ਨੇ ਇਸ ਤੋਂ ਵੀ ਉਪਰ ਉਹ ਸਾਰੀ ਸ੍ਰਿਸ਼ਟੀ ਦਾ ਭਲਾ ਲੋਚਦੇ ਨੇ। ਮਹਾਰਾਜ ਕਹਿੰਦੇ, ਦੋ ਕਿਸਮ ਦੇ ਵਿਚ ਵੰਡੇ ਜਾਂਦੇ ਨੇ, ਇੱਕ ਤਾਂ ਉਹ ਨੇ ਜਿਹੜੇ ਆਪਣੇ ਵਾਸਤੇ ਜੀਉਂਦੇ ਨੇ, ਦੂਸਰਾ ਚਾਹੇ ਉਨ੍ਹਾਂ ਕੋਲ ਮਰੀ ਜਾਵੇ ਉਨ੍ਹਾਂ ਨੇ ਧਿਆਨ ਨਹੀਂ ਦੇਣਾ। ਦੂਸਰੀ ਕੈਟਾਗਿਰੀ ਉਹ ਹੈ ਜਿਹੜੀ ਪ੍ਰਮੇਸ਼ਰ ਨੂੰ ਭਾਉਂਦੀ ਹੈ ਉਹ, ਉਹ ਨੇ ਜਿਹੜੇ ਆਪਣੇ ਵਾਸਤੇ ਜੀਉਂਦੇ ਨੇ ਲੇਕਿਨ ਬਹੁਤਾ ਦੂਸਰੇ ਵਾਸਤੇ ਜੀਉਂਦੇ ਨੇ। ਦੂਸਰੇ ਦਾ ਕੰਮ ਕਰਦੇ ਨੇ, ਦੂਸਰੇ ਦੀ ਸੇਵਾ ਕਰਦੇ ਨੇ, ਦੂਸਰੇ ਨੂੰ ਸੁੱਖ ਦੇਣ ਵਾਸਤੇ ਜੀਉਂਦੇ ਨੇ। ਇਹਦੇ ਵਾਸਤੇ ਭਾਈ ਪਰਉਪਕਾਰ ਕਰਨਾ ਪੈਂਦਾ ਹੈ। ਜਿਹੜਾ ਪਰਉਪਕਾਰੀ ਹੈ, ਬੰਦਗੀ ਕਰਦਾ ਹੈ -

*ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥* *ਅੰਗ - 263*
*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* *ਅੰਗ - 273*

ਜਦੋਂ ਬ੍ਰਹਮਗਿਆਨ ਪ੍ਰਾਪਤ ਹੁੰਦਾ ਹੈ, ਫੇਰ ਉਹਦੇ ਅੰਦਰ ਪਰਉਪਕਾਰ ਚਸ਼ਮਾ ਚਲਦਾ ਹੈ। ਮਹਾਰਾਜ ਕਹਿੰਦੇ, ਸੇਵਾ ਕਰਕੇ ਪ੍ਰਭੂ ਦੀ ਸੇਵਾ ਕਰੀਂ। ਵਾਹਿਗੁਰੂ ਦੀ ਸੇਵਾ, ਗੁਰੂ ਦੀ ਸੇਵਾ; ਬੇਅੰਤ ਕਿਸਮ ਦੀ ਸੇਵਾ ਹੈ। ਵਾਹਿਗੁਰੂ ਦੀ ਸੇਵਾ ਉਹ ਕਰਦਾ ਹੈ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਪ੍ਰਮੇਸ਼ਰ ਦਾ ਰੂਪ ਜਾਣਦਾ ਹੈ ਤੇ ਇੱਥੇ ਕੋਹਝ ਨਹੀਂ ਪੈਣ ਦੇਣੀ ਚਾਹੁੰਦਾ। ਉਹ ਇਹ ਚਾਹੁੰਦਾ ਹੈ ਕਿ ਦੁਨੀਆਂ ਸੁਖੀ ਰਹੇ। ਸ਼ਾਂਤੀ ਵਿਚ ਰਹਿਣ, ਜਿਸ ਕੰਮ ਨੂੰ ਕਰਨ ਆਏ ਹਨ ਉਸ ਕੰਮ ਦੀ ਇਨ੍ਹਾਂ ਨੂੰ ਸੋਝੀ ਹੋਵੇ। ਸੋ ਮਹਾਰਾਜ ਕਹਿੰਦੇ, ਇਹ ਸੇਵਾ ਭਾਈ ਤੂੰ ਕਰੇਂਗਾ ਤਾਂ ਦਰਗਾਹ ਵਿੱਚ ਜਾ ਕੇ ਤੈਨੂੰ ਮਾਣ ਦੀ ਪ੍ਰਾਪਤੀ ਹੋਵੇਗੀ।

*ਧਾਰਨਾ - ਦਰਗਹ ਮਾਣ ਪਾਵੇਂਗਾ,*
*ਪ੍ਰਭੂ ਜੀ ਦੀ ਸੇਵਾ ਕਰਕੇ।*

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ - 26*

ਕਹਿੰਦੇ ਦੇਖ ਪ੍ਰੇਮੀਆਂ! ਸੇਵਾ ਕਰੀਂ ਪ੍ਰਭੂ ਦੀ -

*ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ*
*ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥* *ਅੰਗ - 861*

*ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥*
*ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥*
*ਅੰਗ - 509*

ਪ੍ਰਭੂ ਦਾ ਰੂਪ ਜਾਣ ਕੇ ਸਭ ਦੀ ਸੇਵਾ ਕਰ। ਫੇਰ ਦਰਗਾਹ 'ਚ ਮਾਣ ਪਾਏਂਗਾ।

ਮਹਾਤਮਾ ਬੁੱਧ ਜੀ ਨੂੰ ਜਦੋਂ ਪ੍ਰਾਪਤੀ ਹੋ ਗਈ ਆਪ ਨੂੰ, ਤੇ ਬਹੁਤ ਦੁਨੀਆਂ 'ਚ ਮਸ਼ਹੂਰ ਹੋ ਗਏ। ਉਸ ਵੇਲੇ ਜਦੋਂ ਸ਼ਹਿਰ ਦੇ ਵਿਚੋਂ ਲੰਘਿਆ ਕਰਦੇ ਸੀ। ਤਾਂ ਰਸਤੇ ਦੇ ਵਿਚ ਇੱਕ ਵੇਸਵਾ ਰਹਿੰਦੀ ਸੀ ਬੜੀ ਚੰਚਲ ਬਿਰਤੀ ਦੀ ਸੀ। ਸਾਧੂ ਮਹਾਂਪੁਰਸ਼ਾਂ ਦੇ ਉਤੇ ਵੀ ਕਟਾਕਸ਼ ਕਰਦੀ ਰਹਿੰਦੀ ਸੀ। ਜਦੋਂ ਮਹਾਤਮਾ ਕੋਲ ਦੀ ਲੰਘੇ, ਸਾਮ੍ਹਣੇ ਆਈ ਕਹਿਣ ਲੱਗੀ, ਮਹਾਂਪੁਰਸ਼ੋ! ਸਾਡੇ ਘਰ ਵੀ ਤੁਸੀਂ ਚਰਨ ਪਾ ਦਿਆ ਕਰੋ। ਦੁਨੀਆਂ ਆਉਂਦੀ ਹੈ ਤੁਸੀਂ ਵੀ ਆ ਜਾਓ, ਮਹਾਤਮਾ ਜੀ ਕਹਿਣ ਲੱਗੇ, ਬੀਬੀ! ਆਵਾਂਗਾ, ਅਜੇ ਸਮਾਂ ਨਹੀਂ ਆਇਆ। ਜਦੋਂ ਸਮਾਂ ਆਇਆ ਉਸ ਦਿਨ ਮੈਂ ਤੇਰੇ ਕੋਲ ਜ਼ਰੂਰ ਆਵਾਂਗਾ। ਦਸ-ਪੰਦਰਾਂ ਵਾਰੀ ਕਿਹਾ, ਵੀਹ ਵਾਰੀ ਕਿਹਾ, ਜਦੋਂ ਜਾਣ ਇੱਕੋ ਹੀ ਗੱਲ ਕਹੇ। ਸਮਾਂ ਬੀਤਦਾ ਗਿਆ। ਅਖੀਰ ਉਹ ਜੋ ਵੇਸਵਾ ਸੀ ਆਪਣੇ ਪਾਪ ਕਰਮਾਂ ਦੇ ਸਕਦੇ ਉਹਨੂੰ ਕੋਹੜ ਹੋ ਗਿਆ। ਸੁੰਦਰਤਾ ਉਹਦੀ ਖਤਮ ਹੋ ਗਈ, ਦੁੱਖਾਂ 'ਚ ਪੈ ਗਈ, ਕੋਈ

ਸਾਥੀ ਨਾ ਰਿਹਾ, ਇਕੱਲੀ ਨੂੰ ਬਾਹਰ ਕੱਢ ਦਿੱਤਾ, ਗੰਦੇ ਥਾਉਂ ਰੂੜੀਆਂ ਦੇ ਉਤੇ ਚੁੱਕ ਕੇ ਸੁੱਟ ਦਿਤੀ, ਕੋਈ ਨੇੜੇ ਨਾ ਜਾਵੇ ਉਹਦੇ, ਜਿਹੜੇ ਜਾਂਦੇ ਸੀ ਨੱਕ ਬੰਦ ਕਰਕੇ ਲੰਘ ਜਾਣ ਕਿ ਆਹ ਦੇਖੋ ਪਾਪ ਕਰਮ ਦਾ ਫਲ ਭੋਗ ਰਹੀ ਹੈ। ਹੁਣ ਮਹਾਤਮਾ ਦਾ ਤੇ ਦੁਨੀਆਂ ਦਾ ਤਾਂ ਹੋਰ ਤਰ੍ਹਾਂ ਦਾ ਖਿਆਲ ਹੁੰਦਾ ਹੈ। ਦੁਨੀਆਂ ਔਗੁਣ ਦੇਖਦੀ ਹੈ ਤੇ ਖੁਸ਼ ਹੁੰਦੀ ਹੈ ਕਿ ਇਹਨੂੰ ਬਦਲਾ ਮਿਲ ਗਿਆ। ਲੇਕਿਨ ਜਿਹੜੇ ਮਹਾਤਮਾ ਨੇ ਉਨ੍ਹਾਂ ਦੇ ਬਾਰੇ ਤਾਂ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ –

***ਧਾਰਨਾ – ਔਗੁਣ ਸਭ ਮਿਟਾਇਕੇ, ਪਿਆਰੇ ਪਰਉਪਕਾਰ ਕਰੇ।***

ਮਹਾਂਪੁਰਸ਼ਾਂ ਦਾ ਖਿਆਲ ਸੰਸਾਰ ਨਾਲੋਂ ਵੱਖਰਾ ਹੁੰਦਾ ਹੈ, ਗੁਰੂ ਅਰਜਨ ਸਾਹਿਬ ਮਹਾਰਾਜ ਲਾਹੌਰ ਸ਼ਹਿਰ ਦੇ ਅੰਦਰ ਬਿਮਾਰੀ ਫੈਲ ਗਈ, ਪਲੇਗ ਫੈਲ ਗਈ, ਕੋਈ ਮੁਰਦਿਆਂ ਨੂੰ ਚੁੱਕਣ ਵਾਲਾ ਨਾ ਰਿਹਾ। ਗੁਰੂ ਮਹਾਰਾਜ ਨੇ ਜਾ ਕੇ ਉਥੇ ਹੀ ਲਾਹੌਰ ਦੇ ਅੰਦਰ ਨਿਵਾਸ ਕਰ ਲਿਆ। ਜਿੰਨਾਂ ਚਿਰ ਬਿਮਾਰੀ ਰਹੀ ਦੇਖਿਆ ਨਹੀਂ ਕਿ ਇਸਲਾਮ ਵਾਲਾ ਹੈ, ਇਸਲਾਮ ਵਾਲਾ ਮਰ ਗਿਆ ਚੁੱਕ ਕੇ ਕਬਰ ਖੋਦ ਦੇਣੀ ਹੈ, ਹਿੰਦੂ ਮਰ ਗਿਆ ਉਸ ਦਾ ਸਸਕਾਰ ਕਰਨਾ ਹੈ। ਧਰਮ ਨਹੀਂ ਦੇਖਿਆ ਉਸ ਵੇਲੇ ਪਰਉਪਕਾਰ ਕਰਨ ਵਾਸਤੇ ਕਿਸੇ ਦਾ ਔਗੁਣ ਨਹੀਂ ਵਿਚਾਰਿਆ। ਗੁਰੂ ਨੌਵੇਂ ਪਾਤਸ਼ਾਹ ਨੇ ਕਿਸੇ ਦਾ ਔਗੁਣ ਨਹੀਂ ਵਿਚਾਰਿਆ। ਉਨ੍ਹਾਂ ਦੇ ਵਿਚ ਓਹ ਵੀ ਤਾਂ ਸੀਗੇ ਜਿਨ੍ਹਾਂ ਨੂੰ ਗੁਰੂ ਅਰਜਨ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ ਹੈ ਤੇ ਉਨ੍ਹਾਂ ਪੁਕਾਰ ਕਰੀ ਕਿ ਮਹਾਰਾਜ ਜੰਞੂ ਦੀ ਤੇ ਤਿਲਕ ਦੀ ਲਾਜ ਰੱਖ ਲਓ। ਇਹ ਖਤਮ ਹੋ ਜਾਏਗਾ–

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।*** ***ਬਚਿਤ੍ਰ ਨਾਟਕ***

ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ ਗੁਰੂ ਮਹਾਰਾਜ ਨੇ ਤਿਲਕ ਤੇ ਜੰਞੂ ਦੀ ਰਾਖੀ ਕਰਨ ਵਾਸਤੇ ਆਪਣਾ ਬਲੀਦਾਨ ਦੇ ਦਿਤਾ। ਹਾਲਾਂਕਿ ਕਿ ਆਪ ਜੰਞੂ ਨੂੰ ਕਹਿੰਦੇ ਸੀ –

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥***

***ਅੰਗ – 471***

ਏਸ ਧਾਗੇ ਨੂੰ, ਜੰਞੂ ਨੂੰ ਪ੍ਰਵਾਨ ਨਹੀਂ ਸੀ ਕਰਿਆ ਮਹਾਰਾਜ ਨੇ, ਕਹਿੰਦੇ ਇਹ ਤਾਂ ਜਲ ਜਾਂਦਾ ਹੈ, ਦਰਗਾਹ 'ਚ ਨਾਲ ਨਹੀਂ ਜਾਂਦਾ, ਉਥੇ ਫੇਰ ਜੀਵ ਜਿਹੜਾ ਹੈ ਬਿਨਾਂ ਜੰਞੂ ਜਾਏਗਾ, ਉਥੇ ਨਾਲ ਕਿਵੇਂ ਲੈ ਜਾਵਾਂਗੇ ਜੰਞੂ ਨੂੰ। ਅੰਦਰਲੇ ਗੁਣ ਮਹਾਰਾਜ ਕਹਿੰਦੇ ਸੀ ਕਿ ਐਨੇ ਉੱਚੇ ਹੋਣੇ ਚਾਹੀਦੇ ਨੇ, ਉਨ੍ਹਾਂ ਨੂੰ ਪ੍ਰਤੀਕ ਬਣਾ ਕੇ ਤਾਂ ਪਾ ਲਓ ਲੇਕਿਨ ਅੰਦਰ ਥੋਥਾ ਹੈ ਤਾਂ ਪਾਇਆ ਹੋਇਆ ਬੋਝ ਹੀ ਹੈ ਤੁਹਾਡੇ ਗਲ 'ਚ। ਲੇਕਿਨ ਜਦੋਂ ਜ਼ਬਰਦਸਤੀ ਲਾਉਣ ਲੱਗੇ, ਉਸ ਵੇਲੇ ਪੁਕਾਰ ਸੁਣੀ ਉਨ੍ਹਾਂ ਦੀ ਹੀ, ਕਹਿੰਦੇ ਠੀਕ ਹੈ। ਬਲੀਦਾਨ ਦੇ ਦਿੱਤਾ ਉਸ ਦੀ ਰਾਖੀ ਕਰਨ ਵਾਸਤੇ। ਪਰਉਪਕਾਰ ਸੀ ਔਗੁਣ ਨਹੀਂ ਕੋਈ ਵੀ ਵਿਚਾਰਿਆ। ਸੋ ਏਸੇ ਤਰ੍ਹਾਂ ਮਹਾਰਾਜ ਫੁਰਮਾਨ

ਕਰਦੇ ਨੇ ਕਿ –

*ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥*
*ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥*

*ਅੰਗ – 218*

ਮੇਰੇ ਸਾਰੇ ਔਗੁਣ ਜਿਹੜਾ ਕੱਢ ਦੇਵੇ ਤੇ ਪਰਉਪਕਾਰ ਕਰੇ, ਮੈਨੂੰ ਨਾ ਦੇਖੇ ਕਿ ਮੈਂ ਕਿਹੋ ਜਿਹਾ ਹਾਂ।

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*

*ਭਾਈ ਗੁਰਦਾਸ ਜੀ, ਵਾਰ 36/21*

ਐਨੇ ਔਗੁਣ ਮਿਟਾ ਕੇ ਜਿਹੜਾ ਮੈਨੂੰ 'ਨਾਮ' ਦੇ ਦੇਵੇ ਕਹਿੰਦੇ ਉਹ ਮਿੱਤਰ ਹੈ, ਸਾਜਨ ਹੈ। ਉਹ ਕੌਣ ਹੈ? ਉਹ ਗੁਰੂ ਹੈ। ਸੋ ਪਰਉਪਕਾਰ ਦੀ ਜ਼ਿੰਦਗੀ ਜਦੋਂ ਤੋਂ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਆਏ ਨੇ ਆਪ ਪਰਉਪਕਾਰ ਕਰਦੇ ਨੇ। ਆਪ ਜਾਣਦੇ ਸੀ ਕਿ ਦੀਪਾਲਪੁਰ ਦੇ ਅੰਦਰ ਇੱਕ ਕੋਹੜੀ ਦੀ ਆਤਮਾ ਕੁਰਲਾ ਰਹੀ ਹੈ। ਉਸ ਕੋਹੜੀ ਨੇ ਐਨੇ ਪਾਪ ਕੀਤੇ ਨੇ –

*ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥*

*ਅੰਗ – 1256*

ਰੋਗ ਆਉਂਦਾ ਹੀ ਤਾਂ ਹੈ ਸਾਧਸੰਗਤ ਜੀ ਜੇ ਪ੍ਰਮੇਸ਼ਰ ਨੂੰ ਭੁੱਲਦਾ ਹੈ। ਮਾੜੇ ਤੋਂ ਮਾੜੇ ਕੰਮ ਕਰਨ ਦੇ ਨਾਲ ਸਰੀਰ ਕੋਹੜੀ ਹੋ ਜਾਇਆ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਉਸ ਸ਼ਹਿਰ 'ਚ ਆ ਜਾਂਦੇ ਨੇ। ਮਰਦਾਨਾ ਥਾਂ ਸੰਵਾਰਦਾ ਹੈ ਬੈਠਣ ਵਾਸਤੇ ਕਿ ਰਾਤ ਕੱਟ ਲਵਾਂਗੇ। ਜਦੋਂ ਝਾੜੂ ਦੇ ਚੁਕਦਾ ਹੈ, ਦੇਖਦੇ ਨੇ ਕਿ ਸਾਡੇ ਘਰ ਦੇ ਨੇੜੇ ਹੀ ਝਾੜੂ ਦਿੱਤਾ ਜਾ ਰਿਹਾ ਹੈ। ਜਦੋਂ ਖੋਲ੍ਹ ਕੇ ਵਿਛਾਉਣ ਲਗਦਾ ਹੈ ਮਹਾਰਾਜ ਦਾ ਆਸਣ, ਓਦੋਂ ਹੀ ਆ ਜਾਂਦੇ ਨੇ ਕਹਿੰਦੇ ਇਥੇ ਨਹੀਂ ਬੈਠਣਾ ਅੱਗੇ ਚੱਲੋ। ਕਰਦੇ-ਕਰਦੇ ਮਹਾਰਾਜ ਨੂੰ ਨੌਂ-ਦਸ ਵਜ ਗਏ ਰਾਤ ਦੇ। ਸਾਰੇ ਪਿੰਡ ਦੇ ਦੁਆਲੇ ਆਪ ਘੁੰਮੇ, ਕਿਸੇ ਨੇ ਬੈਠਣ ਨੂੰ ਥਾਂ ਨਾ ਦਿੱਤਾ, ਅਖੀਰ ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਓ! ਤੁਸੀਂ ਸਾਨੂੰ ਉਠਾਈ ਤਾਂ ਜਾਂਦੇ ਓਂ, ਕੋਈ ਪਿੰਡ ਤਾਂ ਵਸਦਾ ਹੈ, ਸ਼ਹਿਰ ਵਸਦਾ ਹੈ ਜਿੱਥੇ ਸੁਘੜ ਬੰਦੇ ਰਹਿੰਦੇ ਹੋਣ, ਹੁਣ ਸਿਆਣੇ ਬੰਦੇ ਰਹਿੰਦੇ ਹੋਣ, ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕੋਈ ਰਾਹੀ ਆਏਗਾ, ਮੁਸਾਫਰ ਆਏਗਾ, ਮੁਸਾਫਰ ਆਏਗਾ, ਉਹਨੇ ਰਾਤ ਕੱਟਣੀ ਹੈ, ਤੁਹਾਡੇ ਸ਼ਹਿਰ ਦੇ ਅੰਦਰ ਕੋਈ ਥਾਂ ਨਹੀਂ ਐਸਾ ਜਿੱਥੇ ਕੋਈ ਆ ਕੇ ਅਭਿਆਗਤ, ਮੁਸਾਫਰ ਰਾਤ ਕੱਟ ਲੈਣ, ਸਾਧੂ ਮਹਾਂਪੁਰਸ਼ ਰਾਤ ਕੱਟ ਲੈਣ। ਕਹਿੰਦੇ ਹੈਗੀ, ਸਪੈਸ਼ਲ ਬਣਾਈ ਹੋਈ ਜਗ੍ਹਾ ਹੈ। ਸੀਸ ਮਹੱਲ ਬਣਾਇਆ

ਹੋਇਆ ਹੈ ਤੁਹਾਡੇ ਵਾਸਤੇ। ਇਹੋ ਜਿਹੇ ਵੀ ਬੰਦੇ ਮਹਾਰਾਜ ਨੂੰ ਮਿਲੇ ਨੇ। ਮਹਾਰਾਜ ਕਹਿੰਦੇ ਫੇਰ ਓਸ ਸੀਸ ਮਹੱਲ ਦੀ ਦਸ ਪਾ ਦਿਓ ਅਸੀਂ ਉਥੇ ਚਲੇ ਜਾਂਦੇ ਹਾਂ। ਕਹਿੰਦੇ ਆਹ ਡੰਡੀ ਜਾਂਦੀ ਹੈ, ਸਿੱਧੇ ਚਲੇ ਜਾਇਓ ਨੱਕ ਦੀ ਸੇਧ 'ਚ। ਉਥੇ ਬਣਿਆ ਹੋਇਆ ਹੈ ਤੁਹਾਡੇ ਵਾਸਤੇ। ਕਹਿੰਦੇ, ਚੱਲ ਮਰਦਾਨਿਆਂ! ਜੋ ਨਿਰੰਕਾਰ ਦੀ ਆਗਿਆ। ਗੁਰੂ ਮਹਾਰਾਜ ਤੁਰੇ ਜਾਂਦੇ ਨੇ, ਜਦੋਂ ਨੇੜੇ ਆਏ, ਮਰਦਾਨਾ ਕਹਿਣ ਲੱਗਿਆ, ਮਹਾਰਾਜ! ਇੱਥੇ ਤਾਂ ਕੁਛ ਗਲਿਆ-ਸੜਿਆ ਪਿਆ ਹੈ। ਕਹਿੰਦੇ, ਮਰਦਾਨਿਆਂ ਆਹੀ ਸੀਸ ਮਹੱਲ ਹੈ ਜਿਥੇ ਆਪਾਂ ਨੂੰ ਕਿਹਾ ਹੈ ਆਉਣ ਵਾਸਤੇ। ਇੱਥੇ ਇੱਕ ਕੋਹੜੀ ਹੈ, ਉਹਦੀ ਜਿਹੜੀ ਰੂਹ ਹੈ ਉਹ ਕੁਰਲਾ ਰਹੀ ਹੈ ਨਿਰੰਕਾਰ ਦੇ ਫਰਿਆਦਾਂ ਕਰਦੀ ਹੈ। ਅੱਜ ਆਪਾਂ ਨੂੰ ਨਿਰੰਕਾਰ ਨੇ ਇੱਥੇ ਹੀ ਭੇਜਿਆ ਹੈ। ਮਹਾਰਾਜ ਉਥੇ ਆਸਣ ਲਾ ਦਿੰਦੇ ਨੇ। ਮਰਦਾਨਾ ਕਹਿੰਦਾ ਪਾਤਸ਼ਾਹ! ਮੇਰਾ ਤਾਂ ਨੱਕ ਨਹੀਂ ਸਹਿ ਸਕਦਾ, ਐਨੀ ਬਦਬੂ ਆ ਰਹੀ ਹੈ, ਕਹਿੰਦੇ ਕੋਈ ਨਾ ਮਰਦਾਨਿਆਂ! ਥੋੜ੍ਹੀ ਦੇਰ ਤੋਂ ਬਾਅਦ ਬਦਬੂ ਆਉਣ ਤੋਂ ਆਪੇ ਹੀ ਹਟ ਜਾਏਗੀ। ਨੱਕ ਦੇ ਵਿੱਚ ਖਾਸੀਅਤ ਹੁੰਦੀ ਹੈ, ਬਦਬੂ ਵਾਲੇ ਥਾਂ ਕਾਫੀ ਦੇਰ ਰਹੋ, ਬਦਬੂ ਆਉਣ ਤੋਂ ਹਟ ਜਾਂਦੀ ਹੈ। ਖੁਸ਼ਬੂਆਂ 'ਚ ਰਹਿਣਾ ਸ਼ੁਰੂ ਕਰ ਦਿਓ, ਖੁਸ਼ਬੂ ਆਉਣ ਤੋਂ ਹਟ ਜਾਂਦੀ ਹੈ। ਕਹਿੰਦੇ, ਤੂੰ ਹਰੀ ਦਾ ਜੱਸ ਕਰ। ਆਪਾਂ ਸਰੀਰ 'ਚ ਹੀ ਨਹੀਂ ਰਹਿੰਦੇ, ਸਰੀਰ ਤੋਂ ਉਤੇ ਰਹਾਂਗੇ। ਫੇਰ ਬਦਬੂ ਕੌਣ ਲਏਗਾ। ਸਾਰੇ ਇੰਦਰਿਆਂ ਨੂੰ ਪ੍ਰਮੇਸ਼ਰ ਦੇ ਵਲ ਲਾ ਦੇ। ਜਦੋਂ ਹਰੀ ਦਾ ਜਸ ਕੀਤਾ ਆਪ ਨੇ, ਉਹ ਹਾਇ-ਹਾਇ ਦੀ ਆਵਾਜ਼ ਬੰਦ ਹੋ ਗਈ। ਅੱਧੀ ਰਾਤ ਹੋ ਗਈ, ਮਹਾਰਾਜ ਨੇ ਉਸ ਦਿਨ ਬਿਸਰਾਮ ਨਹੀਂ ਕੀਤਾ। ਅੰਮ੍ਰਿਤ ਵੇਲੇ ਹੋ ਆਇਆ, ਕਹਿੰਦੇ ਮਰਦਾਨਿਆਂ! ਹਲਟ ਗੇਰੀਏ ਆਪਾਂ, ਨਹਾਈਏ ਭਾਈ। ਕੁੰਡ ਹੈ ਕੋਈ? ਕਹਿੰਦੇ, ਹਾਂ ਕੁੰਡ ਹੈਗੀ। ਕਹਿੰਦੇ, ਇਹ ਵੀ ਭਲਾ ਹੈ ਕਿਸੇ ਨੇ ਕਰਿਆ ਹੋਇਆ, ਕੁੰਡ ਤਾਂ ਬਣਾ ਦਿੱਤੀ ਖੂਹ ਦੇ ਉਤੇ ਕਿ ਕੋਈ ਇਸ਼ਨਾਨ ਹੀ ਕਰ ਲਏਗਾ। ਭਾਈ ਬਾਲਾ ਤੇ ਮਰਦਾਨਾ ਹਲਟ ਗੇੜਦੇ ਨੇ। ਕੁੰਡ ਭਰ ਲਈ, ਮਹਾਰਾਜ ਨੇ ਇਸ਼ਨਾਨ ਕਰਿਆ। ਦੋਹਾਂ ਨੇ ਕਰਿਆ। ਓਧਰੋਂ ਆਵਾਜ਼ਾਂ ਆਉਂਦੀਆਂ ਨੇ ਕਿ ਤੁਸੀਂ ਚੁੱਪ ਨਾ ਕਰੋ। ਤੁਹਾਡੀ ਤਾਂ ਕਲਾਮ ਦੇ ਅੰਦਰ ਕੋਈ ਤਾਸੀਰ ਸੀ, ਜਿਸਨੂੰ ਸੁਣ-ਸੁਣ ਕੇ ਮੇਰਾ ਦੁੱਖ ਦੂਰ ਹੋ ਗਿਆ, ਮੈਂ ਬਹੁਤ ਰਾਜ਼ੀ ਹੋ ਗਿਆ। ਉਸ ਤੋਂ ਬਾਅਦ ਮਹਾਰਾਜ ਜੀ, ਸਵੈ ਅਧਿਐਨ 'ਚ ਬੈਠੇ, ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ, ਦਿਨ ਚੜ੍ਹ ਆਇਆ। ਰੁੜ੍ਹਦਾ-ਰੁੜ੍ਹਦਾ ਮਹਾਰਾਜ ਕੋਲ ਆ ਗਿਆ। ਕਹਿੰਦਾ, ਪਾਤਸ਼ਾਹ! ਇੱਥੇ ਤਾਂ ਮੇਰੇ ਨੇੜੇ-ਤੇੜੇ ਪੰਛੀ ਵੀ ਨਹੀਂ ਆਉਂਦਾ, ਕੋਈ ਤਰਸ ਕਰਕੇ ਮੈਨੂੰ ਰੋਟੀ ਦੇਵੇ ਤਾਂ ਬਾਂਸ ਨਾਲ ਬੰਨ੍ਹ ਕੇ ਡੱਬਾ ਟੀਨ ਦਾ ਉਹਦੇ 'ਚ ਰੱਖ ਜਾਂਦੇ ਨੇ, ਦੂਰੋਂ ਮਾਰਦੇ ਨੇ। ਮੇਰੇ ਤਾਂ ਕੋਲ ਕੋਈ ਨਹੀਂ ਆਉਂਦਾ। ਤੁਸੀਂ ਕਿੱਡੇ ਚੰਗੇ ਓਂ ਕਿ ਤੁਹਾਡੀ ਕਲਾਮ ਦੇ ਵਿਚ ਕਿੰਨਾ ਅਸਰ ਹੈ ਕਿ ਮੈਂ ਰਾਜ਼ੀ ਹੋ ਚੁੱਕਿਆ ਹਾਂ। ਕ੍ਰਿਪਾ ਕਰੋ, ਮੈਨੂੰ ਰਾਜ਼ੀ ਕਰ ਦਿਓ। ਮਹਾਰਾਜ ਕਹਿੰਦੇ,

ਐਉਂ ਕਰ ਮਰਦਾਨਿਆਂ! ਕਪੜੇ ਲਾਹੋ ਇਹਦੇ, ਕਪੜੇ ਲਾਹੇ ਤੇ ਕੁੰਡ ਦੇ ਵਿਚ ਇਸ਼ਨਾਨ ਕਰਾਇਆ, ਮਹਾਰਾਜ ਜੀ ਨੇ ਜਿੱਥੇ ਆਪ ਇਸ਼ਨਾਨ ਕਰਿਆ ਸੀ। ਕੁੰਦਨ ਵਰਗਾ ਸਰੀਰ ਨਿਕਲ ਆਇਆ, ਖੂਬਸੂਰਤ ਸਰੀਰ ਨਿਕਲ ਆਇਆ। ਕਹਿੰਦੇ, ਜਾਹ ਹੁਣ ਸ਼ਹਿਰ ਵਿਚ ਜਾਹ। ਦਸ ਉਨ੍ਹਾਂ ਨੂੰ ਜਾ ਕੇ, ਸ਼ਹਿਰ ਵਿਚ ਜਾਂਦਾ ਹੈ, ਰੌਲਾ ਪਾਉਂਦਾ ਫਿਰਦਾ ਹੈ ਕਿ ਔਹ ਜਿਹੜਾ ਫਕੀਰ ਤੁਸੀਂ ਰਾਤ ਨਠਾਏ ਸੀ ਨਾ ਬੈਠਣ ਨੂੰ ਥਾਂ ਨਹੀਂ ਦਿੱਤਾ। ਉਨ੍ਹਾਂ ਦੀ ਕਲਾਮ ਸੁਣ ਕੇ ਮੈਂ ਰਾਜ਼ੀ ਹੋ ਗਿਆ। ਔਗੁਣ ਤਾਂ ਮਹਾਰਾਜ ਨੇ ਵਿਚਾਰਿਆ ਨਹੀਂ ਕੋਈ ਵੀ ਉਹਦਾ ਕਿ ਇਹਨੇ ਪਾਪ ਕੀਤੇ ਨੇ। ਪਾਪਾਂ ਦਾ ਫਲ ਇਹਦਾ ਸਰੀਰ ਗਿਆ ਹੈ। ਇਹ ਸੇਵਾ ਹੈ ਪ੍ਰਮੇਸ਼ਰ ਦੀ, ਗੁਰੂਆਂ ਨੇ ਵੀ ਕੀਤੀ ਹੈ, ਗੁਰੂ ਘਰ ਦੇ ਅੰਦਰ ਪ੍ਰਵਾਨ ਹੈ –

***ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥***
***ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥***

***ਅੰਗ – 218***

ਗੁਰੂ ਦਸ਼ਮੇਸ਼ ਪਿਤਾ ਸਰਬ ਲੋਹ ਗ੍ਰੰਥ 'ਚ ਲਿਖਦੇ ਨੇ ਕਿ –

***ਆਇਆ ਤਾ ਕਾ ਸਫਲ ਹੈ ਪਰਉਪਕਾਰੀ ਹੋਇ।***
***ਦੂਖ ਸਹੈ ਸਿਰ ਆਪਨੇ ਸੁਖਲਾਈ ਸਭ ਕੋਇ।***

ਜਿਹੜਾ ਆਪਣੇ ਸਿਰ ਤੇ ਦੁਖ ਸਹਿ ਕੇ ਦੂਸਰਿਆਂ ਨੂੰ ਸੁਖ ਦਿੰਦਾ ਹੈ, ਕਹਿੰਦੇ ਉਹਦਾ ਆਉਣਾ ਸਫਲ ਹੁੰਦਾ ਹੈ। ਸੋ ਸਾਰ ਦੀ ਗੱਲ, ਤੱਤ ਦੀ ਗੱਲ ਲਿਖਦੇ ਨੇ ਸਾਰੀਆਂ ਚੀਜ਼ਾਂ ਦਾ ਸਾਰ ਹੈ ਕਿ ਸਿਮਰਨ ਕਰਨਾ। ਕੰਮ ਕਰਨ ਵਾਲੇ ਕੰਮਾਂ 'ਚੋਂ ਸਭ ਤੋਂ ਸ੍ਰੇਸ਼ਟ ਕੰਮ ਹੈ ਜਿਹੜਾ ਉਹ ਹੈ ਉਪਕਾਰ ਕਰਨਾ। ਇਨ੍ਹਾਂ ਦੋਨਾਂ ਤੋਂ ਬਗੈਰ ਜਿਹੜਾ ਮਨੁੱਖ ਦਾ ਤਨ ਹੈ, ਧਿਰਕਾਰਯੋਗ ਹੈ। ਪੂੰਛ ਤੇ ਸਿੰਗਾਂ ਤੋਂ ਬਗੈਰ ਉਹਦਾ ਜਨਮ ਜਿਹੜਾ ਹੈ ਉਹ ਮਨੁੱਖ ਦਾ ਨਹੀਂ ਹੈ, ਜਿਹੜਾ ਆਪਣੇ ਵਾਸਤੇ ਜੀਉਂਦਾ ਹੈ। ਕਹਿੰਦੇ ਉਹਦਾ ਜਨਮ ਜਿਹੜਾ ਹੈ ਉਹ ਮਨੁੱਖ ਦਾ ਨਹੀਂ ਹੈ, ਜਿਹੜਾ ਆਪਣੇ ਵਾਸਤੇ ਹੈ ਜੀਉਂਦਾ ਹੈ। ਕਹਿੰਦੇ ਉਹਦਾ ਜਨਮ ਜਿਹੜਾ ਹੈ ਪਸ਼ੂ ਦਾ ਜਨਮ ਹੈ। ਝਗੜੇ ਕਰਨ ਵਾਸਤੇ, ਫਜ਼ੂਲ ਗੱਲਾਂ, ਜਨਮ ਨੂੰ ਬਰਬਾਦ ਕਰਨ ਵਾਸਤੇ ਸੰਸਾਰ 'ਚ ਆਏ ਨੇ ਇਹ ਲੋਕ। ਕਹਿੰਦੇ ਘੁੱਟ ਕੇ ਫੜ ਲੈਣਾ ਹੈ ਜਮਦੂਤਾਂ ਨੇ ਅੰਤ ਵੇਲੇ, ਝੂਰਦਾ ਹੋਇਆ ਦੋਵੇਂ ਹੱਥ ਝਾੜਦਾ ਜਾਂਦਾ ਹੈ ਕਿ ਮੈਂ ਦੁਨੀਆਂ 'ਚ ਕੁਛ ਕਰਿਆ ਨਹੀਂ।

ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਮਹਾਰਾਜ ਕਹਿਣ ਲੱਗੇ, ਭਾਈ ਗੁੱਜਰ! ਦੇਖ ਜਦੋਂ ਤੂੰ ਗਰੀਬ ਨੂੰ ਦੇਖੇਂ। ਗਰੀਬ ਨੂੰ ਦੇਖ ਕੇ ਉਹਦਾ ਕੰਮ ਮੁਫਤ ਹੀ ਕਰ ਦਿਆ ਕਰੀਂ। ਬਹੁਤਿਆਂ ਕੋਲ ਪੈਸਾ ਨਹੀਂ ਹੁੰਦਾ।

***ਪਿਖਹੁ ਗਰੀਬ ਕਾਜ ਕਰਿ ਦੀਜੈ।***
***ਨਹਿਂ ਤਿਸ ਨਿਕਟ ਮਜੂਰੀ ਲੀਜੈ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ – ਪੰਨਾ – 1354***

ਉਸ ਤੋਂ ਮਜੂਰੀ ਨਾ ਲਈਂ।

***ਗੁਰੂ ਨਮਿੱਤ ਕਰਹੁ ਜੁਤਿ ਪ੍ਰਿਤਿ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1354***

ਗੁਰੂ ਦੇ ਨਮਿੱਤ ਉਹਦਾ ਕੰਮ ਕਰ ਦੇਈਂ, ਸਾਡੇ ਕੋਲ ਉਹ ਪਹੁੰਚ ਜਾਏਗਾ, ਜਦੋਂ ਤੂੰ ਗਰੀਬ ਦਾ ਕੰਮ ਮੁਫਤ ਕਰੇਂਗਾ।

***ਦਯਾ ਕਰਹੁ ਦੀਨਨਿ ਪਰ ਨੀਤਿ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1354***

ਜਿਹੜੇ ਦੀਨ ਨੇ, ਦੁਖੀ ਨੇ ਉਨ੍ਹਾਂ ਦੇ ਉੱਤੇ ਦਇਆ ਕਰਿਆ ਕਰ।

***ਜੋ ਅਪਨੀ ਕਛੁ ਕਰਹੁ ਕਮਾਈ।***
***ਗੁਰ ਹਿਤ ਦਿਹੁ ਦਸਵੰਧ ਬਨਾਈ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1354***

ਜਿਹੜੀ ਤੂੰ ਆਪਣੀ ਕਮਾਈ ਕਰੇਂ, ਮਿਹਨਤ ਕਰਕੇ, ਉਹਦੇ ਵਿਚ ਗੁਰੂ ਦਾ ਦਸਵਾਂ ਹਿੱਸਾ ਹੁੰਦਾ ਹੈ। ਗੁਰੂ ਦੇ ਵਾਸਤੇ ਦਸਵੰਧ ਦੇ ਦਿਆ ਕਰ।

ਹੁਣ ਕਿਸਾਨ ਹੈ ਜਿਹੜਾ, ਜੇ ਸੌ ਰੁਪਏ ਦੀ ਜੇ ਚੀਜ਼ ਵੇਚਦਾ ਹੈ ਤਾਂ ਇੱਕ ਰੁਪਿਆ ਗੁਰੂ ਦੇ ਨਮਿੱਤ ਆਉਂਦਾ ਹੈ। ਕਿਉਂਕਿ ਦਸਵਾਂ ਹਿੱਸਾ ਉਹਨੂੰ ਬਚਦਾ ਹੈ, ਜਿਹੜਾ ਪੈਸਾ ਉਹਨੂੰ ਬਚਦਾ ਹੈ ਉਹਦੇ 'ਚ ਦਸਵਾਂ ਹਿੱਸਾ ਗੁਰੂ ਦਾ ਹੈ। ਦੁਕਾਨਦਾਰ ਹੈ, ਸੌ ਰੁਪਿਆ ਬਚਦਾ ਹੈ 25% ਮੁਨਾਫਾ ਲੈਂਦਾ ਹੈ ਆਮ ਤੌਰ 'ਤੇ, 35% ਵੀ ਲੈਂਦੇ ਨੇ, 50% ਵੀ ਲੈਂਦੇ ਨੇ, ਇੰਗਲੈਂਡ ਵਗੈਰਾ 'ਚ ਸੌ ਦਾ ਸੌ ਵੀ ਲੈਂਦੇ ਨੇ। ਖਰਚੇ ਕੱਢ ਕੇ ਉਸਨੂੰ 15% ਬਚਦਾ ਹੈ, ਡੇਢ ਰੁਪਿਆ ਦੁਕਾਨਦਾਰ ਦਾ ਗੁਰੂ ਨਮਿੱਤ ਸੌ ਰੁਪਏ ਦੀ ਵੱਟ 'ਚੋਂ ਬਣਦਾ ਹੈ। ਜਿਹੜੇ ਇਸ ਤਰ੍ਹਾਂ ਗੋਲਕਾਂ ਘਰਾਂ ਵਿਚ ਰੱਖਦੇ ਨੇ, ਉਹਦੇ ਘਰ 'ਚ ਵਾਧਾ ਹੁੰਦਾ ਹੈ। ਜਿਹੜੇ ਗੁਰੂ ਦਾ ਵੀ ਖਾ ਜਾਂਦੇ ਨੇ, ਉਨ੍ਹਾਂ ਦੇ ਘਰ ਵਿਚ ਹੌਲੀ-ਹੌਲੀ ਦਲਿੱਦਰ ਆ ਜਾਂਦਾ ਹੈ। ਫੇਰ ਤੁਰੇ ਫਿਰਦੇ ਨੇ ਕਿ ਬਾਬਾ ਜੀ! ਬਰਕਤ ਨਹੀਂ ਪੈਂਦੀ। ਓ ਭਾਈ! ਗੁਰੂ ਦਾ ਤਾਂ ਤੁਸੀਂ ਖਾਈ ਜਾਂਦੇ ਓਂ। ਬਰਕਤ ਕਿੱਥੋਂ ਆਏਗੀ।

***ਸਾਧਿਕ ਸਿੱਖ ਅਇ ਜੋ ਡੇਰੇ। ਕਰਹੁ ਸੇਵ ਧਰਿ ਪ੍ਰੇਮ ਘਨੇਰੇ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1354***

ਜੋ ਕੋਈ ਬੰਦਗੀ ਕਰਨ ਵਾਲਾ ਡੇਰੇ ਆ ਜਾਵੇ, ਉਸ ਦੀ ਪ੍ਰੇਮ ਨਾਲ ਸੇਵਾ ਕਰੇ। ਜੇ ਉਹ ਦੇਰ ਨਾਲ ਵੀ ਆਇਆ ਹੈ, ਪ੍ਰਸ਼ਾਦਾ ਵੀ ਪੱਕ ਚੁੱਕਿਆ ਹੈ ਵਰਤ ਚੁੱਕਿਆ ਹੈ ਫੇਰ ਵੀ ਪ੍ਰਸ਼ਾਦਾ ਬਣਾ ਕੇ ਉਸ ਦੀ ਸੇਵਾ ਕਰੋ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਦੇਖੋ ਭਾਈ, ਧਰਮ ਦੀ ਕਿਰਤ ਕਰਨੀ ਹੈ, ਹਿਰਦੇ ਵਿਚ ਪ੍ਰੀਤੀ ਰੱਖਣੀ ਹੈ ਵਾਹਿਗੁਰੂ ਦੀ ਤੇ ਨਾਲ ਦੇ ਨਾਲ ਚਿੱਤ ਜੋੜਨਾ ਹੈ। ਹੱਥਾਂ ਪੈਰਾਂ ਨਾਲ ਕੰਮ ਕਰੋ ਤੇ ਚਿੱਤ ਪ੍ਰਮੇਸ਼ਰ ਦੇ ਨਾਮ ਨਾਲ ਲਾਓ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀ ਪੈਰੀ ਕੰਮ ਕਰੀਏ।*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ - 1376*

ਭਾਈ ਗੁੱਜਰ! ਹੱਥਾਂ ਦੇ ਨਾਲ ਸੇਵਾ ਕਰਨੀ ਹੈ, ਧਰਮ ਦੀ ਕਿਰਤ ਕਰਨੀ ਹੈ ਤੇ ਮਨ ਦੇ ਅੰਦਰ ਪ੍ਰਮੇਸ਼ਰ ਦੀ ਯਾਦ ਹਰ ਵਕਤ ਜਾਰੀ ਰੱਖਣੀ ਹੈ। ਸੋ ਇਸ ਤਰ੍ਹਾਂ ਪਰਉਪਕਾਰ ਕਰਨਾ ਹੈ।

ਮਹਾਤਮਾ ਬੁੱਧ ਤੁਰੇ ਜਾਂਦੇ ਨੇ, ਦੇਖਿਆ ਕਿ ਰੂੜੀਆਂ ਦੇ ਉੱਥੇ ਵੇਸਵਾ ਸੁੱਟੀ ਪਈ ਹੈ ਓਹੀ। ਖੱਘਿਆ ਕੇ ਬੋਲੀ ਮਹਾਤਮਾ ਜੀ! ਮੇਰੇ ਕੋਲ ਵੀ ਆ ਜਾਓ। ਕਹਿੰਦੇ, ਲੈ ਬੀਬੀ! ਅਸੀਂ ਅੱਜ ਵਾਅਦਾ ਪੂਰਾ ਕਰਨਾ ਹੈ। ਅੱਜ ਤੇਰੇ ਕੋਲ ਆਉਣਾ ਹੈ। ਕਿਉਂਕਿ ਅੱਜ ਸਮਾਂ ਆ ਗਿਆ, ਸਾਡਾ ਤੇਰੇ ਕੋਲ ਆਉਣ ਦਾ। ਮਹਾਤਮਾ ਨੇ ਕੱਪੜੇ ਦੇ ਨਾਲ ਉਹਦੇ ਜ਼ਖਮ ਸਾਫ ਕਰੇ, ਨਾਲਦਿਆਂ ਨੂੰ ਕਿਹਾ ਕਿ ਵਸਤਰ ਦਿਓ ਇਹਦੇ ਉਤੇ। ਆਸ਼ਰਮ 'ਚ ਲੈ ਚੱਲੋ, ਜਾ ਕੇ ਸੇਵਾ ਕਰੀ ਓਹਦੀ। ਪ੍ਰਮੇਸ਼ਰ ਦੇ ਨਾਲ ਜੋੜੀ ਤੇ ਔਗੁਣ ਸਾਰੇ ਕੱਢ ਦਿੱਤੇ। ਐਸਾ ਇਤਿਹਾਸ 'ਚ ਆਉਂਦਾ ਹੈ ਕਿ ਓਸ ਵੇਸਵਾ ਨੇ ਐਨਾ ਬੁੱਧ ਧਰਮ ਦਾ ਪ੍ਰਚਾਰ ਕਰਿਆ ਕਿ ਨਾ ਦਿਨੇ ਟਿਕੇ, ਨਾ ਰਾਤ ਟਿਕੇ। ਉਹ ਪਰਉਪਕਾਰ ਕਰਕੇ ਅਧੂਰਾ ਨਹੀਂ ਛੱਡਦੇ ਪ੍ਰਮੇਸ਼ਰ ਵਲ ਲਾਉਂਦੇ ਨੇ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਐਸਾ ਜੀਵਨ ਗੁਰਸਿੱਖ ਬਤੀਤ ਕਰੇ, ਸਾਧੂਆਂ ਵਰਗਾ। ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਇਸ ਤਰ੍ਹਾਂ ਦੇ ਨਾਲ ਤੁਸੀਂ ਰਹਿਣਾ। ਸਮਾਂ ਬੀਤਦਾ ਚਲਿਆ ਗਿਆ, ਸਤਿਸੰਗ 'ਚ ਆਉਂਦੇ ਨੇ, ਆ ਕੇ ਸੇਵਾ ਕਰਦੇ ਨੇ। ਗੁਰੂ ਮਹਾਰਾਜ ਦੇ ਬਚਨ ਸੁਣਦੇ ਨੇ, ਦਿਨੋ ਦਿਨ ਨਾਮ ਦੀ ਸੁਰਤ ਚੜ੍ਹਦੀ ਜਾਂਦੀ ਹੈ। ਰਸਨਾ ਦੇ ਨਾਲ ਨਾਮ ਜਪਦੇ-ਜਪਦੇ ਸਵਾਸ 'ਤੇ ਆਇਆ, ਸਵਾਸ ਦਾ ਨਾਮ ਹਿਰਦੇ 'ਚ ਗਿਆ। ਹਿਰਦੇ ਦਾ ਨਾਭੀ 'ਚ ਗਿਆ, ਨਾਭੀ ਦਾ ਆਗਿਆ ਚੱਕਰ 'ਚ ਹੈ। ਉਪਾਸ਼ਨਾ ਦੇ ਦਰਜੇ 'ਚ ਆ ਗਏ, ਇਸ ਤਰ੍ਹਾਂ ਸੁਰਤ ਚੜ੍ਹਦੀ ਜਾਂਦੀ ਹੈ। ਅੰਦਰੋਂ ਨਰੋਆਪਨ ਆ ਗਿਆ, ਮੈਲ ਕੱਟੀ ਗਈ। ਜ਼ਿੰਦਗੀ-ਮੌਤ ਦੀ ਸੋਝੀ ਆ ਗਈ ਕਿ ਗੁਰਸਿੱਖ ਤਾਂ ਮਰਿਆ ਹੀ ਨਹੀਂ ਕਰਦਾ। ਇੱਕ ਦਿਨ ਆਪ ਘਰ ਵਿਚ ਨੇ ਤੇ ਉਥੇ ਆਵਾਜ਼ ਆਈ ਬਾਹਰੋਂ ਕਿ ਭਾਈ ਗੁੱਜਰ! ਦਰਵਾਜ਼ਾ ਖੋਲ੍ਹੋ। ਦਰਵਾਜ਼ਾ ਖੋਲ੍ਹਿਆ ਤਾਂ ਕੀ ਦੇਖਦੇ ਨੇ ਕਿ ਦੋ ਭਲੇ ਪੁਰਸ਼! ਉਸੇ ਪਿੰਡ ਦੇ ਜੋ ਸਾਧੂ ਸੀਗੇ, ਦੋਵੇਂ ਖੜ੍ਹੇ ਨੇ, ਯਾਦ ਆ ਗਿਆ ਕਿ ਇਨ੍ਹਾਂ ਨੂੰ ਤਾਂ ਫੜ ਕੇ ਲੈ ਗਈ ਸੀ ਪੁਲਿਸ, ਉਨ੍ਹਾਂ ਵਲ ਧਿਆਨ ਨਾਲ ਦੇਖਿਆ ਕਿ ਮਹਾਂਪੁਰਸ਼ੋ! ਮੇਰੇ ਮਨ 'ਚ ਬੜਾ ਆਉਂਦਾ ਸੀ ਕਿ ਤੁਹਾਨੂੰ ਬੇਗੁਨਾਹਾਂ ਨੂੰ ਫੜ ਲਿਆ। ਕਹਿੰਦੇ, ਭਾਈ

ਗੁੱਜਰ! ਤੂੰ ਗੁਰੂ ਦਾ ਸਿੱਖ ਹੈਂ, ਅਸੀਂ ਜੇਲ੍ਹ 'ਚੋਂ ਤਾਂ ਆ ਗਏ ਕਿਸੇ ਤਰ੍ਹਾਂ, ਪਰ ਸਾਡੇ ਹੱਥਾਂ ਪੈਰਾਂ ਨੂੰ ਬੇੜੀਆਂ, ਹੱਥਕੜੀਆਂ ਲੱਗੀਆਂ ਹੋਣ ਕਰਕੇ ਸਾਨੂੰ ਫੇਰ ਫੜ ਲਿਆ ਜਾਏਗਾ। ਸਾਡੇ ਆਹ ਬੰਧਨ ਤੂੰ ਕੱਟ ਦੇ, ਅਸੀਂ ਆਹ ਬਿਆਸਾ ਪਾਰ ਚਲੇ ਜਾਵਾਂਗੇ। ਤੈਨੂੰ ਤਾਂ ਪਤਾ ਹੈ ਨਾ ਅਸੀਂ ਬੇਕਸੂਰ ਹਾਂ। ਕਹਿੰਦਾ, ਹਾਂ ਮੈਨੂੰ ਪਤਾ ਹੈ ਤੁਸੀਂ ਬੇਕਸੂਰ ਹੋ। ਇਸ ਤਰ੍ਹਾਂ ਬੇਨਤੀ ਕਰਦੇ ਨੇ –

***ਧਾਰਨਾ – ਕੱਟ ਦੇ ਬੰਧਨ ਮੇਰੇ ਤੈਨੂੰ ਵਾਸਤਾ ਗੁਰਾਂ ਦਾ।***

ਕਹਿਣ ਲੱਗੇ, ਭਾਈ ਗੁੱਜਰ! ਅੱਜ ਨੇੜੇ ਤੇੜੇ ਕੋਈ ਬੰਦਾ ਨਹੀਂ ਜਿਹੜਾ ਇਹ ਹਿੰਮਤ ਕਰ ਸਕੇ ਕਿ ਸਾਡੀਆਂ ਹੱਥਕੜੀਆਂ ਤੇ ਬੇੜੀਆਂ ਕੱਟ ਦੇਵੇ।

***ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ।***
***ਤੁਝ ਕੋ ਹੋਇ ਨ ਜਮ ਕੀ ਬਾਟ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ – ਪੰਨਾ – 1355***

ਬੰਦਗੀ ਕਰਨ ਵਾਲੇ ਸੀ, ਪੂਰੇ ਮਹਾਂਪੁਰਸ਼ ਸੀ, ਕਹਿਣ ਲੱਗੇ, ਸਾਨੂੰ ਬੇਗੁਨਾਹਾਂ ਨੂੰ ਫੜ ਕੇ ਅੰਦਰ ਦੇ ਦਿੱਤਾ ਹੈ। ਸਾਡੇ ਬੰਧਨ ਕੱਟ ਦੇ, ਆਪਣੇ ਗੁਰੂ ਵਾਸਤੇ, ਆਪਣੇ ਵਾਹਿਗੁਰੂ ਵਾਸਤੇ ਕੱਟ ਦੇ। ਓਸ ਵੇਲੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਜੇ ਮੈਂ ਬੰਧਨ ਕੱਟ ਦਿੱਤੇ, ਰਾਜਾ ਬੜਾ ਜ਼ਾਲਮ ਹੈ, ਇਹ ਫੜ ਕੇ ਮੈਨੂੰ ਕਿੰਨੀ ਕੁ ਸਜ਼ਾ ਦਏਗਾ, ਕੋਈ ਅੰਦਾਜ਼ੇ ਤੋਂ ਬਾਹਰ ਹੈ। ਲੇਕਿਨ ਨਾਲ ਦੀ ਨਾਲ ਹੌਂਸਲਾ ਕਰਦੇ ਨੇ ਕਿ ਮਨਾਂ! ਗੁਰੂ ਨੇ ਤਾਂ ਕਿਹਾ ਕਿ ਪਰਉਪਕਾਰ ਕਰੀਂ ਤੇ ਫੇਰ ਇਹ ਬੇਗੁਨਾਹ ਬੰਦੇ ਨੇ, ਇਹ ਦੋ ਨੇ, ਜੇ ਇਨ੍ਹਾਂ ਦੋਹਾਂ ਦੀ ਖਾਤਰ ਮੈਨੂੰ ਕੁਛ ਹੋ ਗਿਆ ਤਾਂ ਮੈਂ ਗੁਰੂ ਦੇ ਬਚਨ ਵਾਸਤੇ ਆਪਣਾ ਆਪ ਵਾਰਾਂਗਾ, ਐਸ ਤਰ੍ਹਾਂ ਮਨ ਨਾਲ ਗੱਲ ਕਰਦੇ ਨੇ –

***ਧਾਰਨਾ – ਕਿਤੇ ਡੋਲ ਨਾ ਜਾਈਂ ਓ ਮਨਾਂ ਮੇਰਿਆ,***
***ਬਚਨ ਕਮਾ ਲੈ ਗੁਰਾਂ ਦਾ।***

ਸੋਚਦੇ ਨੇ ਮਨ ਦੇ ਅੰਦਰ ਕਿ ਜੇ ਮੈਂ ਹੱਥਕੜੀ ਤੇ ਬੇੜੀ ਕੱਟ ਦਿੱਤੀ, ਕੱਲ੍ਹ ਨੂੰ ਪੁਲਿਸ ਨੂੰ ਲਗ ਗਿਆ ਪਤਾ ਤਾਂ ਫੇਰ ਕੀ ਹੋਏਗਾ ਮੇਰੇ ਨਾਲ? ਮੈਂ ਕਾਰਾਗਾਰ 'ਚ ਹੋਵਾਂਗਾ ਤੇ ਬੱਚਿਆਂ ਸਮੇਤ ਹੋਵਾਂਗਾ। ਦੂਸਰੇ ਪਾਸੇ ਗੁਰੂ ਦਾ ਬਚਨ ਖੜ੍ਹਾ ਹੈ ਕਿ ਬੇਗੁਨਾਹ ਦੀ ਮਦਦ ਕਰੀਂ। ਆਪਣੇ ਆਪ ਨੂੰ ਵਿਗਾੜ ਕੇ ਵੀ, ਦੂਸਰੇ ਦਾ ਜੇ ਠੀਕ ਹੁੰਦਾ ਹੈ, ਇਹ ਵੀ ਕੰਮ ਕਰ ਲੈਣਾ ਚਾਹੀਦਾ ਹੈ।

***ਸੁਨਿ ਕਰਿ ਸੁਕਚਯੋ ਰਿਦੇ ਬਿਸਾਲਾ।***
***ਜੇ ਮੁਝ ਜਾਨ ਲੇਹਿ ਮਹਿਪਾਲਾ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ – ਪੰਨਾ – 1355***

ਜੇ ਜਾਣ ਗਿਆ ਰਾਜਾ ਕਿ ਮੈਂ ਕੱਟੀਆਂ ਨੇ ਹੱਥਕੜੀਆਂ ਤੇ ਬੇੜੀਆਂ,

ਸਾਰੇ ਪਰਿਵਾਰ, ਬਾਲ-ਬੱਚਿਆਂ ਨੂੰ, ਛੋਟੇ-ਛੋਟਿਆਂ ਨੂੰ, ਸਾਰਿਆਂ ਨੂੰ ਉਹਨੇ ਤਾਂ ਫੜ ਕੇ ਲੈ ਜਾਣਾ ਹੈ।

***ਗਹਿ ਲੈਹੈ ਸਗਰੋ ਪਰਵਾਰਾ।***
***ਜ਼ਾਲਮ ਬਡੋ ਕਰਾਵਹਿ ਮਾਰਾ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355***

ਐਨੀ ਮਾਰ ਕਰਾਏਗਾ ਕਿ ਹੱਡੀਆਂ ਤੋੜ ਦਏਗਾ। ਚੁੱਪ ਕਰ ਗਏ, ਲੇਕਿਨ ਅੰਦਰੋਂ ਆਵਾਜ਼ ਆਈ ਕਿ ਇਹ ਤਨ ਸਦਾ ਨਹੀਂ ਰਹਿਣਾ, ਇਹਨੂੰ ਕਿਸੇ ਲੇਖੇ ਵਿਚ ਲਾ ਲੈ। ਫੇਰ ਅੰਦਰੋਂ ਤਕੜਾ ਹੋਇਆ -

***ਤ੍ਰਾਸ ਪਾਇ ਕਰਿ ਬਹੁਤ ਬਿਚਾਰਾ।***
***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355***

ਪਹਿਲਾਂ ਡਰ ਗਿਆ ਫੇਰ ਵਿਚਾਰ ਕਰੀ -

***ਗੁਰੁ ਮੁਝ ਪ੍ਰਤਿ ਉਪਦੇਸ਼ ਉਚਾਰਾ।***
***ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355***

ਮੈਨੂੰ ਤਾਂ ਗੁਰੂ ਅੰਗਦ ਪਾਤਸ਼ਾਹ ਨੇ ਉਪਦੇਸ਼ ਦਿੱਤਾ ਸੀ ਜੇ ਮੈਂ ਉਨ੍ਹਾਂ ਦਾ ਬਚਨ ਨਹੀਂ ਕਮਾਉਂਦਾ, ਸਰੀਰ ਛੁੱਟ ਜਾਣਾ ਤਾਂ ਕੋਈ ਗੱਲ ਨਹੀਂ, ਫੇਰ ਤਾਂ ਮੈਂ ਦਰਗਾਹ 'ਚ ਜਾ ਕੇ ਝੂਠਾ ਹੋ ਜਾਵਾਂਗਾ, ਧੱਕਿਆ ਜਾਵਾਂਗਾ ਗੁਰੂ ਦੀ ਦਰਗਾਹ 'ਚ ਕਿਉਂਕਿ ਮੈਂ ਬਚਨ ਨਹੀਂ ਕਮਾਇਆ।

*ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।*

*ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਪ੍ਰਭੂ ਦੇ ਨਮਿੱਤ ਇਸ ਕੰਮ ਨੂੰ ਕਰ ਦੇ ਇਹ ਤੂੰ।

***ਨਹੀ ਬਿਲੰਬ ਕਿਸੀ ਬਿਧਿ ਕੀਜੈ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355***

ਹੁਣ ਤੂੰ ਦੇਰ ਨਾ ਕਰ, ਕੀ ਪਤਾ ਮਗਰ ਪੁਲਿਸ ਲੱਗੀ ਆਉਂਦੀ ਹੋਵੇ ਤੇ ਇੱਥੇ ਹੀ ਫੜੇ ਜਾਣ ਵਿਚਾਰੇ। ਹੋ ਜਾਵੇ ਜਿਹੜਾ ਕੁਛ ਹੋਣਾ ਹੈ -

***ਧਾਰਨਾ - ਜੋ ਹੋਣਾ ਸੋ ਹੋਵੇ ਜੀ ਸਿਦਕੋਂ ਨਾ ਤੂੰ ਡੋਲ੍ਹੀਂ ਮਨਾ ਓਏ।***

ਵਿਚਾਰ ਕਰਦਾ ਹੈ ਕਿ ਇੱਕ ਪਾਸੇ ਮੇਰੇ ਸਤਿਗੁਰੂ ਦਾ, ਦੀਨ ਦੁਨੀਆਂ ਦੇ ਮਾਲਕ ਦਾ ਹੁਕਮ ਹੈ, ਇੱਕ ਪਾਸੇ ਇੱਕ ਨਿੱਕੇ ਜਿਹੇ ਰਾਜੇ ਦਾ ਹੁਕਮ ਹੈ ਤੇ ਦੋਹਾਂ ਵਿਚੋ ਮੈਂ ਕੀਹਦਾ ਹੁਕਮ ਮੰਨਾਂ। ਮੇਰਾ ਗੁਰੂ ਕਹਿੰਦਾ ਹੈ, ਗਰੀਬ ਦਾ ਕੰਮ ਕਰ ਦੇਈਂ, ਬੇਗੁਨਾਹਾਂ ਦੀ ਮਦਦ ਕਰੀਂ ਤੇਰਾ ਚਾਹੇ ਕੁਛ ਵਿਗੜ ਹੀ ਜਾਵੇ।

***ਸੋ ਨਹਿੰ ਛੋਡੋਂ, ਹੋਇ ਸੁ ਹੋਇ। ਸੰਤ ਕਹੇ ਲੋਕਨ ਸੁਖ ਦੋਇ।***

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355***

ਸੰਤ ਇਹ ਬਚਨ ਕਰਦੇ ਨੇ ਪੂਰੇ ਮਹਾਤਮਾ ਕਿ ਇੱਥੇ ਵੀ ਸੁਖੀ

ਰਹੇਂਗਾ, ਦਰਗਾਹ ਵਿਚ ਵੀ ਸੁਖੀ ਰਹੇਂਗਾ।

*ਇਮ ਬਿਚਾਰਿ ਕਰਿ ਬਿਲਮ ਨ ਕੀਨ।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355*

ਇਹ ਵਿਚਾਰ ਆਉਂਦੇ ਸਾਰ, ਉਸ ਵੇਲੇ ਹਥੌੜੀ ਲੈ ਲਈ, ਛੈਣੀ ਲੈ ਲਈ -

*ਉਠਿ ਤਤਕਾਲ ਕਾਟ ਕਰਿ ਦੀਨ।*
*ਆਸ਼ਿਖ ਦੇਤਿ ਗਏ ਨਿਜ ਦੇਸ਼।*
*ਉਪਜਯੋ ਇਸਕੇ ਗਯਾਨ ਵਿਸ਼ੇਸ਼।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 1355*

ਸਤਿਲੁਜ ਤੋਂ ਪਾਰ ਦੇ ਸਾਧੂ ਸੀਗੇ ਉਹ। ਅਸੀਸਾਂ ਦਿੰਦੇ ਹੋਏ, ਕਿ ਧੰਨ ਹੈਂ ਗੁਰਸਿੱਖਾ ਜਿਹਨੇ ਗੁਰੂ ਦਾ ਬਚਨ ਕਮਾ ਲਿਆ। ਗੁਰਸਿੱਖੀ ਧੰਨ ਹੈ, ਤੇਰਾ ਗੁਰੂ ਧੰਨ ਹੈ ਜਿਹੜਾ ਸੰਸਾਰ ਦੇ ਅੰਦਰ ਇਹ ਮਤ ਦਿੰਦਾ ਹੈ ਕਿ ਗਰੀਬ ਦੀ ਮਦਦ ਕਰੋ, ਲਾਚਾਰ ਦੀ ਮਦਦ ਕਰੋ, ਆਪਣਾ ਵੀ ਵਿਗਾੜ ਕੇ ਦੂਸਰੇ ਦਾ ਸੰਵਾਰੋ। ਧੰਨ ਹੈਂ ਤੂੰ। ਇਸ ਤਰ੍ਹਾਂ ਅਸੀਸਾਂ ਦਿੰਦੇ ਹੋਏ ਉਹ ਚਲੇ ਗਏ।

ਸੋ ਸਾਧਸੰਗਤ ਜੀ! ਇਹ ਗੱਲ ਬੜੀ ਔਖੀ ਹੈ, ਸੁਖਾਲੀ ਨਹੀਂ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ - 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - 1102*

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਦਰਬਾਰ ਲੱਗਿਆ ਹੋਇਆ ਹੈ ਆਪ ਦਾ। ਦੂਰ-ਦਰਾਜ਼ ਤੋਂ ਸੰਗਤਾਂ ਆਈਆਂ ਹੋਈਆਂ ਨੇ। ਧੀਰਮੱਲ, ਵੱਡੇ-ਵੱਡੇ ਗੁਰਸਿੱਖ, ਹੋਰ ਮਸੰਦ ਵੀ ਦੀਵਾਨ ਵਿੱਚ ਆ ਕੇ ਬੈਠੇ ਨੇ। ਵਿਚਾਰ ਚੱਲ ਰਹੀ ਹੈ ਪਰਉਪਕਾਰ ਦੀ ਕਿ ਪਰਉਪਕਾਰ ਸਿੱਖੀ ਵਿਚ ਬਹੁਤ ਵੱਡੀ ਚੀਜ਼ ਹੈ। ਮਹਾਰਾਜ ਬੈਠੇ ਸੁਣ ਰਹੇ ਨੇ, ਆਪਣੇ ਆਪ ਬਚਨ ਹੋ ਰਹੇ ਨੇ ਤੇ ਏਨੇ ਨੂੰ ਖਬਰ ਆਈ ਕਿ ਕਿਸੇ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਹ ਬ੍ਰਾਹਮਣ ਆਪਣੇ ਮਰੇ ਹੋਏ ਲੜਕੇ ਨੂੰ ਲੈ ਕੇ ਦੀਵਾਨ ਦੇ ਸਾਮ੍ਹਣੇ ਬੈਠਾ ਹੈ ਤੇ ਮਹਾਰਾਜ ਕੋਲ ਬੇਨਤੀਆਂ ਕਰਦਾ ਹੈ ਕਿ ਜੀਉਂਦਾ ਕਰ ਦਿਓ। ਪਰਉਪਕਾਰ ਦੀ ਬਾਤ ਚੱਲ ਰਹੀ

ਸੀ ਤੇ ਉਹ ਜਿਹੜੇ ਵੱਡੇ-ਵੱਡੇ ਮੁਖੀ ਸੀ, ਉਹ ਕਹਿਣ ਲੱਗੇ, ਸੱਚੇ ਪਾਤਸ਼ਾਹ! ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਹ ਇਹ ਗੱਲ ਕਹਿੰਦਾ ਹੈ ਕਿ ਜੀਉਂਦਾ ਕਰ ਦਿਓ। ਮਹਾਰਾਜ ਜੀ ਚੁੱਪ ਨੇ। ਉਨ੍ਹਾਂ ਦੇ ਮਨ ਦੇ ਅੰਦਰ ਦੂਸਰੀ ਗੱਲ ਚੱਲ ਰਹੀ ਹੈ ਕਿ ਇੱਥੇ ਧੀਰਮੱਲ ਆਇਆ ਹੋਇਆ ਹੈ ਤੇ ਇਹਨੂੰ ਵੀ ਪਤਾ ਲੱਗੇਗਾ ਕਿ ਗੁਰੂ ਮਹਾਰਾਜ ਕਿੰਨੇ ਸਮਰੱਥ ਨੇ। ਆਹ ਮਨ ਵਿਚ ਗੱਲ ਚੱਲ ਰਹੀ ਹੈ ਪਰਉਪਕਾਰ ਵਾਲੀ ਗੱਲ ਤਾਂ ਦੂਸਰੇ ਪਾਸੇ ਰਹਿ ਗਈ। ਬਾਰ-ਬਾਰ ਜ਼ਿਕਰ ਕਰ ਰਹੇ ਨੇ, ਮਹਾਰਾਜ ਕਹਿੰਦੇ ਪ੍ਰੇਮੀਓਂ! ਜੇ ਇਸ ਤਰ੍ਹਾਂ ਆਪਾਂ ਜੀਉਂਦੇ ਕਰਨ ਦਾ ਕੰਮ ਸ਼ੁਰੂ ਕਰ ਲਿਆ ਤਾਂ ਇੱਥੇ ਰਾਜਿਆਂ ਰਾਣਿਆਂ ਨੇ ਮਰਨਾ ਹੈ, ਇਹ ਤਾਂ ਗਰੀਬ ਬ੍ਰਾਹਮਣ ਹੈ ਲੈ ਆਇਆ। ਉਹ ਤਾਂ ਇੱਥੇ ਹੀ ਬਹਿ ਜਾਣਗੇ ਕੈਂਪ ਲਾ ਕੇ, ਫੇਰ ਰੱਬ ਦੇ ਸ਼ਰੀਕ ਬਣ ਗਏ ਆਪਾਂ, ਮਰੀ ਜਾਣਗੇ ਆਪਾਂ ਜੀਉਂਦੇ ਕਰੀ ਜਾਵਾਂਗੇ। ਇਹ ਕੰਮ ਨਹੀਂ ਕਰਨਾ, ਅਟੱਲ ਰਾਇ ਜੀ ਨੇ ਕਰਿਆ ਸੀ ਉਨ੍ਹਾਂ ਨੂੰ ਆਪਣਾ ਸਰੀਰ ਦੇਣਾ ਪਿਆ। ਸਾਡੇ ਪਿਤਾ ਜੀ ਨੇ ਗਊ ਜੀਉਂਦੀ ਕਰੀ ਸੀ ਉਨ੍ਹਾਂ ਨੂੰ ਆਪਣਾ ਸਰੀਰ ਜਾ ਕੇ ਦੇਣਾ ਪਿਆ। ਇਹ ਪ੍ਰਵਾਨ ਨਹੀਂ ਹੈ ਗੁਰੂ ਘਰ ਦੇ ਅੰਦਰ, ਭਾਣੇ ਦੇ ਵਿੱਚ ਦਖਲ ਅੰਦਾਜ਼ੀ ਹੈ।

ਕਹਿੰਦੇ, ਨਹੀਂ, ਸੱਚੇ ਪਾਤਸ਼ਾਹ! ਤੁਸੀਂ ਤਾਂ ਆਪ ਪ੍ਰਮੇਸ਼ਰ ਓਂ, ਤੁਹਾਡੇ ਵਿਚ ਤੇ ਪ੍ਰਮੇਸ਼ਰ ਵਿਚ ਤਾਂ ਫਰਕ ਹੀ ਨਹੀਂ ਕੋਈ। ਸੁਖਾਲੀ ਜਿਹੀ ਗੱਲ ਕਹਿ ਦਿੰਦੇ ਨੇ, ਗੱਲ ਪਛਾਣਨੀ ਹੈ ਨਹੀਂ, ਗੱਲ ਕਹਿ ਦਿੰਦੇ ਨੇ।

ਪਿਆਰ ਤਾਂ ਓਹੀ ਹੁੰਦਾ ਹੈ ਕਿ ਉਸਦੀ ਮਰਜ਼ੀ 'ਚ ਰਹੋ ਜਿਹਨੂੰ ਪਿਆਰ ਕਰਦੇ ਹਾਂ। ਜੇ ਆਪਣੀ ਮਰਜ਼ੀ ਚੱਲਣੀ ਹੈ ਫੇਰ ਪਿਆਰ ਨਹੀਂ ਹੁੰਦਾ, ਫੇਰ ਐਵੇਂ ਹੀ ਹੋਇਆ ਕਰਦੀਆਂ ਨੇ ਗੱਲਾਂ। ਮਹਾਰਾਜ ਦੇ ਉੱਤੇ ਆਪਣੀ ਮਰਜ਼ੀ ਥੋਪ ਰਹੇ ਨੇ। ਕਿ ਮਹਾਰਾਜ! ਜੀਉਂਦਾ ਕਰ ਦਿਓ, ਤੁਸੀਂ ਤਾਂ ਆਪ ਹੀ ਪ੍ਰਮੇਸ਼ਰ ਓਂ, ਤੁਹਾਨੂੰ ਤਾਂ ਕੋਈ ਦੋਸ਼ ਹੀ ਨਹੀਂ। ਤੁਸੀਂ ਹੀ ਦੁਨੀਆਂ ਨੂੰ ਪੈਦਾ ਕਰਦੇ ਓਂ, ਤੁਸੀਂ ਹੀ ਮਾਰਦੇ ਓਂ। ਮਹਾਰਾਜ ਕਹਿੰਦੇ, ਸਭ ਐਵੇਂ ਗੱਲਾਂ ਕਰ ਰਹੇ ਨੇ, ਅੰਦਰੋਂ ਜਾਣ ਗਏ। ਉਪਰੋਂ ਗੱਲਾਂ ਕਰ ਰਹੇ ਨੇ, ਵਿਚੋਂ ਅਸਲੀਅਤ ਨਹੀਂ ਹੈ। ਜਦੋਂ ਹਟੇ ਹੀ ਨਾ ਕਹਿਣ ਤੋਂ, ਕਹਿੰਦੇ ਫੇਰ ਐਉਂ ਕਰੋ, ਤੁਹਾਡੇ ਵਿਚੋਂ ਜਿਹੜਾ ਬਹੁਤਾ ਕਹਿੰਦਾ ਹੈ ਨਾ ਉਹ ਆਪਣਾ ਸਰੀਰ ਛੱਡ ਦਿਓ, ਉਹਦੇ ਬਦਲੇ ਇਹਨੂੰ ਜੀਉਂਦਾ ਕਰ ਦੇਵਾਂਗੇ। ਹੁਣ ਕੋਈ ਆਵਾਜ਼ ਹੀ ਨਹੀਂ ਆਉਂਦੀ, ਬੋਲਦਾ ਹੀ ਨਹੀਂ ਕੋਈ। ਮਹਾਰਾਜ ਕਹਿੰਦੇ ਦੇਖੋ, ਜੇ ਗੁਰੂ ਦੇ ਨਮਿੱਤ ਕੋਈ ਆਪਣਾ ਸੀਸ ਵਾਰਦਾ ਹੈ ਉਹ ਗੁਰੂ ਦੀ ਪ੍ਰਸੰਨਤਾ ਹਾਸਲ ਕਰਦਾ ਹੈ ਤੇ ਸੇਵਕ ਤਾਂ ਕਹਿੰਦੇ ਹੀ ਉਹਨੂੰ ਨੇ -

***ਧਾਰਨਾ - ਸੇਵਕ ਸੋਈ ਆਖੀਐ ਜੋ ਸਿਰੁ ਧਰੈ ਉਤਾਰਿ।***

*ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥*
*ਸਤਿਗੁਰ ਕਾ ਭਾਣਾ ਮੰਨਿ ਲਏ*
*ਸਬਦੁ ਰਖੈ ਉਰ ਧਾਰਿ ॥* *ਅੰਗ - 1247*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥*
*ਅੰਗ - 287*

ਸੋ ਕਹਿੰਦੇ ਸੇਵਕ ਤਾਂ ਓਹੀ ਹੈ ਭਾਈ ਪ੍ਰੇਮੀਓਂ, ਜਿਹੜਾ ਹੁਣ ਸੀਸ ਦੇ ਕੇ ਆਪਣਾ, ਉਹਨੂੰ ਜਿੰਦਾ ਕਰ ਦੇਵੇ। ਸਾਰੇ ਚੁੱਪ ਕਰ ਗਏ, ਕੋਈ ਨਹੀਂ ਬੋਲਦਾ। ਹੁਣ ਕਹਿੰਦੇ ਹੀ ਨਹੀਂ ਕਿ ਮਹਾਰਾਜ ਉਹਨੂੰ ਜੀਉਂਦਾ ਕਰ ਦਿਓ। ਕਾਫੀ ਦੇਰ ਬਾਅਦ ਮਹਾਰਾਜ ਕਹਿੰਦੇ ਕੀ ਗੱਲ ਹੁਣ ਤੁਸੀਂ ਕਹਿੰਦੇ ਹੀ ਨਹੀਂ। ਸਾਡੀ ਪ੍ਰਸੰਨਤਾ ਲਓ ਨਾ ਤੁਸੀਂ। ਉਨ੍ਹਾਂ ਨੂੰ ਸੰਬੋਧਨ ਕਰ ਰਹੇ ਸੀ ਲੇਕਿਨ ਦੀਵਾਨ ਦੇ ਪਿਛਲੇ ਪਾਸੇ ਭਾਈ ਭਗਤੂ ਜੀ ਦੇ ਬ੍ਰਹਮਗਿਆਨੀ ਛੋਟੇ ਲੜਕੇ, ਆਪ ਬੈਠੇ ਸੀ, ਭਾਈ ਜੀਵਨ ਜੀ, ਉਨ੍ਹਾਂ ਨੇ ਸੁਣਿਆ ਕਿ ਮਹਾਰਾਜ ਇਸ ਤਰ੍ਹਾਂ ਕਹਿੰਦੇ ਨੇ ਕਿ ਇਸ ਤੋਂ ਚੰਗਾ ਗੁਰੂ ਨੂੰ ਖੁਸ਼ ਕਰਨ ਦਾ ਕਿਹੜਾ ਮੌਕਾ ਹੋਏਗਾ?

*ਧਾਰਨਾ - ਗੁਰਾਂ ਨੂੰ ਮਨਾ ਲਈਏ, ਤਨ ਮਨ ਧਨ ਦੇ ਕੇ।*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - 918*
*ਹੁਕਮਿ ਮੰਨਿਐ ਹੋਵੈ ਪਰਵਾਣੁ*
*ਤਾ ਖਸਮੈ ਕਾ ਮਹਲੁ ਪਾਇਸੀ ॥* *ਅੰਗ - 471*

ਕਹਿਣ ਲੱਗੇ ਮਨਾ! ਇਸ ਤੋਂ ਵੱਧ ਵੀ ਕੋਈ ਮੌਕਾ ਮਿਲਣਾ ਹੈ। ਚੁੱਪ ਕਰਕੇ ਕਪੜਾ ਲਿਆ, ਉਠ ਕੇ ਬਾਹਰ ਚਲੇ ਗਏ, ਕੁਸ਼ਾ ਦਾ ਆਸਣ ਵਿਛਾਇਆ ਤੇ ਐਉਂ ਸਰੀਰ ਛੱਡ ਗਏ ਜਿਵੇਂ ਸੱਪ ਕੁੰਜ ਨੂੰ ਛੱਡ ਜਾਇਆ ਕਰਦਾ ਹੈ। ਜਿਹੜੇ ਗੁਰਮੁਖ ਹੁੰਦੇ ਨੇ ਉਨ੍ਹਾਂ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

*ਧਾਰਨਾ - ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

ਆਪ ਨੇ ਲੰਮੇ ਪੈ ਕੇ ਸਰੀਰ ਛੱਡ ਦਿੱਤਾ। ਛੱਡਣ ਦੀ ਦੇਰ ਸੀ, ਓਧਰ ਜੈਕਾਰੇ ਬੋਲਣੇ ਸ਼ੁਰੂ ਹੋ ਗਏ ਕਿ ਬ੍ਰਾਹਮਣ ਦਾ ਬੱਚਾ ਜੀਉਂਦਾ ਹੋ ਗਿਆ। ਮਹਾਰਾਜ ਜੀ ਨੇ ਕ੍ਰਿਪਾ ਕਰ ਦਿੱਤੀ। ਮਹਾਰਾਜ ਕਹਿਣ ਲੱਗੇ ਕਿ ਦੇਖੋ ਜਾ ਕੇ ਮੇਰੇ ਕਿਹੜੇ ਪਿਆਰੇ ਗੁਰਸਿੱਖ ਨੇ ਆਪਣਾ ਸਰੀਰ ਦਿੱਤਾ ਹੈ? ਸਾਰੇ ਦੇਖਿਆ, ਕਹਿੰਦੇ ਮਹਾਰਾਜ! ਇੱਥੇ ਭਾਈ ਜੀਵਨ ਬੈਠੇ ਸੀ। ਬਾਹਰ ਦਰਖਤ ਦੇ ਥੱਲੇ ਜਾ ਕੇ ਦੇਖਿਆ ਕਿ ਕੱਪੜਾ ਲਈਂ ਕੋਈ ਪਿਆ ਹੈ। ਕੋਲ ਜਾ ਕੇ ਦੇਖਿਆ, ਭਾਈ ਜੀਵਨ ਚੇਤਨ ਕਲਾ ਦੇ ਵਿਚੋਂ ਨਿਕਲ ਚੁੱਕੇ ਨੇ। ਮਹਾਰਾਜ ਕਹਿੰਦੇ, ਕਿਉਂ ਪ੍ਰੇਮੀਓਂ! ਮਹਾਰਾਜ ਦੇ ਨੇਤਰਾਂ 'ਚ ਜਲ ਆ ਗਿਆ। ਕਹਿੰਦੇ, ਮੇਰਾ ਪੁੱਤਰ ਮਾਰ ਕੇ ਤੁਸੀਂ ਦੂਸਰੇ ਦਾ ਪੁੱਤਰ ਜੀਉਂਦਾ ਕਰਿਆ ਹੈ ਨਾ। ਮੇਰੇ ਪੁੱਤਰ ਨੇ ਆਪਣੇ ਪ੍ਰਾਣ ਦਿੱਤੇ। ਸੋ ਐਸਾ ਜੋ ਸਿੱਖ ਹੁੰਦਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ –

***ਧਾਰਨਾ – ਧੰਨ ਗੁਰਸਿੱਖ ਪਿਆਰਾ, ਮੰਨਿਆ ਹੁਕਮ ਗੁਰਾਂ ਦਾ।***

ਕਹਿਣ ਲੱਗੇ, ਪ੍ਰੇਮੀਓ! ਫੇਰ ਮੇਰੇ ਪਿਆਰੇ ਪੁੱਤਰ ਨੇ ਹੀ ਮੇਰਾ ਹੁਕਮ ਮੰਨਿਆ। ਐਡਾ ਬ੍ਰਹਮਗਿਆਨੀ ਸੂਝ ਵਾਲਾ, ਜਿਹੜਾ ਆਪ ਨਾਮ ਜਪਦਾ ਸੀ, ਸਾਰੇ ਮਾਲਵੇ ਵਿੱਚ ਨਾਮ ਜਪਾ ਰਿਹਾ ਸੀ ਉਸ ਦੇ ਬਦਲੇ ਤੁਸੀਂ ਬ੍ਰਾਹਮਣ ਦਾ ਪੁੱਤਰ ਜੀਉਂਦਾ ਕਰਿਆ? ਤੁਸੀਂ ਤਾਂ ਆਪ ਕੁਛ ਨਾ ਕਰਿਆ।

***ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥***

***ਅੰਗ – 28***

ਆਪਣੇ ਪ੍ਰਾਣ ਦੇ ਕੇ ਪਰਉਕਾਰ ਕਰ ਦਿੱਤਾ। ਸਿੱਖ ਇਤਿਹਾਸ ਤਾਂ ਭਰਿਆ ਪਿਆ ਹੈ, ਪ੍ਰਾਣ ਦੇ ਦੇ ਕੇ ਦੂਸਰਿਆਂ ਨੂੰ ਬਚਾਉਣ ਵਾਸਤੇ। ਸੋ ਇਸ ਤਰ੍ਹਾਂ ਦੇ ਨਾਲ ਪਰਉਪਕਾਰ ਕਰਕੇ ਗੁਰੂ ਨੂੰ ਪ੍ਰਸੰਨ ਕਰ ਲਿਆ।

ਓਧਰ ਭਾਈ ਗੁੱਜਰ ਘਟ-ਘਟ ਦੇ ਜਾਨਣਹਾਰ, ਗੁਰੂ ਅੰਗਦ ਸਾਹਿਬ ਜੀ ਦੇ ਪਾਸ ਜਦੋਂ ਆਪ ਜਾਂਦੇ ਨੇ ਤਾਂ ਦੱਸਣ ਦੀ ਓਸ ਵੇਲੇ ਲੋੜ ਨਹੀਂ ਸੀ ਕਿ ਇਨ੍ਹਾਂ ਨੇ ਆਹ ਕਰਮ ਕਰਿਆ ਹੈ। ਸਾਧੂਆਂ ਦੇ ਬੰਧਨ ਕੱਟੇ ਨੇ ਤੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ। ਗੁਰੂ ਮਹਾਰਾਜ ਜੀ ਦੇ ਚਰਨ ਸ਼ਰਨ ਜਦੋਂ ਆਏ, ਮਹਾਰਾਜ ਜੀ ਬੜੇ ਹੀ ਪ੍ਰਸੰਨ, ਭਾਈ ਗੁੱਜਰ ਤੂੰ ਧੰਨ ਹੈਂ ਧੰਨ ਹੈਂ। ਐਨਾ ਕਹਿੰਦੇ ਆਪ ਨੇ ਆਪਣਾ ਪਵਿੱਤਰ ਹੱਥ ਉੱਚਾ ਕਰਿਆ ਤੇ ਸੀਸ ਦੇ ਉਤੇ ਰੱਖ ਦਿੱਤਾ। ਰਖਦੇ ਸਾਰ, ਅੰਦਰਲੇ ਨੈਣ ਖੋਲ੍ਹ ਦਿੱਤੇ। ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਰਿੱਧੀਆਂ-ਸਿੱਧੀਆਂ ਬਚਨ ਦੀ ਸਤਤਾ, ਬੇਅੰਤ ਸ਼ਕਤੀਆਂ ਆਪ ਨੇ ਬਖਸ਼ ਕੇ ਕ੍ਰਿਪਾ ਕੀਤੀ ਤੇ ਇਨ੍ਹਾਂ ਨੇਤਰਾਂ ਨਾਲ ਪ੍ਰਭੂ ਦੇ ਦਰਸ਼ਨ ਕਰਾ ਦਿੱਤੇ। ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ –

*ਧਾਰਨਾ - ਅੱਖਾਂ ਨਾਲ ਓ ਵੇਖ ਲਿਆ,*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ।*
*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ ॥*
*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ ॥*
*ਹਰਿ ਅੰਮ੍ਰਿਤ ਕਥਾ ਸਰੇਸਟ*
*ਊਤਮ ਗੁਰ ਬਚਨੀ ਸਹਜੇ ਚਾਖੀ ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ ॥* *ਅੰਗ - 87*

ਜਿਵੇਂ ਸੂਰਜ ਚੜ੍ਹੇ 'ਤੇ ਰਾਤ ਦਾ ਖਾਤਮਾ ਹੋ ਜਾਂਦਾ ਹੈ, ਰਾਤ ਦਾ, ਗੁਰੂ ਦੇ ਰਾਹੀਂ, ਅੱਖਾਂ ਦੇ ਨਾਲ ਓਸ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ ਅਤੇ ਧੰਨ ਹੋ ਗਿਆ ਭਾਈ ਗੁੱਜਰ। ਗੁਰੂ ਮਹਾਰਾਜ ਪ੍ਰਸੰਨ ਹੋ ਗਏ, ਭਾਈ ਗੁੱਜਰ ਤੂੰ ਧੰਨ ਹੈਂ। ਤੂੰ ਉਨ੍ਹਾ ਸੰਤਾਂ ਦੇ ਬੰਧਨ ਨਹੀਂ ਕੱਟੇ, ਤੂੰ ਮੇਰੇ ਬੰਧਨ ਕੱਟੇ ਸੀ। ਤੂੰ ਧੰਨ ਹੈਂ ਜਿਸਨੇ ਸਿੱਖੀ ਨੂੰ ਕਮਾ ਲਿਆ। ਸੋ ਰਿੱਧੀਆਂ-ਸਿੱਧੀਆਂ, ਬ੍ਰਹਮਗਿਆਨ ਦੇ ਕੇ ਕਹਿਣ ਲੱਗੇ, ਹੁਣ ਐਉਂ ਕਰ ਆਪ ਵੀ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾ। ਬੜੀ ਦੇਰ ਤਕ ਆਪ ਨੇ ਗੁਰਸਿੱਖੀ ਦਾ ਪ੍ਰਚਾਰ ਕਰਿਆ ਤੇ ਪਦਵੀ ਕਿੱਡੀ ਪ੍ਰਾਪਤ ਕੀਤੀ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - 306*

ਗੁਰੂ ਦੇ ਬਚਨ ਕਮਾਉਣ ਦੇ ਨਾਲ, ਇਕ ਮਾਮੂਲੀ ਕਿੱਤਾ ਕਰਨ ਵਾਲਾ ਲੁਹਾਰ ਜੋ ਦਾਤੀਆਂ, ਖੁਰਪੇ, ਕਹੀਆਂ, ਵਗੈਰਾ ਬਣਾਉਂਦਾ ਸੀ। ਬ੍ਰਹਮਗਿਆਨੀਆਂ ਦੀ ਲਿਸਟ ਵਿਚ ਆ ਕੇ ਸਦਾ ਵਾਸਤੇ ਅਮਰ ਹੋ ਗਿਆ, ਸਾਡੇ ਵਾਸਤੇ ਜੀਵਨ ਦੇ ਅੰਦਰ ਗੁਰੂ ਮਹਾਰਾਜ ਨੇ ਜੋ ਫੁਰਮਾਨ ਕੀਤਾ ਹੈ। ਮੰਦਾ ਕੰਮ ਨਹੀਂ ਕਰਨਾ ਦਰਗਾਹ 'ਚ ਜਾ ਕੇ ਜਿਹਦਾ ਪਛਤਾਵਾ ਹੋ ਜਾਵੇ। ਸਮਾਜਿਕ ਕਾਨੂੰਨ ਵੀ ਨੇ ਚੰਗੇ ਹੀ ਨੇ, ਮਾੜੇ ਨਹੀਂ ਹੈਗੇ। ਦੂਸਰਾ ਬਾਣੀ ਪੜ੍ਹੋ, ਪੜ੍ਹ ਕੇ ਵਿਚਾਰੋ, ਫੇਰ ਮੰਨੋ, ਮੰਨ ਕੇ ਕਮਾਓ। ਕਮਾ ਕੇ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਬਣਾਓ। ਤੀਸਰਾ ਹੈ ਪਰਉਪਕਾਰ ਦਾ ਜੀਵਨ, ਆਪਣੇ ਵਾਸਤੇ ਦੁਨੀਆਂ ਜੀਉਂਦੀ ਚਲੀ ਗਈ, ਪੂਰਾਂ ਦੇ ਪੂਰ ਲੰਘ ਗਏ ਏਥੋਂ, ਲੇਕਿਨ ਜਿਹੜਾ ਬੰਦਾ ਹੈ ਗੁਰੂ ਦਾ ਪਿਆਰਾ, ਉਹ ਆਪਣੇ ਵਾਸਤੇ ਨਹੀਂ ਜੀਉਂਦਾ ਪ੍ਰਮੇਸ਼ਰ ਵਾਸਤੇ ਜੀਉਂਦਾ ਹੈ। ਪ੍ਰਮੇਸ਼ਰ ਦੇ

ਪਿਆਰਿਆਂ ਵਾਸਤੇ, ਪ੍ਰਮੇਸ਼ਰ ਦੀ ਦੁਨੀਆਂ ਵਾਸਤੇ ਜੀਉਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਆਪਣੇ ਵਾਸਤੇ ਜੀਉਂਦੇ ਤਾਂ ਸਾਹਿਬਜ਼ਾਦਿਆਂ ਨੂੰ ਜ਼ਰੂਰ ਪਹਿਲਾਂ-ਪਹਿਲਾਂ ਸੁਰੱਖਿਸ਼ਤ ਥਾਵਾਂ 'ਤੇ ਭੇਜ ਦਿੰਦੇ। ਬੇਅੰਤ ਸਿੱਖੀ ਸੀ, ਕਾਬਲ ਵਿਚ ਸੀ, ਕੰਧਾਰ ਵਿਚ ਸੀ, ਈਰਾਨ ਵਿਚ ਸੀ, ਉਥੇ ਭੇਜ ਦਿੰਦੇ ਚਾਰੇ ਸਾਹਿਬਜ਼ਾਦਿਆਂ ਨੂੰ। ਦੱਖਣ ਵਿਚ ਭੇਜ ਦਿੰਦੇ। ਉਹ ਤਾਂ ਜੀਵਨ ਹੀ ਦੂਸਰਿਆਂ ਦੇ ਨਮਿੱਤ ਲਾਉਣ ਵਾਸਤੇ ਆਏ ਸੀ। ਸੋ ਸਿੱਖ ਦਾ ਜੋ ਜੀਵਨ ਹੈ ਆਪ ਨਾਮ ਜਪਣਾ, ਦੁਨੀਆਂ ਦੇ ਅੰਦਰ ਸ਼ਾਂਤੀ ਕਾਇਮ ਕਰਨੀ, ਧੱਕੇ-ਧੌੜੇ ਨੂੰ ਹਟਾਉਣਾ, ਹਾਅ ਦਾ ਨਾਅਰਾ ਮਾਰਨਾ।

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥***

***ਅੰਗ - 679***

ਜਿੰਨੀ ਕੁ ਸ਼ਕਤੀ ਪ੍ਰਮੇਸ਼ਰ ਨੇ ਬੋਲਣ ਦੀ ਦਿੱਤੀ ਹੈ, ਬੋਲੇ; ਪ੍ਰਸ਼ਾਦਾ ਦੇਣ ਦੀ ਦਿੱਤੀ ਹੈ ਪ੍ਰਸ਼ਾਦਾ ਦੇਵੇ; ਸੰਗਤ ਦੀ ਸੇਵਾ ਕਰੇ। ਜਿੱਥੇ ਪ੍ਰਮੇਸ਼ਰ ਦਾ ਜਸ ਚੱਲ ਰਿਹਾ ਹੈ ਸੇਵਾ ਕਰੇ। ਤਾਂ ਹਨ੍ਹੇਰਾ ਜੋ ਸੰਸਾਰ 'ਤੇ ਪਿਆ ਹੋਇਆ ਹੈ, ਗੁਰੂ ਨਾਨਕ ਦੀ ਬਾਣੀ ਦਾ ਪ੍ਰਕਾਸ਼ ਸੰਸਾਰ ਵਿਚ ਹੋਵੇ, ਇਹਦੇ ਨਾਲ ਹਨ੍ਹੇਰਾ ਕੱਟ ਹੋਵੇ, ਸੰਸਾਰ ਵਿਚ ਸ਼ਾਂਤੀ ਆਵੇ।

ਤੀਸਰਾ ਮਹਾਰਾਜ ਜੀ ਨੇ ਕਿਹਾ ਹੈ ਕਿ ਪਰਉਪਕਾਰ ਕਰੋ ਤੇ ਗੁਰੂ ਦਾ ਸਭ ਕੁਛ ਸਮਝੋ, ਬੰਦਗੀ ਕਰੋ, ਉਸ ਵੇਲੇ ਗੁਰੂ ਪ੍ਰਸੰਨ ਹੋਣ ਜਾਂਦਾ ਹੈ। ਪ੍ਰਸੰਨ ਹੋ ਕੇ ਸਾਡਾ ਇਸ ਥਾਂ 'ਤੇ ਆਉਣਾ ਸਫਲ ਹੁੰਦਾ ਹੈ, ਨਹੀਂ ਤਾਂ ਸਾਡਾ -

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥***

***ਅੰਗ - 156***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ, ਗੁਰਸਤੋਤਰ, ਅਰਦਾਸ, ਹੁਕਮਨਾਮਾ।

(----------)

ਸੰਤ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਇਹ ਪੁਸਤਕ ਉਨ੍ਹਾਂ ਦੀ 20ਵੀਂ ਬਰਸੀ ਅਤੇ ਸੰਤ ਮਾਤਾ ਬੀਜੀ ਜੀ ਦੀ 8ਵੀਂ ਬਰਸੀ ਤੇ ਇਲੈਕਟ੍ਰੋ ਮੀਡੀਏ ਤੇ ਪ੍ਰਕਾਸ਼ਿਤ ਕੀਤੀ ਜਾ ਰਹੀ। ਮਹਾਂਪੁਰਖਾਂ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਾਇਟ ਦੇ ਅੰਦਰ ਸਾਡੇ ਮਾਨ ਮੱਤੇ ਇਤਿਹਾਸ ਨੂੰ ਸੋਧ ਕੇ ਸੰਗਤਾਂ ਦੇ ਜਗਿਆਸੂਆਂ ਲਈ ਬਹੁਤ ਹੀ ਅਣਮੁੱਲਾ ਵਡਮੁੱਲਾ ਖਜਾਨਾ ਬਖਸ਼ਿਆ ਹੈ। ਜੋ ਕਿ ਉਨ੍ਹਾਂ ਵੱਲੋਂ ਚਲਾਏ 27 ਸਾਲ ਪਹਿਲਾਂ 'ਆਤਮ ਮਾਰਗ' ਰੂਹਾਨੀ ਪਤ੍ਰਿਕਾ ਵਿਚ ਛਪਦਾ ਤੁਰਿਆ ਆ ਰਿਹਾ। ਇਹ ਲੇਖ ਪੁਰਾਣੇ 'ਆਤਮ ਮਾਰਗ' ਵਿਚੋਂ ਕੱਢਕੇ ਇਨ੍ਹਾਂ ਨੂੰ ਪੁਸਤਕ 'ਅੰਮ੍ਰਿਤ ਨਾਮੁ' ਦੇ ਨਾਮ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਹ ਇਕ ਬਹੁਤ ਵਡਮੁੱਲਾ ਖਜ਼ਾਨਾ ਹੈ। ਕਿਉਂਕਿ ਸਾਡੇ ਸੰਸੇ-ਸ਼ੰਕੇ ਹਰ ਸਮੇਂ ਗੁਰੂ ਪ੍ਰਤੀ, ਇਤਿਹਾਸ ਪ੍ਰਤੀ, ਪੈਦੇ ਹੀ ਰਹਿੰਦੇ ਹਨ। ਜਿਸ ਨਾਲ ਜਗਿਆਸੂ ਦਾ ਬਹੁਤ ਸਾਰਾ ਸਮਾਂ ਬਰਬਾਦ ਹੋ ਕੇ ਜਨਮ ਬਰਬਾਦ ਹੋ ਜਾਂਦਾ ਹੈ। ਇਕ-ਇਕ ਸੰਸਾ ਸਾਡੇ ਇਕ ਜਨਮ ਨੂੰ ਬਰਬਾਦ ਕਰਨ ਲਈ ਸਮਰੱਥ ਹੈ। ਕਿਸੇ ਸਮੇਂ ਆਪ ਜੀ ਨੇ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੂੰ ਬੇਨਤੀ ਕਿਤੀ ਸੀ ਕਿ ਏਥੋਂ ਰਾੜਾ ਸਾਹਿਬ ਤੋਂ ਇਕ ਮੈਗਜ਼ੀਨ ਪ੍ਰਕਾਸ਼ਿਤ ਹੋਣਾ ਚਾਹੀਦਾ ਹੈ। ਪਰ ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਨੇ ਬਚਨ ਕੀਤਾ ਕਿ ਇਹ ਕੰਮ ਤਾਂ ਤੂੰ ਹੀ ਕਰ ਸਕਦਾ ਹੈ। ਸਮਾਂ ਲੰਘਦਾ ਗੁਰਦਾ ਗਿਆ 1986 ਵਿਚ ਰਤਵਾੜਾ ਸਾਹਿਬ ਹੋਂਦ ਵਿਚ ਆਇਆ, ਵੱਡੇ ਵੱਡੇ ਸਮਾਗਮ ਹੋਣ ਲੱਗੇ ਸਮੇਂ ਨਾਲ ਮਹਾਂਪੁਰਖਾਂ ਨੇ ਅਪ੍ਰੈਲ 1995 ਵਿਸਾਖੀ ਦੇ ਸ਼ੁਭ ਦਿਹਾੜੇ ਤੇ 'ਆਤਮ ਮਾਰਗ' ਰੂਹਾਨੀ ਪਤ੍ਰਿਕਾ ਦੀ ਸ਼ੁਰਆਤ ਆਪਣੇ ਜੀਵਨ ਸਾਥੀ ਸੰਤ ਮਾਤਾ ਬੀਜੀ ਰਣਜੀਤ ਕੌਰ ਦੇ ਹਸਤਕੰਵਲਾਂ ਤੋਂ ਕਰਵਾ ਕੇ ਸਹਾਰਿਕ ਖੇਤਰ ਅੰਦਰ ਇਕ ਨਵੀਂ ਅੰਮ੍ਰਿਤ ਧਾਰਾ ਦਾ ਅਗਾਜ਼ ਕਰ ਦਿਤਾ। ਆਪ ਜੀ ਨੇ ਦਿਨ-ਰਾਤ ਇੱਕ ਕਰਕੇ ਅਨੇਕਾਂ ਵਲੰਟੀਅਰ ਸੰਗਤਾਂ ਰਾਹੀਂ ਇਸ ਦਾ ਪ੍ਰਚਾਰ ਪਿੰਡ-ਪਿੰਡ ਸ਼ਹਿਰ ਸ਼ਹਿਰ ਕੀਤਾ। 9 ਸਾਲ ਇਸ ਦੀ ਅਗਵਾਈ ਆਪ ਜੀ ਆਪ ਕਰਦੇ ਰਹੇ ਹੁਣ ਉਨ੍ਹਾਂ ਵੱਲੋਂ ਬਣਾਇਆ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ' ਕਰ ਰਿਹਾ ਹੈ।

ਇਸ ਕਿਤਾਬ ਅੰਦਰ 10 ਦੀਵਾਨਾਂ ਦਾ ਸੰਗ੍ਰਹਿ ਹੈ ਜੋ ਕਿ ਜਗਿਆਸੂਆਂ ਲਈ ਬਹੁਤ ਹੀ ਵਡਮੁਲਾ ਖਜਾਨਾ ਹੈ।

ਗੁਰਿੰਦਰ ਸਿੰਘ<br>
ਆਤਮ ਮਾਰਗ, ਰਤਵਾੜਾ ਸਾਹਿਬ



**ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਅਤੇ**
**ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ**